# ਗ਼ਦਰ ਪਾਰਟੀ ਦਾ ਇਤਿਹਾਸ




ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

# .ਗਦਰ ਪਾਰਟੀ ਦਾ ਇਤਿਹਾਸ

ਪਹਿਲਾ ਹਿੱਸਾ, 1912-17

ਪ੍ਰਕਾਸ਼ਕ:

**ਦੇਸ਼ ਭਗਤ ਪ੍ਰਕਾਸ਼ਨ**

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

2

ਖੋਜੀ ਤੇ ਲਿਖਾਰੀ-ਗੁਰਚਰਨ ਸਿੰਘ ਸੈਂਸਰਾ

**ਇਤਿਹਾਸ ਸਬ-ਕਮੇਟੀ**

ਬਾਬਾ ਸੋਹਣ ਸਿੰਘ ਭਕਨਾ, ਪ੍ਰਧਾਨ
ਗੁਰਚਰਨ ਸਿੰਘ ਸੈਂਸਰਾ, ਸਕੱਤਰ
ਬਾਬਾ ਗੁਰਮੁਖ ਸਿੰਘ ਲਲਤੋਂ, ਮੈਂਬਰ
ਡਾਕਟਰ ਭਾਗ ਸਿੰਘ ਪੀ. ਐੱਚ. ਡੀ., ਮੈਂਬਰ
ਪਰੋਫੈਸਰ ਸੰਤ ਸਿੰਘ ਸੇਖੋਂ, ਮੈਂਬਰ
ਗਿਆਨੀ ਹੀਰਾ ਸਿੰਘ ਦਰਦ, ਮੈਂਬਰ
ਮਾਸਟਰ ਹਰੀ ਸਿੰਘ ਧੂਤ, ਮੈਂਬਰ

**ਦੇਸ਼ ਭਗਤ ਯਾਦਗਾਰ ਕਮੇਟੀ,**
**ਜੀ. ਟੀ. ਰੋਡ. ਜਲੰਧਰ।**

3

**ਉਹਨਾਂ ਸ਼ਹੀਦਾਂ ਤੇ ਸੂਰਮਿਆਂ ਦੀ ਭੇਂਟ**

ਜਿਹਨਾਂ ਨੇ

ਆਪਣੀਆਂ ਕਰਨੀਆਂ ਤੇ ਕੁਰਬਾਨੀਆਂ ਨਾਲ ਦੇਸ਼ ਨੂੰ ਆਜ਼ਾਦ
ਕਰਵਾਉਣ ਲਈ ਕੌਮੀ ਲਹਿਰ ਨੂੰ ਉਭਾਰਿਆ, ਰੋਹ
ਚਾਹੜਿਆ ਤੇ ਵਿਸ਼ਾਲਤਾ ਦਿੱਤੀ, ਜਿਸ ਲਹਿਰ ਦੇ
ਜ਼ੋਰ ਦੀ ਤਾਬ ਨਾ ਲਿਆਉਂਦੇ ਹੋਏ ਅੰਗਰੇਜ਼ੀ
ਸਾਮਰਾਜ ਨੂੰ 1947 ਵਿਚ ਹਿੰਦੁਸਤਾਨ
ਛਡ ਜਾਣ ਉਤੇ ਮਜਬੂਰ
ਹੋਣਾ ਪਿਆ।

੧

# ਗ਼ਦਰ ਪਾਰਟੀ ਦਾ ਇਤਿਹਾਸ

ਗੁਰਚਰਨ ਸਿੰਘ ਸੈਂਸਰਾ

© ਪ੍ਰਕਾਸ਼ਕ

ਸਹਾਇਤਾ ਰਾਸ਼ੀ : 150 ਰੁਪਏ

ਪਹਿਲੀ ਐਡੀਸ਼ਨ : 1961

ਦੂਸਰੀ ਐਡੀਸ਼ਨ : 1969

ਤੀਜੀ ਐਡੀਸ਼ਨ : ਨਵੰਬਰ , 2006

ਚੌਥੀ ਵਾਰ : ਅਕਤੂਬਰ, 2015

ਪ੍ਰਕਾਸ਼ਕ:

**ਦੇਸ਼ ਭਗਤ ਪ੍ਰਕਾਸ਼ਨ**

**ਦੇਸ਼ ਯਾਦਗਾਰ ਕਮੇਟੀ, ਜਲੰਧਰ**

*ਫ਼ੋਨ: 0181-2458224, www.ghadarmemorial.net, dbycjal@gmail.com*

ਕੰਪੋਜ਼ : ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼ : 5 ਆਬ ਪ੍ਰਿੰਟਰਜ਼, ਜਲੰਧਰ, 98140-87063

# ਵਿਸ਼ੈ-ਸੂਚੀ


| ਕਾਂਡ | | |
|---|---|---|
| 1. | ਬੇਨਤੀ | 9 |
| | ਬਹੁਤਾ ਕਹੀਐ ਬਹੁਤਾ ਹੋਏ | 10 |
| 2. | ਪਰਦੇਸ ਜਾਣ ਦੇ ਕਾਰਨ | 11 |
| | ਪਰਦੇਸੀ ਰਾਜ ਦਾ ਸਾਡੀ ਆਰਥਿਕਤਾ ਉਤੇ ਅਸਰ | 11 |
| | ਪੰਜਾਬ ਉਤੇ ਅੰਗਰੇਜ਼ੀ ਰਾਜ ਦਾ ਭੈੜਾ ਅਸਰ | 13 |
| | ਅੰਗਰੇਜ਼ ਵਿਰੁੱਧ ਜਾਗਰਤਾ ਦਾ ਆਰੰਭ | 15 |
| | ਪਰਦੇਸ਼ ਜਾਣ ਦਾ ਆਰੰਭ | 17 |
| | ਅਮਰੀਕਾ ਜਾਣਾ | 19 |
| | ਹਿੰਦੀ ਮਜ਼ਦੂਰਾਂ ਲਈ ਮੰਗ | 20 |
| | ਅਮਰੀਕਾ ਦੀ ਹਿੰਦ ਨਾਲ ਦਿਲਚਸਪੀ | 21 |
| | ਸ਼ਾਂਤ ਸਾਗਰ ਦਾ ਕੰਢਾ | 26 |
| 2. | ਕੈਲੇਫ਼ੋਰਨੀਆ ਵਿੱਚ ਪਹਿਲ | 28 |
| | ਹਿੰਦੀ ਇਨਕਲਾਬੀਆਂ ਦਾ ਦੇਸ਼ ਨਿਕਾਲਾ | 28 |
| | ਹਿੰਦੀ ਇਨਕਲਾਬੀਆਂ ਦਾ ਪਰਚਾਰ | 31 |
| | ਮਿਲ ਬਹਿਣ ਤੇ ਤੁਰਨ ਦੇ ਪਹਿਲੇ ਉੱਤਮ | 35 |
| 3. | ਕੈਨੇਡਾ | 39 |
| | ਵਸਤੀਆਂ ਵਿੱਚ ਸਾਮਰਾਜੀ ਨੀਤੀ | 39 |
| | ਘੋਲ ਆਰੰਭ | 40 |
| | ਮਜ਼ਦੂਰ ਈਰਖਾ | 42 |
| | ਹਾਂਡੂਰਸ | 46 |
| | ਟੱਬਰ ਲਿਆਉਣ ਦਾ ਘੋਲ | 53 |
| | ਇਮਪੀਰੀਅਲ ਕਾਨਫਰੰਸ(1911) | 57 |
| | ਹਿੰਦੁਸਤਾਨ ਵਿੱਚੋਂ ਹਮਾਇਤ | 59 |
| | ਲੰਡਨ ਤੇ ਹਿੰਦ ਨੂੰ ਡੈਪੂਟੇਸ਼ਨ | 61 |
| | ਸਿਧੇ ਸਫ਼ਰ ਦੀ ਸ਼ਰਤ ਵਿਰੁੱਧ ਘੋਲ | 66 |
| | ਸਿਆਸੀ ਵਿਕਾਸ | 68 |
| | ਸਾਮਰਾਜੀ ਕੁਟਲ ਨੀਤੀ | 77 |
| 4 | ਗ਼ਦਰ ਲਹਿਰ ਦਾ ਆਰੰਭ | 84 |
| | ਮਜ਼ਦੂਰ ਈਰਖਾ ਦੀ ਫਾਂਟ | 85 |
| | ਸੇਂਟ ਜਾਨ ਦਾ ਸਿਆਸੀ ਅੱਡਾ | 87 |
| | ਸਿਆਟਲ ਦਾ ਸਿਆਸੀ ਅੱਡਾ | 88 |
| | ਮਜ਼ਦੂਰ ਈਰਖਾ ਦਾ ਦੂਸਰਾ ਵਾਰ | 89 |
| | ਜਥੇਬੰਦੀ ਦਾ ਪਹਿਲਾ ਉੱਦਮ | 91 |

6


| | | |
|---|---|---|
| | ਪਾਰਟੀ ਦਾ ਜਨਮ | 92 |
| | ਲਹਿਰ ਦਾ ਪੁੰਗਾਰਾ | 96 |
| 5. | **ਲਹਿਰ ਦਾ ਵਿਕਾਸ ਅਤੇ ਫੈਲਾਅ** | 99 |
| | 'ਗ਼ਦਰ' ਅਖ਼ਬਾਰ | 99 |
| | ਪਰਚੇ ਦੀ ਵੰਡ ਵਾਸਤੇ ਘੋਲ | 101 |
| | ਹੋਰ ਪਾਰਟੀ ਛਪਤਾਂ | 103 |
| | ਲਾਲਾ ਹਰਦਿਆਲ ਨੂੰ ਦੇਸ਼ ਨਿਕਾਲਾ | 108 |
| | ਜਮਹੂਰੀ ਗੁਣ | 110 |
| | ਇਨਕਲਾਬ ਦੀ ਪਹਿਲੀ ਪਲੈਨ | 113 |
| | ਇਨਕਲਾਬ ਦੀ ਤਿਆਰੀ | 115 |
| | ਸਾਂਤ ਸਾਗਰ ਦੇ ਏਸ਼ੀਆਈ ਟਾਪੂ | 118 |
| | ਸ਼ੰਘਈ | 120 |
| | ਹਾਂਗਕਾਂਗ | 122 |
| | ਮਨੀਲਾ | 124 |
| | ਸਿਆਮ | 125 |
| | ਪਾਨਾਮਾ | 127 |
| 6. | **ਕਾਮਾਗਾਟਾ ਮਾਰੂ** | 129 |
| | ਕੈਨੇਡੀਅਨ ਹਿੰਦੂਆਂ ਦੇ ਉੱਦਮ | 129 |
| | ਬਾਬਾ ਗੁਰਦਿੱਤ ਸਿੰਘ ਮੈਦਾਨ ਵਿੱਚ | 131 |
| | ਕਾਮਾਗਾਟਾ ਮਾਰੂ ਤੁਰ ਪਿਆ | 133 |
| | ਵੈਨਕੋਵਰ ਵਿੱਚ ਮੋਰਚਾ | 135 |
| | ਪੁਲਸ ਨਾਲ ਲੜਾਈ | 140 |
| | ਵੈਨਕੋਵਰ ਤੋਂ ਵਾਪਸੀ | 143 |
| | ਹਿੰਦੀਆਂ ਦੇ ਰੋਸ ਤੇ ਪਰਚਾਰ ਦੇ ਡਰ ਤੋਂ | 145 |
| | ਬਜਬਜ ਘਾਟ ਦਾ ਖ਼ੂਨੀ ਸਾਕਾ | 149 |
| | ਮੁਸਾਫਰਾਂ ਨਾਲ ਫਿਰ ਕੀ ਬੀਤੀ? | 154 |
| 7. | **ਇਨਕਲਾਬੀ ਘੋਲ ਲਈ ਦੇਸ਼ ਨੂੰ ਧਾਈ** | 160 |
| | ਸਾਮਰਾਜੀ ਬੌਰਾਂ | 167 |
| | ਜਹਾਜ਼ਾਂ ਦੀ ਆਮਦ | 170 |
| 8. | **ਇਨਕਲਾਬ ਦੀ ਤਿਆਰੀ** | 173 |
| | ਜਥੇਬੰਦੀ | 173 |
| | ਪਾਰਟੀ ਦੀ ਨਵੀਂ ਲਹਿਰ | 177 |
| | ਲਹਿਰ ਦਾ ਫੈਲਾਅ | 181 |
| | ਅੰਗਰੇਜ਼ੀ ਹਕੂਮਤ ਦੀ ਕਰੜਾਈ | 184 |
| | ਪਿੰਡਾਂ ਵਿਚ ਪਰਚਾਰ | 185 |
| | ਮੈਗਜ਼ੀਨਾਂ ਉੱਤੇ ਹਮਲੇ ਦੀਆਂ ਤਿਆਰੀਆਂ | 187 |

| | | |
|---|---|---|
| | ਤਿਆਰੀਆਂ ਦੀਆਂ ਕਚਿਆਈਆਂ | 190 |
| | ਫੇਰੂ ਸ਼ਹਿਰ ਦਾ ਸਾਕਾ | 192 |
| | ਫੇਰ ਚੜ੍ਹਦੀਆਂ ਕਲਾਂ ਵਲ | 193 |
| | ਕੇਂਦਰ ਦੀ ਸਥਾਪਨਾਂ | 196 |
| | ਪਾਰਟੀ ਫੰਡ | 197 |
| | ਆਖ਼ਰੀ ਤਿਆਰੀਆਂ | 199 |
| | 21 ਫਰਵਰੀ ਇਨਕਲਾਬ ਦਾ ਦਿਨ | 200 |
| 9. | **ਇਨਕਲਾਬ ਰਹਿ ਗਿਆ** | 205 |
| | ਮੁਖ਼ਬਰ ਮਾਰ ਗਿਆ | 205 |
| | ਗਰਿਫਤਾਰੀਆਂ | 209 |
| | ਲਾਹੌਰ ਦੇ ਸਾਜਿਸ਼ ਕੇਸ | 211 |
| | ਬਨਾਰਸ ਵੀ ਗਿਆ | 216 |
| | ਨਵਾਂ ਕੰਮ | 217 |
| | ਕਪੂਰਥਲੇ ਉੱਤੇ ਸਲਾਹਾਂ | 219 |
| | ਵਲੇ ਪੁਲ ਦਾ ਸਾਕਾ | 221 |
| 10. | **ਫੌਜਾਂ ਵਿੱਚ ਕੰਮ** | 226 |
| | 26ਵੀਂ ਪੰਜਾਬੀ | 277 |
| | 23ਵਾਂ ਰਸਾਲਾ | 229 |
| | ਮੇਰਠ ਫ਼ੈਜਾਬਾਦ, ਬਨਾਰਸ ਤੇ ਹੋਰ | 231 |
| | ਸਿੰਘਾਪੁਰ | 232 |
| | ਹੋਰ ਪਲਟਨਾਂ | 240 |
| 11. | **ਦੂਸਰਾ ਚਾਰਾ-ਸਿਆਮ ਥਾਣੀਂ ਬਰਮਾ** | 242 |
| | ਬਰਮਾ ਦੀ ਮੁਹਿੰਮ | 242 |
| | ਬਰਮਾ ਦੀ ਹਾਰ | 246 |
| 12. | **ਜਰਮਨਾਂ ਤੋਂ ਸਹਾਇਤਾ ਲੈ ਕੇ** | 251 |
| | ਨਵੀ ਲਿਡਰਸ਼ਿਪ | 251 |
| | ਜਰਮਨ ਸਕੀਮ | 253 |
| | ਅਫ਼ਗਾਨਿਸਤਾਨ ਵਿੱਚ ਹਿੰਦ ਦੀ ਆਰਜ਼ੀ ਹਕੂਮਤ | 255 |
| | ਈਰਾਨ ਤੇ ਬਲੋਚਿਸਤਾਨ | 257 |
| | ਬੈਂਕਾਕ ਵਿੱਚੋ ਗਰਿਫ਼ਤਾਰੀਆਂ | 262 |
| | ਹਥਿਆਰਾਂ ਵਾਲੇ ਜਹਾਜ਼ਾਂ ਦੀ ਵਾਰਤਾ | 265 |
| | ਪਾਰਟੀ ਨੂੰ ਅੰਦਰੋਂ ਢਾਹ | 266 |
| | ਅਮਰੀਕਨ ਹਕੂਮਤ ਦਾ ਵਾਰ | 269 |
| | ਰਾਮਚੰਦ ਦਾ ਅੰਤ | 270 |
| | **ਨੋਟਾਵਲੀ** | 274 |
| | **ਪਰਮਾਨਾਵਲੀ** | 298 |

# ਬੇਨਤੀ

ਹਿੰਦ ਦੀ ਆਜ਼ਾਦੀ ਦੇ ਸੰਗਰਾਮ ਦੇ ਇਤਿਹਾਸ ਵਿੱਚ ਗ਼ਦਰ ਪਾਰਟੀ ਦੇ ਇਨਕਲਾਬੀ ਘੋਲ ਦੀ ਜੋ ਮਹਾਨਤਾ ਹੈ, ਉਹ ਅਜੇ ਤੱਕ ਕਿਸੇ ਇਤਿਹਾਸਕਾਰ ਨੇ ਪੂਰੀ ਤਰ੍ਹਾਂ ਉਜਾਗਰ ਨਹੀਂ ਕੀਤੀ। ਇਹ ਗਲ ਬੜੇ ਚਿਰ ਤੋਂ ਮਹਿਸੂਸ ਕੀਤਾ ਜਾ ਰਹੀ ਸੀ ਕਿ ਹਿੰਦ ਦੀ ਆਜ਼ਾਦੀ ਲਈ ਗ਼ਦਰ ਪਾਰਟੀ ਤੇ ਹੋਰ ਹਿੰਦੀ ਇਨਕਲਾਬੀ ਜਥੇ-ਬੰਦੀਆਂ ਵਲੋਂ ਕੀਤੇ ਗਏ ਘੋਲ ਦਾ ਇਤਿਹਾਸ ਜੇ ਜਨਤਾ ਦੇ ਸਾਹਮਣੇ ਨਹੀਂ ਆਵੇਗਾ ਤਾਂ ਹਿੰਦ ਦੀ ਆਜ਼ਾਦੀ ਦੇ ਘੋਲ ਦਾ ਇਤਿਹਾਸ ਅਧੂਰਾ ਤੇ ਇਕਪਖਾ ਰਹੇਗਾ। ਇਸ ਘਾਟ ਨੂੰ ਪੂਰਾ ਕਰਨ ਲਈ 21 ਸਤੰਬਰ 1944 ਨੂੰ ਆਪਣੇ ਪਹਿਲੇ ਸਲਾਨਾ ਇਕੱਠ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਨੇ ਹੇਠ ਲਿਖੀ ਇਤਿਹਾਸ ਸਬ-ਕਮੇਟੀ ਬਣਾਈ।

1. ਬਾਬਾ ਸੋਹਣ ਸਿੰਘ ਭਕਨਾ, ਪ੍ਰਧਾਨ
2. ਸ੍ਰੀ ਗੁਰਚਰਨ ਸਿੰਘ ਸੈਂਸਰਾ ਸਕੱਤਰ
3. ਬਾਬਾ ਗੁਰਮੁਖ ਸਿੰਘ ਲਲਤੋਂ, ਮੈਂਬਰ
4. ਡਾਕਟਰ ਭਾਗ ਸਿੰਘ ਪੀ.ਐਚ.ਡੀ. ਮੈਂਬਰ
5. ਪਰੋਫੈਸਰ ਸੰਤ ਸਿੰਘ ਸੇਖੋਂ, ਮੈਂਬਰ
6. ਗਿਆਨੀ ਹੀਰਾ ਸਿੰਘ ਦਰਦ, ਮੈਂਬਰ
7. ਮਾਸਟਰ ਹਰੀ ਸਿੰਘ ਧੂਤ, ਮੈਂਬਰ

ਗ਼ਦਰ ਪਾਰਟੀ ਦੇ ਇਤਿਹਾਸ ਦਾ ਜੋ ਮਸੌਦਾ ਛਾਪ ਕੇ ਇਸ ਕਿਤਾਬ ਦੇ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ, ਉਪਰੋਕਤ ਇਤਿਹਾਸ ਸਬ-ਕਮੇਟੀ ਦੀ ਰਹਿਨੁਮਾਈ ਵਿੱਚ ਸ੍ਰੀ ਗੁਰਚਰਨ ਸਿੰਘ ਸੈਂਸਰਾ ਦਾ ਤਿਆਰ ਕੀਤਾ ਹੋਇਆ ਹੈ।

ਇਹ ਪੁਸਤਕ ਗ਼ਦਰ ਪਾਰਟੀ ਲਹਿਰ ਦੇ ਪਹਿਲੇ ਦੌਰ ਦਾ ਇਤਿਹਾਸ ਹੈ, ਜੋ 1906-7 ਤੋਂ 1917 ਤੱਕ ਗ਼ਦਰ ਪਾਰਟੀ ਦੀ ਲਹਿਰ ਦੇ ਪਿਛੋਕੜ ਦੇ ਹਾਲਾਤ ਨੂੰ ਵਰਨਣ ਕਰਦਾ ਹੈ, ਪਾਰਟੀ ਦਾ ਵਜੂਦ ਤੇ ਘੋਲ 1947 ਤੱਕ ਚਲਦਾ ਹੈ, ਜਿਸ ਸਮੇਂ ਵਿੱਚ ਪਾਰਟੀ ਨੇ ਹਿੰਦੁਸਤਾਨ ਦੀ ਕੌਮੀ ਲਹਿਰ ਤੇ ਖਾਸਕਰ ਅਗਾਂਹ ਵਧੂ ਲਹਿਰ ਵਿੱਚ ਉਘਾ ਤੇ ਵੱਡਾ ਹਿੱਸਾ ਪਾਇਆ। ਇਸ ਦੌਰ ਦੀ ਖੋਜ ਅਜੇ ਨਹੀਂ ਕੀਤੀ ਜਾ ਸਕੀ, ਇਸ ਲਈ ਹਾਲੀ ਅਸੀਂ ਇਤਿਹਾਸ ਦਾ ਪਹਿਲਾ ਹਿੱਸਾ ਹੀ ਛਾਪ ਰਹੇ ਹਾਂ।

ਇਸ ਮਹਾਨ ਕਾਰਜ ਵਿੱਚ ਜਿਸ-ਜਿਸ ਸੱਜਣ ਵਲੋਂ ਜਿਸ ਕਿਸਮ ਦੀ ਵੀ ਸਹਾਇਤਾ ਪ੍ਰਾਪਤ ਹੋਈ ਹੈ, ਅਸੀਂ ਉਸ ਦੇ ਦਿਲੋਂ ਮਨੋਂ ਧੰਨਵਾਦੀ ਹਾਂ।

-ਅਸੀ ਹਾਂ-

ਸਿਵਲ ਲਾਈਨ, ਜੀ.ਟੀ. ਰੋਡ ਜਲੰਧਰ।

ਇਤਿਹਾਸ ਸਬ ਕਮੇਟੀ

ਦੇਸ਼ ਭਗਤ ਯਾਦਗਾਰ ਕਮੇਟੀ

# ਬਹੁਤਾ ਕਹੀਐ ਬਹੁਤਾ ਹੋਏ

ਗ਼ਦਰ ਪਾਰਟੀ ਦੇ ਇਤਿਹਾਸ ਦਾ ਘੇਰਾ ਇੰਨਾ ਵਿਸ਼ਾਲ ਹੈ ਕਿ ਇਸ ਨੂੰ ਲਿਖਣ ਲਈ ਕੀਤਾ ਗਿਆ ਕੋਈ ਵੀ ਖੋਜ-ਕਾਰਜ ਸੰਪੂਰਨ ਨਹੀਂ ਕਿਹਾ ਜਾ ਸਕਦਾ। ਇਹ ਤਾਂ 'ਬਹੁਤਾ ਕਹੀਐ ਬਹੁਤਾ ਹੋਏ' ਵਾਲੀ ਗੱਲ ਹੈ। ਹੁਣ ਤਕ ਬਹੁਤ ਸਾਰੇ ਵਿਅਕਤੀਆਂ ਨੇ ਇਸ ਦਿਸ਼ਾ ਵਿਚ ਗੰਭੀਰਤਾ ਨਾਲ ਕੰਮ ਕੀਤਾ ਹੈ ਤੇ ਉਨ੍ਹਾਂ ਦੇ ਯਤਨਾਂ ਸਦਕਾ ਜਿਹੜੀਆਂ ਪੁਸਤਕਾਂ ਸਾਹਮਣੇ ਆਈਆਂ ਹਨ, ਉਨ੍ਹਾਂ ਨਾਲ ਗ਼ਦਰ ਪਾਰਟੀ ਦੇ ਇਤਿਹਾਸ ਦਾ ਕਾਫ਼ੀ ਹਿੱਸਾ ਸਾਹਮਣੇ ਆ ਚੁੱਕਾ ਹੈ, ਪਰੰਤੂ ਇਸਦੇ ਬਾਵਜੂਦ ਇਸ ਦੀਆਂ ਬਹੁਤ ਸਾਰੀਆਂ ਪਰਤਾਂ ਅਜਿਹੀਆਂ ਹਨ, ਜਿਹੜੀਆਂ ਅਜੇ ਤਕ ਅਣਗੌਲੀਆਂ ਪਈਆਂ ਰਹੀਆਂ ਹਨ ਅਤੇ ਜਿਨ੍ਹਾਂ ਨੂੰ ਫੋਲਣ ਤੇ ਉਨ੍ਹਾਂ ਵਿਚੋਂ ਨਵੀਆਂ ਲੱਭਤਾਂ ਨੂੰ ਸਾਹਮਣੇ ਲਿਆਉਣ ਦੀ ਗੁੰਜਾਇਸ਼ ਸਦਾ ਬਣੀ ਰਹਿੰਦੀ ਹੈ।

ਕਾਮਰੇਡ ਗੁਰਚਰਨ ਸਿੰਘ ਸਹਿੰਸਰਾ, ਜਿਨ੍ਹਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੁਆਰਾ ਇਤਿਹਾਸ ਕਮੇਟੀ ਬਣਾ ਕੇ ਗ਼ਦਰ ਪਾਰਟੀ ਦਾ ਇਤਿਹਾਸ ਲਿਖਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਵਲੋਂ ਤਿਆਰ ਕੀਤੀ ਗਈ ਹਥਲੀ ਪੁਸਤਕ ਇਸ ਦਿਸ਼ਾ ਵਿਚ ਕੀਤੇ ਗਏ ਪਹਿਲੇ ਸ਼ਲਾਘਾਯੋਗ ਯਤਨਾਂ ਵਿਚੋਂ ਇਕ ਸੀ ਤੇ ਇਹ ਪੁਸਤਕ ਹਮੇਸ਼ਾ ਹੀ ਇਤਿਹਾਸ ਦੇ ਪਾਠਕਾਂ ਤੇ ਖੋਜੀਆਂ ਦੇ ਧਿਆਨ ਰਹੇਗੀ। ਹੁਣ ਤਕ ਇਸ ਦੀਆਂ ਤਿੰਨ ਐਡੀਸ਼ਨਾਂ ਛਪ ਚੁੱਕੀਆਂ ਹਨ ਤੇ ਇਸ ਦੀ ਅਹਿਮੀਅਤ ਨੂੰ ਸਮਝਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਸ ਨੂੰ ਚੌਥੀ ਵਾਰ ਛਾਪਿਆ ਜਾ ਰਿਹਾ ਹੈ, ਤਾਂ ਜੋ ਭਵਿੱਖ ਦੇ ਇਤਿਹਾਸ ਦੇ ਖੋਜੀਆਂ ਨੂੰ ਗ਼ਦਰ ਪਾਰਟੀ ਦੇ ਇਤਿਹਾਸ ਦੀਆਂ ਉਹ ਤਹਿਆਂ ਜਿਹੜੀਆਂ ਅਣਫੋਲੀਆਂ ਤੇ ਅਣਗੌਲੀਆਂ ਰਹਿ ਗਈਆਂ ਹਨ, ਇਸ ਸਬੰਧੀ ਜਿਨ੍ਹਾਂ ਪ੍ਰਤੱਖ ਤੇ ਅਪ੍ਰਤੱਖ ਸੋਮਿਆਂ ਨੂੰ ਅਜੇ ਤਕ ਵਰਤਿਆ ਨਹੀਂ ਜਾ ਸਕਿਆ ਨੂੰ ਆਪਣੀ ਖੋਜ ਦਾ ਆਧਾਰ ਬਣਾਉਣ ਦੀ ਪ੍ਰੇਰਨਾ ਮਿਲ ਸਕੇ। ਕਿੰਤੂ-ਪ੍ਰੰਤੂ ਦੀ ਹਮੇਸ਼ਾ ਗੁੰਜਾਇਸ਼ ਹੁੰਦੀ ਹੈ। ਉਮੀਦ ਹੈ ਕਿ ਇਸ ਪੁਸਤਕ ਸੰਬੰਧੀ ਉੱਠਣ ਵਾਲੇ ਕਿੰਤੂ-ਪ੍ਰੰਤੂ ਵੀ ਨਵੇਂ ਖੋਜੀਆਂ ਨੂੰ ਗ਼ਦਰ ਪਾਰਟੀ ਦੇ ਇਤਿਹਾਸ ਦੀ ਹੋਰ ਡੂੰਘੀ ਖੋਜ ਕਰਨ ਦੀ ਪ੍ਰੇਰਨਾ ਦੇਣ ਵਿਚ ਸਹਾਇਕ ਹੋਣਗੇ।

-ਨੌਨਿਹਾਲ ਸਿੰਘ

ਕਨਵੀਨਰ

ਇਤਿਹਾਸ ਸਬ ਕਮੇਟੀ

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

*29, ਸਤੰਬਰ, 2015*

ਪਹਿਲਾ ਕਾਂਡ

# ਪਰਦੇਸ ਜਾਣ ਦੇ ਕਾਰਨ

## ਪਰਦੇਸੀ ਰਾਜ ਦਾ ਸਾਡੀ ਆਰਥਕਤਾ ਤੇ ਅਸਰ

ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਉਪਜਾਊ ਧਰਤੀ, ਕੁਦਰਤੀ ਦੌਲਤ ਦੇ ਅਣਮੁਕ ਸਾਧਨਾਂ ਤੇ ਮਹਾਨ ਆਦਮ ਸ਼ਕਤੀ ਨੂੰ ਹਿੰਦੀ ਲੋਕਾਂ ਦੇ ਫਾਇਦੇ ਤੇ ਖੁਸ਼ਹਾਲੀ ਵਾਸਤੇ ਨਹੀਂ, ਸਗੋਂ ਇੰਗਲਸਤਾਨ ਵਿੱਚ ਸਰਮਾਏਦਾਰੀ ਨੂੰ ਤਰੱਕੀ ਦੇਣ ਤੇ ਉਸ ਨੂੰ ਸਾਮਰਾਜੀ ਦਰਜੇ ਤੱਕ ਪੁਚਾਉਣ ਲਈ ਵਰਤਿਆ। ਉਹ 1757 ਵਿੱਚ ਪਲਾਸੀ ਦੀ ਲੜਾਈ ਜਿਤ ਕੇ ਜਿਵੇਂ ਜਿਵੇਂ ਸਾਡੇ ਦੇਸ਼ ਦੀ ਧਰਤੀ ਉੱਤੇ ਕਬਜ਼ਾ ਕਰਦੇ ਗਏ, ਪੁਰਾਣਾ ਰਾਜਸੀ ਤੇ ਆਰਥਕ ਪ੍ਰਬੰਧ ਤੋੜਦੇ ਤੇ ਇਸ ਦੀ ਥਾਂ ਆਪਣਾ ਸਰਮਾਏਦਾਰ ਲੋਟੂ-ਪ੍ਰਬੰਧ ਠੋਸਦੇ ਗਏ। 19ਵੀਂ ਸਦੀ ਦੇ ਅੱਧ ਤੱਕ ਉਹਨਾਂ ਨੇ ਸਾਂਝੀ ਮਾਲਕੀ ਦਾ ਜ਼ਮੀਨੀ ਪ੍ਰਬੰਧ ਤੇ ਉਸ ਨਾਲ ਵਾਰਾ ਖਾ ਰਿਹਾ ਦਸਤਕਾਰੀ ਤੇ ਕਾਰਾਗਰੀ ਦਾ ਸਿਲਸਿਲਾ ਢਾਹ ਢੇਰੀ ਕੀਤਾ। ਇਸ ਦੀ ਕੁਦਰਤੀ ਦੌਲਤ ਨੂੰ ਹੂੰਝਣ ਲਈ ਪੈਦਾਵਾਰ ਦੇ ਕੁਦਰਤੀ ਸਾਧਨਾਂ ਉਤੇ ਆਪਣੀ ਸਰਕਾਰ ਦੀ ਆਅਲਾ ਮਾਲਕੀ ਬਣਾ ਲਈ। ਆਪਣੇ ਸਨਅਤੀ ਮਾਲ ਦੇ ਮੁਕਾਬਲੇ ਉੱਤੋਂ ਹਟਾਉਣ ਲਈ ਸ਼ਹਿਰਾਂ ਤੇ ਕਸਬਿਆਂ ਵਿੱਚੋਂ ਦੇਸੀ ਦਸਤਕਾਰੀ ਵੈਰਾਨ ਕਰ ਦਿੱਤੀ। ਪਿੰਡਾਂ ਦੀ ਏਕਤਾ ਤੇ ਸਵੈ-ਨਿਰਭਰਤਾ ਖਤਮ ਕਰਨ ਲਈ ਪਿੰਡ ਦੀ ਜ਼ਮੀਨ ਉੱਤੇ ਬਰਾਦਰੀ ਦੀ ਸਾਂਝੀ ਮਾਲਕੀ ਨੂੰ ਪਤੀਦਾਰ ਦੀ ਨਿੱਜੀ ਮਾਲਕੀ ਵਿੱਚ ਬਦਲ ਦਿੱਤਾ। ਰਾਜ ਕਾਜ ਦਾ ਖਰਚ ਪੂਰਾ ਕਰਨ ਤੇ ਆਪਣੇ ਕਾਰਖਾਨਿਆਂ ਦੇ ਮਾਲ ਵਾਸਤੇ ਗਾਹਕ ਤਿਆਰ ਰੱਖਣ ਲਈ ਜ਼ਮੀਨ ਦਾ ਮਾਮਲਾ ਜਿਣਸ ਦੀ ਥਾਂ ਨਕਦੀ ਵਿੱਚ ਲੈਣ ਦਾ ਰਿਵਾਜ਼ ਪਾਇਆ। ਗੱਲ ਕੀ ਦੇਸ਼ ਦੀ ਪੁਰਾਣੀ ਆਰਥਕਤਾ ਨੂੰ ਢਾਹ ਲਾਉਣ ਲਈ ਜਿਣਸ ਵੇਚਣ ਵਟਣ ਦੀ ਸਰਮਾਏਦਾਰ ਆਰਥਕਤਾ ਜੜ ਦਿੱਤੀ। ਇਸ ਆਸ਼ੇ ਦੀ ਪੂਰਤੀ ਲਈ ਦੇਸ ਵਿੱਚ ਉਦੋਂ ਤੱਕ ਚਲੀ ਆ ਰਹੀ ਪਿੰਡ ਦੀ ਖੇਤੀ ਤੇ ਦਸਤਕਾਰੀ ਦੀ ਕਦੀਮੀ ਸਾਂਝ ਤੇ ਸਵੈ-ਨਿਰਭਰਤਾ[1] ਉਤੇ ਪੈਸੇ (ਸਰਮਾਏਦਾਰੀ) ਦੀ ਪਰਧਾਨਤਾ ਠੋਸ ਦਿੱਤੀ।

1840 ਵਿੱਚ ਬਰਤਾਨੀਆ ਦੀ ਲੋਕ ਸਭਾ ਦੀ ਸੀਲੈਕਟ ਕਮੇਟੀ ਨੂੰ ਸਰ ਚਾਰਲਸ ਟਰੈਵੈਲੀਅਨ ਨੇ ਰਿਪੋਰਟ ਕੀਤੀ ਸੀ:

"ਅਸਾਂ (ਹਿੰਦੀ) ਸਨਅਤਕਾਰਾਂ ਨੂੰ ਹੂੰਝ ਸੁੱਟਿਆ ਹੈ। ਹੁਣ ਉਹ ਜ਼ਮੀਨੀ ਪੈਦਾਵਾਰ ਤੋਂ ਬਿਨਾਂ ਕੋਈ ਹੋਰ ਆਸਰਾ ਨਹੀਂ ਰੱਖਦੇ।"[2]

ਕਾਰਲ ਮਾਰਕਸ ਨੇ 22 ਜੁਲਾਈ, 1853 ਦੇ ਨਿਊਯਾਰਕ ਦੇ ਰੋਜ਼ਾਨਾ 'ਟਰਿਬਿਊਨ' ਵਿੱਚ 'ਹਿੰਦੁਸਤਾਨ ਬਾਰੇ ਛਾਪੀਆਂ ਚਿੱਠੀਆਂ' ਵਿੱਚ ਲਿਖਿਆ ਸੀ।

"(ਹਿੰਦੁਸਤਾਨ ਵਿੱਚ) ਅੰਗਰੇਜ਼ ਪਹਿਲੇ ਵਿਜਈ ਸਨ, ਜੋ ਹਿੰਦੀ ਸੱਭਿਅਤਾ ਤੋਂ ਕਿਤੇ ਉਚੇਰੇ ਸਨ, ਜਿਸ ਲਈ ਉਹ ਅਜਿਤ ਸਨ। ਉਹਨਾਂ ਨੇ ਪਿੰਡਾਂ ਦੇ ਭਾਈਚਾਰੇ ਤੇ ਦੇਸੀ ਸਨਅਤ

---

1. ਬਸਤੀਵਾਦ ਉੱਤੇ ਕਾਰਲ ਮਾਰਕਸ ਤੇ ਫ਼ਰੈਡਰਿਕ ਏਂਗਲਜ਼, ਸਫ਼ਾ 280, ਸਰਮਾਇਆ, ਜਿਲਦ 1, ਕਾਂਡ 14, ਸੈਕਸ਼ਨ 4
2. ਅੱਜ ਦਾ ਹਿੰਦੁਸਤਾਨ', ਰਜਨੀ ਮਾਪਦਤ, ਸਫਾ 193

ਦਾ ਬੂਟਾ ਪੁਟ ਕੇ, ਜੋ ਉਚੇਰਾ ਤੇ ਵਡੇਰਾ ਸੀ, ਉਸ ਨੂੰ ਪੱਧਰਾ ਕਰਕੇ, ਹਿੰਦੀ ਸੱਭਿਅਤਾ ਦਾ ਨਾਸ ਕਰ ਦਿੱਤਾ। ਉਹਨਾਂ ਦਾ ਹਿੰਦ ਉੱਤੇ ਰਾਜ ਕਰਨ ਦਾ ਇਤਿਹਾਸ ਤਬਾਹੀ ਤੇ ਬਰਬਾਦੀ ਤੋਂ ਸਿਵਾ ਹੋਰ ਕੁਝ ਨਹੀਂ ਦੱਸਦਾ। ਤਬਾਹੀ ਦੇ ਢੇਰਾਂ ਹੇਠੋਂ ਨਵੀਂ ਉਸਾਰੀ ਦਾ ਕੰਮ ਮੁਸ਼ਕਲ ਹੀ ਕਿਤੇ ਨਜ਼ਰ ਆਉਂਦਾ ਹੈ।

ਇਸ ਅੰਗਰੇਜ਼ੀ ਪ੍ਰਬੰਧ ਨੇ ਹਿੰਦ ਦੀ ਪੈਦਾਵਾਰ ਨੂੰ ਹਿੰਦੀ ਜਨਤਾ ਦੇ ਲਾਭਾਂ ਤੇ ਤਰੱਕੀ ਲਈ ਵਰਤਣ ਦੀ ਥਾਂ ਬਰਤਾਨੀਆ ਵਿੱਚ ਸਰਮਾਏਦਾਰੀ ਦੀ ਤਰੱਕੀ ਨੂੰ ਖੁਰਾਕ ਪੁਚਾਉਣ ਲਈ ਚੁਕ ਕੇ ਵਲੈਤ ਲਿਜਾਣਾ ਅਤੇ ਹੋਰਨਾਂ ਦੇਸਾਂ ਨੂੰ ਵੇਚਣਾ ਸ਼ੁਰੂ ਕੀਤਾ।

ਜਿੱਥੇ 1813 ਵਿੱਚ 90 ਲੱਖ ਪੌਂਡ ਕਪਾਹ ਬਰਤਾਨੀਆ ਲਿਜਾਈ ਗਈ, ਉਥੇ 1844 ਵਿੱਚ 880 ਲੱਖ ਪੌਂਡ ਤੇ 1914 ਵਿੱਚ ਜਾ ਕੇ 9630 ਲੱਖ ਪੌਂਡ। ਜਿੱਥੇ 1849 ਵਿੱਚ ਸਾਢੇ 8 ਲੱਖ ਪੌਂਡ ਤੋਂ ਵਧ ਮੁੱਲ ਦਾ ਅਨਾਜ ਵਲੈਤ ਢੋਇਆ ਗਿਆ, ਉਥੇ 1901 ਵਿੱਚ 93 ਲੱਖ ਪੌਂਡ ਦਾ ਤੇ 1914 ਵਿੱਚ 193 ਲੱਖ ਪੌਂਡ ਦਾ।[1]

ਇਸ ਤੋਂ ਇਲਾਵਾ ਬਰਤਾਨੀਆ ਵਿੱਚ ਬੈਠੀ ਅੰਗਰੇਜ਼ੀ ਰਾਜ ਕਾਜ ਦੀ ਮਸ਼ੀਨ ਦੇ ਖਰਚ ਦਾ ਵੀ ਬਹੁਤ ਸਾਰਾ ਹਿੱਸਾ ਹੋਮ ਚਾਰਜਜ਼ ਦੀ ਸ਼ਕਲ ਵਿੱਚ ਉਥੇ ਜਾਂਦਾ ਰਿਹਾ। ਕੇਵਲ 1901 ਵਿੱਚ ਹੀ ਇਸ ਮੱਦ ਵਿੱਚ 173 ਲੱਖ ਪੌਂਡ ਵਲੈਤ ਭੇਜੇ ਗਏ।[2]

ਏਥੇ ਹੀ ਬਸ ਨਹੀਂ, ਹੋਰ ਵਪਾਰੀ ਹੇਰਾ ਫੇਰੀਆਂ–ਜਹਾਜ਼ਰਾਨੀ ਦੇ ਕਿਰਾਏ, ਬੈਂਕ ਫੀਸ, ਅੰਗਰੇਜ਼ੀ ਸਰਮਾਏ ਦੇ ਮੁਨਾਫੇ ਆਦਿ ਤੇ ਮਾਲ ਦੇ ਬਾਹਰ ਜਾਣ ਨਾਲੋਂ ਦੇਸ ਅੰਦਰ ਜ਼ਿਆਦਾ ਆਉਣ ਨਾਲ ਵੀ ਹਰ ਸਾਲ ਕਰੋੜਾਂ ਰੁਪਏ ਬਾਹਰ ਜਾਂਦੇ ਰਹੇ।

ਲਾਰਡ ਕਰਜ਼ਨ ਨੇ ਕਲਕੱਤੇ ਦੇ ਅੰਗਰੇਜ਼ ਵਪਾਰੀਆਂ ਦੇ ਸਲਾਨਾ ਜਲਸੇ ਵਿੱਚ ਆਖਿਆ ਸੀ ਕਿ–

"ਰਾਜ ਪ੍ਰਬੰਧ ਤੇ ਲੁਟਖੋਹ ਕਰਿੰਗੜੀਆਂ ਪਾ ਕੇ ਚਲਦੇ ਹਨ।"[3]

ਇਸ ਤਰ੍ਹਾਂ ਦੀ ਲੁਟ ਨਾਲ ਦੇਸ ਥੁੜ੍ਹੋਂ ਦਾ ਸ਼ਿਕਾਰ ਹੋ ਕੇ ਕੰਗਾਲ ਹੋਣ ਲੱਗ ਪਿਆ। ਅੰਨ ਦੇ ਬਾਹਰ ਚਲੇ ਜਾਣ ਨਾਲ ਦੇਸ ਆਏ ਦਿਨ ਅੰਨ ਕਾਲਾਂ ਦਾ ਸ਼ਿਕਾਰ ਹੁੰਦਾ ਗਿਆ। ਦੇਸ਼ ਵਿੱਚ ਭੁਖ, ਤੰਗੀ, ਗਰੀਬੀ ਤੇ ਮਰੋਂ ਵੱਧ ਗਈ। 1850 ਤੋਂ ਲੈ ਕੇ 1900 ਤੱਕ ਕੋਈ ਪੰਝੀ ਕਾਲ ਪਏ। ਕੰਗਾਲਤਾ ਦੀ ਇਹ ਹਾਲਤ ਹੋ ਗਈ ਕਿ ਦੇਸ ਦੀ ਜੀਅ ਪ੍ਰਤੀ ਔਸਤ ਆਮਦਨੀ, ਜੋ 1881 ਵਿੱਚ 27 ਰੁਪਏ ਸੀ, ਉਹ 1899 ਵਿੱਚ 18 ਰੁਪਏ ਰਹਿ ਗਈ।[4]

ਹਿੰਦੁਸਤਾਨ ਦੀ ਅੰਗਰੇਜ਼ੀ ਰਾਜ ਹਥੋਂ ਹੋ ਰਹੀ ਇਸ ਲੁਟ ਬਾਰੇ ਲੈਨਿਨ ਨੇ 1908 ਵਿੱਚ ਲਿਖਿਆ ਸੀ–

"ਹਿੰਦੁਸਤਾਨ ਵਿੱਚ ਉਸ ਲੁਟਮਾਰ ਦਾ ਕੋਈ ਅੰਤ ਨਹੀਂ, ਜਿਸ ਨੂੰ ਅੰਗਰੇਜ਼ੀ ਰਾਜ ਆਖਿਆ ਜਾਂਦਾ ਹੈ।"

---

1. ਅੱਜ ਦਾ ਹਿੰਦੁਸਤਾਨ' ਸਫਾ 119
2. ਉਤਲਿਖਤ ਸਫਾ 124
3. ਸੀਤਾ ਰਾਮਯਾ ਦਾ ਲਿਖਿਆ, 'ਕਾਂਗਰਸ ਦਾ ਇਤਿਹਾਸ' ਸਫਾ 68
4. ਵ: ਡਿਗਬੀ ਦੀ ਕਿਤਾਬ, 'ਖੁਸ਼ਹਾਲ ਬਰਤਾਨਵੀ ਹਿੰਦੁਸਤਾਨ'

ਅੰਗਰੇਜ਼ੀ ਰਾਜ ਦੀ ਇਸ ਲੁਟ ਨੇ ਨਾਂ ਸਿਰਫ ਸ਼ਹਿਰਾਂ, ਕਸਬਿਆਂ ਦੀ ਪੁਰਾਣੀ ਦਸਤਕਾਰੀ ਤੇ ਵਪਾਰ ਨੂੰ ਹੀ ਸੱਟ ਮਾਰੀ ਸਗੋਂ ਪਿੰਡਾਂ ਵਿੱਚ ਖੇਤੀ ਉਤੇ ਨਿਰਭਰ ਕਰ ਰਹੀ ਜਨਤਾ ਦੇ ਭੀ ਚੰਡ ਕੱਢ ਸੁੱਟੇ।

ਜ਼ਮੀਨ ਦੀ ਨਿੱਜੀ ਖਾਤਿਆਂ ਵਿੱਚ ਵੰਡ ਤੇ ਸਰਕਾਰੀ ਮਾਮਲੇ ਦੀ ਨਕਦ ਉਗਰਾਹੀ ਨੇ ਪਿੰਡਾਂ ਦੇ ਪੁਰਾਣੇ ਸਵੈ-ਨਿਰਭਰ ਪ੍ਰਬੰਧ ਨੂੰ ਭੰਨਣਾ ਸ਼ੁਰੂ ਕਰ ਦਿੱਤਾ।

"ਹਿੰਦੂ (ਹਿੰਦੀ) ਦੀ ਪੁਰਾਣੀ ਦੁਨੀਆਂ ਗਵਾਚ ਗਈ ਸੀ ਤੇ ਉਸ ਦੀ ਨਵੀਂ ਦੁਨੀਆਂ ਦਾ ਅਜੇ ਉਸ ਨੂੰ ਕੋਈ ਫਾਇਦਾ ਨਹੀਂ ਸੀ ਹੋਇਆ। ਇਸ ਚੀਜ਼ ਨੇ ਹਿੰਦੀਆਂ ਦੀ ਕਮਬਖਤੀ ਵਿੱਚ ਹੋਰ ਵਾਧਾ ਕੀਤਾ ਤੇ ਅੰਗਰੇਜ਼ੀ ਰਾਜ ਨੇ ਇਸ ਨੂੰ ਹਿੰਦ ਦੀਆਂ ਤਮਾਮ ਪੁਰਾਣੀਆਂ ਰਵਾਇਤਾਂ ਤੇ ਸਾਰੀ ਪੁਰਾਤਨ ਤਵਾਰੀਖ ਤੋਂ ਜੁਦਾ ਕਰ ਦਿੱਤਾ।"[1]

ਇਹ ਛੋਟੀ ਨਿੱਜੀ ਮਾਲਕੀ ਕਿਸਾਨ ਟਬਰਾਂ ਤੇ ਉਹਨਾਂ ਨਾਲ ਸਬੰਧਤ ਨੀਮ ਗੁਲਾਮ (ਕੰਮੀ) ਪੇਂਡੂ ਦਸਤਕਾਰ ਤੇ ਮਜ਼ਦੂਰ ਜਨਤਾ ਦਾ ਗੁਜ਼ਾਰਾ ਤੋਰਨ ਤੋਂ ਰਹਿ ਗਈ। ਮਾਮਲੇ ਦੀ ਨਕਦੀ ਵਿੱਚ ਵਸੂਲੀ ਨੇ ਕਿਸਾਨਾਂ ਨੂੰ ਅਨਾਜ ਵੇਚਣ ਉੱਤੇ ਮਜਬੂਰ ਕਰ ਦਿੱਤਾ। ਇਸ ਨਾਲ ਪਿੰਡਾਂ ਵਿੱਚੋਂ ਅਨਾਜ ਦੀ ਧੂਹ ਪੈ ਗਈ, ਜੋ ਢੋ ਕੇ ਵਲੈਤ ਲਿਜਾਇਆ ਜਾਣ ਲੱਗ ਪਿਆ। ਇਸ ਦੇ ਦੋ ਭੈੜੇ ਨਤੀਜੇ ਨਿਕਲੇ। ਇਕ ਤਾਂ ਦੇਸ ਅਨਾਜ ਦੀ ਥੁੜੋਂ ਦਾ ਸ਼ਿਕਾਰ ਹੋਣ ਲੱਗ ਪਿਆ। ਇਸ ਲਈ ਜਦੋਂ ਵੀ ਕਿਤੇ ਮੌਸਮ ਦੀ ਖਰਾਬੀ ਦੇ ਕਾਰਨ ਅੰਨ ਕਾਲ ਪਿਆ ਤਾਂ ਉਹ ਲਾ-ਇਲਾਜ ਹੋ ਜਾਂਦਾ ਰਿਹਾ ਤੇ ਇਹਨਾਂ ਕਾਲਾਂ ਵਿੱਚ ਲੱਖਾਂ ਆਦਮੀ ਭੁੱਖ ਨਾਲ ਮਰ ਜਾਂਦੇ ਰਹੇ। ਕੇਵਲ 1850 ਤੋਂ 1900 ਤੱਕ ਦੇ ਪਏ ਕਾਲਾਂ ਵਿੱਚ ਕੋਈ ਦੋ ਕਰੋੜ ਬੰਦਾ ਜਾਨ ਗਵਾ ਬੈਠਾ।[2] ਦਸੂਰੇ ਕਿਸਾਨ ਦਾ ਹੱਥ ਤੰਗ ਪੈਣ ਲੱਗਾ। ਇਸ ਤੰਗੀ ਨਾਲ ਉਹ ਕਰਜ਼ੇ ਹੇਠ ਆਉਣ ਲੱਗ ਪਿਆ ਤੇ ਕਰਜ਼ਿਆਂ ਨੇ ਉਸ ਨੂੰ ਕੰਗਾਲ ਤੇ ਜ਼ਮੀਨ ਤੋਂ ਹੱਥਲ ਕਰਨਾ ਸ਼ੁਰੂ ਕੀਤਾ।[3]

## ਪੰਜਾਬ ਉੱਤੇ ਅੰਗਰੇਜ਼ੀ ਰਾਜ ਦਾ ਭੈੜਾ ਅਸਰ

ਅੰਗਰੇਜ਼ੀ ਰਾਜ ਦੀ ਇਸ ਸੱਟ ਤੋਂ ਪੰਜਾਬ ਵੀ ਨਾ ਬਚ ਸਕਿਆ। ਅੰਗਰੇਜ਼ਾਂ ਨੇ 1850 ਵਿੱਚ ਪੰਜਾਬ ਉੱਤੇ ਕਬਜ਼ਾ ਕੀਤਾ। ਇਸ ਕਬਜ਼ੇ ਤੋਂ ਬਾਅਦ ਪੰਝੀਆਂ ਤੀਹਾਂ ਸਾਲਾਂ ਵਿੱਚ ਹੀ ਅੰਗਰੇਜ਼ੀ ਰਾਜ ਨੇ ਪੰਜਾਬ ਦੀ ਬੁਰੀ ਹਾਲਤ ਕਰ ਦਿੱਤੀ। ਪੰਜਾਬ ਜ਼ਮੀਨ ਦੀ ਸਾਂਝੀ ਮਾਲਕੀ ਦਾ ਸੂਬਾ ਸੀ। ਉਸ ਵੇਲੇ ਵਾਹੀ ਵਾਲੀ ਜ਼ਮੀਨ ਦੀ ਨਿੱਜੀ ਮਾਲਕੀ ਦੇ ਵਿਚਾਰ ਘੱਟ ਹੀ ਸਨ, ਕੋਈ ਇਕੱਲਾ ਜਣਾ ਨਹੀਂ, ਪਿੰਡ ਦੀ ਸਾਰੀ ਬਰਾਦਰੀ ਜ਼ਮੀਨ ਦੀ ਮਾਲਕ ਹੁੰਦੀ ਸੀ....."ਅਸਾਂ ਬਰਾਦਰੀ ਦੇ ਹਰ ਮਰਦ ਜੀਅ ਨੂੰ ਜ਼ਮੀਨ ਦੇ ਹਿੱਸੇ ਆਉਂਦੇ ਖਾਤੇ ਦਾ ਮਾਲਕ ਬਣਾ ਦਿੱਤਾ ਤੇ ਇਸ ਖਾਤੇ ਉੱਤੇ ਕਾਫੀ ਨਿਰੋਲ ਮਾਮਲਾ ਜੜ ਦਿੱਤਾ। ਅਸੀਂ ਜ਼ਮੀਨ ਦੀ ਨਿੱਜੀ ਮਾਲਕੀ ਲੈ ਆਂਦੀ।"[4]

ਅੰਗਰੇਜ਼ੀ ਰਾਜ ਦੇ ਹੱਥੋਂ ਜ਼ਮੀਨ ਦੇ ਅਡੋ ਅੱਡ ਵੰਡ ਦਿੱਤੇ ਗਏ ਜ਼ਮੀਨੀ ਖਾਤਿਆਂ ਦੀ

---

1. ਬੈਰਿੰਗ ਤੇ ਬਾਰਕਰ ਵਲੋਂ ਛਪੀ 1882 ਦੀ ਸਰਕਾਰੀ ਰਿਪੋਰਟ।
2. ਡਿਗਬੀ ਦੀ ਉਤਲਿਖਤ ਕਿਤਾਬ।
3. ਕਾਰਲ ਮਾਰਕਸ, ਉਤਲਿਖਤ 'ਨਿਊਯਾਰਕ ਟਰਿਬਿਊਨ' ਮਜ਼ਮੂਨ ਵਿੱਚੋਂ।
4. ਵ. ਸ. ਲਿਲੀ ਦੀ ਕਿਤਾਬ, 'ਹਿੰਦ ਤੇ ਇਸ ਦੇ ਮਸਲੇ'

ਪੈਦਾਵਾਰ ਨੇ ਪਿੰਡਾਂ ਦੇ ਇੱਕ ਮੁਠ ਤੇ ਸਾਂਝੇ ਜੀਵਨ ਨੂੰ, ਜੋ ਅਣਗਿਣਤ ਸਦੀਆਂ ਤੋਂ ਨੀਮ ਗੁਲਾਮੀ ਵਿੱਚ ਪਰਤੀ ਹੋਈ ਮੁਢ ਕਦੀਮੀ ਕਮਿਊਨਿਜ਼ਮ ਦੀ ਰਹਿੰਦ ਚਲਿਆ ਆਉਂਦਾ ਸੀ, ਖਤਮ ਕਰ ਦਿੱਤਾ। ਨਿੱਕੀ ਵੱਡੀ ਮਾਲਕੀ ਦੇ ਵਿਤਕਰੇ ਪੈ ਗਏ। ਸਾਂਝੇ ਥਾਉਂ ਮਾਲੀਆ ਜਾਣ ਦੀ ਥਾਂ ਕਿਸਾਨਾਂ ਨੂੰ ਆਪੋ ਆਪਣਾ ਮਾਮਲਾ ਤਾਰਨਾ ਪਿਆ। ਇਸ ਨਕਦ ਵਸੂਲੀ ਨੇ ਪਿੰਡਾਂ ਦੇ ਅਨਾਜ ਨੂੰ ਧੂਹ ਕੇ ਮੰਡੀਆਂ ਵਿੱਚ ਸੁਟ ਲਿਆ। ਉਸ ਵੇਲੇ ਜਿਣਸਾਂ ਦੀ ਸਸਤਾਈ ਥੋੜ੍ਹਿਆਂ ਪੈਸਿਆਂ ਤੋਂ ਬਾਹਲੀ ਜਿਣਸ ਹੂੰਝ ਲਿਜਾਂਦੀ ਰਹੀ। ਜਿਸ ਕਾਰਨ ਪਿੰਡਾਂ ਵਿੱਚ ਬਾਹਲੇ ਕਿਸਾਨ ਅਨਾਜ ਤੋਂ ਹਥਲ ਹੋਣ ਲੱਗ ਪਏ ਤੇ ਪਿੰਡ ਦੀ ਵਸੋਂ ਵਾਸਤੇ ਲੋੜੀਂਦਾ ਅਨਾਜ ਬਹੁਤ ਘਟਣ ਲੱਗ ਪਿਆ। ਛੋਟੇ ਕਿਸਾਨ ਤੇ ਪੇਂਡੂ (ਕੰਮੀ) ਦਸਤਕਾਰ ਤੇ ਮਜ਼ਦੂਰ ਛੇਤੀ ਹੀ ਥੁੜੋਂ ਦਾ ਸ਼ਿਕਾਰ ਹੋ ਗਏ। ਜ਼ਮੀਨਾਂ ਉੱਤੇ ਪਿੰਡ ਦੀ ਵਸੋਂ ਦਾ ਗੁਜ਼ਾਰਾ ਮੁਸ਼ਕਿਲ ਹੀ ਮੁਸ਼ਕਿਲ ਹੁੰਦਾ ਗਿਆ।

"ਛੇਤੀ ਹੀ ਉਹ ਦੋਵੇਂ ਤੁਹਫੇ (ਜ਼ਮੀਨ ਦੀ ਨਿੱਜੀ ਮਾਲਕੀ ਤੇ ਨਕਦ ਮਾਮਲਾ) ਘਾਤਕ ਸਾਬਤ ਹੋਏ।...ਲੋੜ ਨੇ ਉਧਾਰ ਲੈਣ ਦਾ ਰਵਾਜ ਪਾ ਦਿੱਤਾ।"[1]

ਮਾਮਲਾ ਤਾਰਨ ਤੇ ਥੁੜੋਂ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਕਿਸਾਨ ਉਧਾਰ ਚੁਕਦਾ ਚੁਕਦਾ ਕਰਜ਼ੇ ਦੇ ਭਾਰ ਹੇਠ ਆਉਣ ਲੱਗ ਪਿਆ। ਇਸ ਕਰਜ਼ਾ ਵਧਣ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਜ਼ਮੀਨੀ ਮਾਮਲੇ ਦੀ ਬੜੀ ਕਰੜੀ ਅਟੁਟ ਉਗਰਾਹੀ ਦੀ ਰੀਤ ਹੈ। ਮਾਮਲੇ ਦੀ ਕਰੜੀ ਉਗਰਾਹੀ ਤੇ ਦੀਵਾਨੀ ਅਦਾਲਤਾਂ ਦੀਆਂ ਉਗਰਾਹੀਆਂ ਨੇ ਪਿੰਡ ਦੀਆਂ ਬਰਾਦਰੀਆਂ ਦੀ ਤਾਕਤ ਨੂੰ ਤੋੜ ਦਿੱਤਾ ਤੇ ਕਿਸਾਨਾਂ ਨੂੰ ਜ਼ਮੀਨ ਤੋਂ ਹਥਲ ਕਰਨਾ ਤੇ ਗਰੀਬੀ ਵਿੱਚ ਸੁਟਣਾ ਸ਼ੁਰੂ ਕੀਤਾ।[2]

ਗੱਲ ਕੀ, ਪੈਸੇ ਦੀ ਪਰਧਾਨਤਾ ਤੇ ਕਿਸਾਨ ਦੀ ਮਾਮਲਾ ਨਕਦ ਤਾਰਨ ਦੀ ਮਜਬੂਰੀ ਨੇ ਉਸ ਬਲਾ ਨੂੰ ਤਕੜਿਆਂ ਤੇ ਬਲਵਾਨ ਕਰ ਦਿੱਤਾ, ਜਿਸ ਨੂੰ ਸ਼ਾਹੂਕਾਰੀ ਆਖਦੇ ਹਨ। ਉਧਾਰ ਦੀ ਜ਼ਾਮਨੀ ਲਈ ਜ਼ਮੀਨਾਂ ਗਹਿਣੇ ਪੈਣ ਤੇ ਉਸ ਨੂੰ ਉਤਾਰਨ ਲਈ ਬੈ ਹੋਣ ਲੱਗ ਪਈਆਂ।

"ਜ਼ਮੀਨ ਗਹਿਣੇ ਪਾਉਣ ਦਾ ਰਵਾਜ, ਜੋ ਸਿੱਖਾਂ ਵੇਲੇ ਬਹੁਤ ਘੱਟ ਸੀ, ਹਰ ਪਿੰਡ ਵਿੱਚ ਪੈ ਗਿਆ ਤੇ 1887 ਤੱਕ ਸੂਬੇ ਦੀ ਭੋਂ ਦਾ 7 ਫੀਸਦੀ[3] ਹਿੱਸਾ ਗਹਿਣੇ ਪੈ ਚੁੱਕਾ ਸੀ।"

ਸੋ ਕਰਜ਼ੇ ਦੀਆਂ ਉਗਰਾਹੀਆਂ ਤੇ ਮਜਬੂਰੀ ਵਸੂਲੀਆਂ ਲਈ ਅਦਾਲਤੀ ਡਿਗਰੀਆਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਸ਼ਾਹੂਕਾਰਾਂ ਦੇ ਹੱਥ ਫੜਾਉਣੀਆਂ ਸ਼ੁਰੂ ਕੀਤੀਆਂ। ਸਰਕਾਰੀ ਅਦਾਲਤਾਂ ਨੇ ਕਰਜ਼ੇ ਦੀ ਉਗਰਾਹੀ ਵਿੱਚ ਸ਼ਾਹੂਕਾਰਾਂ ਦਾ ਪੁਜ ਕੇ ਸਾਥ ਦਿੱਤਾ......ਕਰਜ਼ੇ ਦੇ ਦੋ ਲਖ ਮੁਕਦਮੇ[4] ਹਰ ਸਾਲ ਅਦਾਲਤਾਂ ਵਿੱਚ ਆਉਣ ਲੱਗ ਪਏ ਸਨ। ਇਸ ਸਿਲਸਿਲੇ ਵਿੱਚ 1901 ਤੱਕ 4 ਲਖ 13 ਹਜ਼ਾਰ ਏਕੜ ਜ਼ਮੀਨ ਵਿਕ ਗਈ ਸੀ। (ਪੰਜਾਬ ਦੀ ਜ਼ਰਾਇਤੀ ਰਿਪੋਰਟ 1924-25, ਨੰਬਰ 62 ਸਫਾ 355) ਅਤੇ 1901 ਤੋਂ 1909 ਤੱਕ ਕੋਈ ਢਾਈ ਕਰੋੜ ਏਕੜ

---

1. ਹਿੰਦੀ ਕੌਮ ਪਰਸਤੀ ਦਾ ਸਮਾਜੀ ਪਿਛੋਕੜ' ਸਫਾ 162-63
2. ਅਮਨ ਤੇ ਜੰਗ ਦੇ ਸਮੇਂ ਦਾ ਪੰਜਾਬ' ਸਫਾ 230-31
3. ਉਤਲਿਖਤ, ਸਫਾ 231
4. ਉਤਲਿਖਤ, ਸਫਾ 233 ਤੇ ਹਿੰਦ ਸਰਕਾਰ ਦੀ 1880 ਵਿੱਚ ਛਪੀ ਕਾਲ ਕਮਿਸ਼ਨ ਦੀ ਰਿਪੋਰਟ।

ਤੋਂ ਵੱਧ ਜ਼ਮੀਨ ਗਹਿਣੇ ਪੈ ਗਈ ਸੀ। (ਉਤਲਿਖਤ, ਨੰਬਰ 63, ਸਫਾ 357)।

ਪੰਜਾਬ ਉਤੇ ਲਿਆਂਦੀ ਇਸ ਸਾੜ੍ਹ ਸਤੀ ਨਾਲ ਕਿਸਾਨਾਂ, ਪੇਂਡੂ ਦਸਤਕਾਰਾਂ ਤੇ ਮਜ਼ਦੂਰਾਂ ਦੇ ਦਿਨੋ ਦਿਨ ਮੰਦੇ ਹਾਲ ਹੁੰਦੇ ਗਏ। ਉਹਨਾਂ ਆਪਣੇ ਪੁਰਾਣੇ ਸਵੈ-ਨਿਰਭਰ ਪੇਂਡੂ ਪਰਬੰਧ ਨੂੰ ਆਪਣੀਆਂ ਅੱਖਾਂ ਸਾਹਮਣੇ ਟੁਟਦਿਆਂ ਵੇਖਿਆ ਤੇ ਉਹ ਇਸ ਮੰਦਹਾਲੀ ਨੂੰ ਝਬਦੇ ਹੀ ਮਹਿਸੂਸ ਕਰਨ ਲੱਗ ਪਏ। ਪੇਂਡੂ ਜਨਤਾ ਦੇ ਇਸ ਅਨੁਭਵ ਤੋਂ ਅੰਗਰੇਜ਼ੀ ਰਾਜ ਦੇ ਵਿਰੁੱਧ ਪਿੰਡਾਂ ਦੇ ਕਿਸਾਨਾਂ ਤੇ ਦਸਤਕਾਰਾਂ ਵਿੱਚ ਘਿਰਣਾ ਪੈਦਾ ਹੋਣੀ ਸ਼ੁਰੂ ਹੋਈ।[1]

ਇਸ ਅੰਗਰੇਜ਼ੀ ਪਰਬੰਧ ਨੇ ਜਿੱਥੇ ਪਿੰਡਾਂ ਦੀ ਪੁਰਾਣੀ ਆਰਥਕ ਸਥਿਰਤਾ ਨੂੰ ਤੋੜ ਕੇ ਲੋਕਾਂ ਦਾ ਮੰਦਾ ਹਾਲ ਕਰ ਦਿੱਤਾ, ਉਥੇ ਸ਼ਹਿਰਾਂ ਤੇ ਕਸਬਿਆਂ ਦੀ ਹੱਥੀਂ ਉਜਾੜੀ ਹੋਈ ਆਰਥਕਤਾ ਦੇ ਖੋਲਿਆਂ ਵਿੱਚ ਨਵੀਂ ਜ਼ਿੰਦਗੀ ਨੂੰ ਜਨਮ ਦਿੱਤਾ। ਕਿਸਾਨਾਂ ਦੀ ਪੈਦਾਵਾਰ ਖਰੀਦ ਕੇ ਇਕਠੀ ਕਰਨ ਤੇ ਆਪਣੇ ਕਾਰਖਾਨਿਆਂ ਦਾ ਮਾਲ ਲੋਕਾਂ ਵਿੱਚ ਵੇਚਣ ਲਈ ਸ਼ਹਿਰਾਂ ਤੇ ਕਸਬਿਆਂ ਨੂੰ ਮੰਡੀਆਂ ਬਣਾ ਲਿਆ ਗਿਆ ਤੇ ਇਨ੍ਹਾਂ ਨੂੰ ਰੇਲਾਂ ਤੇ ਤਾਰਾਂ ਰਾਹੀਂ ਸਮੁੰਦਰੀ ਘਾਟਾਂ ਨਾਲ ਮੇਲ ਦਿੱਤਾ।

ਇਸ ਸਰਮਾਏਦਾਰਾਨਾ ਤਾਣੇ ਬਾਣੇ ਵਿੱਚੋਂ ਹਟਵਾਣੀਆਂ, ਦਲਾਲਾਂ, ਠੇਕੇਦਾਰਾਂ, ਨੌਕਰਾਂ ਤੇ ਸਨਅਤੀ ਮਜ਼ਦੂਰੀ ਦੀਆਂ ਨਵੀਆਂ ਜਮਾਤਾਂ ਬਨਣ ਲੱਗ ਪਈਆਂ। ਪਿੰਡਾਂ ਵਿੱਚੋਂ ਉਜੜੇ ਹਟਵਾਣੀਏ ਤੇ ਦਸਤਕਾਰ ਇਹਨਾਂ ਮੰਡੀਆਂ ਵਿੱਚ ਆ ਕੇ ਕੰਮ ਕਰਨ ਲੱਗ ਪਏ।

ਪਰ ਇਹ ਨਵੀਂ ਉਸਾਰੀ, ਜਿੱਦਾਂ ਕਾਰਲ ਮਾਰਕਸ ਨੇ ਉੱਤੇ ਦੱਸਿਆ ਹੈ, ਤਬਾਹੀ ਦੇ ਮੁਕਾਬਲੇ ਵਿੱਚ ਆਟੇ ਦਾ ਲੂਣ ਭੀ ਨਹੀਂ ਸੀ। ਇਸ ਲਈ ਇਹ ਪੇਂਡੂ ਜਨਤਾ ਤੇ ਸਮੁੱਚੇ ਦੇਸ਼ ਦੀ ਡਿੱਗ ਰਹੀ ਹਾਲਤ ਨੂੰ ਬਚਾਉਣ ਤੋਂ ਅਸਮਰਥ ਸੀ। ਪਿੰਡਾਂ ਦਾ ਹਾਲ ਮੰਦਾ ਹੀ ਹੁੰਦਾ ਗਿਆ।

## ਅੰਗਰੇਜ਼ ਵਿਰੁੱਧ ਜਾਗਰਤਾ ਦਾ ਆਰੰਭ

ਪੰਜਾਬ ਦੀ ਇਸ ਦੋ ਰੁਖੀ ਆਰਥਕ ਹਾਲਤ ਤੋਂ ਦੋ ਵੱਖ ਵੱਖ ਰਾਜਸੀ ਲਹਿਰਾਂ ਉਠੀਆਂ। ਸ਼ਹਿਰਾਂ ਵਿੱਚ ਉਠੀਆਂ ਨਵੀਆਂ ਜਮਾਤਾਂ ਅੰਦਰ ਅੰਗਰੇਜ਼ ਪੂਜ ਤੇ ਸੁਧਾਰਕ ਲਹਿਰ ਤੇ ਪਿੰਡਾਂ ਵਿੱਚ ਆਪਣੇ ਟੁਟੇ ਹੋਏ ਜੀਵਨ ਤੋਂ ਖਿਝ ਕੇ ਅੰਗਰੇਜ਼ ਵਿਰੋਧੀ ਰੋਸੇ ਦੀ ਲਹਿਰ।

ਕਿਉਂਕਿ ਅਜੇ ਇਹ ਦੋਵੇਂ ਲਹਿਰਾਂ ਪੁਰਾਣੇ ਜਾਗੀਰਦਾਰੀ ਪਰਬੰਧ ਦੀ ਕੁਖ ਵਿੱਚੋਂ ਹੀ ਪੈਦਾ ਹੋ ਰਹੀਆਂ ਸਨ ਤੇ ਜਾਗੀਰਦਾਰੀ ਸਮੇਂ ਦੀਆਂ ਪੁਰਾਣੀਆਂ ਜਮਾਤਾਂ ਵਿੱਚ ਹੀ ਉਥਲ ਪੁਥਲ ਆ ਰਹੀ ਸੀ, ਇਸ ਲਈ ਇਹਨਾਂ ਦੋਂਹ ਲਹਿਰਾਂ ਦਾ ਰੂਪ ਤੇ ਧਾਰਾ ਬਾਹਲੇ ਮਜ਼ਹਬੀ ਸਨ। ਸ਼ਹਿਰਾਂ ਦੀਆਂ ਜਮਾਤਾਂ ਜੋ ਅੰਗਰੇਜ਼ੀ ਸਾਮਰਾਜ ਦੀ ਬਰਕਤ ਤੋਂ ਪੈਦਾ ਹੋਈਆਂ ਸਨ, ਅਜੇ ਬੱਚਾ ਹੋਣ ਕਰਕੇ ਮਾਂ (ਅੰਗਰੇਜ਼ਾਂ) ਨੂੰ ਚੰਗਾ ਸਮਝਦੀਆਂ ਤੇ ਆਪਣੀ ਬਰਖੁਰਦਾਰੀ ਜਤਾਉਂਦੀਆਂ ਅਤੇ ਅੰਗਰੇਜ਼ ਵਿਰੋਧੀ ਹੋਣ ਦੀ ਥਾਂ ਬਾਹਲਾ ਨਵੀਂ ਸਰਮਾਇਆਦਾਰ ਸ਼ਕਤੀ ਦੇ ਰਸਤੇ ਵਿੱਚ ਰੁਕਾਵਟ ਪੁਰਾਣੇ ਸਮਾਜੀ ਰਵਾਜਾਂ ਵਿਰੁੱਧ ਘੋਲ ਕਰਦੀਆਂ ਸਨ। ਇਸ ਲਈ ਇਹਨਾਂ ਦੀ ਲਹਿਰ ਬਹੁਤਾ ਮਜ਼ਹਬੀ ਵੰਡ ਦੇ ਆਧਾਰ ਤੇ ਫਿਰਕੇਦਾਰ ਸੁਧਾਰੂ ਰੁਖ ਫੜ ਗਈ ਤੇ ਇਹ ਆਰੀਆ ਸਮਾਜ, ਅੰਜੰਮਨ ਇਸਲਾਮੀਆਂ ਤੇ ਸਿੰਘ ਸਭਾ ਦੀਆਂ ਵੱਖੋ ਵੱਖ ਤੇ ਇੱਕ ਦੂਜੇ ਨਾਲ ਸ਼ਰੀਕਾ ਰੱਖਣ

---

1. ਡਾਰਲਿੰਗ ਦੀ ਕਿਤਾਬ, 'ਪੰਜਾਬ ਦੀ ਖੁਸ਼ਹਾਲੀ ਤੇ ਕਰਜ਼ਾ' ਸਫਾ 208

ਵਾਲੀਆਂ ਧਾਰਾਂ ਵਿੱਚ ਵਗਣ ਲੱਗ ਪਈ। ਇਸ ਮਜ਼ਹਬੀ ਸੁਧਾਰਕ ਲਹਿਰ ਦਾ ਮਕਸਦ ਪੁਰਾਣੇ ਹਾਲਾਤ ਨੂੰ ਨਵੇਂ ਹਾਲਾਤ ਦੇ ਮੂਹਰੇ ਅੜਿਕਾ ਨਾ ਬਨਣ ਦੇਣਾ, ਨਵੇਂ ਹਾਲਾਤ–ਅੰਗਰੇਜ਼ੀ ਸਾਮਰਾਜੀ ਪਰਬੰਧ ਵਿਰੁੱਧ, ਜਿਸ ਦਾ ਇਹ ਦਿੱਤਾ ਖਾਂਦੇ ਸਨ, ਲੋਕਾਂ ਵਿੱਚ ਘਿਰਣਾ ਨਾ ਪੈਦਾ ਹੋਣ ਦੇਣੀ, ਅਤੇ ਸਗੋਂ ਇਸ ਤੋਂ ਪਰਾਪਤ ਹੋ ਰਹੇ ਗਫਿਆਂ ਨੂੰ ਸਾਮਰਾਜ ਨਾਲ ਰਲ ਵਰਤ ਕੇ ਹਾਸਲ ਕਰਨਾ ਤੇ ਅਗਾਂਹ ਫੇਰ ਆਪ ਫਿਰਕੇ ਵਾਰ ਵੰਡ ਕੇ ਛਕਣ ਲਈ ਆਪਣੇ ਆਪਣੇ ਮਜ਼ਹਬੀ ਫਿਰਕੇ ਨੂੰ ਆਪਣੇ ਮਗਰ ਲਾਉਣਾ।

ਪਰ ਪਿੰਡਾਂ ਦੀ ਢਹਿ ਰਹੀ ਪੁਰਾਣੀ ਆਰਥਕਤਾ ਤੇ ਇਸ ਦੇ ਮਾਰਿਆਂ ਟੁੱਟ ਰਹੀਆਂ ਪੇਂਡੂ ਜਮਾਤਾਂ ਵਿੱਚ ਜੋ ਲਹਿਰ ਚਲੀ। ਉਹ ਭਾਵੇਂ ਮਜ਼ਹਬੀ ਸੀ, ਪਰ ਅੰਗਰੇਜ਼ੀ ਰਾਜ ਵਿਰੋਧੀ ਸੀ। ਪਿੰਡਾਂ ਵਿੱਚ ਅੰਗਰੇਜ਼ ਵਿਰੋਧੀ ਰੋਸ ਚਲ ਰਿਹਾ ਸੀ, ਜੋ ਪਰਬਲ ਹੋ ਕੇ ਇਕ ਲਹਿਰ ਦਾ ਰੂਪ ਧਾਰੀ ਜਾਂਦਾ ਸੀ। ਇਹ ਰੋਸੇ ਦੀ ਧਾਰਾ 1857 ਦੀ ਆਜ਼ਾਦੀ ਦੀ ਲੜਾਈ ਤੋਂ ਕਿਤੇ ਬਾਅਦ ਚਲੀ। ਇਹ ਰੋਸੇ ਦੀ ਧਾਰਾ 1870 ਦੇ ਲਾਗੇ ਪੈਦਾ ਹੋਈ ਕੂਕਾ ਲਹਿਰ ਸੀ। ਜੋ ਅੰਗਰੇਜ਼ੀ ਹਕੂਮਤ ਦਾ ਬਾਈਕਾਟ ਕਰਦੀ, ਅੰਗਰੇਜ਼ੀ ਮਾਲ ਨਾ ਵਰਤਦੀ ਤੇ ਅੰਗਰੇਜ਼ੀ ਰਾਜ ਵਿਰੁੱਧ ਖੁਲ੍ਹਾ ਪਰਚਾਰ ਕਰਦੀ।

1857 ਵਿੱਚ ਆਜ਼ਾਦੀ ਦੀ ਇਨਕਲਾਬੀ ਲਹਿਰ ਦੀ ਸਟ ਖਾ ਕੇ ਅੰਗਰੇਜ਼ੀ ਰਾਜ ਬਹੁਤ ਚੁਕੰਨਾ ਹੋ ਗਿਆ, ਉਸ ਨੇ ਹਿੰਦੁਸਤਾਨ ਨੂੰ ਇਕੋ ਕੌਮੀ ਲਹਿਰ ਬਨਣ ਤੋਂ ਰੋਕੀ ਰੱਖਣ ਲਈ ਸ਼ਹਿਰਾਂ ਦੀਆਂ ਇਹਨਾਂ ਫਿਰਕੂ ਲਹਿਰਾਂ ਦੀ ਵਿਰੋਧਤਾ ਕਰਨ ਦੀ ਥਾਂ ਸਗੋਂ ਖੁਦ ਇਹਨਾਂ ਨੂੰ ਹਵਾ ਦਿੱਤੀ ਤੇ ਫਿਰਕੂ ਧਾਰ ਬਨਣ ਵਿੱਚ ਇਹਨਾਂ ਦੀ ਸਹਾਇਤਾ ਤੇ ਕਈ ਥਾਈਂ ਅਗਵਾਈ ਕੀਤੀ। ਪਰ ਪਿੰਡਾਂ ਦੀ ਲਹਿਰ ਨੂੰ ਅੰਗਰੇਜ਼ੀ ਹਕੂਮਤ ਬਰਦਾਸ਼ਤ ਨਾ ਕਰ ਸਕੀ। ਉਹ ਲੋਹੇ ਲਾਖੀ ਹੋ ਗਈ। ਕੂਕਿਆਂ ਦੇ ਗੁਰੂ ਭਾਈ ਰਾਮ ਸਿੰਘ ਨੂੰ ਰੰਗੂਨ–ਜੇਹਲ ਵਿੱਚ ਜਾ ਬੰਦ ਕੀਤਾ। ਸੈਂਕੜੇ ਹੋਰ ਆਗੂ ਤੇ ਵਰਕਰ ਫੜਕੇ ਜਿਹਲਾਂ ਵਿੱਚ ਡੱਕ ਦਿੱਤੇ ਤੇ ਮਲੇਰਕੋਟਲੇ ਵਿੱਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿ: ਕਾਵਨ ਨੇ 49 ਕੂਕਿਆਂ ਨੂੰ 16, 17 ਅਤੇ 18 ਜਨਵਰੀ 1872 ਨੂੰ ਤੋਪਾਂ ਨਾਲ ਉਡਵਾਇਆ, 1 ਕੂਕਾ ਤਲਵਾਰ ਨਾਲ ਟੋਟੇ ਕੀਤਾ ਗਿਆ ਤੇ 5 ਨੂੰ ਉਮਰ ਕੈਦ ਕਰਕੇ ਕਾਲੇ ਪਾਣੀ ਭੇਜਿਆ ਗਿਆ।

ਕੂਕਾ ਲਹਿਰ ਨੂੰ ਅੰਗਰੇਜ਼ੀ ਰਾਜ ਨੇ ਕੁਚਲ ਤਾਂ ਦਿੱਤਾ ਪਰ ਇਸ ਲਹਿਰ ਨੇ ਅੰਗਰੇਜ਼ਾਂ ਦੇ ਭੀ ਕੰਨ ਖੜੇ ਕਰ ਦਿੱਤੇ। ਉਹ ਲਗੇ ਪੰਜਾਬ ਦੇ ਡਿੱਗ ਰਹੇ ਕਿਸਾਨਾਂ ਲਈ ਉਹੜ ਪੋਹੜ ਕਰਨ। ਇਕ ਤਾਂ ਇੰਗਲਿਸਤਾਨ ਦੀਆਂ ਮਿੱਲਾਂ ਲਈ ਵਧੇਰੇ ਕੱਚਾ ਮਾਲ ਲੈਣ ਤੇ ਦੂਸਰੇ ਜ਼ਮੀਨੀ ਆਬਾਦੀ ਵਿਰਲੀ ਕਰਨ ਲਈ ਜ਼ਮੀਨੀ ਪੈਦਾਵਾਰ ਵਧਾਉਣ ਦੀ ਸਕੀਮ ਬਣਾਈ ਤੇ ਇਸ ਮਨੋਰਥ ਨੂੰ ਪੂਰਿਆਂ ਕਰਨ ਵਾਸਤੇ ਪੁਰਾਣੀ ਆਬਾਦੀ ਵਿੱਚ ਬਾਰੀ ਦੁਆਬ ਅਤੇ ਸਰਹੰਦ ਦੀਆਂ ਨਹਿਰਾਂ ਵਗਾਈਆਂ। 1886–88 ਵਿੱਚ ਸੁਹਾਗ ਪਾੜਾ ਅਤੇ ਸਿਧਨਾਈ ਨਹਿਰਾਂ ਕੱਢਕੇ ਮਿੰਟਗੁਮਰੀ ਤੇ ਮੁਲਤਾਨ ਵਿੱਚ ਨੀਲੀ ਤੇ ਸਾਂਦਲ ਬਾਰਾਂ ਵਸਾਈਆਂ। 1892 ਵਿੱਚ ਝਨਾਂ ਵਿੱਚੋਂ ਨਹਿਰ ਕਢਕੇ ਲਾਇਲਪੁਰ ਦੂਲੇ ਦੀ ਬਾਰ ਵਸਾਈ। ਇਹ ਸਭ ਕੁਝ "ਜ਼ਮੀਨ ਤੋਂ ਵਸੋਂ ਦਾ ਭਾਰ ਹਟਾਉਣ"[1] ਲਈ ਕੀਤਾ ਗਿਆ।

---

1. ਰਚਨਾ ਦੋਆਬ ਦੀ ਬਾਰ ਨਾਮੇ ਪੰਜਾਬ ਸਰਕਾਰ ਦੀ ਰਿਪੋਰਟ ਸਫਾ 3

ਪਰ ਇਹ ਸਾਮਰਾਜੀ ਜਤਨ ਪਿੰਡਾਂ ਨੂੰ ਲਗੀ ਮੰਦਹਾਲੀ ਤੇ ਥੁੜ੍ਹੋਂ ਦੀ ਢਾਹ ਨੂੰ ਰੋਕ ਨਾ ਸਕੇ। ਪੰਜਾਬੀ ਪੇਂਡੂ ਜਨਤਾ ਦੀ ਹਾਲਤ ਮੰਦੀ ਹੁੰਦੀ ਗਈ। ਥੁੜ੍ਹੋਂ ਤੇ ਹਥ ਦੀ ਤੰਗੀ ਨੇ ਕਰਜ਼ੇ ਦੇ ਵਿਸਥਾਰ ਨੂੰ ਹੋਰ ਵਧਾਇਆ। ਆਖਰ 27 ਦਸੰਬਰ, 1899 ਨੂੰ ਗਵਰਨਰ ਜਨਰਲ ਦੀ ਕੌਂਸਲ ਵਿੱਚ ਸਰ ਚਾਰਲਸ ਰੀਵਾਜ ਨੇ ਮੰਨਿਆ:

"ਪੰਜਾਬ ਵਿੱਚ ਕਰਜ਼ੇ ਦਾ ਸਵਾਲ ਰਾਜਸੀ ਪਾਸੇ ਤੋਂ ਖਾਸ ਮਹਾਨਤਾ ਰੱਖਦਾ ਹੈ।"

ਲਾਰਡ ਕਰਜ਼ਨ (ਵਾਇਸਰਾਏ ਹਿੰਦ 1899-1904) ਨੇ ਆਪਣੀ ਵਿਧਾਨ ਕੌਂਸਲ ਵਿੱਚ ਪਰਵਾਨ ਕੀਤਾ:

"ਪੰਜਾਬ ਵਿੱਚ ਖੇਤੀ ਦਾ ਕਰਜ਼ਾ ਬਹੁਤ ਹੀ ਖਤਰਨਾਕ ਹੱਦਾਂ ਤੱਕ ਪਹੁੰਚ ਗਿਆ ਹੈ ਜਾਂ ਪਹੁੰਚ ਰਿਹਾ ਹੈ....ਅਸਾਂ ਇਸ ਜ਼ਮੀਨੀ ਪਰਬੰਧ ਨੂੰ ਜਾਰੀ ਕੀਤਾ ਹੈ, ਜਿਸ ਦੇ ਨਕਰਮਣ ਨਤੀਜੇ ਹਨ।"[1]

ਪੰਜਾਬ ਦੀ ਰਾਜਸੀ ਹਾਲਤ ਦੇ ਇਸ ਅਨੁਭਵ ਤੋਂ ਅੰਗਰੇਜ਼ੀ ਹਕੂਮਤ ਨੇ ਇਕ ਹੋਰ ਲੰਙਾ ਜਿਹਾ ਸਾਧਨ ਕੱਢਿਆ। 1901 ਵਿੱਚ "ਜ਼ਮੀਨ ਦੇ ਇੰਤਕਾਲ ਦਾ ਕਾਨੂੰਨ" ਲਾਗੂ ਕੀਤਾ। ਪਰ ਇਹ ਕਾਨੂੰਨ ਭੀ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਸ਼ਾਹੂਕਾਰਾਂ ਦੇ ਹੱਥੀਂ ਚੜ੍ਹਨ ਤੋਂ ਰੋਕ ਨਾ ਸਕਿਆ। ਇਸ ਨੇ ਸਗੋਂ ਇੱਕ ਹੋਰ ਪਰਕਾਰ ਦੀ ਸ਼ਾਹੂਕਾਰੀ ਨੂੰ ਜਨਮ ਦਿੱਤਾ। ਜਿਸ ਨਾਲ ਧਨੀ ਕਿਸਾਨ ਛੋਟੇ ਤੇ ਲੋੜਵੰਦ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਵੱਡੇ ਹੋਣ ਲੱਗ ਪਏ। ਇਸ ਜਾਗੀਰਦਾਰੂ ਸ਼ਾਹੂਕਾਰੀ ਨਾਲ ਅੰਗਰੇਜ਼ੀ ਹਕੂਮਤ ਨੇ ਕਿਸਾਨਾਂ ਅੰਦਰੋਂ ਹੋਰ ਅੰਗਰੇਜ਼ ਪੂਜ ਲਾਣਾ ਪੈਦਾ ਕਰ ਲੈਣ ਦਾ ਰਾਹ ਪਾ ਲਿਆ।

## ਪਰਦੇਸ ਜਾਣ ਦਾ ਆਰੰਭ

ਇਹਨਾਂ ਗਲਾਂ ਨਾਲ ਆਮ ਕਿਸਾਨੀ ਤੇ ਪੇਂਡੂ ਗਰੀਬ ਜਨਤਾ ਦਾ ਕੁਝ ਨਾ ਸੌਰਿਆ। ਚਾਤਰ ਅੰਗਰੇਜ਼ੀ ਹਕੂਮਤ ਨੇ ਇਹਨਾਂ ਤੋਂ ਹੋਰ ਤਰ੍ਹਾਂ ਫਾਇਦਾ ਉਠਾਇਆ। ਇਸ ਮੰਦੀ ਹਾਲਤ ਅੰਦਰ ਗਰੱਸੇ ਹੋਏ, ਥੁੜ੍ਹੋਂ ਦੇ ਮਾਰੇ ਕਿਸਾਨਾਂ ਦੇ ਪੁੱਤਾਂ ਨੂੰ ਆਪਣੀਆਂ ਸਾਮਰਾਜੀ ਗਰਜ਼ਾਂ ਲਈ ਹਿੰਦ ਤੋਂ ਬਾਹਰ ਵਿਢੀਆਂ ਲੜਾਈਆਂ ਵਿੱਚ ਲਿਆਉਣ ਤੇ ਆਪਣੇ ਗੁਲਾਮ ਦੇਸ਼ਾਂ ਉਤੇ ਕਬਜ਼ਾ ਜਮਾਈ ਰੱਖਣ ਖਾਤਰ ਫੌਜਾਂ ਵਿੱਚ ਦਬਾ ਦਬ ਭਰਤੀ ਕਰਨਾ ਸ਼ੁਰੂ ਕੀਤਾ। ਇਹਨਾਂ ਨੂੰ ਨੌਂ ਰੁਪਏ ਮਹੀਨੇ ਉਤੇ ਭਰਤੀ ਕਰਕੇ ਅਮਰੀਕਾ, ਚੀਨ, ਈਰਾਨ, ਬਰਮਾ, ਮਿਸਰ, ਪੂਰਬੀ ਅਫਰੀਕਾ ਤੇ ਹਿੰਦ ਦੀ ਪੱਛਮੀ ਸਰਹੱਦ ਉਤੇ ਪਠਾਣਾਂ ਨਾਲ ਲੜਾਇਆ ਗਿਆ। ਇਹਨਾਂ ਦੇਸ਼ਾਂ ਉੱਤੇ ਆਪਣਾ ਰਾਜ ਰੋਹਬ ਜਮਾਉਣ ਲਈ ਉਥੋਂ ਦੀਆਂ ਛਾਉਣੀਆਂ ਵਿੱਚ ਭਰ ਛਡਿਆ। ਘਰਾਂ ਦੀਆਂ ਥੁੜਾਂ ਦੇ ਮਾਰੇ ਇਹ ਲੋਕ ਭੁਖੇ ਬਟੇਰਿਆਂ ਵਾਂਗ ਨੌਂ ਰੁਪਏ ਦੀ ਕੰਙਣੀ ਤੋਂ ਜਾਨ ਹੀਲਕੇ ਲੜਦੇ ਤੇ ਬੜੀ ਆਗਿਆਕਾਰੀ ਨਾਲ ਬੀਬੇ ਬਣਕੇ ਛਾਉਣੀਆਂ ਵਿੱਚ ਪਹਿਰਾ ਦਿੰਦੇ ਰਹੇ।

ਥੁੜ੍ਹੋਂ ਦੇ ਮਾਰਿਆਂ ਦੀ ਇਸ ਦਾਸਤਾਂ ਤੋਂ ਫਾਇਦਾ ਉਠਾਉਣ ਲਈ ਅੰਗਰੇਜ਼ ਸਾਮਰਾਜੀ ਇਹਨਾਂ ਨੂੰ ਪੂਰਬੀ ਏਸ਼ੀਆ ਦੇ ਟਾਪੂਆਂ ਬਰਮਾ, ਮਲਾਇਆ, ਸਿੰਘਾਪੁਰ, ਹਾਂਗਕਾਂਗ ਤੇ ਚੀਨ ਦੇ ਘਾਟਾਂ ਉਤੇ ਆਪਣੇ ਕਾਰ ਵਿਹਾਰਾਂ ਤੇ ਕੋਠੀਆਂ ਦੀ ਰਾਖੀ ਲਈ ਪੁਲਸੀਏ, ਚੌਂਕੀਦਾਰ ਤੇ

---

1. ਅਮਨ ਤੇ ਜੰਗ ਦੇ ਸਮੇਂ ਦਾ ਪੰਜਾਬ', ਸਫਾ 255-56.

ਦਰਬਾਨ ਬਣਾਕੇ ਲਿਜਾਣ ਲੱਗੇ। ਉਥੋਂ ਦੀ ਪੁਲੀਸ ਵਿੱਚ ਇਹਨਾਂ ਨੂੰ ਸਿਪਾਹੀ ਭਰਤੀ ਕੀਤਾ ਤੇ ਇਹਨਾਂ ਤੋਂ ਆਪਣੇ ਸਾਮਰਾਜੀ ਹਿੱਤਾਂ ਦੀ ਰਾਖੀ ਕਰਨ ਦਾ ਕੰਮ ਲਿਆ ਗਿਆ। ਫੌਜ ਤੇ ਪੁਲੀਸ ਨਾਲੋਂ ਦਰਬਾਨੀ ਕਰਨ ਦੇ ਜ਼ਿਆਦਾ ਪੈਸੇ ਦਿੱਤੇ ਜਾਂਦੇ ਸਨ। ਕਈਆਂ ਨੇ ਆਪਣੇ ਰਿਸ਼ਤੇਦਾਰਾਂ ਤੇ ਮੁਲਾਹਜੇ ਵਾਲਿਆਂ ਨੂੰ ਵੀ ਮੰਗਵਾ ਲਿਆ। ਟਾਪੂਆਂ ਵਿੱਚ ਰੋਜ਼ਗਾਰ ਮਿਲ ਜਾਣ ਦੀ ਸੋ ਸੁਣਕੇ ਕਈ ਹੋਰ ਲੋਕ ਆਪਣੇ ਆਪ ਵੀ ਬਾਹਰ ਜਾਣ ਲੱਗ ਪਏ।

ਪਰ ਇਹ ਬਾਰਾਂ ਦੀ ਆਬਾਦੀ ਅਤੇ ਫੌਜੀ ਤੇ ਟਾਪੂਆਂ ਦੀ ਭਰਤੀ ਸਾਰੀ ਕੰਗਾਲ ਤੇ ਤੰਗਦਸਤ ਵਸੋਂ ਨੂੰ ਕਿਸ ਤਰ੍ਹਾਂ ਵਾਰੇ ਆ ਸਕਦੀ ਸੀ? ਇਹ ਤਾਂ ਐਨੀ ਭਾਰੀ ਵਸੋਂ ਵਿੱਚ ਆਟੇ ਵਿੱਚ ਲੂਣ ਭੀ ਨਹੀਂ ਸੀ। ਇਸ ਨੌਕਰੀਆਂ ਦੇਣ ਤੇ ਬਾਰਾਂ ਵਸਾਉਣ ਨਾਲ ਪਿੰਡਾਂ ਦੇ ਢਹਿ ਰਹੇ ਜੀਵਨ ਨੂੰ ਕੋਈ ਆਸਰਾ ਨਾ ਮਿਲਿਆ। ਪੇਂਡੂ ਮਿਹਨਤੀ ਜਨਤਾ ਦੀ ਹਾਲਤ ਦਿਨ ਪਰ ਦਿਨ ਖਰਾਬ ਹੁੰਦੀ ਗਈ। ਪਿੰਡਾਂ ਦੇ ਉਜੜੇ ਦਸਤਕਾਰਾਂ ਨੂੰ ਸ਼ਹਿਰਾਂ ਦਾ ਵਸੇਬਾ ਵੀ ਝਲ ਨਾ ਸਕਿਆ।

ਸਗੋਂ ਪਿੰਡਾਂ ਦੀ ਇਸ ਮੰਦੀ ਹਾਲਤ ਦਾ ਅਸਰ ਸ਼ਹਿਰਾਂ ਉਤੇ ਵੀ ਜਾ ਪਿਆ। ਸ਼ਹਿਰਾਂ ਵਿੱਚ ਬਰਤਾਨਵੀ ਸਾਮਰਾਜੀ ਲੁਟ ਤੇ ਰਾਜ ਕਰਨ ਦੀ ਦਲਾਲੀ ਤੇ ਵਿਚੋਲਗੀਰੀ ਵਿੱਚੋਂ ਪੈਦਾ ਹੋਈਆਂ ਨਵੀਆਂ ਜਮਾਤਾਂ ਨੂੰ ਸੇਕ ਲੱਗਣ ਲੱਗਾ। ਕਿਸਾਨਾਂ ਦੀ ਮੰਦੀ ਹਾਲਤ ਨੇ ਸ਼ਹਿਰੀ ਜਨਤਾ ਦੀ ਖਰੀਦ ਸ਼ਕਤੀ ਘਟਾ ਦਿੱਤੀ। ਇਸ ਨਾਲ ਸ਼ਹਿਰਾਂ ਦੇ ਕਾਰ ਵਿਹਾਰ ਦਾ ਭੱਠਾ ਬਹਿਣ ਲੱਗ ਪਿਆ। ਸ਼ਾਹਾਂ ਨੂੰ ਵੀ ਘਾਟੇ ਪੈਣ ਲੱਗੇ। ਜੰਗ (1914) ਤੋਂ ਪਹਿਲੇ ਸਾਲਾਂ ਵਿੱਚ ਪੰਜਾਬ ਸੱਤਾਂ ਮਾਲੀ ਸੰਕਟਾਂ[1] ਵਿੱਚ ਦੀ ਲੰਘ ਚੁੱਕਾ ਸੀ।

ਪੈਸੇ ਦੀ ਪਰਧਾਨਤਾ ਉਤੇ ਨਿਰਭਰ ਅੰਗਰੇਜ਼ੀ ਸਾਮਰਾਜੀ ਪਰਬੰਧ ਦੀ ਹਿੰਦ ਉਤੇ ਠੋਸੀ ਆਰਥਕਤਾ ਭੀ ਡਕੋ ਡੋਲੇ ਖਾਣ ਲੱਗ ਪਈ। ਉਹ ਮਾਲੀ ਸੰਕਟਾਂ ਦਾ ਸ਼ਿਕਾਰ ਹੋ ਗਈ। ਇਹਨਾਂ ਸੰਕਟਾਂ ਵਿੱਚ ਫਾਥੀਆਂ ਨਵੀਆਂ ਜਮਾਤਾਂ ਅੰਦਰ ਅੰਗਰੇਜ਼ੀ ਸਾਮਰਾਜ ਵਿਰੁੱਧ ਜਾਗਰਤਾ ਆਉਣੀ ਸ਼ੁਰੂ ਹੋਈ। ਪੰਜਾਬ ਦੇ ਸ਼ਹਿਰਾਂ ਵਿੱਚ ਚਿਰੋਕਣੀ ਚਲ ਰਹੀ ਮਜ਼ਹਬੀ ਲਹਿਰ ਦੀਆਂ ਫਿਰਕੂ ਧਾਰਾਂ ਵਿੱਚੋਂ ਰਿਸ ਰਿਸ ਕੇ ਸਭਸੁ-ਦੀ ਰਲਵੀਂ ਧਾਰ ਬਣ ਗਈ, ਜੋ ਵੀਹਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ ਨਿਤਰਕੇ ਅੰਗਰੇਜ਼ ਵਿਰੋਧੀ ਕੌਮੀ ਲਹਿਰ ਵਿੱਚ ਪਰਤਣ ਲੱਗ ਪਈ।

ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਹਿੰਦੀ ਲੋਕਾਂ ਅੱਗੇ ਇੱਕ ਬੜੀ ਵੱਡੀ ਸਚਿਆਈ ਨਿਤਰ ਕੇ ਸਾਹਵੇਂ ਆਈ। ਉਹ ਇਹ ਕਿ ਹਿੰਦ ਭਰ ਦੇ, ਖਾਸ ਕਰ ਪੰਜਾਬ ਦੇ, ਸ਼ਹਿਰਾਂ ਵਿੱਚ ਆਏ ਮਾਲੀ ਸੰਕਟਾਂ ਨੇ ਨਵੀਆਂ ਉਠੀਆਂ ਜਮਾਤਾਂ (ਬੁਰਜੁਆਜ਼ੀ) ਦੇ ਇੱਕ ਅੰਗ ਨੂੰ ਅੰਗਰੇਜ਼ੀ ਸਾਮਰਾਜੀ ਆਰਥਕਤਾ ਦੀ ਕਚਿਆਈ ਸਾਫ਼ ਵਿਖਾ ਦਿੱਤੀ, ਜਿਸ ਨੂੰ ਉਹ ਅਡੋਲ ਤੇ ਅਢਹਿ ਸਮਝਦੇ ਸਨ, ਉਹ ਥੋਥਾ ਤੇ ਸੰਕਟਾਂ ਖਾਧਾ ਨਿਕਲਿਆ।

ਸੋ ਪੰਜਾਬ ਉਤੇ ਅੰਗਰੇਜ਼ੀ ਰਾਜ ਦੀ ਲਿਆਂਦੀ ਇਸ ਤਵਾਰੀਖ ਸਾੜ੍ਹਸਤੀ ਦੇ ਮਾਰੇ ਪੇਂਡੂ ਲੋਕ, ਫੌਜਾਂ ਵਿੱਚ ਭਰਤੀ ਹੋਣ ਤੇ ਬਾਹਰ ਟਾਪੂਆਂ ਵਿੱਚ ਨੌਕਰੀਆਂ ਤੇ ਮਜ਼ਦੂਰੀਆਂ ਕਰਨ ਲਈ ਜਾਣ ਉੱਤੇ ਮਜਬੂਰ ਹੋਏ, ਇਹਨਾਂ ਹੀ ਦਿਨਾਂ ਵਿੱਚ, ਜਦੋਂ ਦੇਸ ਅੰਦਰ ਤੇ ਖਾਸ ਕਰ ਆਪਣੇ ਸੂਬੇ ਅੰਦਰ ਕੌਮੀ ਲਹਿਰ ਚਲ ਰਹੀ ਸੀ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਬਾਹਰ ਦੱਖਣ ਪੂਰਬੀ ਏਸ਼ੀਆ ਦੇ ਟਾਪੂਆਂ ਨੂੰ ਜਾ ਰਹੇ ਸਨ। ਉਥੇ ਸਮੁੰਦਰੀ ਸ਼ਹਿਰਾਂ ਵਿੱਚ ਨੌਕਰੀਆਂ ਕਰ ਰਹੇ ਹਿੰਦੀਆਂ

---

1. 'ਪੰਜਾਬ ਤੇ ਜੰਗ', ਸਫਾ 12.

ਨੂੰ ਸਮੁੰਦਰ ਪਾਰੋਂ ਅਮਰੀਕਾ ਤੇ ਕੈਨੇਡਾ ਵਿੱਚੋਂ ਆਉਣ ਵਾਲੇ ਮਲਾਹਾਂ ਤੇ ਮੁਸਾਫਰਾਂ ਤੋਂ ਪਤਾ ਲਗਾ ਕਿ ਉਥੇ ਇਹਨਾਂ ਟਾਪੂਆਂ ਨਾਲੋਂ ਵੀ ਜ਼ਿਆਦਾ ਮਜ਼ਦੂਰੀ ਮਿਲਦੀ ਹੈ। ਉਥੋਂ ਫੇਰ ਕਈ ਬੰਦੇ ਫੌਜੀ, ਪੁਲੀਸ ਤੇ ਦਰਬਾਨੀ ਦੀ ਨੌਕਰੀ ਛਡਕੇ ਕੈਨੇਡਾ, ਅਮਰੀਕਾ ਤੇ ਆਸਟਰੇਲੀਆ ਨੂੰ ਤੁਰ ਪਏ। ਉਹਨਾਂ ਨੂੰ ਅਮਰੀਕਾ ਤੇ ਕੈਨੇਡਾ ਵਿੱਚ ਪੰਜ ਤੇ ਸੱਤ ਸੱਤ ਰੁਪਏ ਰੋਜ਼ ਦੀ ਮਜ਼ਦੂਰੀ ਮਿਲਣ ਲੱਗ ਪਈ। ਉਹਨਾਂ ਨੇ ਇਹਨਾਂ ਟਾਪੂਆਂ ਤੇ ਦੇਸ਼ ਵਿੱਚ ਆਪਣੇ ਯਾਰਾਂ ਮਿੱਤਰਾਂ ਤੇ ਸਕੇ ਸਬੰਧੀਆਂ ਨੂੰ ਸੱਦਣਾ ਸ਼ੁਰੂ ਕੀਤਾ। ਇਸ ਤਰ੍ਹਾਂ ਸਾਡੇ ਲੋਕ ਅਮਰੀਕਾ ਤੇ ਕੈਨੇਡਾ ਪਹੁੰਚੇ। ਸਾਡੇ ਲੋਕਾਂ ਦਾ ਉਥੇ ਜਾਣਾ 1903 ਵਿੱਚ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਵੀ ਕੁਝ ਬੰਦੇ ਗਏ ਹੋਏ ਸਨ, ਪਰ ਬਾਹਲੇ ਲੋਕ 1906 ਤੋਂ ਜਾਣੇ ਸ਼ੁਰੂ ਹੋਏ।

## ਅਮਰੀਕਾ ਜਾਣਾ

ਰ.ਕ.ਦਾਸ ਦੀ ਬਰਲਿਨ ਤੋਂ ਛਪੀ ਕਿਤਾਬ, "ਸ਼ਾਂਤ-ਸਾਗਰ ਤੇ ਪਛਮੀ ਕੰਢੇ ਦੇ ਹਿੰਦੁਸਤਾਨੀ", ਦਸਦੀ ਹੈ ਕਿ ਸਭ ਤੋਂ ਪਹਿਲਾ ਹਿੰਦੀ, ਜੋ ਪੱਛਮੀ ਕੰਢੇ ਉੱਤੇ ਉਤਰਿਆ, ਉਹ ਸੀ, ਭਾਈ ਬਖਸ਼ੀਸ਼ ਸਿੰਘ ਪਿੰਡ ਸੁਰ ਸਿੰਘ, ਜ਼ਿਲਾ ਲਾਹੌਰ (ਹੁਣ ਅੰਮ੍ਰਿਤਸਰ)। ਉਪਰੰਤ ਦੋ ਦੋ ਤਿੰਨ ਤਿੰਨ ਹਿੰਦੀ ਚੀਨ ਦੇ ਕੰਢੇ ਤੋਂ ਜਾਣੇ ਸ਼ੁਰੂ ਹੋਏ। ਪਰ ਓਥੇ ਵਸਣ ਤੇ ਮਜ਼ਦੂਰੀ ਕਰਨ ਦੀ ਨੀਅਤ ਨਾਲ ਜਾਣ ਵਾਲੇ ਬਾਹਲੇ ਹਿੰਦੀ 1903 ਤੋਂ ਉਥੇ ਪਹੁੰਚਣ ਲਗੇ। ਪਹਿਲਾਂ ਇਹ ਲੋਕ ਏਸ਼ੀਆ ਦੇ ਪੂਰਬੀ ਕੰਢੇ ਤੋਂ ਗਏ।

ਅਮਰੀਕਾ ਜਾਣਾ ਆਰੰਭ ਕਰਨ ਦੀਆਂ ਭਿੰਨ ਭਿੰਨ ਕਹਾਣੀਆਂ ਚਲ ਰਹੀਆਂ ਸਨ। ਇੱਕ ਤਾਂ ਇਹ ਕਿ ਚੀਨ ਦੇ ਸਮੁੰਦਰੀ ਕੰਢੇ ਦੇ ਸ਼ਹਿਰਾਂ ਵਿੱਚ ਨੌਕਰੀਆਂ ਕਰ ਰਹੇ ਹਿੰਦੀ ਲੋਕਾਂ ਨੇ ਅਮਰੀਕਾ ਤੋਂ ਆਉਣ ਵਾਲੇ ਚੀਨੀਆਂ ਤੇ ਹੋਰ ਲੋਕਾਂ ਤੋਂ ਅਮਰੀਕਾ ਬਾਰੇ ਸੁਣਿਆ ਕਿ ਉਥੇ ਇਨ੍ਹਾਂ ਟਾਪੂਆਂ ਨਾਲੋਂ ਤਿਗਣੀ-ਚੌਗਣੀ ਮਜ਼ਦੂਰੀ ਮਿਲਦੀ ਹੈ ਤੇ ਉਥੇ ਮਜ਼ਦੂਰਾਂ ਦੀ ਬੜੀ ਲੋੜ ਹੈ। ਇਕ ਦੋ ਹਿੰਦੀ ਵੀ ਅਮਰੀਕਾ ਤੋਂ ਹੋ ਆਏ ਸਨ, ਜਿਨ੍ਹਾਂ ਨੇ ਉਥੋਂ ਦਾ ਰੰਗ ਢੰਗ ਵੇਖ ਕੇ ਇਹਨਾਂ ਟਾਪੂਆਂ ਦੇ ਹਿੰਦੀਆਂ ਨੂੰ ਆ ਕੇ ਦੱਸਿਆ। ਸ੍ਰੀ ਕਰਤਾਰ ਸਿੰਘ (ਦੁੱਕੀ) ਲਤਾਲਾ, ਜੋ ਗ਼ਦਰ ਆਸ਼ਰਮ ਸਾਨਫ਼ਰਾਂਸਿਸਕੋ ਵਿੱਚ ਕੰਮ ਕਰਦੇ ਰਹੇ ਹਨ, 1907 ਵਿੱਚ ਅਮਰੀਕਾ ਗਏ, ਆਪਣੇ ਲਿਖਤੀ ਬਿਆਨ ਵਿੱਚ ਦਸਦੇ ਹਨ ਕਿ ਇਕ ਅਮਰੀਕਨ ਥੀਏਟਰ ਕੰਪਨੀ ਸ਼ੰਘਾਈ ਵਿੱਚੋਂ ਇੱਕ ਪੰਜਾਬੀ ਨੂੰ ਅਮਰੀਕਾ ਲੈ ਗਈ, ਜੋ ਬੀਨ ਵਜਾਉਂਦਾ ਹੁੰਦਾ ਸੀ। ਇਸ ਦਾ ਕੰਮ ਕੰਪਨੀ ਦੇ ਖੇਲ ਵੇਲੇ ਬੀਨ ਵਜਾਉਣਾ ਸੀ। ਇਸ ਬੀਨ ਵਾਲੇ ਨੇ ਅਮਰੀਕਾ ਜਾ ਕੇ ਬਹੁਤ ਪੈਸਾ ਕਮਾਇਆ ਤੇ ਉਥੋਂ ਸ਼ੰਘਾਈ ਵਿੱਚ ਨੌਕਰੀ ਕਰ ਰਹੇ ਆਪਣੇ ਯਾਰ ਬਾਸ਼ਾਂ ਨੂੰ ਚਿੱਠੀਆਂ ਰਾਹੀਂ ਅਮਰੀਕਾ ਆਉਣ ਲਈ ਪਰੇਰਿਆ। ਗੱਲ ਕੀ ਅਮਰੀਕਾ ਵਿੱਚ ਵਧ ਰਹੀ ਸਰਮਾਏਦਾਰ ਤਰੱਕੀ ਤੋਂ ਲੁਭਾਵਿਤ ਹੋ ਕੇ ਹਿੰਦੀਆਂ ਦਾ ਅਮਰੀਕਾ ਨੂੰ ਜਾਣਾ ਸ਼ੁਰੂ ਹੋਇਆ।

ਅਮਰੀਕਾ ਜਾਣ ਦਾ ਇਕ ਹੋਰ ਮਾੜਾ ਜਿਹਾ ਕਾਰਨ ਸਵਾਮੀ ਵਿਵੇਕਾ ਨੰਦ ਤੇ ਸਵਾਮੀ ਰਾਮ ਤੀਰਥ ਦਾ ਪਰਚਾਰ ਸੀ। ਸਵਾਮੀ ਵਿਵੇਕਾ ਨੰਦ 1902 ਤੇ ਸਵਾਮੀ ਰਾਮ ਤੀਰਥ 1904 ਵਿੱਚ ਹਿੰਦੂ ਫਿਲਾਸਫੀ ਦਾ ਪਰਚਾਰ ਕਰਨ ਤੇ ਨਵੀਂ ਸਰਮਾਏਦਾਰ ਤਰਕੀ ਨੂੰ ਅਖੀਂ ਵੇਖਣ ਲਈ ਅਮਰੀਕਾ ਗਏ। ਉਹ ਉਥੇ ਅਮਰੀਕਾ ਦੀ ਸਰਮਾਏਦਾਰ ਤਰੱਕੀ ਤੇ ਕਾਰਖਾਨੇਦਾਰੀ ਦੀ ਪੈਦਾਵਾਰ

ਨੂੰ ਦੇਖ ਕੇ ਬਹੁਤ ਪਰਭਾਵਿਤ ਹੋਏ।

ਹਿੰਦੁਸਤਾਨ ਵਿੱਚ ਆ ਕੇ ਉਹਨਾਂ ਨੇ ਆਪਣੇ ਲੈਕਚਰਾਂ ਤੇ ਅਖਬਾਰਾਂ ਵਿੱਚ ਲਿਖੇ ਲੇਖਾਂ ਰਾਹੀਂ ਹਿੰਦੀ ਲੋਕਾਂ ਤੇ ਖਾਸ ਕਰ ਪੰਜਾਬੀਆਂ ਨੂੰ ਪਰੇਰਿਆ ਕਿ ਉਹ ਅਮਰੀਕਾ ਜਾਣ, ਉਥੇ ਸਨਅਤੀ ਵਿਦਿਆ ਸਿਖਣ ਦੇ ਬੜੇ ਵਸੀਲੇ ਹਨ, ਮਜ਼ਦੂਰੀਆਂ ਬਹੁਤ ਮਿਲਦੀਆਂ ਹਨ। ਮਜ਼ਦੂਰ ਲੋਕ ਵੀ ਕਾਫੀ ਰੁਪਿਆ ਕਮਾ ਕੇ ਘਰਾਂ ਨੂੰ ਲਿਆ ਸਕਦੇ ਹਨ। ਇਸ ਲਈ ਹਿੰਦੀਆਂ ਨੂੰ ਅਮਰੀਕਾ ਜਾਣਾ ਚਾਹੀਦਾ ਹੈ। ਇਹਨਾਂ ਲੇਖਾਂ ਤੋਂ ਪਰਭਾਵਿਤ ਕੁਝ ਸਕੂਲਾਂ ਤੋਂ ਪੜ੍ਹੇ ਲਿਖੇ ਪੰਜਾਬੀ ਮੁੰਡੇ ਤੇ ਬੰਦੇ ਅਮਰੀਕਾ ਨੂੰ ਗਏ।[1]

ਇਸ ਤਰ੍ਹਾਂ ਅਮਰੀਕਾ ਤੇ ਕੈਨੇਡਾ ਜਾਣ ਵਾਲੇ ਇਹ ਹਿੰਦੀ ਬਾਹਲੇ ਪੰਜਾਬੀ ਪੇਂਡੂ ਦਸਤਕਾਰ ਤੇ ਛੋਟੇ ਦਰਮਿਆਨੇ ਕਿਸਾਨ ਸਨ, ਪੰਜਾਬੀਆਂ ਵਿੱਚੋਂ ਬਹੁਤੇ ਉਹ ਸਨ, ਜੋ ਫੌਜੀ ਨੌਕਰੀਆਂ ਛਡਕੇ ਗਏ ਸਨ। ਅਮਰੀਕਾ ਗਏ ਹਿੰਦੀਆਂ ਵਿੱਚੋਂ ਕੋਈ 99ਫੀ ਸਦੀ ਪੰਜਾਬੀ ਤੇ ਇਹਨਾਂ ਪੰਜਾਬੀਆਂ ਵਿੱਚੋਂ 75 ਫੀਸਦੀ ਫੌਜੀ ਸਨ।[2]

## ਹਿੰਦੀ ਮਜ਼ਦੂਰਾਂ ਲਈ ਮੰਗ

ਉਹਨਾਂ ਦਿਨਾਂ ਵਿੱਚ ਜਦੋਂ ਇਹ ਲੋਕ ਅਮਰੀਕਾ ਜਾਣ ਲੱਗੇ, ਅਮਰੀਕਾ ਤੇ ਕੈਨੇਡਾ ਦਾ ਪੱਛਮੀ ਪਾਸਾ ਅਜੇ ਆਬਾਦ ਹੋ ਰਿਹਾ ਸੀ। ਜੰਗਲ ਸਾਫ ਕਰਕੇ ਆਬਾਦੀ ਕੀਤੀ ਜਾ ਰਹੀ ਸੀ, ਖੇਤ ਬਣਾਏ ਜਾ ਰਹੇ ਸਨ, ਤੇ ਪੱਛਮੀ ਪਾਸੇ ਨੂੰ ਪੂਰਬੀ ਪਾਸੇ ਨਾਲ ਰੇਲਾਂ ਰਾਹੀਂ ਜੋੜਿਆ ਜਾ ਰਿਹਾ ਸੀ। ਰੇਲਾਂ ਤੇ ਸੜਕਾਂ ਬਣ ਰਹੀਆਂ ਸਨ। ਇਹਨਾਂ ਕੰਮਾਂ ਲਈ ਬੇਅੰਤ ਮਿਹਨਤ ਦੀ ਲੋੜ ਸੀ, ਜੋ ਸਸਤੀ ਤੇ ਜਾਨ ਹੀਲਵੀਂ ਹੋਵੇ। ਇਸ ਲੋੜ ਨੂੰ ਚੀਨੀਆਂ, ਜਾਪਾਨੀਆਂ ਤੇ ਇਹਨਾਂ ਹਿੰਦੀਆਂ ਨੇ ਪੂਰਾ ਕੀਤਾ।

ਇਹ ਲੋਕ ਕੋਈ ਮਸ਼ੀਨੀ ਕੰਮ ਜਾਂ ਕਾਰੀਗਰੀ ਨਹੀਂ ਜਾਣਦੇ ਸਨ। ਇਸ ਲਈ ਇਹ ਲੋਕ ਅਮਰੀਕਾ ਦੇ ਪੂਰਬੀ ਪਾਸੇ ਵਲ ਨਹੀਂ ਗਏ, ਜਿੱਥੇ ਕਾਰਖਾਨੇਦਾਰੀ ਦੀ ਪਰਧਾਨਤਾ ਸੀ ਤੇ ਕੰਮ ਮਸ਼ੀਨਾਂ ਤੇ ਕਰਨਾ ਪੈਂਦਾ ਸੀ। ਇਹ ਲੋਕ ਇਸ ਨਵੇਂ ਆਬਾਦ ਹੋ ਰਹੇ ਪਛਮੀ ਕੰਢੇ ਉੱਤੇ ਹੀ ਸੰਤੁਸ਼ਟ ਰਹੇ, ਜਿੱਥੇ ਕੇਵਲ ਸਰੀਰਕ ਜ਼ੋਰ ਦੀ ਹੀ ਲੋੜ ਸੀ, ਤੇ ਮਸ਼ੀਨੀ ਕੰਮ ਕਰਨ ਦੀ ਜਾਚ ਦੀ ਜ਼ਰੂਰਤ ਨਹੀਂ ਸੀ। ਇਹ ਲੋਕ ਜੰਗਲ ਪੁੱਟਣ, ਆਰਾ ਮਸ਼ੀਨਾਂ ਉੱਤੇ ਬੜੀਆਂ ਬੜੀਆਂ ਗੇਲੀਆਂ ਆਰਿਆਂ ਅੱਗੇ ਝੋਕਣ, ਰੇਲ ਦੀਆਂ ਪਟੜੀਆਂ ਵਿਛਾਉਣ ਤੇ ਵਿਛੀਆਂ ਹੋਈਆਂ ਨੂੰ ਸਿੱਧਾ ਰੱਖਣ ਦੀ ਮਜ਼ਦੂਰੀ ਉਤੇ ਲਗ ਰਹੇ ਸਨ।

ਇਸ ਜਿਸਮਾਨੀ ਕੰਮ ਕਰਨ ਦੀ ਉਜਰਤ ਕੈਨੇਡਾ ਵਿੱਚ ਪਹਿਲੇ ਪਹਿਲ ਪੌਣਾ ਡਾਲਰ ਸੀ, ਜੋ ਵਧਦੀ ਵਧਦੀ ਡੇਢ ਡਾਲਰ ਹੋ ਗਈ। ਅਮਰੀਕਾ ਵਿੱਚ ਢਾਈ ਡਾਲਰ ਦੀ ਦਿਹਾੜੀ ਸੀ। ਉਦੋਂ ਡਾਲਰ ਤਿੰਨ ਰੁਪਏ ਡੇਢ੍ਹ ਆਨੇ ਦਾ ਹੁੰਦਾ ਸੀ। ਕੰਮ ਦਸ ਘੰਟੇ ਕਰਨਾ ਪੈਂਦਾ ਸੀ। ਅਮਰੀਕਾ ਵਿੱਚ ਉਸ ਵੇਲੇ ਹਦ ਟੱਪਣ ਦੀ ਕੋਈ ਪਾਬੰਦੀ ਨਹੀਂ ਸੀ, ਇਸ ਲਈ ਕੈਨੇਡਾ ਗਏ ਹੋਏ ਕਈ ਬੰਦੇ ਅਗਾਂਹ ਅਮਰੀਕਾ ਚਲੇ ਜਾਂਦੇ ਸਨ। ਇਹਨਾਂ ਦੀ ਉਜਰਤ ਗੋਰੇ ਮਜ਼ਦੂਰਾਂ ਨਾਲੋਂ ਇੱਕ ਡਾਲਰ

---

1. ਪੰਡਤ ਬਾਲ ਮੁਕੰਦ ਸਕਰੂਲੀ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ।
2. ਉਤਲਿਖਤ ਬਾਬਾ ਹਰਨਾਮ ਸਿੰਘ ਟੁੰਡੀਲਾਟ।

ਦਿਹਾੜੀ ਘੱਟ ਹੁੰਦੀ ਸੀ।[1]

1903 ਵਿੱਚ ਕੇਵਲ ਪੋਟਿਆਂ ਤੇ ਗਿਨਣ ਜੋਗੇ ਹੀ ਹਿੰਦੀ ਉਥੇ ਗਏ। ਪਰ 1908 ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੀ ਅਮਰੀਕਾ ਤੇ ਕੈਨੇਡਾ ਪੁਜ ਗਏ। ਕੈਨੇਡਾ ਸਰਕਾਰ ਦੇ ਲੇਬਰ ਕਮਿਸ਼ਨਰ ਮੈਕਨਜ਼ੀ ਕਿੰਗ ਦੇ ਇਕੱਠੇ ਕੀਤੇ ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਗਏ ਹਿੰਦੂਆਂ ਦੀ ਗਿਣਤੀ ਇਸ ਪਰਕਾਰ ਹੈ:-

| | |
|---|---|
| ਜੁਲਾਈ 1904 ਤੋਂ ਜੂਨ 1905 ਤੱਕ | 45 ਹਿੰਦੀ ਆਏ |
| ਜੁਲਾਈ 1905 ਤੋਂ ਜੂਨ 1906 ਤੱਕ | 87 ਹਿੰਦੀ ਆਏ |
| ਜੁਲਾਈ 1906 ਤੋਂ ਜੂਨ 1907 ਤੱਕ | 2125 ਹਿੰਦੀ ਆਏ |
| ਜੁਲਾਈ 1907 ਤੋਂ ਜੂਨ 1908 ਤੱਕ | 2623 ਹਿੰਦੀ ਆਏ[2] |

ਇਸ ਤੋਂ ਪਿੱਛੋਂ ਹਿੰਦੀਆਂ ਦੇ ਕੈਨੇਡਾ ਜਾਣ ਉੱਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ। ਕੈਨੇਡਾ ਗਏ ਬਹੁਤ ਸਾਰੇ ਹਿੰਦੀ ਅਮਰੀਕਾ ਚਲੇ ਜਾਂਦੇ ਰਹੇ ਤੇ 1911 ਵਿੱਚ ਕੈਨੇਡਾ ਵਿੱਚ ਹੋਈ ਮਰਦਮ ਸ਼ੁਮਾਰੀ ਅਨੁਸਾਰ ਉਥੇ ਕੋਈ 2312 ਹਿੰਦੀ ਸਨ।

ਅਮਰੀਕਾ ਕਾਂਗਰਸ ਨੇ 1914 ਵਿੱਚ ਹਿੰਦੀਆਂ ਦੇ ਅਮਰੀਕਾ ਆਉਣ ਬਾਰੇ ਇੱਕ ਕਮੇਟੀ ਨਿਯਤ ਕੀਤੀ। ਇਸ ਕਮੇਟੀ ਦੇ ਪਰਧਾਨ ਜੌਹਨ ਬੁਰੈਨਟ ਨੇ ਜੋ ਰਿਪੋਰਟ ਕੀਤੀ, ਇਸ ਅਨੁਸਾਰ ਹਿੰਦੀਆਂ ਦਾ ਅਮਰੀਕਾ ਜਾਣ ਦਾ ਵੇਰਵਾ ਇਸ ਪਰਕਾਰ ਹੈ:-

| ਸੰਨ | ਦਾਖਲ ਹੋਏ | ਸੰਨ | ਦਾਖਲ ਹੋਏ |
|---|---|---|---|
| 1899 ਤੋਂ 1901 | 34 | 1907 | 1072 |
| 1902 | 84 | 1908 | 1710 |
| 1903 | 83 | 1909 | 337 |
| 1904 | 258 | 1910 | 1782 |
| 1905 | 145 | 1911 | 537 |
| 1906 | 271 | | |

ਲਿਖਤੀ ਵੇਰਵਾ ਤਾਂ ਇਹ ਹੈ ਪਰ ਗਵਾਹੀਆਂ ਵਿੱਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਹਿੰਦੀ ਨਾਜਾਇਜ਼ ਢੰਗ ਨਾਲ ਲੁਕ ਛਿਪ ਕੇ ਕੈਲੇਫੋਰਨੀਆ ਵਿੱਚ ਦਾਖਲ ਹੋਏ ਸਨ। ਕੈਨੇਡਾ ਵਿੱਚੋਂ ਵੀ ਬਹੁਤ ਸਾਰੇ ਹਿੰਦੀ ਅਮਰੀਕਾ ਚਲੇ ਜਾਂਦੇ ਸਨ। ਇਸ ਰਿਪੋਰਟ ਵਿੱਚ ਹਿੰਦੀਆਂ ਦੀ ਗਿਣਤੀ 30 ਹਜ਼ਾਰ ਦਸੀ ਗਈ ਹੈ।[3]

## ਅਮਰੀਕਾ ਦੀ ਹਿੰਦ ਨਾਲ ਦਿਲਚਸਪੀ

ਅਮਰੀਕਾ ਦੇ ਹਿੰਦੀਆਂ ਵਿੱਚ ਕੁਝ ਬੰਦਿਆਂ ਦੇ ਰਲਣ ਦਾ ਇੱਕ ਰਾਹ ਹੋਰ ਹੈ, ਜਿਸ ਨੇ

---

1. ਉਤਲਿਖਤ
2. ਘਾਟ (ਓ) ਅਕਤੂਬਰ 1913 ਕਾਰਵਾਈ ਨੰ. 31-33
3. 'ਪਰਦੇਸਾਂ ਵਿੱਚ ਹਿੰਦੀ', ਵਾਇਜ਼ ਤੇ ਅਮਰੀਕਨ ਘਾਟਾਂ ਦੇ ਕਮਿਸ਼ਨਰ ਜਨਰਲ ਦੀ ਰਿਪੋਰਟ 1919-20 ਸਫੇ 180-81

ਅਮਰੀਕਾ ਵਿੱਚ ਹਿੰਦੀ ਵਿਦਿਆਰਥੀਆਂ ਤੇ ਦੇਸ਼ ਭਗਤਾਂ ਨੂੰ ਖਿਚਿਆ ਜੋ ਪਛਮੀ ਹਿੰਦੀ ਕਾਮਿਆਂ ਨਾਲ ਰਲ ਕੇ ਕੌਮੀ ਲਹਿਰ ਪੈਦਾ ਕਰਨ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਬਣੇ।

ਵੀਹਵੀਂ ਸਦੀ ਦੇ ਆਰੰਭ ਵਿੱਚ ਅੰਗਰੇਜ਼ੀ ਕਬਜ਼ੇ ਹੇਠ ਨੱਪੀ ਹੋਈ ਹਿੰਦੁਸਤਾਨੀ ਮੰਡੀ ਅਮਰੀਕਨ ਸਰਮਾਏਦਾਰਾਂ ਦੀ ਨਿਗਾਹ ਚੜ੍ਹ ਚੁੱਕੀ ਸੀ। ਅਮਰੀਕਨ ਸਰਮਾਏਦਾਰੀ ਸਾਮਰਾਜੀ ਮਨਜ਼ਲ ਵਿੱਚ ਦਾਖਲ ਹੋ ਰਹੀ ਸੀ, ਉਹ ਆਬਾਦੀਆਂ ਕਾਇਮ ਕਰਨ ਤੇ ਨਵੀਆਂ ਮੰਡੀਆਂ ਵਿੱਚ ਧੱਸਣ ਦੇ ਆਹਰਾਂ ਵਿੱਚ ਸੀ। ਉਸ ਦਾ ਅੰਗਰੇਜ਼ੀ ਸਾਮਰਾਜ ਨਾਲ ਮਾਲ ਵੇਚਣ ਤੇ ਮੰਡੀਆਂ ਮਲਣ ਵਾਸਤੇ ਸ਼ਰੀਕਾ ਖੜਾ ਹੋ ਚੁੱਕਾ ਸੀ। ਅਮਰੀਕਾ ਦੇ ਇਹਨਾਂ ਨਵੇਂ ਸਾਮਰਾਜੀਆਂ ਦਾ ਪੁਰਾਣੇ ਅੰਗਰੇਜ਼ੀ ਸਾਮਰਾਜ ਨਾਲ ਪੈਦਾ ਹੋ ਚੁੱਕਾ ਇਹ ਸ਼ਰੀਕਾ ਕੁਝ ਹਿੰਦੀਆਂ ਨੂੰ ਅਮਰੀਕਾ ਵਿੱਚ ਲਿਆਉਣ ਦਾ ਕਾਰਨ ਬਣਿਆ।

12 ਅਗਸਤ 1906 ਦੇ ਲਾਹੌਰ 'ਟਰਿਬਿਊਨ' ਵਿੱਚ ਖ਼ਬਰ ਛਪੀ ਸੀ ਕਿ–

"ਕੁਝ ਚਿਰ ਤੋਂ ਅਮਰੀਕਾ ਵਿੱਚ ਹਿੰਦੀ ਸਵਾਲਾਂ ਬਾਰੇ ਲੋਕਾਂ ਵਲੋਂ ਬਹੁਤ ਦਿਲਚਸਪੀ ਲਈ ਜਾ ਰਹੀ ਹੈ। ਸਿਆਣੇ ਤੇ ਸਿਰਕਢ ਬੰਦੇ, ਜਿਨ੍ਹਾਂ ਦੀ ਰਾਏ ਬੜੀ ਕੀਮਤ ਰੱਖਦੀ ਹੈ, ਆਪਣਾ ਸਮਾਂ ਹਿੰਦੀ ਸਵਾਲਾਂ ਉੱਤੇ ਵਿਚਾਰ ਕਰਨ ਲਈ ਲਾ ਰਹੇ ਹਨ। ਕਈ ਸਿਰਕੱਢ ਅਖਬਾਰਾਂ ਇਸ ਪਾਸੇ ਵੱਲ ਖਾਸ ਧਿਆਨ ਦੇ ਰਹੀਆਂ ਹਨ, ਖਾਸ ਕਰ ਨਿਊਯਾਰਕ ਦਾ "ਸਨ" ਤੇ "ਗੈਲਕ ਅਮਰੀਕਾ" ਨਾਮ ਦੇ ਅਖਬਾਰ ਤਾਂ ਬਹੁਤ ਜ਼ੋਰ ਲਾ ਰਹੇ ਹਨ। "ਸਨ" ਨੇ ਤਾਂ ਅਮਰੀਕਾ ਦੇ ਹੋਣ ਵਾਲੇ ਅਗਲੇ ਪ੍ਰਧਾਨ ਸ੍ਰੀ ਬਰੀਘਨ ਦੇ ਦੋ ਮਜ਼ਮੂਨ ਛਾਪੇ ਹਨ, ਜਿਨ੍ਹਾਂ ਵਿੱਚ ਉਸ ਨੇ ਹਿੰਦ ਵਿੱਚ ਅੰਗਰੇਜ਼ੀ ਰਾਜ ਕਾਜ ਦੀ ਬਹੁਤ ਕੌੜੀ ਨੁਕਤਾਚੀਨੀ ਕੀਤੀ ਹੈ......।"

ਇਹ ਤੋਂ ਇਲਾਵਾ ਅਮਰੀਕਾ ਦੇ ਪ੍ਰਧਾਨ ਵੁਡਰੋ ਵਿਲਸਨ ਨੇ ਆਪਣੀ "ਨਵੀਂ ਆਜ਼ਾਦੀ" ਨਾਮ ਦੀ ਛਾਪੀ ਕਿਤਾਬ ਵਿੱਚ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਤੇ ਜਥੇਬੰਦੀ ਬਾਰੇ ਲਿਖਿਆ ਹੈ:[1]

ਅਮਰੀਕਾ ਦੇ ਹਿੰਦ ਦੀ ਮੰਡੀ ਉਤੇ ਨਿਗਾਹ ਰੱਖਣ ਵਾਲੇ ਅਜਿਹੇ ਸਾਮਰਾਜੀਆਂ ਨੇ ਹਿੰਦੁਸਤਾਨ ਦੀ ਮੰਡੀ ਵਿੱਚ ਲੱਤ ਰੱਖਣ ਲਈ ਅੰਗਰੇਜ਼ੀ ਸਾਮਰਾਜ ਨਾਲ ਗਾਂਢਾ ਸਾਂਢਾ ਲਾਉਣ ਦੀ ਥਾਂ ਹਿੰਦ ਵਿੱਚ ਪੈਦਾ ਹੋ ਚੁੱਕੀ ਨਵੀਂ ਸਰਮਾਏਦਾਰ ਜਮਾਤ ਵਲ ਰੁਖ ਕੀਤਾ। ਅਮਰੀਕਨ ਪ੍ਰੈਸ ਨੇ ਹਿੰਦ ਦੀ ਕੌਮੀ ਆਜ਼ਾਦੀ ਦੀ ਲਹਿਰ ਦੀ ਪਰਸੰਸਾ ਕਰਨੀ ਤੇ ਬਰਤਾਨਵੀ ਜਬਰ ਦੀਆਂ ਵਾਰਤਾਵਾਂ ਛਾਪਣੀਆਂ ਸ਼ੁਰੂ ਕੀਤੀਆਂ। ਹਿੰਦੁਸਤਾਨ ਨੂੰ ਸਨਅਤੀ ਤੌਰ ਉਤੇ ਪਿੱਛੇ ਰੱਖਣ ਤੇ ਹਿੰਦੀ ਸਕੂਲਾਂ ਤੇ ਯੂਨੀਵਰਸਿਟੀਆਂ ਵਿੱਚ ਸਨਅਤੀ ਵਿਦਿਆ ਨਾ ਦੇਣ ਦੀ ਭੰਡੀ ਕੀਤੀ।

ਇਸ ਲਈ ਅਮਰੀਕਨ ਸਰਮਾਇਦਾਰ ਗੋਰਿਆਂ ਨੇ ਹਿੰਦੁਸਤਾਨੀਆਂ ਨੂੰ ਅਮਰੀਕਾ ਆਉਣ ਤੇ ਅਮਰੀਕਨ ਜੀਵਨ ਵੇਖਣ ਦੇ ਸੱਦੇ ਦਿੱਤੇ। ਸ਼ਿਕਾਗੋ ਤੇ ਨਿਊਯਾਰਕ ਦੇ ਅਜਿਹਾ ਆਸ਼ਾ ਰੱਖਣ ਵਾਲੇ ਲੋਕਾਂ ਨੇ ਮਿਲ ਕੇ ਇਸ ਮਕਸਦ ਨੂੰ ਪੂਰਾ ਕਰਨ ਲਈ ਇੱਕ ਸੋਸਾਇਟੀ ਬਣਾਈ, ਜਿਸ ਦੇ ਨਾਂ ਰੱਖਿਆ "ਇੰਡੋ ਅਮਰੀਕਨ ਸੋਸਾਇਟੀ"। ਇਸ ਸੋਸਾਇਟੀ ਦੇ ਮੁੱਖ ਮੰਤਵ ਇਹ ਸਨ:–

(ੳ) ਹਿੰਦੀ ਭਾਵਨਾਵਾਂ ਵਿੱਚ ਅਮਰੀਕਨ ਦਿਲਚਸਪੀ ਪੈਦ ਕਰਨੀ ਭਾਵ ਹਿੰਦੀਆਂ ਨੂੰ ਅਮਰੀਕਾ

---

1. ਕੈਨੇਡਾ ਤੋਂ "ਹਿੰਦੁਸਤਾਨੀ" ਨੰ. 2 ਫਰਵਰੀ 1914, ਸਫਾ 3

ਦਾ ਹਮਾਇਤੀ ਬਣਾਉਣਾ ਤਾਂ ਜੋ ਉਹ ਅਮਰੀਕਾ ਨੂੰ ਆਪਣਾ ਯਾਰ ਸਮਝਣ।

(ਅ) ਹਿੰਦੀ ਦੇਸ਼ ਭਗਤਾਂ ਤੇ ਅਮਰੀਕਨ ਹਮਦਰਦਾਂ ਵਿੱਚ ਮੇਲ ਮਿਲਾਪ ਪੈਦਾ ਕਰਨਾ।

(ੲ) ਹਿੰਦੁਸਤਾਨ ਵਿੱਚ ਪੈਦਾ ਹੋ ਰਹੀ ਨਵੀਂ ਸਪਿਰਟ (ਵਿਚਾਰ) ਦੀ ਪਰਵਰਸ਼ ਕਰਨੀ, ਭਾਵ ਹਿੰਦੀਆਂ ਵਿੱਚ ਕੌਮੀ ਜਾਗਰਤਾ ਪੈਦਾ ਕਰਨੀ ਤੇ ਇਸ ਨੂੰ ਵਧਾਉਣਾ।[1]

ਇਹ ਸੋਸਾਇਟੀਆਂ ਨਿਰੋਲ ਸ਼ਿਕਾਗੋ ਤੇ ਨਿਊਯਾਰਕ ਦੇ, ਜੋ ਅਮਰੀਕਾ ਦੀਆਂ ਅਤੀ ਵਡੀਆਂ ਮੰਡੀਆਂ ਹਨ, ਧਨਾਢ ਵਪਾਰੀਆਂ ਤੇ ਸਰਮਾਏਦਾਰਾਂ ਦੇ ਲਾਭਾਂ ਦੀ ਪਰਤੀਨਿਧ ਸੀ, ਜੋ ਹਿੰਦੁਸਤਾਨ ਦੀ ਮੰਡੀ ਵਿੱਚ ਪੈਰ ਰੱਖਣ ਦੇ ਜਤਨ ਕਰ ਰਹੇ ਸਨ। ਇਸ ਲਈ ਇਸ ਵਿੱਚ ਅਮਰੀਕਨ ਸਾਮਰਾਜੀਆਂ ਦੇ ਉਹ ਬੰਦੇ ਸ਼ਾਮਲ ਹੋਏ, ਜੋ ਹਿੰਦੁਸਤਾਨ ਦੀ ਕੌਮੀ ਲਹਿਰ ਦੀ ਹਮਾਇਤ ਕਰਕੇ ਹਿੰਦ ਦੀ ਲੋਕ ਰਾਏ ਨੂੰ ਅਮਰੀਕਾ ਵਲ ਪ੍ਰੇਰਨ ਦੇ ਚਾਹਵਾਨ ਸਨ।

ਇਸ ਸਿਲਸਿਲੇ ਵਿੱਚ ਉਹਨਾਂ ਅਮਰੀਕਨ ਮਿਸ਼ਨਰੀਆਂ ਨੂੰ ਹਿੰਦੁਸਤਾਨ ਭੇਜਣਾ ਸ਼ੁਰੂ ਕੀਤਾ ਜਿਹਨਾਂ ਏਥੇ ਸਕੂਲ ਤੇ ਹਸਪਤਾਲ ਖੋਲ੍ਹਣੇ ਆਰੰਭ ਦਿੱਤੇ। ਉਹਨਾਂ ਨੇ ਆਪ ਹਿੰਦੁਸਤਾਨ ਜਾਣ ਤੇ ਉਥੋਂ ਦੇ ਸਰਮਾਏਦਾਰ ਤਬਕੇ ਦੇ ਉੱਘੇ ਬੰਦਿਆਂ ਨਾਲ ਮੇਲ ਮਿਲਾਪ ਪੈਦਾ ਕਰਨ ਦੇ ਜਤਨ ਕੀਤੇ। ਇਸੇ ਸਬੰਧ ਵਿੱਚ 1907 ਦੇ ਸ਼ੁਰੂ ਵਿੱਚ ਇਸ ਸੋਸਾਇਟੀ ਵਲੋਂ ਨਿਊਯਾਰਕ ਦਾ ਇੱਕ ਬੈਰਿਸਟਰ ਮੀਰੋਨ ਫੈਲਪਸ ਖੁਦ ਹਿੰਦੁਸਤਾਨ ਆਇਆ ਤੇ ਉਸ ਨੇ ਵੱਡੇ ਵੱਡੇ ਸ਼ਹਿਰਾਂ ਦਾ ਦੌਰਾ ਕੀਤਾ।

ਆਪਣੇ ਇਸ ਦੌਰੇ ਵਿੱਚ ਮਿਸਟਰ ਫੈਲਪਸ ਹਿੰਦ ਦੇ ਵਪਾਰੀਆਂ ਤੇ ਧਨੀ ਲੋਕਾਂ ਦੇ ਆਗੂਆਂ ਨੂੰ ਮਿਲਿਆ। ਉਹਨਾਂ ਨਾਲ ਵਪਾਰਕ, ਸਨਅਤੀ ਅਤੇ ਰਾਜਸੀ ਵਿਚਾਰਾਂ ਕੀਤੀਆਂ ਤੇ ਉਹਨਾਂ ਨੂੰ ਅਮਰੀਕਾ ਨਾਲ ਵਪਾਰ ਕਰਨ ਤੇ ਸਨਅਤਾਂ ਲਾਉਣ ਵਿੱਚ ਮਦਦ ਲੈਣ ਲਈ ਪਰੇਰਿਆ। ਉਸ ਨੇ ਇਹਨਾਂ ਹਿੰਦੀ ਆਗੂਆਂ ਦੀਆਂ ਬੈਠਕਾਂ ਵਿੱਚ ਹਿੰਦ ਉਤੇ ਅੰਗਰੇਜ਼ੀ ਗਲਬੇ ਅਤੇ ਸਨਅਤਾਂ ਲਾਉਣ ਤੇ ਪਰਾਏ ਦੇਸ਼ਾਂ ਨਾਲ ਵਪਾਰ ਕਰਨ ਉੱਤੇ ਲੱਗੀਆਂ ਰੁਕਾਵਟਾਂ ਵਿਰੁੱਧ ਤਕਰੀਰਾਂ ਕੀਤੀਆਂ। ਹਿੰਦ ਦੀ ਕੌਮੀ ਲਹਿਰ ਦੀ ਪਰਸੰਸਾ ਤੇ ਹਮਾਇਤ ਕੀਤੀ, ਇਸ ਬਾਰੇ ਹਿੰਦੀ ਅਮਰੀਕਨ ਅਖਬਾਰਾਂ ਵਿੱਚ ਮਜ਼ਮੂਨ ਛਾਪੇ, ਜਿਨ੍ਹਾਂ ਵਿੱਚ ਅੰਗਰੇਜ਼ੀ ਰਾਜ ਦੀਆਂ ਬੇਇਨਸਾਫੀਆਂ ਦੀ ਭੰਡੀ ਕੀਤੀ ਤੇ ਹਿੰਦੀਆਂ ਨੂੰ ਅਮਰੀਕਾ ਆ ਕੇ ਸਨਅਤਾਂ ਲਾਉਣ ਤੇ ਚਲਾਉਣ ਦੀ ਸਹਾਇਤਾ ਲੈਣ ਤੇ ਜਾਚ ਸਿਖਣ ਦਾ ਸੱਦਾ ਦਿੱਤਾ। ਵਿਦਿਆਰਥੀਆਂ ਨੂੰ ਅਮਰੀਕਨ ਯੂਨੀਵਰਸਿਟੀਆਂ ਵਿੱਚ ਆ ਕੇ ਸਨਅਤੀ ਤੇ ਰਸਾਇਣ ਵਿੱਦਿਆ ਪਰਾਪਤ ਕਰਨ ਲਈ ਆਖਿਆ, ਜੋ ਅੰਗਰੇਜ਼ੀ ਹਕੂਮਤ ਹਿੰਦ ਵਿੱਚ ਨਹੀਂ ਦੇ ਰਹੀ ਸੀ।

ਅੰਗਰੇਜ਼ੀ ਹਕੂਮਤ ਨੂੰ ਇਸ ਦੇ ਦੌਰੇ ਤੇ ਇਸ ਦੇ ਇਹਨਾਂ ਲੇਖਾਂ ਤੋਂ ਬੜੀ ਚਿੰਤਾ ਪੈਦਾ ਹੋਈ। ਹਿੰਦ ਹਕੂਮਤ ਦੇ ਕਰਿਮੀਨਲ ਇਨਟੈਲੀਜੈਂਸ (ਸੀ.ਆਈ.ਡੀ) ਦੇ ਡਾਇਰੈਕਟਰ ਨੇ ਉਸ ਨੂੰ ਦਿੱਲੀ ਸਦ ਮੰਗਵਾਇਆ। ਉਸ ਨਾਲ ਬੈਠ ਕੇ ਗੱਲਾਂ ਕੀਤੀਆਂ ਤੇ ਉਸ ਨੂੰ ਕੁਝ ਸਮਝਾਇਆ। ਇਸ ਮੁਲਾਕਾਤ ਤੋਂ ਬਾਦ ਉਸ ਨੇ ਅਖਬਾਰਾਂ ਨੂੰ ਇੱਕ ਪਛਤਾਵੇ ਦੀ ਚਿੱਠੀ ਲਿਖੀ, ਜਿਸ ਵਿੱਚ ਅੰਗਰੇਜ਼ੀ ਰਾਜ ਦੀ ਹਿੰਦ ਉਤੇ ਪਰਧਾਨਤਾ ਦੀ ਪਰਸੰਸਾ ਕੀਤੀ ਗਈ ਸੀ ਪਰ ਉਹ ਇਸ ਚਿੱਠੀ ਤੋਂ ਬਾਅਦ ਹਿਰਖ ਦਾ ਮਾਰਿਆ ਛੇਤੀ ਹੀ ਆਪਣਾ ਦੌਰਾ ਵਿੱਚੇ ਛੱਡ ਕੇ ਅਮਰੀਕਾ ਵਾਪਸ ਚਲਾ

---

1. ਹੋਮ (ਪੋਲੀਟੀਕਲ) ਅ. ਅਕਤੂਬਰ 1907, ਕਾਰਵਾਈ ਨੰ. 80-87

ਗਿਆ।[1]

ਅਮਰੀਕਾ ਜਾ ਕੇ ਉਸ ਨੇ ਆਪਣਾ ਕੰਮ ਫੇਰ ਸ਼ੁਰੂ ਕਰ ਦਿੱਤਾ। ਸੋਸਾਇਟੀ ਦੇ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਉਸ ਨੇ ਆਪਣੇ ਮੰਤਵ ਦੀ ਪੂਰਤੀ ਨੂੰ ਅਮਲੀ ਜਾਮਾ ਪਵਾਉਣ ਲਈ ਨਵਾਂ ਕਦਮ ਚੁੱਕਿਆ। ਉਸ ਨੇ ਹਿੰਦੀਆਂ ਦੀ ਅਮਰੀਕਾ ਨਾਲ ਸਾਂਝ ਪਾਉਣ ਲਈ ਪੁਰਾਣੀ ਸੋਸਾਇਟੀ ਦੇ ਮਾਤਹਿਤ ਇੱਕ ਹੋਰ ਸਭਾ ਬਣਾਈ, ਜਿਸ ਦਾ 'ਇੰਡੋ-ਅਮਰੀਕਨ ਨੈਸ਼ਨਲ ਐਸੋਸੀਏਸ਼ਨ'' ਭਾਵ ਹਿੰਦ ਅਮਰੀਕੀ ਕੌਮੀ ਸਭਾ, ਨਾਂ ਰਖਿਆ ਗਿਆ। ਇਸ ਦੇ ਨੇਮ ਸਨ-

(ੳ) ਹਿੰਦੁਸਤਾਨੀਆਂ ਨੂੰ ਅਮਰੀਕਾ ਸਦ ਕੇ ਕਾਰੀਗਰੀ ਤੇ ਸਨਅਤੀ ਕੰਮ ਦੀ ਸਿਖਲਾਈ ਕਰਾਉਣ ਵਿੱਚ ਸਹਾਇਤਾ ਕਰਨੀ।

(ਅ) ਅਖਬਾਰਾਂ ਰਾਹੀਂ ਹਿੰਦੁਸਤਾਨ ਵਿੱਚ ਅਮਰੀਕਨ ਦਿਲਚਸਪੀ ਪੈਦਾ ਕਰਨੀ, ਭਾਵ ਹਿੰਦ ਦੀ ਲੋਕ ਰਾਏ ਨੂੰ ਅਮਰੀਕਾ ਦਾ ਹਮਾਇਤੀ ਤੇ ਚਾਹਵਾਨ ਬਨਾਉਣਾ।

(ੲ) ਅਮਰੀਕਾ ਆਉਣ ਵਾਲੇ ਹਿੰਦੀਆਂ ਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਕੰਮ ਤੇ ਪੜ੍ਹਾਈ ਵਿੱਚ ਸਹੂਲਤਾਂ ਦੇਣੀਆਂ ਤੇ ਲੋੜਵੰਦਾਂ ਦੀ ਸਹਾਇਤਾ ਕਰਨੀ।

(ਸ) ਅਖਬਾਰਾਂ ਰਾਹੀਂ ਹਿੰਦੁਸਤਾਨੀਆਂ ਨੂੰ ਹਲਾ ਸ਼ੇਰੀ ਦੇਣੀ: ਕਿ ਉਹ ਆਪਣੀ ਸਨਅਤੀ ਅਤੇ ਆਜ਼ਾਦੀ ਬਹਾਲ ਕਰਨ ਲਈ ਅੰਗਰੇਜ਼ੀ ਰਾਜ ਵਿਰੁੱਧ ਡਟਕੇ ਘੁਲੀ ਜਾਣ।[2]

ਇਸ ਸੋਸਾਇਟੀ ਵਿੱਚ ਅੰਗਰੇਜ਼ੀ ਜਬਰ ਤੋਂ ਦੇਸ਼ ਛੱਡਕੇ ਗਏ ਤੇ ਅਮਰੀਕਾ ਵਿੱਚ ਰਹਿਕੇ ਆਪਣੇ ਦੇਸ਼ ਦੀ ਅੰਗਰੇਜ਼ੀ ਰਾਜ ਵਿਰੁੱਧ ਲਹਿਰ ਦੀ ਸਹਾਇਤਾ ਤੇ ਅਗਵਾਈ ਕਰ ਰਹੇ ਹਿੰਭਮੈਨ ਵਰਗੇ ਆਇਰਲੈਂਡ ਦੇ ਇਨਕਲਾਬੀ ਲੀਡਰ ਵੀ ਸ਼ਾਮਲ ਸਨ। ਇਹਨਾਂ ਦਾ ਨਿਊਯਾਰਕ ਤੋਂ ਨਿਕਲ ਰਿਹਾ ਪਰਚਾ, 'ਗੈਲਕ ਅਮਰੀਕਾ' ਹਿੰਦੁਸਤਾਨ ਦੀ ਆਜ਼ਾਦੀ ਦੀ ਹਾਮੀ ਭਰਦਾ ਤੇ ਵਕਾਲਤ ਕਰਦਾ ਸੀ, ਹਿੰਦੀਆਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਹਥਿਆਰਬੰਦ ਬਗਾਵਤ ਲਈ ਵੰਗਾਰਦਾ ਸੀ ਅਤੇ ਹਿੰਦੀ ਸਰਮਾਏਦਾਰ ਲੀਡਰਾਂ ਦੀ ਕਾਨੂੰਨ ਦੇ ਅੰਦਰ ਰਹਿ ਕੇ ਅਮਨ ਭਰੀ ਲਹਿਰ ਦੀ ਭੰਡੀ ਕਰਦਾ ਸੀ।[3] ਇਹਨਾਂ ਤੋਂ ਇਲਾਵਾ ਕੁਝ ਕੁ ਹਿੰਦੀ ਇਨਕਲਾਬੀ ਲੀਡਰ ਵੀ, ਜੋ ਦੇਸ਼ ਵਿੱਚੋਂ ਅੰਗਰੇਜ਼ੀ ਜਬਰ ਤੋਂ ਬਚ ਗਏ ਹੋਏ ਸਨ, ਇਸ ਵਿੱਚ ਸ਼ਾਮਲ ਹੋਏ।

ਇਸ ਸੋਸਾਇਟੀ ਨੇ ਅਖਬਾਰਾਂ ਤੇ ਲੈਕਚਰਾਂ ਰਾਹੀਂ ਅਮਰੀਕਾ ਵਿੱਚ ਹਿੰਦ ਹਿਤੈਸ਼ੀ ਖਿਆਲ ਪੈਦਾ ਕੀਤੇ। ਹਿੰਦੀ ਇਨਕਲਾਬੀਆਂ ਦਾ ਸਤਕਾਰ ਕੀਤਾ ਤੇ ਹਿੰਦੀ ਦੇਸ਼ ਭਗਤਾਂ ਤੇ ਵਿੱਦਿਆਰਥੀਆਂ ਨੂੰ ਅਮਰੀਕਾ ਆਉਣ ਲਈ ਸੱਦੇ ਦਿੱਤੇ, ਜਿਸ ਦਾ ਨਤੀਜਾ ਇਹ ਹੋਇਆ ਕਿ ਇੰਗਲੈਂਡ ਗਏ ਵਿਦਿਆਰਥੀਆਂ ਵਿੱਚੋਂ ਕਈ ਪੰਜਾਬੀ ਤੇ ਬੰਗਾਲੀ ਵਿਦਿਆਰਥੀ ਅਮਰੀਕਨ ਯੂਨੀਵਰਸਿਟੀਆਂ ਵਿੱਚ ਜਾ ਦਾਖਲ ਹੋਏ ਤੇ ਕੁਝ ਹਿੰਦੁਸਤਾਨ ਵਿੱਚੋਂ ਸਿੱਧੇ ਵੀ ਚਲੇ ਗਏ। ਅਮਰੀਕਨ ਯੂਨੀਵਰਸਿਟੀਆਂ ਨੇ ਇਹਨਾਂ ਦੇ ਸੱਦੇ ਵਿਦਿਆਰਥੀਆਂ ਨੂੰ ਦਾਖਲੇ ਦਿੱਤੇ। ਵਿਦਿਆਰਥੀ ਜਾਣ ਦਾ ਇਹ ਸਿਲਸਿਲਾ ਆਰੰਭ ਹੋ ਗਿਆ ਤੇ ਹਿੰਦ ਵਿੱਚੋਂ ਹਰ ਸਾਲ ਵਿਦਿਆਰਥੀ ਅਮਰੀਕਾ ਜਾਣ ਲੱਗ ਪਏ।

---

1. ਉਤਲਿਖਤ
2. ਉਤਲਿਖਤ ਕਾਰਵਾਈ
3. ਹੋਮ (ਪੋਲੀਟੀਕਲ) ਫਰਵਰੀ 1909 ਕਾਰਵਾਈ ਨੰ. 2-11 (ਅ)

ਇਸ ਸੋਸਾਇਟੀ ਤੋਂ ਇਲਾਵਾ ਨਿਊਯਾਰਕ ਬਾਰ ਐਸੋਸੀਏਸ਼ਨ (ਵਕੀਲ ਸਭਾ) ਨੇ ਅਮਰੀਕਾ ਆਏ ਹਿੰਦੀ ਦੇਸ਼ ਭਗਤਾਂ ਤੇ ਵਿਦਿਆਰਥੀਆਂ ਦੀ ਸਹਾਇਤਾ ਲਈ ਨਿਊਯਾਰਕ ਵਿੱਚ 'ਇੰਡੀਆ ਹਾਊਸ' (ਹਿੰਦੀ ਘਰ) ਬਣਾਇਆ। ਜਿੱਥੇ ਹਿੰਦੀ ਬਿਨਾਂ ਕਰਾਇਆ ਲੈਣ ਤੋਂ ਰੱਖੇ ਜਾਂਦੇ। ਹਿੰਦੀ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਲਈ ਕਰਜ਼ਿਆਂ ਦਾ ਬੰਦੋਬਸਤ ਕੀਤਾ ਤੇ ਵਜ਼ੀਫੇ ਲਾਏ ਤੇ ਛੁੱਟੀਆਂ ਵਿੱਚ ਪੈਸੇ ਕਮਾਉਣ ਲਈ ਉਹਨਾਂ ਨੂੰ ਕੰਮ ਲੱਭਕੇ ਦਿੱਤੇ ਗਏ। ਇਸ ਗੱਲ ਦਾ ਅਖਬਾਰਾਂ ਤੇ ਲੈਕਚਰਾਂ ਰਾਹੀਂ ਬੜਾ ਪਰਚਾਰ ਕੀਤਾ ਗਿਆ ਤੇ ਅਮਰੀਕਨ ਲੋਕ ਰਾਏ ਨੂੰ ਹਿੰਦ ਵਲ ਹਮਦਰਦੀ ਜਤਾਉਣ ਲਈ ਪਰੇਰਿਆ ਤੇ ਉਤਸਾਹਿਆ ਗਿਆ।[1]

ਇਸ ਸੋਸਾਇਟੀ ਦੇ ਸੱਦੇ ਉਤੇ ਜਿਥੇ ਬਹੁਤ ਸਾਰੇ ਵਿਦਿਆਰਥੀ ਹਿੰਦ ਵਿੱਚੋਂ ਅਮਰੀਕਾ ਗਏ, ਜਿੱਦਾਂ ਸੁਰੇਂਦਰ ਮੋਹਣ ਬੋਸ, ਸੰਤ ਤੇਜਾ ਸਿੰਘ ਮਸਤੂਆਣਾ ਅਤੇ ਸ੍ਰ: ਹਰੀ ਸਿੰਘ ਚੀਮਾ ਆਦਿ। ਉਥੇ ਅੰਗਰੇਜ਼ੀ ਹਕੂਮਤ ਦੇ ਬਾਗੀ ਸ੍ਰੀ ਤਾਰਕਨਾਥ ਦਾਸ, ਲਾਲਾ ਰਾਮਨਾਥ ਪੁਰੀ ਖੇਮ ਕਰਨ, ਲਾਲਾ ਠਾਕੁਰ ਦਾਸ ਧੂਰੀ ਤੇ ਭੂਪਾਲ ਦੇ ਮੌਲਵੀ ਬਰਕਤ ਉਲਾ ਆਦਿ ਦੇਸ਼ ਭਗਤ ਵੀ ਨਿਊਯਾਰਕ ਪੁਜ ਕੇ ਇਸ ਸੋਸਾਇਟੀ ਵਿਚ ਜਾ ਰਲੇ ਤੇ ਨਿਊਯਾਰਕ ਦੇ ਇੰਡੀਆ ਹਾਊਸ ਵਿੱਚ ਦਾਖਲ ਹੋ ਗਏ।[2]

ਇਤਨਾ ਕੁਝ ਕਰਨ ਦੇ ਬਾਵਜੂਦ ਅਮਰੀਕਨਾਂ ਦੀ ਲੱਤ ਹਿੰਦੀ ਵਪਾਰ ਵਿੱਚ ਨਾ ਫਸ ਸਕੀ। ਇਸ ਦਾ ਇਕ ਕਾਰਨ ਇਹ ਸੀ ਕਿ ਅੰਗਰੇਜ਼ ਹਿੰਦ ਵਿਚ ਸਾਮਰਾਜੀ ਅਮਰੀਕਨਾਂ ਨੂੰ ਕੋਈ ਵੀ ਵਪਾਰਕ ਸਹੂਲਤ ਦੇਣ ਲਈ ਤਿਆਰ ਨਾ ਹੋਏ, ਉਹ ਵਧੇਰੇ ਚਿਪ ਗਏ। ਦੂਸਰੇ ਹਿੰਦੀ ਵਪਾਰੀ ਤੇ ਧਨੀ ਲੋਕ, ਜਿਨ੍ਹਾਂ ਉਤੇ ਇਹਨਾਂ ਦੀਆਂ ਆਸਾਂ ਸਨ, ਪਰਾਧੀਨ ਤੇ ਬਰਤਾਨਵੀ ਸਾਮਰਾਜੀ ਪਰਬੰਧ ਦੀ ਏਜੰਟੀ ਤੋਂ ਪੈਦਾ ਹੋ ਕੇ ਪਰਫੁਲਤ ਹੋਏ ਬੂਟੇ ਹੋਣ ਕਰਕੇ ਇਹਨਾਂ ਨੂੰ ਕੋਈ ਆਸਰਾ ਨਾ ਦੇ ਸਕੇ। ਕਿਸੇ ਹੱਥ ਵੀ ਘਿਓ ਨਿਕਲਦਾ ਨਾ ਵੇਖ ਇਸ ਸੋਸਾਇਟੀ ਦੇ ਕਰਤਾ ਧਰਤਾ ਅਮਰੀਕਨ ਢਿਲੇ ਪੈਣ ਲੱਗ ਪਏ ਤੇ ਛੇਤੀ ਹੀ ਢੇਰੀਆਂ ਢਾਹ ਬੈਠੇ। ਮੀਟਿੰਗਾਂ ਵਿੱਚ ਆਣਾ ਜਾਣਾ ਤੇ ਚੰਦਾ ਦੇਣਾ ਮੱਠਾ ਪੈ ਗਿਆ, ਜਿਸ ਕਰਕੇ ਇਹ ਸੋਸਾਇਟੀ ਮਾਲੀ ਔਕੜਾਂ ਦਾ ਸ਼ਿਕਾਰ ਹੋ ਗਈ। ਵਜ਼ੀਫੇ ਪੂਰੇ ਨਾ ਕਰ ਸਕੀ। ਇੰਡੀਆ ਹਾਊਸ ਚਲਾ ਨਾ ਸਕੀ। ਅਖੀਰ ਇਹ ਰਿੜ੍ਹਦੀ-ਰਿੜ੍ਹਦੀ 1909 ਵਿੱਚ ਆਕੇ ਟੁਟ ਗਈ ਤੇ ਖਤਮ ਹੋ ਗਈ।[3]

ਇਹ ਸੋਸਾਇਟੀ ਟੁਟ ਤਾਂ ਗਈ, ਪਰ ਇਹ ਅਮਰੀਕਾ ਦੀ ਲੋਕ ਰਾਏ ਦਾ ਹਿੰਦੁਸਤਾਨ ਵਲ ਮੁਹਾਣਾ ਮੋੜ ਗਈ। ਇੱਕ ਤਾਂ ਇਹ ਅਮਰੀਕਾ ਦੇ ਸਾਮਰਾਜੀਆਂ ਅੰਦਰ ਬਰਤਾਨਵੀ ਸਾਮਰਾਜ ਨਾਲ ਸ਼ਰੀਕੇ ਦੇ ਧੂਏਂ ਨੂੰ ਧੁਖਾ ਗਈ, ਜਿਸ ਨਾਲ ਉਹ ਆਪਣੇ ਆਰਥਕ ਲਾਭਾਂ ਪਿੱਛੇ ਹਿੰਦ ਦੀ ਕੌਮੀ ਅਜ਼ਾਦੀ ਨਾਲ ਹਮਦਰਦੀ ਜਤਾਉਣ ਲੱਗ ਪਏ। ਇਸ ਵਿਚਾਰ ਹੇਠ ਹੀ ਅਮਰੀਕਾ ਗਏ ਹਿੰਦੀਆਂ ਨੂੰ ਅਮਰੀਕਨ ਲੋਕ ਗੁਲਾਮ ਹੋਣ ਦੇ ਤਾਅਨੇ ਦੇਣ ਲੱਗੇ ਤੇ ਅਮਰੀਕਨ ਪਰੋਫੈਸਰਾਂ ਤੇ ਮਿਸ਼ਨਰੀਆਂ ਦਾ ਹਿੰਦੀਆਂ ਵਲ ਰਵਈਆ ਹਮਦਰਦੀ ਭਰਿਆ ਹੋ ਗਿਆ।

---

1. ਉਤਲਿਖਤ (ਅ) ਅਕਤੂਬਰ 1907, ਕਾਰਵਾਈ ਨੰ. 80-87
2. ਉਤਲਿਖਤ ਕਾਰਵਾਈ ਨੰ. 80-87
3. ਉਤਲਿਖਤ

ਦੂਜੇ ਇਹ ਸੋਸਾਇਟੀ ਅਮਰੀਕਾ ਵਿਚ ਹਿੰਦੀ ਦੇਸ਼ ਭਗਤਾਂ ਦੇ ਜਾ ਕੇ ਰਹਿਣ ਤੇ ਵਿਦਿਆਰਥੀਆਂ ਦੇ ਆ ਕੇ ਪੜ੍ਹਨ ਦਾ ਰਵਾਜ ਪਾ ਗਈ। ਇਹ ਸੋਸਾਇਟੀ ਭਾਵੇਂ ਟੁਟ ਗਈ, ਪਰ ਝਬਦੇ ਹੀ ਨਿਊਯਾਰਕ ਤੇ ਸ਼ਿਕਾਗੋ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਤੇ ਦੇਸ਼ ਭਗਤਾਂ ਨੇ ਆਪਣੀਆਂ ਇਸ ਤਰ੍ਹਾਂ ਦੀਆਂ ਸੋਸਾਇਟੀ ਬਣਾ ਲਈਆਂ, ਜਿਨ੍ਹਾਂ ਨਾਲ ਹਿੰਦੀਆਂ ਨੂੰ ਆਪਸ ਵਿੱਚ ਜੋੜਨ ਤੇ ਮਿਲ ਬਹਿਣ ਦਾ ਮੌਕਾ ਮਿਲਦਾ ਰਿਹਾ।

ਤੀਜੇ ਇਸ ਸੋਸਾਇਟੀ ਨੇ ਆਇਰਲੈਂਡ ਤੇ ਰੂਸ ਦੇ ਇਨਕਲਾਬੀਆਂ ਦੀ ਵਾਕਫੀ ਹਿੰਦੀ ਦੇਸ਼ ਭਗਤਾਂ ਨਾਲ ਕਰਵਾ ਦਿੱਤੀ। ਇਹ ਵਾਕਫੀ ਅਗਾਂਹ ਵਧਕੇ ਬਾਕਾਇਦਾ ਮਿਲਵਰਤਣ ਤੇ ਇਕ ਦੂਜੇ ਨੂੰ ਸਹਾਇਤਾ ਦੇਣ ਦਿਵਾਣ ਤਕ ਵੱਧ ਗਈ। ਇਸ ਮੇਲ ਮਿਲਾਪ ਨੇ ਹਿੰਦੀ ਲੋਕਾਂ ਦੀ ਅਗਲੀ ਲਹਿਰ ਵਿਚ ਬੜਾ ਕੰਮ ਦਿੱਤਾ ਜੋ ਅੰਗਰੇਜ਼ੀ ਰਾਜ ਵਿਰੁਧ ਲੜਾਈ ਦਾ ਰਾਹ ਫੜਨ ਵਿਚ ਬਹੁਤ ਸਹਾਈ ਹੋਇਆ।

## ਸ਼ਾਂਤ ਸਾਗਰ ਦਾ ਕੰਢਾ

ਇੰਡੀਆ ਹਾਊਸ ਬੰਦ ਹੋਣ ਨਾਲ ਆਪਣਾ ਖਰਚ ਦੇ ਕੇ ਪੜ੍ਹ ਤੇ ਰਹਿ ਸਕਣ ਵਾਲੇ ਦੇਸ਼-ਭਗਤ ਤੇ ਵਿਦਿਆਰਥੀ ਤਾਂ ਇਥੇ ਰਹਿ ਗਏ, ਬਾਕੀ ਕਮਾਕੇ ਖਰਚ ਪੂਰਾ ਕਰਨ ਵਾਲੇ ਵਿਦਿਆਰਥੀ ਤੇ ਪੈਸਾ ਨਾ ਪੱਲੇ ਹੋਣ ਵਾਲੇ ਦੇਸ਼-ਭਗਤ ਅਮਰੀਕਾ ਦੇ ਸਨਅਤੀ ਪੂਰਬ ਨੂੰ ਛਡਕੇ ਪਛਮੀ ਕੰਢੇ ਉਤੇ ਚਲੇ ਗਏ। ਕਿਉਂਕਿ ਇਹ ਲੋਕ ਸਨਅਤੀ ਕੰਮ ਤਾਂ ਕੋਈ ਜਾਣਦੇ ਨਹੀਂ ਸਨ। ਇਸ ਲਈ ਸਧਾਰਨ ਮਿਹਨਤ ਨਾਲ ਖੇਤਾਂ, ਜੰਗਲਾਂ ਤੇ ਰੇਲ ਦੀਆਂ ਪਟੜੀਆਂ ਉਤੇ ਕੰਮ ਕਰਨ ਲਈ ਏਧਰ ਆਏ ਤੇ ਏਧਰ ਦੇਸ਼ ਵਿੱਚੋਂ ਅਗੇ ਹੀ ਆ ਚੁਕੇ ਅਤੇ ਦਿਨੋਂ ਦਿਨ ਹੋਰ ਆ ਰਹੇ ਹਿੰਦੀਆਂ ਵਿੱਚ ਜਾ ਰਲੇ।

ਸ੍ਰ: ਹਰੀ ਸਿੰਘ ਚੀਮਾ ਸ਼ਿਕਾਗੋ ਚਲਿਆ ਗਿਆ, ਸੰਤ ਤੇਜਾ ਸਿੰਘ ਵੈਨਕੋਵਰ ਪੁਜ ਗਿਆ, ਮੌਲਵੀ ਬਰਕਤ ਉਲਾ ਨੂੰ ਟੋਕੀਓ (ਜਾਪਾਨ) ਯੂਨੀਵਰਸਿਟੀ ਵਿਚ ਅਰਬੀ ਤੇ ਫਾਰਸੀ ਪੜ੍ਹਾਉਣ ਦੀ ਪਰੋਫੈਸਰੀ ਲੈ ਦਿਤੀ ਗਈ। ਸੁਰੇਂਦਰ ਮੋਹਣ ਬੋਸ ਤੇ ਤਾਰਕ ਨਾਥ ਦਾਸ ਸੀਆਟਲ ਆ ਗਏ। ਠਾਕੁਰ ਦਾਸ ਧੂਰੀ ਔਰੇਗਨ ਦੀ ਰਿਆਸਤ ਵਿਚ ਸੇਂਟ ਜਾਨ ਦੇ ਹਿੰਦੀ ਮਜ਼ਦੂਰਾਂ ਵਿੱਚ ਜਾ ਰਲਿਆ। ਸ੍ਰੀ ਰਾਮ ਨਾਥ ਪੁਰੀ ਕੈਲੇਫੋਰਨੀਆ ਚਲਿਆ ਗਿਆ।

ਇਸ ਤਰ੍ਹਾਂ ਅਮਰੀਕਾ ਵਿੱਚ ਗਏ ਤਕਰੀਬਨ ਸਾਰੇ ਹਿੰਦੀ ਸ਼ਾਂਤ ਸਾਗਰ ਦੇ ਕੰਢੇ ਉਤੇ ਕੈਨੇਡਾ ਤੇ ਅਮਰੀਕਾ ਦੇ ਸੂਬਿਆਂ ਵਿਚ ਜਾ ਇੱਕਠੇ ਹੋਏ ਤੇ ਏਥੇ ਹੀ ਮਜ਼ਦੂਰੀਆਂ ਕਰਨ ਲੱਗ ਪਏ। ਸੰਨ 1909 ਤਕ ਕਈ ਹਜ਼ਾਰ ਹਿੰਦੀ ਪੁਜ ਗਏ। ਪਰਦੇਸਾਂ ਵਿੱਚ ਰਹਿਣ ਦੇ ਕਾਰਣ ਇਹ ਲੋਕ ਨਿੱਕੀਆਂ ਨਿੱਕੀਆਂ ਟੋਲੀਆਂ ਵਿਚ ਹੋ ਕੇ ਲੱਕੜਾਂ ਚੀਰਨ ਦੇ ਕਾਰਖਾਨਿਆਂ, ਜੰਗਲਾਂ ਨੂੰ ਸਾਫ ਕਰਨ, ਜ਼ਮੀਨਾਂ ਪਧਰੀਆਂ ਕਰਨ ਤੇ ਰੇਲਾਂ ਦੀਆਂ ਪਟੜੀਆਂ ਉਤੇ ਕੰਮ ਕਰਨ ਲੱਗੇ, ਜਿਥੇ ਕਿਸੇ ਕਾਰੀਗਰੀ ਦੀ ਲੋੜ ਨਹੀਂ ਸੀ, ਸਿਧੀ ਸਰੀਰਕ ਸ਼ਕਤੀ ਦੀ ਹੀ ਜ਼ਰੂਰਤ ਸੀ।

ਇਹਨਾਂ ਲੋਕਾਂ ਦੀਆਂ ਵਸਤੀਆਂ ਤੇ ਕੰਮ ਕਰਨ ਦੇ ਤਿੰਨ ਵੱਡੇ ਕੇਂਦਰ ਬਣੇ। ਇਕ ਕੈਲੇਫੋਰਨੀਆ ਦੀ ਰਿਆਸਤ ਵਿੱਚ ਸਾਨਫਰਾਂਸਿਸਕੋ ਤੇ ਇਸ ਦੇ ਨੇੜੇ ਤੇੜੇ ਦਾ ਇਲਾਕਾ, ਦੂਸਰਾ ਔਰੇਗਨ ਤੇ ਵਾਸ਼ਿੰਗਟਨ ਦੀਆਂ ਰਿਆਸਤਾਂ ਵਿਚਾਲੇ ਵਗ ਰਹੇ ਦਰਿਆ ਕੋਲੰਬੂਆਂ ਦੇ ਕੰਢੇ ਦੇ

ਔਰੇਗਨ ਸੇਂਟ ਜਾਨ, ਪੋਰਟਲੈਂਡ, ਸੀਆਟਲ, ਆਸਟੋਰੀਆ ਆਦਿਕ ਸ਼ਹਿਰ, ਜੋ ਇਕ ਦੂਜੇ ਤੋਂ ਲਾਗੇ ਲਾਗੇ ਹੀ ਸਨ ਅਤੇ ਇਹਨਾਂ ਦਾ ਆਲਾ ਦੁਆਲਾ, ਤੀਸਰਾ ਕੈਨੇਡਾ ਵਿੱਚ ਬਰਿਟਿਸ਼ ਕੋਲੰਬੀਆ ਦੇ ਸੂਬੇ ਦੇ ਵੈਨਕੋਵਰ ਵਿਕਟੋਰੀਆ ਤੇ ਵੈਸਟ ਮਿਨਿਸਟਰ ਦੇ ਸ਼ਹਿਰ ਤੇ ਇਹਨਾਂ ਦਾ ਲਾਗਾ ਬੰਨਾ। ਇਹ ਤਿੰਨ ਵਡੇ ਕੇਂਦਰ ਸਨ, ਜਿਥੇ ਇਹ ਲੋਕ ਦੁਰਾਡੇ ਜੰਗਲਾਂ ਤੇ ਰੇਲਾਂ ਦੀਆਂ ਪਟੜੀਆਂ ਉਤੇ ਕੰਮ ਕਰਦੇ ਹੋਏ ਵੀ ਕੰਮ ਬੰਦ ਜਾਂ ਛੁਟੀ ਹੋਣ ਉਤੇ ਆ ਇਕੱਠੇ ਹੁੰਦੇ।

ਇਹਨਾਂ ਵਿੱਚੋਂ ਜ਼ਿਆਦਾ ਲੋਕ 1906 ਤੋਂ 1910 ਤਕ ਆਏ ਤੇ ਇਹਨਾਂ ਆਉਣ ਵਾਲਿਆਂ ਵਿਚੋਂ ਬਹੁਤੇ ਉਹ ਸਨ, ਜੋ ਪੰਜਾਬ ਤੋਂ ਸਿਧੇ ਆਏ, ਜਿਥੇ ਅੰਗਰੇਜ਼ੀ ਰਾਜ ਵਿਰੁਧ ਉਦੋਂ ਘੋਲ ਚਲ ਰਿਹਾ ਸੀ। ਪੰਜਾਬ ਦੀ ਲਹਿਰ ਦਾ ਫ਼ੌਜਾਂ ਉਤੇ ਵੀ ਅਸਰ ਪਿਆ ਹੋਇਆ ਸੀ। ਇਸ ਲਈ ਪੰਜਾਬ ਵਿਚੋਂ ਆਉਣ ਵਾਲੇ ਹਿੰਦੀ ਜੋ ਬਹੁਤੇ ਫੌਜੀ ਸਨ, ਆਪਣੇ ਅੰਦਰ ਕੌਮੀ ਜਾਗਰਤ ਦੀ ਚਿਣਗ ਲੈਕੇ ਆਏ। ਇਹ ਚਿਣਗ ਅਮਰੀਕਨ ਤੇ ਕੈਨੇਡੀਅਨ ਜੀਵਨ ਵਿੱਚ ਪੇਸ਼ ਆਈਆਂ ਕਠਨਾਈਆਂ ਦਾ ਮੁਕਾਬਲਾ ਕਰਨ ਦੇ ਘੋਲ ਵਿੱਚ ਰਗੜਾ ਖਾ ਕੇ ਅੰਗਰੇਜ਼ ਰਾਜ ਵਿਰੋਧੀ ਇੱਕ ਇਨਕਲਾਬੀ ਲਹਿਰ ਬਣ ਗਈ।

ਦੂਜਾ ਕਾਂਡ

# ਕੈਲੇਫੋਰਨੀਆ ਵਿਚ ਪਹਿਲ

## ਹਿੰਦੀ ਇਨਕਲਾਬੀਆਂ ਦਾ ਦੇਸ ਨਿਕਾਲਾ

ਉਨੀਵੀਂ ਸਦੀ ਦੇ ਅੰਤ ਤੇ ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਸਾਰੇ ਜਗਤ ਦਾ ਸਰਮਾਏਦਾਰ ਪਰਬੰਧ ਆਰਥਕ ਸੰਕਟ ਵਿੱਚ ਫਸ ਗਿਆ। ਸਾਮਰਾਜੀਆਂ ਤੇ ਸਰਮਾਏਦਾਰਾਂ ਨੇ ਇਸ ਵਿਚੋਂ ਨਿਕਲਣ ਵਾਸਤੇ ਇਕਤੱਰ ਤਾਂ ਆਪਣੇ ਗ਼ੁਲਾਮ ਤੇ ਨੀਮ ਗੁਲਾਮ ਦੇਸਾਂ ਤੇ ਜਮਾਤਾਂ ਦੀ ਲੁਟ ਖੋਹ ਨੂੰ ਹੋਰ ਤੇਜ਼ ਤੇ ਗਾਹੜਾ ਕੀਤਾ। ਦੂਸਰੇ ਬੰਨੇ ਨਵੀਆਂ ਮੰਡੀਆਂ ਮਲਣ ਲਈ ਚੀਨ ਦੀ ਬਾਂਦਰ ਵੰਡ ਕਰਨ ਤੇ ਚੀਨੀ ਲੋਕਾਂ ਵਿੱਚ ਉਭਰੀ ਪਛਮੀ ਸਾਮਰਾਜੀਆਂ ਵਿਰੁਧ ਲਹਿਰ ਨੂੰ ਕੁਚਲਨ ਵਾਸਤੇ ਜ਼ਾਰ ਰੂਸ, ਜਾਪਾਨੀ, ਜਰਮਨ, ਅੰਗਰੇਜ਼ੀ ਤੇ ਫ਼ਰਾਂਸੀਸੀ ਸਾਮਰਾਜੀ ਫੌਜਾਂ ਨੇ ਚੀਨ ਉਤੇ ਹਮਲਾ ਕਰ ਦਿਤਾ ਤੇ ਚੀਨ ਦੀਆਂ ਸ਼ਾਂਤ ਸਾਗਰ ਦੀਆਂ ਬੰਦਰਗਾਹਾਂ ਉਤੇ ਕਬਜ਼ੇ ਜਮਾ ਲਏ। ਬਾਅਦ ਵਿਚ ਮਨਚੂਰੀਆ ਤੇ ਕੋਰਯਾ ਨੂੰ ਮਲਣ ਵਾਸਤੇ ਜਾਪਾਨੀ ਫੌਜਾਂ ਨੇ ਜ਼ਾਰ ਰੂਸ ਦੇ ਚੀਨੀ ਤੇ ਕੋਰਯਾ ਦੇ ਇਲਾਕੇ ਉਤੇ ਹਮਲਾ ਕੀਤਾ। ਇਸ ਲੜਾਈ ਵਿੱਚ ਜ਼ਾਰ ਦੀਆਂ ਫ਼ੌਜਾਂ ਹਾਰ ਗਈਆਂ ਤੇ ਉਸ ਨੂੰ ਕੋਰਯਾ ਤੇ ਪੋਰਟ ਆਰਥਰ ਜਾਪਾਨ ਦੇ ਹਵਾਲੇ ਕਰਨੇ ਪਏ।[1]

ਸਾਮਰਾਜੀਆਂ ਦੇ ਸਰਮਾਏਦਾਰਾਂ ਦੀ ਇਸ ਸੰਕਟ ਦੀ ਸੱਟ ਆਪਣੇ ਗੁਲਾਮ ਤੇ ਨੀਮ ਗ਼ੁਲਾਮ ਦੇਸਾਂ ਤੇ ਹੇਠਲੀਆਂ ਜਮਾਤਾਂ ਉਤੇ ਉਤਾਰਨ ਕਰਕੇ ਜਨਤਾ ਵਿੱਚ ਜਗਤ ਵਿਆਪੀ ਕੌਮੀ ਤੇ ਜਮਾਤੀ ਲਹਿਰਾਂ ਉਠੀਆਂ। ਚੀਨ ਵਿੱਚ ਜਾਗੀਰਦਾਰਾਂ ਤੇ ਬਦੇਸ਼ੀ ਸਾਮਰਾਜੀਆਂ ਦੇ ਖ਼ਿਲਾਫ਼ ਉਠੀ ਹੋਈ ਰੋਸ ਲਹਿਰ ਚਮਕ ਪਈ। ਰੂਸ ਵਿਚ ਮਜ਼ਦੂਰ ਹੜਤਾਲਾਂ ਹੋਈਆਂ, 1905 ਵਿਚ ਜਾ ਕੇ ਹਥਿਆਰਬੰਦ ਇਨਕਲਾਬ ਵਿੱਚ ਪੁੰਗਰ ਪਈਆਂ।

ਅੰਗਰੇਜ਼ ਸਾਮਰਾਜੀਆਂ ਨੇ ਦਵਾਮੀ ਬੰਦੋਬਸਤ ਦਾ ਘੇਰਾ ਤੰਗ ਕਰਨ ਲਈ ਬੰਗਾਲ ਨੂੰ ਪਾੜ ਕੇ ਦੋ ਕੀਤਾ, ਦੱਖਣ ਵਿਚ ਮੋਪਲਿਆਂ ਨੂੰ ਬੇਦਖ਼ਲ ਕਰਕੇ ਜ਼ਮੀਨਾਂ ਚਾਹ ਤੇ ਰਬੜ ਦੇ ਬਾਗਾਂ ਲਈ ਵੇਹਲੀਆਂ ਕਰਾਉਣੀਆਂ ਸ਼ੁਰੂ ਕਰਵਾਈਆਂ। ਪੰਜਾਬ ਵਿਚ ਲਾਇਲਪੁਰ ਦੀ ਬਾਰ ਵਸਾਉਣ ਦਾ ਕੰਮ ਆਰੰਭਿਆ। ਹਿੰਦ ਵਿੱਚ ਵੀ ਕੌਮੀ ਲਹਿਰ ਅੰਦਰ ਅੰਗਰੇਜ਼ ਵਿਰੋਧੀ ਪੱਖ ਉਜਾਗਰ ਹੋ ਗਿਆ, ਜੋ ਪੰਜਾਬ ਅੰਦਰ ਇਕ ਜਨਤਕ ਲਹਿਰ ਬਣ ਗਿਆ ਤੇ ਲਾਇਲਪੁਰ ਦੀ ਬਾਰ ਵਿਚ ਮੁਰਬਿਆਂ ਦੀ ਮਾਲਕੀ ਦੀਆਂ ਸ਼ਰਤਾਂ ਵਿੱਰੁਧ ਐਜੀਟੇਸ਼ਨ ਵਿੱਚ ਫੁਟ ਪਿਆ ਤੇ ਬੰਗਾਲ ਵਿਚ ਸੂਬੇ ਦੀ ਵੰਡ ਦੇ ਖ਼ਿਲਾਫ਼ ਬਦੇਸ਼ੀ ਮਾਲ ਦੇ ਬਾਈਕਾਟ ਦਾ ਰੂਪ ਧਾਰ ਗਿਆ।

ਜ਼ਾਰ ਦੀ ਜਾਪਾਨ ਹਥੋਂ ਹਾਰ ਤੇ 1905 ਵਿੱਚ ਰੂਸੀ ਪਰਜਾ ਦੀ ਜ਼ਾਰ ਦੇ ਖ਼ਿਲਾਫ਼ ਹਥਿਆਰਬੰਦ ਲੜਾਈ ਨੇ ਹਿੰਦ ਤੇ ਚੀਨ ਦੀਆਂ ਕੌਮੀ ਲਹਿਰਾਂ ਉਤੇ ਬੜਾ ਅਸਰ ਕੀਤਾ। ਜਾਪਾਨ ਹੱਥੋਂ ਜ਼ਾਰ ਰੂਸ ਦੀ ਹਾਰ ਤੋ ਏਸ਼ੀਆਈ ਤੇ ਖ਼ਾਸ ਕਰਕੇ ਹਿੰਦੀ ਲੋਕਾਂ ਦਾ ਇਹ ਭਰਮ ਟੁਟ ਗਿਆ, ਜੋ 1857 ਦੀ ਜੰਗ ਆਜ਼ਾਦੀ ਦੀ ਲੜਾਈ ਦੇ ਅਸਫ਼ਲ ਹੋ ਜਾਣ ਤੋਂ ਬਾਅਦ ਹਿੰਦ ਵਿੱਚ

---

1. ਸੋਵੀਅਤ ਯੂਨੀਅਨ ਦੀ ਕਮਿਊਨਿਸਟ (ਬੋਲਸ਼ਵਿਕ) ਪਾਰਟੀ ਦਾ ਇਤਿਹਾਸ, ਸਫਾ 54

ਵਧੇਰੇ ਪਰਧਾਨ ਸੀ ਕਿ ਚਿਟੀਆਂ ਕੌਮਾਂ ਅਜਿਤ ਹਨ ਤੇ ਹਰਾਈਆਂ ਨਹੀਂ ਜਾ ਸਕਦੀਆਂ।[1] ਦੂਸਰੇ ਰੂਸੀ ਇਨਕਲਾਬ ਨੇ ਹਿੰਦੀ ਲੋਕਾਂ ਦੀ ਦਿਲਚਸਪੀ ਆਪਣੇ ਵੱਲ ਖਿਚੀ।

ਰੂਸੀ ਇਨਕਲਾਬ ਬਾਰੇ ਸਾਡੀ ਲੋਕ ਰਾਏ ਇਹ ਸੀ ਕਿ, ਜੋ 15 ਸਤੰਬਰ 1906 ਦੇ ਟਰਬਿਊਨ ਵਿਚ ਇਕ ਨੋਟ ਰਾਹੀਂ ਪਰਗਟ ਕੀਤੀ ਗਈ ਹੈ।

"ਰੂਸ ਵਿੱਚ ਇਨਕਲਾਬ ਪੂਰੇ ਜ਼ੋਰਾਂ ਉਤੇ ਹੈ, ਦਿਨ ਪਰ ਦਿਨ ਡਰ ਭੈ ਦੀਆਂ ਖ਼ਬਰਾਂ ਆ ਰਹੀਆਂ ਹਨ, ਜੋ ਦੱਸਦੀਆਂ ਹਨ ਕਿ ਉਥੇ ਕਿਸ ਤਰ੍ਹਾਂ ਕਤਲ ਤੇ ਗ਼ਾਰਤ-ਗਰੀ ਦਾ ਬਾਜ਼ਾਰ ਗਰਮ ਹੈ। ਇਹ ਕਹਿਰ ਕਿਸੇ ਇਕ ਇਲਾਕੇ ਵਿੱਚ ਨਹੀਂ ਹੋ ਰਿਹਾ, ਸਗੋਂ ਜ਼ਾਰ ਦੇ ਸਾਰੇ ਰਾਜ ਵਿੱਚ ਇਹ ਡਾਕੀ ਦੀ ਬਿਮਾਰੀ ਫੈਲੀ ਹੋਈ ਹੈ। ਲੋਕਾਂ ਨੂੰ ਵਿਧਾਨਕ ਸਰਕਾਰ ਦੇਣ ਦਾ ਵਾਇਦਾ ਕੀਤਾ ਗਿਆ ਸੀ, ਪਰ ਦਿੱਤਾ ਗਿਆ ਹੈ, ਖਾਲੀ ਠੂਠਾ। ਹਾਰਕੇ ਲੋਕ ਮਾਰਨ ਮਰਨ ਤੇ ਪਹੁੰਚ ਗਏ ਹਨ ਤੇ ਰੂਸੀ ਸਰਕਾਰ ਪਾਸੋਂ ਜੋ ਮਿਲੇ ਲੈਣ ਲਈ ਮੈਦਾਨ ਵਿੱਚ ਆ ਗਏ ਹਨ ਤੇ ਇਹੋ ਜਿਹੇ ਘਿਨਾਉਣੇ ਕਾਰੇ ਕਰ ਰਹੇ ਹਨ। ਵਿਧਾਨਕ ਆਜ਼ਾਦੀ ਵਾਲੇ ਦੇਸਾਂ ਦੇ ਲੋਕ ਭਾਵੇਂ ਰੂਸ ਵਿੱਚ ਹੋ ਰਹੇ ਇਹਨਾਂ ਕਾਰਿਆਂ ਨੂੰ ਕਿੰਨਾਂ ਹੀ ਬੁਰਾ ਤੇ ਘਿਨਾਉਣਾ ਸਮਝਣ, ਪਰ ਇਹਨਾਂ ਦਾ ਹਲ ਇਹੋ ਹੀ ਹੈ ਕਿ ਇਹਨਾਂ ਦੇ ਕਾਰਨ ਨੂੰ ਦੂਰ ਕੀਤਾ ਜਾਵੇ।"

ਇਸ ਜਗਤ ਮੰਦਵਾੜੇ ਵਿੱਚੋਂ ਨਿਕਲਣ ਵਾਸਤੇ ਅੰਗਰੇਜ਼ੀ ਸਾਮਰਾਜ ਨੇ ਹਿੰਦੀ ਵਸੋਂ ਦੇ ਵਿਸ਼ਾਲ ਹਿੱਸੇ ਨੂੰ ਹੋਰ ਵਧੇਰੇ ਨਪੀੜਿਆ। ਇਸ ਨਾਲ ਕੌਮੀ ਜਾਗਰਤਾ ਵੱਡੇ ਵੱਡੇ ਮਿਲਵਰਤਣੀਏ ਧਨਾਢਾਂ ਦੀ ਕੌਮੀ ਕਾਂਗਰਸ ਤੋਂ ਅਗਾਂਹ ਵਧਕੇ ਵਸੋਂ ਦੇ ਹੋਰਨਾਂ ਤਬਕਿਆਂ-ਦੇਸੀ ਕਾਰਖਾਨੇਦਾਰਾਂ, ਵੱਡੇ ਹੁਨਰਮੰਦਾਂ, ਵਕੀਲਾਂ, ਪਰੋਫੈਸਰਾਂ, ਡਾਕਟਰਾਂ, ਉਸਤਾਦਾਂ, ਦੁਕਾਨਦਾਰਾਂ ਤੇ ਖਾਂਦੇ ਪੀਂਦੇ ਕਿਸਾਨਾਂ ਵਿੱਚ ਵੀ ਉਭਰੀ। ਉਤੇ ਦੱਸੇ ਦੋਂਹ ਕੌਮਾਂਤਰੀ ਅਸਰਾਂ ਨਾਲ ਕੌਮੀ ਲਹਿਰ ਦਾ ਇਹ ਨਵਾਂ ਹਿੱਸਾ ਅੰਗਰੇਜ਼ੀ ਰਾਜ ਨਾਲ ਵਰਤਕੇ ਚਲਣ ਵਾਲਾ ਕਾਂਗਰਸ ਦਾ ਰਾਹ ਛੱਡਕੇ ਬਾਹਲਾ ਅੰਗਰੇਜ਼ ਵਿਰੋਧੀ ਰੁਖ ਧਾਰਨ ਕਰ ਗਿਆ। ਕਾਂਗਰਸ ਦਾ ਹੀ ਇਹ ਅੰਗ ਅੰਗਰੇਜ਼ੀ ਰਾਜ ਤੇ ਉਸ ਦੇ ਮਾਲ ਦੇ ਬਾਈਕਾਟ ਤੇ ਸਵਦੇਸ਼ੀ ਦੀ ਲੀਹੇ ਪੈ ਗਿਆ, ਸਵਰਾਜ ਦੀ ਮੰਗ ਕਰਨ ਲੱਗ ਪਿਆ, ਜਿਸ ਦੇ ਲੀਡਰ ਬਾਲ ਗੰਗਾਧਰ ਤਿਲਕ ਸਨ। ਇੱਕ ਅੰਗ ਕੱਟੜ ਅੰਗਰੇਜ਼ ਵਿਰੋਧੀ ਹੋ ਕੇ ਤੁਰ ਪਿਆ, ਜਿਨ੍ਹਾਂ ਦੇ ਆਗੂ ਸ੍ਰੀਮਤੀ ਭੀਖਮ ਜੀ ਕਾਮਾ, ਸ੍ਰੀ ਕਰਿਸ਼ਨ ਵਰਮਾ, ਸ੍ਰੀ ਸਾਵਰਕਰ, ਸੂਫੀ ਅੰਬਾ ਪਰਸ਼ਾਦ ਆਦਿ ਸਨ। ਇੱਕ ਹੋਰ ਅੰਗ ਜੋ ਬਾਹਲਾ ਬੰਗਾਲੀ ਨੌਜਵਾਨਾਂ ਦਾ ਸੀ, ਨੇ ਬੰਬ, ਪਿਸਤੌਲ ਦੀ ਵਰਤੋਂ ਵਾਲਾ ਯਰਕਾਊ ਰਾਹ ਫੜ ਗਿਆ। ਇਸ ਤਰ੍ਹਾਂ ਕੌਮੀ ਲਹਿਰ ਅੰਦਰ ਇਹ ਨਵੀਆਂ ਧਾਰਾਂ ਵਗ ਤੁਰੀਆਂ, ਜਿਨ੍ਹਾਂ ਦਾ ਰਸਤਾ ਭਾਵੇਂ ਕੋਈ ਸੀ, ਪਰ ਮੁਹਾਣ ਅੰਗਰੇਜ਼ ਵਿਰੋਧੀ ਸੀ।

ਕੌਮੀ ਲਹਿਰ ਦੀਆਂ ਧਾਰਾਂ ਦਾ ਇਹ ਅੰਗ 1906 ਵਿੱਚ ਉਭਰਕੇ ਸਾਹਮਣੇ ਆ ਗਿਆ। ਪੰਜਾਬ ਵਿੱਚ ਅੰਗਰੇਜ਼ ਵਿਰੁੱਧ ਇਹ ਲੋਕ-ਸੂਝ ਇੱਕ ਜ਼ਬਰਦਸਤ ਲਹਿਰ ਬਣ ਗਈ। ਇਸ ਨੇ ਕੌਮੀ ਲਹਿਰ ਦੇ ਸ਼ਹਿਰੀ ਅੰਗ ਨੂੰ ਪੇਂਡੂ ਅੰਗ ਨਾਲ ਜੋੜ ਦਿੱਤਾ। ਇਸ ਮੇਲ ਨਾਲ 1906-1908 ਤੱਕ ਅੰਗਰੇਜ਼ ਵਿਰੁੱਧ ਉਹ ਐਜੀਟੇਸ਼ਨ ਹੋਈ, ਜਿਸ ਨੇ ਪੰਜਾਬ ਦੀ ਕੌਮੀ ਲਹਿਰ ਦੀ ਧਾਰ ਬਹੁਤ ਤਿਖੀ ਤੇ ਮੋਟੀ ਕਰ ਦਿੱਤੀ। ਇਸ ਲਹਿਰ ਵਿੱਚ ਸੂਫੀ ਅੰਬਾ ਪਰਸ਼ਾਦ, ਸ੍ਰ. ਅਜੀਤ ਸਿੰਘ, ਲਾਲਾ ਲਾਜਪਤਰਾਏ, ਸ੍ਰ. ਸਵਰਨ ਸਿੰਘ, ਲਾਲਾ ਪਿੰਡੀ ਦਾਸ ਤੇ ਸ੍ਰੀਮਤੀ ਸਰਲਾ ਦੇਵੀ

---

1. 'ਬਰਤਾਨੀਆਂ ਤੇ ਹਿੰਦੁਸਤਾਨ', ਰ. ਕੂਪਲੈਂਡ, ਸਫਾ 54

ਆਦਿ ਆਗੂ ਵਰਨਣ ਯੋਗ ਹਨ। 1907 ਵਿੱਚ ਇਹ ਲਹਿਰ ਕਿਸਾਨਾਂ ਤੇ ਰੇਲ ਦੇ ਮਜ਼ਦੂਰਾਂ ਨਾਲ ਜਾ ਰਲੀ, ਜਿਸ ਨੇ ਅੰਗਰੇਜ਼ੀ ਸਾਮਰਾਜ ਲਈ ਬੜਾ ਤੌਖਲਾ ਪੈਦਾ ਕਰ ਦਿੱਤਾ।

ਪੰਜਾਬ ਅੰਦਰ ਇਸ ਲਹਿਰ ਨੇ ਬਹੁਤ ਵਿਸਥਾਰ ਤੇ ਜ਼ੋਰ ਫੜਿਆ। ਇਸ ਲਹਿਰ ਨੂੰ ਆਪ ਵਰਨਣ ਕਰਨ ਨਾਲੋਂ ਅਸੀਂ ਉਸ ਵੇਲੇ ਦੇ ਪੰਜਾਬ ਉਤੇ ਥੱਪੇ ਹੋਏ ਲੈਫਟੀਨੈਂਟ ਗਵਰਨਰ ਸਰ ਡੈਨਜ਼ਿਲ ਇਬਟਸਨ ਦੀ ਉਹੀ ਚਿਠੀ ਪੇਸ਼ ਕਰਦੇ ਹਾਂ, ਜੋ ਉਸ ਨੇ ਹਿੰਦ ਵਿੱਚ ਅੰਗਰੇਜ਼ਾਂ ਦੀ ਕੇਂਦਰੀ ਸਰਕਾਰ ਨੂੰ ਲਿਖੀ ਤੇ ਜਿਹੜੀ ਰੌਲਟ ਰਿਪੋਰਟ ਦੇ ਸਫਾ 141-42 ਉਤੇ ਦਰਜ ਹੈ।

"ਸੂਬੇ ਦੇ ਚੜ੍ਹਦੇ ਲਹਿੰਦੇ ਵਲ ਕੇਵਲ ਪੜ੍ਹੀਆਂ ਲਿਖੀਆਂ ਜਮਾਤਾਂ ਵਿੱਚ ਹੀ ਨਵੇਂ ਖਿਆਲ ਆਏ ਹਨ, ਉਹ ਵੀ ਜ਼ਿਆਦਾ ਵਕੀਲਾਂ, ਕਲਰਕਾਂ ਤੇ ਵਿਦਿਆਰਥੀਆਂ ਵਿੱਚ। ਸ਼ਹਿਰਾਂ ਵਿੱਚ ਅਨੁਭਵਤਾ ਬਹੁਤ ਤਕੜੀ ਹੈ ਤੇ ਸਰਗਰਮੀ ਅਤੇ ਬੇਚੈਨੀ ਦੀਆਂ ਬਹੁਤ ਨਿਸ਼ਾਨੀਆਂ ਦਿਸਦੀਆਂ ਹਨ। ਸੂਬੇ ਦੀ ਰਾਜਧਾਨੀ ਲਾਹੌਰ ਵਿੱਚ ਤਾਂ ਪਰਾਪੇਗੰਡਾ ਬਹੁਤ ਹੀ ਜ਼ੋਰਾਂ ਉੱਤੇ ਹੈ। ਜਿਸ ਕਰਕੇ ਚਿੰਤਾਜਨਕ ਬੇਚੈਨੀ ਦੀ ਹਾਲਤ ਪੈਦਾ ਹੋ ਗਈ ਹੈ। ਝਨਾਂ ਦੀ ਬਾਰ ਤੇ ਬਾਰੀ ਦੁਆਬ ਦੇ ਪਿੰਡਾਂ ਵਿੱਚ ਅੰਗਰੇਜ਼ਾਂ ਵਿਰੁੱਧ ਜਲਸੇ ਕਰਕੇ ਪਰਾਪੇਗੰਡਾ ਕੀਤਾ ਜਾ ਰਿਹਾ ਹੈ। ਇਹਨਾਂ ਪਿੰਡਾਂ ਵਿੱਚ ਮੁਰਬਾਬੰਦੀ (ਕਿਲੇਬੰਦੀ) ਦੀਆਂ ਸ਼ਰਤਾਂ ਤੇ ਆਬਿਆਨੇ ਦੇ ਰੇਟ ਵਧਾਉਣ ਦੇ ਖਿਲਾਫ਼ ਨਫ਼ਰਤ ਮੌਜੂਦ ਹੈ। ਇਸ ਨਫ਼ਰਤ ਨੂੰ ਵਧਾਉਣ ਤੇ ਸਿੱਖਾਂ ਦੇ ਜਜ਼ਬਾਤ ਭੜਕਾਉਣ ਦੀ ਹਦ ਤੱਕ ਲਿਜਾਇਆ ਗਿਆ ਹੈ। ਪੁਲਸ ਨੂੰ ਗ਼ਦਾਰ ਗ਼ਦਾਰ ਆਖਕੇ ਚੁਨ੍ਹਿਆ ਤੇ ਨੌਕਰੀ ਛੱਡਣ ਵਾਸਤੇ ਪਰੇਰਿਆ ਜਾ ਰਿਹਾ ਹੈ। ਫੌਜਾਂ ਵਿੱਚ ਵੀ ਸਿਪਾਹੀਆਂ ਨੂੰ ਨੌਕਰੀ ਛਡਣ ਲਈ ਉਭਾਰਿਆ ਗਿਆ ਹੈ। ਸਮੇਂ ਦੀ ਨਿੱਕੀ ਜਿਹੀ ਗੱਲ ਇਹ ਹੈ ਕਿ ਉਤਰ ਪੂਰਬੀ ਸਰਕਾਰੀ ਰੇਲ ਦੇ ਸਟਾਫ ਨੇ, ਜਿੰਨੀ ਕੁ ਲਾਇਲਪੁਰ ਦੀ ਬਾਰ ਵਿੱਚ ਦੀ ਲੰਘਦੀ ਹੈ, ਹੜਤਾਲ ਕਰ ਰਖੀ ਹੈ, ਇਹਨਾਂ ਹੜਤਾਲੀਆਂ ਦੀ ਹਮਾਇਤ ਤੇ ਸਹਾਇਤਾ ਲਈ ਜਲਸੇ ਕੀਤੇ ਤੇ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਕਈ ਲੀਡਰ ਤਾਂ ਅੰਗਰੇਜ਼ਾਂ ਨੂੰ ਮੁਲਕ ਵਿੱਚੋਂ ਬਾਹਰ ਕੱਢ ਦੇਣਾ ਮੰਗਦੇ ਹਨ, ਭਾਵੇਂ ਜੋਰਾਜਬਰੀ ਹੋਵੇ ਤੇ ਭਾਵੇਂ ਸਾਰੇ ਲੋਕ ਨਾ ਮਿਲਵਰਤਣ ਕਰਕੇ ਕੱਢ ਦੇਣ।"

ਉਸ ਨੇ ਸੂਬੇ ਦੀ ਉਸ ਵੇਲੇ ਦੀ ਹਾਲਤ ਨੂੰ ਬਹੁਤ ਹੀ ਜ਼ਿਆਦਾ ਖਤਰਨਾਕ ਦਸਿਆ ਤੇ ਇਸ ਦੀ ਫੌਰੀ ਦਵਾ ਕਰਨ ਦੀ ਮੰਗ ਕੀਤੀ।

ਅੰਗਰੇਜ਼ੀ ਹਕੂਮਤ ਨੇ ਇਹਨਾਂ ਧਾਰਾਂ ਵਿੱਚੋਂ ਅੰਗਰੇਜ਼ ਵਿਰੋਧੀ ਧਾਰ ਨੂੰ ਦਬਾਉਣ ਵਾਸਤੇ ਬੜੇ ਜ਼ੋਰ ਤੇ ਨਿਰਦੈਤਾ ਦਾ ਵਾਰ ਕੀਤਾ। ਇਸ ਵਾਰ ਤੋਂ ਬਚਣ ਲਈ ਕਈ ਇਨਕਲਾਬੀ ਦੇਸ਼ ਭਗਤ ਹਿੰਦ ਛਡਕੇ ਯੋਰਪ ਤੇ ਅਮਰੀਕਾ ਨੂੰ ਚਲੇ ਗਏ। ਯੋਰਪ ਜਾਣ ਵਾਲਿਆਂ ਵਿੱਚੋਂ ਸ੍ਰੀ ਮਤੀ ਭੀਖਮ ਜੀ ਕਾਮਾ, ਸ੍ਰੀ ਕਰਿਸ਼ਨ ਵਰਮਾ, ਸ੍ਰੀ ਸਰਦਾਰ ਸਿੰਘ ਰੇਵਾਭਾਈ ਰਾਣਾ, ਸ੍ਰੀ ਅਹਮਦਅਲੀ ਰਜ਼ਾ ਤੇ ਵੀਰ ਸਾਵਰਕਰ ਆਦਿ ਦੇ ਨਾਂ ਲਿਖਣ ਯੋਗ ਹਨ। ਅਮਰੀਕਾ ਜਾਣ ਵਾਲਿਆਂ ਵਿੱਚੋਂ ਭਾ. ਗੋਪਾਲ ਸਿੰਘ, ਸ੍ਰੀ ਅਮਰ ਸਿੰਘ, ਸ੍ਰੀ ਰਾਮ ਨਾਥ ਪੁਰੀ ਖੇਮਕਰਨ ਵਾਲੇ, ਸ੍ਰੀ ਠਾਕਰ ਦਾਸ ਧੂਰੀ, ਮੌਲਵੀ ਬਰਕਤ ਉੱਲਾ, ਸ੍ਰੀ ਤਾਰਕਨਾਥ ਦਾਸ, ਸ੍ਰੀ ਖਾਨਖੋਜੀ ਤੇ ਸ੍ਰੀ ਸੁਰੇਂਦਰ ਮੋਹਣ ਬੋਸ ਦੇ ਨਾਂ ਦਸਣ ਗੋਚਰੇ ਹਨ।

ਇਹ ਲੋਕ 1906 ਤੋਂ ਬਾਹਰ ਜਾਣ ਲੱਗੇ। ਇਹ ਬਾਹਰ ਜਾ ਕੇ ਨਿਰੇ ਬਰਤਾਨਵੀ ਜਬਰ ਜ਼ੁਲਮ ਤੋਂ ਚਮੜੀ ਬਚਾਕੇ ਹੀ ਨਹੀਂ ਬੈਠੇ ਰਹੇ, ਸਗੋਂ ਇਹਨਾਂ ਨੇ ਹਿੰਦ ਦੀ ਆਜ਼ਾਦੀ ਦੀ ਅਵਾਜ਼ ਨੂੰ ਉੱਥੇ ਜਾ ਕੇ ਚੁਕੀ ਰੱਖਿਆ ਤੇ ਦੇਸ਼ ਤੇ ਪਰਦੇਸ਼ ਵਿੱਚ ਇਸ ਦਾ ਪਰਚਾਰ ਸ਼ੁਰੂ ਕੀਤਾ। ਯੋਰਪ

ਵਾਲੇ ਗਰੁਪ ਨੇ ਆਪਸ ਵਿੱਚ ਮੇਲ ਜੋਲ ਰੱਖਣ ਲਈ ਪਹਿਲਾਂ ਇੰਗਲੈਂਡ ਤੇ ਫਿਰ ਫਰਾਂਸ ਵਿੱਚ ਇੰਡੀਅਨ ਐਸੋਸੀਏਸ਼ਨਾਂ ਬਣਾਈਆਂ ਤੇ ਆਪਣੇ ਕੰਮ ਦੇ ਕੇਂਦਰਾਂ ਦੇ ਨਾਂ "ਇੰਡੀਆ ਹਾਊਸ" (ਹਿੰਦ ਘਰ) ਰਖੇ। ਹਿੰਦ ਦੀ ਆਜ਼ਾਦੀ ਦਾ ਪਰਚਾਰ ਕਰਨ ਲਈ ਮਹੀਨਾਵਾਰ ਅਖਬਾਰ ਕੱਢੇ, ਜਿੱਦਾਂ 'ਇੰਡੀਆ', 'ਸੋਸ਼ਿਐਲੋਜਿਸਟ', 'ਬੰਦੇ ਮਾਤਰਮ', 'ਤਲਵਾਰ' ਆਦਿ।

ਉਸ ਵੇਲੇ ਹਿੰਦ ਦੀ ਕੌਮੀ ਲਹਿਰ ਵਿੱਚ ਧਨਾਢ ਲੋਕ ਪਰਧਾਨ ਸਨ। ਯੋਰਪ ਨੂੰ ਜਾਣ ਵਾਲੇ ਦੇਸ਼ ਭਗਤ ਲੀਡਰ ਵੀ ਧਨੀ ਸਨ। ਹਿੰਦੁਸਤਾਨ ਵਿੱਚ ਅਜੇ ਮਜ਼ਦੂਰ ਜਮਾਤ ਅੰਦਰ ਜਮਾਤੀ ਸੂਝ ਪੈਦਾ ਨਹੀਂ ਸੀ ਹੋਈ ਤੇ ਨਾ ਉਹ ਅਜੇ ਕੌਮੀ ਲਹਿਰ ਅੰਦਰ ਕੋਈ ਸਿਆਸੀ ਤਾਕਤ ਜਾਂ ਇਸ ਦਾ ਕੋਈ ਉਜਾਗਰ ਅੰਗ ਬਣੀ ਸੀ। ਇਹ ਬਾਹਰ ਜਾਣ ਵਾਲੇ ਕੌਮੀ ਲੋਕ ਮਾਰਕਸੀ ਲੀਹੇ ਨਹੀਂ ਪਏ, ਰੂਸ ਦੀ ਮਜ਼ਦੂਰ ਜਮਾਤ ਦੇ ਲੀਡਰ ਲੈਨਿਨ ਨਾਲ ਹੋ ਕੇ ਨਹੀਂ ਤੁਰੇ। ਉਹ ਰੂਸ ਦੇ ਅਨਾਰਕਿਸਟਾਂ ਬਾਕੂਨਿਨ ਤੇ ਰਾਜਕੁਮਾਰ ਕਰੋਪਾਟਕਿਨ ਦੇ ਵਿਚਾਰਾਂ ਤੇ ਕਰਨੀਆਂ ਪਿੱਛੇ ਲਗੇ ਤੇ ਆਇਰਿਸ਼ ਤੇ ਇਟਲੀ ਦੇ ਦੇਸ਼ ਭਗਤਾਂ ਵਾਂਗ ਪਰਦੇਸਾਂ ਵਿੱਚ ਬੈਠੇ ਅੰਗਰੇਜ਼ੀ ਰਾਜ ਵਿਰੁੱਧ ਹਿੰਦ ਦੀ ਆਜ਼ਾਦੀ ਦਾ ਪਰਚਾਰ ਕਰੀ ਗਏ। ਉਹਨਾਂ ਆਪਣੇ ਅਖ਼ਬਾਰਾਂ ਤੇ ਲੈਕਚਰਾਂ ਵਿੱਚ ਅੰਗਰੇਜ਼ੀ ਰਾਜ ਦੀ ਹਿੰਦ ਵਿੱਚ ਲੁਟ ਖੋਹ ਦੀ ਭੰਡੀ ਕਰਨ ਤੇ ਇਸ ਨੂੰ ਤਲਵਾਰ ਦੇ ਜ਼ੋਰ ਦੇਸੋਂ ਬਾਹਰ ਕੱਢ ਸੁੱਟਣ ਦਾ ਪਰਚਾਰ ਕੀਤਾ। ਇਹਨਾਂ ਦਾ ਵਿਸ਼ਵਾਸ ਸੀ ਕਿ ਹਿੰਦੀ ਜਨਤਾ ਅਨਪੜ੍ਹ ਹੋਣ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਹੀਂ ਲੈਂਦੀ ਤੇ ਨਾ ਹਮਾਇਤ ਕਰਦੀ ਹੈ। ਸਕੂਲਾਂ ਤੇ ਕਾਲਜਾਂ ਵਿੱਚ ਕਰਾਈ ਜਾ ਰਹੀ ਪੜ੍ਹਾਈ ਹਿੰਦੀ ਨੌਜਵਾਨਾਂ ਨੂੰ ਅਜ਼ਾਦੀ ਦੇ ਰਾਹ ਨਹੀਂ ਪਾਉਂਦੀ, ਸਗੋਂ ਉਲਟਾ ਅੰਗਰੇਜ਼ਾਂ ਦੀ ਤਾਬੇਦਾਰੀ ਤੇ ਦਾਸਤਾ ਦਾ ਸਬਕ ਦਿੰਦੀ ਹੈ। ਇਸ ਲਈ ਉਹਨਾਂ ਤੇ ਖਾਸ ਕਰ ਸ੍ਰੀਮਤੀ ਕਾਮਾ ਤੇ ਸ੍ਰੀ ਕਰਿਸ਼ਨ ਵਰਮਾ ਨੇ ਆਪਣੇ ਖਰਚ ਉੱਤੇ ਹਿੰਦੁਸਤਾਨ ਵਿੱਚੋਂ ਵਿਦਿਆਰਥੀ ਸਦਕੇ ਇੰਗਲੈਂਡ, ਫਰਾਂਸ ਤੇ ਜਰਮਨੀ ਵਿੱਚ ਪੜ੍ਹਾਉਣੇ ਸ਼ੁਰੂ ਕੀਤੇ ਤਾਂ ਜੋ ਇਹ ਇੱਥੇ ਆਜ਼ਾਦੀ ਦਾ ਸਬਕ ਸਿਖਕੇ ਦੇਸ਼ ਵਿੱਚ ਜਾਣ ਤੇ ਉਥੇ ਆਜ਼ਾਦੀ ਦੀ ਲਹਿਰ ਨੂੰ ਚਲਾਉਣ। ਇਹਨਾਂ ਵਿਦਿਆਰਥੀਆਂ ਤੇ ਆਏ ਗਏ ਦੇਸ਼ ਭਗਤਾਂ ਦੀ ਰਿਹਾਇਸ਼ ਲਈ ਲੰਡਨ ਤੇ ਪੈਰਿਸ ਵਿੱਚ 'ਇੰਡੀਆ ਹਾਊਸ' ਬਣਾਏ ਗਏ। ਇਹਨਾਂ ਦੇਸ਼ ਭਗਤਾਂ ਨੇ ਆਪਣੀਆਂ ਅੰਗਰੇਜ਼ੀ ਵਿੱਚ ਕੱਢੀਆਂ ਅਖਬਾਰਾਂ ਰਾਹੀਂ ਨਿਰਾ ਪਰਚਾਰ ਦਾ ਕੰਮ ਹੀ ਕੀਤਾ। ਉਹ ਆਪਣੇ ਆਸ਼ਿਆਂ ਦੀ ਪੂਰਤੀ ਲਈ ਕੋਈ ਜਥੇਬੰਦਕ ਕਦਮ ਨਾ ਚੁੱਕ ਸਕੇ। ਇਸ ਦਾ ਕਾਰਨ ਇਹ ਕਿ ਇੰਗਲਸਤਾਨ ਵਿੱਚ ਪੜ੍ਹਾਈ ਕਰਨ ਲਈ ਧਨਾਢ ਲੋਕਾਂ ਦੇ ਪੁੱਤ ਹੀ ਜਾ ਸਕਦੇ ਸਨ, ਆਮ ਜਨਤਾ ਦੇ ਲੋਕ ਨਹੀਂ ਤੇ ਉਹ ਵੀ ਏਥੋਂ ਪੜ੍ਹਕੇ ਵੱਡੀਆਂ ਵੱਡੀਆਂ ਨੌਕਰੀਆਂ ਮਿਲ ਜਾਣ ਦੀ ਆਸ ਰੱਖਕੇ ਜਾਂਦੇ ਸਨ। ਇਸ ਲਈ ਇਹ ਕੌਮੀ ਲੋਕ ਅੰਗਰੇਜ਼ੀ ਰਾਜ ਵਿਰੁੱਧ ਪਰਚਾਰ ਕਰਨ ਤੋਂ ਅਗਾਂਹ ਜਥੇਬੰਦੀ ਦੇ ਕਿਸੇ ਠੋਸ ਕੰਮ ਵਲ ਨਾ ਵਧ ਸਕੇ।

## ਹਿੰਦੀ ਇਨਕਲਾਬੀਆਂ ਦਾ ਪਰਚਾਰ

ਪਰ ਅਮਰੀਕਾ ਵਿੱਚ ਹਾਲਾਤ ਇਸ ਤੋਂ ਹੋਰ ਸਨ। ਅਮਰੀਕਾ ਦੀਪ ਵਿੱਚ ਗਏ ਤੇ ਜਾ ਰਹੇ ਲੋਕ ਤੇ ਦੇਸ਼ ਭਗਤ ਕੁਝ ਕੁ ਹੇਠਲੀ ਦਰਮਿਆਨੀ ਜਮਾਤ ਤੇ ਬਹੁਤੇ ਪੇਂਡੂ ਮਿਹਨਤੀ ਜਮਾਤਾਂ ਵਿੱਚੋਂ ਸਨ। ਇਹ ਯੋਰਪ ਵਿੱਚ ਗਏ ਦੇਸ਼ ਭਗਤਾਂ ਦੇ ਵਿਦਿਆਰਥੀਆਂ ਨਾਲੋਂ ਗਿਣਤੀ ਵਿੱਚ ਵੀ

ਬਹੁਤ ਜ਼ਿਆਦਾ ਸਨ ਤੇ ਉਹਨਾਂ ਵਾਂਗ ਆਪਣੇ ਖਰਚ ਉਤੇ ਆਪਣਾ ਗੁਜ਼ਾਰਾ ਨਹੀਂ ਸਨ ਤੋਰ ਸਕਦੇ। ਇਹਨਾਂ ਲੋਕਾਂ ਨੂੰ ਗੁਜ਼ਾਰੇ ਲਈ ਮਜ਼ਦੂਰੀ ਕਰਨੀ ਪੈਂਦੀ ਸੀ, ਜਿਸ ਕਰਕੇ ਇਹਨਾਂ ਦਾ ਸਮਾਜੀ ਗੁਣ ਮਿਹਨਤ ਸੀ। ਇਹ ਪੰਜਾਬ ਤੇ ਬੰਗਾਲ ਦੀਆਂ ਉਸ ਵੇਲੇ ਚਲ ਰਹੀਆਂ ਜਨਤਕ ਲਹਿਰਾਂ ਵਿੱਚੋਂ ਗਏ ਸਨ। ਜਿਨ੍ਹਾਂ ਦਾ ਇਹਨਾਂ ਲੋਕਾਂ ਦੇ ਜੀਵਨ ਉੱਤੇ ਡੂੰਘਾ ਅਸਰ ਸੀ। ਇਹ ਚੀਨ ਦੇ ਘਾਟਾਂ ਤੇ ਰਹਿ ਕੇ ਗਏ ਹੋਏ ਸਨ, ਜਿਸ ਕਰਕੇ ਇਹਨਾਂ ਉਤੇ ਚੀਨੀ ਇਨਕਲਾਬੀ ਲਹਿਰ ਦਾ ਭੀ ਪਰਭਾਵ ਸੀ। ਉਹਨਾਂ ਵਿੱਚੋਂ ਬਹੁਤੇ ਫੌਜ ਵਿੱਚੋਂ ਸਨ, ਜਿਨ੍ਹਾਂ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਸੋਝੀ ਪੈਦਾ ਹੋ ਰਹੀ ਸੀ। ਇਸ ਲਈ ਏਥੇ ਅਮਲੀ ਕਦਮ ਪੁੱਟਣ ਦਾ ਰਾਹ ਛੇਤੀ ਹੀ ਤੁਰ ਪਿਆ ਤੇ ਅਮਰੀਕਾ ਵਿੱਚ ਆਜ਼ਾਦੀ ਦੀ ਲੜਾਈ ਦਾ ਕੰਮ ਸ਼ੁਰੂ ਹੋ ਕੇ ਯੋਰਪ ਦੇ ਕੰਮ ਨਾਲੋਂ ਅਮਲ ਦੀਆਂ ਵੱਖਰੀਆਂ ਲੀਹਾਂ ਉੱਤੇ ਚਲ ਪਿਆ। ਭਾਵੇਂ ਇਥੇ ਵੀ ਪਹਿਲਾਂ ਪਹਿਲ ਕੰਮ ਯੋਰਪ ਵਾਂਗ ਪਰਚਾਰੀ ਢੰਗ ਦਾ ਹੀ ਤੁਰਿਆ ਪਰ ਝਬਦੇ ਹੀ ਇਹ ਜਨਤਕ ਲਛਣ ਪਰਾਪਤ ਕਰਨ ਲੱਗ ਪਿਆ। ਅਮਰੀਕਾ ਤੇ ਕੈਨੇਡਾ ਵਿੱਚ ਪੇਸ਼ ਆਏ ਸਮਾਜੀ ਤੇ ਸਿਆਸੀ ਜੀਵਨ ਨੇ ਇਹਨਾਂ ਹਿੰਦੀਆਂ ਨੂੰ ਮਿਲ ਬੈਠਣ ਤੇ ਮਿਲ ਤੁਰਨ ਦੇ ਰਾਹ ਪਾ ਲਿਆ। ਇੱਕ ਜਥੇਬੰਦਕ ਸ਼ਕਲ ਬਨਣੀ ਸ਼ੁਰੂ ਹੋ ਗਈ, ਜੋ ਪੰਜਾਂ ਸਤਾਂ ਸਾਲਾਂ ਵਿੱਚ ਹੀ ਅੰਗਰੇਜ਼ੀ ਰਾਜ ਨੂੰ ਹਿੰਦ ਵਿੱਚੋਂ ਪੁੱਟ ਕੇ ਬਾਹਰ ਸੁਟਣ ਲਈ ਇੱਕ ਚੋਖੇ ਆਕਾਰ ਵਾਲੀ ਹਥਿਆਰਬੰਦ ਲਹਿਰ ਬਣ ਗਈ।

ਜਿਸ ਤਰ੍ਹਾਂ ਅਸੀਂ ਪਹਿਲੇ ਕਾਂਡ ਵਿੱਚ ਦਸ ਆਏ ਹਾਂ ਕਿ ਅਮਰੀਕਾ ਦੀਪ ਵਿੱਚ ਗਏ ਹਿੰਦੀਆਂ ਦੇ ਤਿੰਨ ਕੇਂਦਰ ਬਣੇ। ਕੈਲੇਫੋਰਨੀਆ ਵਿੱਚ ਸਾਨਫਰਾਂਸਿਸਕੋ ਤੇ ਸਟਾਕਟਨ ਦਾ ਲਾਗਾ ਚਾਗਾ, ਔਰੇਗਨ ਤੇ ਵਾਸ਼ਿੰਗਟਨ ਰਿਆਸਤਾਂ ਵਿਚਾਲੇ ਵਗ ਰਹੇ ਦਰਿਆ ਕੋਲੰਬੀਆ ਦੇ ਕੰਢੇ ਦੇ ਪੋਰਟਲੈਂਡ ਤੇ ਸੇਂਟ ਜਾਨ ਦੇ ਸ਼ਹਿਰਾਂ ਦਾ ਉਦਾਲਾ ਪੁਦਾਲਾ ਤੇ ਕੈਨੇਡਾ ਦੇ ਸੂਬੇ ਬਰਿਟਿਸ਼ ਕੋਲੰਬੀਆ ਦੇ ਸ਼ਹਿਰਾਂ, ਵੈਨਕੋਵਰ ਤੇ ਵਿਕਟੋਰੀਆ ਦਾ ਇਰਦਾ ਗਿਰਦਾ। ਗ਼ਦਰ ਪਾਰਟੀ ਦੇ ਬਝਣ ਵਿੱਚ ਇਹਨਾਂ ਤਿੰਨਾਂ ਹੀ ਸੈਂਟਰਾਂ ਦਾ ਆਪੋ ਆਪਣਾ ਹਿੱਸਾ ਹੈ। ਜਿੱਥੇ ਕੈਲੇਫੋਰਨੀਆ ਨੇ ਪਰਚਾਰ ਦਾ ਕੰਮ ਵਿਢਿਆ, ਉਥੇ ਕੈਨੇਡਾ ਦੇ ਹਿੰਦੀਆਂ ਨੇ ਉਥੋਂ ਦੀ ਸਰਕਾਰ ਨਾਲ ਹਿੰਦੀਆਂ ਨੂੰ ਕੈਨੇਡਾ ਵਿੱਚ ਉਤਰਨੋਂ ਰੋਕਣ ਵਿਰੁੱਧ ਲੜਾਈ ਲੜੀ, ਕੈਨੇਡਾ ਦੀ ਇਸ ਲੜਾਈ ਨੇ ਅਮਰੀਕਾ ਟਾਪੂ ਦੇ ਹਿੰਦੀਆਂ ਅੰਦਰ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਪੈਦਾ ਹੋ ਰਹੇ ਰੋਸ ਦੀ ਅੱਗ ਉੱਤੇ ਤੇਲ ਪਾਉਣ ਦਾ ਕੰਮ ਕੀਤਾ, ਕੋਲੰਬੀਆ ਦਰਿਆ ਦੇ ਮੰਡ ਦੀਆਂ ਮਿਲਾਂ ਵਿੱਚ ਮਜ਼ਦੂਰੀ ਕਰ ਰਹੇ ਹਿੰਦੀਆਂ ਨੇ ਇਸ ਰੋਸ ਨੂੰ ਜਥੇਬੰਦਕ ਕਰਕੇ ਪਾਰਟੀ ਦੀ ਸ਼ਕਲ ਦਿੱਤੀ, ਜੋ ਸਮੁੱਚੇ, ਟਾਪੂਆਂ ਦੇ ਹਿੰਦੀਆਂ ਨੂੰ ਮਗਰ ਲਾਕੇ ਅੰਗਰੇਜ਼ੀ ਰਾਜ ਦੇ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਲਈ ਮੈਦਾਨ ਵਿੱਚ ਕੁੱਦ ਪਈ।

ਕੈਨੇਡਾ ਆਉਣ ਵਾਲੇ ਹਿੰਦੀ ਵੈਨਕੋਵਰ, ਕੈਨੇਡਾ ਤੋਂ ਅਮਰੀਕਾ ਆਉਣ ਵਾਲੇ ਸੀਆਟਲ ਅਤੇ ਸਿਧੇ ਏਸ਼ੀਆ ਤੋਂ ਅਮਰੀਕਾ ਆਉਣ ਵਾਲੇ ਸਾਨਫਰਾਂਸਿਸਕੋ ਉਤਰਦੇ ਸਨ। ਫੇਰ ਏਥੋਂ ਉਹ ਕੰਮ ਦੀ ਭਾਲ ਵਿੱਚ ਆਬਾਦ ਹੋ ਰਹੇ ਥਾਵਾਂ ਨੂੰ ਤੁਰ ਜਾਂਦੇ। ਜਿੱਥੇ ਉਹ ਆਪਣੇ ਵਿੱਚੋਂ ਮਾੜੀ ਮੋਟੀ ਅੰਗਰੇਜ਼ੀ ਜਾਣਦੇ ਹਿੰਦੀ ਠੇਕੇਦਾਰ ਦੀ ਨਿਗਰਾਨੀ ਵਿੱਚ ਨਿੱਕੀਆਂ ਨਿੱਕੀਆਂ ਟੋਲੀਆਂ ਵਿੱਚ ਕੰਮ ਤੇ ਲੱਗ ਜਾਂਦੇ। ਕਈ ਹਿੰਦੀ ਕੈਲੇਫੋਰਨੀਆ ਵਰਗੇ ਆਬਾਦ ਹੋ ਚੁੱਕੇ ਇਲਾਕਿਆਂ ਦੇ ਖੇਤਾਂ ਵਿੱਚ ਮਜ਼ਦੂਰੀਆਂ ਉੱਤੇ ਲੱਗੇ। ਗੋਰੇ ਮਾਲਕ ਖੇਤਾਂ ਵਿੱਚ ਕੰਮ ਕਰਨ ਵਾਲੇ ਹਿੰਦੀ ਮਜ਼ਦੂਰਾਂ ਦੀ ਸਖਤ ਮਿਹਨਤ ਨਾਲ ਆ ਰਹੀ ਕਮਾਈ ਤੋਂ ਲੁਭਾਇਮਾਨ ਹੋ ਕੇ ਇਹਨਾਂ ਨੂੰ ਖੇਤ

ਠੇਕੇ ਉੱਤੇ ਦੇਣ ਲੱਗ ਪਏ। ਇਸ ਤਰ੍ਹਾਂ ਖੇਤ ਮਜ਼ਦੂਰਾਂ ਤੋਂ ਅਗਾਂਹ ਵਧਕੇ ਕਈ ਹਿੰਦੀ ਜ਼ਮੀਨਾਂ ਦੇ ਠੇਕੇਦਾਰ ਹੋ ਗਏ, ਜੋ ਸਾਲੋ ਸਾਲ ਧਨੀ ਹੁੰਦੇ ਗਏ। ਇਹਨਾਂ ਮਜ਼ਦੂਰਾਂ ਤੋਂ ਇਲਾਵਾ ਕੁਝ ਨੀਵੇਂ ਦਰਮਿਆਨੇ ਤਬਕੇ ਦੇ ਪੜ੍ਹੇ ਲਿਖੇ ਦੇਸ਼ ਭਗਤ ਆਏ। ਅਮਰੀਕੀ ਸਾਮਰਾਜੀਆਂ ਦੇ ਪਰਚਾਰ ਤੇ ਸਹੂਲਤਾਂ ਤੋਂ ਪਰਭਾਵਤ ਹੋ ਕੇ ਥੋੜ੍ਹੇ ਥੋੜ੍ਹੇ ਵਿਦਿਆਰਥੀ ਵੀ ਕੈਲੇਫੋਰਨੀਆ ਆਉਣ ਲੱਗ ਪਏ।

ਏਥੇ ਵੀ ਪਹਿਲਾਂ ਪਹਿਲ ਦੇਸੋਂ ਕੌਮੀ ਲਹਿਰ ਵਿੱਚੋਂ ਨਿਕਲਕੇ ਆਏ ਦੇਸ਼ ਭਗਤਾਂ ਨੇ ਕੌਮੀ ਪਰਚਾਰ ਸ਼ੁਰੂ ਕੀਤਾ, ਸ੍ਰੀ ਅਮਰ ਸਿੰਘ ਤੇ ਗੋਪਾਲ ਸਿੰਘ 1905 ਵਿੱਚ ਅਮਰੀਕਾ ਆਏ ਤੇ ਉਹਨਾਂ ਨੇ ਬੰਗਾਲ ਵਿੱਚ ਚਲ ਰਹੀ ਬਦੇਸ਼ੀ ਮਾਲ ਦੇ ਬਾਈਕਾਟ ਦੀ ਪੈਰਵੀ ਕਰਦਿਆਂ ਹੋਇਆਂ ਅਮਰੀਕਨ ਹਿੰਦੀਆਂ ਵਿੱਚ ਸੁਦੇਸ਼ੀ ਦਾ ਪਰਚਾਰ ਚਲਾਇਆ। ਉਹਨਾਂ ਤੋਂ ਬਾਅਦ 1906 ਵਿੱਚ ਸ੍ਰੀ ਤਾਰਕਨਾਥ ਦਾਸ ਤੇ ਇਸ ਦੇ ਅਖੀਰ ਵਿੱਚ ਖੇਮਕਰਨ ਦੇ ਸ੍ਰੀ ਰਾਮ ਨਾਥ ਪੁਰੀ ਅਮਰੀਕਾ ਆਏ। ਸ੍ਰੀ ਨਾਥ ਲਾਹੌਰ ਵਿੱਚ ਪੀਪਲਜ਼ ਬੈਂਕ ਵਿੱਚ ਮੁਲਾਜ਼ਮ ਸਨ। ਉਹਨਾਂ ਨੇ 1905 ਵਿੱਚ ਅੰਗਰੇਜ਼ੀ ਰਾਜ ਹੱਥੋਂ ਹਿੰਦੁਸਤਾਨ ਵਿੱਚ ਹੋ ਰਹੀ ਲੁੱਟ ਦੇ ਖਿਲਾਫ਼ ਇੱਕ ਪਮਫਲਟ ਛਪਵਾਇਆ। ਅੰਗਰੇਜ਼ੀ ਸਰਕਾਰ ਮੁਕੱਦਮਾ ਚਲਾਉਣ ਲੱਗੀ ਤਾਂ ਉਹ ਭਜਕੇ ਅਮਰੀਕਾ ਆ ਗਏ। ਏਥੇ ਆ ਕੇ ਉਹਨਾਂ ਨੇ ਉਰਦੂ ਵਿੱਚ ਇੱਕ ਪਰਚਾ ਕਢਿਆ, ਜਿਸ ਦਾ ਨਾਂ ਸੀ "ਅਜ਼ਾਦੀ ਦਾ ਸਰਕੂਲਰ"। ਇਸ ਪਰਚੇ ਨੇ ਅਮਰੀਕਾ ਟਾਪੂ ਵਿੱਚ ਆ ਰਹੇ ਹਿੰਦੀਆਂ ਨੂੰ ਹਿੰਦੁਸਤਾਨ ਵਿੱਚ ਅੰਗਰੇਜ਼ੀ ਸਾਮਰਾਜ ਦੀ ਲੁੱਟ ਖੋਹ ਦੀ ਤਸਵੀਰ ਦਿਖੌਣੀ ਸ਼ੁਰੂ ਕੀਤੀ।[1] ਇਸ ਪਰਚੇ ਨੇ ਜਿੱਥੇ ਅੰਗਰੇਜ਼ੀ ਮਾਲ ਦੇ ਬਾਈਕਾਟ ਦਾ ਪਰਚਾਰ ਅਰੰਭਿਆ, ਉਥੇ ਬੰਗਾਲ ਦੀ ਬਾਈਕਾਟ ਦੀ ਲਹਿਰ ਤੋਂ ਪਹਿਲਾਂ ਨਾ ਮਿਲਵਰਤਨ ਦਾ ਨਾਅਰਾ ਦਿੱਤਾ ਤੇ ਅੰਗਰੇਜ਼ੀ ਨੌਕਰੀ ਕਰ ਰਹੇ ਫੌਜੀਆਂ ਤੇ ਪੁਲਸੀਆਂ ਨੂੰ ਨੌਕਰੀ ਛੱਡਣ ਲਈ ਅਪੀਲਾਂ ਕੀਤੀਆਂ।

ਫਰਵਰੀ, 1907 ਦੇ ਪਹਿਲੇ ਹਫਤੇ ਪੰਜਾਬ ਦੀਆਂ ਫੌਜੀ ਛਾਉਣੀਆਂ ਵਿੱਚ ਅਮਰੀਕਾ ਤੋਂ ਛਪਕੇ ਆਇਆ ਇਹ "ਸਰਕੂਲਰ" ਵੰਡਿਆ ਗਿਆ, ਜਿਸ ਦਾ ਸਿਰਲੇਖ ਸੀ, 'ਅਮਰੀਕਾ ਵਿੱਚ ਆ ਕੇ ਵਸੇ ਹੋਏ ਹਿੰਦੀ ਤੇ ਅਫ਼ਗਾਨੀ ਵਸਨੀਕਾਂ ਦਾ ਹਿੰਦੀ ਫੌਜੀ ਸਪਾਹੀਆਂ ਦੇ ਨਾਂ ਖਤ'। ਇਸ ਵਿੱਚ ਹਿੰਦੀ ਫੌਜੀਆਂ ਨੂੰ ਅੰਗਰੇਜ਼ੀ ਸਰਕਾਰ ਦੀ ਨੌਕਰੀ ਕਰਨ ਉਤੇ ਲਾਹਨਤਾਂ ਪਾਈਆਂ ਗਈਆਂ ਸਨ ਤੇ ਉਹਨਾਂ ਨੂੰ ਨੌਕਰੀ ਛੱਡਣ ਦੀ ਅਪੀਲ ਕੀਤੀ ਗਈ ਸੀ। ਇਹ ਚਿੱਠੀ ਗੁਜਰਾਂਵਾਲਾ ਤੋਂ ਨਿਕਲ ਰਹੇ 25 ਅਪਰੈਲ, 1907 ਦੇ ਹਫ਼ਤਾਵਾਰ ਅਖਬਾਰ 'ਇੰਡੀਆ' ਵਿੱਚ ਛਪੀ। ਇਸ ਦੇ ਐਡੀਟਰ ਲਾਲਾ ਪਿੰਡੀ ਦਾਸ ਨੂੰ ਇਸ 'ਜੁਰਮ' ਵਿੱਚ 5 ਸਾਲ ਕੈਦ ਸਖਤ ਦੀ ਸਜ਼ਾ ਦਿੱਤੀ ਗਈ। ਇਹ ਚਿੱਠੀ 25ਵੇਂ ਪੰਜਾਬੀ ਰਸਾਲੇ ਦੇ ਲੈਸ ਦਫੇਦਾਰ ਸਾਵਨ ਸਿੰਘ ਪਾਸੋਂ ਅਮਰੀਕਾ ਤੋਂ ਵਾਪਸ ਆਉਂਦਿਆਂ ਇੰਗਲੈਂਡ ਵਿੱਚ ਫੜੀ ਗਈ। ਪੁਲਸ ਦੇ ਪੁੱਛਣ ਉੱਤੇ ਉਸ ਨੇ ਦੱਸਿਆ ਕਿ ਇਹ ਉਸ ਨੂੰ ਅਮਰੀਕਾ ਵਿੱਚ ਰੇਲ ਦੀ ਪਟੜੀ ਉੱਤੇ ਕੰਮ ਕਰ ਰਹੇ ਹਿੰਦੀਆਂ ਨੇ ਦਿੱਤੀ ਸੀ।[2]

ਯੋਰਪ ਵਿੱਚ ਗਏ ਹਿੰਦੀ ਦੇਸ਼ ਭਗਤਾਂ ਤੇ ਅਮਰੀਕਾ ਵਿੱਚ ਗਏ ਹਿੰਦੀ ਦੇਸ਼ ਭਗਤਾਂ ਦੀ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ, ਹੋਮ (ਪੋਲੀਟੀਕਲ) ਅਪ੍ਰੈਲ 1908, ਕਾਰਵਾਈ ਨੰ. 1, ਦਾਖਲ ਦਫਤਰ ਤੇ 'ਕਰੋੜਾਂ ਵਾਸਤੇ ਅੰਨ', ਨਾਮੀ ਰਸਾਲਾ ਜਿਲਦ 1. ਨੰ. 1, ਜਨਵਰੀ 1953
2. ਹੋਮ (ਪੋਲੀਟੀਕਲ) ਓ. ਜੁਲਾਈ, 1907 ਕਾਰਵਾਈ ਨੰ. 3–5

ਆਰਥਕ ਹੈਸੀਅਤ ਨੇ ਉਹਨਾਂ ਦੇ ਕੰਮ ਵਿੱਚ ਵੀ ਫਰਕ ਪਾ ਦਿੱਤਾ। ਯੋਰਪ ਵਾਲੇ ਹਿੰਦੀ ਆਪਣੇ ਪਰਚੇ ਅੰਗਰੇਜ਼ੀ ਵਿੱਚ ਕੱਢਦੇ ਰਹੇ, ਜੋ ਬਹੁਤੇ ਅੰਗਰੇਜ਼ੀ ਪੜ੍ਹਿਆਂ ਲਿਖਿਆਂ ਤੱਕ ਹੀ ਅਪੜਦੇ ਸਨ। ਅੰਗਰੇਜ਼ੀ ਪੜ੍ਹੇ ਹੋਏ ਉਹਨਾਂ ਦਿਨਾਂ ਵਿੱਚ ਘੱਟ ਹੁੰਦੇ ਸਨ ਤੇ ਜੋ ਹੁੰਦੇ ਸਨ, ਉਹ ਵੀ ਉਤਲੇ ਤਬਕੇ ਦੇ। ਦੂਸਰੇ ਇਹਨਾਂ ਪਰਚਿਆਂ ਦੀ ਵੰਡ ਯੋਰਪ ਵਿੱਚ ਪੜ੍ਹਨ ਜਾਂ ਸੈਰ ਸਪਾਟਾ ਕਰਨ ਗਏ ਹਿੰਦੀਆਂ ਤੱਕ ਹੀ ਮਹਿਦੂਦ ਰਹੀ। ਇਸ ਲਈ ਇਹਨਾਂ ਪਰਚਿਆਂ ਦਾ ਗੁਣ ਜਨਤਾ ਜਗਾਊ ਨਹੀਂ ਬਣਿਆ ਤੇ ਉਹ ਕੋਈ ਜਥੇਬੰਦ ਜਨਤਕ ਉਭਾਰ ਪੈਦਾ ਨਹੀਂ ਕਰ ਸਕੇ।

ਅਮਰੀਕੀ ਪਰਚੇ ਸਿਵਾਏ 'ਇੱਕ ਪਰਚੇ' ਤੋਂ ਹਿੰਦੀ ਜ਼ਬਾਨਾਂ ਵਿੱਚ ਨਿਕਲਣ ਲੱਗੇ। ਹੇਠਲੇ ਤਬਕੇ ਵਿੱਚ ਬਹੁਤ ਸਾਰੇ ਲੋਕ ਉਰਦੂ ਜਾਂ ਗੁਰਮੁਖੀ ਪੜ੍ਹੇ ਹੁੰਦੇ ਸਨ। ਉਹਨਾਂ ਪਰਚਿਆਂ ਦੀ ਵੰਡ ਅਮਰੀਕੀ ਹਿੰਦੀ ਮਜ਼ਦੂਰਾਂ ਤੇ ਖੇਤਾਂ ਵਿੱਚ ਕਿਸਾਨੀ ਦਾ ਕੰਮ ਕਰ ਰਹੇ ਹਿੰਦੀਆਂ ਵਿੱਚ ਹੁੰਦੀ ਰਹੀ, ਦੇਸ਼ ਵਿੱਚ ਵੀ ਪਰਚੇ ਪੁਚਾਏ ਜਾਂਦੇ ਰਹੇ। ਇਹਨਾਂ ਪਰਚਿਆਂ ਨੇ 1907 ਦੀ ਲਹਿਰ ਨੂੰ ਗਰਮ ਕਰਨ ਵਿੱਚ ਕਾਫੀ ਹੱਥ ਵਟਾਇਆ। ਇਹਨਾਂ ਹਿੰਦੀਆਂ ਨੇ ਦੇਸ ਦੀ ਕੌਮੀ ਲਹਿਰ ਉੱਤੇ ਅਸਰ ਪਾਉਣ ਲਈ ਕੁਝ ਨਿਗਰ ਕਦਮ ਵੀ ਚੁੱਕੇ।

ਇਸ ਚਿੱਠੀ ਦੀ ਪੰਜਾਬੀ ਛਾਉਣੀਆਂ ਵਿੱਚ ਵੰਡ ਤੋਂ ਬਾਅਦ 1907 ਦੀ ਲਹਿਰ ਨੇ ਫੌਜੀ ਤੇ ਪੁਲਸੀ ਸਿਪਾਹੀਆਂ ਨੂੰ ਸਰਕਾਰੀ ਨੌਕਰੀ ਛੱਡਣ ਲਈ ਆਖਣਾ ਸ਼ੁਰੂ ਕੀਤਾ। ਇਹ ਚਿੱਠੀ ਪੰਜਾਬ ਵਿੱਚੋਂ ਬਰਮਾ ਵਿੱਚ ਵਿਛਾਈਆਂ ਗਈਆਂ ਪੰਜਾਬੀ ਪਲਟਨਾਂ ਵਿੱਚ ਵੀ ਭੇਜਕੇ ਵੰਡੀ ਗਈ।[1] 5 ਅਗਸਤ, 1907 ਦੀ ਪੰਜਾਬ ਸੀ.ਆਈ.ਡੀ. ਦੀ ਰੀਪੋਰਟ ਹੈ ਕਿ "ਫੌਜਾਂ ਵਿੱਚ ਨੌਕਰੀ ਛੱਡਣ ਦਾ ਪਰਚਾਰ ਕਾਮਯਾਬ ਹੋ ਰਿਹਾ ਹੈ।" ਇਹੋ ਸਾਲ ਸੀ, ਜਦੋਂ ਪੰਜਾਬੀ ਫੌਜੀ ਨੌਕਰੀਆਂ ਛੱਡ ਛੱਡ ਬਾਹਰ ਟਾਪੂਆਂ ਤੇ ਅਗਾਂਹ ਅਮਰੀਕਾ ਕੈਨੇਡਾ ਵੱਲ ਦਬਾ ਦਬ ਜਾਣੇ ਸ਼ੁਰੂ ਹੋਏ। ਪੁਲਸ ਦੀ ਇਹ ਵੀ ਰਿਪੋਰਟ ਹੈ ਕਿ ਫੌਜੀ ਸਿਪਾਹੀ ਆਪਣੀਆਂ ਪਲਟਨਾਂ ਤੋਂ ਬਾਹਰ ਜਾ ਕੇ ਲੋਕਾਂ ਵਿੱਚ ਸਰਕਾਰ ਦੇ ਖਿਲਾਫ਼ ਪਰਚਾਰ ਕਰਦੇ ਹਨ, ਅਜਿਹੀਆਂ ਰੀਪੋਰਟਾਂ ਸਰਕਾਰ ਨੂੰ ਕਾਂਗੜੇ, ਲਾਇਲਪੁਰ ਅਤੇ ਝੰਗ ਦੇ ਬਜ਼ਾਰਾਂ ਤੋਂ ਆਈਆਂ।[2]

ਇਸ ਤੋਂ ਇਲਾਵਾ ਅਮਰੀਕਾ ਤੋਂ ਮੌਲਵੀ ਬਰਕਤ ਉਲਾ ਦੇ ਭੇਜੇ ਹੋਏ ਸ੍ਰੀ ਹੋਤੀ ਲਾਲ ਵਰਮਾ ਹਾਂਗਕਾਂਗ ਤੇ ਸਿੰਘਾਪੁਰ ਆਏ। ਉਹਨਾਂ ਨੇ ਏਥੇ ਸੁਟੀਆਂ ਗਈਆਂ ਹਿੰਦੀ ਤੇ ਖਾਸ ਕਰ ਪੰਜਾਬੀ ਪਲਟਨਾਂ ਵਿੱਚ ਪਰਚਾਰ ਸ਼ੁਰੂ ਕੀਤਾ, ਉਤਲਿਖਤ 'ਚਿੱਠੀਆਂ' ਵੰਡੀਆਂ ਤੇ ਸਿੰਘਾਪੁਰ ਪਰਚਾਰ ਕਰਦੇ ਉਹ ਗਰਿਫ਼ਤਾਰ ਕਰ ਲਏ ਗਏ। ਕਲਕਤੇ ਲਿਆਕੇ ਉਹਨਾਂ ਉੱਤੇ ਮਕਦਮਾ ਚਲਾਇਆ ਗਿਆ ਤੇ ਉਹਨਾਂ ਨੂੰ ਉਮਰ ਕੈਦ ਦੀ ਸਖਤ ਸਜ਼ਾ ਦਿੱਤੀ ਗਈ। ਜੇਹਲ ਦੀਆਂ ਸਖਤੀਆਂ ਤੋਂ ਤੰਗ ਆ ਕੇ ਉਹਨਾਂ 1912 ਵਿੱਚ ਜੇਹਲ ਵਿੱਚ ਹੀ ਆਤਮ ਘਾਤ ਕਰ ਲਿਆ।[3]

1907 ਵਿੱਚ 'ਖਾਲਸਾ' ਨਾਂ ਦੇ ਪੈਮਫਲਟ ਗੁਰਮੁਖੀ ਵਿੱਚ ਛਾਪੇ ਗਏ ਜੋ 1857 ਦੇ ਗ਼ਦਰ ਦੀ 10 ਮਈ, 1907 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਮਨਾਈ ਗਈ ਯਾਦ ਉੱਤੇ

---

1. ਹੋਮ (ਪੋਲੀਟੀਕਲ) ੳ. ਅਗਸਤ, 1907 ਕਾਰਵਾਈ ਨੰ. 101-05
2. ਹੋਮ (ਪੋਲੀਟੀਕਲ) ਅ. ਅਗਸਤ 1907 ਕਾਰਵਾਈ ਨੰ. 113-201
3. ਹੋਮ (ਪੋਲੀਟੀਕਲ) ਦਾਖਲ ਦਫਤਰ 26, ਜੁਲਾਈ 1908, ਕਾਰਵਾਈ ਨੰ. 26 ਤੇ ਅ. ਅਕਤੂਬਰ 1912 ਕਾਰਵਾਈ ਨੰ. 61-64

ਵੰਡੇ ਗਏ। ਉਸ ਤੋਂ ਪਹਿਲਾਂ ਇਹ ਪੈਮਫਲਟ ਪੰਜਾਬ ਦੇ ਸ਼ਹਿਰਾਂ ਦੀਆਂ ਸਿੰਘ ਸਭਾਵਾਂ ਨੂੰ ਵੀ ਭੇਜੇ ਗਏ। ਇਹਨਾਂ ਵਿੱਚ ਸਿੱਖਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ 1857 ਦੇ ਗ਼ਦਰ ਵੇਲੇ ਅੰਗਰੇਜ਼ਾਂ ਦੀ ਮਦਦ ਕਰਨ ਦੀ ਬਦਨਾਮੀ ਧੋਣ ਲਈ ਮੈਦਾਨ ਵਿੱਚ ਨਿਤਰਨ ਤੇ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਕੌਮੀ ਆਜ਼ਾਦੀ ਦੀ ਲੜਾਈ ਵਿੱਚ ਅੱਗੇ ਲੱਗਕੇ ਲੜਨ।[1]

'ਆਜ਼ਾਦੀ ਦਾ ਸਰਕੂਲਰ' ਕਦੇ ਕਦਾਈਂ ਨਿਕਲਦਾ ਰਿਹਾ। ਉਹ ਅਖੀਰ ਦੋ ਤਿੰਨ ਸਾਲਾਂ ਵਿੱਚ ਹੀ ਬੰਦ ਹੋ ਗਿਆ। 1909 ਵਿੱਚ 'ਮਾਰੋ ਫਰੰਗੀ ਕੋ' ਨਾਂ ਦਾ ਪੈਮਫਲਟ ਛਾਪਕੇ ਵੰਡਿਆ ਤੇ ਦੇਸ਼ ਨੂੰ ਵੀ ਭੇਜਿਆ ਗਿਆ। ਇਸ ਤੋਂ ਬਾਅਦ ਇੱਕ ਹੋਰ ਗੁਰਮੁਖੀ ਅਖਬਾਰ 'ਭਾਈ ਬੰਦ' ਕਢਿਆ ਗਿਆ, ਜਿਸ ਵਿੱਚ ਹਿੰਦੀਆਂ ਨਾਲ ਵਾਪਰ ਰਹੀਆਂ ਨੱਸਲੀ ਈਰਖਾ ਦੀਆਂ ਘਟਨਾਵਾਂ ਉਤੇ ਰੌਸ਼ਨੀ ਪਾਈ ਹੁੰਦੀ, ਹਿੰਦੀਆਂ ਨੂੰ ਇੱਕ ਮੁੱਠ ਹੋ ਕੇ ਰਹਿਣ ਤੇ ਤਕੜੇ ਹੋ ਕੇ ਇਹਨਾਂ ਔਖਿਆਈਆਂ ਦਾ ਮੁਕਾਬਲਾ ਕਰਨ ਦੇ ਉਪਦੇਸ਼ ਦਿੱਤੇ ਹੁੰਦੇ ਤੇ ਅੰਗਰੇਜ਼ੀ ਗੁਲਾਮੀ ਨੂੰ ਹੀ ਚਮੜੀ ਦੀ ਈਰਖਾ ਦਾ ਕਾਰਨ ਦੱਸਿਆ ਹੁੰਦਾ।[2]

ਹਿੰਦੀ ਦੇਸ਼ ਭਗਤਾਂ ਦਾ ਅਮਰੀਕਾ ਦੀਪ ਵਿੱਚ ਇਹ ਮੁੱਢਲਾ ਕੰਮ ਬਹੁਤਾ ਅਖਬਾਰੀ ਪ੍ਰਚਾਰ ਤੱਕ ਹੀ ਮਹਿਦੂਦ ਰਿਹਾ। ਉਹ ਅੰਗਰੇਜ਼ੀ ਸਾਮਰਾਜ ਹਥੋਂ ਹਿੰਦੁਸਤਾਨ ਦੀ ਲੁੱਟ ਖੋਹ ਦੀ ਭੰਡੀ ਕਰਦੇ ਰਹੇ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਿੰਦੀਆਂ ਨੂੰ ਸਦੇ ਵੀ ਦਿੰਦੇ ਰਹੇ, ਪਰ ਦੇਸ਼ ਕਿਸ ਤਰ੍ਹਾਂ ਆਜ਼ਾਦ ਹੋਊ ਤੇ ਕੌਣ ਆਜ਼ਾਦ ਕਰਵਾਊ, ਇਹ ਅਜੇ ਉਹ ਆਪ ਵੀ ਨਹੀਂ ਜਾਣਦੇ ਸਨ। ਇਸ ਲਈ ਉਹਨਾਂ ਤੋਂ ਹਿੰਦੀਆਂ ਦੀ ਜਥੇਬੰਦੀ ਤੇ ਲਾਮਬੰਦੀ ਵੱਲ ਕੋਈ ਕਦਮ ਨਾ ਚੁੱਕਿਆ ਗਿਆ ਤਾਂ ਜੋ ਅੰਗਰੇਜ਼ੀ ਹਕੂਮਤ ਨੂੰ ਹਿੰਦੁਸਤਾਨ ਵਿੱਚੋਂ ਉਲਟਾਉਣ ਲਈ ਕੋਈ ਉਦਮ ਕੀਤਾ ਜਾ ਸਕਦਾ। ਇਸ ਲਈ ਅਖਬਾਰੀ ਕੰਮ ਵੀ ਕਿਸੇ ਜਥੇਬੰਦੀ ਦਾ ਕੰਮ ਨਾ ਤੁਰਨ ਕਰਕੇ ਦੋ ਤਿੰਨ ਸਾਲ ਬਾਅਦ ਬੰਦ ਹੋ ਜਾਂਦਾ ਰਿਹਾ।

## ਮਿਲ ਬਹਿਣ ਤੇ ਤੁਰਨ ਦੇ ਪਹਿਲੇ ਉਦਮ

ਪਰ ਹਿੰਦੀ ਦੇਸ਼ ਭਗਤਾਂ ਦੇ ਇਸ ਤਰ੍ਹਾਂ ਦੇ ਕੰਮ ਨੇ ਬੜਾ ਕੰਮ ਸਵਾਰਿਆ। ਉਹਨਾਂ ਟਾਪੂਆਂ ਵਿੱਚ ਵਸ ਰਹੇ ਹਿੰਦੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਉਹਨਾਂ ਨੂੰ ਅਮਰੀਕੀ ਦੀਪ ਵਿੱਚ ਚਮੜੀ ਦੀ ਈਰਖਾ ਦਾ ਕਾਰਨ ਆਪਣੀ ਗੁਲਾਮੀ ਦਿਸਣ ਲੱਗ ਪਿਆ। 1911 ਦੇ ਲਾਗੇ ਜਾ ਕੇ ਉਹ ਆਪਣੀਆਂ ਆਪਣੀਆਂ ਕੰਮਾਂ ਦੀਆਂ ਟੋਲੀਆਂ ਵਿੱਚ ਤੇ ਐਤਵਾਰ ਦੇ ਇਕੱਠਾਂ ਵਿੱਚ ਆਪਣੇ ਨਾਲ ਵਾਪਰ ਰਹੀ ਹਾਲਤ ਉਤੇ ਵਿਚਾਰਾਂ ਕਰਨ ਲੱਗੇ। ਜਿਨ੍ਹਾਂ ਵਿਚਾਰਾਂ ਨੇ ਅਮਰੀਕੀ ਹਿੰਦੀਆਂ ਵਿੱਚ ਸਿਆਸੀ ਸੂਝ ਪੈਦਾ ਕਰ ਦਿੱਤੀ।

ਕੈਲੇਫੋਰਨੀਆ ਵਿੱਚ ਸਾਨਫਰਾਂਸਿਸਕੋ ਤੋਂ 50 ਕੁ ਮੀਲ ਦੂਰ ਸਟਾਕਟਨ ਦੇ ਹੋਲਟਵਿਲ ਫਾਰਮ ਨੂੰ ਭਾਈ ਜਵਾਲਾ ਸਿੰਘ ਠਠੀਆਂ, ਸੰਤ ਵਸਾਖਾ ਸਿੰਘ ਦਦੇਹਰ, ਭਾਈ ਸੰਤੋਖ ਸਿੰਘ ਧਰਦੇਵ, ਭਾਈ ਹਜ਼ਾਰਾ ਸਿੰਘ ਦਦੇਹਰ ਤੇ ਇੱਕ ਦੋ ਹੋਰ ਸਾਥੀਆਂ ਦੀ ਭਿਆਲੀ ਨਾਲ ਠੇਕੇ ਤੇ ਲੈ ਕੇ ਚਲਾ ਰਹੇ ਸਨ। ਇਹ ਫਾਰਮ ਬਹੁਤ ਆਮਦਨੀ ਦਿੰਦਾ ਸੀ। ਇਸ ਲਈ ਇਹ ਫਾਰਮ ਤੇ ਇਸ ਦੇ ਠੇਕੇਦਾਰ ਕੈਲੇਫੋਰਨੀਆ ਦੇ ਫਾਰਮਾਂ ਤੇ ਲੋਕਾਂ ਵਿੱਚ ਬਹੁਤ ਮਸ਼ਹੂਰ ਸਨ। ਫਾਰਮ ਦੇ ਕਾਰ

1. ਹੋਮ (ਪੋਲੀਟੀਕਲ) ੳ. ਫਰਵਰੀ 1909 ਕਾਰਵਾਈ ਨੰ. 204
2. ਹੋਮ (ਪੋਲੀਟੀਕਲ) ਅ. ਮਈ 1908, ਕਾਰਵਾਈ ਨੰ. 58-49

ਵਿਹਾਰ ਲਈ ਸਾਨਫਰਾਂਸਿਸਕੋ ਨਿਤ ਆਉਂਦੇ ਜਾਂਦੇ ਰਹਿਣ ਨਾਲ ਭਾਈ ਜਵਾਲਾ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਇਸ ਸ਼ਹਿਰ ਦੇ ਸਿਰਕੱਢ ਅਮਰੀਕਨਾਂ ਨਾਲ ਕਾਫੀ ਵਾਕਫੀ ਪੈ ਗਈ ਸੀ। ਇਹ ਫਾਰਮ ਨਵੇਂ ਆਏ ਜਾਂ ਉੜੇ ਥੁੜੇ ਹਿੰਦੀਆਂ ਨੂੰ ਕੰਮ ਲੱਭਕੇ ਦਿੰਦਾ ਤੇ ਲੋੜ ਵੇਲੇ ਉਹਨਾਂ ਦੀ ਮਾਲੀ ਸਹਾਇਤਾ ਵੀ ਕਰ ਦਿੰਦਾ। ਖਾਸ ਕਰ ਬਰਕਲੇ ਯੂਨੀਵਰਸਟੀ ਵਿੱਚ ਪੜ੍ਹਨ ਆਏ ਵਿਦਿਆਰਥੀ ਛੁਟੀਆਂ ਵਿੱਚ ਆ ਕੇ ਉਥੇ ਕੰਮ ਕਰਦੇ ਜਾਂ ਇਸ ਦੀ ਵਾਕਫੀ ਨਾਲ ਕੰਮ ਕਰਦੇ। ਇਸ ਕਰਕੇ ਇਹ ਫਾਰਮ ਅਮਰੀਕਾ ਆਏ ਹਿੰਦੀਆਂ ਵਿੱਚ ਵੀ ਕਾਫੀ ਪ੍ਰਸਿੱਧ ਹੋਇਆ।[1]

ਹਿੰਦ ਤੋਂ ਆਏ ਫੇਰੇ ਤੋਰੇ ਵਾਲੇ ਹਿੰਦੀ ਵੀ ਇਸ ਫਾਰਮ ਵਿੱਚ ਆ ਕੇ ਮਿਲਦੇ ਰਹੇ। ਸੰਤ ਤੇਜਾ ਸਿੰਘ, ਜੋ ਹਾਰਵਰਡ ਯੂਨੀਵਰਸਟੀ ਵਿੱਚ ਦਾਖਲ ਸਨ ਨਿਊਯਾਰਕ ਦਾ ਇੰਡੀਆ ਹਾਊਸ ਟੁਟ ਜਾਣ ਤੋਂ ਬਾਅਦ ਕੈਲੇਫੋਰਨੀਆ ਤੇ ਕੈਨੇਡਾ ਦੇ ਪੱਛਮੀ ਸੂਬੇ ਕੋਲੰਬੀਆ ਦੇ ਹਿੰਦੀਆਂ ਪਾਸ ਆਮ ਆਉਣ ਜਾਣ ਲੱਗ ਪਏ। ਉਹ ਸਿਖਾਂ ਵਿੱਚ ਸਮਾਜੀ ਬੁਰਾਈਆਂ ਛੱਡਣ, ਬੀਬੇ ਬਣਕੇ ਰਹਿਣ, ਅੰਗਰੇਜ਼ਾਂ ਦੇ ਸਿੱਖਾਂ ਦਾ ਰਾਜ ਖੋਹ ਲੈਣ ਦੇ ਖਿਲਾਫ ਗਿਲਾ ਕਰਨ ਤੇ 1857 ਦਾ ਧੋਣਾ ਧੋਣ ਦਾ ਪਰਚਾਰ ਕਰਦੇ। ਤਾਰਕਨਾਥ ਦਾਸ ਵੀ ਸੀਆਟਲ ਨੂੰ ਆਪਣਾ ਅੱਡਾ ਬਨਾਉਣ ਤੋਂ ਪਹਿਲਾਂ ਇਥੇ ਆਉਂਦੇ ਜਾਂਦੇ ਰਹੇ। ਸ੍ਰੀ ਰਾਮ ਨਾਥ ਪੁਰੀ ਵੀ ਜਾਂਦੇ ਰਹੇ। ਫੇਰ ਭਾਈ ਪਰਮਾ ਨੰਦ, ਜੋ ਦਵਾਈਆਂ ਬਨਾਉਣ ਦੀ ਪੜ੍ਹਾਈ ਕਰਨ ਲਈ ਬਰਕਲੇ ਯੂਨੀਵਰਸਟੀ ਵਿੱਚ ਦਾਖਲ ਹੋਏ, ਇੱਥੇ ਆਉਣ ਜਾਣ ਲੱਗੇ, ਆਪ 1907 ਦੀ ਲਹਿਰ ਵਿੱਚੋਂ ਪੰਜਾਬੋਂ ਜ਼ਮਾਨਤ ਦੇ ਕੇ ਗਏ ਹੋਏ ਸਨ। ਆਪਦੇ ਖਿਆਲਾਂ ਨੇ ਵੀ ਹੋਲਟਵਿਲ ਤੇ ਹਿੰਦੀ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਦੇ ਖਿਆਲਾਂ ਨੂੰ ਹੋਰ ਅਗੇਰੇ ਵਧਾਇਆ। ਆਪ ਦੀ ਸੰਗਤ ਨਾਲ ਲਾਲਾ ਹਰਦਿਆਲ ਵੀ ਏਸ ਅੱਡੇ ਨਾਲ ਵਾਕਫ ਹੋ ਗਏ।

1906 ਤੋਂ ਹਿੰਦੀ ਵਿਦਿਆਰਥੀ ਉਚ ਵਿੱਦਿਆ ਪ੍ਰਾਪਤ ਕਰਨ ਲਈ ਕੈਲੇਫੋਰਨੀਆ ਆਉਣ ਲੱਗ ਪਏ ਸਨ। ਇਹ ਵਿਦਿਆਰਥੀ ਬਾਹਲੇ ਦਰਮਿਆਨੀ ਜਮਾਤ ਦੇ ਹੁੰਦੇ, ਜੋ ਆਉਣ ਲੱਗੇ ਆਪਣੇ ਦੇਸੋਂ ਆਉਣ ਦੇ ਕਰਾਇਆਂ ਦਾ ਇੰਤਜ਼ਾਮ ਤਾਂ ਕਰ ਲਿਆਉਂਦੇ, ਪਰ ਪੜ੍ਹਾਈ ਦਾ ਖਰਚ ਅਮਰੀਕਾ ਵਿੱਚ ਹੀ ਮਿਹਨਤ ਮਜ਼ਦੂਰੀ ਕਰਕੇ ਪੂਰਾ ਕਰਦੇ। ਇਸ ਲਈ ਉਹ ਛੁੱਟੀਆਂ ਵਿੱਚ ਬਾਹਰ ਫਾਰਮਾਂ (ਖੇਤਾਂ), ਰੇਲ ਪਟੜੀਆਂ ਤੇ ਆਰਾ ਮਿਲਾਂ ਵਿੱਚ ਕੰਮ ਕਰ ਰਹੇ ਹਿੰਦੀਆਂ ਨਾਲ ਮਿਲਕੇ ਕੰਮ ਕਰਦੇ ਤੇ ਇਸ ਕਮਾਈ ਨਾਲ ਆਪਣੀ ਪੜ੍ਹਾਈ ਦਾ ਖਰਚ ਤੋਰ ਲੈਂਦੇ। ਇਹਨਾਂ ਵਿੱਚੋਂ ਬਾਹਲਿਆਂ ਦੀ ਕੈਲੇਫੋਰਨੀਆ ਦੇ ਹਿੰਦੀਆਂ ਨਾਲ ਵਾਕਫੀ ਬਣ ਗਈ। ਸਾਨਫਰਾਂਸਿਸਕੋ ਦੀ ਬਰਕਲੇ ਯੂਨੀਵਰਸਟੀ ਵਿੱਚ ਬਾਹਲੇ ਹਿੰਦੀ ਮੁੰਡੇ ਪੜ੍ਹਨ ਲਈ ਦਾਖਲ ਹੁੰਦੇ ਸਨ। ਇਹਨਾਂ ਵਿਦਿਆਰਥੀਆਂ ਦਾ ਲਾਲਾ ਹਰਦਿਆਲ ਨਾਲ ਮੇਲ ਮਿਲਾਪ ਬਣ ਗਿਆ। ਉਹ ਲਾਲਾ ਜੀ ਦੀ ਵਿਦਵਤਾ ਦੀ ਅਮਰੀਕਨਾਂ ਵਿੱਚ ਪ੍ਰਸਿੱਧਤਾ ਤੋਂ ਬਹੁਤ ਪਰਭਾਵਤ ਹੋਏ। ਵਿਦਿਆਰਥੀਆਂ ਨੇ ਬਾਹਰ ਹਿੰਦੀਆਂ ਦੇ ਡੇਰਿਆਂ ਤੇ ਜਾ ਕੇ ਲਾਲਾ ਹਰਦਿਆਲ ਦੀ ਵਿਦਵਤਾ ਦੀਆਂ ਗਲਾਂ ਕੀਤੀਆਂ। ਸੰਤ ਤੇਜਾ ਸਿੰਘ ਵੀ ਜੋ ਹਾਰਵਰਡ ਯੂਨੀਵਰਸਿਟੀ ਵਿੱਚ ਦਾਖਲ ਸਨ, ਆਪਣੀ ਇਸਤਰੀ ਸਮੇਤ ਅਮਰੀਕਾ ਤੇ ਕੈਨੇਡਾ ਵਿੱਚ ਘੁੰਮ ਰਹੇ ਸਨ ਤੇ ਇਹਨੀਂ ਦਿਨੀਂ ਉਹ ਸਟਾਕਟਨ ਵਿੱਚ ਟਿਕੇ ਹੋਏ ਸਨ। ਲਾਲਾ ਜੀ ਦੇ ਉਹ ਹਾਰਵਰਡ ਯੂਨੀਵਰਸਟੀ ਵਿੱਚ ਵਾਕਫ ਬਣੇ ਸਨ। ਸਾਨਫਰਾਂਸਿਸਕੋ ਤੇ

---

1. ਬਾਬਾ ਜਵਾਲਾ ਸਿੰਘ ਠਠੀਆਂ ਦਾ ਆਪਣਾ ਬਿਆਨ।

ਸਟਾਕਟਨ ਦੇ ਲਾਗੇ ਬੰਨੇ ਦੇ ਹਿੰਦੀ ਲਾਲਾ ਜੀ ਨੂੰ ਵੇਖਣ ਤੇ ਮਿਲਣ ਆਉਣ ਲੱਗ ਪਏ, ਉਹ ਲਾਲਾ ਜੀ ਦੇ ਲੈਕਚਰ ਵੀ ਸੁਣਦੇ। ਉਹਨਾਂ ਨੂੰ ਲਾਲਾ ਜੀ ਦੇ ਮਜ਼ਹਬਾਂ ਤੇ ਹਕੂਮਤ ਉਤੇ ਨੁਕਤਾਚੀਨੀ ਕਰਨ ਦੇ ਖਿਆਲ ਅਗਾਂਹ ਵਧੂ ਜਾਪੇ ਕਿਉਂਕਿ ਉਹ ਮਜ਼ਹਬਾਂ ਨੂੰ ਹਿੰਦ ਦੇ ਕੌਮੀ ਏਕੇ ਵਿੱਚ ਸਭ ਤੋਂ ਵੱਡਾ ਰੋੜਾ ਸਮਝਦੇ ਸਨ ਤੇ (ਪਰਾਈ) ਹਕੂਮਤ ਨੂੰ ਗੁਲਾਮੀ ਦਾ ਕਾਰਨ। ਇਸ ਗਲ ਨਾਲ ਉਹਨਾਂ ਦਾ ਦੇਸ਼ ਅਭਿਮਾਨ ਹੋਰ ਵੀ ਉਤਸ਼ਾਹਤ ਹੁੰਦਾ ਕਿ "ਹਿੰਦੀ ਵਿਦਵਾਨ ਨੂੰ ਗੋਰੇ 'ਪਾਤਸ਼ਾਹ' ਵੀ ਸੁਣਦੇ ਤੇ ਸਤਿਕਾਰਦੇ ਹਨ।"

ਲਾਲਾ ਹਰਦਿਆਲ ਨੂੰ ਏਥੋਂ ਦੇ ਹਿੰਦੀਆਂ ਨਾਲ ਇਸ ਮੇਲ ਮਿਲਾਪ ਤੋਂ ਪਤਾ ਲਗਾ ਕਿ ਇਹਨਾਂ ਵਿੱਚ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਨਫਰਤ ਪੈਦਾ ਹੋ ਰਹੀ ਹੈ ਤੇ ਹਿੰਦੀਆਂ ਦੇ ਇਸ ਰਾਜਸੀ ਮੁਹਾਣ ਦਾ ਲਾਲਾ ਜੀ ਦੇ ਖਿਆਲਾਂ ਤੇ ਵੀ ਅਸਰ ਪਿਆ। ਇਸ ਸਵਾਲ ਉੱਤੇ ਭਾਈ ਪਰਮਾ ਨੰਦ, ਲਾਲਾ ਹਰਦਿਆਲ, ਸੰਤ ਤੇਜਾ ਸਿੰਘ, ਹੋਲਟਵਿਲ ਫਾਰਮ ਤੇ ਸਟਾਕਟਨ ਦੇ ਲਾਗੇ ਬੰਨੇ ਦੇ ਹਿੰਦੀਆਂ ਵਿੱਚ ਗੱਲਾਂ ਬਾਤਾਂ ਤੇ ਵਿਚਾਰਾਂ ਹੁੰਦੀਆਂ ਤੇ ਕੋਈ ਕੰਮ ਕਰਨ ਦਾ ਰਾਹ ਸੋਚਿਆ ਜਾਂਦਾ। ਆਖਰ ਸ੍ਰੀ ਤਾਰਕਨਾਥ ਦਾਸ ਦੀ ਲੀਹ ਅਪਣਾਉਂਦਿਆਂ ਹੋਇਆਂ ਭਾਈ ਪਰਮਾ ਨੰਦ ਦੀ ਸਲਾਹ ਨਾਲ ਇਹ ਸਾਰੇ ਇਸ ਨਤੀਜੇ ਤੇ ਅੱਪੜੇ ਕਿ ਦੇਸ਼ ਦੇ ਲੋਕ ਅਜੇ ਅਗਿਆਨ ਦੇ ਚਿਕੜ ਵਿੱਚ ਫਸੇ ਹੋਏ ਹਨ। ਉਹਨਾਂ ਨੂੰ ਆਜ਼ਾਦੀ ਦਾ ਗਿਆਨ ਕਰਵਾਉਣ ਲਈ ਸਿਆਣੇ ਤੇ ਗਿਆਨਵਾਨ ਬੰਦਿਆਂ ਦੀ ਲੋੜ ਹੈ ਤੇ ਇਹ ਲੋੜ ਪੜ੍ਹੇ ਲਿਖੇ ਆਦਮੀ ਹੀ ਪੂਰੀ ਕਰ ਸਕਦੇ ਹਨ। ਪਰ ਦੇਸ਼ ਵਿੱਚ ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਵਿੱਚ ਦਿੱਤੀ ਜਾ ਰਹੀ ਪੜ੍ਹਾਈ ਆਜ਼ਾਦੀ ਦਾ ਗਿਆਨ ਨਹੀਂ ਕਰਵਾਉਂਦੀ। ਇਸ ਲਈ ਹਿੰਦੁਸਤਾਨ ਦੇ ਵਿਦਿਆਰਥੀ ਅਮਰੀਕਾ ਵਰਗੇ ਆਜ਼ਾਦ ਦੇਸ਼ ਵਿੱਚ ਆ ਕੇ ਪੜ੍ਹਨੇ ਚਾਹੀਦੇ ਹਨ।[1] ਇਹ ਉਹੋ ਲੀਹ ਸੀ, ਜੋ ਫਰਾਂਸ ਵਿੱਚ ਸ੍ਰੀਮਤੀ ਕਾਮਾ ਤੇ ਸ੍ਰੀ ਕਰਿਸ਼ਨ ਵਰਮਾ ਨੇ ਪਾਈ ਸੀ ਤੇ ਜਿਸਦਾ ਸ੍ਰੀ ਤਾਰਕਨਾਥ ਦਾਸ ਅਮਰੀਕਾ ਵਿੱਚ ਪਰਚਾਰ ਕਰ ਰਿਹਾ ਸੀ। ਇਹਨਾਂ ਵਿਚਾਰਾਂ ਤੋਂ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਦੇਸ਼ ਵਿੱਚੋਂ ਉਹ ਵਿਦਿਆਰਥੀ ਵੀ ਸਦੇ ਜਾਣ, ਜੋ ਆਪਣੇ ਖਰਚ ਉੱਤੇ ਪੜ੍ਹਾਈ ਨਾ ਕਰ ਸਕਦੇ ਹੋਣ, ਉਹਨਾਂ ਦਾ ਖਰਚ ਅਮਰੀਕਾ ਤੇ ਹਿੰਦੀ ਚੰਦਾ ਇਕੱਠਾ ਕਰਕੇ ਦੇਣ।

ਇਸ ਸਕੀਮ ਨੂੰ ਸਿਰੇ ਚਾੜ੍ਹਨ ਲਈ ਭਾਈ ਜਵਾਲਾ ਸਿੰਘ ਠਠੀਆਂ, ਭਾਈ ਸੰਤੋਖ ਸਿੰਘ ਧਰਦੇਵ (ਜੋ ਵਿੱਦਿਆ ਪਰਾਪਤੀ ਲਈ ਅਮਰੀਕਾ ਗਏ ਸਨ, ਪਰ ਵਿੱਦਿਆ ਦਾ ਕੰਮ ਛੱਡਕੇ ਕੌਮੀ ਕੰਮ ਵਿੱਚ ਲੱਗ ਪਏ) ਤੇ ਸੰਤ ਵਸਾਖਾ ਸਿੰਘ ਤਿਆਰ ਹੋ ਗਏ ਤੇ ਉਹਨਾਂ ਨੇ ਫਰਵਰੀ 1912 ਵਿੱਚ ਛੇਆਂ ਵਿਦਿਆਰਥੀਆਂ ਨੂੰ ਖਰਚਾ ਦੇਕੇ ਪੜ੍ਹਾਣ ਦਾ ਜ਼ੁਮਾ ਲੈ ਲਿਆ। ਵਜ਼ੀਫਿਆਂ ਦਾ ਇੰਤਜ਼ਾਮ ਕਰਨ ਤੇ ਵਿਦਿਆਰਥੀਆਂ ਦੀ ਦੇਖ ਭਾਲ ਵਾਸਤੇ ਅਮਰੀਕਨ ਪਰੋਫੈਸਰ ਮਿਸਟਰ ਪੋਪ, ਉਹਦੀ ਵਹੁਟੀ ਸ੍ਰੀਮਤੀ ਪੋਪ, ਲਾਲਾ ਹਰਦਿਆਲ ਤੇ ਸੰਤ ਤੇਜਾ ਸਿੰਘ ਦੀ ਇੱਕ ਵਿਦਿਅਕ ਕਮੇਟੀ ਬਣਾਈ ਗਈ। ਹਿੰਦ ਦੀਆਂ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਗਏ।ਆਈਆਂ ਦਰਖਾਸਤਾਂ ਵਿੱਚੋਂ ਛੇ ਵਿਦਿਆਰਥੀ ਚੁਣਕੇ ਸਦੇ ਗਏ। ਪਰ ਇਹਨਾਂ ਵਿੱਚੋਂ ਮਸਾਂ ਚਾਰ ਹੀ ਆਏ। ਇਹ ਸਨ ਮਦਰਾਸ ਕਾਲਜ ਦਾ ਸ਼ਰਮਾਂ, ਬੰਬਈ ਇੰਜਨੀਰਿੰਗ ਕਾਲਜ ਦਾ ਨੰਦ ਸਿੰਘ ਸੀਹਰਾ, ਪੂਨਾ ਫਰਗੂਸਨ ਕਾਲਜ ਦਾ ਕੋਕਟਨੂਰ ਤੇ ਦਿੱਲੀ ਦੇ ਗੋਬਿੰਦ ਬਿਹਾਰੀ ਲਾਲ। ਇੱਕ ਹੋਰ ਵਿਦਿਆਰਥੀ ਵਿਲੀਅਮ

---

1. ਬਾਬਾ ਹਰਨਾਮ ਸਿੰਘ ਟੁੰਡੀ ਲਾਟ ਤੇ ਭਾਈ ਪਰਮਾ ਨੰਦ ਦੀ 'ਆਪ ਬੀਤੀ' ਸਫਾ 62

ਪਾਂਡੀਅਨ (ਮਦਰਾਸੀ) ਦਾ ਖਰਚਾ ਪਰੋਫੈਸਰ ਪੋਪ ਨੇ ਆਪਣੇ ਜ਼ੁੰਮੇ ਲਿਆ।[1]

ਅਮਰੀਕਾ ਦੇ ਰਾਜਸੀ ਪ੍ਰਬੰਧ ਵਿੱਚ ਸਰਮਾਏਦਾਰਾਂ ਦੇ ਦੋ ਅਜਾਰੇਦਾਰ ਜੁਟ ਪਰਧਾਨ ਰਹਿੰਦੇ ਹਨ। ਹਰ ਪੰਜਵੇਂ ਸਾਲ ਦੀਆਂ ਕਾਂਗਰਸ ਤੇ ਪਰਧਾਨ ਦੀਆਂ ਚੋਣਾਂ ਵਿੱਚ ਇਹਨਾਂ ਦੋਹਾਂ ਜੁੱਟਾਂ ਦਾ ਮੁਕਾਬਲਾ ਹੁੰਦਾ ਹੈ। ਹਰ ਚੋਣ ਦੇ ਸਾਲ ਅਮਰੀਕਨ ਵਪਾਰ ਇਹ ਦੇਖਣ ਲਈ ਠੱਲ ਜਾਂਦਾ ਹੈ ਕਿ ਕਿਹੜੇ ਜੁੱਟ ਦੇ ਅਜਾਰੇਦਾਰ ਹਕੂਮਤ ਵਿੱਚ ਆਉਂਦੇ ਹਨ। ਇਸ ਲਈ ਹਰ ਚੋਣ ਦਾ ਸਾਲ ਜ਼ਖੀਰੇਬਾਜ਼ੀ ਦੇ ਕਾਰਨ ਅਮਰੀਕਾ ਵਿੱਚ ਆਰਥਕ ਮੰਦਵਾੜੇ ਦਾ ਸਾਲ ਹੁੰਦਾ ਹੈ।

1912 ਵਿੱਚ ਅਮਰੀਕਨ ਚੋਣਾਂ ਸਨ। ਇਹ ਵਪਾਰ ਦੀ ਠੱਲ ਦਾ ਸਾਲ ਸੀ। ਭਾਈ ਜਵਾਲਾ ਸਿੰਘ ਦੇ ਫਾਰਮ ਦੇ ਲੱਖਾਂ ਬੋਰੀਆਂ ਆਲੂ ਵਿਕਣੋ ਰਹਿ ਗਏ। ਮੰਦਵਾੜਾ ਆ ਗਿਆ। ਖੂੰਜੇ ਖਰਲੋ ਫੋਲਕੇ ਠੇਕਾ ਤਾਂ ਭਰ ਦਿੱਤਾ ਗਿਆ ਪਰ ਹੋਰ ਖਰਚ ਖਲੋ ਗਏ। ਵਜ਼ੀਫਿਆਂ ਲਈ ਦਿੱਤਾ ਡਾਲਰ ਲਾਲਾ ਜੀ ਨੇ ਵਿਦਿਆਰਥੀ-ਘਰ (ਸਟੂਡੈਂਟ ਹੋਮ) ਬਨਾਉਣ ਉੱਤੇ ਹੀ ਖਰਚ ਕਰ ਦਿੱਤਾ, ਆਏ ਵਿਦਿਆਰਥੀਆਂ ਲਈ ਖਰਚ ਕਰਨ ਦੀ ਰਕਮ ਉਸੇ ਤਰ੍ਹਾਂ ਸਿਰ ਖੜ੍ਹੀ ਸੀ। ਭਾਈ ਜਵਾਲਾ ਸਿੰਘ ਵਜ਼ੀਫਿਆਂ ਲਈ ਉਗਰਾਹੀ ਵਾਸਤੇ ਚੜ੍ਹੇ, ਔਰੇਗਨ ਤੇ ਕੈਨੇਡਾ ਤੱਕ ਗਏ, ਪਰ ਹਿੰਦੀਆਂ ਨੇ ਇਹਨਾਂ ਵਜ਼ੀਫਿਆਂ ਦੀ ਸਕੀਮ ਦੀ ਸਹਾਇਤਾ ਕਰਨ ਵਲ ਬਹੁਤ ਘੱਟ ਧਿਆਨ ਦਿੱਤਾ, ਬਾਬਾ ਸੋਹਣ ਸਿੰਘ ਤੇ ਪੰਡਤ ਕਾਂਸ਼ੀ ਰਾਮ ਦੇ ਗੜ੍ਹ ਪੋਰਟਲੈਂਡ ਤੋਂ ਕੁਝ ਵੀ ਨਾ ਉਗਰਿਆ। ਕੈਨੇਡਾ ਤੋਂ ਵੀ ਬਹੁਤ ਘਟ ਰਕਮ ਹੱਥ ਲੱਗੀ। ਸੰਤ ਤੇਜਾ ਸਿੰਘ ਦੀ ਭਾਈ ਜਵਾਲਾ ਸਿੰਘ ਤੇ ਲਾਲਾ ਹਰਦਿਆਲ ਨਾਲ ਵਿਗੜ ਗਈ, ਇਸ ਅਜੋੜ ਨੇ ਵੀ ਵਜ਼ੀਫਿਆਂ ਦੀ ਸਕੀਮ ਦੀ ਹਮਾਇਤ ਨੂੰ ਘਟਾ ਦਿੱਤਾ। ਵਿਦਿਅਕ ਕਮੇਟੀ ਵੀ ਟੁੱਟ ਗਈ ਤੇ ਭਾਈ ਜਵਾਲਾ ਸਿੰਘ ਨੇ ਵਜ਼ੀਫਿਆਂ ਦਾ ਕੰਮ ਆਪਣੇ ਹੀ ਜ਼ੁੰਮੇ ਲੈ ਲਿਆ।[2] ਭਾਈ ਜੀ ਇਹਨਾਂ ਵਿਦਿਆਰਥੀਆਂ ਤੋਂ ਵੱਧ ਹੋਰ ਵਿਦਿਆਰਥੀ ਨਾ ਮੰਗਾ ਸਕੇ। ਇਹ ਸਕੀਮ ਹਿੰਦ ਦੀ ਆਜ਼ਾਦੀ ਲਈ ਕੋਈ ਠੋਸ ਕੰਮ ਕਰਨੋ ਰਹਿ ਗਈ।

ਪਰ ਇਸ ਸਕੀਮ ਨੇ ਇੱਕ ਤਾਂ ਐਸਟੋਰੀਆ ਤੋਂ ਭਾ. ਕਰਤਾਰ ਸਿੰਘ ਸਰਾਭਾ ਨੂੰ ਬਰਕਲੇ ਵਿੱਚ ਲੈ ਆਂਦਾ ਤੇ ਦੂਸਰੇ ਵਿਦਿਅਕ ਘਰ ਨੇ ਹਿੰਦ ਦੀ ਆਜ਼ਾਦੀ ਦੀ ਲਹਿਰ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਇੱਕ ਕੇਂਦਰ ਬਣਾ ਦਿੱਤਾ। ਲਾਲਾ ਹਰਦਿਆਲ ਹਰ ਸਨਿਚਰ ਤੇ ਐਤਵਾਰ ਨੂੰ ਸਟੈਨਫੋਰਡ ਯੂਨੀਵਰਸਿਟੀ ਤੋਂ ਏਥੇ ਆਉਂਦੇ ਤੇ ਮੁੰਡਿਆਂ ਵਿੱਚ ਆ ਕੇ ਰਹਿੰਦੇ। ਸਤੰਬਰ, 1912 ਵਿੱਚ ਜਦ ਲਾਲਾ ਜੀ ਨੂੰ ਯੂਨੀਵਰਸਿਟੀ ਤੋਂ ਜਵਾਬ ਮਿਲ ਗਿਆ ਤਾਂ ਉਹ ਇਹਨਾਂ ਵਿਦਿਆਰਥੀਆਂ ਨਾਲ ਹੀ ਪੱਕੇ ਰਹਿਣ ਲੱਗ ਪਏ। ਲਾਲਾ ਜੀ ਦੇ ਵਿਦਿਆਰਥੀਆਂ ਤੇ ਹਿੰਦੀਆਂ ਨਾਲ ਮੇਲ-ਮਿਲਾਪ ਨੇ ਉਹਨਾਂ ਦਾ ਮੁਹਾਣ ਕੌਮੀ ਲਹਿਰ ਵਲ ਮੋੜਿਆ, ਪਰ ਹਾਲਾਂ ਇਹ ਵਿਚਾਰਾਂ ਤੇ ਲੈਕਚਰਾਂ ਤੱਕ ਹੀ ਅਪੜਿਆ ਤੇ ਲਾਮ ਬੰਦੀ ਜਾਂ ਜਥੇਬੰਦੀ ਵੱਲ ਨਹੀਂ ਤੁਰਿਆ ਸੀ।

---

1. ਬਾਬਾ ਜਵਾਲਾ ਸਿੰਘ ਠਠੀਆਂ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀਆਂ ਆਪਣੀਆਂ ਹਥੀਂ ਲਿਖੀਆਂ ਜੀਵਨੀਆਂ ਤੇ ਆਧਾਰ ਉੱਤੇ।
2. ਬਾਬਾ ਜਵਾਲਾ ਸਿੰਘ ਠਠੀਆਂ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਹਥੀਂ ਲਿਖੇ ਬਿਆਨ।

## ਤੀਜਾ ਕਾਂਡ

# ਕੈਨੇਡਾ

## ਵਸਤੀਆਂ ਵਿੱਚ ਸਾਮਰਾਜੀ ਨੀਤੀ

ਅਮਰੀਕਾ ਦੀਪ ਵਿਚ ਗਏ ਹਿੰਦੀਆਂ ਦਾ ਭਾਵੇਂ ਰਾਜਸੀ ਪਰਚਾਰ ਦਾ ਕੰਮ ਕੈਲੇਫੋਰਨੀਆ ਤੋਂ ਤੁਰਿਆ, ਪਰ ਬਾਕਾਇਦਾ ਇੱਕ ਥਾਂ ਜੁੜ ਕੇ ਜਥੇਬੰਦ ਘੋਲ ਪਹਿਲਾਂ ਕੈਨੇਡਾ ਵਿੱਚ ਸ਼ੁਰੂ ਹੋਇਆ। ਇਹ ਘੋਲ 1907-08 ਤੋਂ ਚਲਿਆ ਤੇ 1914 ਵਿੱਚ ਜਾ ਕੇ ਗ਼ਦਰ ਪਾਰਟੀ ਵਿੱਚ ਰਲਣ ਤੇ ਉਸ ਦੇ ਸੱਦੇ ਉੱਤੇ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਚੁੱਕੀ ਇਨਕਲਾਬੀ ਲੜਾਈ ਵਿੱਚ ਹਿੱਸਾ ਲੈਣ ਤੱਕ ਅਪੜ ਗਿਆ।

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਹਿੰਦੀਆਂ ਦੇ ਕੈਨੇਡਾ ਤੇ ਅਮਰੀਕਾ ਬਾਹਲੀ ਗਿਣਤੀ ਵਿੱਚ ਜਾਣ ਦਾ ਸਮਾਂ 1906 ਦੇ ਅਖੀਰਲੇ ਮਹੀਨਿਆਂ ਤੋਂ ਸ਼ੁਰੂ ਹੁੰਦਾ ਹੈ। ਇਹਨਾਂ ਮਹੀਨਿਆਂ ਤੋਂ ਸ਼ੁਰੂ ਹੋ ਕੇ 1908 ਤੱਕ ਇਕਲੇ ਕੈਨੇਡਾ ਵਿੱਚ ਹੀ ਪੰਜ ਹਜ਼ਾਰ ਦੇ ਕਰੀਬ ਹਿੰਦੀ ਪੁੱਜ ਗਏ ਸਨ। 12 ਜੁਲਾਈ 1906 ਨੂੰ ਵੈਨਕੋਵਰ ਆ ਕੇ ਲੱਗਾ ਜਹਾਜ਼ ਕੁਲ 53 ਪੰਜਾਬੀਆਂ ਨੂੰ ਕੈਨੇਡਾ ਲਿਆਇਆ ਸੀ। ਇਸ ਤੋਂ ਪਹਿਲੇ ਪੰਜਾਂ ਛਿਆਂ ਤੋਂ ਵੱਧ ਹਿੰਦੀ ਕਿਸੇ ਜਹਾਜ਼ ਵਿੱਚ ਨਹੀਂ ਹੁੰਦੇ ਸਨ। ਇਸ ਤੋਂ ਬਾਅਦ ਆਉਣ ਵਾਲਾ ਹਰ ਜਹਾਜ਼ ਜੋ ਦੂਜੇ ਤੀਜੇ ਮਹੀਨੇ ਆਉਂਦਾ ਸੀ, ਪੰਜ ਪੰਜ ਤੇ ਛੇ ਛੇ ਸੌ ਪੰਜਾਬੀਆਂ ਨੂੰ ਲਿਆਉਂਦਾ ਰਿਹਾ।[1]

ਇਹਨਾਂ ਹਿੰਦੀਆਂ ਦਾ ਘੋਲ ਕੈਨੇਡਾ ਵਿੱਚ ਦਾਖਲ ਹੋਣ ਤੇ ਵਸੇਬੇ ਦੀ ਬਰਾਬਰੀ ਦੇ ਹੱਕ ਪਰਾਪਤ ਕਰਨ ਦੀ ਲਗਾਤਾਰ ਲੜਾਈ ਸੀ। ਅੰਗਰੇਜ਼ੀ ਸਾਮਰਾਜ ਦੀ ਕੈਨੇਡਾ ਵਾਲੀ ਵਸਤੀ ਦੀ ਹਕੂਮਤ ਹਿੰਦੀਆਂ ਨੂੰ ਕੈਨੇਡਾ ਵਿੱਚ ਦਾਖਲ ਹੋਣੋ ਰੋਕਣ ਤੇ ਦਾਖਲ ਹੋ ਚੁਕਿਆਂ ਨੂੰ ਤੰਗ ਕਰਕੇ ਬਾਹਰ ਕੱਢਣ ਦੇ ਯਤਨਾਂ ਵਿੱਚ ਲੱਗੀ ਰਹੀ। ਕੈਨੇਡੀਅਨ ਸਰਕਾਰ ਦੇ ਹਿੰਦੀਆਂ ਵਲ ਇਸ ਰਵਈਏ ਦੀ ਵਜਾਹ ਅੰਗਰੇਜ਼ੀ ਸਾਮਰਾਜ ਦੀ ਮਾਲਕਾਨਾ ਹੈਂਕੜ ਸੀ, ਜੋ ਗੋਰੇ (ਸਾਮਰਾਜੀ) ਤੇ ਕਾਲੇ (ਗੁਲਾਮ) ਦੇ ਨਸਲੀ ਵਿਤਕਰੇ ਤੇ ਘਿਰਣਾ ਵਿੱਚ ਆ ਕੇ ਜ਼ਾਹਰ ਹੁੰਦੀ ਸੀ। ਬਰਤਾਨਵੀ ਸਾਮਰਾਜੀਆਂ ਦੀ ਆਪਣੀਆਂ ਗੋਰੀਆਂ (ਸਾਮਰਾਜੀ) ਵਸਤੀਆਂ ਦੇ ਪਰਧਾਨ ਮੰਤਰੀਆਂ ਦੀ ਇਮਪੀਰੀਅਲ ਕਾਨਫਰੰਸ ਨੇ ਆਪਣੇ 1897 ਵਿੱਚ ਹੋਏ ਲੰਡਨ ਦੇ ਇਜਲਾਸ ਉੱਤੇ ਹਿੰਦੀਆਂ ਦੇ ਗੋਰੀਆਂ ਵਸਤੀਆਂ ਵਿੱਚ ਜਾਣ ਤੇ ਵਸਣ ਬਾਰੇ ਇਹ ਸਾਮਰਾਜੀ ਨੀਤੀ ਬਣਾਈ ਸੀ ਕਿ-

"ਹਿੰਦੀਆਂ ਨੂੰ ਨਿਰਾ ਅੰਗਰੇਜ਼ੀ ਰਾਜ ਦੀ ਰਿਆਇਆ ਹੋਣ ਦੇ ਨਾਤੇ ਹੀ ਇਹ ਹੱਕ ਨਹੀਂ ਪਹੁੰਚ ਜਾਂਦਾ ਕਿ ਉਹ ਅੰਗਰੇਜ਼ ਵਸਤੀਆਂ ਵਿੱਚ ਜਾ ਕੇ ਵਸਣ। ਇਹਨਾਂ ਵਸਤੀਆਂ ਦੇ ਗੋਰੇ ਮਾਲਕਾਂ ਦੀਆਂ ਹਕੂਮਤਾਂ ਨੂੰ ਅਖਤਿਆਰ ਹੈ ਕਿ ਉਹ ਹਿੰਦੀਆਂ ਨੂੰ ਵਸਣ ਦੇਣ ਜਾ ਨਾ।[2]"

ਅੰਗਰੇਜ਼ੀ ਸਾਮਰਾਜੀ ਹਿੰਦੀ ਗੁਲਾਮਾਂ ਦੇ ਆਪਣੇ ਵਿੱਚ ਰਲਣ ਮਿਲਣ ਤੋਂ ਘਬਰਾਉਂਦੇ ਸਨ। ਗੋਰੀਆਂ ਵਸਤੀਆਂ ਵਿੱਚ ਹਿੰਦੀਆਂ ਦਾ ਬਰਾਬਰੀ ਦਾ ਵਸੇਬਾ ਹਿੰਦ ਵਿੱਚ ਗੋਰੇ (ਸਾਮਰਾਜੀ)

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਦਲੀਪ ਸਿੰਘ ਫਾਹਲੇ ਦੇ ਬਿਆਨ।
2. ਘਾਟ, (ੳ) ਅਗਸਤ 1911, ਕਾਰਵਾਈ ਨੰ. 2-17

ਮਾਲਕ ਦਾ ਹਿੰਦੀ ਗੁਲਾਮਾਂ ਉਤੇ ਰਾਜਸੀ ਜੱਫਾ ਘਟਾਉਂਦਾ ਤੇ ਇਹਨਾਂ ਵਿੱਚ ਬਰਾਬਰੀ ਦਾ ਅਹਿਸਾਸ ਪੈਦਾ ਕਰਦਾ ਸੀ। ਇਸ ਅਹਿਸਾਸ ਤੋਂ ਹਿੰਦੀਆਂ ਦਾ ਅੰਗਰੇਜ਼ੀ ਸਾਮਰਾਜ ਦੀ ਜਬਰਨ ਗੁਲਾਮੀ ਦਾ ਡਰ ਡੁਕਰ ਦੂਰ ਹੁੰਦਾ ਤੇ ਆਜ਼ਾਦੀ ਲਈ ਉੱਠਣ ਤੇ ਲੜਨ ਲਈ ਹੌਂਸਲਾ ਪੈਂਦਾ ਸੀ। ਇਸ ਲਈ ਸਮੁੱਚੇ ਅੰਗਰੇਜ਼ੀ ਰਾਜ ਦੀ ਭਾਵੇਂ ਉਹ ਕੈਨੇਡਾ ਸ਼ਾਖ ਹੋਵੇ, ਭਾਵੇਂ ਹਿੰਦੀ ਸ਼ਾਖ, ਜਾਂ ਕਿਸੇ ਹੋਰ ਆਪਣੇ ਹੇਠ ਦਬੇ ਹੋਏ ਦੇਸ਼ ਦੀ ਸਾਖ਼ ਹੋਵੇ, ਹਰ ਥਾਂ ਇਹੀ ਨੀਤੀ ਸੀ ਕਿ ਆਪਣੇ ਗੁਲਾਮ ਲੋਕਾਂ ਨੂੰ ਗੋਰੀਆਂ ਵਸਤੀਆਂ ਵਿੱਚ ਬਰਾਬਰ ਦੇ ਵਸਨੀਕੀ ਤੇ ਕੰਮ ਕਰਨ ਦੇ ਹੱਕ ਨਾ ਦਿੱਤੇ ਜਾਣ। ਇਸ ਲਈ ਅੰਗਰੇਜ਼ੀ ਸਾਮਰਾਜ ਦੀ ਆਪਣੀਆਂ ਵਸਤੀਆਂ ਵਿੱਚ ਪਰਚਲਤ ਹਕੂਮਤਾਂ ਦੇ ਘਾਟਾਂ (ਇਮੀਗਰੇਸ਼ਨ) ਦੇ ਮਹਿਕਮਿਆਂ ਦੀ ਪਾਲਿਸੀ ਵੇਖੀ ਜਾਵੇ ਤਾਂ ਕੀ ਕੈਨੇਡਾ, ਆਸਟਰੇਲੀਆ, ਦੱਖਣੀ ਅਫਰੀਕਾ ਤੇ ਆਪਣੇ ਥਲੇ ਦਬੇ ਹੋਏ ਹੋਰ ਸਭਨਾਂ ਟਾਪੂਆਂ ਵਿੱਚ ਇਕੋ ਜੇਹੀ ਸੀ। ਆਮ ਅੰਗਰੇਜ਼ੀ ਟਾਪੂਆਂ, ਜਿੰਦਾਂ ਫਿਜ਼ੀ, ਗੀਆਨਾ, ਮਲਾਯਾ, ਹਾਂਡੂਰਾਸ ਆਦਿ ਵਿੱਚ ਹਿੰਦੀ ਗੁਲਾਮ-ਮਜ਼ਦੂਰੀ (ਇਨਡੈਨਚਰਡ ਲੇਬਰ) ਵਿੱਚ ਬੰਨ੍ਹ ਕੇ ਲਿਜਾਏ ਜਾਂਦੇ, ਜੋ ਗੋਰੇ ਮਾਲਕਾਂ ਦੀ ਪਰੈਣ ਹੇਠ ਗੁਲਾਮਾਂ ਵਾਂਗ ਖੇਤਾਂ ਤੇ ਬਾਗਾਂ ਵਿੱਚ ਕੰਮ ਕਰਦੇ। ਪਰ ਦੱਖਣੀ ਅਫਰੀਕਾ ਤੇ ਆਸਟਰੇਲੀਆ ਵਿੱਚ ਉਹ ਵਪਾਰੀ ਦੇ ਰੂਪ ਵਿੱਚ ਤੇ ਕੈਨੇਡਾ ਵਿੱਚ ਆਜ਼ਾਦ ਮਜ਼ਦੂਰ ਦੀ ਹੈਸੀਅਤ ਵਿੱਚ ਗਏ। ਇਹਨਾਂ ਹੀ ਤਿੰਨਾਂ ਸਾਮਰਾਜੀ ਵਸਤੀਆਂ ਵਿੱਚ ਜਿੱਥੇ ਉਹ ਗੁਲਾਮ ਮਜ਼ਦੂਰ ਨਹੀਂ ਸਨ, ਹਿੰਦੀਆਂ ਨੂੰ ਗੋਰੇ ਸਾਮਰਾਜੀਆਂ ਦੀ ਮਾਲਕਾਨਾ ਹੈਂਕੜ ਦਾ ਸ਼ਿਕਾਰ ਹੋਣਾ ਪਿਆ।

## ਘੋਲ ਆਰੰਭ

ਕੈਨੇਡਾ ਵਿੱਚ ਗਏ ਹਿੰਦੀਆਂ ਦਾ ਘੋਲ ਇਸ ਸਾਮਰਾਜੀ ਨੀਤੀ ਦੇ ਵਿਰੁੱਧ ਲੜਾਈ ਸੀ। ਅੰਗਰੇਜ਼ੀ ਸਾਮਰਾਜੀ ਨੀਤੀ ਪਹਿਲੋਂ ਪਹਿਲ ਕੈਨੇਡਾ ਦੀ ਅੰਗਰੇਜ਼ੀ ਹਕੂਮਤ ਦੇ ਵਤੀਰੇ ਤੋਂ ਪਰਗਟ ਹੋਈ। ਜਿਵੇਂ ਘੋਲ ਲੰਮਾ ਹੋਇਆ ਤੇ ਵਧਿਆ, ਤਿਵੇਂ ਅੰਗਰੇਜ਼ੀ ਸਾਮਰਾਜ ਦੀ ਲੰਡਨੀ ਸਰਕਾਰ ਤੇ ਇਸ ਤੋਂ ਬਾਅਦ ਹਿੰਦ ਵਿੱਚ ਵੀ ਅੰਗਰੇਜ਼ੀ ਸਰਕਾਰ ਦਾ ਵੀ ਪਾਜ ਉੱਘੜ ਗਿਆ ਤੇ ਹਿੰਦੀ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ ਅੰਗਰੇਜ਼ ਸਾਮਰਾਜੀ ਭਾਵੇਂ ਉਹ ਕੈਨੇਡਾ ਹਨ, ਲੰਡਨ ਹਨ ਜਾਂ ਦਿੱਲੀ, ਸਭ ਇਕੋ ਥੈਲੇ ਦੀ ਹੀ ਚਿੱਟੇ ਵੱਟੇ ਹਨ।

ਪਰ ਪਹਿਲਾਂ ਇਹ ਲਹਿਰ ਕੁਦਰਤੀ ਹੀ ਬਹੁਤ ਨਰਮ, ਅਰਜ਼ੀਆਂ, ਪਰਚਿਆਂ ਤੇ ਮਤਿਆਂ ਤੱਕ ਸੀਮਤ ਰਹੀ। ਇਸ ਦੇ ਖਾਸ ਆਰਥਕ ਤੇ ਸਿਆਸੀ ਕਾਰਨ ਸਨ ਤੇ ਏਥੇ ਅੰਗਰੇਜ਼ਾਂ ਦਾ ਆਪਣਾ ਰਾਜ ਸੀ, ਇਹ ਲੋਕ ਏਥੇ ਪਰਾਏ ਆ ਕੇ ਬੈਠੇ ਸਨ, ਜਿੱਥੇ ਆਉਣ ਤੇ ਵਸਣ ਦੀ ਰੋਕ ਸੀ, ਗ੍ਰਿਫਤਾਰ ਕਰਕੇ ਵਾਪਸ ਹਿੰਦ ਨੂੰ ਲੈ ਜਾਣ ਦਾ ਖਤਰਾ ਹਮੇਸ਼ਾ ਸਿਰ ਤੇ ਸਵਾਰ ਰਹਿੰਦਾ ਸੀ, ਇਸ ਲਈ ਇਹ ਘੋਲ ਬਾਹਲਾ ਕੈਨੇਡਾ ਆਉਣ ਤੇ ਵਸਣ ਦੇ ਹੱਕ ਪ੍ਰਾਪਤ ਕਰਨ ਦੀ ਲੜਾਈ ਹੀ ਬਣਿਆ ਰਿਹਾ।

ਦੂਸਰੇ ਇਹ ਲੋਕ ਬਾਹਲੇ ਨੌਕਰੀਆਂ ਛੱਡ ਕੇ ਆਏ ਫੌਜੀ ਸਨ, ਜੋ ਕਈ ਸਾਲ ਅੰਗਰੇਜ਼ੀ ਸਰਕਾਰ ਦੀ ਨੌਕਰੀ ਵਿੱਚ ਰਹਿ ਕੇ ਹਿੰਦ ਤੋਂ ਬਾਹਰ ਦੂਸਰੇ ਦੇਸ਼ਾਂ ਨੂੰ ਗੁਲਾਮ ਬਣਾਉਣ ਦੀਆਂ ਅੰਗਰੇਜ਼ੀ ਸਾਮਰਾਜ ਵੱਲੋਂ ਲੜਾਈਆਂ ਵਿੱਚ ਸ਼ਾਮਲ ਹੋ ਚੁੱਕੇ ਸਨ। ਇਹਨਾਂ ਵਿੱਚੋਂ ਬਹੁਤਿਆਂ ਦੀਆਂ ਹਿੱਕਾਂ ਲੜਾਈ ਦੇ ਮਿਲੇ ਤਕਮਿਆਂ ਨਾਲ ਭਰੀਆਂ ਹੋਈਆਂ ਸਨ। ਏਥੇ ਆ ਕੇ ਵੀ ਉਹ ਉਸ ਧਰਤੀ ਉੱਤੇ ਸਨ, ਜਿੱਥੇ ਉਹਨਾਂ ਦੇ ਰਾਜਸੀ ਸਵਾਮੀਆਂ, ਅੰਗਰੇਜ਼ੀ ਸਾਮਰਾਜੀਆਂ ਦੀ

ਆਪਣੀ ਹੀ ਵਸਤੀ ਸੀ। ਇਸ ਲਈ ਉਹਨਾਂ ਦੇ ਘੋਲ ਦਾ ਮੂਲ ਆਧਾਰ ਇਹ ਸੀ ਕਿ ਅੰਗਰੇਜ਼ੀ ਰੱਯਤ ਹੋਣ ਦੇ ਨਾਤੇ ਉਹਨਾਂ ਨੂੰ ਇਸ ਧਰਤੀ ਉੱਤੇ ਰਹਿਣ ਤੇ ਕੰਮ ਕਰਨ ਦਾ ਪੂਰਾ ਹੱਕ ਹੈ। ਉਹ ਆਪਣੇ ਬਾਦਸ਼ਾਹ ਦੀ ਧਰਤੀ ਨੂੰ ਆਪਣੀ ਧਰਤੀ ਸਮਝਦੇ ਸਨ। ਉਹਨਾਂ ਦਾ ਦਾਅਵਾ ਇਹ ਸੀ ਕਿ ਉਹ ਅੰਗਰੇਜ਼ੀ ਸਰਕਾਰ ਦੀਆਂ ਰੱਯਤਾਂ ਵਿੱਚੋਂ ਸਭ ਤੋਂ ਜ਼ਿਆਦਾ ਬਹਾਦਰ ਤੇ ਆਗਿਆਕਾਰ ਰੱਯਤ ਹਨ। ਉਸ ਅੰਗਰੇਜ਼ੀ ਸਰਕਾਰ ਦਾ ਮਨ ਮੋਹਣ ਲਈ ਇਹ ਅਹਿਸਾਨ ਵੀ ਜਤਾਉਂਦੇ ਸਨ ਕਿ ਉਹਨਾਂ ਅੰਗਰੇਜ਼ੀ ਸਰਕਾਰ ਦੀ ਹਿੰਦ ਤੋਂ ਬਾਹਰਲੇ ਜੰਗਾਂ ਯੁੱਧਾਂ ਵਿੱਚ ਜਾਨ ਵਾਰਕੇ ਸੇਵਾ ਕੀਤੀ ਹੈ। ਇੱਥੋਂ ਤਾਈਂ ਕਿ "ਹਿੰਦ ਵਿੱਚ 1857 ਦੇ ਗ਼ਦਰ ਵੇਲੇ ਉਹਨਾਂ ਦੀ ਹੀ ਮਦਦ ਨਾਲ ਅੰਗਰੇਜ਼ ਦਿੱਲੀ ਫਤਹਿ ਕਰ ਸਕੇ ਸਨ।"[1] ਇਸ ਦੇ ਬਦਲੇ ਵਿੱਚ ਉਹਨਾਂ ਦੀਆਂ ਮੰਗਾਂ ਇਹ ਸਨ ਕਿ ਉਹਨਾਂ ਨੂੰ ਕੈਨੇਡਾ ਆਉਣ ਉੱਤੇ ਲਾਈਆਂ ਪਾਬੰਦੀਆਂ ਤੋਂ ਮੁਕਤ ਕੀਤਾ ਜਾਵੇ, ਵਸੇਬੇ ਦੇ ਪੂਰੇ ਹੱਕ ਦਿੱਤੇ ਜਾਣ ਅਤੇ ਉਹਨਾਂ ਦੇ ਟੱਬਰਾਂ ਨੂੰ ਆਉਣ ਦੀ ਖੁੱਲ੍ਹ ਹੋਵੇ।

ਇਸ ਘੋਲ ਨੇ ਆਪਣੇ ਪੰਜਾਂ ਛਿਆਂ ਸਾਲਾਂ ਦੀ ਤੋਰ ਵਿੱਚ ਕੈਨੇਡਾ ਦੇ ਹਿੰਦੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਸਾਮਰਾਜੀਆਂ ਵਲੋਂ ਪਾਏ ਤੇ ਠੋਸੇ ਹੋਏ ਗੋਰੇ (ਸਾਮਰਾਜੀ) ਤੇ ਕਾਲੇ (ਗੁਲਾਮ) ਦੇ ਵਿਤਕਰੇ ਨੇ ਇਥੋਂ ਦੇ ਹਿੰਦੀਆਂ ਵਿੱਚ ਕੈਨੇਡਾ ਦੀ ਹਕੂਮਤ ਦੀ ਵਿਰੋਧਤਾ ਤੋਂ ਅਗਾਂਹ ਵਧਾ ਕੇ ਸਮੁੱਚੇ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਜਜ਼ਬਾ ਪੈਦਾ ਕਰ ਦਿੱਤਾ ਤੇ ਇਹ ਅਹਿਸਾਸ ਪੈਦਾ ਕੀਤਾ ਕਿ ਉਹਨਾਂ ਦੀ ਕੈਨੇਡਾ ਵਿੱਚ ਹੋ ਰਹੀ ਦੁਰਦਸ਼ਾ ਨਿਰੀ ਕੈਨੇਡਾ ਦੀ ਗੋਰੀ ਹਕੂਮਤ ਵਲੋਂ ਹੀ ਨਹੀਂ ਕੀਤੀ ਜਾ ਰਹੀ, ਸਗੋਂ ਇਸ ਦੀ ਮੂਲ ਜੜ੍ਹ ਬਰਤਾਨੀਆ ਦੀ ਸਾਮਰਾਜੀ ਹਕੂਮਤ ਹੀ ਸਭ ਕੁਝ ਕਰਾ ਰਹੀ ਹੈ, ਜੋ ਹਿੰਦੁਸਤਾਨ ਨੂੰ ਵੀ ਆਪਣੇ ਹੇਠਾਂ ਦੱਬੀ ਬੈਠੀ ਹੈ। ਇਸ ਲਈ ਜਦ ਤੱਕ ਹਿੰਦੁਸਤਾਨ ਗੋਰਿਆਂ (ਸਾਮਰਾਜੀਆਂ) ਦੇ ਕਬਜ਼ੇ ਹੇਠ ਰਹੇਗਾ, ਪਰਦੇਸਾਂ ਵਿੱਚ ਹਿੰਦੀਆਂ ਦੀ ਹਾਲਤ ਚੰਗੀ ਨਹੀਂ ਹੋ ਸਕਦੀ ਤੇ ਉਹਨਾਂ ਨਾਲ ਗੋਰੀਆਂ ਵਸਤੀਆਂ ਵਿੱਚ ਕੁਤਿਆਂ ਨਾਲੋਂ ਵੀ ਭੈੜਾ ਕੀਤਾ ਜਾ ਰਿਹਾ ਸਲੂਕ ਇਸੇ ਤਰ੍ਹਾਂ ਰਹੇਗਾ। ਇਸ ਸੋਚਣੀ ਨੇ ਇਹਨਾਂ ਅੰਦਰ ਕੌਮੀ ਅਣਖ ਤੇ ਦੇਸ਼ ਪਿਆਰ ਪੈਦਾ ਕੀਤੇ। ਉਹਨਾਂ ਨੂੰ ਆਪਣੀਆਂ ਫੌਜੀ ਖਿਦਮਤਾਂ ਤੇ ਸਾਮਰਾਜੀ ਜੰਗਾਂ ਵਿੱਚ ਮਾਰੀਆਂ ਤੇਗਾਂ ਅਕਾਰਥ ਜਾਪਣ ਲੱਗ ਪਈਆਂ। ਉਹਨਾਂ ਨੂੰ ਸਿੱਖ, ਹਿੰਦੂ ਤੇ ਪੰਜਾਬੀ ਦੀ ਸੋਚਣੀ ਤੋਂ ਉਤਾਂਹ ਉੱਠ ਕੇ ਆਪਣੀ ਗੁਲਾਮੀ ਸਾਰੇ ਹਿੰਦੁਸਤਾਨ ਦੀ ਗੁਲਾਮੀ ਦਿਸਣ ਲੱਗ ਪਈ ਤਾਂ ਹੀ ਜਦੋਂ ਗ਼ਦਰ ਪਾਰਟੀ ਨੇ ਅੰਗਰੇਜ਼ੀ ਹਕੂਮਤ ਨੂੰ ਹਿੰਦੁਸਤਾਨ ਵਿੱਚੋਂ ਉਲਟਾਉਣ ਦਾ ਝੰਡਾ ਚੁਕਿਆ ਤਾਂ ਕੈਨੇਡਾ ਦੇ ਹਿੰਦੀ ਅਮਰੀਕਨ ਹਿੰਦੀਆਂ ਵਾਂਗ ਹੀ ਜਾਇਦਾਦਾਂ ਤੇ ਕੰਮਾਂਕਾਰਾਂ ਨੂੰ ਲੱਤ ਮਾਰ ਕੇ ਧੜਾ ਧੜ ਹਿੰਦੁਸਤਾਨ ਨੂੰ ਤੁਰ ਪਏ।

ਦੂਸਰੇ ਕੈਨੇਡਾ ਤੇ ਅਮਰੀਕਾ ਦੀਆਂ ਸੰਯੁਕਤ ਰਿਆਸਤਾਂ ਦੀ ਹੱਦ ਇੱਕ ਹੋਣ ਕਰਕੇ ਹਿੰਦੀ ਆਮ ਇਧਰੋਂ ਉਧਰ ਤੇ ਉਧਰੋਂ ਏਧਰ ਆ ਜਾ ਜਾਂਦੇ ਸਨ। ਅੰਗਰੇਜ਼ੀ ਸਾਮਰਾਜੀਆਂ ਵਲੋਂ ਕੈਨੇਡੀਅਨ ਹਿੰਦੀਆਂ ਨਾਲ ਕੀਤੇ ਜਾ ਰਹੇ ਸਲੂਕ ਨੇ ਅਮਰੀਕਾ ਵਿੱਚ ਕੰਮ ਕਰ ਰਹੇ ਹਿੰਦੀਆਂ ਉੱਤੇ ਵੀ ਅਸਰ ਪਾਇਆ ਤੇ ਅਮਰੀਕਾ ਦੇ ਹਿੰਦੀਆਂ ਵਿੱਚ ਅਜ਼ਾਦੀ ਦੇ ਉਭਰ ਰਹੇ ਖਿਆਲਾਂ ਨੇ ਇਹਨਾਂ ਤੇ ਪਰਭਾਵ ਪਾਇਆ। ਇਸ ਦੁਵੱਲਿਉਂ ਪਏ ਪਰਭਾਵ ਨੇ ਸ਼ਾਂਤ ਸਾਗਰ ਦੇ ਕੰਢੇ ਦੇ

---

1. ਕੈਨੇਡਾ ਸਰਕਾਰ ਨੂੰ 15.12.1911 ਨੂੰ ਪੇਸ਼ ਕੀਤਾ ਯਾਦ ਪੱਤਰ ਤੇ ਹਿੰਦ ਸਰਕਾਰ ਨੂੰ 20.12. 1913 ਨੂੰ ਪੇਸ਼ ਕੀਤਾ ਯਾਦ ਪੱਤਰ।

ਹਿੰਦੀਆਂ ਵਿੱਚ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਵਿਰੁੱਧ ਉਭਰ ਰਹੀ ਘਿਰਣਾ ਨੂੰ ਹੋਰ ਵਧਾਇਆ ਤੇ ਤਪਾਇਆ। ਇਸ ਲਈ ਕੈਨੇਡਾ ਦੇ ਹਿੰਦੀਆਂ ਦਾ ਘੋਲ ਭਾਵੇਂ ਕਾਨੂੰਨੀ ਲੀਹਾਂ ਉੱਤੇ ਸੀ, ਗ਼ਦਰ ਪਾਰਟੀ ਲਹਿਰ ਦਾ ਇੱਕ ਮੂਲ ਅੰਗ ਹੈ।

## ਮਜ਼ਦੂਰ ਈਰਖਾ

ਵੀਹਵੀਂ ਸਦੀ ਦੇ ਚੜ੍ਹਨ ਤੇ ਅਮਰੀਕਾ ਦੀਪ ਦਾ ਪੱਛਮੀ ਕੰਢਾ ਆਬਾਦ ਕੀਤਾ ਜਾ ਰਿਹਾ ਸੀ। ਅਮਰੀਕਾ ਦੀਆਂ ਔਰਗਨ ਤੇ ਵਾਸ਼ਿੰਗਟਨ ਰਿਆਸਤਾਂ ਤੇ ਕੈਨੇਡਾ ਦਾ ਬਰਤਾਨਵੀ ਕੋਲੰਬੀਆ ਦਾ ਸੂਬਾ ਵਸਾਏ ਜਾ ਰਹੇ ਸਨ। ਸ਼ਹਿਰ ਤੇ ਕਸਬੇ ਆਬਾਦ ਕਰਨ, ਰੇਲਾਂ ਤੇ ਸੜਕਾਂ ਕੱਢਣ ਤੇ ਖੇਤ ਬਨਾਉਣ ਲਈ ਜੰਗਲ ਕੱਟੇ ਤੇ ਜ਼ਮੀਨਾਂ ਸਾਫ ਕੀਤੀਆਂ ਜਾ ਰਹੀਆਂ ਸਨ। ਇਸ ਆਬਾਦੀ ਲਈ ਲੋੜੀਂਦਾ ਸਾਮਾਨ ਤਿਆਰ ਕਰਨ ਲਈ ਕਾਰਖਾਨੇ ਲੱਗ ਤੇ ਚਾਲੂ ਹੋ ਰਹੇ ਸਨ। ਇਹਨਾਂ ਕੰਮਾਂ ਲਈ ਸਰਮਾਏਦਾਰਾਂ ਨੂੰ ਬੜੇ ਸਸਤੇ ਤੇ ਹੱਡ ਭੰਨਕੇ ਮਿਹਨਤ ਕਰਨ ਵਾਲੇ ਮਜ਼ਦੂਰਾਂ ਦੀ ਲੋੜ ਸੀ। ਅਜਿਹੇ ਮਜ਼ਦੂਰ ਪਹਿਲਾਂ ਚੀਨ, ਜਪਾਨ ਤੇ ਫੇਰ ਪੰਜਾਬ ਤੋਂ ਆਉਣੇ ਸ਼ੁਰੂ ਹੋਏ। ਪੰਜਾਬੀ ਮਜ਼ਦੂਰਾਂ ਦਾ ਮਾਲਕ ਕਿਸਾਨਾਂ ਵਾਲਾ ਨਰੋਆ, ਕਮਾਊ ਤੇ ਸਖਤ ਜਾਨ ਜੁੱਸਾ ਉਹਨਾਂ ਨੂੰ ਬਹੁਤ ਹੀ ਲਾਹੇਵੰਦ ਸਾਬਤ ਹੋਇਆ। ਸਰਮਾਏਦਾਰ ਆਬਾਦਕਾਰ ਗੋਰੇ ਮਜ਼ਦੂਰਾਂ ਨਾਲੋਂ ਏਸ਼ੀਆਈ ਮਜ਼ਦੂਰਾਂ ਨੂੰ ਤੇ ਏਸ਼ੀਆਈਆਂ ਵਿੱਚੋਂ ਫੇਰ ਪੰਜਾਬੀ ਮਜ਼ਦੂਰਾਂ ਨੂੰ ਕੰਮ ਦੇਣ ਵਿੱਚ ਤਰਜੀਹ ਦੇਂਦੇ। ਅਮਰੀਕਾ ਤੇ ਕੈਨੇਡੀਅਨ ਸਰਮਾਏਦਾਰਾਂ ਦੀ ਇਹ ਤਮਾਂ ਭਰੀ ਨੀਤੀ ਆਪਣਾ ਰੰਗ ਲਿਆਈ ਤੇ ਇਸ ਨੇ ਗੋਰੇ ਤੇ ਕਾਲੇ ਮਜ਼ਦੂਰਾਂ ਵਿੱਚ ਈਰਖਾ ਬੀਜ ਦਿੱਤੀ।[1]

ਅਮਰੀਕਾ ਦੀਪ ਦੇ ਗੋਰੇ ਮਜ਼ਦੂਰ ਸ਼ੁਰੂ ਤੋਂ ਹੀ ਸਰਮਾਏਦਾਰ ਦੁਨੀਆਂ ਵਿੱਚ ਪੈਦਾ ਹੋਏ ਤੇ ਪਲੇ ਸਨ। ਉਹ ਚਿਰੋਕਣੇ ਸਨਅਤੀ ਮਜ਼ਦੂਰੀ ਦਾ ਚਜਆਚਾਰ ਸਿੱਖ ਚੁੱਕੇ ਸਨ ਤੇ ਜਥੇਬੰਦ ਮਜ਼ਦੂਰੀ ਵਿੱਚ ਚੰਗੇ ਤਾਕ ਹੋਏ ਹੋਏ ਸਨ। ਇਸ ਲਈ ਜਦ ਏਸ਼ੀਆਈ ਮਜ਼ਦੂਰਾਂ ਨੇ ਇਹਨਾਂ ਦੀ ਥਾਂ ਲੈਣੀ ਸ਼ੁਰੂ ਕੀਤੀ ਤਾਂ ਇਹਨਾਂ ਦੀ ਮਜ਼ਦੂਰ ਕਦਰ ਘੱਟਣ ਲੱਗੀ ਤੇ ਜਥੇਬੰਦਕ ਸਤਿਆ ਵਿੱਚ ਤੇੜ ਆਉਣ ਲੱਗੀ ਪਈ। ਜਥੇਬੰਦ ਮਜ਼ਦੂਰਾਂ ਦਾ ਮਾਲਕਾਂ ਉੱਤੇ ਰੋਹਬ ਉੱਡਣ ਲੱਗਾ। ਇਸ ਚੀਜ਼ ਨੇ ਉਥੋਂ ਦੇ ਗੋਰੇ ਮਜ਼ਦੂਰਾਂ ਅੰਦਰ ਇਹਨਾਂ ਦੇ ਵਿਰੁੱਧ ਮਜ਼ਦੂਰ ਈਰਖਾ ਪੈਦਾ ਕਰਨੀ ਸ਼ੁਰੂ ਕੀਤੀ ਜੋ ਜਿਉਂ ਜਿਉਂ ਇਹਨਾਂ ਦਾ ਆਉਣਾ ਵਧਣ ਲੱਗਾ, ਵਧ ਕੇ ਇਕ ਮੁਖਾਲਫ ਦਾ ਘੋਲ ਰੂਪ ਧਾਰ ਗਈ। ਏਸ਼ੀਆਈ ਤੇ ਖਾਸਕਰ ਪੰਜਾਬੀ ਮਜ਼ਦੂਰ ਆਪਣੇ ਦੇਸ਼ ਵਿੱਚ ਪ੍ਰਚਲਤ ਜਾਗੀਰਦਾਰ ਹਾਲਤਾਂ ਵਿੱਚੋਂ ਗਏ ਹੋਏ ਸਨ। ਉਹਨਾਂ ਨੂੰ ਸਰਮਾਏਦਾਰ ਜੀਵਨ ਦੀ ਹਾਲਾਂ ਹਵਾ ਨਹੀਂ ਸੀ ਲਗੀ, ਨਾ ਉਹ ਸਨਅਤੀ ਮਜ਼ਦੂਰੀ ਤੋਂ ਜਾਣੂ ਸਨ ਤੇ ਜਥੇਬੰਦ ਮਜ਼ਦੂਰੀ ਤੋਂ ਤਾਂ ਅਨਜਾਣ ਸਨ। ਉਹ ਦੂਸਰੇ ਮਜ਼ਦੂਰਾਂ ਤੋਂ ਘੱਟ ਮਜ਼ਦੂਰੀ ਲੈ ਕੇ ਜਾਂ ਹਟਾਏ ਹੋਏ ਤੇ ਹੜਤਾਲ ਉਤੇ ਗਏ ਮਜ਼ਦੂਰਾਂ ਦੀ ਥਾਂ ਲੱਗਣ ਨੂੰ ਬੁਰਾ ਨਹੀਂ ਸਨ ਸਮਝਦੇ[2], ਜਿਸ ਤਰ੍ਹਾਂ ਕਿ ਜਥੇਬੰਦ ਸਨਅਤੀ ਮਜ਼ਦੂਰ ਸਮਝਦੇ ਸਨ। ਇਸ ਲਈ ਉਹ ਜਾਂਦੇ ਹੀ ਗੋਰੇ ਸਰਮਾਏਦਾਰਾਂ ਦੀ ਹਿਰਸ ਦਾ ਭੋਲੇ ਭਾਵ ਹੀ ਸ਼ਿਕਾਰ ਹੋ ਗਏ ਤੇ ਉਥੋਂ ਦੇ ਗੋਰੇ ਮਜ਼ਦੂਰਾਂ ਦੀ ਥਾਂ ਥੋੜ੍ਹੇ ਪੈਸੇ ਲੈ ਕੇ ਹੀ ਮਜ਼ਦੂਰੀਆਂ ਕਰਨ ਲੱਗ ਪਏ।

---

1. ਘਾਟ (ਓ) ਮਈ 1909, ਕਾਰਵਾਈ ਨੰ. 11-12
2. 'ਸ਼ਾਂਤ ਸਾਗਰ ਦੇ ਕੰਢੇ ਉੱਤੇ ਹਿੰਦੁਸਤਾਨੀ ਮਦਜ਼ਦੂਰ' ਸਫਾ 35

ਹਿੰਦੀਆਂ ਦੇ ਇਸ ਤਰ੍ਹਾਂ ਕਰਨ ਨਾਲ ਗੋਰੇ ਮਜ਼ਦੂਰਾਂ ਵਿੱਚ ਹਿੰਦੀਆਂ ਵਿਰੁੱਧ ਪਹਿਲਾਂ ਰੋਸ ਤੇ ਫੇਰ ਈਰਖਾ ਦੀ ਲਹਿਰ ਚਲ ਪਈ, ਜੋ ਪੰਜਾਬੀਆਂ ਤੇ ਏਸ਼ਆਈਆਂ ਦੇ ਇਸ ਤਰ੍ਹਾਂ ਧੜਾ ਧੜ ਆਉਂਦੇ ਜਾਣ ਨਾਲ ਹੋਰ ਪ੍ਰਚੰਡ ਹੋਈ ਤੇ ਐਜੀਟੇਸ਼ਨ ਤੋਂ ਅਗਾਂਹ ਵਧਕੇ ਏਸ਼ੀਆਈਆਂ ਨੂੰ ਮਾਰ ਕੁਟ ਕੇ ਦੇਸੋਂ ਕੱਢ ਦੇਣ ਦੀ ਲਹਿਰ ਬਣ ਗਈ। ਉਹਨਾਂ ਨੇ 'ਏਸ਼ੀਆਈਆਂ ਨੂੰ ਬਾਹਰ ਰੱਖਣ ਦੀ ਲੀਗ' ਨਾਂ ਦੀ ਜਥੇਬੰਦੀ ਬਣਾਈ, ਜਿਸ ਨੇ ਏਸ਼ੀਆਈ ਮਜ਼ਦੂਰਾਂ ਵਿਰੁੱਧ ਇੱਕ ਉਪੱਦਰ ਚੁੱਕ ਲਿਆ। ਸਭ ਤੋਂ ਪਹਿਲਾਂ ਕੈਨੇਡਾ ਦੀ ਸਰਹੱਦ ਲਾਗੇ ਅਮਰੀਕੀ ਹੱਦ ਅੰਦਰ ਸਮੁੰਦਰ ਦੇ ਕੰਢੇ ਇੱਕ ਕਸਬੇ ਬਰੈਲਿੰਗਮ ਵਿੱਚ ਜਿੱਥੇ ਪੰਦਰਾਂ ਕੁ ਸੌ ਏਸ਼ੀਆਈ ਮਜ਼ਦੂਰ ਆਰਾ ਮਿਲਾਂ ਵਿੱਚ ਕੰਮ ਕਰਦੇ ਸਨ, 5 ਸਤੰਬਰ 1907 ਨੂੰ ਛੇ ਸੌ ਹਥਿਆਰਬੰਦ ਗੋਰੇ ਮਜ਼ਦੂਰਾਂ ਨੇ ਜਾਪਾਨੀਆਂ ਤੇ ਹਿੰਦੀਆਂ ਉੱਤੇ ਜਥੇਬੰਦ ਹਮਲਾ ਕਰ ਦਿੱਤਾ।[1] ਏਥੇ ਸਤ ਸੌ ਜਾਪਾਨੀ, ਚਾਰ ਕੁ ਸੌ ਦੇ ਕਰੀਬ ਹਿੰਦੀ ਤੇ ਬਾਕੀ ਚੀਨੀ ਮਜ਼ਦੂਰ ਕੰਮ ਕਰਦੇ ਸਨ। ਇਹਨਾਂ ਏਸ਼ੀਆਈ ਮਜ਼ਦੂਰਾਂ ਨੂੰ ਮਾਰ ਮਾਰਕੇ ਕੁਝ ਕੁ ਨੂੰ ਸਮੁੰਦਰ ਵਿੱਚ ਉਤਰਨ ਤੇ ਮਜਬੂਰ ਕਰ ਦਿੱਤਾ ਤੇ ਬਾਕੀਆਂ ਨੂੰ ਧਰਤੀ ਉੱਤੋਂ ਦੀ ਕੈਨੇਡਾ ਵੱਲ ਧੱਕ ਦਿੱਤਾ। ਅੱਗੋਂ ਕੈਨੇਡਾ ਦੇ ਗੋਰੇ ਮਜ਼ਦੂਰਾਂ ਨੇ ਹਿੰਦੀਆਂ ਨੂੰ ਤਾਂ ਆਉਣ ਦਿੱਤਾ ਪਰ ਜਾਪਨੀਆਂ ਨੂੰ ਕੁੱਟਕੇ ਮੁੜ ਸਮੁੰਦਰ ਵਿੱਚ ਵਾੜ ਦਿੱਤਾ। ਜਦੋਂ ਉਹ ਕੰਢੇ ਚੜ੍ਹਨ ਲਈ ਆਉਣ ਤਾਂ ਅੱਗੋਂ ਡੰਡੇ ਸੋਟੇ ਤੇ ਬੰਦੂਕਾਂ ਦੀਆਂ ਹਥੀਆਂ ਨਾਲ ਫੇਰ ਸਮੁੰਦਰ ਵਿੱਚ ਸੁੱਟ ਦਿੱਤੇ ਜਾਣ। ਇਸ ਦੁਰਘਟਨਾ ਵਿੱਚ ਬਹੁਤ ਸਾਰੇ ਜਾਪਾਨੀ ਤੇ ਚੀਨੀ ਮਜ਼ਦੂਰ ਮਰੇ ਤੇ ਅਨੇਕਾਂ ਸਮੁੰਦਰ ਵਿੱਚ ਡੁੱਬ ਗਏ।

ਅਮਰੀਕਨ ਮਜ਼ਦੂਰਾਂ ਦੀ ਜਥੇਬੰਦੀ ਇ.ਵ.ਵ. (ਇੰਡਸਟਰੀਅਲ ਵਰਕਰਜ਼ ਆਫ਼ ਦੀ ਵਰਲਡ) ਭਾਵ 'ਦੁਨੀਆਂ ਦੇ ਸਨਅਤੀ ਮਜ਼ਦੂਰ', ਨਾਂ ਦੀ ਮਜ਼ਦੂਰ ਜਥੇਬੰਦੀ ਦੇ ਲੀਡਰ ਇਸ ਮਾਰਾ ਮਾਰੀ ਦੇ ਮੋਢੀ ਤੇ ਪ੍ਰਚਾਰਕ ਸਨ। ਉਹਨਾਂ ਨੇ ਅਮਰੀਕਾ ਵਿੱਚ ਵੀ ਇਹ ਅੱਗ ਭੜਕਾਈ ਹੋਈ ਸੀ ਤੇ ਉਹ ਵੈਨਕੋਵਰ ਵੀ ਆਉਂਦੇ ਰਹੇ ਤੇ ਉਹਨਾਂ ਇਥੋਂ ਦੀ ਇ. ਵ. ਵ. ਦੀ ਜਥੇਬੰਦੀ ਨੂੰ ਏਸ਼ੀਆਈਆਂ ਨਾਲ ਈਰਖਾ ਕਰਨ ਵਿੱਚ ਸਰਗਰਮ ਕੀਤਾ। ਕੈਨੇਡਾ ਦੀਆਂ ਮਜ਼ਦੂਰ ਮੀਟਿੰਗਾਂ ਨੇ ਏਸ਼ੀਆਈਆਂ ਵਿਰੁੱਧ ਘਿਰਣਾ ਦੇ ਨਾ ਸਿਰਫ ਮਤੇ ਪਾਸ ਕੀਤੇ, ਸਗੋਂ ਵੈਨਕੋਵਰ ਤੇ ਵਿਕਟੋਰੀਆ ਵਿੱਚ ਜਾਪਾਨੀਆਂ ਤੇ ਚੀਨੀਆਂ ਉਤੇ ਹਮਲਾ ਕਰ ਦਿੱਤਾ। ਉਹਨਾਂ ਦੇ ਘਰ ਫੂਕ ਸੁੱਟੇ ਤੇ ਉਹਨਾਂ ਨੂੰ ਮਾਰ ਮਾਰ ਘਰਾਂ ਤੋਂ ਭਜਾ ਦਿੱਤਾ। ਭਾਵੇਂ ਈਰਖਾ ਦੀ ਅੱਗ ਤਾਂ ਹਿੰਦੀਆਂ ਦੇ ਖਿਲਾਫ ਵੀ ਬੜੀ ਤੇਜ਼ ਸੀ, ਪਰ ਇਹਨਾਂ ਉੱਤੇ ਕੋਈ ਹਮਲਾ ਨਾ ਹੋਇਆ। ਜਦੋਂ 1906 ਦੇ ਅਖੀਰਲੇ ਮਹੀਨਿਆਂ ਵਿੱਚ ਛੇ ਛੇ ਸੱਤ ਸੱਤ ਸੌ ਪੰਜਾਬੀ ਵੈਨਕੋਵਰ ਜਹਾਜ਼ਾਂ ਤੋਂ ਉਤਰਦੇ ਸਨ ਤਾਂ ਇਹਨਾਂ ਦੇ ਸਮਾਜੀ ਵਿਤਕਰੇ ਨੂੰ ਅੱਗ ਲੱਗ ਜਾਂਦੀ ਸੀ।

ਇਸ ਮਾਰਾ ਮਾਰੀ ਦੇ ਵਿਰੁੱਧ ਜਾਪਾਨ ਦੇ ਕੈਨੇਡਾ ਵਿੱਚ ਨਿਯਤ ਰਾਜਦੂਤ ਨੇ ਬੜਾ ਸਖਤ ਉਲਾਹਮਾ ਦਿੱਤਾ, ਚੀਨ ਵਲੋਂ ਵੀ ਰੋਸ ਹੋਇਆ। ਜਾਪਾਨ ਨਾਲ ਸਮਝੌਤਾ ਹੋਇਆ, ਜਿਸ ਵਿੱਚ ਜਪਾਨੀਆਂ ਦੇ ਜਾਨ ਮਾਲ ਦੇ ਨੁਕਸਾਨ ਦਾ ਕੈਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਨੂੰ ਹਰਜਾਨਾ ਦੇਣਾ ਪਿਆ ਤੇ ਕੈਨੇਡਾ ਵਿੱਚ ਆਉਣ ਵਾਲੇ ਜਾਪਾਨੀਆਂ ਦੀ ਗਿਣਤੀ ਨਿਯਤ ਕਰ ਦਿੱਤੀ ਗਈ ਕਿ 400 ਜਾਪਾਨੀ ਹਰ ਸਾਲ ਆ ਜਾਇਆ ਕਰਨ।[2] ਚੀਨ ਨਾਲ ਇਹ ਸਮਝੌਤਾ

---

1. ਉਤਲਿਖਤ ਸਫਾ 111.
2. ਘਾਟ (ੳ) ਸਤੰਬਰ 1914 ਕਾਰਵਾਈ ਨੰ. 18-20, ਲਾਰਡ ਹਾਰਡਿੰਗ ਦੇ ਨੋਟ ਵਿੱਚੋਂ।

ਹੋਇਆ ਕਿ ਹਰ ਚੀਨੀ ਕੈਨੇਡਾ ਉੱਤਰਨ ਉਤੇ 500 ਡਾਲਰ ਦੇ ਦਿਆ ਕਰੇ ਤੇ ਆ ਜਾਇਆ ਕਰੇ।[1]

ਹਿੰਦ ਉੱਤੇ ਅੰਗਰੇਜ਼ਾਂ ਦੀ ਸਰਕਾਰ ਸੀ। ਹਿੰਦੀਆਂ ਦੀ ਆਪਣੀ ਕੋਈ ਸਰਕਾਰ ਨਹੀਂ ਸੀ ਜੋ ਇਹਨਾਂ ਦੇ ਵਿਰੁੱਧ ਘਿਰਣਾ ਤੇ ਮਾਰਾ ਮਾਰੀ ਰੋਕਣ ਦਾ ਕੋਈ ਬਾਨਣੂ ਬੰਨ੍ਹਦੀ। ਕੈਨੇਡਾ ਦੀ ਸਰਕਾਰ ਨੇ ਲੰਡਨੀ ਸਾਮਰਾਜੀ ਸਰਕਾਰ ਰਾਹੀਂ ਹਿੰਦ ਦੀ ਅੰਗਰੇਜ਼ੀ ਸਰਕਾਰ ਨੂੰ ਹਿੰਦੀਆਂ ਦੇ ਕੈਨੇਡਾ ਆਉਣ ਉੱਤੇ ਪਾਬੰਦੀਆਂ ਲਾਉਣ ਲਈ ਲਿਖਿਆ, ਪਰ ਪਹਿਲਾਂ ਲਾਰਡ ਕਰਜ਼ਨ ਤੇ ਉਸ ਤੋਂ ਪਿੱਛੋਂ ਲਾਰਡ ਮਿੰਟੋ ਨੇ ਇਹ ਪਾਲਿਸੀ ਤੈਅ ਕੀਤੀ ਕਿ ਹਿੰਦ (ਅੰਗਰੇਜ਼ੀ) ਸਰਕਾਰ ਹਿੰਦੀਆਂ ਦੇ ਬਾਹਰ ਟਾਪੂਆਂ ਵਿੱਚ ਜਾਣ ਉੱਤੇ ਕੋਈ ਪਾਬੰਦੀ ਲਾਉਣ ਨੂੰ ਤਿਆਰ ਨਹੀਂ[2] ਕਿਉਂਕਿ ਹਿੰਦ ਦੀ ਅੰਗਰੇਜ਼ੀ ਸਰਕਾਰ ਥੁੜੋਂ ਤੇ ਗਰੀਬੀ ਦੇ ਮਾਰਿਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਕੇ ਹੀ ਰਾਜ਼ੀ ਸੀ। ਦੇਸ਼ ਵਿੱਚ ਰਖਿਆ ਦੀ ਲਹਿਰ ਪੈਦਾ ਹੋਣ ਤੇ ਚਲ ਪੈਣ ਦੀ ਸੰਭਾਵਨਾ ਖੜੀ ਰਹਿੰਦੀ ਸੀ। ਇਸ ਉਤੇ ਕੈਨੇਡੀਅਨ ਸਰਕਾਰ ਨੇ 1907 ਦੇ ਅਖੀਰ ਵਿੱਚ ਆਪਣਾ ਲੇਬਰ ਦਾ ਡਿਪਟੀ ਵਜ਼ੀਰ ਮਿਸਟਰ ਮਕੇਨਜ਼ੀ ਕਿੰਗ ਹਿੰਦੀਆਂ ਦੀ ਪੁੱਛ ਪੜਤਾਲ ਉੱਤੇ ਲਾਇਆ। ਉਸ ਨੇ ਹਿੰਦੀਆਂ ਦੇ ਕੈਨੇਡਾ ਆਉਣ ਦੇ ਅੰਕੜੇ ਜੋੜ ਕੇ ਇਹਨਾਂ ਦਾ ਆਉਣਾ ਬੰਦ ਕਰਨ ਦੀ ਰਿਪੋਰਟ ਕੀਤੀ। ਕੈਨੇਡਾ ਸਰਕਾਰ ਨੇ ਉਸ ਨੂੰ 1907 ਚੜ੍ਹਦਿਆਂ ਹੀ ਲੰਡਨ ਭੇਜਿਆ ਤਾਂ ਜੋ ਉਹ ਸਾਮਰਾਜੀ ਸਰਕਾਰ ਨਾਲ ਹਿੰਦੀਆਂ ਦੇ ਦਾਖਲੇ ਦੀ ਹੱਦ ਬੰਨ੍ਹਣ ਬਾਰੇ ਗੱਲ ਬਾਤ ਕਰੇ। ਹਿੰਦ ਸਰਕਾਰ ਆਪਣੇ ਫੈਸਲੇ ਉਤੇ ਅੜੀ ਰਹੀ ਪਰ ਇਹ ਮੰਨ ਗਈ ਕਿ ਉਹ ਹਿੰਦੀਆਂ ਨੂੰ ਕੈਨੇਡਾ ਜਾਣ ਤੋਂ ਉਂਜ ਹਟਕਿਆ ਕਰੇਗੀ।[3]

ਕਿੰਗ ਦੀ ਰਿਪੋਰਟ ਤੇ ਹਿੰਦ ਸਰਕਾਰ ਦੇ ਜਵਾਬ ਆਉਣ ਤੋਂ ਬਾਅਦ ਏਧਰੋਂ ਕੈਨੇਡਾ ਸਰਕਾਰ ਨੇ ਏਸ਼ੀਆ ਤੋਂ ਕੈਨੇਡਾ ਨੂੰ ਜਹਾਜ਼ ਚਲਾਉਣ ਵਾਲੀਆਂ ਕੰਪਨੀਆਂ ਨੂੰ ਤਾੜਿਆ, ਦਬਾਇਆ ਤੇ ਰੋਕਿਆ ਕਿ ਉਹ ਕਿਸੇ ਹਿੰਦੀ ਨੂੰ ਸਿਧਾ ਟਿਕਟ ਨਾ ਦੇਣ। ਪਰ ਇਸ ਤਾੜਨਾ ਦੇ ਬਾਵਜੂਦ ਚੀਨੀ ਤੇ ਹਿੰਦੀ ਕੈਨੇਡਾ ਵਿੱਚ ਉਸੇ ਤਰ੍ਹਾਂ ਆਉਂਦੇ ਰਹੇ। ਇਸ ਦੀ ਵਜ੍ਹਾ ਇਹ ਸੀ ਜਿਦਾਂ ਪਹਿਲਾਂ ਦੱਸ ਆਏ ਹਾਂ ਕਿ ਇਥੋਂ ਦੇ ਮਿੱਲਾਂ ਤੇ ਰੇਲਾਂ ਵਾਲੇ ਇੱਕ ਤਾਂ ਏਸ਼ੀਆਈ ਮਜ਼ਦੂਰ ਨੂੰ ਸਸਤਾ ਤੇ ਗੋਰਿਆਂ ਨਾਲੋਂ ਵਧ ਕੰਮ ਦੇਣ ਵਾਲਾ ਸਮਝਦੇ ਸਨ, ਦੂਸਰੇ ਏਸ਼ੀਆਈ ਮਜ਼ਦੂਰ ਇੱਕ ਤੋਂ ਦੂਸਰੇ ਥਾਂ ਛੇਤੀ ਨਹੀਂ ਬਦਲੇ ਜਾਂਦੇ ਸਨ। ਗੋਰੇ ਮਜ਼ਦੂਰਾਂ ਦੀ ਗਿਣਤੀ ਇਹਨਾਂ ਇਲਾਕਿਆਂ ਦੀ ਤਰੱਕੀ ਦੀ ਰਫਤਾਰ ਨਾਲ ਵਾਰਾ ਨਹੀਂ ਸੀ ਖਾਂਦੀ, ਭਾਵ ਗੋਰੇ ਮਜ਼ਦੂਰਾਂ ਦੀ ਥੁੜ ਪਈ ਰਹਿੰਦੀ ਸੀ।[4]

ਕੈਨੇਡਾ ਦੇ ਸਰਮਾਏਦਾਰ ਜੁਟਾਂ ਵਿੱਚੋਂ ਕੈਨੇਡੀਅਨ ਪੈਸੇਫਿਕ ਰੇਲਵੇ ਚਲਾਉਣ ਵਾਲਾ ਗੁੱਟ ਸਭ ਤੋਂ ਵੱਡਾ ਤੇ ਭਾਰੂ ਸੀ। ਇਹ ਰੇਲਾਂ ਕੱਢ ਕੇ ਸੜਕਾਂ ਬਣਾ ਰਿਹਾ ਸੀ। ਸਮੁੰਦਰਾਂ ਵਿੱਚ ਜਹਾਜ਼ ਵੀ ਇਸ ਦੇ ਚਲਦੇ ਸਨ, ਜੋ ਹਾਂਗਕਾਂਗ ਤੱਕ ਜਾਂਦੇ ਸਨ। ਇਸ ਵਿੱਚ ਸੰਗਠਤ ਆਰਿਆਂ ਦੀਆਂ ਮਿਲਾਂ ਵਾਲਿਆਂ ਤੇ ਇਸ ਦੇ ਡਾਇਰੈਕਟਰਾਂ ਦੀ ਇਹ ਆਰਥਕ ਲੋੜ ਸੀ, ਕਿ ਏਸ਼ੀਆਈ

---

1. ਮਿਤ ਸਿੰਘ ਪੰਡੋਰੀ ਦਾ ਬਿਆਨ।
2. ਘਾਟ (ਅ) ਮਈ, 1909 ਕਾਰਵਾਈ ਨੰ. 11-12
3. ਉਤਲਿਖਤ ਕਾਰਵਾਈ।
4. ਘਾਟ (ੳ) ਮਈ 1909, ਕਾਰਵਾਈ ਨੰ. 13

ਮਜ਼ਦੂਰ ਆਉਣ। ਇਸ ਲਈ ਇਹਨਾਂ ਨੇ ਤੇ ਖਾਸ ਕਰ ਇਸ ਰੇਲਵੇ ਕੰਪਨੀ ਨੇ ਆਪਣੇ ਏਜੰਟ ਕਲਕਤੇ, ਸਿੰਘਾਪੁਰ, ਸ਼ਿੰਘਾਈ ਤੇ ਚੀਨ ਦੇ ਹੋਰਨਾਂ ਘਾਟਾਂ ਉੱਤੇ ਛੱਡੇ ਹੋਏ ਸਨ, ਜੋ ਹਿੰਦੀਆਂ ਨੂੰ ਤਾਂ ਟਿਕਟ ਵੇਚਦੇ ਤੇ ਚੀਨੀਆਂ ਦਾ ਪੰਜ ਸੌ ਡਾਲਰ ਟੌਲ ਟੈਕਸ ਭਰਦੇ। ਚੀਨੀਆਂ ਨੂੰ ਉਹ ਡਾਲਰ ਭਰਨ ਨਾਲੋਂ ਵੀ ਬਹੁਤ ਥੋੜ੍ਹੀ ਮਜ਼ਦੂਰੀ ਦਿੰਦੇ ਸਨ ਤੇ ਚੀਨੀ ਗਰੀਬੀ ਦੇ ਮਾਰੇ ਇਹ ਮੰਨ ਲੈਂਦੇ ਸਨ।[1]

ਕੈਨੇਡਾ ਤੇ ਅਮਰੀਕਾ ਵਿੱਚ ਪਹਿਲਾਂ ਜਾਗੀਰਦਾਰੀ ਪਰਬੰਧ ਨਾ ਹੋਣ ਤੇ ਸਿੱਧੀ ਸਰਮਾਏਦਾਰੀ ਪਰਚਲਤ ਹੋ ਜਾਣ ਕਰਕੇ ਨਿਰੀਆਂ ਦੋ ਹੀ ਜਮਾਤਾਂ ਸਨ, ਮਜ਼ਦੂਰ ਤੇ ਸਰਮਾਏਦਾਰ। ਇਥੋਂ ਦੀ ਸਿਆਸੀ ਤਾਕਤ ਮਜ਼ਦੂਰ ਜਮਾਤ ਦੀ ਵੋਟ ਉੱਤੇ ਨਿਰਭਰ ਹੁੰਦੀ ਹੈ, ਇਸ ਲਈ ਇੱਥੋਂ ਦੇ ਚਾਤਰ ਸਰਮਾਏਦਾਰ ਮਜ਼ਦੂਰ ਜਮਾਤ ਦੀਆਂ ਜਥੇਬੰਦੀਆਂ ਦੇ ਲੀਡਰਾਂ ਨੂੰ ਭਰਮਾਈ ਤੇ ਹੱਥਾਂ ਤੇ ਪਾਈ ਰੱਖਦੇ ਹਨ ਅਤੇ ਮਜ਼ਦੂਰ ਜਮਾਤ ਦੀਆਂ ਉਹ ਮੰਗਾਂ, ਜੋ ਸਰਮਾਏਦਾਰੀ ਦੀ ਨੀਂਹ ਨੂੰ ਨਾ ਹਿਲਾਉਣ ਜਾਂ ਉਸ ਦੀ ਤਰੱਕੀ ਵਿੱਚ ਰੁਕਾਵਟ ਨਾ ਬਣਨ, ਮੰਨਦੇ ਰਹਿੰਦੇ ਹਨ। ਸਰਮਾਏਦਾਰਾਂ ਦੀਆਂ ਅਜਿਹੇ ਦੇਸ਼ਾਂ ਵਿੱਚ ਬਾਹਲਾ ਦੋ ਹੀ ਪਾਰਟੀਆਂ ਬਣ ਜਾਂਦੀਆਂ ਹਨ ਤੇ ਉਹ ਮਜ਼ਦੂਰ ਦੇ ਸੁਧਾਰਕ ਮਾਮਲਿਆਂ ਨੂੰ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਕਰਕੇ ਮਜ਼ਦੂਰਾਂ ਦੀਆਂ ਵੀ ਲੀਡਰ ਬਣ ਜਾਂਦੀਆਂ ਹਨ। ਇਥੋਂ ਦੇ ਸਰਮਾਏਦਾਰਾਂ ਦੇ ਭਰਮਾਏ ਤੇ ਹੱਥਾਂ ਉਤੇ ਚਾੜ੍ਹੇ ਹੋਏ ਮਜ਼ਦੂਰ ਲੀਡਰ ਆਪਣੀਆਂ ਜਥੇਬੰਦੀਆਂ ਨੂੰ ਨਿਰੋਲ ਆਰਥਕ ਸਵਾਲਾਂ ਤੱਕ ਹੱਦਬੰਦ ਕਰ ਲੈਂਦੇ ਤੇ ਸਿਆਸੀ ਸਵਾਲ ਸਰਮਾਏਦਾਰਾਂ ਦੀਆਂ ਪਾਰਟੀਆਂ ਉਤੇ ਛੱਡ ਦਿੰਦੇ। ਅਮਰੀਕਾ ਦੀਪ ਦੇ ਦੇਸ਼ਾਂ ਵਿੱਚ ਉਦੋਂ ਇਹੀ ਰਿਵਾਜ ਸੀ ਜੋ ਬਹੁਤ ਹੱਦ ਤੱਕ ਹੁਣ ਵੀ ਚਲ ਰਿਹਾ ਹੈ। ਕੈਨੇਡਾ ਵਿੱਚ ਬਰਤਾਨੀਆ ਵਾਂਗ ਲਿਬਰਲ ਤੋਂ ਕਨਸਰਵੇਟਿਵ ਦੋ ਸਰਮਾਏਦਾਰਾਂ ਦੀਆਂ ਪਾਰਟੀਆਂ ਸਨ। ਸੋਸ਼ਲਿਸਟ ਪਾਰਟੀ ਅਜੇ ਜਨਮ ਲੈ ਰਹੀ ਸੀ। ਲਿਬਰਲ ਪਾਰਟੀ ਉਸ ਵੇਲੇ ਹਕੂਮਤ ਵਿੱਚ ਸੀ ਤੇ ਕਨਸਰਵੇਟਿਵ ਪਾਰਟੀ, ਜਿਸ ਦਾ ਬਰਿਟਿਸ਼ ਕੋਲੰਬੀਆ (ਭਾਵ ਪੱਛਮੀ ਕੈਨੇਡਾ) ਵਿੱਚ ਜ਼ੋਰ ਸੀ, ਸਮੁੱਚੇ ਕੈਨੇਡਾ ਦੀ ਹਕੂਮਤ ਨੂੰ ਆਪਣੇ ਹੱਥ ਵਿੱਚ ਲੈਣਾ ਚਾਹੁੰਦੀ ਸੀ। ਇਸ ਪਾਰਟੀ ਦੇ ਲੀਡਰ ਗੋਰੇ ਮਜ਼ਦੂਰਾਂ ਨੂੰ ਆਪਣੇ ਮਗਰ ਲਾਉਣ ਤੇ ਇਹਨਾਂ ਦੀਆਂ ਵੋਟਾਂ ਨਾਲ ਚੋਣ ਜਿੱਤਣ ਲਈ ਹਿੰਦੀਆਂ ਦੇ ਦਾਖਲੇ ਦੇ ਸਵਾਲ ਨੂੰ ਬਹੁਤ ਚੁੱਕ ਰਹੇ ਸਨ।[2] ਤੇ ਇਸ ਸਵਾਲ ਨੂੰ ਉਹਨਾਂ ਨੇ ਜ਼ਿੰਦਗੀ ਮੌਤ ਦਾ ਸਵਾਲ ਬਣਾ ਲਿਆ ਸੀ। ਸੋ ਇਹ ਪਾਰਟੀ ਕੋਲੰਬੀਆ ਵਿੱਚ ਹਕੂਮਤ ਕਰ ਰਹੀ ਸੀ। ਇਸ ਪਾਰਟੀ ਦੇ ਜ਼ੋਰ ਦੇਣ ਉੱਤੇ ਕੈਨੇਡਾ ਸਰਕਾਰ ਨੇ 26 ਮਾਰਚ, 1908 ਨੂੰ ਕੈਨੇਡੀਅਨ ਪੈਸਿਫਿਕ ਕੰਪਨੀ ਨੂੰ ਤਾੜਨਾ ਕੀਤੀ ਕਿ ਉਹ ਹਿੰਦੀਆਂ ਨੂੰ ਨਾ ਲਿਆਵੇ। ਆਖਰ ਹਿੰਦ ਦੀ ਸਰਕਾਰ ਤੇ ਕੈਨੇਡਾ ਦੀ ਸਰਕਾਰ ਦੇ ਦੋਵਲਿਓਂ ਜ਼ੋਰ ਲਾਉਣ ਉਤੇ ਇਹ ਕੰਪਨੀ 1908 ਦੇ ਅੱਧ ਤੋਂ ਬਾਅਦ ਹਿੰਦੀਆਂ ਨੂੰ ਲੈ ਜਾਣ ਦੀ ਤੋਬਾ ਕਰ ਗਈ। ਕੈਨੇਡਾ ਦੀ ਸਰਕਾਰ ਨੇ ਤਾਂ ਉਸ ਨੂੰ ਘਾਟਾਂ ਦੇ ਕਾਨੂੰਨ ਦੀ ਉਹ ਦਫਾ ਲਾਗੂ ਕਰਨ ਦੀ ਧਮਕੀ ਦਿੱਤੀ, ਜਿਸ ਅਨੁਸਾਰ ਕੈਨੇਡਾ ਹਕੂਮਤ ਅਨਚਾਹੇ ਬੰਦਿਆਂ ਨੂੰ ਦੇਸ਼ ਵਿੱਚ ਲਿਆਉਣ ਉਤੇ ਜਹਾਜ਼ ਨੂੰ ਜੁਰਮਾਨਾ ਕਰ ਸਕਦੀ ਤੇ ਮੁਸਾਫਰਾਂ ਨੂੰ ਵਾਪਸ ਭੇਜਣ ਦਾ

---

1. ਮਿਤ ਸਿੰਘ ਪੰਡੋਰੀ ਦਾ ਬਿਆਨ।
2. ਕਰਨਲ ਸਵੈਨ ਦੀ ਵਸਤੀਆਂ ਦੇ ਦਫਤਰ ਲੰਡਨ ਨੰ. 30 ਦਸੰਬਰ, 1908 ਨੂੰ ਲਿਖੀ ਚਿੱਠੀ ਘਾਟ (ੳ) ਮਈ, 1909 ਕਾਰਵਾਈ ਨੰ. 13

ਖਰਚਾ ਪਾ ਸਕਦੀ ਹੈ ਅਤੇ ਇਧਰ ਹਿੰਦ ਸਰਕਾਰ ਨੇ ਹਿੰਦੀ ਘਾਟਾਂ ਉੱਤੇ ਆ ਕੇ ਕੈਨੇਡਾ ਜਾਣ ਲਈ ਬੈਠੇ ਹਿੰਦੀਆਂ ਨੂੰ ਡਰਾਇਆ ਤੇ ਪਿੰਡਾਂ ਨੂੰ ਨਠਾ ਦਿੱਤਾ ਤੇ ਟਿਕਟਾਂ ਵੇਚਣ ਵਾਲਿਆਂ ਨੂੰ ਘਾਟਾਂ ਦੀਆਂ ਸਹੂਲਤਾਂ ਖੋਹ ਲੈਣ ਦਾ ਡਰ ਦਿੱਤਾ।

ਇਸ ਤਰ੍ਹਾਂ ਦਾਖਲੇ ਦੀਆਂ ਪਾਬੰਦੀਆਂ ਲਾ ਕੇ ਹਿੰਦੀਆਂ ਨੂੰ ਇਥੋਂ ਕੱਢਣ ਦੀਆਂ ਵਿਉਂਤਾਂ ਸੋਚੀਆਂ ਜਾਣ ਲੱਗੀਆਂ। ਪਹਿਲਾਂ ਤਾਂ ਜਹਾਜ਼ਾਂ ਵਿੱਚ ਚੜ੍ਹਾ ਕੇ ਹਿੰਦੁਸਤਾਨ ਨੂੰ ਭੇਜ ਦੇਣ ਦੀਆਂ ਵਿਚਾਰਾਂ ਹੋਈਆਂ, ਪਰ ਫੇਰ ਹਿੰਦੁਸਤਾਨ ਨੂੰ ਵਾਪਸ ਭੇਜਣ ਦੀ ਸਲਾਹ ਲੰਡਨੀ ਸਾਮਰਾਜੀ ਸਰਕਾਰ ਤੇ ਹੋਰ ਦਾਨੇ ਸਾਮਰਾਜੀਆਂ ਦੇ ਕਹਿਣ ਉਤੇ, ਇਸ ਵਾਸਤੇ ਛੱਡ ਦਿੱਤੀ ਗਈ ਕਿ ਜੇ ਇਹ ਹਿੰਦੀ ਆਪਣੇ ਦੇਸ਼ ਨੂੰ ਵਾਪਸ ਭੇਜ ਦਿੱਤੇ, ਜਿੱਥੇ ਅੱਗੇ ਹੀ ਰਾਜਸੀ ਅੰਦਲੋਨ ਚਲ ਰਿਹਾ ਸੀ, ਤਾਂ ਉਥੇ ਜਾ ਕੇ ਹਿੰਦ ਦੀ ਅੰਗਰੇਜ਼ੀ ਸਰਕਾਰ ਦੇ ਖਿਲਾਫ ਹੁਲੜ ਮਚਾ ਦੇਣਗੇ।[1]

## ਹਾਂਡੂਰਾਸ

ਕੈਨੇਡੀਅਨ ਸਰਕਾਰ ਦੇ ਘਰੋਗੀ ਮਹਿਕਮੇ ਦੇ ਸਕੱਤਰ ਜ.ਬ. ਹਾਰਕਿਨ ਨੇ ਰਿਪੋਰਟ ਕੀਤੀ ਕਿ ਹਿੰਦੀਆਂ ਦੀ ਇਥੇ ਬਹੁਤ ਬੁਰੀ ਦਸ਼ਾ ਹੈ, ਉਹਨਾਂ ਨੂੰ ਇਥੋਂ ਦੀ ਠੰਢ ਨਹੀਂ ਭਾਉਂਦੀ, ਪਾਲੇ ਨਾਲ ਠਰੂੰ ਠਰੂੰ ਕਰਦੇ ਹਨ, 1500 ਦੇ ਕਰੀਬ ਬੇਕਾਰ ਹਨ, ਭੁੱਖੇ ਮਰਦੇ ਤੇ ਨੰਗੇ ਹਨ, ਇਹਨਾਂ ਦੀ ਮੰਦੀ ਹਾਲਤ ਜਰੀ ਨਹੀਂ ਜਾਂਦੀ, ਜਿਸ ਨੂੰ ਦੇਖਕੇ ਸਾਡਾ ਦਿਲ ਭਰ ਆਉਂਦਾ ਹੈ, ਇਸ ਲਈ ਇਹਨਾਂ ਨੂੰ ਇਥੋਂ ਕੱਢ ਕੇ ਕਿਸੇ ਗੁਲਾਮ ਮਜ਼ਦੂਰੀ ਵਾਲੇ ਅੰਗਰੇਜ਼ੀ ਟਾਪੂ ਵਿੱਚ ਭੇਜ ਦਿੱਤਾ ਜਾਏ। ਉਸ ਨੇ ਵਸਤੀਆਂ ਦੇ (ਲੰਡਨੀ) ਦਫ਼ਤਰ ਪਾਸੋਂ ਇੱਕ ਗੁਲਾਮ ਮਜ਼ਦੂਰਾਂ ਨੂੰ ਲੈ ਜਾਣ ਵਾਲਾ ਜਹਾਜ਼ ਵੀ ਮੰਗਵਾ ਘਲਿਆ ਤੇ ਆਖਿਆ ਕਿ ਹਿੰਦੁਸਤਾਨ ਵਿੱਚੋਂ ਭਰਤੀ ਕਰਕੇ ਲਿਜਾਣ ਨਾਲੋਂ ਇੱਥੋਂ ਇੱਕ ਜਹਾਜ਼ ਭਰਕੇ ਲਿਜਾਇਆ ਜਾਏ।[2] ਵਸਤੀਆਂ ਦੇ ਦਫ਼ਤਰ ਨਾਲ ਗੱਲ ਕਥ ਕਰਕੇ ਇਹ ਟਾਪੂ ਹਾਂਡੂਰਾਸ ਮਿਥਿਆ ਗਿਆ।

ਜਦ ਹਿੰਦੀਆਂ ਨੂੰ ਪਤਾ ਲੱਗਾ ਕਿ ਸਾਨੂੰ ਹਾਂਡੂਰਾਸ ਨੂੰ ਕੱਢ ਰਹੇ ਹਨ ਤਾਂ ਉਹਨਾਂ 20 ਅਕਤੂਬਰ, 1908 ਨੂੰ ਹਿੰਦ ਵਿੱਚ ਅੰਗਰੇਜ਼ੀ ਸਰਕਾਰ ਨੂੰ ਤਾਰ ਦਿੱਤੀ, ਜਿਸ ਵਿੱਚ ਇਸ ਦੇ ਖਿਲਾਫ਼ ਸਖ਼ਤ ਰੋਸ ਪਰਗਟ ਕੀਤਾ। ਹਿੰਦ ਸਰਕਾਰ ਨੇ 20 ਅਕਤੂਬਰ ਨੂੰ ਹਿੰਦ ਦਫ਼ਤਰ ਲੰਡਨ ਨੂੰ ਤਾਰ ਦਿੱਤੀ ਕਿ ਸਾਡੀ ਮਨਜ਼ੂਰੀ ਤੋਂ ਬਿਨਾਂ ਇਹ ਕੰਮ ਨਾ ਕੀਤਾ ਜਾਏ। ਵਸਤੀਆਂ ਦੇ ਦਫ਼ਤਰ ਨੇ ਹਿੰਦੀਆਂ ਨੂੰ ਇਤਲਾਹ ਦਿੱਤੀ ਕਿ ਕਿਸੇ ਨੂੰ ਜ਼ਬਰਦਸਤੀ ਹਾਂਡੂਰਾਸ ਨਹੀਂ ਭੇਜਿਆ ਜਾਏਗਾ।[3]

ਇਸ ਤੋਂ ਪਹਿਲਾਂ ਕੈਨੇਡੀਅਨ ਸਰਕਾਰ ਤੇ ਬਰਤਾਨਵੀ ਸਰਕਾਰ ਹਾਂਡੂਰਾਸ ਦੀ ਸਰਕਾਰ ਨਾਲ ਹਿੰਦੀਆਂ ਨੂੰ ਵਸਾਉਣ ਦਾ ਇੰਤਜ਼ਾਮ ਕਰ ਚੁੱਕੀਆਂ ਸਨ। ਪਹਿਲਾਂ ਇੱਕ ਸਾਲ ਦਾ ਠੇਕਾ ਤਹਿ ਹੋਇਆ ਤੇ ਇੱਕ ਸ਼ਲਿੰਗ (ਇੱਕ ਰੁਪਿਆ ਸਵਾ ਪੰਜ ਆਨੇ) ਦਿਹਾੜੀ ਤੇ ਰਾਸ਼ਨ ਮੁਫਤ। ਕੈਨੇਡਾ ਵਿੱਚ ਪੰਜ ਰੁਪਏ ਦਿਹਾੜੀ ਨਾਲੋਂ ਵੱਧ ਮਜ਼ਦੂਰੀ ਮਿਲਦੀ ਸੀ। ਲੰਡਨੀ ਸਰਕਾਰ, ਦੇ ਸਾਰਾ

---

1. ਕਰਨਲ ਸਵੈਨ ਦਾ ਯਾਦ ਪੱਤਰ, ਪੈਰਾ 4 (ਉਤਲਿਖਤ ਕਾਰਵਾਈ)
2. ਘਾਟ (ਓ) ਫਰਵਰੀ, 1909, ਕਾਰਵਾਈ ਨੰ. 14-20, 29-9-1908 ਨੂੰ ਲਿਖੀ ਵਸਤੀਆਂ ਦੇ ਦਫਤਰ ਵਲੋਂ ਹਿੰਦ ਦਫਤਰ ਨੂੰ ਚਿੱਠੀ।
3. ਉਤਲਿਖਤ

ਜ਼ੋਰ ਲਾਉਣ ਉਤੇ ਵੀ ਹਾਂਡੂਰਾਸ ਸਰਕਾਰ ਇਹਨਾਂ ਹਿੰਦੀਆਂ ਵਾਸਤੇ ਗੁਲਾਮੀ ਦੀਆਂ ਸ਼ਰਤਾਂ ਨਰਮ ਕਰਨ ਲਈ ਤਿਆਰ ਨਾ ਹੋਈ।[1]

16 ਅਕਤੂਬਰ ਤੋਂ ਪਹਿਲੇ ਬੁੱਧਵਾਰ ਨੂੰ ਹਾਰਕਿਨ ਨੇ ਪਾਦਰੀ ਰਾਈਟ ਤੇ ਕਲਕੱਤੇ ਤੋਂ ਛੁੱਟੀ ਆਏ ਇੱਕ ਪੁਲਸ ਇਨਸਪੈਕਟਰ ਹਾਪਕਿਨਸਨ ਨੂੰ, ਜੋ ਹਿੰਦੁਸਤਾਨੀ ਜ਼ਬਾਨ ਜਾਣਦਾ ਸੀ, ਨਾਲ ਲੈ ਕੇ ਭਾ. ਭਾਗ ਸਿੰਘ ਭਿਖੀਵਿੰਡ, ਭਾ. ਪਿਆਰਾ ਸਿੰਘ ਲੰਗੇਰੀ, ਭਾ. ਸੂਬਾ ਸਿੰਘ, ਭਾ. ਬਲਵੰਤ ਸਿੰਘ ਖੁਰਦਪੁਰ ਗਰੰਥੀ, ਸ੍ਰੀ ਹਰਨਾਮ ਸਿੰਘ ਸਾਹਰੀ, ਪੰਡਤ ਬਾਲ ਮੁਕੰਦ ਸਕਰੂਲੀ, ਸ੍ਰੀ ਮੇਹਰ ਚੰਦ, ਸ੍ਰੀ ਰਾਧਾ ਕ੍ਰਿਸ਼ਨ ਤੇ ਸ੍ਰੀ ਮੁਨਸ਼ੀ ਰਾਮ ਆਦਿ ਲੀਡਰਾਂ ਤੇ ਕੁਝ ਹੋਰ ਹਿੰਦੀਆਂ ਨਾਲ ਇੱਕ ਗਿਰਜੇ ਵਿੱਚ ਕਾਨਫਰੰਸ ਕੀਤੀ ਤੇ ਹਾਂਡੂਰਾਸ ਬਾਬਤ ਸਰਕਾਰੀ ਸਕੀਮ ਦੱਸੀ। ਉਹਨਾਂ ਨੇ ਆਖਿਆ ਕਿ ਹਿੰਦੀ ਆਪਣੇ ਦੋ ਤਿੰਨ ਨੁਮਾਇੰਦੇ ਚੁਣ ਦੇਣ, ਜੋ ਉਹਨਾਂ ਨਾਲ ਜਾ ਕੇ ਹਾਂਡੂਰਾਸ ਨੂੰ ਵੇਖ ਆਉਣ ਕਿ ਕਿੰਨੀ ਅੱਛੀ ਥਾਂ ਹੈ, ਜੋ ਹਿੰਦੀਆਂ ਲਈ ਬਹਿਸ਼ਤ ਬਣ ਸਕਦੀ ਹੈ। ਅਗਲੀ ਮੀਟਿੰਗ ਗੁਰਦੁਆਰੇ ਹੋਈ ਤੇ ਸੰਗਤ ਨੇ ਨਾਗਰ ਸਿੰਘ ਤੇ ਸ਼ਾਮ ਸਿੰਘ ਦੋ ਨੁਮਾਇੰਦੇ ਚੁਣੇ। ਹਾਰਕਿਨ ਹਾਪਕਿਨਸਨ ਨੂੰ ਦੁਭਾਸ਼ੀਆ ਬਣਾਕੇ ਤੇ ਇਹਨਾਂ ਦੋਹਾਂ ਨੂੰ ਲੈ ਕੇ 25 ਅਕਤੂਬਰ 1908 ਨੂੰ ਹਾਂਡੂਰਾਸ ਪਹੁੰਚ ਗਿਆ। 7 ਨਵੰਬਰ ਨੂੰ ਇਹ ਡੈਲੀਗੇਸ਼ਨ ਵਾਪਸ ਆਇਆ। ਵਾਪਸ ਆਉਂਦਿਆਂ ਹਾਰਕਿਨ ਤੇ ਹਾਪਕਿਨਸਨ ਨੇ ਹਾਂਡੂਰਾਸ ਦੇ ਪਸੰਦ ਆ ਜਾਣ ਬਾਰੇ ਲਿਖੀ ਇੱਕ ਰਿਪੋਰਟ ਉੱਤੇ ਹਿੰਦੀ ਨੁਮਾਇੰਦਿਆਂ ਤੋਂ ਦਸਖਤ ਕਰਵਾ ਲੈਣ ਦਾ ਬੜਾ ਚਾਰਾ ਕੀਤਾ, ਪਰ ਉਹ ਨਾ ਮੰਨੇ ਵੱਢੀਆਂ ਵੀ ਪੇਸ਼ ਕੀਤੀਆਂ ਆਖੀਆਂ ਜਾਂਦੀਆਂ ਹਨ। ਡੈਲੀਗੇਸ਼ਨ ਦੇ ਹਿੰਦੀ ਮੈਂਬਰਾਂ ਨੇ ਆ ਕੇ ਦਸਿਆ ਕਿ ਹਾਂਡੂਰਾਸ ਹਿੰਦੀਆਂ ਵਾਸਤੇ ਚੰਗਾ ਨਹੀਂ, ਓਥੇ ਮਲੇਰੀਆ, ਮੱਛਰ ਤੇ ਪੀਲੇ ਤਾਪ ਦਾ ਜ਼ੋਰ ਹੈ, ਗੁਲਾਮ ਮਜ਼ਦੂਰੀ ਕਰ ਰਹੇ ਦੱਖਣੀ ਹਿੰਦੀਆਂ ਦਾ ਬੁਰਾ ਹਾਲ ਹੈ। ਹਾਰਕਿਨ ਨੇ ਹਿੰਦੀ ਡੈਲੀਗੇਸ਼ਨ ਨੂੰ ਆਖਿਆ ਸੀ ਕਿ "ਤੁਸੀਂ ਹਿੰਦੀਆਂ ਦਾ ਦੀਵਾਨ ਲਾਓ, ਅਸੀਂ ਆਪ ਆ ਕੇ ਰੀਪੋਰਟ ਕਰਾਂਗੇ।"

ਉਹਨਾਂ ਦਿਨਾਂ ਵਿੱਚ ਸੰਤ ਤੇਜਾ ਸਿੰਘ ਵੈਨਕੋਵਰ ਆਏ ਹੋਏ ਸਨ। 22 ਨਵੰਬਰ 1908 ਨੂੰ ਗੁਰਦਵਾਰੇ ਉਤਲੀ ਛਤੇ ਮੀਟਿੰਗ ਹੋਈ। ਹਾਰਕਿਨ, ਹਾਪਕਿਨਸਨ ਤੇ ਇੱਕ ਹੋਰ ਪਾਦਰੀ ਗੁਰਦਵਾਰੇ ਆਏ ਤੇ ਹਿੰਦੀ ਲੀਡਰ ਨੂੰ ਗਲ ਕਰਨ ਵਾਸਤੇ ਹੇਠਾਂ ਸਦਿਆ। ਪਰ ਸੰਗਤ ਨੇ ਉਹਨਾਂ ਨੂੰ ਉਪਰਲੀ ਛਤੇ ਦੀਵਾਨ ਵਿੱਚ ਆਉਣ ਵਾਸਤੇ ਆਖਿਆ। ਹਾਪਕਿਨਸਨ ਦੀ ਸਲਾਹ ਉਤੇ ਹਾਰਕਿਨ ਨੇ ਉਤੇ ਜਾਣਾ ਚੰਗਾ ਨਾ ਸਮਝਿਆ ਤੇ ਹੇਠੋਂ ਹੀ ਮੁੜ ਗਿਆ। ਦੀਵਾਨ ਨੇ ਆਪਣੇ ਡੈਲੀਗੇਸ਼ਨ ਕੋਲੋਂ ਰਿਪੋਰਟ ਸੁਣਕੇ ਹਾਂਡੂਰਾਸ ਜਾਣ ਤੋਂ ਨਾਂਹ ਕਰ ਦਿੱਤੀ। ਹਾਰਕਿਨ, ਹਾਪਕਿਨਸਨ ਤੇ ਘਾਟਾਂ ਦੇ ਮਹਿਕਮੇ ਦੇ ਅਫਸਰ ਰੀਡ ਨੂੰ ਸਰਕਾਰ ਅੱਗੇ ਸਫਾਈ ਦੇਣੀ ਪਈ ਕਿ ਉਹਨਾਂ ਨੇ ਕੋਈ ਰਿਸ਼ਵਤ ਪੇਸ਼ ਨਹੀਂ ਕੀਤੀ। ਹਾਰਕਿਨ ਨੇ 23 ਨਵੰਬਰ ਨੂੰ ਘਰੋਗੀ ਮਹਿਕਮੇ ਦੇ ਡਿਪਟੀ ਵਜ਼ੀਰ ਨੂੰ ਤਾਰ ਦਿੱਤੀ ਕਿ "ਹਿੰਦੀ ਡੈਲੀਗੇਟਾਂ ਨੇ ਸਾਡੇ ਹੱਕ ਵਿੱਚ ਰਿਪੋਰਟ ਨਹੀਂ ਕੀਤੀ।[2]" 10 ਦਸੰਬਰ ਨੂੰ ਕੈਨੇਡਾ ਦੀ ਸਰਕਾਰ ਨੇ ਹਿੰਦ ਸਰਕਾਰ ਦੇ ਲਿਖਣ ਉੱਤੇ[3] ਪਾਸ ਕਰ

---

1. ਹਾਂਡੂਰਾਸ ਦੇ ਐਡਮਨਿਸਟੇਰਟਰ ਦੀ ਵਸਤੀਆਂ ਦੇ ਦਫਤਰ ਨੂੰ ਚਿੱਠੀ, 2-12-1908, ਘਾਟ (ਓ) ਮਈ, 1909 ਕਾਰਵਾਈ ਨੰ. 13
2. ਉਤਲਿਖਤ ਕਾਰਵਾਈ।
3. ਉਤਲਿਖਤ ਕਾਰਵਾਈ।

ਦਿੱਤਾ ਕਿ ਹਿੰਦੀਆਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ ਦੇਣ ਦਾ ਕੋਈ ਵਿਚਾਰ ਨਹੀਂ।[1]

ਹਿੰਦੀਆਂ ਨੂੰ ਹਾਂਡੂਰਾਸ ਭੇਜੇ ਜਾਣ ਦਾ ਸਵਾਲ ਉਦੋਂ ਹੀ ਲੰਡਨ ਵਿੱਚ ਵਿਚਾਰ ਲਿਆ ਗਿਆ ਸੀ, ਜਦੋਂ ਮਿਸਟਰ ਮੈਕਨਸ਼ੀ ਕਿੰਗ ਲੰਡਨ ਗਿਆ ਤੇ ਲੰਡਨ ਦੀ ਅੰਗਰੇਜ਼ੀ ਸਰਕਾਰ ਨੇ ਛੁਟੀ ਉਤੇ ਲੰਡਨ ਗਏ ਹੋਏ ਹਾਂਡੂਰਾਸ ਦੇ ਗਵਰਨਰ ਕਰਨਲ ਸਵੇਨ ਨਾਲ ਸਾਰੀ ਗੱਲ ਕੱਥ ਮੁਕਾ ਲਈ ਸੀ। ਜਦ ਹਿੰਦੀਆਂ ਨੇ ਹਾਂਡੂਰਾਸ ਜਾਣਾ ਨਾ ਮੰਨਿਆ ਤਾਂ ਹਿੰਦੀਆਂ ਨੂੰ ਮਨਾਉਣ ਲਈ ਕਰਨਲ ਸਵੇਨ ਨੂੰ ਬਰਿਟਿਸ਼ ਕੋਲੰਬੀਆ ਭੇਜਿਆ ਗਿਆ। ਸਵੇਨ ਹਿੰਦੁਸਤਾਨੀ ਫੌਜ ਵਿੱਚ ਪੰਜਾਬ ਵਿੱਚ ਬਹੁਤ ਸਾਲ ਰਹਿ ਗਿਆ ਸੀ। ਉਹ ਹਿੰਦੀ ਤੇ ਪੰਜਾਬੀ ਬੋਲਣੀ ਜਾਣਦਾ ਸੀ। ਉਸਨੇ ਕੋਲੰਬੀਆ ਆ ਕੇ ਹਿੰਦੀਆਂ ਦਾ ਪਤਾ ਸੁਰ ਕੀਤਾ। ਉਹ ਹਿੰਦੀਆਂ ਦੇ ਸਾਰਿਆਂ ਡੇਰਿਆਂ ਵਿੱਚ ਗਿਆ ਤੇ ਪੜਤਾਲ ਕਰਕੇ ਉਸ ਨੇ ਇੱਕ ਯਾਦ ਪੱਤਰ ਪੇਸ਼ ਕੀਤਾ ਹੈ।

"ਕੈਨੇਡੀਅਨ ਸਰਕਾਰ ਮੈਨੂੰ ਇੱਕ ਵੀ ਹਿੰਦੀ ਨਹੀਂ ਵਿਖਾ ਸਕੀ, ਜੋ ਬੇਕਾਰ ਹੋਵੇ। ਇਥੋਂ ਦੇ ਮਿੱਲਾਂ ਵਾਲੇ ਹਿੰਦੀਆਂ ਨੂੰ ਮਜ਼ਦੂਰੀ ਉਤੇ ਲਾਕੇ ਖੁਸ਼ ਹੁੰਦੇ ਹਨ। ਉਸ ਨੇ ਗੁਰਦਵਾਰੇ ਨੂੰ ਲੇਬਰ ਯੂਨੀਅਨ ਦਸਿਆ ਤੇ ਲਿਖਿਆ ਕਿ ਜੇ ਕੋਈ ਹਿੰਦੀ ਬੇਕਾਰ ਵੀ ਹੋਵੇ ਤਾਂ ਉਸ ਦਾ ਰੋਟੀ ਪਾਣੀ ਦਾ ਪਰਬੰਧ ਗੁਰਦਵਾਰਾ ਕਰਦਾ ਹੈ। ਸਰਕਾਰ ਉਤੇ ਬੋਝ ਨਹੀਂ ਪੈਂਦਾ। ਗੁਰਦਵਾਰਾ ਇਕ ਤਰ੍ਹਾਂ ਦਾ ਹਿੰਦੀਆਂ ਲਈ ਕੰਮ ਦਿਵਾਊ ਦਫ਼ਤਰ ਹੈ, ਜਿਥੋਂ ਆ ਕੇ ਬੇਕਾਰ ਹਿੰਦੀ ਕੰਮ ਦਾ ਪਤਾ ਲੈ ਕੇ ਕੰਮ ਲੱਗ ਸਕਦੇ ਹਨ। ਪੰਜਾਬ ਵਿੱਚ ਵੈਨਕੋਵਰ ਨਾਲੋਂ ਜ਼ਿਆਦਾ ਠੰਢ ਹੁੰਦੀ ਹੈ। ਇਸ ਲਈ ਕੋਲੰਬੀਆ ਦੀ ਠੰਡ ਉਹਨਾਂ ਦਾ ਕੁਝ ਨਹੀਂ ਵਿਗਾੜ ਸਕਦੀ। ਇਹ ਬੇਕਾਰੀ ਤੇ ਪਾਲੇ ਮਾਰਨ ਦਾ ਰੌਲਾ ਰੱਪਾ ਬਿਲਕੁਲ ਨਿਰਮੂਲ ਹੈ। ਇਹਨਾਂ ਹਿੰਦੀਆਂ ਨੂੰ ਇਥੇ ਹੀ ਰਹਿਣ ਦਿਓ। ਦੇਸ਼ ਚਲੇ ਗਏ ਤਾਂ ਅੰਗਰੇਜ਼ੀ ਹਕੂਮਤ ਨੂੰ ਬਹੁਤ ਨੁਕਸਾਨ ਪੁਚਾਉਣਗੇ। ਗੋਰੇ ਲੋਕਾਂ ਵਿੱਚ ਇਹਨਾਂ ਦੇ ਖਿਲਾਫ ਕੋਈ ਆਮ ਘਿਰਣਾ ਨਹੀਂ ਹੈ। ਉਹਨਾਂ ਜ਼ਮੀਨਾਂ ਖਰੀਦਕੇ ਆਬਾਦ ਹੋਣ ਦੀਆਂ ਸਕੀਮਾਂ ਚਾਲੂ ਕੀਤੀਆਂ ਹਨ। ਬੇਸ਼ਕ ਗੋਰੇ ਮਜ਼ਦੂਰ ਈਰਖਾ ਕਰਦੇ ਹਨ ਪਰ ਇਹ ਈਰਖਾ ਹਿੰਦੁਸਤਾਨ ਵਿੱਚ ਇਮਪੀਰੀਅਲ (ਸਾਮਰਾਜੀ) ਸਰਕਾਰ ਵਾਸਤੇ ਬੜੀਆਂ ਮੁਸ਼ਕਲਾਂ ਪੇਸ਼ ਕਰ ਦੇਵੇਗੀ।" ਉਸ ਨੇ ਅਖੀਰ ਵਿੱਚ ਸਿਫਾਰਸ਼ ਕੀਤੀ ਕਿ "ਅੱਗੇ ਨੂੰ ਹਿੰਦੀਆਂ ਦੇ ਕੈਨੇਡਾ ਆਉਣ ਨੂੰ ਬਹੁਤ ਹੱਦ ਤੱਕ ਘਟਾ ਦੇਣਾ ਤੇ ਕੰਟਰੋਲ ਕਰਨਾ ਚਾਹੀਦਾ ਹੈ।[2]"

ਉਸ ਨੇ ਇਹ ਵੀ ਸਲਾਹ ਦਿੱਤੀ ਕਿ ਹਾਪਕਿਨਸਨ ਨੂੰ ਕੈਨੇਡਾ ਦੀ ਪੁਲਸ ਵਿੱਚ ਅਫਸਰ ਲਾ ਦੇਣਾ ਚਾਹੀਦਾ ਹੈ ਤੇ ਉਹ ਵੈਨਕੋਵਰ ਰਹਿਕੇ ਕੰਮ ਕਰੇ।

ਹਾਂਡੁਰਸ ਦੇ ਮਸਲੇ ਨੇ ਜਿੱਥੇ ਹਿੰਦੀਆਂ ਦਾ ਇਤਿਹਾਸ ਹੋਰ ਪੱਕਾ ਕਰ ਦਿੱਤਾ, ਉਥੇ ਕੈਨੇਡਾ ਸਰਕਾਰ ਨੂੰ ਵੀ ਬਹੁਤ ਔਖਿਆਂ ਕੀਤਾ। ਉਸਨੇ ਕਰਨਲ ਸਵੇਨ ਦੀ ਹਿੰਦੀਆਂ ਦੇ ਦਾਖਲੇ ਉਤੇ ਰੋਕਾਂ ਲਾਉਣ ਦੀ ਪਾਲਿਸੀ ਨੂੰ ਅਪਣਾਇਆ। ਉਸ ਨੇ ਉਹਨਾਂ ਨੂੰ ਕੈਨੇਡਾ ਵਿੱਚ ਆਉਣ ਤੋਂ ਰੋਕਣ ਲਈ ਕੈਨੇਡਾ ਦੇ ਘਾਟਾਂ ਦੇ ਕਾਨੂੰਨ ਦੀ ਦਫਾ 42 ਨੂੰ ਜ਼ਿਆਦਾ ਸਖ਼ਤ ਕਰ ਦਿੱਤਾ ਤੇ ਸਭ ਜਹਾਜ਼ੀ ਕੰਪਨੀਆਂ ਨੂੰ ਇਤਲਾਹ ਦੇ ਦਿੱਤੀ। ਇਸ ਦਫ਼ਾ ਅਨੁਸਾਰ ਕਿਸੇ ਜਹਾਜ਼ੀ ਕੰਪਨੀ ਨੂੰ

---

1. ਵਾਇਸਰਾਏ ਹਿੰਦ ਦੀ 28 ਅਕਤੂਬਰ 1908 ਦੀ ਚਿੱਠੀ ਤੇ ਹਿੰਦ ਦੇ ਸੈਕਟਰੀ ਆਫ ਸਟੇਟ, ਲੰਡਨ ਦਾ 3 ਨਵੰਬਰ 1908 ਨੂੰ ਜਵਾਬ, ਘਾਟ (ੳ) ਫਰਵਰੀ 1909 ਨੰ. 14-20.
2. ਉਤਲਿਖਤ।

ਹੁਕਮ ਦਿੱਤਾ ਜਾ ਸਕਦਾ ਹੈ ਕਿ ਉਹ ਅਨਚਾਹੇ ਮੁਸਾਫਰਾਂ ਨੂੰ ਆਪਣੇ ਖਰਚ ਉਤੇ ਵਾਪਸ ਮੁਸਾਫ਼ਰਾਂ ਦੇ ਦੇਸ਼ ਛੱਡ ਆਵੇ। ਅਜਿਹੇ ਮੁਸਾਫਰ ਲਿਆਉਣ ਵਾਲੀਆਂ ਕੰਪਨੀਆਂ ਨੂੰ ਭਾਰੀ ਜੁਰਮਾਨੇ ਕੀਤੇ ਤੇ ਉਹਨਾਂ ਦੇ ਜਹਾਜ਼ਰਾਨੀ ਦੇ ਲਾਇਸੰਸ ਜ਼ਬਤ ਕੀਤੇ ਜਾ ਸਕਦੇ ਹਨ। ਇਸ ਨਾਲ ਹਿੰਦੀਆਂ ਦਾ ਸਮੁੰਦਰ ਰਾਹੀਂ ਆਉਣਾ ਬੰਦ ਹੋ ਗਿਆ।

ਕੁਝ ਅੰਗਰੇਜ਼ ਆਬਾਦਕਾਰਾਂ ਤੇ ਸੰਤ ਤੇਜਾ ਸਿੰਘ ਦੀ ਸਲਾਹ ਨਾਲ ਹਿੰਦੀਆਂ ਨੇ ਮਜ਼ਦੂਰਾਂ ਤੋਂ ਇਲਾਵਾ ਹੋਰ ਕੰਮ ਕਾਰ ਚਾਲੂ ਕਰ ਲਏ। ਜ਼ਮੀਨਾਂ ਮੁੱਲ ਲੈ ਕੇ ਆਬਾਦ ਕਰਨ ਤੇ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਕੰਮ ਲਈ ਤਿੰਨ ਵੱਡੀਆਂ ਪ੍ਰਸਿੱਧ ਕੰਪਨੀਆਂ ਇਹ ਬਣਾਈਆਂ, ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ, ਕੈਨੇਡਾ ਇੰਡੀਅਨ ਸਪਲਾਈ ਐਂਡ ਟਰੱਸਟ ਕੰਪਨੀ ਤੇ ਕੈਨੇਡੀਅਨ ਹੋਮ ਬਿਲਡਰਜ਼। ਇਹਨਾਂ ਕੰਪਨੀਆਂ ਨੇ ਵਪਾਰੀ ਸਟੋਰ ਵੀ ਖੋਲ੍ਹ ਲਏ। ਵਿਚਾਰ ਇਹ ਸੀ ਕਿ "ਜੇ ਅਸੀਂ ਜਾਇਦਾਦ ਵਾਲੇ ਹੋ ਜਾਵਾਂਗੇ ਤਾਂ ਸਾਨੂੰ ਕੈਨੇਡਾ ਵਿੱਚੋਂ ਕੋਈ ਨਹੀਂ ਕੱਢ ਸਕੇਗਾ।" ਵਿਕਟੋਰੀਆ ਤੇ ਆਕਸਫੋਰਡ ਵਿੱਚ ਵੀ ਗੁਰਦਵਾਰੇ ਬਣਾ ਲਏ ਗਏ ਬਾਬਾ ਜਵਾਲਾ ਸਿੰਘ ਜੀ ਆਪਣੀ ਲਿਖਤੀ ਜੀਵਨ ਵਿੱਚ ਲਿਖਦੇ ਹਨ ਕਿ:-

"ਹਿੰਦੀਆਂ ਨੇ ਦਰਜਨ ਤੋਂ ਉੱਤੇ ਰੀਅਲ ਅਸਟੇਟ ਦਫਤਰ ਖੋਹਲੇ ਹੋਏ ਸਨ ਜੋ ਜ਼ਮੀਨਾਂ ਤੇ ਮਕਾਨਾਂ ਦੀ ਖਰੀਦੋ ਫਰੋਖਤ ਦਾ ਕੰਮ ਕਰਦੇ ਸਨ। ਵੈਨਕੋਵਰ ਵਿੱਚ ਕੋਈ ਵਿਰਲਾ ਹੀ ਹਿੰਦੀ ਹੋਵੇਗਾ ਜਿਸ ਨੇ ਕੋਈ ਨਾ ਕੋਈ ਜ਼ਮੀਨ ਦਾ ਟੁਕੜਾ ਨਾ ਖਰੀਦਿਆ ਹੋਵੇ। ਵੈਨਕੋਵਰ ਤੇ ਵਿਕਟੋਰੀਆ ਦੇ ਘਰਾਂ ਵਿੱਚ ਦੁੱਧ ਤੇ ਲਕੜੀਆਂ ਪੁਚਾਉਣ ਦਾ ਬਹੁਤਾ ਕੰਮ ਹਿੰਦੀਆਂ ਦੇ ਪਾਸ ਹੀ ਹੈ। ਵੈਨਕੋਵਰ ਦੀ ਧਰਤੀ ਦਾ ਤਕਰੀਬਨ ਚੌਥਾ ਹਿੱਸਾ ਹਿੰਦੀਆਂ ਨੇ ਖਰੀਦਿਆ ਹੋਇਆ ਹੈ। ਇਕਲੇ ਰਾਮ ਸਿੰਘ ਧੁਲੇਤੀਏ ਪਾਸ ਇੱਕ ਲਖ 85 ਹਜ਼ਾਰ ਡਾਲਰ ਦੀ ਜ਼ਮੀਨ ਮੁਲ ਲਈ ਹੋਈ ਹੈ।"

ਇਹ ਗੱਲਾਂ 1912 ਦੇ ਅਰੰਭ ਤੱਕ ਹੋ ਚੁੱਕੀਆਂ ਸਨ। 1911 ਤੱਕ ਹਿੰਦੀਆਂ ਨੇ ਏਥੇ 50 ਲੱਖ ਡਾਲਰ (ਪੌਣੇ ਦੋ ਕਰੋੜ ਰੁਪਿਆ) ਲਾਇਆ ਹੋਇਆ ਸੀ।[1]

ਹਿੰਦੀਆਂ ਦੀ ਇਹ ਵਧ ਰਹੀ ਆਰਥਕ ਉਨਤੀ ਕੈਨੇਡਾ ਦੀ ਸਾਮਰਾਜੀ ਰੁਚੀ ਨੂੰ ਨਾ ਜਚੀ ਤੇ ਇਸ ਨੇ ਹਿੰਦੀਆਂ ਵਿਰੁੱਧ ਈਰਖਾ ਨੂੰ ਮਜ਼ਦੂਰਾਂ ਤੇ ਸਾਮਰਾਜੀਆਂ ਤੋਂ ਅਗਾਂਹ ਵਧਕੇ ਵਪਾਰੀ ਤਬਕਿਆਂ ਵਿੱਚ ਵੀ ਪੈਦਾ ਕਰ ਦਿੱਤਾ। 'ਏਸ਼ੀਆਈਆਂ ਨੂੰ ਬਾਹਰ ਰੱਖਣ ਦੀ ਲੀਗ' ਤੋਂ ਇਲਾਵਾ 'ਡਨਕਨ ਬਪਾਰ ਮੰਡਲ' ਹਿੰਦੀਆਂ ਵਿਰੋਧੀ ਲਹਿਰ ਦਾ ਮੋਹਰੀ ਸੀ। ਜਿਸ ਨੇ ਹਿੰਦੀਆਂ ਦੀ ਵਿਰੋਧਤਾ ਨੂੰ ਕੋਲੰਬੀਆ ਵਿੱਚ ਭੜਕਾਉਣ ਤੇ ਕੈਨੇਡਾ ਸਰਕਾਰ ਨੂੰ ਹਿੰਦੀਆਂ ਦੇ ਖਿਲਾਫ ਚਮਕਾਉਣ ਵਿੱਚ ਬਹੁਤ ਵਿਸ਼ੇਸ਼ ਕੰਮ ਕੀਤਾ। ਇਸ ਹਿੰਦੀ ਵਿਰੋਧਤਾ ਤੇ ਸਾੜੇ ਵਿੱਚ ਕੈਨੇਡੀਅਨ ਸਰਕਾਰ ਘਾਟਾਂ ਦੇ ਕਾਨੂੰਨ ਦੀ ਦਫਾ 42 ਲਾ ਕੇ ਹੀ ਸੰਤੁਸ਼ਟ ਨਹੀਂ ਹੋਈ। ਉਸ ਨੂੰ ਜਹਾਜ਼ਾਂ ਦੀਆਂ ਕੰਪਨੀਆਂ ਤੇ ਇਤਬਾਰ ਨਹੀਂ ਸੀ, ਇਸ ਲਈ ਉਸ ਨੇ ਕੈਨੇਡਾ ਦੀ ਪਾਰਲੀਮੈਂਟ ਦੇ 1909-10 ਦੇ ਅਜਲਾਸ ਵਿੱਚ ਇੱਕ ਐਕਟ ਪਾਸ ਕਰਕੇ ਘਾਟਾਂ ਦੇ ਕਾਨੂੰਨ ਦੀ ਦਫਾ 38 ਵਿੱਚ ਇੱਕ (ੲ) ਮਦ ਹੋਰ ਵਧਾ ਦਿੱਤੀ, ਜਿਸ ਅਨੁਸਾਰ:-

"ਕੈਨੇਡਾ ਦੇ ਗਵਰਨਰ ਜਨਰਲ ਨੂੰ ਅਖਤਿਆਰ ਦਿੱਤਾ ਗਿਆ ਕਿ ਉਹ ਕਿਸੇ ਖਾਸ

---

1. ਹਿੰਦੂ ਫਰੈਂਡ ਸੋਸਾਇਟੀ, ਵਿਕਟੋਰੀਆ, ਵਲੋਂ ਹਿੰਦੂ ਸਰਕਾਰ ਨੂੰ 20 ਜੂਨ, 1911 ਨੂੰ ਮਿਲੀ ਚਿੱਠੀ ਘਾਟ (ਅ) ਜੁਲਾਈ 1911, ਕਾਰਵਾਈ ਨੰ. 1-2

ਸਮੇਂ ਵਾਸਤੇ ਜਾਂ ਹਮੇਸ਼ਾਂ ਲਈ ਕੈਨੇਡਾ ਜਾਂ ਕੈਨੇਡਾ ਦੇ ਕਿਸੇ ਖਾਸ ਘਾਟ ਉੱਤੇ ਕਿਸੇ ਨਸਲ ਜਾਂ ਜਮਾਤ, ਜਾਂ ਪੇਸ਼ੇ ਜਾਂ ਚਲਣ ਦੇ ਬੰਦਿਆਂ ਨੂੰ ਉਤਰਨੋ ਰੋਕ ਦੇਵੇ।"

ਹਿੰਦ ਸਰਕਾਰ ਨੇ ਇਸ ਸੰਬੰਧ ਵਿੱਚ ਸਿਰਫ ਇਹੀ ਲਿਖਿਆ ਕਿ ਕੋਈ ਨਵੀਂ ਬੰਦਸ਼ ਲਾਉਣ ਤੋਂ ਪਹਿਲਾਂ ਅਗਲੀਆਂ ਬੰਦਸ਼ਾਂ ਦੇ ਤਜਰਬੇ ਨੂੰ ਦੇਖ ਲੈਣਾ ਚਾਹੀਦਾ ਹੈ। ਕੈਨੇਡਾ ਦੇ ਗਵਰਨਰ ਜਨਰਲ ਨੇ ਵਸਤੀਆਂ ਦੇ ਦਫਤਰ ਨੂੰ ਯਕੀਨ ਦਵਾਇਆ ਕਿ ਕਿਸੇ ਬਹੁਤ ਹੀ ਔਖੇ ਵੇਲੇ ਇਸ ਮੱਦ ਨੂੰ ਲਾਗੂ ਕੀਤਾ ਜਾਏਗਾ, ਐਵੇਂ ਨਹੀਂ।[1]

ਪਰ ਇਹ ਯਕੀਨ ਦਵਾਉਣ ਦੇ ਬਾਵਜੂਦ ਕੈਨੇਡਾ ਸਰਕਾਰ ਨੇ ਘਾਟਾਂ ਦੇ ਕਾਨੂੰਨ ਦੀ ਦਫਾ 38 (ੳ) ਦੇ ਮਾਤਹਿਤ ਉਹ ਬਦਨਾਮ ਫਰਮਾਨ ਨੰ. 920 ਜਾਰੀ ਕਰ ਦਿੱਤਾ, ਜਿਸ ਦੇ ਵਿਰੁੱਧ ਕੈਨੇਡੀਅਨ ਹਿੰਦੀ ਅੱਡੀ ਚੋਟੀ ਤੱਕ ਜ਼ੋਰ ਲਾ ਕੇ ਕਈ ਸਾਲਾਂ ਤੱਕ ਘੋਲ ਘੁਲਦੇ ਰਹੇ ਤੇ ਉਹ ਇਸ ਵਿੱਚ ਕਾਮਯਾਬ ਨਾ ਹੋ ਸਕੇ। ਗਵਰਨਰ ਜਨਰਲ ਦੀ ਕੌਂਸਲ ਦਾ ਇਹ ਫਰਮਾਨ ਸੋਮਵਾਰ 9 ਮਈ 1910 ਨੂੰ ਲਾਗੂ ਹੋਇਆ। ਜਿਸ ਰਾਹੀਂ ਕੈਨੇਡਾ ਸਰਕਾਰ ਨੇ ਕੈਨੇਡਾ ਆ ਕੇ ਉਤਰਨ ਵਾਲੇ ਹਰ ਬੰਦੇ ਉਤੇ ਪਾਬੰਦੀ ਲਾ ਦਿੱਤੀ ਕਿ ਜਦ ਤੱਕ ਉਹ ਸਿੱਧਾ ਆਪਣੇ ਦੇਸ਼ ਤੋਂ ਇਕੋ ਹੀ ਜਹਾਜ਼ ਵਿੱਚ ਚੜ੍ਹਕੇ ਨਹੀਂ ਆਉਂਦਾ ਜਾਂ ਉਸ ਪਾਸ ਆਪਣੇ ਦੇਸ਼ ਤੋਂ ਖਰੀਦੀ ਹੋਈ ਜਾਂ ਕੈਨੇਡਾ ਵਿੱਚੋਂ ਪਹਿਲਾਂ ਖਰੀਦ ਲਈ ਹੋਈ ਸਿੱਧੀ ਕੈਨੇਡਾ ਦੀ ਟਿਕਟ ਨਹੀਂ ਹੋਵੇਗੀ, ਉਹ ਕੈਨੇਡਾ ਨਹੀਂ ਉੱਤਰ ਸਕਦਾ ਤੇ ਜੇ ਉਹ ਬੰਦਾ ਇਹ ਸ਼ਰਤਾਂ ਪੂਰੀਆਂ ਕਰਕੇ ਆ ਜਾਏ ਤਾਂ 200 ਡਾਲਰ ਨਕਦ ਆਪਣੇ ਪਾਸ ਵਿਖਾਵੇ। ਪਰ ਹੋਰਨਾਂ ਕੌਮਾਂ ਨੂੰ ਬਚਾਉਣ ਲਈ ਨਾਲ ਸੀ ਇਹ ਛੋਟ ਕਰ ਦਿੱਤੀ ਗਈ, ਕਿ ਜਿਨ੍ਹਾਂ ਦੇਸਾਂ (ਜਾਪਾਨ, ਚੀਨ ਆਦਿ) ਨਾਲ ਕੈਨੇਡਾ ਆਉਣ ਬਾਰੇ ਕੋਈ ਸਮਝੌਤਾ ਹੋ ਚੁੱਕਾ ਹੈ, ਉਹਨਾਂ ਉੱਤੇ ਇਹ ਹੁਕਮ ਲਾਗੂ ਨਹੀਂ ਹੋਵੇਗਾ।[2]

ਇਸ ਹੁਕਮ ਉਤੇ ਅਮਲ ਕੀਤਿਆਂ ਹਿੰਦੀਆਂ ਦਾ ਕੈਨੇਡਾ ਜਾਣਾ ਬਿਲਕੁਲ ਹੀ ਬੰਦ ਹੋ ਗਿਆ, ਕਿਉਂਕਿ ਉਹਨੀਂ ਦਿਨੀ ਕੋਈ ਵੀ ਜਹਾਜ਼ ਕੰਪਨੀ ਹਿੰਦੁਸਤਾਨ ਤੋਂ ਸਿੱਧਾ ਕੈਨੇਡਾ ਨੂੰ ਜਹਾਜ਼ ਨਹੀਂ ਸੀ ਚਲਾਉਂਦੀ ਤੇ ਨਾ ਕਿਸੇ ਕੰਪਨੀ ਨੂੰ ਅਜਿਹਾ ਕਰਨ ਦੀ ਆਗਿਆ ਸੀ। ਅੰਗਰੇਜ਼ੀ ਰਾਜ ਦੇ ਟਿਕੇ ਤੋਰੇ ਦੇ ਮਾਤਹਿਤ ਬਣੇ ਏਸ਼ੀਆਈ ਤੇ ਅਮਰੀਕਨ ਦੇਸਾਂ ਦੇ ਸਮੁੰਦਰੀ ਕਾਨੂੰਨਾਂ ਅਨੁਸਾਰ ਅਮਰੀਕਾ ਤੇ ਕੈਨੇਡਾ ਦੇ ਜਹਾਜ਼ ਚੀਨ ਤੇ ਜਾਪਾਨ ਦੇ ਘਾਟਾਂ ਉੱਤੇ ਆ ਕੇ ਲੱਗਦੇ, ਆਪਣੇ ਮੁਸਾਫਰ ਤੇ ਮਾਲ ਉਤਾਰ ਜਾਂਦੇ ਏਥੋਂ ਮੁਸਾਫਰ ਤੇ ਮਾਲ ਲਦਕੇ ਮੁੜ ਆਉਂਦੇ। ਅਜਿਹੇ ਜਹਾਜ਼ਾਂ ਦੀ ਆਖਰੀ ਹਦ ਹਾਂਗਕਾਂਗ ਸੀ। ਹਿੰਦ ਦੇ ਘਾਟਾਂ ਤੋਂ ਚਲੇ ਹੋਏ ਜਹਾਜ਼ ਹਾਂਗਕਾਂਗ ਤੱਕ ਹੀ ਅਪੜਦੇ ਤੇ ਉਥੇ ਹੀ ਮਾਲ ਤੇ ਮੁਸਾਫਰਾਂ ਨੂੰ ਛੱਡਦੇ ਤੇ ਲੈਂਦੇ ਸਨ। ਇਸ ਤਰ੍ਹਾਂ ਹਾਂਗਕਾਂਗ ਇੱਕ ਪਾਸੇ ਦੂਰ ਪੂਰਬ ਤੇ ਅਮਰੀਕਾ ਦੀਪ ਤੇ ਦੂਸਰੇ ਪਾਸੇ ਹਿੰਦੁਸਤਾਨ ਤੇ ਦੱਖਣੀ ਏਸ਼ੀਆ ਦੇ ਦੇਸਾਂ ਵਿਚਕਾਰ ਜੰਕਸ਼ਨ (ਮੇਲ) ਤਾਂ ਕੰਮ ਦਿੰਦਾ ਸੀ। ਅਮਰੀਕਾ ਦੀਪ ਨੂੰ ਜਾਣ ਵਾਲੇ ਹਿੰਦੀ ਹਾਂਗਕਾਂਗ ਵਿੱਚ ਠਹਿਰਦੇ ਤੇ ਜਹਾਜ਼ਾਂ ਦੀ ਉਡੀਕ ਕਰਦੇ ਸਨ। ਇਸ ਹੁਕਮ ਨੇ ਉਹਨਾਂ ਦੀਆਂ ਆਸਾਂ ਉੱਤੇ ਪਾਣੀ ਫੇਰ ਦਿੱਤਾ।

ਕੈਨੇਡਾ ਦੇ ਘਾਟਾਂ ਦੇ ਕਾਨੂੰਨ ਦੀ ਦਫਾ 38 ਵਿੱਚ ਵਧਾ ਦਿੱਤੀ ਗਈ (ੲ) ਮਦ ਨਾਲ

---

1. ਘਾਟ (ੳ) ਮਈ 1910, ਕਾਰਵਾਈ ਨੰ, 1-2 ਤੇ (ੳ) ਜੁਲਾਈ 1910, ਕਾਰਵਾਈ ਨੰ. 7
2. ਕੌਮਾਗਾਟਾ ਮਾਰੂ ਪੜਤਾਲੀਆ ਰਿਪੋਰਟ, ਅੰਤਕਾ ਨੰ.1

ਕੈਨੇਡਾ ਦੇ ਗਵਰਨਰ ਜਨਰਲ ਨੂੰ ਖਾਸ ਜਮਾਤਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕ ਦੇਣ ਦੇ ਅਖਤਿਆਰ ਮਿਲ ਗਏ ਸਨ। ਪਰ ਇਹ ਕਾਨੂੰਨ ਸਭ ਹਿੰਦੀਆਂ ਦੇ ਦਾਖਲੇ ਨੂੰ ਹੀ ਰੋਕਦਾ ਸੀ, ਜਿਸ ਨਾਲ ਵਪਾਰੀਆਂ, ਵਿਦਿਆਰਥੀਆਂ ਤੇ ਸੈਰ ਸਪੱਟਾ ਕਰਨ ਆਉਣ ਵਾਲਿਆਂ ਦੇ ਦਾਖਲੇ ਉਤੇ ਵੀ ਰੋਕਾਂ ਪੈਂਦੀਆਂ ਸਨ।

ਕੈਨੇਡਾ ਦੇ ਘਾਟਾਂ ਦਾ ਕਾਨੂੰਨ ਇਸ ਗੱਲ ਦੀ ਆਗਿਆ ਦਿੰਦਾ ਹੈ, ਕਿ ਜੋ ਬੰਦਾ ਤਿੰਨ ਸਾਲ ਲਗਾਤਾਰ ਕੈਨੇਡਾ ਵਿੱਚ ਰਹਿ ਲਵੇ, ਉਸ ਨੂੰ ਵਸਨੀਕੀ ਹਕ ਪਰਾਪਤ ਹੋ ਜਾਂਦੇ ਹਨ ਤੇ ਉਹ ਆਪਣੇ ਕਰੀਬੀ ਰਿਸ਼ਤੇਦਾਰਾਂ ਨੂੰ ਆਪਣੇ ਪਾਸ ਮੰਗਵਾਕੇ ਰੱਖ ਸਕਦਾ ਹੈ। ਇਸ ਹੁਕਮ ਨੇ ਹਿੰਦੀਆਂ ਪਾਸੋਂ ਇਹ ਕਾਨੂੰਨੀ ਹਕ ਵੀ ਖੋਹ ਲਿਆ।

ਹਿੰਦੀਆਂ ਨੂੰ ਕੈਨੇਡਾ ਵਿੱਚ ਆਇਆਂ ਤਿੰਨ ਸਾਲ ਹੋ ਗਏ ਸਨ, ਉਹਨਾਂ ਨੂੰ ਵਸੇਬੇ ਦਾ ਹੱਕ ਪਰਾਪਤ ਹੋ ਗਿਆ ਸੀ। ਹੁਣ ਉਹ ਕਾਨੂੰਨੀ ਤੌਰ ਉਤੇ ਆਪਣੇ ਟਬਰ ਮੰਗਵਾਉਣ ਦੀਆਂ ਸਲਾਹਵਾਂ ਕਰ ਰਹੇ ਸਨ। ਉਹ ਆਪਣੇ ਟੱਬਰਾਂ ਨੂੰ ਗਰੀਬੀ ਤੇ ਥੁੜਾਂ ਦੇ ਮੂੰਹੋਂ ਕੱਢਕੇ ਕੈਨੇਡਾ ਵਿੱਚ ਆਪਣੀ ਕਮਾਈ ਹੋਈ ਦੌਲਤ ਤੇ ਪਰਾਪਤ ਕੀਤੇ ਹੋਏ ਸੁਖ ਵਿੱਚ ਭਾਈਵਾਲ ਬਨਾਉਣਾ ਚਾਹੁੰਦੇ ਸਨ। ਇਸ ਹੁਕਮ ਨੇ ਉਹਨਾਂ ਦੀਆਂ ਇਹ ਖਾਹਸ਼ਾਂ ਵੀ ਮਿੱਟੀ ਵਿੱਚ ਮਿਲਾ ਦਿੱਤੀਆਂ।

ਇਸ ਹੁਕਮ ਨੇ ਹਿੰਦੀਆਂ ਸਾਹਮਣੇ ਨਵੇਂ ਮਸਲੇ ਤੇ ਇਹਨਾਂ ਨੂੰ ਹਲ ਕਰਨ ਲਈ ਨਵਾਂ ਘੋਲ ਖੜਾ ਕਰ ਦਿੱਤਾ। ਇਹਨਾਂ ਨੂੰ ਹਾਂਡੂਰਾਸ ਦੇ ਘੋਲ ਦੀ ਪਿਛਲੀ ਜਿਤ ਨੇ ਮਿਲਕੇ ਘੋਲ ਕਰਨ ਦਾ ਰਾਹ ਦਸ ਦਿੱਤਾ ਸੀ। ਉਹ ਹੁਣ ਆਪਣੇ ਸਿਆਸੀ ਤੇ ਸਮਾਜੀ ਮਸਲਿਆਂ ਉਤੇ ਵਿਚਾਰਾਂ ਕਰਨ ਤੇ ਆਪਸ ਵਿੱਚ ਸਮਝਣ ਸਮਝਾਣ ਲਈ ਮੀਟਿੰਗਾਂ ਤੇ ਜਲਸੇ ਕਰਨ ਲੱਗ ਪਏ ਸਨ। ਇਸ ਨਵੇਂ ਸੰਗਰਾਮੀ ਜੀਵਨ ਨੇ ਉਹਨਾਂ ਵਿੱਚ ਲੀਡਰ ਭੀ ਪੈਦਾ ਕਰ ਦਿੱਤੇ ਤੇ ਸੰਗਰਾਮੀ ਵਰਕਰ ਭੀ। ਉਹਨਾਂ ਦੇ ਕਈ ਜਲਸੇ ਇਤਿਹਾਸਕ ਤੌਰ ਤੇ ਪਰਸਿੱਧ ਹਨ।

ਅਜਿਹਾ ਇੱਕ ਜਲਸਾ 24 ਅਪਰੈਲ, 1910 ਨੂੰ ਸ੍ਰੀ ਰਹੀਮ ਦੀ ਪਰਧਾਨਗੀ ਹੇਠ ਸਵਦੇਸ਼ ਸੇਵਕ ਹੋਮ ਵਿੱਚ ਹੋਇਆ। ਸ੍ਰੀ ਗੁਰੂਦਤ ਕੁਮਾਰ, ਇੰਦਰ ਸਿੰਘ, ਹਰਨਾਮ ਸਿੰਘ, ਪੰਡਤ ਸ਼ਿਵਦਿਆਲ ਰਾਜਾ ਸਾਂਸੀ, ਉਮਰਾਓ ਸਿੰਘ, ਸ਼ੇਰ ਸਿੰਘ, ਪੰਡਤ ਬਾਲ ਮੁਕੰਦ ਸਕਰੂਲੀ, ਨਥਾ ਸਿੰਘ, ਗੁਰਮੁਖ ਸਿੰਘ, ਭਾਗ ਰਾਮ, ਨਾਭੀ ਰਾਮ ਰਾਏਕੋਟ, ਕੇਹਰ ਸਿੰਘ, ਤਾਰਕਨਾਥ ਦਾਸ, ਹਜ਼ੂਰਾ ਸਿੰਘ ਤੇ ਹਰਨਾਮ ਸਿੰਘ ਸਾਹਰੀ ਨੇ ਤਕਰੀਰਾਂ ਕੀਤੀਆਂ। ਹਿੰਦ ਦਫਤਰ ਲੰਡਨ ਨੂੰ ਇੱਕ ਯਾਦ ਪੱਤਰ ਭੇਜਿਆ ਗਿਆ, ਜਿਸ ਵਿੱਚ ਹਿੰਦੀਆਂ ਤੋਂ ਸਿੱਧੀਆਂ ਟਿਕਟਾਂ ਦੀ ਬੰਦਸ਼ ਚੁਕਣ, ਵਿਦਿਆਰਥੀਆਂ, ਵਪਾਰੀਆਂ ਤੇ ਹਿੰਦੀਆਂ ਦੇ ਟੱਬਰਾਂ ਨੂੰ ਲਿਆਉਣ ਦੀ ਆਗਿਆ ਮੰਗੀ ਗਈ।[1] ਇਸ ਦਾ ਜਵਾਬ ਇਹ ਦਿੱਤਾ ਗਿਆ ਕਿ ਵਿਦਿਆਰਥੀਆਂ ਬਾਰੇ ਨਵੇਂ ਘਾਟਾਂ ਦੇ ਕਾਨੂੰਨ ਵਿੱਚ ਸ਼ਕਾਇਤ ਦੂਰ ਕਰ ਦਿੱਤੀ ਜਾਵੇਗੀ, ਵਪਾਰੀਆਂ ਬਾਰੇ ਸਾਨੂੰ ਕੋਈ ਸ਼ਿਕਾਇਤ ਨਹੀਂ ਹੋ ਸਕਦੀ। ਪਰ ਜੇ ਟਬਰਾਂ ਨੂੰ ਆਉਣ ਦੀ ਛੁੱਟੀ ਦੇ ਦਿੱਤੀ ਗਈ ਤਾਂ ਘਾਟਾਂ ਦੇ ਕਾਨੂੰਨ ਦਾ ਮਕਸਦ ਹੀ ਮਾਰਿਆ ਜਾਏਗਾ। ਹੁਣ ਸਿੱਧੇ ਸਫ਼ਰ ਦੀਆਂ ਟਿਕਟਾਂ ਲੈਣ ਦੀ ਅਟੱਪ ਸ਼ਰਤ ਵਿਰੁੱਧ ਘੋਲ ਤੁਰ ਪਿਆ।

ਇੱਕ ਘੋਲ ਕੈਨੇਡਾ ਤੇ ਅਮਰੀਕਾ ਦੇ ਹਿੰਦੀਆਂ ਨੂੰ ਰਲਕੇ ਲੜਨਾ ਪਿਆ। ਕਈ

---

1. ਘਾਟ (ਅ) ਜੂਨ, 1910 ਕਾਰਵਾਈ ਨੰ. 14-15

ਹਿੰਦੀਆਂ ਦੀਆਂ ਜਾਇਦਾਦਾਂ ਤੇ ਕੰਮ ਕਾਰ ਕੈਨੇਡਾ ਵਿੱਚ ਵੀ ਸਨ ਤੇ ਅਮਰੀਕਾ ਵਿੱਚ ਵੀ। ਜਦੋਂ ਉਹ ਅਮਰੀਕਾ ਚਲੇ ਜਾਂਦੇ ਸਨ ਤਾਂ ਉਹਨਾਂ ਨੂੰ ਕੈਨੇਡਾ ਨਹੀਂ ਸੀ ਆਉਣ ਦਿੱਤਾ ਜਾਂਦਾ। ਹਿੰਦੀਆਂ ਨੇ ਇਸ ਸਵਾਲ ਨੂੰ ਚੁਕਿਆ ਤੇ ਪਰਚਾਰਿਆ।

ਕੈਨੇਡਾ ਤੇ ਅਮਰੀਕਾ ਵਿੱਚ ਸਾਰੇ ਸਾਮਰਾਜੀ ਸੋਚ ਵਾਲੇ ਗੋਰੇ ਹੀ ਨਹੀਂ ਵਸਦੇ ਸਨ। ਕਈ ਆਜ਼ਾਦੀ-ਪਸੰਦ, ਮਨੁੱਖ ਹਿਤੈਸ਼ੀ ਤੇ ਗੁਲਾਮਾਂ ਦਾ ਭਲਾ ਚਾਹੁਣ ਵਾਲੇ ਲੋਕ ਵੀ ਸਨ। ਅਜਿਹੇ ਲੋਕਾਂ ਦੀ ਇੱਕ ਸੋਸਾਇਟੀ ਸਾਨਫਰਾਂਸਿਸਕੋ ਤੇ ਦੂਸਰੀ ਵਿਕਟੋਰੀਆ ਵਿੱਚ ਬਣੀ। ਇਹਨਾਂ ਦੋਹਾਂ ਸੋਸਾਇਟੀਆਂ ਦਾ ਨਾਂ 'ਹਿੰਦੁਸਤਾਨ ਮਿਤਰ ਸਭਾ' ਸੀ। ਸਾਨਫਰਾਂਸਿਸਕੋ ਵਾਲੀ ਹਿੰਦੁਸਤਾਨ ਮਿੱਤਰ ਸਭਾ, ਨੇ ਜਿਸ ਦੇ ਸਕੱਤਰ ਸ. ਬ. ਵਾਲਟਰਜ਼ ਸਨ, ਆਪਣੇ ਦਫਤਰ ਨੰ. 2 ਏ ਸਟਰੀਟ ਤੋਂ 3 ਅਕਤੂਬਰ, 1910 ਨੂੰ ਕੈਨੇਡਾ ਵਿੱਚ ਕਾਰ ਵਿਹਾਰ ਰੱਖਣ ਵਾਲੇ ਅਮਰੀਕਾ ਵਿੱਚ ਗਏ 349 ਹਿੰਦੀਆਂ ਦੇ ਦਸਖਤਾਂ ਨਾਲ ਇੱਕ ਯਾਦ ਪਤਰ ਹਿੰਦੁਸਤਾਨ ਦੇ ਵਾਇਸਰਾਏ ਨੂੰ ਭੇਜਿਆ, ਜਿਸ ਵਿੱਚ ਲਿਖਿਆ ਸੀ ਕਿ ਉਹਨਾਂ ਨੂੰ ਕੈਨੇਡਾ ਵਿੱਚ ਆਪਣਾ ਕਾਰ ਵਿਹਾਰ ਵੇਖਣ ਜਾਣ ਤੇ ਮੁੜ ਆਉਣ ਦੀ ਆਗਿਆ ਹੋਣੀ ਚਾਹੀਦੀ ਹੈ। ਕਈ ਹਿੰਦੀ ਇਹ ਮੰਗ ਲੈਕੇ ਸਾਨਫਰਾਂਸਿਸਕੋ ਦੇ ਅੰਗਰੇਜ਼ ਕੌਂਸਲ ਨੂੰ ਵੀ ਮਿਲੇ।[1]

ਵੈਨਕੋਵਰ ਦੀ 'ਹਿੰਦੁਸਤਾਨ ਐਸੋਸੀਏਸ਼ਨ' ਨੇ 30 ਜੂਨ, 1910 ਨੂੰ ਲੰਡਨ ਦੇ ਹਿੰਦ ਦਫਤਰ ਅੱਗੇ ਇੱਕ ਤਾਰ ਰਾਹੀਂ ਇਹ ਸ਼ਿਕਾਇਤ ਕੀਤੀ ਕਿ ਕੋਲੰਬੀਆ ਦੀ ਸਰਕਾਰ ਮੁਸਲਮਾਨ ਵਪਾਰੀਆਂ ਨੂੰ ਗੈਰ ਕਾਨੂੰਨੀ ਤੌਰ ਉਤੇ ਦੇਸ਼ ਨਿਕਾਲਾ ਦੇ ਰਹੀ ਹੈ।[2] ਜਿਸ ਤੋਂ ਮੁਰਾਦ ਸ੍ਰੀ ਹਸਨ ਰਹੀਮ ਸੀ। ਇਕ ਹੋਰ ਅਰਜ਼ੀ ਹਿੰਦੁਸਤਾਨ ਦੇ ਗਵਰਨਰ ਜਨਰਲ ਨੂੰ 20 ਜੂਨ 1911 ਨੂੰ ਮਿਲੀ, ਜਿਸ ਵਿੱਚ ਇਹ ਹਕੀਕਤਾਂ ਦਰਜ ਸਨ ਕਿ ਪੱਛਮੀ ਕੈਨੇਡਾ ਵਿੱਚ 6000 ਹਿੰਦੂ ਹਨ, ਉਹਨਾਂ ਨੇ ਬੜੀ ਦੌਲਤ ਕਮਾਈ ਹੈ, 50 ਲੱਖ ਡਾਲਰ ਕੈਨੇਡਾ ਵਿੱਚ ਲਾਇਆ ਹੈ, ਉਹ ਬੜੇ ਸਬਰ ਵਾਲੇ, ਮਿਹਨਤੀ ਭਰੋਸੇਯੋਗ, ਕਾਨੂੰਨ ਹੇਠ ਚਲਣ ਵਾਲੇ ਹਨ ਤੇ ਬੜੇ ਸਲੀਕੇ ਤੇ ਚਜਚਾਰ ਨਾਲ ਬੀਬੇ ਬਣ ਕੇ ਰਹਿੰਦੇ ਹਨ, ਉਹਨਾਂ ਵਿੱਚ ਗੰਦੀਆਂ ਤੇ ਭੈੜੀਆਂ ਆਦਤਾਂ ਨਹੀਂ, ਭਾਵੇਂ ਉਹ ਸੰਜਮੀ ਤੇ ਸਰਫਾ ਕਰਨ ਵਾਲੇ ਹਨ, ਪਰ ਕੰਜੂਸ ਨਹੀਂ, ਉਹ ਦਿਲ ਖੋਹਲਕੇ ਦਾਨ ਦਿੰਦੇ ਹਨ ਤੇ ਆਪਣੀ ਆਮਦਨੀ ਅਨੁਸਾਰ ਗੋਰਿਆਂ ਦੇ ਸਟੋਰਾਂ ਵਿੱਚੋਂ ਖਾਣਪੀਣ ਦੀਆਂ ਵਸਤਾਂ ਖਰੀਦਦੇ ਹਨ।[3]

ਸਰਕਾਰ ਹਿੰਦ ਨੇ ਇਹ ਅਰਜ਼ੀਆਂ ਲੰਡਨ ਦੇ ਹਿੰਦ ਦਫਤਰ ਰਾਹੀਂ ਕੈਨੇਡਾ ਸਰਕਾਰ ਨੂੰ ਭੇਜੀਆਂ, 3 ਅਕਤੂਬਰ 1910 ਵਾਲੀ ਅਰਜ਼ੀ ਦਾ ਜਵਾਬ ਕੈਨੇਡਾ ਸਰਕਾਰ ਨੇ 6 ਅਪਰੈਲ 1911 ਨੂੰ ਦਿੱਤਾ ਕਿ ਅਮਰੀਕਾ ਦਾ ਘਾਟਾਂ ਦੇ ਮਹਿਕਮੇ ਦਾ ਕਾਨੂੰਨ ਬਹੁਤ ਸਖਤ ਹੈ। ਉਹ ਅਨਚਾਹੇ ਬੰਦਿਆਂ ਤੇ ਗੈਰ ਵਸਨੀਕਾਂ ਨੂੰ ਮੁੜ ਅਮਰੀਕਾ ਨਹੀਂ ਆਉਣ ਦਿੰਦਾ। ਸਾਡੀ ਸਰਕਾਰ ਪਾਸ ਕੋਈ ਤਾਕਤ ਨਹੀਂ ਕਿ ਜੇ ਕੈਨੇਡਾ ਆਏ ਹਿੰਦੀਆਂ ਨੂੰ ਅਮਰੀਕਾ ਦੀ ਸਰਕਾਰ ਮੁੜ ਵਾਪਸ ਨਾ ਲਵੇ ਤਾਂ ਉਹ ਉਹਨਾਂ ਨੂੰ ਅਮਰੀਕਾ ਭੇਜ ਸਕੇ। ਇਸ ਲਈ ਹਿੰਦ ਤੋਂ ਸਿੱਧੇ ਸਫਰ ਦੀਆਂ ਬੰਦਸ਼ਾਂ ਅਮਰੀਕਾ ਤੋਂ ਆ ਰਹੇ ਹਿੰਦੀਆਂ ਤੋਂ ਚੁੱਕੀਆਂ ਨਹੀਂ ਜਾ ਰਹੀਆਂ। ਐਸਾ ਸਾਮਰਾਜੀ ਲਾਭਾਂ

---

1. ਘਾਟ (ਅ) ਫਰਵਰੀ 1911 ਕਾਰਵਾਈ ਨੰ. 4-9
2. ਘਾਟ (ੳ) ਅਕਤੂਬਰ 1910, ਕਾਰਵਾਈ ਨੰ. 47
3. ਘਾਟ (ਅ) ਜੁਲਾਈ 1911, ਕਾਰਵਾਈ ਨੰ. 1-2

ਨੂੰ ਸਿਥਰ ਰੱਖਣ ਲਈ ਕੀਤਾ ਜਾ ਰਿਹਾ ਹੈ।[1] ਬਾਕੀ ਮੰਗਾਂ ਦਾ ਕੋਈ ਜਵਾਬ ਨਾ ਦਿੱਤਾ ਗਿਆ।

27 ਅਕਤੂਬਰ 1910 ਨੂੰ ਸ੍ਰੀ ਰਹੀਮ ਨੂੰ ਗਰਿਫਤਾਰ ਕਰ ਲਿਆ ਗਿਆ ਤੇ ਅਲਜ਼ਾਮ ਲਾਇਆ ਗਿਆ ਕਿ ਉਹ ਗੈਰ ਕਾਨੂੰਨੀ ਤੌਰ ਉੱਤੇ ਕੈਨੇਡਾ ਦਾਖਲ ਹੋਇਆ ਸੀ। ਤਲਾਸ਼ੀ ਉਤੇ ਉਸ ਕੋਲੋਂ ਯੋਰਪ ਤੇ ਅਮਰੀਕਾ ਵਿੱਚ ਮੌਜੂਦ ਹਿੰਦੀ ਇਨਕਲਾਬੀਆਂ ਦੇ ਡਾਕ ਦੇ ਪਤੇ ਲਭੇ। ਉਹਨੂੰ ਨਜਾਇਜ਼ ਗਰਿਫਤਾਰੀ ਤੋਂ ਰਿਹਾ ਕਰਵਾਉਣ ਦੀ ਅਰਜ਼ੀ ਦਿੱਤੀ ਗਈ। ਗਰਿਫਤਾਰੀ ਨੇ ਹਿੰਦੀਆਂ ਦੀ ਕੈਨੇਡਾ ਸਰਕਾਰ ਦੇ ਖਿਲਾਫ ਨਫਰਤ ਨੂੰ ਹੋਰ ਗਰਮ ਕੀਤਾ ਤੇ ਉਹਨਾਂ ਵਿੱਚ ਇੱਕ ਲਹਿਰ ਉਭਰ ਆਈ। ਲੋਕ ਮੀਟਿੰਗਾਂ ਤੇ ਜਲਸੇ ਸ਼ੁਰੂ ਹੋ ਗਏ। ਅਦਾਲਤ ਵਿੱਚ ਮੁਕਦਮਾ ਭੀ ਤਕੜੇ ਹੋਕੇ ਲੜਿਆ ਗਿਆ। ਅਖੀਰ 11 ਫਰਵਰੀ, 1911 ਨੂੰ ਹਾਪਕਿਨਸਨ ਨੇ ਰਿਪੋਰਟ ਕੀਤੀ ਕਿ ਹਿੰਦੀ ਰਹੀਮ ਦਾ ਮੁਕਦਮਾ ਜਿੱਤ ਗਏ ਹਨ ਤੇ ਕੈਨੇਡੀਅਨ ਸਰਕਾਰ ਦਾ ਵਕਾਰ ਹਿੰਦੀਆਂ ਵਿੱਚ ਬਹੁਤ ਹੀ ਘਟ ਗਿਆ ਹੈ।[2]

## ਟੱਬਰ ਲਿਆਉਣ ਦਾ ਘੋਲ

ਜਿਸ ਤਰ੍ਹਾਂ ਪਹਿਲਾਂ ਦੱਸ ਆਏ ਹਾਂ ਕਿ ਹਿੰਦੀਆਂ ਨੇ ਵੈਨਕੋਵਰ ਤੇ ਵਿਕਟੋਰੀਆ ਦੇ ਸ਼ਹਿਰਾਂ ਦੇ ਕਾਰੋਬਾਰ ਵਿੱਚ ਕਾਫ਼ੀ ਥਾਂ ਮਲ ਲਈ ਸੀ। ਹੁਣ ਉਹ ਕੰਮ ਲੱਭਦੇ ਫਿਰਦੇ ਮਜ਼ਦੂਰ ਨਹੀਂ ਸਨ। ਉਹਨਾਂ ਕਾਫੀ ਪੈਸਾ ਜੋੜ ਲਿਆ ਸੀ। ਇਹਨਾਂ ਵਿੱਚੋਂ ਬਹੁਤ ਜਾਇਦਾਦਾਂ ਦੇ ਮਾਲਕ ਬਣ ਗਏ ਸਨ। ਇਸ ਕੰਮ ਵਿੱਚ ਹਿੰਦੀਆਂ ਦੀ ਲਹਿਰ ਦੇ ਲੀਡਰ ਮੋਹਰੇ ਸਨ। ਇਸ ਲਈ ਅਸੀਂ 1910 ਤੋਂ ਅਗਾਂਹ ਹਿੰਦੀਆਂ ਦੀ ਲੀਡਰਸ਼ਿਪ ਦਾ ਗੁਣ ਬਦਲਿਆ ਹੋਇਆ ਵੇਖਦੇ ਹਾਂ। ਉਹ ਹੁਣ ਸਮੂਹ ਹਿੰਦੀਆਂ ਦੇ ਕੈਨੇਡਾ ਵਿੱਚ ਦਾਖਲੇ ਘੋਲ ਤੋਂ ਕੈਨੇਡਾ ਦੇ ਵਸਨੀਕ ਹਿੰਦੀਆਂ ਦੇ ਟੱਬਰ ਲਿਆਉਣ ਤੇ ਕੈਨੇਡਾ ਵਿੱਚ ਕਾਰੋਬਾਰ ਤੇ ਵਪਾਰੀ ਗਰਜ਼ਾਂ ਲਈ ਆਉਣ ਜਾਣ ਦੀ ਖੁਲ੍ਹ ਦੇ ਘੋਲ ਉੱਤੇ ਆ ਗਏ ਸਨ। ਰਹੀਮ ਦੇ ਮੁਕਦਮੇ ਦੀ ਜਿੱਤ ਨੇ ਉਹਨਾਂ ਨੂੰ ਬੜਾ ਉਤਸ਼ਾਹ ਦਿੱਤਾ, ਦੂਸਰੇ ਕੈਨੇਡਾ ਦੇ ਕਾਨੂੰਨ ਦੀ ਦਫਾ 2 ਅਨੁਸਾਰ ਜੋ ਆਦਮੀ ਤਿੰਨ ਸਾਲ ਕੈਨੇਡਾ ਵਿੱਚ ਰਹਿ ਲਵੇ, ਉਹ ਕੈਨੇਡਾ ਦਾ "ਵਸਨੀਕ" ਹੋ ਜਾਂਦਾ ਹੈ। "ਵਸਨੀਕ" ਆਪਣੇ ਕਰੀਬੀ ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾ ਸਕਦਾ ਹੈ। 1907 ਤੋਂ ਆਏ ਹਿੰਦੀ ਕੈਨੇਡਾ ਦੇ ਵਸਨੀਕ ਹੋ ਚੁੱਕੇ ਸਨ। ਉਹਨਾਂ ਨੂੰ ਆਪਣੇ ਟੱਬਰ ਤੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਮੰਗਵਾਉਣ ਦਾ ਕਾਨੂੰਨ ਹੱਕ ਸੀ। ਪਰ ਕੈਨੇਡਾ ਸਰਕਾਰ ਨੇ 9 ਮਈ 1910 ਦੇ 920 ਨੰਬਰ ਦੇ ਹੁਕਮ ਨਾਲ ਇਸ ਦੇ ਰਸਤੇ ਵਿੱਚ ਸਿਧੇ ਸਫਰ ਦੀ ਬੰਦਸ਼ ਲਾ ਦਿੱਤੀ ਸੀ ਤੇ ਜਹਾਜ਼ਾਂ ਦੀਆਂ ਕੰਪਨੀਆਂ ਘਾਟਾਂ ਦੇ ਕਾਨੂੰਨ ਦੀ ਦਫਾ 42 ਹੇਠ ਲਿਖੇ ਹੋਏ ਸਾਮਰਾਜੀ ਤਰਾਸ ਤੋਂ ਡਰਦੀਆਂ ਸਿੱਧੇ ਟਿਕਟ ਨਹੀਂ ਵੇਚਦੀਆਂ ਸਨ। ਹਿੰਦੀ ਇਸ ਔਕੜ ਨੂੰ ਅਦਾਲਤ ਵਿੱਚ ਮੁਕਦਮੇ ਲੜਕੇ ਹਲ ਕਰ ਲੈਣਾ ਚਾਹੁੰਦੇ ਸਨ। ਉਹ ਜਦ ਭੀ ਅਦਾਲਤ ਵਿੱਚ ਗਏ, ਕੈਨੇਡਾ ਸਰਕਾਰ ਉਹਨਾਂ ਦੇ ਅਦਾਲਤੀ ਦਾਅ ਹੇਠ ਨਾ ਆਉਂਦੀ ਰਹੀ। ਇਸ ਲਈ ਟੱਬਰਾਂ ਤੇ ਰਿਸ਼ਤੇਦਾਰਾਂ ਦੇ ਆਉਣ ਦਾ ਸਵਾਲ ਇੱਕ ਲੰਮਾ ਘੋਲ ਬਣ ਗਿਆ।

ਟੱਬਰਾਂ ਲਈ ਮੁਕਦਮੇ ਲੜਨ ਦੀ ਪਹਿਲ ਭਾਈ ਹੀਰਾ ਸਿੰਘ ਨੇ ਕੀਤੀ। ਉਹ ਦੇਸ਼ ਜਾ

---

1. ਘਾਟ (ੳ) ਸਤੰਬਰ 1911, ਕਾਰਵਾਈ ਨੰ. 13-14
2. ਘਾਟ (ਅ) ਅਪਰੈਲ, 1911 ਕਾਰਵਾਈ ਨੰ. 10

ਕੇ 1911 ਦੇ ਸ਼ੁਰੂ ਵਿੱਚ ਆਪਣੀ ਸਪੁਤਨੀ ਤੇ ਬੱਚਿਆਂ ਨੂੰ ਲੈ ਕੇ ਆਏ। ਵੈਨਕੋਵਰ ਉਤਰਨ ਲੱਗੇ ਤਾਂ ਘਾਟਾਂ ਦੇ ਮਹਿਕਮੇ ਨੇ ਰੋਕ ਲਿਆ। ਘਾਟਾਂ ਦੇ ਕਾਨੂੰਨ ਦੀ ਇੱਕ ਮਦ ਹੈ ਕਿ ਅੜਿਕੇ ਵਾਲਾ ਮੁਸਾਫਰ ਕੁਝ ਸਮੇਂ ਲਈ, ਭਾਵ ਜਿੰਨਾ ਚਿਰ ਜਹਾਜ਼ ਨੇ ਘਾਟ ਉੱਤੇ ਠਹਿਰਨਾ ਹੋਵੇ, ਜਾਂ ਜਹਾਜ਼ ਚਲਿਆ ਜਾਏ ਤਾਂ ਅਗਲੇ ਜਹਾਜ਼ ਤੁਰਨ ਤੱਕ ਜ਼ਮਾਨਤ ਉੱਤੇ ਉੱਤਰ ਸਕਦਾ ਹੈ। ਭਾਈ ਜੀ ਦੇ ਟੱਬਰ ਨੂੰ ਜ਼ਮਾਨਤ ਉੱਤੇ ਉਤਾਰ ਲਿਆ ਗਿਆ। ਮਿਆਦ ਪੁਗਣ ਉੱਤੇ ਅਦਾਲਤੀ ਕਾਰਵਾਈ ਕਰਕੇ ਹੁਕਮ ਇਮਤਨਾਈ ਲੈ ਲਿਆ ਗਿਆ। ਕੈਨੇਡਾ ਸਰਕਾਰ ਨੇ ਅਦਾਲਤੀ ਫੈਸਲਾ ਆਪਣੇ ਖਿਲਾਫ ਹੁੰਦਾ ਵੇਖਕੇ ਟੱਬਰ ਨੂੰ ਉਤਰਨ ਦੀ ਆਗਿਆ ਦੇ ਦਿੱਤੀ ਤੇ ਅਦਾਲਤ ਨੇ ਜਦ ਦੇਖਿਆ ਕਿ ਟੱਬਰ ਨੂੰ ਕੈਨੇਡਾ ਰਹਿਣ ਦੀ ਆਗਿਆ ਹੋ ਗਈ ਹੈ ਤਾਂ ਮੁਕਦਮਾ ਖਾਰਜ ਕਰ ਦਿੱਤਾ।[1] ਇਸ ਤਰ੍ਹਾਂ ਕੈਨੇਡਾ ਦੀ ਹਕੂਮਤ ਚਾਲਾਕੀ ਨਾਲ ਅਦਾਲਤੀ ਫੈਸਲੇ ਦੇ ਦੰਦਾਂ ਹੇਠ ਨਾ ਆਈ ਤੇ ਆਪਣੇ ਹੁਕਮ ਨੂੰ ਚੈਲੰਜ ਨਾ ਹੋਣ ਦਿੱਤਾ। ਇਸ ਉਤੇ ਹਿੰਦੀਆਂ ਨੇ ਆਪਣੇ ਟੱਬਰ ਲਿਆਉਣ ਲਈ ਸਿੱਧੀਆਂ ਟਿਕਟਾਂ ਲੈਣ ਵਾਸਤੇ ਜਹਾਜ਼ੀ ਕੰਪਨੀਆਂ ਦੇ ਬੂਹਿਆਂ ਅੱਗੇ ਭੀੜ ਲਾ ਦਿੱਤੀ, ਪਰ ਜਹਾਜ਼ੀ ਕੰਪਨੀਆਂ ਨੇ ਹਕੂਮਤ ਦੇ ਡਰ ਤੋਂ ਕਿਸੇ ਨੂੰ ਸਿੱਧਾ ਟਿਕਟ ਨਾ ਦਿੱਤਾ। ਇਸ ਤਰ੍ਹਾਂ ਸਾਮਰਾਜੀਆਂ ਦੀ ਚਾਲਾਕੀ ਨਾਲ ਭਾਈ ਹੀਰਾ ਸਿੰਘ ਦੇ ਟੱਬਰ ਨੂੰ ਛੱਡ ਦਿੱਤੇ ਜਾਣ ਨੇ ਸਮੁੱਚੀ ਲਹਿਰ ਨੂੰ ਕੋਈ ਫਾਇਦਾ ਨਾ ਪਹੁੰਚਾਇਆ।

ਹੁਣ ਹਿੰਦੀਆਂ ਨੇ ਖਾਲਸਾ ਦੀਵਾਨ ਸੋਸਾਇਟੀ ਤੇ ਹਿੰਦੁਸਤਾਨ ਐਸੋਸੀਏਸ਼ਨ ਦੀ ਅਗਵਾਈ ਹੇਠ ਫੈਸਲਾ ਕੀਤਾ ਕਿ ਟੱਬਰ ਲਿਆਉਣ ਦੀ ਮੁਹਿੰਮ ਲੜੀ ਜਾਏ। ਇਸ ਆਸ਼ੇ ਨੂੰ ਪੂਰਾ ਕਰਨ ਲਈ ਪੰਜਾਬ ਤੋਂ ਜਾ ਕੇ ਕੋਈ ਧਿਰ ਟੱਬਰ ਲੈ ਕੇ ਆਵੇ ਤੇ ਆਏ ਟੱਬਰਾਂ ਲਈ ਇੱਥੇ ਮੁੜ ਮੁਕਦਮਾ ਲੜਿਆ ਜਾਏ ਅਤੇ ਨਾਲ ਹੀ ਨਾਲ ਐਜੀਟੇਸ਼ਨ ਕੀਤੀ ਜਾਏ। ਇਸ ਕੰਮ ਲਈ ਖਾਲਸਾ ਦੀਵਾਨ ਸੋਸਾਇਟੀ ਦੇ ਪਰਧਾਨ ਭਾਈ ਭਾਗ ਸਿੰਘ ਭਿਖੀਵਿੰਡ ਜ਼ਿਲਾ ਲਾਹੌਰ ਤੇ ਵੈਨਕੋਵਰ ਗੁਰਦਵਾਰੇ ਦੇ ਹੈਡ ਗਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਆਪਣੇ ਟੱਬਰ ਲਿਆਉਣ ਲਈ ਪੰਜਾਬ ਗਏ। ਇਧਰ ਕੈਨੇਡਾ ਵਿੱਚ ਹਿੰਦੀਆਂ ਨੇ ਮੀਟਿੰਗਾਂ ਤੇ ਦੀਵਾਨ ਲਾ ਕੇ ਐਜੀਟੇਸ਼ਨ ਸ਼ੁਰੂ ਕਰ ਦਿੱਤੀ। 16 ਅਪਰੈਲ, 1911 ਨੂੰ ਹਿੰਦੀਆਂ ਦੀ ਇੱਕ ਜਨਤਕ ਮੀਟਿੰਗ ਨੇ ਮੰਗ ਕੀਤੀ ਕਿ ਹਿੰਦੀਆਂ ਨੂੰ ਟੱਬਰ ਲਿਆਉਣ ਦੀ ਖੁਲ੍ਹ ਹੋਵੇ, ਅਮਰੀਕਾ ਤੋਂ ਆਪਣੇ ਕੰਮਾਂਕਾਰਾਂ ਲਈ ਕੈਨੇਡਾ ਆਉਣ ਵਾਲਿਆਂ ਉਤੇ ਸਿੱਧੇ ਸਫਰ ਦੀ ਰੋਕ ਨਾ ਲਾਈ ਜਾਏ। ਇਕ ਹੋਰ ਮਤੇ ਵਿੱਚ ਆਪਣੀ ਵਫਾਦਾਰੀ ਦਾ ਹਸਾਨ ਜਤਾਉਂਦਿਆਂ ਹੋਇਆਂ ਕਿਹਾ ਗਿਆ ਸੀ ਕਿ ਲੰਡਨ ਵਿੱਚ ਇਸ ਸਾਲ ਹੋ ਰਹੀ ਇਮਪੀਰੀਅਲ (ਸਾਮਰਾਜੀ) ਕਾਨਫਰੰਸ ਵਿੱਚ ਹਿੰਦੀਆਂ ਦਾ ਅੰਗਰੇਜ਼ੀ ਰਾਜ ਦੀਆਂ ਸਮੂਹ ਵਸਤੀਆਂ ਵਿੱਚ ਵਸਨੀਕੀ ਹੱਕ ਮੰਨ ਲਿਆ ਜਾਏ। ਮੀਟਿੰਗ ਵਿੱਚ ਹਾਜ਼ਰ ਮੁਸਲਿਮ ਹਿੰਦੀਆਂ ਨੇ ਇੱਕ ਮਤੇ ਰਾਹੀਂ ਐਲਾਨ ਕੀਤਾ ਕਿ ਉਹ ਸਮੂਹ ਹਿੰਦੀਆਂ ਦੇ ਨਾਲ ਹਨ ਤੇ ਇਹਨਾਂ ਮੰਗਾਂ ਦੀ ਪਰੋੜਤਾ ਕਰਦੇ ਹਨ। ਇਹਨਾਂ ਮਤਿਆਂ ਦੀਆਂ ਨਕਲਾਂ ਵਸਤੀਆਂ ਦੇ ਲੰਡਨੀ ਦਫਤਰ, ਕੈਨੇਡਾ ਦੇ ਗਵਰਨਰ ਜਰਨਲ, ਹਿੰਦ ਦੇ ਵਾਇਸਰਾਏ, ਪੰਜਾਬ ਵਿੱਚ ਸਰ ਸ਼ਾਦੀ ਲਾਲ, ਉਮਰ ਹਯਾਤ ਖਾਂ ਟਿਵਾਨਾ, ਸਰ ਪਰਤਾਪ ਸਿੰਘ ਤੇ ਮਿਸਟਰ ਗੋਖਲੇ ਨੂੰ ਭੇਜੀਆਂ ਗਈਆਂ।[2]

---

1. ਘਾਟ (ਅ) ਅਕਤੂਬਰ 1911, ਕਾਰਵਾਈ ਨੰ. 5
2. ਘਾਟ (ਅ) ਸਤੰਬਰ, 1911, ਕਾਰਵਾਈ ਨੰ. 4-7 ਸਫਾ 15-18

ਕੈਨੇਡਾ ਦੀ ਹਿੰਦ ਮਿੱਤਰ ਸੋਸਾਇਟੀ ਨੇ ਵੀ, ਜਿਸ ਦੇ ਪਰਧਾਨ ਰਾਬਰਟ ਕਲਾਰਕ ਤੇ ਸਕੱਤਰ ਲ.ਵ. ਹਾਲ ਸਨ, ਹਿੰਦ ਸਰਕਾਰ, ਵਸਤੀਆਂ ਦੇ ਦਫਤਰ ਅਤੇ ਕੈਨੇਡਾ ਸਰਕਾਰ ਨੂੰ ਅਰਜ਼ੀਆਂ ਭੇਜੀਆਂ ਕਿ ਹਿੰਦੀਆਂ ਦੀਆਂ ਇਹ ਲੋੜਾਂ ਪੂਰੀਆਂ ਕਰ ਦਿੱਤੀਆਂ ਜਾਣ। ਵੈਨਕੋਵਰ ਦੇ 27 ਮਈ 1911 ਦੇ ਹਫਤਾਵਾਰੀ ਪਰਚੇ "ਸੈਚਰਡੇ ਸਨਸੈਟ" ਨੇ ਇੱਕ ਮਜ਼ਮੂਨ ਵਿੱਚ ਹਿੰਦੀਆਂ ਦੀ ਇਸ ਮੰਗ ਦੀ ਦਬੱਲ ਕੇ ਪਰੋੜਤਾ ਕੀਤੀ ਤੇ ਲਿਖਿਆ:-

"ਹਿੰਦੂ ਇਥੇ ਹਨ, ਅੰਗਰੇਜ਼ੀ ਰਿਆਇਆ ਹਨ, ਬੜੀਆਂ ਬੜੀਆਂ ਜਾਇਦਾਦਾਂ ਦੇ ਮਾਲਕ ਹਨ, ਜਦ ਤੱਕ ਉਹ ਕਾਨੂੰਨ ਨਹੀਂ ਭੰਗ ਕਰਦੇ, ਉਹਨਾਂ ਨੂੰ ਇੱਥੇ ਆਪਣੇ ਢੰਗ ਨਾਲ ਆਪਣਾ ਜੀਵਨ ਭੋਗਣ ਦਾ ਹੱਕ ਹੈ। ਅਸਾਂ ਉਹਨਾਂ ਨੂੰ ਆਉਣ ਦਿੱਤਾ, ਜਾਇਦਾਦਾਂ ਬਨਾਉਣ ਦਿੱਤੀਆਂ ਤਾਂ ਫਿਰ ਅਸੀਂ ਉਹਨਾਂ ਨੂੰ ਗਰਿਸਤੀ ਜੀਵਨ ਭੋਗਣ ਦੀ ਆਗਿਆ ਕਿਉਂ ਨਹੀਂ ਦੇ ਰਹੇ? ਬਰਤਾਨੀਆ ਦੀ ਰਿਆਇਆ ਦੇ ਹਰ ਬੰਦੇ ਦਾ ਇਹ ਨਾ ਖੋਹਿਆ ਜਾਣ ਵਾਲਾ ਹੱਕ ਹੈ, ਕਿ ਉਹ ਆਪਣੇ ਟੱਬਰ ਨਾਲ ਰਖੇ ਜਾਂ ਜਿਥੇ ਜਾਏ ਨਾਲ ਲੈ ਜਾਏ......ਹੋਰ ਹਿੰਦੂ ਨਾ ਆਉਣ ਦਿਉ, ਪਰ ਆਇਆਂ ਹੋਇਐਂ ਦੇ ਤਾਂ ਸ਼ਹਿਰੀ ਤੇ ਬਰਤਾਨਵੀ ਰਯੱਤ ਹੋਣ ਦੇ ਹੱਕ ਮੰਨੋ ਤੇ ਉਹਨਾਂ ਨੂੰ ਆਪਣੇ ਟੱਬਰ ਲਿਆਕੇ ਆਪਣੀਆਂ ਖੁਸ਼ੀਆਂ ਵਿੱਚ ਵਾਧਾ ਕਰਨ ਦਿਉ।[1]

17 ਮਈ, 1911 ਨੂੰ ਭਾਈ ਭਾਗ ਸਿੰਘ ਭਿਖੀਵਿੰਡ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕਲਕੱਤਿਉਂ ਵਾਇਸਰਾਇ ਨੂੰ ਤਾਰ ਦਿੱਤੀ ਕਿ ਕਲਕੱਤੇ ਵਿੱਚ ਜਹਾਜ਼ਾਂ ਦੀਆਂ ਕੰਪਨੀਆਂ ਇਹਨਾਂ ਨੂੰ ਕੈਨੇਡਾ ਦੀਆਂ ਸਿਧੀਆਂ ਟਿਕਟਾਂ ਨਹੀਂ ਦੇ ਰਹੀਆਂ। ਹਿੰਦ ਸਰਕਾਰ ਨੇ ਜਵਾਬ ਵਿੱਚ ਲਿਖਿਆ ਕਿ ਹਿੰਦ ਸਰਕਾਰ ਇਸ ਮਾਮਲੇ ਵਿੱਚ ਕੁਝ ਨਹੀਂ ਕਰ ਸਕਦੀ। ਉਹ ਕੈਨੇਡਾ ਦੀ ਸਰਕਾਰ ਨੂੰ ਲਿਖਣ।[2] ਕੈਨੇਡਾ ਦੀ ਸਰਕਾਰ ਨੇ ਵੀ ਭੇਜੀਆਂ ਤਾਰਾਂ ਦਾ ਕੋਈ ਜਵਾਬ ਨਾ ਦਿੱਤਾ, ਉਹ ਕਈ ਦਿਨ ਕਲਕੱਤੇ ਖਰਾਬ ਕਰਕੇ ਹਾਂਗਕਾਂਗ ਨੂੰ ਚੜ੍ਹ ਗਏ। ਹਾਂਗਕਾਂਗ ਤੋਂ ਵੀ ਉਹਨਾਂ ਦੇ ਟੱਬਰਾਂ ਨੂੰ ਕੈਨੇਡਾ ਦੀਆਂ ਟਿਕਟਾਂ ਨਾ ਦਿੱਤੀਆਂ ਗਈਆਂ। ਦੋ ਮਹੀਨੇ ਖਜਲ ਖਵਾਰ ਹੋਕੇ ਉਹ ਐਸੇ ਜਹਾਜ਼ ਉਤੇ ਚੜ੍ਹੇ, ਜਿਸ ਨੇ ਕੈਨੇਡਾ ਤੋਂ ਹੋ ਕੇ ਸਾਨਫਰਾਂਸਿਸਕੋ ਜਾਣਾ ਸੀ। ਉਹਨਾਂ ਸਾਨਫਰਾਂਸਿਸਕੋ ਦੇ ਟਿਕਟ ਲਏ ਤੇ ਵੈਨਕੋਵਰ ਆ ਗਏ। ਵੈਨਕੋਵਰ ਆ ਕੇ ਕੈਨੇਡਾ ਦੇ ਘਾਟਾਂ ਦੇ ਮਹਿਕਮੇ ਨੇ ਟੱਬਰਾਂ ਨੂੰ ਉਤਰਨ ਨਾ ਦਿੱਤਾ। ਅਰਜ਼ੀਆਂ, ਪਰਚਿਆਂ ਤੇ ਮਤਿਆਂ ਦਾ ਹੜ੍ਹ ਲਿਆ ਦਿੱਤਾ ਗਿਆ, ਪਰ ਕੈਨੇਡਾ ਦੀ ਹਕੂਮਤ ਟਸ ਤੋਂ ਮਸ ਨਾ ਹੋਈ। ਆਖਰ ਜ਼ਮਾਨਤਾਂ ਦੇ ਕੇ ਟੱਬਰਾਂ ਨੂੰ ਉਤਾਰ ਲਿਆ ਤੇ ਅਦਾਲਤ ਵਿੱਚ ਦਾਅਵਾ ਕਰ ਦਿੱਤਾ ਗਿਆ।

ਇਸ ਦਾਅਵੇ ਦੇ ਘੋਲ ਵਿੱਚ ਕਾਫੀ ਗਰਮਾ ਗਰਮੀ ਪੈਦਾ ਹੋਈ। ਜਿਸ ਨੇ ਇਸ ਮੰਗ ਨੂੰ ਹਿੰਦੀਆਂ ਦੀ ਕੌਮੀ ਅਣਖ ਦਾ ਸਵਾਲ ਬਣਾ ਦਿੱਤਾ। ਹਿੰਦੁਸਤਾਨ ਵਿੱਚ ਵੀ 22 ਸਤੰਬਰ, 1911 ਨੂੰ ਵਾਇਸਰਾਇ ਦੀ ਕਾਨੂੰਨ ਘੜਨੀ ਕੌਂਸਲ ਵਿੱਚ ਸ੍ਰੀ ਸਚਦਾ ਨੰਦ ਸਿਨਹਾ ਨੇ ਸਵਾਲ ਕੀਤਾ ਤਾਂ ਹਿੰਦ ਸਰਕਾਰ ਦੇ ਜਵਾਬ ਦਿੱਤਾ:-

"ਕਿ ਅਸਾਂ ਕੈਨੇਡਾ ਵਿੱਚ ਲਾਈਆਂ ਗਈਆਂ ਪਾਬੰਦੀਆਂ ਉਤੇ ਕੋਈ ਇਤਰਾਜ਼ ਨਹੀਂ ਕੀਤਾ ਪਰ ਇਹ ਪਾਬੰਦੀਆਂ ਕੈਨੇਡਾ ਵਿੱਚ ਵਸ ਰਹੇ ਹਿੰਦੀਆਂ ਨੂੰ ਆਪਣੇ ਟੱਬਰ ਮੰਗਵਾਉਣ

---

1. ਉਤਲਿਖਤ ਕਾਰਵਾਈ, ਸਫਾ 32-34
2. ਘਾਟ (ਅ) ਜੂਨ, 1911, ਕਾਰਵਾਈ ਨੰ. 11-12, ਸਫਾ 2-3

ਵਿੱਚ ਤਕਲੀਫ ਦੇ ਰਹੀਆਂ ਹਨ। ਹਿੰਦ ਸਰਕਾਰ ਆਰਜ਼ੀ ਤੌਰ ਉੱਤੇ ਸੱਚੀ ਮੁਚੀ ਕੰਮ ਕਾਰ ਲਈ ਕੈਨੇਡਾ ਜਾਣ ਵਾਲਿਆਂ ਉਤੇ ਪਾਬੰਦੀਆਂ ਨਰਮ ਕਰਨ ਲਈ ਲੰਡਨ ਦੇ ਹਿੰਦੀ ਦਫਤਰ (ਇੰਡੀਆ ਆਫਿਸ) ਨੂੰ ਲਿਖ ਰਹੀ ਹੈ।[1]"

ਮੁਕਦਮੇ ਬਾਜ਼ੀ ਤੁਰ ਪਈ, ਅਪੀਲਾਂ ਤੇ ਹਾਈਕੋਰਟ ਵਿੱਚ ਛੁਟਕਾਰੇ ਦੀਆਂ ਦਰਖਾਸਤਾਂ ਦਾ ਤਾਂਤਾ ਬੱਝ ਗਿਆ। ਖਾਲਸਾ ਦੀਵਾਨ ਸੋਸਾਇਟੀ ਤੇ ਯੂਨਾਈਟਿਡ ਲੀਗ ਵਲੋਂ ਡਾਕਟਰ ਸੁੰਦਰ ਸਿੰਘ, ਸੰਤ ਤੇਜਾ ਸਿੰਘ, ਰਾਜਾ ਸਿੰਘ ਬਾੜੀਆਂ (ਹੁਸ਼ਿਆਰਪੁਰ) ਤੇ ਪਾਦਰੀ ਲ.ਵ. ਹਾਲ ਇੱਕ ਡੈਪੂਟੇਸ਼ਨ ਬਣਕੇ ਨਵੰਬਰ, 1911 ਵਿੱਚ ਕੈਨੇਡਾ ਸਰਕਾਰ ਨੂੰ ਮਿਲਣ ਉਟਾਵੇ ਗਏ। 27 ਨਵੰਬਰ ਨੂੰ ਉਹਨਾਂ ਨੇ ਯਾਦ ਪੱਤਰ ਪੇਸ਼ ਕੀਤਾ ਜਿਸ ਵਿੱਚ ਕਿਹਾ ਗਿਆ ਕਿ ਕੈਨੇਡਾ ਦੇ ਹਿੰਦੀਆਂ ਨੂੰ ਟੱਬਰ ਲਿਆਉਣ ਦੀ ਆਗਿਆ ਹੋਣੀ ਚਾਹੀਦੀ ਹੈ ਤੇ ਹੋਰ ਨਹੀਂ ਤਾਂ ਹਾਲਾਂ ਉਹਨਾਂ ਟੱਬਰਾਂ ਨੂੰ, ਜੋ ਘਰੋਂ ਤੁਰ ਪਏ ਹਨ ਤੇ ਰਸਤੇ ਵਿੱਚ ਹਨ, ਉਤਰਨ ਦਿੱਤਾ ਜਾਏ। ਡੈਪੂਟੇਸ਼ਨ ਨੇ 15 ਦਸੰਬਰ, 1911 ਨੂੰ ਅੰਦਰਲੇ ਮਾਮਲਿਆਂ ਦੇ ਮੰਤਰੀ ਮਿਸਟਰ ਰੋਜਰਸ ਨਾਲ ਫੇਰ ਮੁਲਾਕਾਤ ਕੀਤੀ। ਮਿਸਟਰ ਰੋਜਰਸ ਨੇ ਯਕੀਨ ਦਿਵਾਇਆ ਕਿ ਰਾਹ ਵਿੱਚ ਤੁਰੇ ਆਉਂਦੇ ਟੱਬਰਾਂ (ਬੀਬੀ ਕਰਤਾਰ ਕੌਰ ਤੇ ਹਰਨਾਮ ਕੌਰ) ਜਿਨ੍ਹਾਂ ਨੂੰ ਭਾਈ ਭਾਗ ਸਿੰਘ ਤੇ ਬਲਵੰਤ ਸਿੰਘ ਹੋਰੀਂ ਲਿਆਏ ਸਨ, ਉਤਰਨ ਦਿੱਤਾ ਜਾਵਗਾ।[2] ਡੈਪੂਟੇਸ਼ਨ ਵਾਪਸ ਵੈਨਕੋਵਰ ਆ ਗਿਆ।

16 ਮਾਰਚ 1912 ਨੂੰ ਗੁਰਦਵਾਰੇ ਦੀਵਾਨ ਵਿੱਚ ਡੈਪੂਟੇਸ਼ਨ ਦੇ ਮੈਂਬਰਾਂ ਨੇ ਦਸਿਆ ਕਿ ਕੈਨੇਡਾ ਸਰਕਾਰ ਨੇ ਕੋਈ ਪਾਬੰਦੀ ਨਹੀਂ ਚੁੱਕੀ। ਚੜ੍ਹਦੀ ਮਈ ਕੈਨੇਡਾ ਸਰਕਾਰ ਨੇ ਇਹਨਾਂ ਦੋਹ ਬੀਬੀਆਂ ਦੇ ਦੇਸ ਨਿਕਾਲੇ ਦਾ ਹੁਕਮ ਦੇ ਦਿੱਤਾ। ਹਿੰਦੀਆਂ ਨੇ ਹਾਈਕੋਰਟ ਵਿੱਚ ਛੁਟਕਾਰੇ ਦੀ ਦਰਖਾਸਤ ਦੇ ਦਿੱਤੀ। ਅਦਾਲਤ ਵਲੋਂ ਰੁਕਾਵਟੀ ਹੁਕਮ ਆ ਗਿਆ। ਖਾਲਸਾ ਦੀਵਾਨ ਸੋਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਨੇ 6 ਮਈ 1912 ਨੂੰ ਦੀਵਾਨ ਕੀਤਾ। ਜਿਸ ਵਿੱਚ ਸ੍ਰੀ ਰਾਜਾ ਸਿੰਘ, ਡਾਕਟਰ ਸੁੰਦਰ ਸਿੰਘ (ਬਾਬੂ) ਹਰਨਾਮ ਸਿੰਘ ਤੇ ਜੀ.ਡੀ. ਕੁਮਾਰ ਬੋਲੇ ਤੇ 7 ਮਈ ਨੂੰ ਹਿੰਦ ਦਫਤਰ ਨੂੰ ਲੰਡਨ ਤਾਰ ਦਿੱਤੀ ਗਈ ਕਿ ਉਹ ਕੈਨੇਡਾ ਸਰਕਾਰ ਨੂੰ ਟੱਬਰਾਂ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕੇ। 10 ਮਈ 1912 ਨੂੰ ਹਾਪਕਿਨਸਨ ਨੇ ਰਿਪੋਰਟ ਕੀਤੀ ਕਿ ਜੱਜ ਮੌਰੀਸਨ ਟਬਰਾਂ ਦੀ ਦਰਖਾਸਤ ਨੂੰ ਮਨਜ਼ੂਰ ਕਰ ਲਏਗਾ ਤੇ ਘਾਟਾਂ ਦੇ ਐਕਟ ਦੇ ਮਾਤਹਿਤ ਗਵਰਨਰ ਜਨਰਲ ਦੇ ਸਿੱਧੇ ਸਫਰ ਵਾਲੇ ਹੁਕਮ ਨੂੰ ਗੈਰ ਕਾਨੂੰਨੀ ਕਰਾਰ ਦੇ ਦੇਵੇਗਾ। ਜੱਜ ਨੇ ਸਾਫ ਕਹਿ ਦਿੱਤਾ ਸੀ, ਕਿ ਉਹ ਰਹੀਮ ਦੇ ਮੁਕਦਮੇ ਵਿੱਚ ਪਹਿਲਾਂ ਹੀ ਲਿਖ ਚੁੱਕਾ ਹੈ ਕਿ 9 ਮਈ 1910 ਨੂੰ ਹਿੰਦੀਆਂ ਉਤੇ ਸਿੱਧੇ ਸਫਰ ਦੀ ਬੰਦਸ਼ ਵਾਲੇ ਜਾਰੀ ਕੀਤੇ ਗਏ ਹੁਕਮ ਵਿੱਚ ਗਵਰਨਰ ਜਨਰਲ ਆਪਣੇ ਮਿਲੇ ਹੋਏ ਅਧਿਕਾਰਾਂ ਤੋਂ ਅਗਾਂਹ ਲੰਘ ਗਿਆ ਹੈ। ਇਸ ਉਤੇ 23 ਮਈ 1912 ਨੂੰ ਕੈਨੇਡਾ ਦੇ ਘਰੋਗੀ ਮਹਿਕਮੇ ਦੇ ਡਿਪਟੀ ਵਜ਼ੀਰ ਵ. ਵ. ਕੋਰੀ ਨੇ ਘਾਟਾਂ ਦੇ ਮਹਿਕਮੇ ਦੇ ਅਫਸਰ ਮੈਲਕਮ ਰੀਡ ਨੂੰ ਤਾਰ ਦਿੱਤੀ ਕਿ ਹਿੰਦੀ ਟੱਬਰਾਂ ਨੂੰ ਕੈਨੇਡਾ ਵਿੱਚ ਰਹਿਣ ਦਿੱਤਾ ਜਾਏ ਪਰ ਇਸ ਨੂੰ ਅੱਗੇ ਲਈ 'ਲੀਹ' ਨਾ ਸਮਝ ਲਿਆ ਜਾਏ।[3] ਕੈਨੇਡਾ ਸਰਕਾਰ ਨੇ ਇਸ ਨੂੰ ਆਪਣੀ ਬੜੀ

1. ਘਾਟ (ਅ) ਅਕਤੂਬਰ 1911, ਕਾਰਵਾਈ ਨੰ. 18
2. ਘਾਟ (ਅ) ਮਈ 1912, ਕਾਰਵਾਈ ਨੰ. 26-27 ਤੇ (ਅ) ਨਵੰਬਰ 1912, ਕਾਰਵਾਈ ਨੰ. 17-19 ਤੋਂ (ਅ) ਮਾਰਚ 1913, ਕਾਰਵਾਈ ਨੰ. 35 ਸਫਾ 4
3. ਘਾਟ (ਅ) ਅਗਸਤ 1912, ਕਾਰਵਾਈ 13-15

ਮਿਹਰਬਾਨੀ ਦਸਿਆ। ਟੱਬਰ ਉੱਤਰ ਗਏ, ਪਰ ਚਾਤਰ ਸਾਮਰਾਜੀ ਆਪਣੀ ਕਾਨੂੰਨੀ ਵਧੀਕੀ ਨੂੰ ਫੇਰ ਬਚਾ ਗਏ।

ਬਾਕੀ ਟਬਰਾਂ ਨੂੰ ਲਿਆਉਣ ਦੀ ਆਮ ਖੁਲ੍ਹ ਤੇ ਆਰਜ਼ੀ ਤੌਰ ਤੇ ਕੈਨੇਡਾ ਆਉਣ ਵਾਲਿਆਂ ਨੂੰ ਆਉਣ ਜਾਣ ਦੀ ਛੁੱਟੀ ਲੈਣ ਦਾ ਮੋਰਚਾ ਉਵੇਂ ਹੀ ਰਹਿ ਗਿਆ। ਹਿੰਦੀਆਂ ਨੇ ਹਿੰਮਤਾਂ ਨਹੀਂ ਹਾਰੀਆਂ ਤੇ ਉਹ ਡਟਕੇ ਘੋਲ ਵਿੱਚ ਲੱਗੇ ਰਹੇ।

## ਇਮਪੀਰੀਅਲ ਕਾਨਫਰੰਸ (1911)

ਅੰਗਰੇਜ਼ ਸਾਮਰਾਜੀ ਦੁਨੀਆਂ ਦੀਆਂ ਮੰਡੀਆਂ ਤੇ ਆਪਣੇ ਹੇਠ ਦਬੇ ਹੋਏ ਦੇਸ਼ਾਂ ਦੀ ਹਾਲਤ ਪੁਰ ਵਿਚਾਰਾਂ ਕਰਨ ਤੇ ਸਾਂਝੇ ਫੈਸਲੇ ਲੈਣ ਲਈ ਦਸੀਂ ਬਾਰੀਂ ਸਾਲੀਂ ਲੰਡਨ ਵਿੱਚ ਇਮਪੀਰੀਅਲ ਕਾਨਫਰੰਸ ਦੇ ਨਾਂ ਹੇਠਾਂ ਆਪਣਾ ਇਕੱਠ ਕਰਦੇ ਸਨ। ਜਿਸ ਵਿੱਚ ਬਰਤਾਨੀਆਂ ਦੀਆਂ ਵਸਤੀਆਂ ਦੇ ਵਜ਼ੀਰ ਹਾਜ਼ਰ ਹੁੰਦੇ ਸਨ ਤੇ ਹਿੰਦੁਸਤਾਨ ਵਲੋਂ ਵਜ਼ੀਰ ਹਿੰਦ ਜਾਂ ਉਸ ਦਾ ਕੋਈ ਕਾਰ ਮੁਖਤਾਰ ਇਸ ਵਿੱਚ ਸ਼ਾਮਲ ਹੁੰਦਾ ਸੀ। 1897 ਦੀ ਇਸ ਕਾਨਫਰੰਸ ਤੋਂ ਬਾਅਦ ਦੂਸਰੀ ਕਾਨਫਰੰਸ ਜੂਨ 1911 ਦੇ ਆਖਰੀ ਹਫਤੇ ਲੰਡਨ ਵਿੱਚ ਸ਼ੁਰੂ ਹੋਈ।

11 ਨਵੰਬਰ 1910 ਨੂੰ ਲੰਡਨ ਦੀ ਮੁਸਲਿਮ ਲੀਗ ਨੇ ਮੰਗ ਕੀਤੀ ਕਿ ਇਸ ਕਾਨਫਰੰਸ ਉਤੇ ਸਾਮਰਾਜੀ ਵਸਤੀਆਂ ਵਿੱਚ ਹਿੰਦੀਆਂ ਦੇ ਦਾਖਲੇ ਦਾ ਸਵਾਲ ਵਿਚਾਰਿਆ ਜਾਏ ਤੇ ਇਸ ਵਿੱਚ ਹਿੰਦੁਸਤਾਨ ਦਾ ਵੀ ਕੋਈ ਪਰਤੀਨਿਧ ਲਿਆ ਜਾਏ।[1] ਕੈਨੇਡਾ ਦੀ ਹਿੰਦ ਮਿੱਤਰ ਸੋਸਾਇਟੀ ਨੇ ਵੀ ਇੱਕ ਅਰਜ਼ੀ ਹਿੰਦੀਆਂ ਦੇ ਕੈਨੇਡਾ ਵਿੱਚ ਦਾਖਲੇ ਤੋਂ ਪਾਬੰਦੀਆਂ ਦੂਰ ਕਰਨ ਲਈ 28 ਅਪਰੈਲ 1911 ਨੂੰ ਵਸਤੀਆਂ ਦੇ ਦਫਤਰ ਨੂੰ ਭੇਜੀ ਕਿ ਇਸ ਨੂੰ ਇਮਪੀਰੀਅਲ ਕਾਨਫਰੰਸ ਵਿੱਚ ਵਿਚਾਰਿਆ ਜਾਏ। 16 ਅਪਰੈਲ ਨੂੰ ਸ੍ਰੀ ਹਸਨ ਰਹੀਮ, ਜੀ.ਡੀ. ਕੁਮਾਰ, ਡਾਕਟਰ ਸੁੰਦਰ ਸਿੰਘ, ਕਰਤਾਰ ਸਿੰਘ, ਪੰਡਤ ਬਾਲਮੁਕੰਦ, ਸੁਰੇਂਦਰ ਮੋਹਣ ਬੋਸ ਤੇ ਪਰੀਤਮ ਸਿੰਘ ਆਦਿ ਵੈਨਕੋਵਰ ਦੇ ਹਿੰਦੀ ਲੀਡਰਾਂ ਨੇ ਵੀ ਇੱਕ ਮਤਾ ਪਾਸ ਕਰਕੇ ਵਜ਼ੀਰ ਹਿੰਦ ਨੂੰ ਘਲਿਆ ਕਿ ਇਮਪੀਰੀਅਲ ਕਨਫਰੰਸ ਵਿੱਚ ਇਸ ਉਤੇ ਧਿਆਨ ਦਿੱਤਾ ਜਾਏ। ਮਤੇ ਵਿੱਚ ਮੰਗ ਕੀਤੀ ਗਈ ਸੀ ਕਿ:-

1. ਹਿੰਦੀਆਂ ਦੇ ਟੱਬਰਾਂ ਨੂੰ ਆਉਣ ਵਿੱਚ ਕੋਈ ਰੁਕਾਵਟ ਨਾ ਹੋਵੇ।
2. ਹਰ ਸਾਲ ਤਿੰਨ ਕੁ ਸੌ ਹਿੰਦੀ ਕੈਨੇਡਾ ਆਉਣ ਦਿੱਤੇ ਜਾਇਆ ਕਰਨ।
3. ਵਪਾਰੀਆਂ, ਕਾਰ-ਵਿਹਾਰੀ ਬੰਦਿਆਂ ਤੇ ਵਿਦਿਆਰਥੀਆਂ ਨੂੰ ਬਿਨਾਂ-ਸ਼ਰਤ ਆਉਣ ਦਿੱਤਾ ਜਾਵੇ।
4. ਅਮਰੀਕਾ ਵਿੱਚ ਵਸ ਰਹੇ ਹਿੰਦੀਆਂ ਨੂੰ ਆਪਣਾ ਕਾਰ ਵਿਹਾਰ ਵੇਖਣ ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਲਈ ਕੈਨੇਡਾ ਤੇ ਕੈਨੇਡਾ ਵਾਲਿਆਂ ਨੂੰ ਅਮਰੀਕਾ ਆਉਣ ਜਾਣ ਦੀ ਖੁਲ ਹੋਵੇ।

ਇਸ ਤਰ੍ਹਾਂ ਹਿੰਦੀਆਂ ਦੇ ਕੈਨੇਡਾ ਵਿੱਚ ਦਾਖਲੇ ਉਤੇ ਪਾਬੰਦੀਆਂ ਦਾ ਸਵਾਲ ਇਮਪੀਰੀਅਲ ਕਾਨਫਰੰਸ ਦੇ ਏਜੰਡੇ ਦਾ ਵਿਸ਼ੇਸ਼ ਸਵਾਲ ਬਣ ਗਿਆ। ਇਸ ਕਾਨਫਰੰਸ ਦੀ

---

1. ਘਾਟ (ੳ) ਅਗਸਤ 1911, ਕਾਰਵਾਈ ਨੰ. 2-17

ਬਹਿਸ, ਇਸ ਸਵਾਲ ਬਾਰੇ ਹਿੰਦ ਸਰਕਾਰ ਦੇ ਰਵਈਏ ਅਤੇ ਕਾਨਫਰੰਸ ਦੇ ਫੈਸਲੇ ਤੋਂ ਸਭ ਸਾਮਰਾਜੀਆਂ ਦੀਆਂ ਮਾਮੀਆਂ ਫੁਫੀਆਂ ਇਕੋ ਹੋਣ ਦਾ ਭੇਦ ਖੁਲ ਜਾਂਦਾ ਹੈ। ਹਿੰਦ ਸਰਕਾਰ ਦੀਆਂ ਅਗਸਤ, 1911 ਦੀ ਮਿਸਲ ਵਿੱਚ ਲਗੀਆਂ ਘਾਟਾਂ ਦੇ ਮਹਿਕਮੇ ਦੀਆਂ 2 ਤੋਂ ਲੈ ਕੇ 17 ਨੰਬਰ ਤੱਕ ਦੀਆਂ ਕਾਰਵਾਈਆਂ ਵਿੱਚੋਂ ਹਿੰਦੀਆਂ ਬਾਰੇ ਸਾਮਰਾਜੀ ਪਾਲਿਸੀ ਦਾ ਰੁਖ ਨਿਤਰਕੇ ਸਾਫ ਹੋ ਜਾਂਦਾ ਹੈ।

ਮੁਸਲਿਮ ਲੀਗ ਦੀ ਹਿੰਦੀ ਨੁਮਾਇੰਦੇ ਵਾਲੀ ਮੰਗ ਦਾ ਜਵਾਬ ਇਹ ਦਿੱਤਾ ਗਿਆ ਕਿ–"ਕਾਨਫਰੰਸ ਕੇਵਲ ਵਜ਼ੀਰਾਂ ਦੀ ਹੀ ਹੋ ਰਹੀ ਹੈ। ਹਿੰਦੀ ਕੋਈ ਵਜ਼ੀਰ ਨਹੀਂ ਹੈ। ਇਸ ਲਈ ਕੋਈ ਹਿੰਦੀ ਇਸ ਵਿੱਚ ਸ਼ਾਮਲ ਨਹੀਂ ਹੋ ਸਕਦਾ।" (ਕਾਰਵਾਈ 2, ਸਫਾ 1)

"ਹਿੰਦ ਸਰਕਾਰ ਨੇ ਸਵੈ ਰਾਜ ਵਾਲੀਆਂ ਵਸਤੀਆਂ ਦੀ ਇਸ ਖਾਹਸ਼ ਨੂੰ ਮੰਨ ਲਿਆ ਹੋਇਆ ਹੈ ਕਿ ਚਿਟੇ ਆਦਮੀਆਂ ਦੇ ਦੇਸ਼ ਉਹਨਾਂ (ਚਿਟਿਆਂ) ਲਈ ਹੀ ਮਖਸੂਸ ਰਹਿਣ।" (ਸਫਾ 3)

"ਕੈਨੇਡਾ ਤੇ ਆਸਟਰੇਲੀਆ ਵਿੱਚੋਂ ਹਿੰਦੀਆਂ ਨੂੰ ਬਾਹਰ ਰੱਖਣ ਦੀ ਪਾਲਿਸੀ ਨਾਲ ਹਿੰਦ ਸਰਕਾਰ ਦੀ ਤਸੱਲੀ ਹੈ।" (ਸਫਾ 4)

ਪੰਜ ਮਈ 1911 ਨੂੰ ਹਿੰਦ ਸਰਕਾਰ ਨੇ ਵਜ਼ੀਰ ਹਿੰਦ ਦੀ ਇਸ ਸਲਾਹ ਨਾਲ ਸਮਤੀ ਪਰਗਟ ਕੀਤੀ ਕਿ ਕਾਨਫਰੰਸ ਦੀ ਕਾਰਵਾਈ ਖੁਫੀਆ ਰਖੀ ਜਾਵੇ, ਕਿਉਂਕਿ ਉਥੇ ਕੋਈ ਅਜਿਹੇ ਸਵਾਲ ਉਠ ਪੈਣੇ ਤੇ ਗਲਾਂ ਨਿਕਲ ਜਾਣੀਆਂ ਹਨ, ਜਿਹਨਾਂ ਦਾ ਹਿੰਦੀਆਂ ਉਤੇ ਬੁਰਾ ਅਸਰ ਪਏਗਾ ਤੇ ਹਿੰਦ ਦੇ ਗਰਮ ਧੜੇ ਦੀ ਪਾਰਟੀ ਇਸ "ਸਰਕਾਰ ਹਿੰਦ ਦੀ ਤਸਲੀ" ਵਾਲੀ ਗਲ ਨੂੰ ਪਰਚਾਰ ਵਾਸਤੇ ਵਰਤੇਗੀ। (ਕਾਰਵਾਈ ਨੰ. 13, ਸਫਾ 8–9)

ਹਿੰਦ ਸਰਕਾਰ ਵਲੋਂ ਪੇਸ਼ ਕੀਤੇ ਗਏ ਯਾਦ ਪੱਤਰ ਵਿੱਚ ਇਹ ਤਰਮੀਮ ਕਰ ਦਿੱਤੀ ਗਈ ਕਿ "ਮੌਜੂਦਾ ਇੰਤਜ਼ਾਮ ਨਾਲ ਹਿੰਦ ਸਰਕਾਰ ਦੀ ਤਸਲੀ ਹੈ।" ਦੀ ਥਾਂ "ਮੌਜੂਦਾ ਇੰਤਜ਼ਾਮ ਉਤੇ ਹਿੰਦ ਸਰਕਾਰ ਨੇ ਇਤਰਾਜ਼ ਨਹੀਂ ਕੀਤਾ।" (ਉਤਲਿਖਤ ਸਫਾ 9)

ਹਿੰਦ ਸਰਕਾਰ ਨੇ 30 ਜੂਨ 1911 ਨੂੰ ਆਪਣਾ ਯਾਦ ਪੱਤਰ ਪੇਸ਼ ਕੀਤਾ। ਜਿਸ ਵਿੱਚ ਹਿੰਦ ਸਰਕਾਰ ਨੇ ਵਸਤੀਆਂ ਦੇ ਚਿੱਟੇ ਵਸਨੀਕਾਂ ਦੇ ਇਸ ਦਰਿੜ ਇਰਾਦੇ ਨਾਲ ਹਮਦਰਦੀ ਪਰਗਟ ਕੀਤੀ ਕਿ ਉਹਨਾਂ ਦੇਸ਼ਾਂ ਵਿੱਚ ਸਭਿਅਤਾ, ਮਜ਼ਹਬ ਤੇ ਰਵਾਜਾਂ ਵਿੱਚ ਪਰਾਏ ਲੋਕ ਨਾ ਜਾਣ। ਇਹਨਾਂ ਦੇ ਜਾਣ ਨਾਲ ਚਿਟੇ ਮਜ਼ਦੂਰਾਂ ਦੇ ਹਕਾਂ ਨੂੰ ਨੁਕਸਾਨ ਪਹੁੰਚਦਾ ਹੈ।

"ਕਿਉਂਕਿ ਅਜਿਹੇ ਲੋਕਾਂ ਦੇ ਆਉਣ ਨੂੰ ਹਰ ਕੀਮਤ ਉੱਤੇ ਰੋਕਣਾ ਜ਼ਰੂਰੀ ਹੈ, ਇਸ ਲਈ ਅਸੀਂ ਇਸ ਤਰ੍ਹਾਂ ਦੇ ਆਉਣ ਉਤੇ ਰੋਕ ਲਗਾਉਣ ਦੀ ਕੋਈ ਵਿਰੋਧਤਾ ਨਹੀਂ ਕਰਾਂਗੇ ਪਰ ਬਾਦਸ਼ਾਹ ਸਲਾਮਤ ਨੂੰ ਬੜਾ ਹੀ ਦੁਖ ਹੋਵੇਗਾ ਜਦੋਂ ਨਸਲ ਜਾਂ ਰੰਗ ਦੇ ਲਿਹਾਜ਼ ਨਾਲ ਇੱਕ ਵੱਡੋਂ ਸਾਰੇ ਹੀ ਹਿੰਦੀਆਂ ਤੇ ਏਸ਼ੀਆਈਆਂ ਨੂੰ ਆਉਣੋ ਰੋਕ ਦਿੱਤਾ ਜਾਏ।"

ਹਿੰਦ ਸਰਕਾਰ ਨੇ ਜ਼ੋਰ ਇਸ ਗਲ ਉਤੇ ਦਿੱਤਾ ਕਿ–

"ਮਜ਼ਦੂਰਾਂ ਤੇ ਦਸਤਕਾਰਾਂ ਉਤੇ ਰੋਕ ਲਾ ਦਿੱਤੀ ਜਾਏ, ਪਰ ਧਨੀ ਵਪਾਰੀਆਂ, ਰਾਜਿਆਂ, ਅਮੀਰਾਂ ਤੇ ਵਿਦਿਆਰਥੀਆਂ ਉਤੇ ਰੋਕ ਨਾ ਲਾਈ ਜਾਏ ਤਾਂ ਜੋ ਆਉਣੋ ਰੋਕਣ ਦਾ ਸਵਾਲ ਨਸਲੀ ਤੇ ਰੰਗ ਦਾ ਸਵਾਲ ਨਾ ਜਾਪੇ। ਨਸਲ ਤੇ ਰੰਗ ਦਾ ਸਵਾਲ ਅੰਗਰੇਜ਼ੀ ਰਾਜ ਵਾਸਤੇ ਬਹੁਤ ਖਤਰਨਾਕ ਹੈ।"

ਹਿੰਦ ਸਰਕਾਰ ਨੇ ਆਪਣੀ ਰਾਏ ਪਰਗਟ ਕੀਤੀ ਕਿ–

"ਨਸਲ ਤੇ ਰੰਗ' ਦੇ ਅਧਾਰ ਉੱਤੇ ਲਾਈਆਂ ਪਾਬੰਦੀਆਂ ਦੇ ਸਵਾਲ ਉਤੇ ਫਸਾਦੀ ਐਜੀਟੇਟਰ ਤੇ ਅਸਲੋਂ ਆਗਿਆਕਾਰ ਲੋਕ ਸਮ ਇਕ ਮੁਠ ਹਨ।"

ਆਖਰ ਵਿਚ ਹਿੰਦ ਸਰਕਾਰ ਨੇ ਟਬਰਾਂ ਤੇ ਜ਼ਰੂਰੀ ਕੰਮ ਲਈ ਕਿਸੇ ਰਿਸ਼ਤੇਦਾਰ ਨੂੰ ਆਰਜ਼ੀ ਤੌਰ ਤੇ ਮਿਲਣ ਆਉਣ ਉਤੇ ਕੋਈ ਪਾਬੰਦੀ ਨਾ ਲਾਈ ਜਾਣ ਉਤੇ ਜ਼ੋਰ ਦਿੱਤਾ।

(ਕਾਰਵਾਈ ਨੰਬਰ 17 ਸਫਾ 26–33 ਵਿੱਚੋਂ ਨੋਟ)

ਇਮਪੀਰੀਅਲ ਕਾਨਫਰੰਸ ਨੇ ਇੱਕ ਫੈਸਲਾ ਤਾਂ ਕਰ ਦਿੱਤਾ ਕਿ–

"ਵਸਤੀਆਂ ਅਜਿਹੇ ਬੰਦਿਆਂ ਨੂੰ ਨਾ ਆਉਣ ਦੇਣ, ਜਿਹਨਾਂ ਦਾ ਜੀਵਨ ਵਸਤੀਆਂ ਦੇ ਰਾਜਸੀ ਤੇ ਸਮਾਜੀ ਆਸ਼ਿਆਂ ਨਾਲ ਨਾ ਰਲਦਾ ਹੋਵੇ।"

ਇਸ ਹਕੀਕਤ ਨੂੰ ਮੰਨ ਕੇ ਕੈਨੇਡਾ ਵਿੱਚ ਵਸ ਰਹੇ ਹਿੰਦੀਆਂ ਦੇ ਸਵਾਲ ਨੂੰ ਹਿੰਦ ਸਰਕਾਰ ਨੇ ਅਜਿਹੀ ਚਾਤਰੀ ਨਾਲ ਪੇਸ਼ ਕੀਤਾ ਕਿ ਇਹ ਸਵਾਲ ਨਸਲੀ ਜਾਂ ਰੰਗ ਦਾ ਸਵਾਲ ਨਾ ਦਿਸੇ। ਇਸ ਲਈ ਉਸ ਨੇ ਟੱਬਰਾਂ, ਤਕੜੇ ਵਪਾਰੀਆਂ, ਰਾਜਿਆਂ ਤੇ ਵਿਦਿਆਰਥੀਆਂ ਦੇ ਕੈਨੇਡਾ ਦਾਖਲ ਹੋਣ ਦੀ ਮੰਗ ਕੀਤੀ। ਕੈਨੇਡਾ ਦੇ ਹਿੰਦੀ ਲੀਡਰ ਵੀ ਤਕਰੀਬਨ ਇਸੇ ਹੀ ਮੰਗ ਉੱਤੇ ਖੜੇ ਸਨ। (20 ਸਫਾ)

ਪਰ ਕੈਨੇਡਾ ਸਰਕਾਰ ਆਪਣੇ ਹਠ ਉਤੇ ਅੜੀ ਰਹੀ ਤੇ ਉਸ ਨੇ ਨਾ ਟਬਰਾਂ ਨੂੰ ਸਿੱਧੀਆਂ ਟਿਕਟਾਂ ਲੈਣ ਦਿੱਤੀਆਂ ਤੇ ਨਾ ਹੀ ਸੌਖੇ ਹਥ ਆਰਜ਼ੀ ਤੌਰ ਉਤੇ ਆਉਣ ਵਾਲਿਆਂ ਤੋਂ ਪਾਬੰਦੀਆਂ ਚੁੱਕੀਆਂ। ਹਿੰਦੀਆਂ ਦੇ ਘੋਲ ਦੀ ਮਨਜ਼ਲ ਅਜੇ ਦੂਰ ਸੀ।

## ਹਿੰਦੁਸਤਾਨ ਵਿੱਚੋਂ ਹਮਾਇਤ

ਇਸ ਘੋਲ ਦੀ ਹਿੰਦ ਤੇ ਖਾਸ ਕਰ ਪੰਜਾਬ ਵਿੱਚ ਵੀ ਪਰੋੜ੍ਹਤਾ ਹੋਈ। ਖਾਲਸਾ ਸਭਾ ਪੂਹਲਾ, ਜ਼ਿਲਾ ਲਾਹੌਰ ਨੇ 23-6-1912 ਨੂੰ ਇੱਕ ਭਰੇ ਦੀਵਾਨ ਵਿੱਚ ਸਿੱਖ ਬੀਬੀਆਂ ਨਾਲ ਕੈਨੇਡਾ ਸਰਕਾਰ ਵੱਲੋਂ ਕੀਤੇ ਗਏ ਸਲੂਕ ਦੀ ਨਿੰਦਿਆ ਕਰਕੇ ਮੰਗ ਕੀਤੀ ਕਿ ਕੈਨੇਡਾ ਸਰਕਾਰ ਹਿੰਦੀਆਂ ਨਾਲ ਵੀ ਜਪਾਨੀਆਂ ਤੇ ਚੀਨੀਆਂ ਵਰਗਾ ਸਲੂਕ ਕਰੇ। ਪੰਜਾਬ ਸਰਕਾਰ ਨੇ ਇਹ ਮਤਾ ਹਿੰਦ ਸਰਕਾਰ ਨੂੰ 19-7-1912 ਨੂੰ ਭੇਜਿਆ।[1] ਗਵਾਲੀਅਰ ਤੇ ਸ਼ਿਮਲਾ ਦੀਆਂ ਸਿੰਘ ਸਭਾਵਾਂ ਨੇ ਇਸ ਮੰਗ ਦੀ ਹਮਾਇਤ ਕੀਤੀ। ਸ. ਸੰਤ ਸਿੰਘ ਲਾਇਲਪੁਰੀ ਨੇ ਵੀ ਹਿੰਦ ਸਰਕਾਰ ਨੂੰ ਇਸ ਬਾਰੇ ਲਿਖਿਆ।[2]

27 ਮਈ, 1912 ਨੂੰ ਲਾਹੌਰ ਸਿੰਘ ਸਭਾ ਨੇ ਪੰਜਾਬੀ ਬੀਬੀਆਂ ਦੇ ਉਤਰਨ ਉਤੇ ਰੋਕ ਦੇ ਖਿਲਾਫ ਇਤਰਾਜ਼ ਕੀਤਾ ਤੇ ਹਿੰਦ ਸਰਕਾਰ ਨੂੰ ਕੈਨੇਡਾ ਸਰਕਾਰ ਵਲ ਲਿਖਣ ਵਾਸਤੇ ਆਖਿਆ। ਚੀਫ਼ ਖਾਲਸਾ ਦੀਵਾਨ ਅੰਮਰਤਸਰ ਵਲੋਂ ਸਰ ਸੁੰਦਰ ਸਿੰਘ ਮਜੀਠੀਏ ਨੇ 3 ਜੂਨ, 1912 ਨੂੰ ਬੀਬੀਆਂ ਉਤੇ ਰੋਕ ਬਾਰੇ ਹਿੰਦ ਸਰਕਾਰ ਨੂੰ ਲਿਖਿਆ। ਹਿੰਦ ਸਰਕਾਰ ਨੇ ਇਹਨਾਂ ਮਤਿਆਂ ਦਾ ਜਵਾਬ ਦਿੱਤਾ ਕਿ ਮਾਮਲਾ ਅਜੇ ਕੈਨੇਡਾ ਦੀਆਂ ਅਦਾਲਤਾਂ ਵਿੱਚ ਹੈ। 9-9-1913 ਨੂੰ ਸ੍ਰੀ

---

1. ਘਾਟ (ਅ) ਅਗਸਤ 1912, ਕਾਰਵਾਈ ਨੰ. 13-15
2. ਹੋਮ (ਪੋਲੀਟੀਕਲ) (ਅ) ਅਕਤੂਬਰ 1913, ਕਾਰਵਾਈ ਨੰ. 137, 36-37 ਤੇ 129

ਬੈਨਰਜੀ ਨੇ ਵਾਇਸਰਾਏ ਦੀ ਵਿਧਾਨ ਕੌਂਸਲ ਵਿੱਚ ਇਸ ਬਾਰੇ ਸਵਾਲ ਪੁੱਛੇ। ਹਿੰਦ ਸਰਕਾਰ ਨੇ ਕੈਨੇਡਾ ਸਰਕਾਰ ਨੂੰ ਇਸ ਬਾਰੇ 19-11-1912[1], 23-7-1913[2] ਤੇ ਕਈ ਵੇਰਾਂ ਹੋਰ ਲਿਖਿਆ।

ਹਿੰਦ ਸਰਕਾਰ ਨੇ ਇਮਪੀਰੀਅਲ ਕਾਨਫਰੰਸ ਵਿੱਚ ਪੇਸ਼ ਕੀਤੇ (ਉਤਲਿਖਤ) ਯਾਦ ਪੱਤਰ ਵਿੱਚ ਲਿਖਿਆ ਸੀ ਕਿ-

ਉਹਨਾਂ (ਵਸਤੀਆਂ ਦੇ) ਰਾਜ ਨੇਤਾਵਾਂ ਨੂੰ ਕੀ ਪਤਾ, ਜਿਨ੍ਹਾਂ ਨੇ ਹਿੰਦੀਆਂ ਨੂੰ ਨਿਰਾ ਜਿਸਮਾਨੀ ਮਜ਼ਦੂਰਾਂ ਤੇ ਛੋਟੇ ਮੋਟੇ ਵਪਾਰੀਆਂ ਦੀ ਸ਼ਕਲ ਵਿੱਚ ਹੀ ਵੇਖਿਆ ਹੈ ਕਿ ਸਲਤਨਤ (ਅੰਗਰੇਜ਼ੀ ਸਾਮਰਾਜ) ਵਾਸਤੇ 30 ਕਰੋੜ ਵਸੋਂ ਵਾਲੇ ਦੇਸ਼ ਦੀ ਕੀ ਵਿਸ਼ੇਸ਼ ਲੋੜ ਹੈ, ਜਿਸ ਨੇ ਸ਼ਾਹੀ ਫੌਜਾਂ ਨੂੰ ਦੁਨੀਆਂ ਵਿੱਚੋਂ ਸਭ ਤੋਂ ਵਧੀਆ ਮਸਾਲਾ ਦਿੱਤਾ ਹੈ ਤੇ ਦੇ ਰਿਹਾ ਹੈ, ਜਿੱਥੇ ਰੁਪਿਆ ਲਾਉਣ ਤੇ ਕਮਾਉਣ ਦੇ ਪੂਰੇ ਮੌਕੇ ਹਾਸਲ ਹਨ। ਇਹ ਰਾਜ ਨੇਤਾ ਇਹ ਨਹੀਂ ਜਾਣ ਸਕਦੇ, ਕਿ ਹਿੰਦੀ ਫੌਜ ਦੇ ਸੂਰਮਿਆਂ ਨੂੰ 'ਕੁਲੀ' ਆਖਿਆ ਜਾਏ ਤਾਂ ਉਹਨਾਂ ਦੇ ਦਿਲਾਂ ਉਤੇ ਕੀ ਵਾਪਰਦੀ ਹੈ।

ਹਿੰਦੁਸਤਾਨ ਦੀ ਤੇ ਖਾਸ ਕਰ ਪੰਜਾਬੀਆਂ ਦੀ ਅੰਗਰੇਜ਼ੀ ਸਾਮਰਾਜ ਵਾਸਤੇ ਇਸ ਲੋੜ ਦੇ ਦਬਾਅ ਨੇ ਹਿੰਦ ਸਰਕਾਰ ਨੂੰ ਅਜਿਹੇ ਮਾਮਲਿਆਂ ਵਿੱਚ ਇਸ ਲਹਿਰ ਦਾ ਪੱਖ ਲੈਣ ਉੱਤੇ ਮਜਬੂਰ ਕੀਤਾ, ਜਿਨ੍ਹਾਂ ਨਾਲ ਵਸਤੀਆਂ ਦੀ ਸਾਮਰਾਜੀ ਉਨਤੀ ਤੇ ਵਿਸ਼ੇਸ਼ਤਾ ਵਿੱਚ ਕੋਈ ਫਰਕ ਨਾ ਪੈਂਦਾ ਹੋਵੇ। ਕਈ ਅਜਿਹੇ ਮਾਮਲਿਆਂ ਵਿੱਚ ਕੈਨੇਡਾ ਦੇ ਜ਼ਿੱਦਲ ਸਾਮਰਾਜੀ ਵੀ ਆਪਣੀ ਜ਼ਿਦ ਛੱਡਣ ਉੱਤੇ ਮਜ਼ਬੂਰ ਹੋ ਗਏ। 16 ਨਵੰਬਰ, 1912 ਨੂੰ ਹਿੰਦੀਆਂ ਦੇ ਘੋਲ ਦੀ ਇੱਕ ਵੱਡੀ ਲੜਾਈ ਫਤਹਿ ਹੋ ਗਈ। ਜਦੋਂ ਕੈਨੇਡਾ ਸਰਕਾਰ ਨੇ ਕੈਨੇਡਾ ਕੰਮ ਕਾਰ ਜਾਂ ਵਪਾਰ ਲਈ ਆਉਣ ਵਾਲੇ ਹਿੰਦੀਆਂ ਵਾਸਤੇ ਆਰਜ਼ੀ ਪਰਮਿਟ ਦੇਣ ਦਾ ਫੈਸਲਾ ਕਰ ਲਿਆ, ਪਰ ਵਸਤੀਆਂ ਤੇ ਲੰਡਨੀ ਸਕੱਤਰ ਨੇ ਇਸ ਫੈਸਲੇ ਨੂੰ ਲੁਕਾਕੇ ਰੱਖਣ ਤੇ ਇਸ ਉਤੇ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ।[3] ਦੂਸਰੀਆਂ ਬੰਦਸ਼ਾਂ ਬਾਰੇ ਕੈਨੇਡਾ ਦੇ ਮੁੱਖ ਮੰਤਰੀ ਬੋਰਡਿਨ ਨੇ 6 ਮਾਰਚ 1913 ਨੂੰ ਵਸਤੀਆਂ ਦੇ ਦਫਤਰ ਨੂੰ ਲਿਖਿਆ ਕਿ-

"ਕੈਨੇਡਾ ਆਉਣ ਵਾਲੇ ਉਹਨਾਂ ਟੱਬਰਾਂ ਉਤੇ ਦੋ ਸੌ ਡਾਲਰ ਵਿਖਾਉਣ ਦੀ ਸ਼ਰਤ ਚੁੱਕੀ ਜਾਏਗੀ, ਜਿਨ੍ਹਾਂ ਦੇ ਕੈਨੇਡਾ ਵਿਚਲੇ ਘਰ ਵਾਲੇ ਇਸ ਯੋਗ ਹੋਣਗੇ, ਕਿ ਉਹ ਆਏ ਟੱਬਰਾਂ ਦਾ ਖਰਚ ਝਲ ਸਕਣ।"[4]

ਪਰ ਟੱਬਰਾਂ ਉਤੇ ਧੁਰੋਂ ਸਿੱਧੇ ਸਫਰ ਦੀ ਪਾਬੰਦੀ ਚੁਕਣ ਤੋਂ ਨਾਂਹ ਕਰ ਦਿੱਤੀ ਗਈ। ਹਿੰਦ ਸਰਕਾਰ ਨੇ 3 ਜੁਲਾਈ, 1913 ਨੂੰ ਮੁੜ ਲਿਖਿਆ, ਪਰ ਕੈਨੇਡਾ ਸਰਕਾਰ ਨੇ ਪਰਨਾਲਾ ਨਾ ਪੁਟਿਆ।

---

1. ਘਾਟ (ੳ) ਦਸੰਬਰ 1912, ਕਾਰਵਾਈ ਨੰ. 5-9
2. ਘਾਟ (ੳ) ਅਕਤੂਬਰ 1913, ਕਾਰਵਾਈ ਨੰ. 15-17
3. ਘਾਟ (ੳ) ਮਈ 1913, ਕਾਰਵਾਈ ਨੰ. 6 ਸਫਾ 3
4. ਘਾਟ (ੳ) ਜੁਲਾਈ 1913, ਕਾਰਵਾਈ ਨੰ. 4-6

## ਲੰਡਨ ਤੇ ਹਿੰਦ ਨੂੰ ਡੈਪੂਟੇਸ਼ਨ

ਹਿੰਦੀਆਂ ਨੇ ਹੋਰ ਕੋਈ ਵਾਹ ਚਲਦੀ ਨਾ ਦੇਖ ਲੰਡਨ ਤੇ ਦਿੱਲੀ ਨੂੰ ਡੈਪੂਟੇਸ਼ਨ ਭੇਜਣ ਦੀਆਂ ਵਿਚਾਰਾਂ ਕੀਤੀਆਂ। ਹਰ ਐਤਵਾਰੀ ਇਕੱਠਾਂ ਵਿੱਚ ਡੈਪੂਟੇਸ਼ਨ ਵਿੱਚ ਲਏ ਜਾਣ ਵਾਲੇ ਬੰਦਿਆਂ ਉੱਤੇ ਬਹਿਸ ਤੇ ਵਿਚਾਰ ਹੋਈ। 27 ਦਸੰਬਰ, 1912 ਦੀ ਮੀਟਿੰਗ[1] ਵਿੱਚ ਡਾਕਟਰ ਸੁੰਦਰ ਸਿੰਘ ਤੇ ਸੰਤ ਤੇਜਾ ਸਿੰਘ ਦੇ ਨਾਵਾਂ ਦੀ ਬੜੀ ਵਿਰੋਧਤਾ ਹੋਈ। ਰਾਜਾ ਸਿੰਘ ਨੇ ਆਪਣਾ ਨਾਂ ਇਹ ਕਹਿਕੇ ਵਾਪਸ ਲੈ ਲਿਆ ਕਿ–

"ਮੈਂ ਲੰਡਨ ਤੇ ਦਿੱਲੀ ਦੀਆਂ ਸਰਕਾਰਾਂ ਪਾਸ ਜਾਣਾ ਫ਼ਜ਼ੂਲ ਸਮਝਦਾ ਹਾਂ। ਇਹ ਸਭ ਇਕੋ ਹਨ। ਮੈਂ ਤਾਂ "ਆਪਣੇ ਲੋਕਾਂ" ਭਾਵ ਹਿੰਦ ਦੀ ਜਨਤਾ ਅੱਗੇ ਮਾਮਲਾ ਰੱਖਣ ਦੇ ਹੱਕ ਵਿੱਚ ਹਾਂ।"

ਖਾਲਸਾ ਦੀਵਾਨ ਸੋਸਾਇਟੀ ਨੇ ਕੈਲੇਫੋਰਨੀਆ ਤੋਂ ਬਾਬਾ ਜਵਾਲਾ ਸਿੰਘ ਨੂੰ ਸਲਾਹ ਮਸ਼ਵਰੇ ਵਾਸਤੇ ਸਦਿਆ। ਜਨਵਰੀ, 1913 ਦੇ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਉੱਤੇ ਗੁਰਦਵਾਰਾ ਕਮੇਟੀ ਨੇ ਫੈਸਲਾ ਕੀਤਾ ਕਿ ਕੈਨੇਡਾ ਵੱਲੋਂ ਭਾਈ ਬਲਵੰਤ ਸਿੰਘ ਗਰੰਥੀ ਤੇ ਗੁਰਦਵਾਰੇ ਦੇ ਚੋਬਦਾਰ ਭਾਈ ਨਾਰਾਇਣ ਸਿੰਘ ਭੇਜੇ ਜਾਣ ਤੇ ਅਮਰੀਕਨ ਪੰਜਾਬੀਆਂ ਵਲੋਂ ਭਾ. ਜਵਾਲਾ ਸਿੰਘ ਨੇ ਨੰਦ ਸਿੰਘ ਸੀਹਰਾ ਦਾ ਨਾਂ ਦਿੱਤਾ, ਜੋ ਭਾਈ ਹੋਰਾਂ ਦਾ ਦੇਸੋਂ ਸਦਿਆ ਵਿਦਿਆਰਥੀ ਸੀ ਤੇ ਉਹਨਾਂ ਨਾਲ ਕੈਨੇਡਾ ਗਿਆ ਸੀ।[2]

ਇਹ ਡੈਪੂਟੇਸ਼ਨ ਅਪ੍ਰੈਲ, 1913 ਦੇ ਪਹਿਲੇ ਹਫਤੇ ਲੰਡਨ ਪੁੱਜਾ ਤੇ ਉਸ ਨੇ ਉਥੋਂ ਦੀ ਇੰਡੀਅਨ ਨੈਸ਼ਨਲ ਕਾਂਗਰਸ ਦੀ ਬਰਾਂਚ ਦੇ ਪਰਧਾਨ ਸਰ ਵ. ਵੈਡਰਬਰਨ ਦੇ ਰਾਹੀਂ ਵਜ਼ੀਰ ਹਿੰਦ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। 17 ਅਪਰੈਲ, 1913 ਨੂੰ ਹਿੰਦ ਦਫਤਰ ਨੇ ਵਸਤੀਆਂ ਦੇ ਦਫਤਰ ਨੂੰ ਲਿਖਿਆ ਕਿ ਡੈਪੂਟੇਸ਼ਨ ਨੂੰ ਪਹਿਲਾਂ ਵਸਤੀਆਂ ਦੇ ਦਫਤਰ ਨੂੰ ਮਿਲਣਾ ਚਾਹੀਦਾ ਹੈ ਤੇ ਨਾਲ ਹੀ ਡੈਪੂਟੇਸ਼ਨ ਉਤੇ ਦੋ ਇਤਰਾਜ਼ ਕੀਤੇ।

(1) ਇਹ ਡੈਪੂਟੇਸ਼ਨ ਜਾਣ ਬੁੱਝਕੇ ਕੈਨੇਡਾ ਦੀ ਹਕੂਮਤ ਨੂੰ ਨਹੀਂ ਮਿਲਿਆ ਤੇ ਉਸਨੂੰ ਉਲੰਘਕੇ ਸਿੱਧਾ ਇਮਪੀਰੀਅਲ (ਸਾਮਰਾਜੀ) ਸਰਕਾਰ ਨਾਲ ਮਿਲਣ ਆ ਗਿਆ ਹੈ। ਹਾਲਾਂ ਕਿ ਕੈਨੇਡਾ ਦੀ ਸਰਕਾਰ ਹੀ ਇਹਨਾਂ ਵਾਸਤੇ ਸਭ ਕੁਝ ਕਰਨ ਯੋਗ ਹੈ।

(2) ਦੂਸਰੇ, ਇਸ ਡੈਪੂਟੇਸ਼ਨ ਦਾ ਲੀਡਰ ਨੰਦ ਸਿੰਘ ਕੈਨੇਡਾ ਦੇ ਹਿੰਦੀਆਂ ਦਾ ਨੁਮਾਇੰਦਾ ਨਹੀਂ ਹੈ। ਉਹ ਕੈਲੇਫੋਰਨੀਆ ਦੇ ਉਹਨਾਂ ਹਿੰਦੀਆਂ ਨਾਲ ਸਬੰਧ ਰੱਖਦਾ ਹੈ, ਜੋ ਹਿੰਦ ਵਿੱਚ ਅੰਗਰੇਜ਼ੀ ਰਾਜ ਦੇ ਵਿਰੁੱਧ ਐਜੀਟੇਸ਼ਨ ਕਰ ਰਹੇ ਹਨ। ਇਹ ਡੈਪੂਟੇਸ਼ਨ ਹਿੰਦੁਸਤਾਨ ਨੂੰ ਜਾ ਰਿਹਾ ਹੈ। ਇਹ ਉਥੇ ਲੋਕਾਂ ਨੂੰ ਕੈਨੇਡਾ ਦੀ ਸਰਕਾਰੀ ਪਾਲਿਸੀ ਵਿਰੁੱਧ ਭੜਕਾਏਗਾ। ਇਸ ਲਈ ਇਸ ਵਲ ਸਾਡੇ ਰਵੱਈਏ ਦਾ ਸਵਾਲ ਬਹੁਤ ਜ਼ਰੂਰੀ ਹੈ।

ਵਸਤੀਆਂ ਦੇ ਵਜ਼ੀਰ ਨੇ ਇਹ ਜਵਾਬ ਦਿੱਤਾ ਕਿ ਜਦ ਤੱਕ ਡੈਪੂਟੇਸ਼ਨ ਕੈਨੇਡਾ ਸਰਕਾਰ ਵੱਲੋਂ ਉਹਨਾਂ ਦੀ 1911 ਵਿੱਚ ਕੀਤੀ ਨੁਮਾਇੰਦਗੀ ਦੇ ਲਿਖਤੀ ਜਵਾਬ ਦੀ ਨਕਲ ਨਾ ਪੇਸ਼ ਕਰੇ, ਉਹ ਆਪ ਮੁਲਾਕਾਤ ਨਹੀਂ ਕਰੇਗਾ, ਪਰ ਉਸ ਨੇ ਵਸਤੀਆਂ ਦੇ ਦਫਤਰ ਦੇ ਅੰਡਰ (ਹੇਠਲੇ)

---

1. ਘਾਟ (ਅ) ਅਪਰੈਲ 1913, ਕਾਰਵਾਈ ਨੰ. 9–10
2. ਬਾਤ਼ਾ ਜਵਾਲਾ ਸਿੰਘ ਦਾ ਲਿਖਤੀ ਬਿਆਨ।

ਸਕੱਤਰ ਸਰ ਐਂਡਰਸਨ ਨੂੰ ਕਿਹਾ, ਕਿ ਉਹ ਡੈਪੂਟੇਸ਼ਨ ਨਾਲ ਇਸ ਸ਼ਰਤ ਉਤੇ ਮੁਲਾਕਾਤ ਕਰੇ ਕਿ ਡੈਪੂਟੇਸ਼ਨ ਨਾਲ ਨੰਦ ਸਿੰਘ ਸੀਹਰਾ ਨਾ ਹੋਵੇ। ਪਹਿਲੀ ਮਈ ਨੂੰ ਸਰ ਵੈਡਰਬਰਨ ਨੇ ਲਿਖਿਆ ਕਿ ਕੈਨੇਡਾ ਦੇ ਹਿੰਦੀਆਂ ਦੀਆਂ ਮੰਗਾਂ ਨਾਲ ਹਮਦਰਦੀ ਰੱਖਣ ਵਾਲੇ ਅੰਗਰੇਜ਼ਾਂ ਦੇ ਇਕ ਦੋ ਬੰਦਿਆਂ ਨੂੰ ਵੀ ਇਸ ਡੈਪੂਟੇਸ਼ਨ ਨਾਲ ਆਉਣ ਦਿੱਤਾ ਜਾਏ, ਪਰ ਇਸ ਦੀ ਆਗਿਆ ਨਾ ਦਿੱਤੀ ਗਈ।[1]

ਆਖਰ ਸਭ ਕੁਝ ਤਹਿ ਹੋ ਕੇ 12 ਮਈ 1913 ਨੂੰ ਬਾਕਾਇਦਾ ਮੁਲਾਕਾਤ ਦੀ ਦਰਖਾਸਤ ਕੀਤੀ ਗਈ ਤੇ 14 ਮਈ ਨੂੰ ਮੁਲਾਕਾਤ ਹੋਈ।[2] ਵਸਤੀਆਂ ਦੇ ਅੰਡਰ ਸੈਕਰੇਟਰੀ ਦੇ ਨਾਲ ਵਜ਼ੀਰ ਹਿੰਦ ਦਾ ਰਾਜਸੀ ਐਡੀਕਾਂਗ ਸਰ ਡਨਲੋਪ ਸਮਿਥ ਵੀ ਮੁਲਾਕਾਤ ਵਿੱਚ ਬੈਠਾ। ਨੰਦ ਸਿੰਘ ਨੂੰ ਦੋਭਾਸ਼ੀਏ ਦੀ ਹੈਸੀਅਤ ਵਿੱਚ ਸਦਿਆ ਗਿਆ। ਡਨਲੋਪ ਸਮਿਥ ਨੇ ਆਪਣੇ ਮੁਲਾਕਾਤੀ ਨੋਟਾਂ ਵਿੱਚ ਲਿਖਿਆ ਹੈ।

"ਭਾਈ ਬਲਵੰਤ ਸਿੰਘ ਤੇ ਨਰਾਇਣ ਸਿੰਘ ਬੜੇ ਇਜ਼ਤ ਮਾਣ ਵਾਲੇ ਬੰਦੇ ਸਨ ਤੇ ਉਹ ਤਨੋ ਮਨੋ ਸ਼ਕਾਇਤੀ ਜਾਪਦੇ ਸਨ।"

ਮੁਲਾਕਾਤ ਤੋਂ ਬਾਅਦ ਉਸ ਨੇ ਉਹਨਾਂ ਨਾਲ ਪੰਜਾਬੀ ਵਿੱਚ ਗੱਲਾਂ ਬਾਤਾਂ ਕੀਤੀਆਂ। ਜਿਨ੍ਹਾਂ ਤੋਂ ਪਤਾ ਲੱਗਾ ਕਿ ਉਹ ਦਰਅਸਲ ਹਿੰਦੁਸਤਾਨ ਜਾਕੇ ਹਿੰਦ ਸਰਕਾਰ ਨਾਲ ਗੱਲ ਬਾਤ ਕਰਨੀ ਤੇ ਆਪਣੇ ਪੰਜਾਬੀ ਲੋਕਾਂ ਅੱਗੇ ਆਪਣਾ ਕੇਸ ਪੇਸ਼ ਕਰਨਾ ਚਾਹੁੰਦੇ ਸਨ। ਇਹ (ਮੁਲਾਕਾਤ) ਉਹਨਾਂ ਕੇਵਲ ਇਸ ਲਈ ਕੀਤੀ ਹੈ ਕਿ ਉਹ ਲੰਡਨ ਵਿੱਚ ਜਹਾਜ਼ ਦੀ ਉਡੀਕ ਦੇ ਸਮੇਂ ਤੋਂ ਫਾਇਦਾ ਉਠਾ ਲੈਣ।[3]

23 ਮਈ ਨੂੰ ਮੁੜ ਮੁਲਾਕਾਤ ਕਰਨ ਵਾਸਤੇ ਦਰਖਾਸਤ ਕੀਤੀ ਗਈ। ਡੈਪੂਟੇਸ਼ਨ ਦਾ ਜਹਾਜ਼ 28 ਮਈ 1913 ਨੂੰ ਹਿੰਦੁਸਤਾਨ ਨੂੰ ਤੁਰਨਾ ਸੀ, ਉਹਨਾਂ ਨੂੰ ਮੁਲਾਕਾਤ ਦੀ ਮਨਜ਼ੂਰੀ ਦਾ 23 ਮਈ ਨੂੰ ਪੌਣੇ ਪੰਜ ਵਜੇ ਸ਼ਾਮ ਦੇ ਜਵਾਬ ਦਿੱਤਾ ਗਿਆ, ਜਦੋਂ ਕਿ ਇਸ ਜਵਾਬ ਵਿੱਚ ਮਿਲਣ ਦਾ ਟਾਈਮ ਸਾਢੇ ਤਿੰਨ ਵਜੇ ਦਿੱਤਾ ਹੋਇਆ ਸੀ। ਇਸ ਤਰ੍ਹਾਂ ਦੂਸਰੀ ਮੁਲਾਕਾਤ ਨੂੰ ਟਾਲ ਦਿੱਤਾ ਗਿਆ। ਫੇਰ 27 ਮਈ ਨੂੰ ਮੁਲਾਕਾਤ ਦੀ ਆਗਿਆ ਮੰਗੀ ਗਈ, ਜਿਸ ਦਾ ਜਹਾਜ਼ ਚੜ੍ਹਨ ਤੱਕ ਕੋਈ ਜਵਾਬ ਨਾ ਆਇਆ। ਉਹ 28 ਤਰੀਕ ਨੂੰ ਜਹਾਜ਼ ਚੜ੍ਹ ਗਏ। ਇਸ ਦਰਖਾਸਤ ਦਾ ਜਵਾਬ 28 ਮਈ 1913 ਦਾ ਲਿਖਿਆ ਹੋਇਆ ਉਹਨਾਂ ਨੂੰ ਬੰਬਈ ਦੇ ਪੋਸਟ ਮਾਸਟਰ ਜਨਰਲ ਪਾਸੋਂ ਬੰਬਈ ਆਕੇ ਮਿਲਿਆ। ਡੈਪੂਟੇਸ਼ਨ ਨੂੰ ਜਵਾਬ ਦਿੱਤਾ ਗਿਆ ਸੀ ਕਿ ਵਿਧਾਨ ਅਨੁਸਾਰ ਕੈਨੇਡਾ ਹਕੂਮਤ ਹੀ ਤੁਹਾਡੇ ਵਾਸਤੇ ਕੁਝ ਕਰ ਸਕਦੀ ਹੈ। ਇਮਪੀਰੀਅਲ (ਸਾਮਰਾਜੀ) ਹਕੂਮਤ ਵਿਧਾਨ ਦੀ ਉਲੰਘਣਾ ਕਰਕੇ ਕੈਨੇਡਾ ਦੀ ਸਰਕਾਰ ਨੂੰ ਕੁਝ ਨਹੀਂ ਆਖੇਗੀ।[4]

25 ਜੁਲਾਈ, 1913 ਨੂੰ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਤੋਂ ਪੁੱਛਿਆ ਕਿ ਕੈਨੇਡਾ ਤੋਂ ਤਿੰਨ ਸਿਖ ਬਲਵੰਤ ਸਿੰਘ, ਨਰਾਇਣ ਸਿੰਘ ਤੇ ਨੰਦ ਸਿੰਘ ਡੈਪੂਟੇਸ਼ਨ ਬਣਕੇ ਆਏ ਹਨ।

---

1. ਘਾਟ (ਅ) ਜੂਨ, 1913, ਕਾਰਵਾਈ ਨੰ. 18-19
2. ਘਾਟ (ਅ) ਜੁਲਾਈ 1913, ਕਾਰਵਾਈ ਨੰ. 7
3. ਉਤਲਿਖਤ।
4. ਉਤਲਿਖਤ।

ਉਹਨਾਂ ਨੇ ਸਰ ਮੁਹੰਮਦ ਸ਼ਫੀ, ਲਾਲਾ ਹਰਕਿਸ਼ਨ ਲਾਲ, ਲਾਲਾ ਲਾਜਪਤ ਰਾਏ ਤੇ ਹੋਰ ਮਸ਼ਹੂਰ ਸਥਾਨਕ ਹਿੰਦੀਆਂ ਨਾਲ ਕੈਨੇਡਾ ਦੇ ਘਾਟਾਂ ਦੇ ਕਾਨੂੰਨ ਵਿਰੁੱਧ ਰੋਸ ਪਰਗਟ ਕਰਨ ਲਈ ਇੱਕ ਲੋਕ ਜਲਸਾ ਕਰਨ ਦਾ ਬੰਦੋਬਸਤ ਕੀਤਾ ਹੈ। ਦੂਸਰੇ ਫਿਰਕਿਆਂ ਨਾਲੋਂ ਸਿੱਖਾਂ ਵਿੱਚ ਰੋਸੇ ਦਾ ਜੋਸ਼ ਬਹੁਤ ਜ਼ਿਆਦਾ ਹੈ। ਸੁੰਦਰ ਸਿੰਘ ਮਜੀਠੀਏ ਤੇ ਜੋਗਿੰਦਰ ਸਿੰਘ (ਰਸੂਲਪੁਰੀਏ) ਪਟਿਆਲੇ ਦੇ ਘਰੇਲੂ ਮੰਤਰੀ ਨੇ ਪੰਜਾਬ ਸਰਕਾਰ ਪਾਸੋਂ ਇਸ ਜਲਸੇ ਵਿੱਚ ਸ਼ਾਮਲ ਹੋਣ ਦੀ ਆਗਿਆ ਮੰਗੀ ਹੈ। ਜੋਗਿੰਦਰ ਸਿੰਘ ਨੂੰ ਤਾਂ ਲਾਹੌਰ ਦੇ ਇਸ ਜਲਸੇ ਦੀ ਪ੍ਰਧਾਨਗੀ ਵਾਸਤੇ ਵੀ ਆਖਿਆ ਗਿਆ ਹੈ। ਸਾਨੂੰ ਅਜੇ ਡੈਪੂਟੇਸ਼ਨ ਦੇ ਬੰਦਿਆਂ ਬਾਰੇ ਕੋਈ ਪਤਾ ਨਹੀਂ, ਕਿ ਉਹ ਕਿਹੋ ਜਿਹੇ ਹਨ, ਇਸ ਲਈ ਮੀਟਿੰਗਾਂ ਨਾ ਹੀ ਹੋਣ ਤਾਂ ਚੰਗਾ ਹੈ। ਪਰ ਮੀਟਿੰਗ ਹੋਵੇ ਤਾਂ ਪਰਧਾਨਗੀ ਕਰਨ ਵਿੱਚ ਕੀ ਡਰ ਹੈ? ਮੀਟਿੰਗ ਤਾਂ ਹੀ ਹੋਵੇਗੀ ਜੇ ਮਕਾਮੀ ਹਾਕਮ ਇਜਾਜ਼ਤ ਦੇਣਗੇ। ਪੰਜਾਬ ਸਰਕਾਰ ਨੇ ਇਹ ਵੀ ਪੁੱਛਿਆ ਕਿ ਮੀਟਿੰਗਾਂ ਕਰਨ ਦਿੱਤੀਆਂ ਜਾਣ ਕਿ ਨਾ। ਜਿਨਾਂ ਦਾ ਹਿੰਦ ਸਰਕਾਰ ਨੇ 3 ਸਤੰਬਰ ਨੂੰ ਜਵਾਬ ਦਿੱਤਾ ਕਿ:-

"ਅਸੀਂ ਪੰਜਾਬ ਦੀ ਪਾਲਿਸੀ ਨਾਲ ਸਹਿਮਤ ਹਾਂ, ਮੀਟਿੰਗਾਂ ਨਾ ਹੋਣ ਤਾਂ ਚੰਗਾ ਹੈ। ਪਰ ਪੰਜਾਬ ਸਰਕਾਰ ਨੂੰ ਮੀਟਿੰਗਾਂ ਹੋਣੋ ਰੋਕਣੀਆਂ ਨਹੀਂ ਚਾਹੀਦੀਆਂ।"[1]

ਇਹ ਮੀਟਿੰਗ 18 ਅਗਸਤ 1913 ਨੂੰ ਲਾਹੌਰ ਬਰੈਡਲਾ ਹਾਲ ਵਿੱਚ ਸਰਦਾਰ ਬਘੇਲ ਸਿੰਘ ਕਲਾ ਦੀ ਪਰਧਾਨਗੀ ਹੇਠ ਹੋਈ। ਡੈਪੂਟੇਸ਼ਨ ਨੇ ਕੈਨੇਡੀਅਨ ਹਿੰਦੀਆਂ ਦੀ ਵਿਥਿਆ ਸੁਣਾਈ। ਇਹਨਾਂ ਦੀਆਂ ਮੰਗਾਂ ਦੀ ਪਰੋੜਤਾ ਵਿੱਚ ਸਰ ਪੀ.ਸੀ. ਚੈਟਰਜੀ ਨੇ ਮਤਾ ਪੇਸ਼ ਕੀਤਾ, ਜਿਸ ਦੀ ਤਾਈਦ ਵਿੱਚ ਦੀਵਾਨਕਿਸ਼ਨ ਕਿਸ਼ੋਰ ਤੇ ਹਮਾਇਤ ਵਿਚ ਮੌਲਾਨਾ ਜ਼ਫਰ ਅਲੀ ਖਾਂ, ਸਰਦਾਰ ਮਿਹਰ ਸਿੰਘ ਚਾਵਲਾ, ਸ੍ਰੀ ਲਾਲ ਚੰਦ ਬੈਰਿਸਟਰ ਤੇ ਸ: ਹਰਨਾਮ ਸਿੰਘ ਮਾਨਾਵਾਲੀਏ ਨੇ ਤਕਰੀਰਾਂ ਕੀਤੀਆਂ। ਦੂਸਰੇ ਮਤੇ ਰਾਹੀਂ ਸ: ਬਘੇਲ ਸਿੰਘ ਕੁਲਾ, ਸਰ ਪੀ. ਸੀ. ਚੈਟਰਜੀ, ਮੀਆਂ ਮੁਹਮਦ ਸ਼ਫੀ, ਨਵਾਬ ਮੁਹੰਮਦ ਅਲੀ ਖਾਂ, ਮਲਕ ਉਮਰ ਹਯਾਤ ਖਾਂ ਟਿਵਾਨਾਂ, ਲਾਲਾ ਹਰਕਿਸ਼ਨ ਲਾਲ, ਸ: ਮੇਹਰ ਸਿੰਘ ਚਾਵਲਾ, ਸ: ਸੇਵਾ ਰਾਮ ਸਿੰਘ, ਮਿਰਜ਼ਾ ਜਲਾਲਦੀਨ, ਪੰਡਤ ਰਾਮ ਭੱਜ ਦੱਤ, ਰਾਏ ਬਹਾਦਰ ਰਾਮ ਸਰਨ ਦਾਸ, ਰਾਏ ਬਹਾਦਰ ਮੋਹਨ ਲਾਲ, ਮੌਲਾਨਾ ਜ਼ਫ਼ਰ ਅਲੀ ਖਾਂ, ਨਵਾਬ ਫ਼ਤਹਿ ਅਲੀ ਖਾਂ, ਦਿਵਾਨ ਕਿਸ਼ਨ ਕਿਸ਼ੋਰ, ਕੈਪਟਨ ਸ਼ੇਰ ਸਿੰਘ, ਲਾਲਾ ਲਾਜਪਤ ਰਾਏ ਤੇ ਲਾਲਾ ਦੁਨੀ ਚੰਦ ਦੀ ਇਕ ਕਮੇਟੀ ਬਣਾਈ ਗਈ, ਜੋ ਯਾਦ ਪੱਤਰ ਤਿਆਰ ਕਰਕੇ ਹਿੰਦ ਸਰਕਾਰ ਨੂੰ ਭੇਜੇ। ਸ. ਬਘੇਲ ਸਿੰਘ ਨੇ ਇਸ ਮੀਟਿੰਗ ਦੇ ਮਤੇ ਹਿੰਦ ਸਰਕਾਰ ਨੂੰ 7 ਅਕਤੂਬਰ, 1913 ਨੂੰ ਭੇਜੇ।[2]

ਇਸ ਡੈਪੂਟੇਸ਼ਨ ਨੇ ਬੜੀ ਲੋਕ ਹਮਾਇਤ ਅਤੇ ਰਾਜਸੀ ਤੌਰ ਤੇ ਕਾਫੀ ਮਹਾਨਤਾ ਹਾਸਲ ਕੀਤੀ। 28 ਅਪਰੈਲ, 1913 ਨੂੰ ਵੈਨਕੋਵਰ ਵਿਚ 'ਦੋਸਤਾਂ ਦੀ ਸਭਾ' (ਕਵੈਕਰਜ਼) ਦੀ ਛੇਮਾਹੀ ਮੀਟਿੰਗ ਹੋਈ, ਜਿਸ ਵਿਚ ਉਹਨਾਂ ਨੇ ਏਸ਼ੀਆਈਆਂ ਉਤੇ ਲਾਈਆਂ ਗਈਆਂ ਪਾਬੰਦੀਆਂ ਨੂੰ ਚੁੱਕਣ ਦੀ ਮੰਗ ਕੀਤੀ।[3]

---

1. ਘਾਟ (ੳ) ਅਕਤੂਬਰ, 1913, ਕਾਰਵਾਈ ਨੰ. 31-33
2. ਉਤਲਿਖਤ
3. 'ਨੀਊਜ਼ ਐਡਵਰਟਾਈਜ਼ਰ', ਵੈਨਕੋਵਰ 3-5-13

ਇਸ ਡੈਪੂਟੇਸ਼ਨ ਨੇ ਲੰਡਨ ਵਿਚ ਵੀ ਕੈਨੇਡੀਅਨ ਇਮੀਗਰੇਸ਼ਨ ਕਮੇਟੀ ਜਥੇਬੰਦ ਕੀਤੀ ਸੀ ਜਿਸ ਦੀ ਛਤਰ ਛਾਇਆ ਹੇਠ 14 ਮਈ ਨੂੰ 'ਲੰਡਨ ਦੇ ਕੈਕਸਟਲ ਹਾਲ ਵਿਚ ਸ੍ਰੀ ਮ. ਮ. ਭਵਨਾਗਰੀ ਦੀ ਪਰਧਾਨਗੀ ਹੇਠ ਜਲਸਾ ਹੋਇਆ। ਇਸ ਜਲਸੇ ਵਿਚ ਜਨਰਲ ਐਵਰਟ, ਸਰ ਜੇਮਜ਼ ਤੇ ਲੇਡੀ ਵਿਲਸਨ, ਮਿਸਟਰ ਜ. ਬ. ਪੈਸਿੰਗਟਨ ਹਾਜ਼ਰ ਸਨ ਤੇ ਫੀਲਡ ਮਾਰਸ਼ਲ ਅਰਲ ਰਾਬਰਟਸ, ਲਾਰਡ ਹੈਮਿਲਟਨ, ਲਾਰਡ ਐਮਪਥਿਲ, ਲੇਡੀ ਸਾਈਡਨ ਹੈਮ, ਲਾਰਡ ਲੈਮਿੰਗਟਨ, ਲਾਰਡ ਕਿਨੇਅਰਡ, ਡਾਕਟਰ ਰੁਥਰ ਫੋਰਡ, ਰੈਮਜ਼ੇ ਮਕੈਡਾਨਲਡ, ਆਨਰੇਬਲ ਅਮੀਰ ਅਲੀ, ਸ੍ਰੀ ਗੋਖਲੇ ਤੇ ਕਈ ਹੋਰਨਾਂ ਦੇ ਕਈ ਲਿਖਤੀ ਸੁਨੇਹੇ ਆਏ। ਇਸ ਜਲਸੇ ਵਿੱਚ ਕੈਨੇਡਾ ਹਕੂਮਤ ਦੇ 9 ਮਈ, 1910 ਵਾਲੇ ਆਰਡਰ ਨੰ: 920 ਦੀ ਨਿਖੇਧੀ ਕੀਤੀ ਗਈ ਤੇ ਇਸ ਨੂੰ ਵਾਪਸ ਲੈਣ ਦਾ ਮਤਾ ਪਾਸ ਕਰਕੇ ਇਮਪੀਰੀਅਲ, ਕੈਨੇਡਾ ਤੇ ਹਿੰਦ ਦੀਆਂ ਸਰਕਾਰਾਂ ਨੂੰ ਭੇਜਿਆ ਗਿਆ। ਇਸ ਕਮੇਟੀ ਦੇ ਪਰਧਾਨ ਸਰ ਵੈਡਰਬਰਨ ਨੇ ਕੈਨੇਡੀਅਨ ਡੈਲੀਗੇਸ਼ਨ ਦੀ ਲੰਡਨ ਵਾਲੀ ਮੁਲਾਕਾਤ ਦਾ ਬੰਦੋਬਸਤ ਕੀਤਾ ਸੀ।[1] ਪੰਜਾਬ ਵਿੱਚ ਆਕੇ ਡੈਪੂਟੇਸ਼ਨ ਨੇ ਫਿਰਕਾਦਾਰੀ ਤੌਰ ਉੱਤੇ ਲੋਕਾਂ ਨੂੰ ਵੰਡਣ ਵਾਲੇ ਹਿੰਦੂ, ਸਿਖ ਤੇ ਮੁਸਲਮਾਨਾਂ ਦੇ ਵੱਡੇ ਵੱਡੇ ਲੀਡਰਾਂ ਨੂੰ ਇਕ ਸਟੇਜ ਉੱਤੇ ਲਿਆਂਦਾ ਤੇ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਕੈਨੇਡੀਅਨ ਇੰਡੀਅਨ ਇਮੀਗਰੇਸ਼ਨ ਕਮੇਟੀਆਂ ਬਣਾਈਆਂ। ਸਿਖ ਦੀਵਾਨਾਂ ਨੇ ਤਾਂ ਆਪ ਇਸ ਡੈਪੂਟੇਸ਼ਨ ਦੇ ਆਸ਼ੇ ਦੀ ਹਿਮਾਇਤ ਕੀਤੀ।

15 ਜੂਨ 1913 ਨੂੰ ਵੈਨਕੋਵਰ ਦੇ ਓਬਰੀਨ ਹਾਲ ਵਿੱਚ ਇਸ ਡੈਪੂਟੇਸ਼ਨ ਦੀ ਭੇਜੀ ਰਿਪੋਰਟ ਸੁਣਨ ਵਾਸਤੇ ਮਿਸਟਰ ਹਸਨ ਰਹੀਮ ਦੀ ਪਰਧਾਨਗੀ ਹੇਠ ਲੋਕ ਮੀਟਿੰਗ ਹੋਈ। ਭਾ: ਰਾਜਾ ਸਿੰਘ ਬਾੜੀਆਂ, ਡਾਕਟਰ ਸੁੰਦਰ ਸਿੰਘ ਲਾਹੌਰ ਤੇ ਭਾਈ ਭਾਗ ਸਿੰਘ ਭਿੱਖੀ ਵਿੰਡ ਨੇ ਤਕਰੀਰਾਂ ਕੀਤੀਆਂ। ਮਤੇ ਵਿੱਚ ਕੈਨੇਡਾ ਸਰਕਾਰ ਨੂੰ ਇਕਰਾਰ ਚੇਤੇ ਕਰਵਾਕੇ ਮੰਗ ਕੀਤੀ ਗਈ ਕਿ ਉਹ ਟਬਰਾਂ ਉਤੇ ਲੱਗੀ ਪਾਬੰਦੀ ਨੂੰ ਚੁਕ ਲੈਣ ਦਾ ਬਚਨ ਪੂਰਾ ਕਰੇ। ਦੂਸਰੇ ਮਤੇ ਰਾਹੀਂ ਲੰਡਨ ਦੀ ਕੈਨੇਡੀਅਨ ਇਮੀਗਰੇਸ਼ਨ ਸੋਸਾਇਟੀ ਵਲੋਂ ਡੈਪੂਟੇਸ਼ਨ ਦੀ ਸਹਾਇਤਾ ਕਰਨ ਦੀ ਪਰਸੰਸਾ ਕੀਤੀ ਗਈ।

ਖ਼ਾਲਸਾ ਯੰਗਮੈਨ ਐਸੋਸੀਏਸ਼ਨ ਰਾਵਲਪਿੰਡੀ ਨੇ ਆਪਣੀ 23 ਅਗਸਤ 1913 ਦੀ ਲੋਕ ਮੀਟਿੰਗ ਵਿਚ ਵਾਇਸਰਾਏ ਤੋਂ ਹਿੰਦੀਆਂ ਉਤੋਂ ਪਾਬੰਦੀਆਂ ਚੁਕਵਾਉਣ ਉਤੇ ਜ਼ੋਰ ਦੇਣ ਦੀ ਮੰਗ ਕੀਤੀ। 31 ਅਗਸਤ ਨੂੰ ਫ਼ਿਰੋਜ਼ਪੁਰ ਦੀ ਪੁਰਾਣੀ ਮੰਡੀ ਵਿਚ ਆਮ ਜਲਸਾ ਹੋਇਆ, ਜਿਸਦੇ ਪਰਧਾਨ ਕਾਂਸ਼ੀ ਰਾਮ ਸਨ। ਇਸ ਵਿਚ ਭਾਈ ਤਖ਼ਤ ਸਿੰਘ ਨੇ ਮਤਾ ਪੇਸ਼ ਕੀਤਾ ਤੇ ਮੌਲਵੀ ਕਮਾਲਦੀਨ ਨੇ ਤਾਈਦ ਕੀਤੀ। 28 ਅਗਸਤ ਨੂੰ ਜਲੰਧਰ ਸ਼ਹਿਰ ਸੂਦਾਂ ਦੇ ਚੌਕ ਵਿਚ ਜਲਸਾ ਹੋਇਆ ਜਿਸ ਵਿਚ ਇਹਸਾਨ ਉਲ ਹੱਕ ਬੈਰਿਸਟਰ ਨੇ ਮਤਾ ਪੇਸ਼ ਕੀਤਾ ਤੇ ਸ. ਕਪੂਰ ਸਿੰਘ ਬੈਰਿਸਟਰ, ਲਾ. ਰਾਧਾ ਰਾਮ ਵਕੀਲ, ਲਾਲਾ ਦੇਵ ਰਾਜ, ਪਰੈਜ਼ੀਡੈਂਟ ਕੰਨਿਆ ਮਹਾਂ ਵਿਦਿਆਲਾ ਕਮੇਟੀ; ਡਾਕਟਰ ਖੁਆਜ ਮੁਹੰਮਦ, ਸ੍ਰ. ਬਸੰਤ ਸਿੰਘ ਵਕੀਲ, ਲਾਲਾ ਗੰਗਾ ਬਿਸ਼ਨ ਵਕੀਲ ਲਾਲਾ ਨਿਹਾਲ ਚੰਦ ਵਕੀਲ, ਮੀਆਂ ਮੁਹੰਮਦ ਹੁਸੈਨ ਵਕੀਲ, ਲਾਲਾ ਬਾਲਕ ਰਾਮ ਵਕੀਲ ਤੇ ਪੰਡਤ ਮੋਤੀ ਰਾਮ ਵਕੀਲ ਨੇ ਤਾਈਦ ਵਿਚ ਤਕਰੀਰਾਂ ਕੀਤੀਆਂ। ਤਰਨਤਾਰਨ ਦੀ ਖ਼ਾਲਸਾ

---

1. ਘਾਟ (ੳ) ਜੂਨ 1913, ਕਾਰਵਾਈ ਨੰ. 23

ਭੁੰਜਗੀ ਸਭਾ ਨੇ 27 ਨਵੰਬਰ, 1913 ਦੀ ਮੀਟਿੰਗ ਵਿਚ ਡੈਪੂਟੇਸ਼ਨ ਦੀ ਹਮਾਇਤ ਦੇ ਮਤੇ ਪਾਸ ਕੀਤੇ। ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਸਕੱਤਰ ਨੇ 20 ਨਵੰਬਰ, 1913 ਨੂੰ ਪੰਜਾਬ ਦੇ ਚੀਫ਼ ਸੈਕਟਰੀ ਨੂੰ ਲਿਖੀ ਚਿੱਠੀ ਵਿਚ ਹਿੰਦੀਆਂ ਦੇ ਟੱਬਰਾਂ ਨੂੰ ਕੈਨੇਡਾ ਜਾਣ ਦੀ ਖੁਲ੍ਹ ਦੇਣ ਦੀ ਮੰਗ ਕੀਤੀ।

ਆਲ ਇੰਡੀਆ ਮੁਸਲਿਮ ਲੀਗ ਨੇ ਦਸੰਬਰ 1913 ਵਿੱਚ ਹੋਏ ਆਗਰਾ ਵਿਖੇ ਆਪਣੇ ਸਾਲਾਨਾ ਇਜਲਾਸ ਵਿੱਚ ਉਹੀ ਮਤਾ ਸਰਬ ਸੰਮਤੀ ਨਾਲ ਪਾਸ ਕਰਕੇ ਹਿੰਦ ਸਰਕਾਰ ਨੂੰ ਭੇਜਿਆ, ਜੋ ਲਾਹੌਰ ਬਰੈਡਲਾ ਹਾਲ ਵਾਲੀ ਮੀਟਿੰਗ ਨੇ ਪਾਸ ਕੀਤਾ ਸੀ। 3 ਫਰਵਰੀ 1914 ਨੂੰ ਸਰ ਫਜ਼ਲ ਭਾਈ ਕਰੀਮ ਭਾਈ ਨੇ ਵਾਇਸਰਾਏ ਦੀ ਵਿਧਾਨ ਕੌਂਸਲ ਵਿੱਚ ਸਵਾਲ ਪੁੱਛੇ। ਆਲ ਇੰਡੀਆ ਨੈਸ਼ਨਲ ਕਾਂਗਰਸ ਨੇ ਵੀ ਆਪਣੇ ਕਰਾਚੀ ਦੇ 1913 ਦੇ 28ਵੇਂ ਇਜਲਾਸ ਵਿੱਚ ਸਿੱਧੇ ਸਫਰ ਦੀ ਸ਼ਰਤ ਨੂੰ ਉਡਾਉਣ ਦੀ ਮੰਗ ਕੀਤੀ।[1]

ਇਹ ਡੈਪੂਟੇਸ਼ਨ ਪਹਿਲਾਂ ਪੰਜਾਬ ਦੇ ਲੈਫਟੀਨੇਟ ਗਵਰਨਰ ਸਰ ਮਾਈਕਲ ਓਡਵਾਇਰ ਨੂੰ ਮਿਲਿਆ। ਭਾਈ ਬਲਵੰਤ ਸਿੰਘ ਨੇ ਓਡਵਾਇਰ ਨੂੰ ਬਹੁਤ ਖਰੀਆਂ ਖਰੀਆਂ ਸੁਣਾਈਆਂ। (ਇਸ ਉਤੇ ਓਡਵਾਇਰ ਨੇ ਆਪਣੀ ਕਿਤਾਬ, "ਜਿਵੇਂ ਮੈਂ ਹਿੰਦ ਨੂੰ ਜਾਤਾ", ਵਿੱਚ ਭਾਈ ਜੀ ਬਾਰੇ ਬਹੁਤ ਬੁਰੇ ਸ਼ਬਦ ਵਰਤੇ ਹਨ)। ਇਹ ਡੈਪੂਟੇਸ਼ਨ 20 ਦਸੰਬਰ, 1913 ਨੂੰ ਦਿਲੀ ਵਿਖੇ ਵਾਇਸਰਾਏ ਨੂੰ ਮਿਲਿਆ। ਡੈਪੂਟੇਸ਼ਨ ਨੇ 1012 ਦਸਖਤਾਂ ਵਾਲਾ ਖਾਲਸਾ ਦੀਵਾਨ ਸੋਸਾਇਟੀ ਵਲੋਂ ਤਿਆਰ ਕੀਤਾ ਹੋਇਆ ਯਾਦ ਪੱਤਰ ਪੇਸ਼ ਕੀਤਾ, ਜੋ ਇਸ ਸੋਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਵੈਨਕੋਵਰ ਵਲੋਂ ਭੇਜੇ ਡੈਪੂਟੇਸ਼ਨ ਨੂੰ 9 ਜਨਵਰੀ 1913 ਨੂੰ ਦਿੱਤਾ ਗਿਆ ਸੀ। ਇਸ ਵਿੱਚ ਅਮਰੀਕਾ ਵਲੋਂ ਭਾਈ ਜਵਾਲਾ ਸਿੰਘ, ਭਾਈ ਸੰਤੋਖ ਸਿੰਘ ਤੇ ਸੰਤ ਵਿਸਾਖਾ ਸਿੰਘ ਦੇ, ਤਿੰਨ ਔਰਤਾਂ ਕਰਤਾਰ ਕੌਰ, ਹਰਨਾਮ ਕੌਰ ਤੇ ਕਰਤਾਰ ਕੌਰ ਦੇ ਤੇ ਛੇ ਗੋਰੇ ਕੈਨੇਡੀਅਨਾਂ ਦੇ ਦਸਖਤ ਸਨ। ਜਿਸ ਵਿੱਚ ਲਿਖਿਆ ਸੀ ਕਿ–

"ਸਾਡਾ ਇੱਕ ਡੈਪੂਟੇਸ਼ਨ 1911 ਦੇ ਨਵੰਬਰ ਤੇ ਦਸੰਬਰ ਮਹੀਨੇ ਕੈਨੇਡਾ ਸਰਕਾਰ ਨੂੰ ਮਿਲਿਆ। ਕੈਨੇਡਾ ਸਰਕਾਰ ਨੇ ਹਿੰਦੀਆਂ ਦੇ ਟਬਰਾਂ ਤੇ ਬਚਿਆਂ ਉਤੋਂ ਪਾਬੰਦੀਆਂ ਚੁੱਕ ਲੈਣ ਦਾ ਇਕਰਾਰ ਕੀਤਾ ਸੀ। ਪਰ ਅਜੇ ਤੱਕ ਉਸ ਨੇ ਆਪਣਾ ਇਹ ਇਕਰਾਰ ਪੂਰਾ ਨਹੀਂ ਕੀਤਾ। ਇਹ ਡੈਪੂਟੇਸ਼ਨ ਸਾਡੇ ਵੱਲੋਂ ਤੁਹਾਡੇ ਨਾਲ ਗਲਬਾਤ ਕਰੇਗਾ। (ਕੈਨੇਡਾ ਦੀ ਹਿੰਦੀ ਵਸੋਂ ਵਿੱਚ 90 ਫੀ ਸਦੀ ਤੋਂ ਵੱਧ ਸਿੱਖ ਹਨ) ਸਿੱਖਾਂ ਵੱਲੋਂ ਗ਼ਦਰ 1857 ਵਿੱਚ ਅੰਗਰੇਜ਼ੀ ਹਾਕਮਾਂ ਦੀ ਕੀਤੀ ਗਈ ਮਦਦ ਦਾ ਇਹਸਾਨ ਜਤਾਉਂਦਿਆਂ ਹੋਇਆਂ ਮੰਗ ਕੀਤੀ ਗਈ ਕਿ ਵਾਇਸਰਾਏ ਟਬਰਾਂ ਉੱਤੋਂ ਪਾਬੰਦੀ ਚੁਕਵਾਉਣ ਲਈ ਆਪਣਾ ਪੂਰਾ ਟਿਲ ਲਾ ਦੇਵੇ।[2]"

21 ਜਨਵਰੀ 1914 ਨੂੰ ਵਾਇਸਰਾਏ ਵਲੋਂ ਜਵਾਬ ਆਇਆ ਕਿ–

"ਕੁਝ ਮਹੀਨਿਆਂ ਤੋਂ ਅਸੀਂ ਵਜ਼ੀਰ ਹਿੰਦ ਨਾਲ ਚਿੱਠੀ ਪੱਤਰ ਕਰ ਰਹੇ ਹਾਂ। ਪਰ ਕੈਨੇਡਾ ਦੇ ਲੋਕਾਂ ਵਿੱਚ ਤੁਹਾਡੇ ਖਿਲਾਫ਼ ਹਵਾ ਬਹੁਤ ਬੱਝੀ ਹੋਈ ਹੈ। ਇਸ ਕਰਕੇ ਕਾਮਯਾਬੀ ਨਹੀਂ ਹੋ ਰਹੀ। ਮੈਨੂੰ ਅਫਸੋਸ ਹੈ ਕਿ ਮੈਂ ਤੁਹਾਨੂੰ ਕਾਮਯਾਬੀ ਦਾ ਯਕੀਨ ਨਹੀਂ ਦਿਵਾ ਸਕਦਾ, ਪਰ ਇਹ

---

1. ਪਟਾਭਈ ਸੀਤਾਰਾਮਯਾ ਦਾ 'ਕਾਂਗਰਸ ਦਾ ਇਤਿਹਾਸ' ਸਫਾ 41
2. ਘਾਟ (ਅ) ਜਨਵਰੀ 1914 ਕਾਰਵਾਈ ਨੰ. 40–44

ਯਕੀਨ ਜ਼ਰੂਰ ਦਿਵਾਉਂਦਾ ਹਾਂ ਕਿ ਮੇਰੀ ਸਰਕਾਰ ਤੁਹਾਡੀ ਸਰਗਰਮ ਇਮਦਾਦ ਕਰੇਗੀ।[1]"

ਪੰਜਾਬ ਕੈਨੇਡੀਅਨ ਇੰਡੀਅਨ ਇਮੀਗਰੇਸ਼ਨ ਸੋਸਾਇਟੀ ਦੇ ਸਕਤਰ ਚੌਧਰੀ ਰਾਮਭੱਜ ਦਤ ਵਲੋਂ ਲਾਹੌਰ ਵਾਲੀ ਮੀਟਿੰਗ ਵਿੱਚ ਬਣੀ ਕਮੇਟੀ ਵਲੋਂ ਤਿਆਰ ਕੀਤਾ ਹੋਇਆ ਯਾਦ ਪੱਤਰ ਵਾਇਸਰਾਏ ਨੂੰ 7 ਮਾਰਚ 1914 ਨੂੰ ਭੇਜਿਆ ਗਿਆ। ਇਸ ਯਾਦ ਪੱਤਰ ਉੱਤੇ ਅੰਮ੍ਰਿਤਸਰ ,ਲਾਹੌਰ, ਅੰਬਾਲਾ, ਲੁਧਿਆਣਾ, ਜਲੰਧਰ, ਫੀਰੋਜ਼ਪੁਰ, ਲਾਇਲਪੁਰ, ਸਿਆਲਕੋਟ, ਹੁਸ਼ਿਆਰਪੁਰ ਤੇ ਗੁਜਰਾਂਵਾਲਾ ਜ਼ਿਲਿਆਂ ਦੇ ਪ੍ਰਤੀਨਿਧਾਂ ਦੇ ਦਸਤਖਤ ਸਨ। ਵਾਇਸਰਾਏ ਨੇ ਇਸ ਕਮੇਟੀ ਵਲੋਂ ਮਿਥੇ ਹੋਏ ਡੈਪੂਟੇਸ਼ਨ ਨੂੰ ਮਿਲਣ ਦੀ ਆਗਿਆ ਨਾ ਦਿੱਤੀ। ਯਾਦ ਪੱਤਰ ਵਿੱਚ ਲਿਖਿਆ ਸੀ ਕਿ ਕੈਨੇਡਾ ਵਿੱਚ 4500 ਹਿੰਦੀ ਹਨ। ਇਹਨਾਂ ਵਿੱਚੋਂ 90ਫੀਸਦੀ ਸਿੱਖ ਹਨ। ਉਹਨਾਂ ਵਿਕਟੋਰੀਆ, ਵੈਨਕੋਵਰ ਤੇ ਲਾਗੇ ਦੇ ਸ਼ਹਿਰਾਂ ਵਿੱਚ 2 ਕਰੋੜ ਦਸ ਲੱਖ ਰੁਪਿਆ ਕਾਰ ਵਿਹਾਰ ਤੇ ਜਾਇਦਾਦਾਂ ਉੱਤੇ ਲਾਇਆ ਹੋਇਆ ਹੈ। ਚਾਰ ਗੁਰਦਵਾਰੇ ਬਣਾਏ ਹੋਏ ਹਨ। 920 ਨੰਬਰ ਦਾ ਆਰਡਰ (ਸਿੱਧੇ ਸਫਰ ਦੀ ਸ਼ਰਤ) ਕੇਵਲ ਹਿੰਦੀਆਂ ਨੂੰ ਰੋਕਦਾ ਹੈ। ਹਿੰਦੀਆਂ ਤੋਂ ਰੁਕਾਵਟ ਹਟਾਈ ਜਾਏ ਤੇ ਉਹਨਾਂ ਦੇ ਟਬਰਾਂ ਨੂੰ ਕੈਨੇਡਾ ਉਤਰਨ ਦੀ ਆਗਿਆ ਦਿੱਤੀ ਜਾਏ।[2]

ਇਸ ਤਰ੍ਹਾਂ ਇਸ ਡੈਪੂਟੇਸ਼ਨ ਨੇ ਹਿੰਦੁਸਤਾਨ ਤੇ ਖਾਸ ਕਰ ਪੰਜਾਬ ਦੀ ਸਿਆਸੀ ਹਵਾ ਦਾ ਰੁਖ ਬਦਲ ਦਿੱਤਾ ਤੇ ਇਸ ਵਿੱਚ ਕਾਫੀ ਬਲ ਪੈਦਾ ਕੀਤਾ। ਪੰਜਾਬ ਦੀਆਂ ਜਾਗੀਰਦਾਰ ਸਮਾਜ ਦੀਆਂ ਜਮਾਤਾਂ ਵਿੱਚੋਂ ਉਭਰਕੇ ਸਰਮਾਏਦਾਰੀ ਦਾ ਰੂਪ ਧਾਰ ਰਹੇ ਅਨਸ਼ਾਂ ਨੂੰ ਫਿਰਕੂ ਲੀਹਾਂ ਤੋਂ ਚੁਕਕੇ ਕੌਮੀ ਲੀਹੇ ਤੋਰਿਆ। ਹਿੰਦੂ, ਸਿੱਖ ਤੇ ਮੁਸਲਮਾਨ ਨੂੰ ਇੱਕ ਥਾਂ ਕਰਕੇ ਕੌਮੀ ਇਤਹਾਦ ਦਾ ਅਜਿਹਾ ਉਭਾਰ ਪੈਦਾ ਕੀਤਾ, ਜਿਸ ਨੇ ਹਿੰਦ ਗੌਰਮਿੰਟ ਨੂੰ ਮਜਬੂਰ ਕਰ ਦਿੱਤਾ ਕਿ ਉਹ ਟਬਰਾਂ ਉੱਤੋਂ ਪਾਬੰਦੀ ਦੂਰ ਕਰਵਾਉਣ ਲਈ ਆਪਣਾ ਟਿਲ ਲਾਵੇ। ਹਿੰਦ ਸਰਕਾਰ ਨੇ 1914-15 ਤੱਕ ਕਾਫੀ ਜ਼ੋਰ ਲਾਇਆ ਪਰ ਕੈਨੇਡਾ ਦੀ ਸਰਕਾਰ ਟਬਰਾਂ ਉੱਤੋਂ ਪਾਬੰਦੀ ਚੁੱਕਣ ਲਈ ਤਿਆਰ ਨਾ ਹੋਈ। ਹਿੰਦ ਸਰਕਾਰ ਨੇ ਪਾਸਪੋਰਟ ਜਾਰੀ ਨਾ ਕਰਨ ਦਾ ਹਠ ਵੀ ਛਡ ਦਿੱਤਾ ਤੇ ਜਾਪਾਨ ਵਾਂਗ ਹਿੰਦੀਆਂ ਦੇ ਕੈਨੇਡਾ ਜਾਣ ਦੀ ਹਦ ਬੰਨ੍ਹਣੀ ਮੰਨ ਲਈ। ਇਹ ਵੀ ਕਰਨ ਲਈ ਤਿਆਰ ਹੋ ਗਈ ਕਿ ਉਹ ਹਿੰਦੀਆਂ ਦੇ ਟਬਰਾਂ ਬਾਰੇ ਪੂਰੀ ਜਾਂਚ ਪੜਤਾਲ ਕਰਨ ਵਿੱਚ ਸਹਾਇਤਾ ਦਿਆ ਕਰੇਗੀ। ਪਰ ਕੈਨੇਡਾ ਦੀ ਸਰਕਾਰ ਮੀਲ-ਪੱਥਰ ਵਾਂਗ ਆਪਣੀ ਥਾਂ ਤੇ ਹੀ ਗੱਡੀ ਰਹੀ।[3]

## ਸਿੱਧੇ ਸਫਰ ਦੀ ਸ਼ਰਤ ਵਿਰੁੱਧ ਘੋਲ

ਵੈਨਕੋਵਰ ਤੇ ਵਿਕਟੋਰੀਆ ਦੇ ਕਾਨੂੰਨਦਾਨਾਂ ਨੇ ਹਿੰਦੀ ਲੀਡਰਾਂ ਨੂੰ ਸਲਾਹ ਦਿੱਤੀ ਕਿ "ਧੁਰੋਂ ਸਿੱਧੇ ਸਫਰ ਦੀ ਸ਼ਰਤ ਵਾਲਾ" ਗਵਰਨਰ ਜਨਰਲ ਦਾ ਹੁਕਮ ਕੈਨੇਡੀਅਨ ਵਿਧਾਨ ਦੇ ਵਿਰੁੱਧ ਹੈ। ਹਿੰਦੀ ਲੀਡਰਸ਼ਿਪ ਨੇ ਇਸ ਨੂੰ ਅਦਾਲਤ ਵਿੱਚ ਵੰਗਾਰਨ ਲਈ ਤਿਆਰੀਆਂ ਕਰ ਲਈਆਂ। ਹਾਂਗਕਾਂਗ ਵਿੱਚ ਉਡੀਕ ਰਹੇ ਹਿੰਦੀਆਂ ਵਿੱਚੋਂ 39 ਆਦਮੀਆਂ ਨੂੰ ਕੈਨੇਡਾ ਆਉਣ ਲਈ ਮੰਗਵਾ ਲਿਆ। ਕੈਨੇਡਾ ਸਰਕਾਰ ਨੇ ਇਹਨਾਂ ਨੂੰ ਵੈਨਕੋਵਰ ਉਤਰਨੋ ਰੋਕ ਦਿੱਤਾ। ਮੁਕਦਮੇਂ

---

1. ਉਤਲਿਖਤ।
2. ਘਾਟ (ੳ) ਅਪਰੈਲ 1914 ਕਾਰਵਾਈ ਨੰ. 13-14
3. ਘਾਟ (ੳ) ਜੂਨ 1914, ਕਾਰਵਾਈ ਨੰ. 10-11 ਤੇ (ੳ) ਸਤੰਬਰ 1914, ਕਾਰਵਾਈ ਨੰ. 1820

ਬਾਜ਼ੀ ਚਲ ਪਈ। ਜ਼ਮਾਨਤਾਂ ਦੇ ਕੇ ਹਿੰਦੀ ਵਾਪਸ ਆਉਣ ਤੋਂ ਰੋਕ ਲਏ ਗਏ। ਮੁਕਦਮਾ ਹੇਠਲੀ ਅਦਾਲਤ ਤੋਂ ਉਤਲੀਆਂ ਅਦਾਲਤਾਂ ਨੂੰ ਚੜ੍ਹਦਾ ਚੜ੍ਹਦਾ ਹਾਈ ਕੋਰਟ ਵਿੱਚ ਪੁੱਜ ਗਿਆ।

ਕੈਨੇਡਾ ਸਰਕਾਰ ਨੇ ਆਪਣੀ ਇਸ ਕਾਨੂੰਨੀ ਕਚਿਆਈ ਨੂੰ ਤਾੜਿਆ ਤੇ 25 ਅਗਸਤ 1913 ਨੂੰ ਘਾਟਾਂ ਦੇ ਕਾਨੂੰਨ ਵਿੱਚ ਇਹ ਤਰਮੀਮ ਕੀਤੀ ਕਿ 'ਗਵਰਨਰ ਜਨਰਲ ਦੇ ਹੁਕਮ ਨਾਲ ਮਜ਼ਦੂਰਾਂ ਤੇ ਕਾਰੀਗਰਾਂ ਨੂੰ ਛੇ ਮਹੀਨੇ ਲਈ ਕੈਨੇਡਾ ਦੇ ਘਾਟਾਂ ਉੱਤੇ ਉਤਰਨੋਂ ਰੋਕਿਆ ਜਾ ਸਕਦਾ ਹੈ।" ਇਸਦਾ ਮਕਸਦ ਇੱਕ ਤਾਂ "ਧੁਰੋਂ ਸਿੱਧੇ ਸਫਰ ਵਾਲੇ ਹੁਕਮ" ਦੀ ਕਚਿਆਈ ਦਾ ਬਾਨ੍ਹਣੂੰ ਬਨ੍ਹਣਾ ਸੀ ਤੇ ਦੂਸਰਾ ਹਿੰਦ ਸਰਕਾਰ ਦੇ ਕਹੇ ਉਤੇ ਇਮਪੀਰੀਅਲ ਕਾਨਫਰੰਸ ਦੇ ਫੈਸਲੇ ਅਨੁਸਾਰ ਘਾਟਾਂ ਦੀਆਂ ਬੰਦਸ਼ਾਂ ਨੂੰ ਅਜਿਹੇ ਢੰਗ ਸਿਰ ਲਿਆਉਣਾ ਸੀ, ਜਿਸ ਨਾਲ ਕੋਈ ਨਸਲ, ਰੰਗ, ਕੌਮ ਜਾਂ ਸਿਆਸੀ ਵਿਸ਼ੇਸ਼ਤਾਈ ਦਾ ਵਿਤਕਰਾ ਨਾ ਜਾਪੇ।

ਇਸ ਤਰਮੀਮ ਮੂਜਬ ਗਵਰਨਰ ਜਨਰਲ ਨੇ ਉਤਲੇ ਮੁਕਦਮੇ ਦੇ ਦੌਰਾਨ ਵਿੱਚ ਹੀ 22 ਸਤੰਬਰ, 1913 ਨੂੰ ਇਹ ਹੁਕਮ ਜਾਰੀ ਕਰ ਦਿੱਤਾ ਕਿ–

"ਕੋਲੰਬੀਆ ਦੀ ਮਜ਼ਦੂਰ ਮੰਡੀ ਵਿੱਚ ਮਜ਼ਦੂਰਾਂ ਦਾ ਬਹੁਤ ਗਾਹੜ ਹੈ, ਇਸ ਲਈ 31 ਮਾਰਚ, 1914 ਤੱਕ ਕਾਰੀਗਰਾਂ, ਆਮ ਤੇ ਅਣਸਿੱਖੇ ਮਜ਼ਦੂਰਾਂ ਦਾ ਪੱਛਮੀ ਘਾਟਾਂ ਉੱਤੇ ਉਤਰਨਾ ਬੰਦ ਕੀਤਾ ਜਾਂਦਾ ਹੈ, ਪਰ ਘਾਟਾਂ ਦੇ ਮਹਿਕਮੇ ਨੂੰ ਅਖਤਿਆਰ ਹੈ, ਕਿ ਜੇ ਉਹ ਮਜ਼ਦੂਰ ਮੰਡੀ ਵਿੱਚ ਕੋਈ ਫਰਕ ਪੈਂਦਾ ਨਾ ਵੇਖੇ ਤਾਂ ਕਿਸੇ ਨੂੰ ਉਤਾਰ ਲਵੇ।"

ਹੁਕਮ ਦੀ ਪਿਛਲੀ ਸਤਰ ਦਾ ਮਤਲਬ ਸੀ, ਕਿ ਇਹ ਹੁਕਮ ਜਾਪਾਨੀਆਂ ਤੇ ਚੀਨਿਆਂ ਉੱਤੇ ਲਾਗੂ ਹੋਣ ਤੋਂ ਬਚਾ ਲਿਆ ਜਾਵੇ ਤੇ ਉਹਨਾਂ ਦੇ ਕੈਨੇਡਾ ਆਉਣ ਦਾ ਰਾਹ ਕੱਢ ਲਿਆ ਜਾਵੇ, ਇਸ ਲਈ ਇਸ ਹੁਕਮ ਦੇ ਅਗੇ ਇਹ ਵਿਆਖਿਆ ਕਰ ਦਿੱਤੀ ਗਈ।

"ਜਾਪਾਨੀਆਂ ਦੇ ਉਤਰਨ ਬਾਰੇ ਸਾਡਾ ਜਾਪਾਨੀ ਸਰਕਾਰ ਨਾਲ ਖੁਫੀਆ ਇਕਰਾਰ ਹੋ ਚੁੱਕਾ ਹੈ, ਜਾਪਾਨੀ ਸਰਕਾਰ ਇਸ ਹੁਕਮ ਨੂੰ ਜਾਪਾਨੀਆਂ ਦੇ ਖਿਲਾਫ ਨਾ ਸਮਝੇ।"[1]

ਸੋ ਇਸ ਹੁਕਮ ਦਾ ਮਕਸਦ ਕੇਵਲ ਹਿੰਦੀਆਂ ਨੂੰ ਰੋਕਣਾ ਹੀ ਸੀ। ਇਸ ਤੋਂ ਅਗੇ ਕੈਨੇਡਾ ਸਰਕਾਰ ਹਰ ਛੇ ਮਹੀਨੇ ਬਾਅਦ ਇਸ ਹੁਕਮ ਨੂੰ ਮੁੜ ਲਾਗੂ ਕਰ ਦਿੰਦੀ ਰਹੀ।

25 ਨਵੰਬਰ, 1913 ਨੂੰ ਕੈਨੇਡਾ ਦੇ ਚੀਫ ਜਸਟਿਸ ਨੇ ਫੈਸਲਾ ਦਿੱਤਾ ਕਿ "ਧੁਰੋਂ ਸਿੱਧੇ ਸਫਰ ਦੀ ਸ਼ਰਤ ਲਾਉਣਾ, ਉਹਨਾਂ ਅਖਤਿਆਰਾਂ ਦੀ ਉਲੰਘਣਾ ਹੈ, ਜੋ ਪਾਰਲੀਮੈਂਟ ਨੇ ਕੈਨੇਡਾ ਸਰਕਾਰ ਨੂੰ ਦੇ ਰਖੇ ਹਨ।" ਉਸਨੇ ਕੈਨੇਡਾ ਸਰਕਾਰ ਦਾ ਹੁਕਮ ਰੱਦ ਕਰ ਦਿੱਤਾ ਤੇ 35 ਹਿੰਦੀਆਂ ਨੂੰ ਉਤਰਨ ਦੀ ਆਗਿਆ ਦੇ ਦਿੱਤੀ।

ਕੈਨੇਡਾ ਦੇ ਹਾਕਮ ਆਪਣੀ ਸਾਮਰਾਜੀ ਵਿਸ਼ੇਸ਼ਤਾਈ ਵਿੱਚ ਐਨੇ ਅੰਨ੍ਹੇ ਹੋਏ ਹੋਏ ਸਨ ਕਿ ਉਹ ਆਪਣੇ ਬਣੇ ਕਾਨੂੰਨਾਂ ਦੀਆਂ ਹੱਦਾਂ ਟੱਪਣੋ ਭੀ ਨਹੀਂ ਸਨ ਝਿਜਕਦੇ, ਇਸ ਫੈਸਲੇ ਨੇ ਉਹਨਾਂ ਨੂੰ ਹੋਰ ਵਧੇਰੇ ਔਖਾ ਕਰ ਦਿੱਤਾ। ਉਹਨਾਂ ਆਪਣੀ ਪਾਰਲੀਮੈਂਟ, ਅਖਬਾਰਾਂ ਤੇ ਇੱਕਠਾਂ ਵਿੱਚ ਹਾਲ ਪਾਹਰਿਆ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਨੂੰ ਚੁੱਕਣ ਤੇ ਹਵਾ ਦੇਣ ਵਾਲਿਆਂ ਵਿੱਚੋਂ ਡੰਕਨ ਬਪਾਰ ਮੰਡਲ ਸਭ ਤੋਂ ਮੋਢੀ ਸੀ।

"ਸਾਨੂੰ ਏਸ਼ੀਆਈ ਜ਼ਿਮੀਂਦਾਰ ਨਹੀਂ ਚਾਹੀਦੇ.......ਜੇ ਉਹਨਾਂ ਜ਼ਮੀਨਾਂ ਹੀ ਵਾਹੁਣੀਆਂ

---

1. ਘਾਟ (ਓ) ਨਵੰਬਰ 1913, ਕਾਰਵਾਈ ਨੰ. 8–10

ਹਨ ਤਾਂ ਮਜ਼ਦੂਰ ਬਣਕੇ ਵਹਾਉਣ, ਮਾਲਕ ਬਣਕੇ ਨਹੀਂ[1]...ਸਾਡੀਆਂ ਘਾਲੀਆਂ ਹੋਈਆਂ ਘਾਲਾਂ ਤੋਂ ਫਾਇਦਾ ਉਠਾਉਣ ਲਈ ਹਿੰਦੀ ਆਪਣੇ ਆਪ ਨੂੰ ਸਾਡੇ ਉਤੇ ਠੋਸਣਾ ਚਾਹੁੰਦੇ ਹਨ, ਅਸੀਂ ਕਿਸੇ ਕੀਮਤ ਉੱਤੇ ਭੀ ਉਹਨਾਂ ਨੂੰ ਅਜਿਹਾ ਨਹੀਂ ਕਰਨ ਦਿਆਂਗੇ।"[2]

ਇਹ ਸਨ ਉਹਨਾਂ ਦੇ ਪਰਚਾਰ ਦੀਆਂ ਚਾਂਗਰਾਂ ਜੋ ਉਹ ਹਿੰਦੀਆਂ ਨੂੰ ਕੈਨੇਡਾ ਤੋਂ ਦੂਰ ਰੱਖਣ ਲਈ ਮਾਰ ਰਹੇ ਸਨ।

ਕੈਨੇਡਾ ਦੇ ਸਾਮਰਾਜੀਆਂ ਦੇ ਇਸ ਅੰਨ੍ਹੇ ਵਿਰੋਧ ਨੇ ਹਿੰਦੀਆਂ ਦੀ ਵਸੇਬੇ ਦੇ ਹੱਕਾਂ ਲਈ ਲੜਾਈ ਨੂੰ ਸਿਆਸੀ ਜਾਗਰਤ ਦੇ ਉਸ ਟੀਚੇ ਤੱਕ ਪੁਚਾ ਦਿੱਤਾ, ਜਿੱਥੇ ਉਹ ਗ਼ਦਰ ਪਾਰਟੀ ਦੇ ਇਨਕਲਾਬੀ ਸੱਦੇ ਉੱਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਉਠ ਰਹੀ ਲੜਾਈ ਵਿੱਚ ਹਿੱਸਾ ਪਾਉਣ ਲਈ ਲੱਕ ਬੰਨ੍ਹ ਤੁਰੀ।

## ਸਿਆਸੀ ਵਿਕਾਸ

1906 ਦੇ ਅਧ ਵਿੱਚ ਕੈਨੇਡਾ ਆਉਣ ਵਾਲੇ ਇਕ ਜਹਾਜ਼ ਵਿੱਚ ਭਾਈ ਅਰਜਨ ਸਿੰਘ ਪਿੰਡ ਮਲਕ, ਤਹਿਸੀਲ ਜਗਰਾਉਂ ਜ਼ਿਲਾ ਲੁਧਿਆਣਾ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਗਏ ਸਨ। ਇੱਕ ਮਕਾਨ ਕਰਾਏ ਉੱਤੇ ਲੈ ਕੇ 22 ਜੁਲਾਈ 1906 ਨੂੰ ਇੱਕ ਗੁਰਦਵਾਰਾ ਬਣਾਇਆ ਗਿਆ, ਭਾਈ ਅਰਜਨ ਸਿੰਘ ਉਸ ਦੇ ਪਹਿਲੇ ਗਰੰਥੀ ਸਨ। ਗੁਰਦਵਾਰੇ ਦੇ ਇੰਤਜ਼ਾਮ ਲਈ ਇੱਕ ਕਮੇਟੀ ਬਣਾਈ ਗਈ, ਜਿਸ ਦੇ ਅਹੁਦੇਦਾਰ ਇਹ ਸਨ।

| | |
|---|---|
| 1. ਭਾਈ ਸੇਵਾ ਸਿੰਘ | ਜਥੇਦਾਰ |
| 2. ਭਾਈ ਭੋਲਾ ਸਿੰਘ (ਨਿਰੰਦਰ ਸਿੰਘ) | ਮੀਤ ਜਥੇਦਾਰ |
| 3. ਭਾਈ ਅਰਜਨ ਸਿੰਘ ਮਲਕ | ਖਜ਼ਾਨਚੀ |
| 4. ਭਾਈ ਭਾਗ ਸਿੰਘ ਭਿਖੀਵਿੰਡ | ਸੇਵਕ |
| 5. ਭਾਈ ਬਲਵੰਤ ਸਿੰਘ | ਮੀਤ ਸੇਵਕ |

ਫੇਰ ਸੰਗਤ ਦੀ ਉਗਰਾਹੀ ਤੇ ਹਿੰਮਤ ਨਾਲ ਜ਼ਮੀਨ ਦੇ ਦੋ ਖਿੱਤੇ ਮੁੱਲ ਲੈ ਕੇ ਇੱਕ ਸ਼ਾਨਦਾਰ ਦੋ ਮੰਜ਼ਲਾ ਗੁਰਦਵਾਰਾ ਬਣਾਇਆ ਗਿਆ। ਜਿਸ ਦੀ ਮਹੂਰਤ 19 ਜਨਵਰੀ 1908 ਨੂੰ ਕੀਤੀ ਗਈ। ਇਸ ਨਵੇਂ ਗੁਰਦਵਾਰੇ ਦੇ ਇੰਤਜ਼ਾਮ, ਸਿੱਖਾਂ ਦੇ ਲਾਭਾਂ ਦੀ ਰਾਖੀ ਤੇ ਇਹਨਾਂ ਖਾਤਰ ਘੋਲ ਕਰਨ ਲਈ ਖਾਲਸਾ ਦੀਵਾਨ ਸੋਸਾਇਟੀ ਨਾਂ ਦੀ ਜਥੇਬੰਦੀ ਕਾਇਮ ਕੀਤੀ ਗਈ, ਜਿਸ ਦੇ ਔਹਦੇਦਾਰ ਇਹ ਸਨ।

| | |
|---|---|
| 1. ਭਾਈ ਭਾਨ ਸਿੰਘ | ਪਰਧਾਨ |
| 2. ਭਾਈ ਮਹਿੰਦਰ ਸਿੰਘ | ਮੀਤ ਪਰਧਾਨ |
| 3. ਭਾਈ ਭਾਗ ਸਿੰਘ ਭਿਖੀਵਿੰਡ | ਖਜ਼ਾਨਚੀ |
| 4. ਭਾਈ ਅਵਤਾਰ ਸਿੰਘ ਜਾਂ ਭੋਲਾ ਸਿੰਘ | ਸੇਵਕ |
| 5. ਭਾਈ ਬਿਸ਼ਨ ਸਿੰਘ | ਮੀਤ ਸੇਵਕ |

---

1. ਵੈਨਕੋਵਰ ਦਾ ਰੋਜ਼ਾਨਾ ਅਖਬਾਰ 'ਸਨ' 13.11.1913
2. ਉਤਲਿਖਤ, 17.11.1913

6. ਭਾਈ ਬਲਵੰਤ ਸਿੰਘ ਖੁਰਦਪੁਰੀ ਨੂੰ ਗਰੰਥੀ ਦੀ ਸੇਵਾ ਦਿੱਤੀ ਗਈ।[1]

ਇਹ ਗੁਰਦਵਾਰਾ ਹਿੰਦੀਆਂ ਦੇ ਏਕੇ ਦੀ ਬਿੰਦ ਸੀ, ਜਿਸ ਤੋਂ ਹਿੰਦੀਆਂ ਦੇ ਮਿਲ ਬਹਿਣ ਤੇ ਰਲਕੇ ਘੋਲ ਕਰਨ ਦਾ ਬੂਟਾ ਪੁੰਗਰਿਆ, ਵਧਿਆ, ਫੁਲਿਆ ਤੇ ਪਰਵਾਨ ਚੜ੍ਹਿਆ। ਇਥੇ ਐਤਵਾਰ ਤੇ ਇਕੱਠਾਂ ਦੇ ਦਿਨ ਦਿਹਾਰਾਂ ਦੇ ਜੋੜ ਮੇਲਿਆਂ ਨੇ ਹਿੰਦੀਆਂ ਨੂੰ ਆਪਣੀ ਹਾਲਤ ਉੱਤੇ ਵਿਚਾਰਾਂ ਕਰਨ, ਸੋਚਾਂ ਸਾਂਝੀਆਂ ਬਨਾਉਣ ਤੇ ਇਹਨਾਂ ਉੱਤੇ ਫੈਸਲੇ ਲੈਣ ਦੇ ਰਾਹ ਪਾਇਆ। ਹਿੰਦੀਆਂ ਨੇ ਆਪਣੇ ਦੀਵਾਨਾਂ ਵਿੱਚ ਫੈਸਲੇ ਕਰਕੇ ਆਪਣੇ ਨਾਲ ਹੋ ਰਹੀਆਂ ਬੇਇਨਸਾਫੀਆਂ ਤੇ ਧਮਕੀਆਂ ਦੇ ਵਿਰੁੱਧ ਚਾਰਾ ਕਰਨਾ ਸ਼ੁਰੂ ਕੀਤਾ। ਸਰਕਾਰੀ ਅਫ਼ਸਰਾਂ ਨੂੰ ਮਿਲਣ ਲਈ ਡੈਪੂਟੇਸ਼ਨ ਚੁਣੇ ਜਾਣ ਲਗੇ, ਬੇਕਾਰ ਭਾਈਆਂ ਤੇ ਦੇਸੋਂ ਆਇਆਂ ਨੂੰ ਕੰਮ ਮਿਲਣ ਤੱਕ ਰਹਿਣ ਦਾ ਆਸਰਾ ਮਿਲਣ ਲੱਗ ਪਿਆ। ਇਹ ਗੁਰਦਵਾਰਾ ਕੈਨੇਡਾ ਦੇ ਹਿੰਦੀਆਂ ਦੇ ਘੋਲ ਵਿੱਚ ਜਨਰਲ ਹੈਡਕਵਾਰਟਰ ਦਾ ਕੰਮ ਵੀ ਦਿੰਦਾ ਰਿਹਾ ਤੇ ਹਿੰਦੀਆਂ ਦੇ ਇਤਿਹਾਸ ਵਿੱਚ ਇਸ ਦੀ ਵਿਸ਼ੇਸ਼ ਥਾਂ ਹੈ।

ਇਸ ਗੁਰਦਵਾਰੇ ਦੀ ਪ੍ਰਬੰਧਕ ਸੋਸਾਇਟੀ ਦੀ ਅਗਵਾਈ ਹੇਠ ਨਾ ਸਿਰਫ ਹਾਂਡੂਰਾਸ ਨਾ ਜਾਣ ਦਾ ਘੋਲ ਘੁਲਿਆ ਗਿਆ, ਸਗੋਂ ਹਿੰਦੀਆਂ ਦੇ ਟੱਬਰਾਂ ਨੂੰ ਕੈਨੇਡਾ ਆਉਣ ਦੀ ਖੁਲ੍ਹ ਦਿਵਾਉਣ ਦਾ ਘੋਲ ਵੀ ਬਹੁਤਾ ਇਸ ਨੇ ਲੜਿਆ। ਇਹ ਸੋਸਾਇਟੀ ਭਾਵੇਂ ਮਜ਼ਹਬੀ ਤੇ ਬਾਹਲੀ ਸਿੱਖਾਂ ਦੀ ਵਿਚਾਰਧਾਰਾ ਤੇ ਚਲਦੀ ਸੀ, ਪਰ ਇਸ ਨੇ ਹਿੰਦੀਆਂ ਦੇ ਸਮਾਜੀ ਤੇ ਸਿਆਸੀ ਹੱਕਾਂ ਲਈ ਕੀਤੇ ਘੋਲਾਂ ਦੀ ਅਗਵਾਈ ਕੌਮੀ ਲੀਹਾਂ ਉੱਤੇ ਕੀਤੀ। ਹਾਂਡੂਰਾਸ ਦੇ ਘੋਲ ਤੋਂ ਸਬਕ ਸਿਖਕੇ ਕੈਨੇਡਾ ਦੇ ਹਿੰਦੀਆਂ ਵਿੱਚ ਮਜ਼ਹਬਾਂ ਤੋਂ ਉਤਾਂਹ ਹੋ ਕੇ ਸੋਝੀ ਆਉਣ ਲੱਗੀ। ਇਸ ਕੌਮੀ ਸੋਝੀ ਦੇ ਪਹਿਲੇ ਮੋਹਰੇ ਭਾਈ ਭਾਗ ਸਿੰਘ ਭਿਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ, ਸ੍ਰੀ ਤਾਰਕਨਾਥ ਦਾਸ, ਸੰਤ ਤੇਜਾ ਸਿੰਘ, ਪੰਡਤ ਬਾਲ ਮੁਕੰਦ ਸਕਰੂਲੀ ਤੇ ਰਾਮ ਚੰਦ ਬਰਹਿਮਣ ਆਦਿ ਸੱਜਣ ਸਨ।

1909 ਵਿੱਚ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਉਸ ਦੇ ਨਾਲ 1907 ਦੇ ਰਾਵਲਪਿੰਡੀ ਸਾਕੇ ਵਿੱਚੋਂ ਬਚਕੇ ਆਏ ਬੰਨੂੰ ਦੇ ਇਕ ਮਾਸਟਰ ਗੁਰਾਂ ਦਿੱਤਾ ਕੈਨੇਡਾ ਆਏ। ਗੁਰਾਂ ਦਿੱਤਾ ਨੇ ਆਪਣਾ ਨਾਂ ਗੁਰੂਦੱਤ ਕੁਮਾਰ ਰੱਖ ਲਿਆ ਜੋ ਜੀ.ਡੀ. ਕੁਮਾਰ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਹਰਨਾਮ ਸਿੰਘ ਦਾ ਅੰਗਰੇਜ਼ੀ ਪੜ੍ਹੇ ਹੋਣ ਕਰਕੇ ਬਾਬੂ ਹਰਨਾਮ ਸਿੰਘ ਨਾਂ ਪੈ ਗਿਆ। ਇਹਨਾਂ ਦੋਹਾਂ ਨੇ ਕੈਨੇਡਾ ਵਿੱਚ ਆਕੇ ਸਮਾਜੀ ਸੁਧਾਰਾਂ ਦਾ ਪ੍ਰਚਾਰ ਸ਼ੁਰੂ ਕੀਤਾ। ਉਹ ਗੁਰਦਵਾਰੇ ਤੇ ਹੋਰਨੀਂ ਥਾਈਂ ਹਿੰਦੀ ਇਕੱਠਾਂ ਤੇ ਜੋੜ ਮੇਲਿਆਂ ਵਿੱਚ ਜਾਂਦੇ ਤੇ ਹਿੰਦੀਆਂ ਨੂੰ ਸ਼ਰਾਬ ਨਾ ਪੀਣ, ਬੀਬੇ ਬਣਕੇ ਰਹਿਣ, ਗੋਰਿਆਂ ਨੂੰ ਚੰਗੀਆਂ ਨਾ ਲੱਗ ਰਹੀਆਂ ਆਦਤਾਂ ਛੱਡਣ ਤੇ ਯੋਰਪੀਨ ਜੀਵਨ ਧਾਰਨ ਕਰਨ ਦਾ ਉਪਦੇਸ਼ ਦਿੰਦੇ। ਪਰ ਸਾਮਰਾਜੀਆਂ ਵਲੋਂ ਦਿਨ ਪਰ ਦਿਨ ਤੰਗ ਕੀਤੀ ਜਾ ਰਹੀ ਹਿੰਦੀਆਂ ਦੀ ਹਾਲਾਤ ਨੇ ਉਹਨਾਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਬੋਲਣ ਤੇ ਲੈ ਆਂਦਾ। ਜਿੱਥੇ ਪਹਿਲਿਆਂ ਨੇ ਨਿਰਾ ਚਿੱਠੀਆਂ ਤੇ ਅਖਬਾਰਾਂ ਛਾਪਕੇ ਹੀ ਪ੍ਰਚਾਰ ਕੀਤਾ, ਜਾਂ ਗੁਰਦਵਾਰਾ ਸੋਸਾਇਟੀ ਰਾਹੀਂ ਘੋਲ ਚਲਾਇਆ, ਉਥੇ ਇਹਨਾਂ ਦੋਹਾਂ ਨੇ ਆਪ ਫਿਰਕੇ ਪ੍ਰਚਾਰ ਕਰਨ ਦੀ ਰੀਤ

---

1. 'ਖਾਲਸਾ ਦੀਵਾਨ ਸੋਸਾਇਟੀ' ਦੀ 22 ਜੁਲਾਈ 1907 ਤੋਂ 20 ਅਕਤੂਬਰ 1909 ਤੱਕ ਦੀ ਰਿਪੋਰਟ, ਜੋ ਭਾਈ ਭਾਗ ਸਿੰਘ ਨੇ ਵਜ਼ੀਰ ਹਿੰਦ ਪਰੈਸ, ਅੰਮ੍ਰਿਤਸਰ ਤੋਂ ਛਪਵਾਈ।

ਚਲਾਈ। ਇਸ ਵਿਰਨ ਦੀ ਰੀਤ ਨੇ ਹਿੰਦੀਆਂ ਨੂੰ ਕੌਮੀ ਲੀਹਾਂ ਉੱਤੇ ਜਥੇਬੰਦ ਹੋਣ ਦਾ ਰਾਹ ਦਿਖਾਇਆ ਤੇ ਇਹਨਾਂ ਨੇ ਹਿੰਦੀਆਂ ਦੀ ਕੌਮੀ ਸੋਝੀ ਨੂੰ ਜਥੇਬੰਦ ਸ਼ਕਲ ਦੇਣ ਦਾ ਪਹਿਲਾ ਕਦਮ ਚੁਕਿਆ।

ਇਸ ਆਸ਼ੇ ਨੂੰ ਮੁੱਖ ਰੱਖ ਕੇ ਇਹਨਾਂ ਨੇ ਯੋਰਪੀ ਤੇ ਨਿਊਯਾਰਕੀ ਦੇਸ਼ ਭਗਤਾਂ ਦੀ ਦੇਖਾ ਦੇਖੀ 1909 ਦੇ ਅਖੀਰ ਤੇ ਇੱਕ ਕੌਮੀ ਸਭਾ ਬਣਾਈ। ਇਸ ਦਾ ਨਾਂ "ਹਿੰਦੁਸਤਾਨ ਐਸੋਸੀਏਸ਼ਨ" ਰਖਿਆ ਗਿਆ, ਜਿਸ ਦੇ ਪ੍ਰਧਾਨ ਭਾਈ ਭਾਗ ਸਿੰਘ ਭਿਖੀਵਿੰਡ, ਸਕੱਤਰ ਜੀ.ਡੀ. ਕੁਮਾਰ ਤੇ ਖਜ਼ਾਨਚੀ ਭਾਈ ਬਲਵੰਤ ਸਿੰਘ ਖੁਰਦਪੁਰੀ ਸਨ ਤੇ ਹੋਰ ਕਈ ਸਿਰਕੱਢ ਹਿੰਦੀ ਇਸ ਦੇ ਮੈਂਬਰ ਬਣੇ। ਇਸ ਸਭਾ ਨੇ ਪ੍ਰਚਾਰ ਕਰਨ ਲਈ ਉਰਦੂ ਵਿੱਚ "ਸਵਦੇਸ਼ ਸੇਵਕ" ਨਾਮ ਦਾ ਅਖਬਾਰ ਕਢਿਆ, ਜਿਸ ਦਾ ਐਡੀਟਰ ਜੀ.ਡੀ. ਕੁਮਾਰ ਸੀ। ਇਹੋ ਜਿਹਾ ਇੱਕ ਗੁਰਮੁਖੀ ਅਖਬਾਰ "ਪਰਦੇਸੀ ਖਾਲਸਾ" ਸ੍ਰੀ ਅਮਰ ਸਿੰਘ ਝਿੰਗੜ ਨੇ ਜਾਰੀ ਕੀਤਾ।[1] ਇੱਕ ਮਕਾਨ ਪਹਿਲਾਂ ਕਰਾਏ ਉੱਤੇ ਤੇ ਫਿਰ ਮੁੱਲ ਲੈ ਕੇ ਵੈਨਕੋਵਰ ਵਿੱਚ ਇੰਡੀਆ ਹਾਊਸ ਦੀ ਤਰਜ਼ ਦਾ "ਸਵਦੇਸ਼ ਸੇਵਕ ਹੋਮ" ਬਣਾਇਆ।[2] ਇਸ ਐਸੋਸੀਏਸ਼ਨ ਦਾ ਉਹੀ ਪ੍ਰੋਗਰਾਮ ਸੀ, ਜੋ 'ਫਰੀ ਹਿੰਦੁਸਤਾਨ', ਪਰਚਾਰਦਾ ਸੀ, ਭਾਵ–

1. ਨਿਰੋਲ ਆਪਣੀ ਸਰਕਾਰ।
2. ਕੌਮੀ ਵਿਦਿਆ।
3. ਭਾਰਤੀ ਸਨਅਤਾਂ, ਵਪਾਰ ਤੇ ਖੇਤੀ ਬਾੜੀ ਦੀ ਉੱਨਤੀ।
4. ਬਦੇਸ਼ੀ ਲੁੱਟ ਖਸੁੱਟ ਦੇ ਮਾਰੇ ਦੇਸ਼ ਵਿੱਚ ਵਾਪਰ ਰਹੀ ਮਰੋਂ ਤੋਂ ਛੁਟਕਾਰਾ।[3]

ਇਹ ਪ੍ਰੋਗਰਾਮ ਬਿਲਕੁਲ ਉਹੀ ਸੀ, ਜੋ ਹਿੰਦੁਸਤਾਨ ਵਿੱਚ ਕਾਂਗਰਸ ਅੰਦਰਲੇ ਨਾ–ਮਿਲਵਰਤਨ ਤੇ ਸਵਦੇਸ਼ੀ ਦੇ ਪੱਖ ਵਾਲੇ ਅਨਸ਼ ਪੇਸ਼ ਕਰ ਰਹੇ ਸਨ।

ਇਸ ਅਖਬਾਰ ਤੇ ਜਥੇਬੰਦੀ ਨੇ ਹਿੰਦੀਆਂ ਦੀ ਸਿਆਸਤ ਤੇ ਸੋਚਣੀ ਨੂੰ ਮਜ਼ਹਬੀ ਤੇ ਸੂਬਕ ਘੇਰਿਆਂ ਤੋਂ ਉਤਾਂਹ ਚੁਕਕੇ ਕੌਮੀ ਸੋਝੀ ਵਲ ਲੈ ਜਾਣਾ ਸ਼ੁਰੂ ਕੀਤਾ ਤੇ ਹਿੰਦੀਆਂ ਵਿੱਚ ਕੌਮੀ ਮਾਣ–ਤਾਣ ਤੇ ਏਕਤਾ ਦਾ ਪਰਚਾਰ ਕੀਤਾ। ਇਸ ਕੌਮੀ ਸੂਝ ਨੂੰ ਇੱਕ ਸਿਆਸੀ ਮਕਸਦ ਮੂਹਰੇ ਰੱਖ ਕੇ ਕੌਮੀ ਜਥੇਬੰਦੀ ਦਾ ਰੂਪ ਦੇਣ ਦਾ ਪਹਿਲਾ ਮਾੜਾ ਜਿਹਾ ਯਤਨ ਕੀਤਾ ਅਤੇ ਕੈਨੇਡਾ ਦੀ ਸਰਕਾਰ ਦੇ ਖਿਲਾਫ ਟੱਬਰਾਂ ਦੇ ਲਿਆਉਣ ਤੇ ਸਿੱਧੇ ਸਫ਼ਰ ਦੀ ਸ਼ਰਤ ਤੁੜਵਾਉਣ ਦੇ ਘੋਲ ਵਿੱਚ ਹਿੰਦੀਆਂ ਦੀ ਬੜੀ ਮੱਦਦ ਤੇ ਅਗਵਾਈ ਕੀਤੀ।

ਖਾਲਸਾ ਦੀਵਾਨ ਸੋਸਾਇਟੀ ਤੇ ਹਿੰਦੁਸਤਾਨ ਐਸੋਸੀਏਸ਼ਨ ਦੀ ਅਗਵਾਈ ਹੇਠ ਘੋਲ ਨੇ ਹਿੰਦੀਆਂ ਨੂੰ ਮਜ਼ਹਬੀ ਦਾਇਰੇ ਤੋਂ ਉਤਾਂਹ ਉਠ ਕੇ ਇਕ ਕੌਮ ਹੋਣ ਦਾ ਅਹਿਸਾਸ ਦਵਾਉਣਾ ਸ਼ੁਰੂ ਕੀਤਾ। ਜਿਸ ਨਾਲ ਉਹਨਾਂ ਨੂੰ ਆਪਣੀ ਗੁਲਾਮੀ ਦੇ ਕਾਰਨ ਦਿਸਨ ਲੱਗ ਪਏ, ਉਹ ਅੰਗਰੇਜ਼ੀ ਰਾਜ ਨੂੰ "ਆਪਣੇ ਬਾਦਸ਼ਾਹ" ਦਾ ਨਹੀਂ, ਇੱਕ ਬਗਾਨਾ ਰਾਜ ਸਮਝਣ ਲੱਗੇ ਅਤੇ ਇਸ ਉਤੇ ਖਿਝਨ ਦੀ ਹੱਦ ਤੱਕ ਪਹੁੰਚ ਗਏ। ਪਰ ਅਜੇ ਉਹਨਾਂ ਵਿੱਚ ਇੱਕ ਥਾਂ ਬਝਕੇ ਇਸ ਦੇ

---

1. ਘਾਟ (ੳ) ਸਤੰਬਰ 1911, ਕਾਰਵਾਈ ਨੰ. 4–7
2. ਹੋਮ (ਪੋਲੀਟੀਕਲ) ਅ, ਜੁਲਾਈ 1910, ਕਾਰਵਾਈ ਨੰ. 196–97
3. ਹੋਮ (ਪੋਲੀਟੀਕਲ) (ਅ) ਜੂਨ 1911, ਨੰ. 103

ਵਿਰੁੱਧ ਲੜਾਈ ਲੜਨ ਦੀ ਸੋਚ ਨਹੀਂ ਸੀ ਆਈ।

ਜਨਵਰੀ, 1910 ਵਿੱਚ ਸ੍ਰੀ ਛਗਨ ਨਾਲ ਖੈਰਾਜ ਵਰਮਾਂ, ਜੋ ਪੋਰਬੰਦਰ ਕਾਠੀਆਵਾੜ ਦੇ ਰਹਿਣ ਵਾਲੇ ਸਨ, ਜਾਪਾਨ ਤੋਂ ਕੈਨੇਡਾ ਆਏ ਤੇ ਉਹਨਾਂ ਨੇ ਹਸਨ ਰਹੀਮ ਦੇ ਨਾਂ ਹੇਠਾਂ ਆਪਣਾ ਕਾਰ ਵਿਹਾਰ ਸ਼ੁਰੂ ਕੀਤਾ। ਉਹ ਝਬਦੇ ਹੀ ਕੈਨੇਡਾ-ਇੰਡੀਅਨ ਸਪਲਾਈ ਐਂਡ ਟਰਸਟ ਕੰਪਨੀ ਦੇ ਮੈਨਜਿੰਗ ਡਾਇਰੈਕਟਰ ਬਣ ਗਏ। ਉਹਨਾਂ ਉੱਤੇ ਕੈਨੇਡਾ ਵਿੱਚ ਚਲ ਰਹੇ ਹਿੰਦੀਆਂ ਦੇ ਘੋਲ ਦਾ ਬਹੁਤ ਅਸਰ ਹੋਇਆ। ਉਹ ਛੇਤੀ ਹੀ "ਹਿੰਦੁਸਤਾਨ ਐਸੋਸੀਏਸ਼ਨ" ਦੇ ਕਰਤਿਆਂ ਧਰਤਿਆਂ ਵਿੱਚੋਂ ਹੋ ਗਏ। ਆਪ ਦੇ ਆਉਣ ਨਾਲ ਇਸ ਸੋਸਾਇਟੀ ਦਾ ਫਰਾਂਸ, ਨਟਾਲ (ਅਫਰੀਕਾ) ਤੇ ਮਿਸਰ ਵਿੱਚ ਰਹਿ ਰਹੇ ਹਿੰਦੀ ਦੇਸ਼ ਭਗਤਾਂ ਨਾਲ ਚਿੱਠੀ ਪੱਤਰ ਚਲ ਪਿਆ।[1]

ਹਾਪਕਿਨਸਨ ਦੇ ਕਹੇ ਕਿਸੇ ਉਮਰਾਓ ਸਿੰਘ ਨੇ ਜੀ.ਡੀ. ਕੁਮਾਰ ਦੇ ਕਮਰੇ ਵਿੱਚੋਂ ਯੂਰਪ ਤੋਂ ਨਿਕਲ ਰਹੇ ਹਿੰਦੀ ਇਨਕਲਾਬੀਆਂ ਦੇ ਸੋਸ਼ਿਐਲੋਜਿਸਟ, 'ਬੰਦੇ ਮਾਤਰਮ', 'ਤਲਵਾਰ', 'ਲਿਬਰੇਟਰ', ਮੌਲਵੀ ਬਰਕਤਉਲਾ ਦੇ ਜਾਪਾਨ ਤੋਂ ਜਾਰੀ ਕੀਤੇ 'ਇਸਲਾਮਿਕ ਫਰੈਟਰਨਿਟੀ', ਆਇਰਲੈਂਡ ਦੇ 'ਆਇਰਸ਼ ਇੰਡੀਪੈਨਡੈਨਸ' ਨਾਮੀ ਰਸਾਲਿਆਂ ਦੀਆਂ ਕਈ ਕਾਪੀਆਂ ਚੁਰਾ ਕੇ ਉਸ ਨੂੰ ਲਿਜਾ ਦਿੱਤੀਆਂ।[2]

ਮਈ, 1911 ਵਿੱਚ ਜੀ. ਡੀ. ਕੁਮਾਰ ਦੀ, ਇੱਕ ਜ਼ਾਤੀ ਕਮਜ਼ੋਰੀ ਦੇ ਕਾਰਨ 'ਸਵਦੇਸ਼ ਸੇਵਕ ਹੋਮ' ਵਾਲੇ ਮਕਾਨ ਦੀ ਮਾਲਕੀ ਦਾ ਝਗੜਾ ਉੱਠ ਪਿਆ ਤੇ ਉਹ ਕੈਨੇਡਾ ਛਡਕੇ ਅਮਰੀਕਾ ਚਲੇ ਗਏ ਤੇ ਸੀਆਟਲ ਰਹਿਣ ਲੱਗ ਪਏ[3]। ਇਸ ਝਗੜੇ ਅਤੇ ਜੀ.ਡੀ. ਕੁਮਾਰ ਦੇ ਚਲੇ ਜਾਣ ਨਾਲ ਇਹ 'ਹਿੰਦੁਸਤਾਨ ਐਸੋਸੀਏਸ਼ਨ' ਟੁਟ ਗਈ। ਇਸ ਘਾਟੇ ਨੂੰ ਕੈਨੇਡਾ ਦੀ ਲੀਡਰਸ਼ਿਪ ਨੇ ਝਟ ਹੀ ਪੂਰਿਆਂ ਕਰ ਦਿੱਤਾ ਤੇ ਇਸ ਤੋਂ ਛੇਤੀ ਬਾਅਦ ਹੀ 15 ਦਸੰਬਰ, 1911 ਨੂੰ[4] 'ਯੂਨਾਈਟਿਡ ਇੰਡੀਆ ਲੀਗ' ਬਣਾ ਲਈ। ਜਿਸ ਦੇ ਪ੍ਰਧਾਨ ਸ੍ਰੀ ਹਸਨ ਰਹੀਮ ਤੇ ਸਕੱਤਰ ਰਾਜਾ ਸਿੰਘ ਉਰਫ ਹਜ਼ਾਰਾ ਸਿੰਘ ਬਾੜੀਆਂ ਬਣੇ। ਇਸ ਲੀਗ ਨੇ ਰਹੀਮ ਦੀ ਐਡੀਟਰੀ ਹੇਠ ਜਨਵਰੀ 1914 ਵਿੱਚ ਜਾ ਕੇ ਅੰਗਰੇਜ਼ੀ ਵਿੱਚ 'ਹਿੰਦੁਸਤਾਨੀ' ਨਾਮ ਦਾ ਰਸਾਲਾ ਕੱਢਿਆ। ਰਸਾਲੇ ਦਾ ਕੰਮ ਹਿੰਦੀਆਂ ਦੀ ਲਹਿਰ ਦੀ ਅਗਵਾਈ ਤੇ ਸਹਾਇਤਾ ਕਰਨੀ ਤੇ ਲੀਗ ਦੇ ਮਕਸਦਾਂ ਦਾ ਪ੍ਰਚਾਰ ਕਰਨਾ ਸੀ। ਲੀਗ ਦੇ ਮਕਸਦ ਸਨ-

1. ਨਸਲ, ਮਜ਼ਹਬ ਤੇ ਰੰਗ ਦਾ ਵਿਤਕਰਾ ਨਾ ਪਾਉਣਾ।
2. ਹਿੰਦੁਸਤਾਨ ਲਈ ਜਮਹੂਰੀ ਸਵਰਾਜ (ਡੈਮੋਕਰੈਟਿਕ ਸੈਲਫ ਗੌਰਮਿੰਟ ਫਾਰ ਇੰਡੀਆ) ਪ੍ਰਾਪਤ ਕਰਨਾ।
3. ਸਭ ਨੂੰ ਇਕੋ ਕੌਮ ਹੋਣ ਦਾ ਉਪਦੇਸ਼ ਦੇਣਾ।
4. ਇਸਤਰੀਆਂ ਦੀ ਆਜ਼ਾਦੀ ਲੈਣਾ।

ਇਸ ਦੀ ਮੈਂਬਰੀ ਦਾ ਚੰਦਾ 50 ਸੈਂਟ ਸੀ। ਲੀਗ ਹਿੰਦੀਆਂ ਵਿੱਚ ਸਮਾਜੀ ਤੇ ਸਿਆਸੀ

---

1. ਘਾਟ (ਅ) ਫਰਵਰੀ 1911, ਕਾਰਵਾਈ ਨੰ. 4-9
2. ਘਾਟ (ੳ) ਸਤੰਬਰ, 1911, ਕਾਰਵਾਈ ਨੰ. 4-7
3. ਉਤਲਿਖਤ।
4. ਕੋਮਾਗਾਟਾ ਮਾਰੂ ਦੀ ਯਾਤਰਾ (ਅੰਗਰੇਜ਼ੀ) ਸਫਾ 13

ਵਿਚਾਰ ਪੈਦਾ ਕਰਨ ਤੇ ਕਾਨੂੰਨੀ ਤਰੀਕੇ ਨਾਲ ਘੋਲ ਕਰਨ ਲਈ ਬਣਾਈ ਗਈ ਸੀ। ਇਹ ਹਿੰਦੁਤਾਨ ਵਿੱਚ ਅੰਗਰੇਜ਼ੀ ਸਾਮਰਾਜੀ ਲੁਟ ਤੇ ਪੁਲਸੀ ਜਬਰ ਜ਼ੁਲਮ ਦੀ ਭੰਡੀ ਭੀ ਕਰਦੀ। 1913 ਵਿੱਚ ਜਦ ਯੂ.ਪੀ. ਵਿੱਚ ਕਾਲ ਪਿਆ ਤਾਂ ਇਸ ਲੀਗ ਨੇ ਕਾਲ ਪੀੜਤ ਲੋਕਾਂ ਲਈ ਉਗਰਾਹੀ ਕਰ ਕੇ ਭੇਜਣ ਵਾਸਤੇ ਇੱਕ 'ਸਹਾਇਤਾ ਕਮੇਟੀ' ਬਣਾਈ, ਜਿਸ ਦਾ ਸਕੱਤਰ ਮਸ਼ਹੂਰ ਇਨਕਲਾਬੀ ਭਾਈ ਰਤਨ ਸਿੰਘ ਰਾਏਪੁਰ ਡਬੇ ਨੂੰ ਬਣਾਇਆ ਗਿਆ। ਇਸ ਕਮੇਟੀ ਨੇ 700 ਡਾਲਰ ਉਗਰਾਹ ਕੇ ਡਾਕਟਰ ਹਿਰਦੇ ਨਾਥ ਕੁਨਜ਼ੁਰੂ ਨੂੰ ਦਿੱਤੇ, ਜੋ ਉਗਰਾਹੀ ਕਰਨ ਕੈਨੇਡਾ ਆਇਆ ਸੀ।[1]

ਲੀਗ ਨੇ 1913 ਵਿੱਚ ਹੋਏ ਕਾਂਗਰਸ ਦੇ ਅਜਲਾਸ ਉਤੇ ਨੁਕਤਾਚੀਨੀ ਕਰਦਿਆਂ ਹੋਇਆਂ ਸਰਬ ਹਿੰਦ ਕੌਮੀ ਕਾਂਗਰਸ ਪਾਸੋਂ ਮੰਗ ਕੀਤੀ, ਕਿ ਉਹ ਹੇਠਲੀਆਂ ਗੱਲਾਂ ਨੂੰ ਆਪਣੇ ਪ੍ਰੋਗਰਾਮ ਵਿੱਚ ਧਾਰਨ ਕਰੇ–

1. ਸੂਬਿਆਂ ਦੀਆਂ ਦੇਸੀ ਜ਼ਬਾਨਾਂ ਦੀ ਵਰਤੋਂ ਨੂੰ ਨ ਘਟਾਇਆ ਜਾਵੇ। ਕਿਉਂਕਿ ਚੀਨੀਆਂ ਤੇ ਜਾਪਾਨੀਆਂ ਵਾਂਗ ਅੰਗਰੇਜ਼ੀ ਪੜ੍ਹਨ ਤੋਂ ਬਿਨਾਂ ਹੀ ਆਪਣੀਆਂ ਦੇਸੀ ਜ਼ਬਾਨਾਂ ਪੜ੍ਹ ਕੇ ਸਿਆਣਾ ਤੇ ਸੁਚੱਜਾ ਬਣਿਆ ਜਾ ਸਕਦਾ ਹੈ ਤੇ ਕਾਂਗਰਸ ਦੇ ਪ੍ਰੋਗਰਾਮ ਨੂੰ ਦੇਸੀ ਜ਼ਬਾਨਾਂ ਵਿੱਚ ਛਾਪ ਕੇ ਵੰਡਿਆ ਜਾਇਆ ਕਰੇ ਤਾਂ ਜੋ ਆਮ ਹਿੰਦੀ ਜਨਤਾ ਜਾਣੂ ਹੋ ਸਕੇ।

2. ਬਰਤਾਨਵੀ ਸਰਕਾਰ ਨੂੰ ਆਖਿਆ ਜਾਵੇ, ਕਿ ਉਹ ਪਾਰਲੀਮੈਂਟ ਦੇ ਅਗਲੇ ਅਜਲਾਸ ਵਿੱਚ ਹਿੰਦੁਸਤਾਨ ਲਈ ਸਵਰਾਜ (ਸੈਲਫ ਗੌਰਮਿੰਟ) ਕਾਇਮ ਕਰਨ ਦਾ ਕਾਨੂੰਨ ਪਾਸ ਕਰੇ।

3. ਮੁਫਤ ਤੇ ਲਾਜ਼ਮੀ ਵਿੱਦਿਆ।

4. ਹਰ ਪੜ੍ਹੇ ਨੂੰ, ਭਾਵੇਂ ਉਹ ਅੰਗਰੇਜ਼ੀ ਨਾ ਜਾਣਦਾ ਹੋਵੇ, ਵੋਟ ਦੇਣ ਦਾ ਹੱਕ ਹੋਵੇ।

5. ਹਰ ਇੱਕ ਨੂੰ ਆਪਣੇ ਵਿਚਾਰ ਪੇਸ਼ ਕਰਨ ਦੀ ਖੁੱਲ੍ਹ ਹੋਵੇ।

6. ਜ਼ਮੀਨ ਦਾ ਮਾਮਲਾ ਕਾਫੀ ਘੱਟ ਕਰ ਦਿੱਤਾ ਜਾਵੇ।

7. ਮਾਲੀ (ਫਾਈਨੈਸ਼ਨਲ) ਪੋਜ਼ੀਸ਼ਨ ਨੂੰ ਮੁੜ ਸਵਾਰਿਆ ਜਾਵੇ।

8. ਕਾਰਖਾਨਿਆਂ ਤੇ ਬਾਗਾਂ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਦੀ ਤਨਖਾਹ ਦੀ ਘਟੋ ਘੱਟ ਹੱਦ ਬੰਨ੍ਹ ਦਿੱਤੀ ਜਾਵੇ।

9. ਖੁਦ ਅਧਿਕਾਰੀ ਬਸਤੀਆਂ ਦੀਆਂ ਸਰਕਾਰਾਂ ਨਾਲ ਦੇਸ਼ ਉਤਾਰੇ ਤੇ ਵਸਨੀਕਾਂ ਦੇ ਹੱਕਾਂ ਬਾਰੇ ਲਿਖਤਾਂ ਕੀਤੀਆਂ ਜਾਣ, ਜਿਨ੍ਹਾਂ ਵਿੱਚ ਹਿੰਦੁਸਤਾਨ ਨੂੰ ਵਿਸ਼ੇਸ਼ ਕੌਮ ਮਿਥਿਆ ਜਾਵੇ।

ਹੋਰ ਇਹ ਸਲਾਹ ਦਿੱਤੀ, ਕਿ ਸਾਲ ਵਿੱਚ ਇੱਕ ਅਜਲਾਸ ਕਰਕੇ ਫੇਰ ਸਾਰਾ ਸਾਲ ਹਥ ਤੇ ਹੱਥ ਰੱਖ ਕੇ ਬੈਠ ਰਹਿਣ ਦੀ ਆਦਤ ਛਡ ਦਿੱਤੀ ਜਾਵੇ ਤੇ 1914 ਤੋਂ ਅਗਾਂਹ ਸਾਰਾ ਸਾਲ ਮਰਦਾਂ ਵਾਂਗ ਸਰਗਰਮ ਹੋ ਕੇ ਸਿਆਸੀ ਮੁਹਿਮ ਚਲਾਈ ਰੱਖਣ ਦਾ ਰਸਤਾ ਧਾਰਨ ਕੀਤਾ ਜਾਵੇ।[2]

ਜਿਵੇਂ ਜਿਵੇਂ ਹਿੰਦੀਆਂ ਦੀ ਸੂਝ ਕੌਮੀ ਤੇ ਬਗਾਵਤੀ ਹੁੰਦੀ ਗਈ, ਹਿੰਦੀਆਂ ਵਿੱਚੋਂ ਕੁਝ ਅਨਸਰ ਥਿੜਕ ਕੇ ਪਿਛਾਂ ਰਹਿ ਗਿਆ ਤੇ ਉਸ ਨੇ ਅਜਿਹਾ ਰਵੱਈਆ ਧਾਰਨ ਕੀਤਾ ਜੋ ਕੌਮੀ ਜਾਗਰਤਾ ਦੀ ਉਸ ਵੇਲੇ ਦੀ ਪੱਧਰ ਨੂੰ ਹੇਠਾਂ ਲਿਜਾਂਦਾ ਸੀ ਤੇ ਇਹ ਅਨਸਰ ਹਿੰਦੀਆਂ ਦੀ ਲਹਿਰ

---

1. ਮਾਸਕ ਪੱਤਰ, 'ਹਿੰਦੁਸਤਾਨੀ' ਵੈਨਕੋਵਰ ਨੰ. 4, ਪਹਿਲੀ ਜਿਲਦ, 1 ਮਈ, 1914
2. 'ਹਿੰਦੋਸਤਾਨੀ' (ਅੰਗਰੇਜ਼ੀ) ਵੈਨਕੋਵਰ ਨੰ. 2 ਫਰਵਰੀ, 1914

ਦੀਆਂ ਆਗੂ ਜਥੇਬੰਦੀਆਂ ਖਾਲਸਾ ਦੀਵਾਨ ਸੋਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਤੋਂ ਅਲੱਗ ਹੋ ਕੇ ਪਰੇ ਹਟ ਗਿਆ ਤੇ ਇਸ ਨਾਲ ਆਪਣੇ ਜੁਦਾ ਗੁਰਦਵਾਰੇ ਬਣਾਏ ਤੇ ਅਖਬਾਰ ਕੱਢ ਲਏ। ਇਹ ਧੜਾ ਹਿੰਦੀਆਂ ਵਿੱਚ ਧਰਮ ਦੇ ਨਾਂ ਉੱਤੇ ਭਰਮ ਭੁਲੇਖੇ ਪਾ ਕੇ ਇਹਨਾਂ ਦੀ ਲਹਿਰ ਨੂੰ ਮੁੜ ਮਜ਼ਹਬੀ ਫੇਰ ਵਿੱਚ ਪਿਛਾਂ ਸੁੱਟਣ ਤੇ ਕਮਜ਼ੋਰ ਕਰਨ ਦਾ ਕਾਰਨ ਬਣ ਗਿਆ ਸੀ। ਇਸ ਦਾ ਮੋਢੀ ਡਾਕਟਰ ਸੁੰਦਰ ਸਿੰਘ ਲਾਹੌਰੀਆ, ਕਰਤਾਰ ਸਿੰਘ ਅਕਾਲੀ ਤੇ ਖਾਲਸਾ ਵੈਨਕੋਵਰ ਸਟੋਰ ਵਾਲਾ ਹੀਰਾ ਸਿੰਘ ਸਨ ਤੇ ਸਾਥੀ ਭਾਈ ਪਿਆਰਾ ਸਿੰਘ ਲੰਗੇਰੀ ਵੀ ਇਹਨਾਂ ਦੇ ਸਹਾਇਕ ਬਣ ਗਏ। ਇਹਨਾਂ ਨੇ ਇਕ ਉਟਾਵਾ ਤੋਂ "ਆਰੀਅਨ" ਨਾਮ ਦਾ ਦੋਮਾਹੀ ਅੰਗਰੇਜ਼ੀ ਅਖਬਾਰ ਕਢਿਆ ਤੇ ਵੈਨਕੋਵਰ ਤੋਂ ਪੰਜਾਬੀ ਵਿੱਚ "ਸੰਸਾਰ"। "ਆਰੀਅਨ" ਦੇ ਐਡੀਟਰ ਡਾਕਟਰ ਸੁੰਦਰ ਸਿੰਘ ਤੇ "ਸੰਸਾਰ" ਦੇ ਕਰਤਾਰ ਸਿੰਘ ਸਨ। ਇਹ ਅਖਬਾਰ ਹਿੰਦੀ ਏਕਤਾ ਦੀ ਹਾਮੀ ਤਾਂ ਭਰਦੇ ਅਤੇ ਹਿੰਦੀਆਂ ਦੇ ਕੈਨੇਡਾ ਵਿੱਚ ਵਸੇਬੇ (ਵੋਟ ਤੇ ਵਸਣ) ਦੇ ਹਕਾਂ ਦੀ ਵਕਾਲਤ ਵੀ ਕਰਦੇ ਪਰ ਇਹ ਸਭ ਕੁਝ ਸਿੱਖੀ ਜਾਮੇ ਵਿੱਚ ਹੀ ਕੀਤਾ ਜਾਂਦਾ ਤੇ ਹਿੰਦੀਆਂ ਤੇ ਕੌਮੀ ਲਹਿਰ ਤੇ ਹਿੰਦ ਉੱਤੇ ਅੰਗਰੇਜ਼ੀ ਰਾਜ ਦੇ ਕਬਜ਼ੇ ਬਾਰੇ ਕੁਝ ਨਾ ਲਿਖਦੇ।

ਇਹਨਾਂ ਦੇ ਇਹ ਖਿਆਲ ਉਸ ਵੇਲੇ ਦੇ ਹਿੰਦੀਆਂ ਦੀ ਕੌਮੀ ਸੂਝ ਦੀ ਚੜ੍ਹ ਰਹੀ ਪਧਰ ਦੇ ਅਨਕੂਲ ਨਹੀਂ ਸਨ। ਇਸ ਲਈ ਇਹਨਾਂ ਅਖਬਾਰਾਂ ਤੇ ਆਦਮੀਆਂ ਦੀ ਬਹੁਤ ਵਿਰੋਧਤਾ ਹੋਣ ਲੱਗ ਪਈ।[1]

ਇਮਪੀਰੀਅਲ ਸਰਕਾਰ ਦੇ ਪੁੱਛਣ ਉੱਤੇ ਲੰਡਨ ਦੇ ਹਿੰਦ ਦਫਤਰ ਦੇ ਲਾਇਬਰੇਰੀਅਨ ਨੇ 'ਸੰਸਾਰ' ਬਾਰੇ ਰਾਏ ਦਿੱਤੀ, ਕਿ "ਇਸ ਅਖਬਾਰ ਵਿੱਚ ਸਰਕਾਰ ਦੇ ਖਿਲਾਫ ਕੁਝ ਨਹੀਂ ਲਭਾ, ਇਸ ਵਿੱਚ ਕੌਮੀ ਖਿਆਲਾਂ ਦੀ ਥਾਂ ਸਿਖੀ ਖਿਆਲ ਹੁੰਦੇ ਹਨ।[2]

ਭਾਈ ਭਗਵਾਨ ਸਿੰਘ ਨੇ 1913 ਵਿੱਚ ਇਨ੍ਹਾਂ ਅਖਬਾਰਾਂ ਨੂੰ ਗ਼ਦਰ ਵਰਗੇ ਗਰਮ ਤੇ ਅੰਗਰੇਜ਼ ਵਿਰੋਧੀ ਲੀਹੇ ਤੁਰਨ ਲਈ ਆਖਿਆ, ਪਰ ਕਰਤਾਰ ਸਿੰਘ ਨਾ ਮੰਨਿਆ। ਇਸ ਉੱਤੇ ਭਗਵਾਨ ਸਿੰਘ ਦੀ ਅਗਵਾਈ ਹੇਠ ਹਿੰਦੀਆਂ ਵਿੱਚ ਹਵਾ ਬਝ ਗਈ ਕਿ ਅਖਬਾਰ ਨਿਜੀ ਨਹੀਂ, ਸਾਰੀ ਕੌਮ ਵਲੋਂ ਹੋਣਾ ਚਾਹੀਦਾ ਹੈ। ਲੋਕ ਇਸ ਦੇ ਬਹੁਤ ਬਰਖਿਲਾਫ ਹੋ ਗਏ। ਝਗੜਾ ਐਨਾ ਵਧਿਆ ਕਿ ਹਿੰਦੀ ਲੋਕ ਇਹਨਾਂ ਸੁੰਦਰ ਸਿੰਘ, ਕਰਤਾਰ ਸਿੰਘ ਤੇ ਭਾਈ ਪਿਆਰਾ ਸਿੰਘ ਨੂੰ ਜਾਨੋ ਮਾਰ ਦੇਣ ਲਈ ਤਿਆਰ ਹੋ ਗਏ। ਇੱਕ ਦਿਨ ਉਹਨਾਂ 'ਸੰਸਾਰ' ਦੇ ਦਫਤਰ ਨੂੰ ਹੀ ਅੱਗ ਲਾ ਦਿੱਤੀ।......"ਅਖਬਾਰ ਲੋਕਾਂ ਚਲਣ ਨਹੀਂ ਦਿੱਤਾ"[3]।

ਇਹਨਾਂ ਪੰਗਤੀਆਂ ਤੋਂ ਸਿੱਧ ਹੁੰਦਾ ਹੈ ਕਿ ਕੈਨੇਡਾ ਦੇ ਹਿੰਦੀਆਂ ਵਿੱਚ ਕੌਮੀ ਸੂਝ ਬੂਝ ਤੇ ਜਾਗਰਤਾ ਕਿਸ ਟੀਚੇ ਤੇ ਚੜ੍ਹ ਰਹੀ ਸੀ। ਲੋਕਾਂ ਵਿੱਚ ਆਈ ਇਹ ਜਾਗਰਤ ਨਰਮ ਤੇ ਸੁਧਾਰੂ ਅਖਬਾਰਾਂ ਤੇ ਬੰਦਿਆਂ ਨੂੰ ਜੋ ਕੇਵਲ ਮਜ਼ਹਬੀ ਲੀਹਾਂ ਉੱਤੇ ਤੁਰ ਰਹੇ ਹੋਣ, ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ। ਵੈਨਕੋਵਰ ਦਾ "ਸਨ" ਆਪਣੇ 19 ਮਾਰਚ 1913 ਦੇ ਐਡੀਟੋਰੀਅਲ ਵਿੱਚ ਲਿਖਦਾ ਹੈ–

---

1. ਘਾਟ (ਅ) ਮਾਰਚ 1911, ਕਾਰਵਾਈ ਨੰ. 11
2. ਘਾਟ (ਅ) ਅਪਰੈਲ 1913 ਕਾਰਵਾਈ ਨੰ. 9–10
3. ਭਾਈ ਪਿਆਰਾ ਸਿੰਘ ਲੰਗੇਰੀ ਦਾ ਲਿਖਤੀ ਬਿਆਨ, ਸਫਾ 2–3

"ਕੈਨੇਡਾ ਦੀ ਹਿੰਦੀ ਵਸੋਂ ਹਿੰਦੁਸਤਾਨ ਵਿੱਚ ਅੰਗਰੇਜ਼ੀ ਰਾਜ ਨਾਲ ਵਿਟਰੀ ਹੋਈ ਹੈ।"

ਕੈਨੇਡਾ ਦੇ ਹਿੰਦੀ ਤੇ ਇਹਨਾਂ ਦੀ ਲਹਿਰ ਕੈਨੇਡਾ ਦੀਆਂ ਹੱਦਾਂ ਅੰਦਰ ਹੀ ਬੰਦ ਨਹੀਂ ਸੀ। ਕੈਨੇਡਾ ਤੇ ਅਮਰੀਕਾ ਦੇ ਹਿੰਦੀ ਬੰਦਸ਼ਾਂ ਦੇ ਬਾਵਜੂਦ ਇਧਰੋਂ ਉਧਰ ਆ ਜਾ ਜਾਂਦੇ ਸਨ। ਦੋਹਾਂ ਪਾਸਿਆਂ ਦੇ ਹਿੰਦੀਆਂ ਦੀ ਸਿਆਸੀ ਜਾਗਰਤਾ ਤੇ ਸਮਾਜੀ ਕਰਨੀਆਂ ਇੱਕ ਦੂਜੇ ਉਤੇ ਅਸਰ ਪਾਉਂਦੀਆਂ ਸਨ। ਹਾਂਡੂਰਾਸ ਦੇ ਘੋਲ ਵੇਲੇ ਭਾਈ ਬਲਵੰਤ ਸਿੰਘ, ਭਾਈ ਜਵਾਲਾ ਸਿੰਘ ਤੇ ਹੋਰਨਾਂ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਨ ਅਮਰੀਕਾ ਗਏ। ਜਦ 'ਹਿੰਦੁਸਤਾਨ ਐਸੋਸੀਏਸ਼ਨ' ਤੇ 'ਯੂਨਾਈਟਿਡ ਇੰਡੀਆ ਲੀਗ' ਬਣੀਆਂ ਤੇ ਇਹਨਾਂ ਨੇ ਕੰਮ ਸ਼ੁਰੂ ਕੀਤਾ ਤਾਂ ਇਹਨਾਂ ਦੇ ਸੰਬੰਧ ਅਮਰੀਕਾ, ਮਿਸਰ, ਫਰਾਂਸ, ਜਾਪਾਨ ਤੇ ਨਟਾਲ ਵਿੱਚ ਰਹਿਣ ਵਾਲੇ ਦੇਸ਼ ਭਗਤ ਹਿੰਦੀਆਂ ਨਾਲ ਭੀ ਕਾਇਮ ਹੋਏ। ਇਹਨਾਂ ਨੇ ਉਹਨਾਂ ਦੀਆਂ ਅਖਬਾਰਾਂ ਮੰਗਵਾਈਆਂ ਤੇ ਆਪਣੀਆਂ ਭੇਜੀਆਂ।

ਹਿੰਦੀਆਂ ਦੇ ਕੈਨੇਡਾ ਵਿੱਚ ਵਸਣ ਅਤੇ ਹੱਡ ਭੰਨਵੀਂ ਕਮਾਈ ਨਾਲ ਰੁਪਇਆ ਜੋੜ ਕੇ ਜਾਇਦਾਦਾਂ ਦੇ ਮਾਲਕ ਬਣ ਜਾਣ ਕਰਕੇ ਇਹਨਾਂ ਦਾ ਵੈਨਕੋਵਰ, ਵਿਕਟੋਰੀਆ, ਨਿਊ ਵੈਸਟਮਿਨਿਸਟਰ ਅਤੇ ਸੂਬਾ ਕੋਲੰਬੀਆ ਦੇ ਹੋਰਨਾਂ ਥਾਵਾਂ ਦੇ ਗੋਰਿਆਂ ਵਿੱਚ ਚੰਗਾ ਆਦਰ ਮਾਣ ਬਣ ਗਿਆ ਸੀ। ਕਈ ਤੁਰਦੇ ਕੈਨੇਡੀਅਨ ਇਹਨਾਂ ਦੀ ਲਹਿਰ ਦੀਆਂ ਮੰਗਾਂ ਦੀ ਹਮਾਇਤ ਤੇ ਸਹਾਇਤਾ ਕਰਨ ਲੱਗ ਪਏ ਸਨ। ਝਬਦੇ ਹੀ ਇਹ ਸਹਾਇਤਾ ਤੇ ਇਮਦਾਦ ਵੀ ਜਥੇਬੰਦ ਰੂਪ ਧਾਰ ਗਈ। ਇਹਨਾਂ ਸ਼ਹਿਰਾਂ ਵਿੱਚ ਤੇ ਉਤੇ ਦਸੇ ਸੂਬੇ ਵਿੱਚ "ਹਿੰਦ ਮਿੱਤਰ ਸਭਾਵਾਂ" ਬਣੀਆਂ। ਇਹਨਾਂ ਸਭਾਵਾਂ ਦੇ ਕਰਮਚਾਰੀ ਅਖਬਾਰਾਂ ਰਾਹੀਂ ਹਿੰਦੀਆਂ ਦੀਆਂ ਮੰਗਾਂ ਤੇ ਲਹਿਰ ਦੀ ਹਮਾਇਤ ਕਰਦੇ ਤੇ ਕੈਨੇਡਾ ਦੀ ਲੋਕ ਰਾਏ ਨੂੰ ਹਿੰਦੀਆਂ ਦੇ ਹੱਕ ਵਿੱਚ ਕਰਨ ਦੀ ਕਾਫੀ ਵਾਹ ਲਾਉਂਦੇ ਰਹੇ। ਕਈ ਈਸਾਈ ਸੰਸਥਾਵਾਂ ਨੇ ਭੀ ਜਿਹਨਾਂ ਵਿੱਚ "ਕਵੈਕਰਜ਼"[1] ਦਾ ਨਾਂ ਵਰਨਣਯੋਗ ਹੈ, ਇਹਨਾਂ ਦੀ ਪਰੋੜਤਾ ਕੀਤੀ।

ਲਗਾਤਾਰ ਸਨਅਤੀ ਥਾਵਾਂ ਵਿੱਚ ਕੰਮ ਕਰਦਿਆਂ ਕਰਦਿਆਂ ਹਿੰਦੀਆਂ ਨੂੰ ਸਨਅਤੀ ਮਜ਼ਦੂਰਾਂ ਵਾਲਾ ਚਜ-ਚਾਰ ਆ ਗਿਆ। ਉਹਨਾਂ ਨੂੰ ਜਥੇਬੰਦ ਮਜ਼ਦੂਰਾਂ ਦੀ ਸਤਿਆ ਦਾ ਭੀ ਗਿਆਨ ਹੋਇਆ। ਉਹਨਾਂ ਵਿਰੁੱਧ ਕੈਨੇਡੀਅਨ ਮਜ਼ਦੂਰਾਂ ਵਿੱਚੋਂ ਘਿਰਨਾ ਬਹੁਤ ਹੱਦ ਤੱਕ ਘਟਣ ਲਗੀ। ਹਿੰਦੀ ਮਜ਼ਦੂਰ ਉਸ ਵੇਲੇ ਦੀ ਕੈਨੇਡਾ ਵਿੱਚ ਮਜ਼ਦੂਰ ਜਮਾਤ ਦੀ ਪਰਚਲਤ ਵਿਚਾਰ ਧਾਰਾ ਨੂੰ ਅਪਨਾਉਣ ਲੱਗ ਪਏ। ਇਸ ਪਿੜ ਵਿੱਚ ਕੈਨੇਡਾ ਤੇ ਅਮਰੀਕਾ ਦੇ ਸੋਸ਼ਲਿਸਟਾਂ ਨੇ ਹਿੰਦੀਆਂ ਵਿੱਚ ਕਾਫੀ ਕੰਮ ਕੀਤਾ। ਇਹਨਾਂ ਸੋਸ਼ਲਿਸਟਾਂ ਦੀ ਹਿੰਮਤ ਦਾ ਹੀ ਨਤੀਜਾ ਸੀ ਕਿ ਕੈਨੇਡਾ ਵਿੱਚ ਹਿੰਦੀਆਂ ਉਤੇ ਹਮਲੇ ਨਾ ਹੋਏ। ਕੈਨੇਡਾ ਦੇ ਸੋਸ਼ਲਿਸਟ ਉਸ ਵੇਲੇ ਅਮਰੀਕਨ ਸੋਸ਼ਲਿਸਟਾਂ ਦੀ ਅਗਵਾਈ ਹੇਠ ਚਲਦੇ ਸਨ। ਇਸ ਲਈ ਅਮਰੀਕੀ ਸੋਸ਼ਲਿਸਟਾਂ ਦੀ ਕੈਨੇਡੀਅਨ ਮਜ਼ਦੂਰਾਂ ਵਿੱਚ ਲੀਡਰੀ ਸੀ। ਹਾਂਡੂਰਾਸ ਦੇ ਘੋਲ ਦੇ ਦਿਨਾਂ ਵਿੱਚ ਜਦੋਂ ਕੈਨੇਡੀਅਨ ਮਜ਼ਦੂਰਾਂ ਵਿੱਚ ਹਿੰਦੀ ਮਜ਼ਦੂਰਾਂ ਦੇ ਖਿਲਾਫ਼ ਨਫ਼ਰਤ ਬਹੁਤ ਤਿਖੀ ਸੀ, ਤਾਂ ਅਮਰੀਕਾ ਦੀ ਮਸ਼ਹੂਰ ਸੋਸ਼ਲਿਸਟ ਲੀਡਰ ਐਮਾ ਗੋਲਡਮੈਨ ਕਈ ਵੇਰਾਂ ਵੈਨਕੋਵਰ ਆਈ ਤੇ ਉਸ ਨੇ ਹਿੰਦੀਆਂ ਦੇ ਇਕੱਠਾਂ ਵਿੱਚ ਵੀ ਮਜ਼ਦੂਰ

---

2. ਘਾਟ (ਅ) ਜੁਲਾਈ 1913, ਕਾਰਵਾਈ ਨੰ. 6

ਏਕਤਾ ਤੇ ਹਿੰਦ ਦੀ ਆਜ਼ਾਦੀ ਦੇ ਹੱਕ ਵਿੱਚ ਤਕਰੀਰਾਂ ਕੀਤੀਆਂ।[1]

ਸ੍ਰੀ ਹਸਨ ਰਹੀਮ, ਬੱਗੇ ਖਾਂ ਗੁਜਰਾਤ (ਕਾਠੀਆਵਾੜ) ਤੇ ਕੁਝ ਹੋਰ ਸਜਨ ਇ.ਵ.ਵ. (ਇੰਡਸਟਰੀਅਲ ਵਰਕਰਜ਼ ਆਫ਼ ਦੀ ਵਰਲਡ) ਦੀਆਂ ਸਰਗਰਮੀਆਂ ਵਿੱਚ ਖੁਲ੍ਹ ਕੇ ਹਿੱਸਾ ਲੈਂਦੇ ਰਹੇ। ਇਹ ਲੋਕ ਹੜਤਾਲਾਂ ਵਿੱਚ ਫੜੇ ਜਾਂਦੇ ਰਹੇ ਕੈਨੇਡੀਅਨ ਮਜ਼ਦੂਰਾਂ ਦੀਆਂ ਜ਼ਮਾਨਤਾਂ ਦਿੰਦੇ, ਜਿਸ ਨੂੰ ਕੈਨੇਡੀਅਨ ਅਫਸਰਾਂ ਨੇ ਬਹੁਤ ਹੀ ਬੁਰਾ ਮਨਾਇਆ।[2]

ਇਸ ਮੇਲ ਮਿਲਾਪ ਤੋਂ ਹਿੰਦੀਆਂ ਵਿੱਚ ਭੀ ਸੋਸ਼ਲਿਸਟ ਵਿਚਾਰ ਘਰ ਕਰਨ ਲੱਗ ਪਏ ਤੇ ਯੂਨਾਈਟਿਡ ਇੰਡੀਅਨ ਲੀਗ ਕੈਨੇਡਾ ਦੀਆਂ ਮਜ਼ਦੂਰ ਜਥੇਬੰਦੀਆਂ ਤੇ ਓਥੋਂ ਦੀ ਸੋਸ਼ਲਿਸਟ ਪਾਰਟੀ ਦੇ ਕੰਮਾਂ ਕਾਰਾਂ ਵਿੱਚ ਹਿੱਸਾ ਲੈਣ ਲੱਗ ਪਈ। ਉਸ ਦਾ ਅੰਗਰੇਜ਼ੀ ਅਖਬਾਰ "ਹਿੰਦੁਸਤਾਨ" ਕਾਰਲ ਮਾਰਕਸ, ਏਂਗਲਜ਼ ਤੇ ਰਾਬਰਟ ਓਵਨ ਵਰਗੇ ਮਜ਼ਦੂਰ ਜਮਾਤ ਦੇ ਲਿਖਾਰੀਆਂ ਦੇ ਚੋਣਵੇਂ ਵਾਕ ਛਾਂਟਕੇ ਛਾਪਦਾ। ਉਹਨਾਂ ਵਿੱਚੋਂ ਵੰਨਗੀ ਲਈ ਪਹਿਲੇ ਪਰਚੇ ਵਿੱਚ ਕਾਰਸਲ ਮਾਰਕਸ ਦਾ ਜਗਤ ਪਰਸਿੱਧ ਤਵਾਰੀਖੀ ਵਾਕ ਪੇਸ਼ ਕੀਤਾ ਹੈ–

"ਦੁਨੀਆਂ ਦੇ ਮਜ਼ਦੂਰੋ! ਇੱਕ ਹੋ ਜਾਓ!
ਤੁਹਾਡਾ ਆਪਣੀਆਂ ਜ਼ੰਜੀਰਾਂ ਤੋਂ ਬਿਨਾਂ ਹੋਰ ਕੁਝ ਨਹੀਂ ਗਵਾਚਣਾ[3]।"

ਖਾਲਸਾ ਦੀਵਾਨ ਸੋਸਾਇਟੀ ਵੀ ਉਹੀ ਖਿਆਲ ਤੇ ਬੰਦੇ ਰੱਖਦੀ ਸੀ, ਜੋ ਲੀਗ। ਲੀਗ ਤੇ ਖਾਲਸਾ ਦੀਵਾਨ ਸੋਸਾਇਟੀ ਦੇ ਕਈ ਜਲਸੇ ਸਾਂਝੇ ਹੁੰਦੇ, ਜਿਹਨਾਂ ਵਿੱਚ ਗੋਰੇ ਸੋਸ਼ਲਿਸਟ ਵੀ ਆ ਕੇ ਬੋਲਦੇ। ਹਿੰਦ ਦਾ ਆਪਣਾ ਝੰਡਾ ਨਾ ਹੋਣ ਕਰਕੇ ਇਹਨਾਂ ਜਲਸਿਆਂ ਵਿੱਚ ਲਾਲ ਝੰਡਾ ਝੁਲਾਇਆ ਜਾਂਦਾ। 21 ਜੂਨ 1916 ਨੂੰ ਹੋਏ ਕਾਮਾਗਾਟਾ ਮਾਰੂ ਦੇ ਸਿਲਸਿਲੇ ਵਿੱਚ ਇੱਕ ਅਜਿਹੇ ਜਲਸੇ ਉੱਤੇ ਬੋਲਣ ਵਾਲੇ ਲੀਡਰ ਹੱਥ ਵਿੱਚ ਲਾਲ ਝੰਡਾ ਫੜਕੇ ਬੋਲਦੇ ਰਹੇ। ਇਹ ਸਭ ਬਾਗੀਆਨਾ ਤਕਰੀਰਾਂ ਸਨ। ਇਸ ਜਲਸੇ ਵਿੱਚ ਅਮਰੀਕਾ ਤੇ ਕੈਨੇਡਾ ਦਾ ਮਸ਼ਹੂਰ ਸੋਸ਼ਲਿਸਟ ਲੀਡਰ ਫਰਿਟਜ਼ ਜੈਰਲਡ ਵੀ ਬੋਲਿਆ। ਉਸਨੇ ਹਿੰਦੀਆਂ ਨੂੰ ਦੇਸ਼ ਜਾ ਕੇ ਅੰਗਰੇਜ਼ੀ ਰਾਜ ਵਿਰੁੱਧ ਲੜਕੇ ਗਲੋਂ ਗੁਲਾਮੀ ਦਾ ਜੂਲਾ ਲਾਹ ਸੁਟਣ ਲਈ ਆਖਿਆ ਤੇ ਦਸਿਆ ਕਿ ਹਿੰਦ ਨੂੰ ਆਜ਼ਾਦ ਕਰਵਾਏ ਤੋਂ ਬਗੈਰ ਹਿੰਦੀ ਕੈਨੇਡਾ ਵਿੱਚ ਉਤਾਰੇ ਤੇ ਵਸੇਬੇ ਦੇ ਹੱਕ ਪ੍ਰਾਪਤ ਨਹੀਂ ਕਰ ਸਕਣਗੇ। ਇਸ ਜਲਸੇ ਵਿੱਚ ਭਾਈ ਬਲਵੰਤ ਸਿੰਘ ਖੁਰਦਪੁਰੀ, ਸ੍ਰੀ ਹਸਨ ਰਹੀਮ ਤੇ ਪੰਡਤ ਸੋਹਣ ਲਾਲ ਵੀ ਬੋਲੇ[4]।

ਹਿੰਦੀਆਂ ਨੂੰ ਕਈ ਸਾਲਾਂ ਤੋਂ ਵਸਨੀਕ ਬਣ ਜਾਣ ਤੇ ਭੀ ਵੋਟ ਦੇਣ ਦਾ ਹੱਕ ਨਹੀਂ ਸੀ। 30 ਅਪਰੈਲ, 1912 ਨੂੰ ਇੰਗਲਸਤਾਨ ਦੀ ਲੋਕ ਸਭਾ ਵਿੱਚ ਦਸਿਆ ਗਿਆ ਕਿ ਬਰਿਟਿਸ਼ ਕੋਲੰਬੀਆ ਵਿੱਚ ਹਿੰਦੀਆਂ ਨੂੰ ਵੋਟ ਕਰਨ ਦਾ ਅਖਤਿਆਰ ਨਹੀਂ। ਪਿਛਲੇ ਸਾਲ ਇਮਪੀਰੀਅਲ ਕੌਂਸਲ ਨੇ ਹੀ ਦੱਸ ਦਿੱਤਾ ਸੀ ਕਿ ਹਿੰਦੀਆਂ ਨੂੰ ਵੋਟ ਪਰਾਪਤ ਕਰਨ ਦੀ ਉਮੀਦ ਨਹੀਂ ਤੇ ਨਾ ਉਹ

---

1. ਘਾਟ (ੳ) ਮਈ 1909, ਕਾਰਵਾਈ ਨੰ. 13, ਸਫਾ 36-37
2. ਘਾਟ (ਅ) ਮਈ 1912, ਕਾਰਵਾਈ ਨੰ. 26-27
3. ਮਾਸਕ ਪੱਤਰ 'ਹਿੰਦੁਸਤਾਨੀ' (ਅੰਗਰੇਜ਼ੀ) ਵੈਨਕੋਵਰ, ਨੰ. 1 ਜਨਵਰੀ 1914
4. ਵੈਨਕੋਵਰ 'ਸਨ', ਹਫਤਾਵਾਰੀ ਐਡੀਸ਼ਨ 22 ਜੂਨ 1914, ਨੰ. 3-736

ਕਰ ਸਕਦੇ ਹਨ[1]। ਇਹਨਾਂ ਨੂੰ ਮੜ੍ਹੀਆਂ ਤੇ ਸਿਵਿਆਂ ਲਈ ਵਿਕਟੋਰੀਆ ਤੇ ਵੈਨਕੋਵਰ ਵਿੱਚ ਜਗ੍ਹਾ ਨਹੀਂ ਦਿੱਤੀ ਜਾਂਦੀ ਸੀ। ਵਿਕਟੋਰੀਆ ਵਿੱਚ ਤਾਂ ਬੜੇ ਘੋਲ ਤੇ ਐਜੀਟੇਸ਼ਨ ਤੋਂ ਬਾਅਦ ਗੁਰਦਵਾਰਾ ਬਨਾਉਣ ਦੀ ਆਗਿਆ ਦਿੱਤੀ ਗਈ। ਇਸ ਕਰਕੇ ਇਹ ਗੁਰਦਵਾਰਾ 6 ਅਕਤੂਬਰ, 1912 ਨੂੰ ਖੁੱਲ੍ਹ ਸਕਿਆ[2]। ਮਈ 1914 ਵਿੱਚ ਦਖਣੀ ਵੈਨਕੋਵਰ ਦੀ ਮਿਊਨਸਪਲ ਕੌਂਸਲ ਨੇ ਹਿੰਦੀਆਂ ਪਾਸੋਂ ਦੁੱਧ ਦਾ ਵਪਾਰ ਖੋਹਣ ਲਈ ਇਹਨਾਂ ਤੋਂ ਦੁੱਧ ਵੇਚਣ ਦੇ ਪਰਮਿਟ ਖੋਹ ਲਏ ਤੇ ਅਗਾਂਹ ਦੇਣੇ ਬੰਦ ਕਰ ਦਿੱਤੇ[3]। ਇਹਨਾਂ ਹੱਕਾਂ ਲਈ ਭੀ ਹਿੰਦੀ ਅਖਬਾਰਾਂ ਤੇ ਇਕੱਠਾਂ ਨੇ ਬੜੀਆਂ ਮੰਗਾਂ ਕੀਤੀਆਂ। ਕੈਨੇਡਾ ਸਰਕਾਰ ਹਿੰਦੀ ਲੀਡਰਾਂ ਉੱਤੇ ਬਹੁਤ ਖਫਾ ਸੀ। ਉਸ ਨੇ ਦੋ ਵੇਰਾਂ ਸ੍ਰੀ ਹਸਨ ਰਹੀਮ ਨੂੰ ਗਰਿਫਤਾਰ ਕਰਕੇ ਦੇਸ਼ ਨਿਕਾਲਾ ਦੇਣ ਦਾ ਮੁਕਦਮਾ ਚਲਾਇਆ। ਦੋ ਵੇਰਾਂ ਹੀ ਰਹੀਮ ਬਰੀ ਹੋ ਜਾਂਦੇ ਰਹੇ। ਇਸ ਨਾਲ ਕੈਨੇਡਾ ਸਰਕਾਰ ਦੀ ਬੜੀ ਹਾਨੀ ਹੋਈ। ਅਖੀਰ 29 ਮਾਰਚ, 1912 ਨੂੰ ਹਾਪਕਿਨਸਨ ਨੇ ਰਪੋਰਟ ਕਰਕੇ ਰਹੀਮ ਨੂੰ ਗਰਿਫਤਾਰ ਕਰਵਾ ਦਿੱਤਾ ਕਿ ਕੈਨੇਡਾ ਦੇ ਸ਼ਹਿਰੀ ਹੱਕ ਨਾ ਹੁੰਦਿਆਂ ਵੀ ਉਹ ਵੋਟਰ ਬਣ ਗਿਆ ਹੈ ਤੇ ਉਸ ਨੇ ਅਲੈਕਸ਼ਨ ਵਿੱਚ ਵੋਟ ਪਾਈ ਹੈ। ਉਹ ਅਲੈਕਸ਼ਨ ਵਿੱਚ ਇ.ਵ.ਵ. ਦੇ ਉਮੈਦਵਾਰ ਲਈ ਅਲੈਕਸ਼ਨ ਏਜੰਟ ਭੀ ਬਣਿਆ ਹੈ। 2 ਮਈ, 1912 ਨੂੰ ਉਹ ਬਰੀ ਹੋ ਗਿਆ। ਵੋਟ ਕਰਨ ਦਾ ਇਲਜ਼ਾਮ ਸਾਬਤ ਨਾ ਹੋ ਸਕਿਆ ਤੇ ਵੋਟਾਂ ਦੀ ਫਰਿਸ਼ਤ ਵਿੱਚੋਂ ਉਸ ਦਾ ਨਾਂ ਨਾ ਲੱਭਾ। ਉਸ ਦੀ ਤਲਾਸ਼ੀ ਵਿੱਚੋਂ ਪੁਲਸ ਨੂੰ ਉਸ ਦਾ ਸੋਸ਼ਲਿਸਟ ਪਾਰਟੀ ਦੀ ਮੈਂਬਰੀ ਦਾ ਕਾਰਡ ਲਭਾ, ਸੋਸ਼ਲਿਸਟ ਪਾਰਟੀ ਦੇ ਫੰਡ ਦੀ ਉਗਰਾਹੀ ਦੀਆਂ ਰਸੀਦ ਬੁਕਾਂ ਵੀ ਮਿਲੀਆਂ ਤੇ ਕਈ ਸੋਸ਼ਲਿਸਟ ਕਿਤਾਬਾਂ ਪੁਲਸ ਦੇ ਹੱਥ ਆਈਆਂ[4]।

ਹਿੰਦੀਆਂ ਵਿੱਚ ਆਈ ਸਿਆਸੀ ਸੂਝ ਦਾ ਕੌਮੀ ਦਿਖਾਵਾ ਜੂਨ, 1911 ਵਿੱਚ ਹੋਇਆ, ਜਦੋਂ ਕੈਨੇਡਾ ਸਰਕਾਰ ਦੇ ਸੱਦੇ ਉੱਤੇ ਭੀ ਜਾਰਜ ਪੰਜਮ ਦੀ ਤਾਜਪੋਸ਼ੀ ਦਾ ਦਿਨ ਮਨਾਉਣ ਵਿੱਚ ਇੱਕ ਵੀ ਹਿੰਦੀ ਸ਼ਾਮਲ ਨਾ ਹੋਇਆ, ਸਗੋਂ ਉਹਨਾਂ ਨੇ ਆਪਣਾ ਅਡਰਾ ਜਲਸਾ ਕਰਕੇ ਕੈਨੇਡੀਅਨ ਸਰਕਾਰ ਦੀਆਂ ਧੱਕੇਸ਼ਾਹੀਆਂ ਦੀ ਭੰਡੀ ਕੀਤੀ ਤੇ ਇਸ ਬਾਈਕਾਟ ਦਾ ਕਾਰਨ ਦਸਿਆ[5]।

ਹਿੰਦੀਆਂ ਨੇ ਦੇਸੋਂ ਆਏ ਪਤਵੰਤੇ ਦੇਸ਼ ਭਗਤਾਂ ਦੀ ਭੀ ਬੜੇ ਚਾਉ ਨਾਲ ਆਓ ਭਗਤ ਕੀਤੀ। ਸੰਤ ਤੇਜਾ ਸਿੰਘ, ਭਾਈ ਭਗਵਾਨ ਸਿੰਘ, ਸ੍ਰੀ ਹਸਨ ਰਹੀਮ ਆਦਿ ਬਾਰੇ ਤਾਂ ਉਤੇ ਦਸ ਹੀ ਆਏ ਹਾਂ। ਕੈਨੇਡਾ ਤੇ ਅਮਰੀਕਾ ਦੀ ਸੈਰ ਨੂੰ ਆਏ ਬੜੋਦੇ ਦੇ ਰਾਜੇ ਨੂੰ 25 ਜੂਨ, 1910 ਨੂੰ ਵੈਨਕੋਵਰ ਸਦਿਆ ਗਿਆ ਤੇ ਇੱਕ ਭਰੇ ਜਲਸੇ ਵਿੱਚ ਉਸ ਨੂੰ ਮਾਨ ਪਤਰ ਪੇਸ਼ ਕੀਤਾ ਗਿਆ[6] ਬੜੋਦੇ ਦਾ ਰਾਜਾ ਤੇ ਰਾਣੀ ਦੋਵੇਂ ਹਿੰਦ ਦੀ ਕੌਮੀ ਲਹਿਰ ਦੇ ਬੜੇ ਹਮਦਰਦ ਤੇ ਸਹਾਇਕ ਸਨ ਤੇ ਦੇਸ਼ ਤੇ ਪਰਦੇਸ਼ ਵਿੱਚ ਵਸ ਰਹੇ ਹਿੰਦੀ ਦੇਸ਼ ਭਗਤਾਂ ਵਿੱਚ ਇਸ ਕਰਕੇ ਬਹੁਤ ਮਸ਼ਹੂਰ ਸਨ। ਪਰ

---

1. ਘਾਟ (ਅ) ਮਈ 1912, ਕਾਰਵਾਈ ਨੰ. 51
2. ਘਾਟ (ਅ) ਜਨਵਰੀ 1913, ਨੰ. 13
3. ਵੈਨਕੋਵਰ 'ਤੋਂ 'ਪਰਾਵਿੰਸ', 6 ਮਈ, 1914
4. ਘਾਟ (ਅ) ਅਗਸਤ, 1912, ਕਾਰਵਾਈ ਨੰ. 13-15
5. ਘਾਟ (ਅ) ਨਵੰਬਰ, 1912, ਕਾਰਵਾਈ ਨੰ. 17-19
6. ਘਾਟ (ਅ) ਮਈ 1912, ਕਾਰਵਾਈ ਨੰ. 28

ਜਦ 17 ਅਗਸਤ, 1912 ਨੂੰ ਕੈਨੇਡਾ ਦੇ ਦੌਰੇ ਉੱਤੇ ਆਏ ਕਾਂਗਰਸ ਦੇ ਮਸ਼ਹੂਰ ਨੇਤਾ ਤੇ ਹਿੰਦ ਦੇ ਵਾਇਸਰਾਏ ਦੀ ਵਿਧਾਨ ਸਭਾ ਦੇ ਮੈਂਬਰ ਸ਼੍ਰੀ ਗ.ਕ. ਗੋਖਲੇ ਨੂੰ ਵੈਨਕੋਵਰ ਆਉਣ ਲਈ ਬੇਨਤੀ ਕੀਤੀ ਗਈ ਤਾਂ ਉਸ ਨੇ ਆਉਣ ਤੋਂ ਸਾਫ ਇਨਕਾਰ ਕਰ ਦਿੱਤਾ[1]। ਇਹ ਸੀ ਉਹਨਾਂ ਦਿਨਾਂ ਵਿੱਚ ਅੰਗਰੇਜ਼ੀ ਸਾਮਰਾਜ ਨਾਲ ਰਲ ਮਿਲਕੇ ਚਲਣ ਤੇ ਰਿਆਇਤਾਂ ਭੋਰਨ ਵਾਲੀ ਕਾਂਗਰਸ ਦੀ ਲੀਡਰਸ਼ਿਪ ਦਾ ਕੈਨੇਡਾ ਦੇ ਹਿੰਦੀਆਂ ਦੀ ਕੌਮੀ ਲਹਿਰ ਵਲ ਰਵਈਆ।

## ਸਾਮਰਾਜੀ ਕੁਟਲਨੀਤੀ

ਇਸ ਰਾਜਸੀ ਜਾਗਰਤਾ ਦੇ ਕੌਮੀ ਸੋਝੀ ਵਿੱਚ ਪਰਤਦੇ ਜਾਣ ਤੋਂ ਅੰਗਰੇਜ਼ ਸਾਮਰਾਜੀ ਅਵੇਸਲੇ ਨਹੀਂ ਸਨ। ਉਹਨਾਂ ਨੂੰ ਇਸ ਲਹਿਰ ਤੋਂ ਬਹੁਤ ਤੌਖਲਾ ਸੀ। ਉਹ ਇਸ ਦੀ ਉਪਜ ਤੋਂ ਹੀ ਇਸ ਨੂੰ ਰੋਕਣ, ਜੇ ਰੁਕੇ ਨਾ ਤਾਂ ਵਿੱਚ ਪਾੜਕੇ ਖਿਲਾਰਨ ਅਤੇ ਜੇ ਇਸ ਵਿੱਚ ਭੀ ਸਫਲ ਨਾ ਹੋਣ ਤਾਂ ਫਿਰ ਸੁੱਟਣ ਦੀਆਂ ਗੋਂਦਾਂ ਗੁੰਦੀ ਬੈਠੇ ਸਨ। ਉਹ ਇਸ ਨੂੰ ਵਧਣੋਂ ਫੁਲਣੋਂ ਰੋਕ ਨਾ ਸਕੇ, ਪਰ ਇਸ ਨੂੰ ਪਾੜਕੇ ਖਿਲਾਰਨ ਦੇ ਜਤਨਾਂ ਵਿੱਚ ਜੁੱਟ ਪਏ। ਉਹਨਾਂ ਨੇ ਇਸ ਮਕਸਦ ਲਈ 1909 ਵਿੱਚ ਹਿੰਦ ਸਰਕਾਰ ਦਾ ਵਿਲੀਅਮ ਹਾਪਕਿਨਸਨ ਨਾਮ ਦਾ ਇੱਕ ਪੁਲਸੀ ਗੋਰਾ ਕੈਨੇਡਾ ਵਿੱਚ ਛੁਟੀ ਆਇਆ, ਨੌਕਰ ਰੱਖ ਲਿਆ। ਜੋ ਚੰਗੀ ਹਿੰਦੁਸਤਾਨੀ ਜਾਣਦਾ ਸੀ[2] ਇਸ ਨੂੰ ਹਿੰਦੀਆਂ ਦੇ ਕੰਮ ਕਾਰ ਤੇ ਬਹਿਣ ਖਲੋਣ ਦਾ ਪਤਾ ਸੁਰ ਰੱਖਣ ਤੇ ਇਹਨਾਂ ਨਾਲ ਸਿਝਣ ਲਈ ਘਾਟਾਂ ਦੇ ਮਹਿਕਮੇ ਨਾਲ ਪੁਲਸ ਅਫਸਰ ਬਣਾਕੇ ਲਾ ਲਿਆ ਗਿਆ।

ਇਹ ਬੜਾ ਕਮੀਨਾ ਤੇ ਪਨਕਾਰ ਸਾਮਰਾਜੀ ਪੁਲਸੀਆ ਸੀ। ਉਸ ਨੇ ਹਿੰਦੀਆਂ ਵਿੱਚ ਫਿਰਨਾ ਤੁਰਨਾ, ਅਦਾਲਤਾਂ ਵਿੱਚ ਉਹਨਾਂ ਦਾ ਦੁਭਾਸ਼ੀਆ ਬਨਣਾ ਤੇ ਮਾੜੇ ਮੋਟੇ ਸਰਕਾਰੀ ਕੰਮਾਂ ਵਿੱਚ ਮਦਦ ਕਰਨੀ ਤੇ ਸਲਾਹਵਾਂ ਦੇਣੀਆਂ ਸ਼ੁਰੂ ਕੀਤੀਆਂ। ਇਸ ਤਰ੍ਹਾਂ ਉਹ ਹਿੰਦੀਆਂ ਵਿੱਚ ਆਪਣਾ ਆਉਣਾ ਜਾਣਾ ਬਣਾਕੇ ਉਹਨਾਂ ਦੀ ਸੂਹ ਲੈਣ ਤੇ ਜਾਸੂਸੀ ਕਰਨ ਲੱਗ ਪਿਆ। ਕੌਮੀ ਲਹਿਰਾਂ ਵਿੱਚ ਦੁਸ਼ਮਨ ਦੀਆਂ ਜਾਸੂਸੀਆਂ ਬਹੁਤ ਦੇਰ ਲੁਕੀਆਂ ਨਹੀਂ ਰਹਿ ਸਕਦੀਆਂ। ਹਿੰਦੀ ਲਹਿਰ ਦੇ ਆਗੂਆਂ ਨੂੰ ਇਸ ਦਾ ਝੱਟ ਪਤਾ ਲੱਗ ਗਿਆ ਤੇ ਉਹ ਇਸ ਤੋਂ ਚੌਕੰਨੇ ਰਹਿਣ ਲੱਗ ਪਏ।

"ਉਹ ਪੈਸੇ ਦਾ ਬੜਾ ਪੁਤ ਸੀ, ਉਹ ਇੱਕ ਸੌ ਡਾਲਰ ਫੀ ਜੀਅ ਰਿਸ਼ਵਤ ਲੈ ਕੇ ਹਿੰਦੀਆਂ ਦੇ ਟਾਵੇਂ ਟਾਵੇਂ ਭਾਈਬੰਦਾਂ ਨੂੰ ਮੰਗਵਾ ਦਿੰਦਾ ਤੇ ਉਹਨਾਂ ਨੂੰ ਪੁਰਾਣੇ ਆਏ ਹੋਏ ਦਿਖਾ ਦਿੰਦਾ। ਇਸ ਤਰ੍ਹਾਂ ਉਹ ਕੈਨੇਡਾ ਸਰਕਾਰ ਨਾਲ ਵੀ ਧੋਖਾ ਕਰਦਾ ਸੀ।" ਸ਼ਹੀਦ ਮੇਵਾ ਸਿੰਘ ਨੇ ਅਦਾਲਤ ਵਿੱਚ ਬਿਆਨ ਦਿੰਦਿਆਂ ਰੌਸ਼ਨੀ ਪਾਈ, ਕਿ "ਉਸ ਨੇ ਕਿਹੋ ਜਿਹੇ ਪਾਪੀ ਦੀ ਅਲਖ ਮੁਕਾਈ ਹੈ[3]।"

ਹਰ ਜਮਾਤੀ ਵੰਡ ਦੇ ਸਮਾਜ ਅੰਦਰ ਅਜਿਹੇ ਬੰਦੇ ਪੈਦਾ ਹੋ ਜਾਂਦੇ ਹਨ, ਜਿਨਾਂ ਨੂੰ

---

1. ਘਾਟ (ਅ) ਅਕਤੂਬਰ, 1912, ਕਾਰਵਾਈ ਨੰ. 1 ਤੇ ਅ. ਨਵੰਬਰ 1912, ਕਾਰਵਾਈ ਨੰ. 17-19
2. ਘਾਟ (ੳ) ਮਈ, 1909 ਕਾਰਵਾਈ ਨੰ. 13
3. ਰੋਜ਼ਾਨਾ ਵੈਨਕੋਵਰ 'ਪਰਾਵਿਨਸ' ਨੰ. 21-277, ਅਕਤੂਬਰ 21, 1914 (ਦੋਪਹਿਰ ਐਡੀਸ਼ਨ)

ਆਪਣੀਆਂ ਆਰਥਕ ਤੇ ਸਮਾਜੀ ਲੋੜਾਂ ਪੂਰੀਆਂ ਕਰਨ ਲਈ ਦੂਸਰਿਆਂ ਨਾਲ ਠੱਗੀ ਠੋਰੀ ਕਰਨ ਦੀ ਆਦਤ ਪੈ ਜਾਂਦੀ ਹੈ। ਅਜਿਹੇ ਬੰਦੇ ਹਮੇਸ਼ਾ ਸਮਾਜੀ ਇਤਫਾਕ ਤੇ ਅਮਨ ਦੇ ਵੈਰੀ ਹੁੰਦੇ ਹਨ। ਕਿਉਂਕਿ ਅਮਨ ਤੇ ਇਤਫਾਕ ਦੀ ਹਾਲਤ ਵਿੱਚ ਇਹਨਾਂ ਦਾ ਦਾਅ ਨਹੀਂ ਲੱਗਦਾ। ਦੂਸਰੀਆਂ ਕੌਮਾਂ ਜਾਂ ਜਮਾਤਾਂ ਦੀ ਲੁੱਟ ਖੋਹ ਕਰ ਰਹੀਆਂ ਬਗਾਨੀਆਂ ਹਕੂਮਤਾਂ ਅਜਿਹੇ ਬੰਦਿਆਂ ਨੂੰ ਆਪਣੀਆਂ ਰਾਜਸੀ ਗਰਜ਼ਾਂ ਲਈ ਵਰਤ ਲੈਂਦੀਆਂ ਹਨ ਤੇ ਇਹ ਬੰਦੇ ਸੌਖੇ ਹੀ ਆਪਣੀਆਂ ਜਾਤੀ ਗਰਜ਼ਾਂ ਦੇ ਮਾਰੇ ਆਪਣੇ ਕੌਮੀ ਜਾਂ ਜਮਾਤੀ ਇਤਫਾਕ ਤੇ ਲਹਿਰ ਨੂੰ ਕੁਰਾਹੇ ਲੈ ਜਾਣ, ਤੋੜਨ ਤੇ ਦਬਾਉਣ ਵਿੱਚ ਹਕੂਮਤਾਂ ਦਾ ਹਥਿਆਰ ਬਣ ਜਾਂਦੇ ਹਨ।

ਇਸ ਸਾਮਰਾਜੀ ਪੁਲਸੀਏ ਨੇ ਭੀ ਕੈਨੇਡਾ ਵਿੱਚ ਗਏ ਹਿੰਦੀਆਂ ਵਿੱਚੋਂ ਅਜਿਹੇ ਬੰਦੇ ਲੱਭ ਲਏ। ਉਹ ਉਹਨਾਂ ਨਾਲ ਬਹਿਣ ਉਠਣ ਤੇ ਉਹਨਾਂ ਦੇ ਰਾਹੀਂ ਆਪਣਾ ਕੰਮ ਕੱਢਣ ਲੱਗ ਪਿਆ। ਹਿੰਦੀ ਕੌਮੀ ਲਹਿਰ ਨੇ ਇਹ ਵੀ ਤਾੜਿਆ ਤੇ ਜੂਨ 1911 ਦੇ ਅਖਰੀਲੇ ਇਤਵਾਰ ਵਾਲੇ ਦਿਨ ਦੀਵਾਨ ਲਾਕੇ ਮਤਾ ਪਾਸ ਕੀਤਾ ਕਿ "ਕੋਈ ਹਿੰਦੀ ਹਾਪਕਿਨਸਨ ਨਾਲ ਮੇਲ ਜੋਲ ਨਾ ਰੱਖੇ। ਅਜਿਹਾ ਕਰਨ ਵਾਲੇ ਨੂੰ ਛੇਕ ਦਿੱਤਾ ਜਾਏਗਾ[1]।" ਇਸ ਮਤੇ ਨਾਲ ਇਹ ਪੁਲਸੀਆ ਤਮਾਮ ਹਿੰਦੀਆਂ ਵਿੱਚ ਚਿੱਟਾ ਨੰਗਾ ਹੋ ਗਿਆ।

ਪਰ ਇਸ ਸਾਮਰਾਜੀ ਪੁਲਸੀਏ ਨੇ ਅਜਿਹੇ ਬੇਈਮਾਨ ਬੰਦਿਆਂ ਨੂੰ ਹਥੋਂ ਨਾ ਛਡਿਆ ਤੇ ਉਹ ਉਹਨਾਂ ਦੀਆਂ ਆਪਣੇ ਵਤਨੀਆਂ ਨਾਲ ਆਰਥਕ ਤੇ ਸਮਾਜਕ ਬੇਈਮਾਨੀਆਂ ਦੇ ਸਰਕਾਰ ਵਲੋਂ ਸ਼ਹਿ ਦਿਵਾਕੇ ਹੋਰ ਹੌਂਸਲੇ ਵਧਾਉਂਦਾ ਰਿਹਾ।

ਉਹਨਾਂ ਦੇ ਕਹੇ ਘਾਟਾਂ ਦੇ ਮਹਿਕਮੇ ਨੂੰ ਰਿਸ਼ਵਤਾਂ ਦਿਵਾਕੇ ਅਜਿਹੇ ਹਿੰਦੀਆਂ ਦੇ ਰਿਸ਼ਤੇਦਾਰਾਂ ਨੂੰ ਕੈਨੇਡਾ ਉਤਾਰ ਲੈਂਦਾ। ਇਸ ਤਰ੍ਹਾਂ ਇਹਨਾਂ ਬੇਈਮਾਨਾਂ ਵਿੱਚੋਂ ਉਸ ਨੇ ਬੇਲਾ ਸਿੰਘ ਜਿਆਨ, ਬਾਵਾ ਸਿੰਘ ਲਿਤਰਾਂ ਆਦਿ ਕੁਝ ਚੁਣਵੇਂ ਬੰਦੇ ਆਪਣੇ ਰਿਸ਼ਵਤ ਦਲਾਲ ਵੀ ਬਣਾ ਲਏ[2]। ਬੇਲਾ ਸਿੰਘ ਘਾਟਾਂ ਦੇ ਮਹਿਕਮੇ ਦਾ ਤਨਖਾਹਦਾਰ ਨੌਕਰ ਸੀ, ਜਿਸ ਕਰਕੇ ਉਹ ਸਰਕਾਰ ਦਾ ਬਹੁਤ ਹੀ ਆਗਿਆਕਾਰ ਗੁੰਡਾ ਸੀ। ਇਸ ਟੋਲੇ ਦੇ ਰਿਸ਼ਵਤ ਦੇਕੇ ਉਤਾਰੇ ਹੋਏ ਬੰਦੇ ਇਹਨਾਂ ਦੇ[3] ਰਹਿਮ ਉੱਤੇ ਹੋ ਜਾਂਦੇ ਤੇ ਫੜ ਹੋਕੇ ਕੱਢੇ ਜਾਣ ਦੇ ਡਰ ਤੋਂ ਇਹਨਾਂ ਨਾਲ ਰਲ ਜਾਂਦੇ ਤੇ ਇਸ ਟੋਲੇ ਨੂੰ ਵਧਾਉਣ ਦਾ ਕਾਰਨ ਬਣਦੇ।

ਗੋਰੇ ਪੁਲਸੀਏ ਦੀਆਂ ਇਹ ਪੰਜਾਬੀ ਪੁਤਲੀਆਂ ਸਭ ਤੋਂ ਪਹਿਲੋਂ 21 ਸਤੰਬਰ, 1912 ਨੂੰ ਨੰਗੀਆਂ ਹੋਈਆਂ, ਜਦੋਂ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੀ ਪਰੇਡ ਸੀ ਤੇ ਕੈਨੇਡਾ ਦਾ ਗਵਰਨਰ ਜਨਰਲ ਬ੍ਰਿਟਿਸ਼ ਕੋਲੰਬੀਆ ਦਾ ਦੌਰਾ ਕਰ ਰਿਹਾ ਸੀ। ਵੈਨਕੋਵਰ ਤੇ ਵਿਕਟੋਰੀਆ ਵਿੱਚ ਤਾਂ ਹਿੰਦੀਆਂ ਨੇ ਇਸ ਪਰੇਡ ਦਾ ਬਾਈਕਾਟ ਕੀਤਾ ਤੇ ਇਹਨਾਂ ਸਾਮਰਾਜੀ ਪੁਤਲਿਆਂ ਨੂੰ ਲਹਿਰ ਦੇ ਸਾਹਵੇਂ ਹੋ ਕੇ ਬਾਈਕਾਟ ਤੋੜਨ ਦਾ ਹੌਂਸਲਾ ਨਾ ਪਿਆ। ਪਰ ਵੈਨਕੋਵਰ ਗੁਰਦਵਾਰੇ ਵਿੱਚੋਂ ਕਢੇ ਹੋਏ ਗਰੰਥੀ ਹਰੀ ਸਿੰਘ ਨੂੰ ਹਾਪਕਿਨਸਨ ਨੇ ਵੈਨਕੋਵਰ ਤੋਂ ਨਿਊ ਵੈਸਟਮਨਿਸਟਰ

---

1. ਘਾਟ (ਅ) ਸਤੰਬਰ, 1912, ਕਾਰਵਾਈ ਨੰ. 28-29
2. ਭਾਈ ਮਿਤ ਸਿੰਘ ਦਾ ਬਿਆਨ ਸਫਾ 8, ਭਾਈ ਨਿਰੰਜਨ ਸਿੰਘ ਪੰਡੋਰੀ ਦਾ ਬਿਆਨ ਸਫਾ 4 ਤੇ ਮਿਲਖਾ ਸਿੰਘ ਢੁਡੀਕੇ ਦਾ ਬਿਆਨ।
3. ਉਤਲਿਖਤ, 'ਪਰਾਵਿਨਸ' 4 ਨਵੰਬਰ 1914, ਬੇਲਾ ਸਿੰਘ ਵਿਰੁੱਧ ਮੁਕਦਮੇ ਦੀ ਛਪੀ ਰਿਪੋਰਟ।

ਭੇਜਿਆ, ਜਿਸ ਨੇ 37 ਕੁ ਆਪਣੇ ਅਸਰ ਹੇਠ ਦਬੇ ਹੋਏ ਹਿੰਦੀਆਂ ਨੂੰ ਨਾ ਲੈ ਕੇ ਗਵਰਨਰ ਜਨਰਲ ਨੂੰ ਐਡਰੈਸ ਪੇਸ਼ ਕੀਤਾ।[1]

ਪਰ ਸਾਮਰਾਜੀ ਬਹੁਤੇ ਤਰਲੋ ਮੱਛੀ ਭਾਈ ਭਗਵਾਨ ਸਿੰਘ ਦੇ ਆਉਣ ਉੱਤੇ ਹੋਏ। ਭਾਈ ਭਗਵਾਨ ਸਿੰਘ ਅਪਰੈਲ, 1913 ਵਿੱਚ ਕੈਨੇਡਾ ਆਇਆ। ਭਾਈ ਨੂੰ ਦੇਸ਼ ਧਰੋਹੀ ਬੇਲਾ ਸਿੰਘ ਜਿਆਨ ਆਪਣੇ ਨਾਲ ਹਾਂਗਕਾਂਗ ਤੋਂ ਲਿਆਇਆ। ਉਹ ਭਾਈ ਨੂੰ ਖਾਲਸਾ ਦੀਵਾਨ ਸੋਸਾਇਟੀ ਦੇ ਬਰਖਿਲਾਫ ਖੜਾ ਕੇ ਕੌਮੀ ਲਹਿਰ ਨੂੰ ਪਾੜਨ ਤੇ ਖਿਲਾਰਨ ਦਾ ਕੰਮ ਲੈਣਾ ਚਾਹੁੰਦਾ ਸੀ। ਪਰ ਭਾਈ ਭਗਵਾਨ ਸਿੰਘ ਨੇ ਜਦ ਕੈਨੇਡਾ ਵਿੱਚ ਕੌਮੀ ਲਹਿਰ ਦਾ ਜ਼ੋਰ ਵੇਖਿਆ ਤਾਂ ਉਹ ਇਹਨਾਂ ਗ਼ਦਾਰਾਂ ਨੂੰ ਛੱਡ ਕੇ ਕੌਮੀ ਲਹਿਰ ਵਿੱਚ ਰਲ ਗਿਆ।[2] ਉਸ ਨੇ ਗੋਰੇ ਪੁਲਸੀਏ ਤੇ ਇਸ ਦੀ ਹਿੰਦੀ ਟੋਲੀ ਵਲੋਂ ਮੋਨੇ ਤੇ ਕੇਸਾਂ ਵਾਲਿਆਂ ਦਾ ਪਾਇਆ ਹੋਇਆ ਵਿਤਕਰਾ ਤੋੜਨ ਤੇ ਕੌਮੀ ਲਹਿਰ ਨੂੰ ਹੋਰ ਚਮਕਾਉਣ ਤੇ ਇਨਕਲਾਬੀ ਉਚਾਣ ਵਲ ਲੈ ਜਾਣ ਦੇ ਯਤਨ ਸ਼ੁਰੂ ਕਰ ਦਿੱਤੇ। ਉਸ ਨੇ "ਸੰਸਾਰ" ਵਰਗੇ ਢਿਲੜ ਤੇ ਨਿਰੋਲ ਸਿੱਖ ਪੰਥ ਦੀ ਦੁਹਾਈ ਦੇਣ ਵਾਲੇ ਅਖਬਾਰ ਲੋਕਾਂ ਤੋਂ ਬੰਦ ਕਰਵਾ ਦਿੱਤੇ। ਉਸ ਦੇ ਲੈਕਚਰਾਂ ਤੇ ਕੰਮਾਂ ਤੋਂ ਸਾਮਰਾਜੀ ਬਹੁਤ ਘਬਰਾਏ। ਹਾਪਕਿਨਸਨ ਤੇ ਬੇਲਾ ਸਿੰਘ ਨੇ ਭਾਈ ਨੂੰ 1913 ਦੇ ਅਕਤੂਬਰ ਚੜ੍ਹਦਿਆਂ ਹੀ ਗਰਿਫਤਾਰ ਕਰਵਾ ਦਿੱਤਾ ਕਿ ਉਹ ਨਾਜਾਇਜ਼ ਤੌਰ ਤੇ ਕੈਨੇਡਾ ਵਿੱਚ ਦਾਖਲ ਹੋਇਆ ਹੈ। ਖਾਲਸਾ ਦੀਵਾਨ ਸੋਸਾਇਟੀ ਨੇ ਹੈਬੀਅਸ ਕਾਰਪਸ ਕਰਕੇ ਭਾਈ ਨੂੰ ਜ਼ਮਾਨਤ ਉਤੇ ਰਿਹਾ ਕਰਵਾਇਆ। ਪਰ ਸਾਮਰਾਜੀਆਂ ਨੇ ਆਪਣੇ ਸਾਰੇ ਕਾਨੂੰਨ ਤੇ ਆਪਣੀਆਂ ਅਦਾਲਤਾਂ ਦੇ ਮਾਣ ਨੂੰ ਮਿੱਟੀ ਵਿੱਚ ਰਲਾ ਕੇ ਭਾਈ ਨੂੰ 19 ਨਵੰਬਰ, 1913 ਨੂੰ ਗਰਿਫਤਾਰ ਕਰਕੇ ਉਸੇ ਦਿਨ ਹੀ ਬਦੋਬਦੀ ਬੰਨ੍ਹ ਕੇ ਰਾਤ ਦੇ ਗਿਆਰਾਂ ਵਜੇ ਇੱਕ ਬੋਟ ਵਿੱਚ ਚਾੜ੍ਹ ਲਿਆ ਤੇ ਵਿਕਟੋਰੀਆ ਜਾ ਕੇ ਹਾਂਗਕਾਂਗ ਜਾਣ ਵਾਲੇ ਇੱਕ ਜਾਪਾਨੀ ਜਹਾਜ਼ ਵਿੱਚ ਬੰਦ ਕਰਕੇ ਹਾਂਗਕਾਂਗ ਭੇਜ ਦਿੱਤਾ। ਬ੍ਰਿਟਿਸ਼ ਕੋਲੰਬੀਆ ਦੀ ਹਾਈਕੋਰਟ ਨੇ ਉਸ ਦੇ ਛੁਟਕਾਰੇ ਦਾ ਹੁਕਮ ਪਹਿਲਾਂ ਦੇਸ਼ ਉਤਾਰੇ ਦੇ ਦਫਤਰ ਵਿੱਚ ਤੇ ਫੇਰ ਜਾ ਰਹੇ ਜਹਾਜ਼ ਨੂੰ ਵਾਇਰਲੈਸ ਰਾਹੀਂ ਭੇਜਿਆ। ਪਰ ਦੇਸ਼ ਉਤਾਰੇ ਦੇ ਸੁਪਰਡੰਟ ਮੈਲਕਮ ਰੀਡ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਭਾਈ ਨੂੰ ਢਕਾਂ ਵਾਂਗ ਬੰਨ੍ਹਕੇ ਤੋਰ ਦਿੱਤਾ।[3] ਇਸ ਧੱਕੇ ਨੇ ਹਿੰਦੀਆਂ ਵਿੱਚ ਕੌਮੀ ਜੋਸ਼ ਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਰੋਸ ਨੂੰ ਹੋਰ ਵਧਾਇਆ। ਇਸ ਧੱਕੇ ਬਾਰੇ ਕੈਨੇਡਾ ਦੇ ਹਿੰਦੀਆਂ ਦੇ ਤਾਰਾਂ ਦੇਣ ਉਤੇ ਬਰਤਾਨੀਆਂ ਦੇ ਹਿੰਦ-ਦਫਤਰ ਨੇ ਵਸਤੀਆਂ ਦੇ ਦਫਤਰ ਕੋਲੋਂ ਭੀ ਪੁਛ ਪੜਤਾਲ ਕੀਤੀ।[4]

ਮਈ, 1914 ਦੇ ਅਖੀਰ ਕਾਮਾਗਾਟਾ ਮਾਰੂ ਜਹਾਜ਼ ਦੇ ਆਉਣ ਤੇ ਇਹ ਲਹਿਰ ਬਹੁਤ ਤਿਖੀ ਹੋ ਗਈ। ਕੈਨੇਡਾ ਦੇ ਹਿੰਦੀਆਂ ਵਿੱਚ ਸਭ ਤੋਂ ਜ਼ਿਆਦਾ ਕੌਮੀ ਅਣਖ ਕਾਮਾਗਾਟਾ ਮਾਰੂ ਦੇ ਵੈਨਕੋਵਰ ਵਿੱਚ ਡਕੇ ਰਹਿਣ ਦੇ ਸਮੇਂ ਜ਼ੋਰਾਂ ਤੇ ਸੀ। ਹਿੰਦੀਆਂ ਦੇ ਇਸ ਕੌਮੀ ਅਪਮਾਨ ਨੇ

---

1. ਘਾਟ (ਅ) ਨਵੰਬਰ, 1912, ਕਾਰਵਾਈ ਨੰ. 17-19
2. ਭਾਈ ਮਿਤ ਸਿੰਘ ਦਾ ਬਿਆਨ ਸਫਾ 8-9
3. ਉਤਲਿਖਤ, ਭਾਈ ਭਗਵਾਨ ਸਿੰਘ ਦਾ 'ਆਪਣਾ ਜੀਵਨ ਖਾਕਾ' ਸਫਾ 2, 'ਨਿਊ ਐਡਵਰਟਾਈਜ਼ਰ' ਵੈਨਕੋਵਰ ਨੰ. 52-122, 20 ਨਵੰਬਰ 1913
4. ਘਾਟ (ਅ) ਦਸੰਬਰ, 1913 ਕਾਰਵਾਈ ਨੰ. 30

ਮੁਰਦਾ ਰੂਹਾਂ ਭੀ ਜਗਾ ਦਿੱਤੀਆਂ ਤੇ ਇਸ ਲਹਿਰ ਦੇ ਤਾਅ ਅਤੇ "ਗ਼ਦਰ" ਅਖਬਾਰ ਦੇ ਪਰਚਾਰ ਨੇ ਹਿੰਦੀਆਂ ਨੂੰ ਮਾਰਨ ਮਰਨ ਉਤੇ ਲੈ ਆਂਦਾ। ਉਹਨਾਂ ਨੇ ਕੈਨੇਡੀਅਨ ਹਕੂਮਤ ਤੇ ਉਸ ਦੇ ਹਮਾਇਤੀਆਂ ਨਾਲ ਸਿੱਧੀ ਟੱਕਰ ਲੈਣ ਦਾ ਫੈਸਲਾ ਕਰ ਲਿਆ। ਇਸ ਕੰਮ ਲਈ ਅਮਰੀਕਾ ਤੋਂ ਹਥਿਆਰ ਲਿਆਉਂਦੇ ਹੋਏ ਭਾਈ ਭਾਗ ਸਿੰਘ, ਬਾਈ ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਸਾਹਰੀ ਤੇ ਮੇਵਾ ਸਿੰਘ ਲੋਪੋਕੇ ਚਾਰ ਸੱਜਣ ਕੈਨੇਡਾ ਦੀ ਹੱਦ ਅੰਦਰ ਵੜਦੇ ਫੜੇ ਗਏ[1]। ਵੈਨਕੋਵਰ ਦੇ ਹਿੰਦੀਆਂ ਨੇ ਐਲਾਨ ਕਰ ਦਿੱਤਾ ਕਿ ਜੇ ਕਾਮਾਗਾਟਾ ਮਾਰੂ ਜਹਾਜ਼ ਉੱਤੇ ਗੋਲਾ ਬਾਰੀ ਕੀਤੀ ਗਈ ਤਾਂ ਉਹ ਵੈਨਕੋਵਰ ਨੂੰ ਅੱਗ ਲਾ ਦੇਣਗੇ।[2]

ਉਧਰੋਂ ਸਾਮਰਾਜੀ ਹਾਕਮ ਵੀ ਬੜੇ ਲੋਹੇ ਲਾਖੇ ਹੋਏ ਹੋਏ ਸਨ। ਉਹ ਕਿਸੇ ਹਾਲਤ ਵਿੱਚ ਵੀ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਉਤਰਨ ਨਹੀਂ ਸੀ ਦੇਣਾ ਚਾਹੁੰਦੇ। ਉਹ ਗੋਲੇ ਮਾਰਕੇ ਇਸ ਜਹਾਜ਼ ਨੂੰ ਸਮੇਤ ਮੁਸਾਫਰਾਂ ਦੇ ਡੋਬ ਦੇਣ ਲਈ ਭੀ ਤਿਆਰ ਸਨ। ਇਸ ਸਮੇਂ ਉਹਨਾਂ ਨੇ ਹਿੰਦੀਆਂ ਦੇ ਕੌਮੀ ਜੋਸ਼ ਨੂੰ ਅੰਦਰੋਂ ਢਾਹ ਲਾਉਣ ਦੇ ਬੜੇ ਜਤਨ ਕੀਤੇ। ਆਪਣੀਆਂ ਹਿੰਦੀ ਪੁਤਲੀਆਂ ਦੀਆਂ ਪੂਛਾਂ ਮਰੋੜੀਆਂ। ਇਹਨਾਂ ਨੂੰ ਹਿੰਦੀ ਲਹਿਰ ਦੇ ਕੌਮੀ ਲੀਡਰਾਂ ਦੇ ਗਲ ਪਾਉਣ ਲਈ ਸੀਖਿਆ। ਇਹਨਾਂ ਪੁਤਲੀਆਂ ਵਿੱਚੋਂ ਇੱਕ ਹੁਕਮਾ ਸਿੰਘ ਅਚਰਵਾਲ ਨੇ 18 ਜੁਲਾਈ, 1914 ਨੂੰ ਤਲਵਾਰ ਨਾਲ ਉਸ ਵੇਲੇ ਦੀ ਲਹਿਰ ਦੇ ਲੀਡਰ ਸ੍ਰੀ ਹਸਨ ਰਹੀਮ ਉਤੇ ਹਮਲਾ ਕਰ ਦਿੱਤਾ। ਸ੍ਰੀ ਰਹੀਮ ਦਾ ਤਾਂ ਬਚਾ ਹੋ ਗਿਆ ਪਰ ਹਿੰਦੀ ਲੋਕਾਂ ਨੇ ਹੁਕਮਾ ਸਿੰਘ ਗ਼ਦਾਰ ਦੀ ਬੜੀ ਭੁਗਤ ਸਵਾਰੀ।[3]

ਇਸ ਘਟਨਾ ਤੋਂ ਬਾਅਦ ਹਿੰਦੀ ਲਹਿਰ ਵਿੱਚ ਇਸ ਤਰ੍ਹਾਂ ਦੇ ਦੇਸ਼ ਧਰੋਹੀਆਂ ਨੂੰ ਸੋਧਨ ਦਾ ਇੱਕ ਪਖ ਪੈਦਾ ਹੋ ਗਿਆ। ਇੱਕ ਦਿਨ ਜਦ ਬਰਤਾਨਵੀ ਕਠਪੁਤਲੀ ਹਰਨਾਮ ਸਿੰਘ ਨੇ ਭਾਈ ਭਾਗ ਸਿੰਘ ਪਰਧਾਨ ਖਾਲਸਾ ਦੀਵਾਨ ਸੋਸਾਇਟੀ ਨੂੰ ਗਾਲ੍ਹ ਕੱਢੀ, ਤਾਂ ਭਾਈ ਜਗਤ ਸਿੰਘ ਸੁਰਸਿੰਘ ਵਾਲੇ ਇਸ ਨੂੰ ਗਲੀਂ ਬਾਤੀਂ ਜੰਗਲ ਲੈ ਗਏ ਅਤੇ ਉਥੇ ਇਸ ਦੀ ਅਲਖ ਮੁਕਾ ਆਏ।[4]

3 ਸਤੰਬਰ ਵਾਲੇ ਦਿਨ ਬੇਲਾ ਸਿੰਘ ਦੀ ਗ਼ਦਾਰ ਜੁੰਡੀ ਦਾ ਇੱਕ ਹੋਰ ਦੇਸ਼ ਧਰੋਹੀ ਅਰਜਨ ਸਿੰਘ, ਰਾਮ ਸਿੰਘ ਸ਼ੇਖ ਦੌਲਤ ਦੇ ਹੱਥੋਂ ਇਤਫਾਕੀਆ ਪਿਸਤੌਲ ਦੀ ਗੋਲੀ ਚਲ ਜਾਣ ਕਰਕੇ ਮਰ ਗਿਆ। ਇਸ ਉਤੇ ਬੇਲਾ ਸਿੰਘ ਦੀ ਗ਼ਦਾਰ ਜੁੰਡੀ ਤੇ ਉਹਨਾਂ ਦੇ ਸਵਾਮੀ ਘਾਟਾਂ ਦੇ ਮਹਿਕਮੇ ਦੇ ਅਫਸਰ ਬਹੁਤ ਹਰਖ ਵਿੱਚ ਆਏ। ਉਹਨਾਂ ਨੇ ਕੌਮੀ ਆਗੂਆਂ ਨੂੰ ਸ਼ਹੀਦ ਕਰਨ ਦਾ ਪਲੀਤ ਮਨਸੂਬਾ ਬਣਾਇਆ। 5 ਸਤੰਬਰ ਨੂੰ ਅਰਜਨ ਸਿੰਘ ਦਾ ਸਸਕਾਰ ਕਰਕੇ ਸੰਗਤ ਗੁਰਦਵਾਰੇ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਲਈ ਜੁੜੀ। ਭਾਈ ਭਾਗ ਸਿੰਘ ਭਿਖੀਵਿੰਡ, ਪ੍ਰਧਾਨ ਖਾਲਸਾ ਦੀਵਾਨ ਸੋਸਾਇਟੀ ਤਾਬਿਆ ਬੈਠੇ ਸਨ। ਹਿੰਦੀਆਂ ਦੇ ਸਭ ਕੌਮੀ ਲੀਡਰ ਸੰਗਤ ਵਿੱਚ ਬਰਾਜਮਾਨ

---

1. ਘਾਟ (ਦਾਖਲ ਦਫਤਰ) ਲੜੀ ਨੰ 45 ਕਾਰਵਾਈ ਦਸੰਬਰ, 1914 ਤੇ ਭਾਈ ਮਿਤ ਸਿੰਘ ਦਾ ਬਿਆਨ ਸਫਾ 11-12
2 ਭਾਈ ਮਿਤ ਸਿੰਘ ਦਾ ਬਿਆਨ ਸਫਾ 12 ਤੇ ਕਾਮਾਗਾਟਾਮਾਰੂ ਦੀ ਵਾਰਤਾ।
3. ਉਤਲਿਖਤ ਬਿਆਨ ਸਫਾ 13
4. ਉਤਲਿਖਤ ਸਫਾ 13

ਸਨ। ਸੰਗਤ ਸ਼ੋਕ ਵਿੱਚ ਡੁੱਬੀ ਬੈਠੀ ਸੀ। ਪਾਪੀ ਬੇਲਾ ਸਿੰਘ ਦੋ ਭਰੇ ਹੋਏ ਪਸਤੌਲ ਲੈ ਕੇ ਗੁਰਦਵਾਰੇ ਆ ਗਿਆ। ਜਦ ਭਾਈ ਭਾਗ ਸਿੰਘ ਵਾਕ ਲੈ ਰਹੇ ਸਨ ਤਾਂ ਇਸ ਧਰੋਹੀ ਹਤਿਆਰੇ ਨੇ ਖਲੋਕੇ ਭਾਈ ਸਾਹਿਬ ਉਤੇ ਗੋਲੀਆਂ ਚਲਾ ਦਿੱਤੀਆਂ। ਭਾਈ ਬਤਨ ਸਿੰਘ ਪਿੰਡ ਦਲੇਲ ਸਿੰਘ ਵਾਲੇ ਨੇ ਉਠਕੇ ਜਦ ਦੁਸ਼ਟ ਨੂੰ ਹਟਕਣਾ ਚਾਹਿਆ ਤਾਂ ਉਸ ਮਹਾਂ ਪਾਪੀ ਨੇ ਭਾਈ ਬਤਨ ਸਿੰਘ ਨੂੰ ਭੀ ਗੋਲੀ ਨਾਲ ਵਿੰਨ੍ਹਕੇ ਸੁਟ ਦਿੱਤਾ। ਦੁਸ਼ਟ ਦੀ ਗ਼ਦਾਰ ਤਰਿਸ਼ਨਾ ਫੇਰ ਭੀ ਨਹੀਂ ਮਿਟੀ, ਉਹ ਆਪਣੇ ਅੰਗਰੇਜ਼ ਸਵਾਮੀਆਂ ਦੀ ਸੇਵਾ ਦੇ ਲੋਰ ਤੇ ਦੇਸ਼ ਗਦਾਰੀ ਦੀ ਅੱਗ ਵਿੱਚ ਸੜਿਆ ਹੋਇਆ ਪਿਸਤੌਲ ਦੇ ਖਾਲੀ ਹੋ ਜਾਣ ਤੱਕ ਗੋਲੀਆਂ ਚਲਾਉਂਦਾ ਹੀ ਰਿਹਾ, ਜਿਨ੍ਹਾਂ ਨਾਲ ਦਲੀਪ ਸਿੰਘ ਫਾਹਲਾ, ਉਤਮ ਸਿੰਘ ਨੂਰਪੁਰੀ, ਜਵਾਲਾ ਸਿੰਘ ਸ਼ੇਖ ਦੌਲਤ ਤੇ ਲਾਭ ਸਿੰਘ ਢਕੋਂ ਆਦਿ ਭਾਈ ਜ਼ਖਮੀ ਹੋ ਗਏ[1]।

ਜ਼ਖਮਾਂ ਨਾਲ ਡਿੱਗ ਪਏ ਦੋਵੇਂ ਕੌਮੀ ਲੀਡਰ ਹਸਪਤਾਲ ਪੁਚਾਏ ਗਏ। ਡਾਕਟਰੀ ਇਲਾਜ ਇਹਨਾਂ ਉਤੇ ਸਾਮਰਾਜੀਆਂ ਵਲੋਂ ਸੁੱਟੀ ਗਈ ਮੌਤ ਤੋਂ ਬਚਾ ਨਾ ਸਕੇ। ਇਕ ਦੋ ਦਿਨ ਤੋਂ ਬਾਅਦ ਦੋਵੇਂ ਹਸਤੀਆਂ ਸ਼ਹੀਦ ਹੋ ਗਈਆਂ ਤੇ ਅੰਗਰੇਜ਼ੀ ਸਾਮਰਾਜ ਤੇ ਉਸ ਦੇ ਚਾਟੜਿਆਂ ਦੇ ਮੂੰਹ ਤੇ ਕਲੰਕ ਦਾ ਥੋਬਾ ਲਾ ਗਈਆਂ।

ਸਾਮਰਾਜੀ ਅਦਾਲਤ ਨੇ ਕਾਤਲ ਬੇਲੇ ਨੂੰ ਇਹ ਕਹਿਣ ਅਤੇ ਘਾਟਾਂ ਦੇ ਮਹਿਕਮੇ ਦੇ ਹਾਕਮਾਂ ਵੱਲੋਂ ਇਸ ਦੀ ਸਫਾਈ ਦੇਣ ਉੱਤੇ ਛਡ ਦਿੱਤਾ ਕਿ ਦੁਸ਼ਟੀ ਕਾਰਾ ਉਸ ਨੇ "ਆਪਣੇ ਬਚਾਓ ਵਾਸਤੇ ਕੀਤਾ ਸੀ।" ਸ਼ੋਕ ਵਿੱਚ ਡੁਬੀ ਹੋਈ ਸੰਗਤ ਵਿੱਚ ਗਰੰਥ ਸਾਹਿਬ ਦੀ ਤਾਬਿਆ ਬੈਠੇ ਤੇ ਵਾਕ ਲੈ ਰਹੇ ਬੰਦੇ ਨੂੰ ਆਪ ਖਲੋਕੇ ਗੋਲੀਆਂ ਨਾਲ ਮਾਰ ਦੇਣਾ ਸਾਮਰਾਜੀਆਂ ਲਈ 'ਆਪਣੀ ਰਖਿਆ' ਹੈ। ਇਹ ਘਟਨਾ ਦਸਦੀ ਹੈ ਕਿ ਕੈਨੇਡਾ ਵਿੱਚ ਕੌਮੀ ਲਹਿਰ ਨੂੰ ਪਾੜਨ, ਖਿਲਾਰਨ ਤੇ ਮਲੀਆ ਮੇਟ ਕਰਨ ਲਈ ਸਾਮਰਾਜੀ ਹਾਕਮ, ਖੁਦ ਆਪ ਹੀ ਨਹੀਂ, ਇਹਨਾਂ ਦੀਆਂ ਅਦਾਲਤਾਂ ਵੀ ਸਾਮਰਾਜੀ ਮਨਸੂਬਿਆਂ ਦੀ ਪੁਸ਼ਟੀ ਕਰਦੀਆਂ ਸਨ।

ਇਹ ਸਾਮਰਾਜੀ ਕਾਰੇ ਐਨ ਉਹਨਾਂ ਦਿਨਾਂ ਵਿੱਚ ਹੋ ਰਹੇ ਸਨ, ਜਦੋਂ ਗ਼ਦਰ ਪਾਰਟੀ ਦੀ ਸੱਦ ਉੱਤੇ ਕੈਨੇਡਾ ਵਿੱਚੋਂ ਕੌਮੀ ਵੀਰ ਹਿੰਦ ਨੂੰ ਅੰਗਰੇਜ਼ੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਦਬਾ ਦਬ ਕੰਮ ਕਾਰ ਛੱਡਕੇ, ਆਪਣੀਆਂ ਕਮਾਈਆਂ ਨੂੰ ਲੱਤ ਮਾਰਕੇ ਦੇਸ਼ ਨੂੰ ਵਾਪਸ ਆ ਰਹੇ ਸਨ। ਕੈਨੇਡਾ ਦਾ ਸਾਮਰਾਜੀ ਅੰਗ ਹਿੰਦੀਆਂ ਦੀ ਕੌਮੀ ਲਹਿਰ ਨੂੰ 'ਗ਼ਦਰ ਲਹਿਰ' ਵਿੱਚ ਰਲਣੋ ਰੋਕਣ ਦੀ ਗਰਜ਼ ਨਾਲ ਏਥੇ ਹੀ ਮਾਰਾ ਮਾਰੀ ਤੇ ਧੜੇ ਬੰਦੀ ਦੇ ਨੀਚ ਕਾਰੇ ਕਰਵਾ ਰਿਹਾ ਸੀ। ਇਸ ਸਾਮਰਾਜੀ ਅੰਗ ਦਾ ਸਭ ਤੋਂ ਕਮੀਨਾ ਤੇ ਸ਼ੈਤਾਨ ਮੋਹਰਾ ਹਿੰਦ ਤੋਂ ਆਇਆ ਸਾਮਰਾਜੀ ਪੁਲਸੀਆ ਹਾਪਕਿਨਸਨ ਸੀ। ਇਸ ਲਈ ਕੌਮੀ ਲਹਿਰ ਦਾ ਸਾਰੇ ਦੇ ਸਾਰੇ ਗੁੱਸੇ ਦਾ ਰੁਖ ਇਸ ਸ਼ੈਤਾਨ ਵਲ ਹੋਇਆ। ਇਹੀ ਚੋਰ ਦੀ ਮਾਂ ਸੀ, ਬੇਲੇ ਵਰਗੇ ਤਾਂ ਇਸ ਦੇ ਭਾੜੇ ਦੇ ਟੱਟੂ ਸਨ।

ਘਾਟਾਂ ਦੇ ਮਹਿਕਮੇ ਦੇ ਵੱਡੇ ਅਫਸਰ (ਏਜੰਟ) ਮੈਲਕਮ ਰੀਡ ਨੇ 22 ਅਕਤੂਬਰ, 1914 ਨੂੰ ਕੈਨੇਡਾ ਸਰਕਾਰ ਦੇ ਘਰੋਗੀ ਮਹਿਕਮੇ ਨੂੰ ਚਿੱਠੀ ਲਿਖੀ:–

---

1. ਉਤਲਿਖਤ ਸਫਾ 14 ਤੇ 'ਕਿਰਤੀ', ਅੰਮ੍ਰਿਤਸਰ ਨਵੰਬਰ 1926, ਸਫਾ 545–48, ਦਲੀਪ ਸਿੰਘ ਫਾਹਲੇ ਦਾ ਬਿਆਨ, 'ਪਰਾਵਿਨਸ', 4 ਨਵੰਬਰ 1914, ਬੇਲਾ ਸਿੰਘ ਵਿਰੁੱਧ ਮੁਕਦਮੇ ਦੀ ਰਿਪੋਰਟ।

"ਕਲ (21 ਤਰੀਖ) ਨੂੰ ਇੱਕ ਹਿੰਦੀ ਨੇ ਹਾਪਕਿਸਨਸਨ ਨੂੰ ਕਚਹਿਰੀ ਵਿੱਚ ਗੋਲੀ ਮਾਰ ਦਿੱਤੀ। ਉਹ ਪੰਜਾਂ ਮਿੰਟਾਂ ਵਿੱਚ ਹੀ ਮਰ ਗਿਆ। ਉਹ ਬੇਲਾ ਸਿੰਘ ਦੇ ਮੁਕਦਮੇਂ ਦੇ ਸਿਲਸਲੇ ਵਿੱਚ ਸਵੇਰੇ ਪੌਣੇ ਨੂੰ ਵਜੇ ਦੇ ਕਰੀਬ ਕਚਹਿਰੀ ਗਿਆ। ਉਹ ਅਜੇ ਉਤਲੀ ਛਤੇ ਕਚਹਿਰੀ ਦੇ ਬਰਾਂਡੇ ਵਿੱਚ ਹੀ ਜਾ ਰਿਹਾ ਸੀ ਕਿ ਮੇਵਾ ਸਿੰਘ ਨੇ ਉਸ ਨੂੰ ਘੇਰ ਲਿਆ ਤੇ ਪਿਸਤੌਲ ਦਾ ਉਸ ਵਲ ਨਿਸ਼ਾਨਾ ਸਿੱਧਾ ਕਰਕੇ ਗੋਲੀ ਮਾਰ ਦਿੱਤੀ। ਹਾਪਕਿਨਸਨ ਡਿੱਗ ਪਿਆ ਤੇ ਉਹ ਮੇਵਾ ਸਿੰਘ ਦੇ ਪੱਟੀਂ ਪੈ ਗਿਆ। ਮੇਵਾ ਸਿੰਘ ਨੇ ਪਿਸਤੌਲ ਦੀ ਮੁਠ ਨਾਲ ਉਸ ਦੇ ਸਿਰ ਤੇ ਸੱਟ ਮਾਰੀ, ਉਹ ਪਟ ਛਡਕੇ ਡਿੱਗ ਪਿਆ। ਮੇਵਾ ਸਿੰਘ ਨੇ ਬਾਕੀ ਦੀਆਂ ਪੰਜ ਗੋਲੀਆਂ ਉਸ ਦੇ ਵਿੱਚ ਦੀ ਲੰਘਾ ਦਿੱਤੀਆਂ। ਹਾਪਕਿਨਸਨ ਬਗੈਰ ਕੁਝ ਬਿਰਕੇ ਦੇ ਹੀ ਖਤਮ ਹੋ ਗਿਆ।"

"ਮੇਵਾ ਸਿੰਘ ਉਹ ਹੈ, ਜੋ ਸੂਮਾਸ (ਅਮਰੀਕਾ) ਤੋਂ ਇੱਕ ਬੰਦੂਕ ਤੇ 600 ਰੌਂਦ ਲਿਆਉਂਦਾ ਹੋਇਆ ਫੜਿਆ ਗਿਆ ਸੀ। ਇਹ ਹਾਪਕਿਨਸਨ ਦਾ ਬੜਾ ਦੋਸਤ ਸੀ।"

21 ਅਕਤੂਬਰ ਦੇ ਰੋਜ਼ਾਨਾ "ਪਰਾਵਿਨਸ" ਵਿੱਚ ਛਪਿਆ ਸੀ ਕਿ–

"ਜਦ ਇੱਕ ਅਫਸਰ ਨੇ ਹਵਾਲਾਤ ਵਿੱਚ ਮੇਵਾ ਸਿੰਘ ਨੂੰ ਆਖਿਆ ਕਿ "ਤੂੰ ਆਪਣੇ ਯਾਰ ਨੂੰ ਹੀ ਮਾਰ ਮੁਕਾਇਆ ਹੈ" ਤਾਂ ਭਾਈ ਮੇਵਾ ਸਿੰਘ ਨੇ ਪੁਛਿਆ, "ਮਰ ਗਿਆ?" ਤੇ ਅਗੋਂ "ਹਾਂ" ਸੁਣਕੇ ਉਹ ਖੁਸ਼ੀ ਨਾਲ ਗਦ ਗਦ ਹੋ ਗਿਆ। ਉਹ ਹਵਾਲਾਤ ਵਿੱਚ ਬੜੀਆਂ ਚੜ੍ਹਦੀਆਂ ਕਲਾਂ ਵਿੱਚ ਹੈ ਤੇ ਭਜਨ ਬੰਦਗੀ ਕਰਦਾ ਤੇ ਗੀਤ ਗਾ ਰਿਹਾ ਹੈ[1]।"

ਉਸ ਦਿਨ ਬੇਲਾ ਸਿੰਘ ਦੇ ਖਿਲਾਫ ਮੁਕਦਮੇ ਵਿੱਚ ਅੱਠ ਹਿੰਦੀ ਦਲੀਪ ਸਿੰਘ ਫਾਹਲਾ, ਜਵਾਲਾ ਸਿੰਘ, ਸੋਹਣ ਲਾਲ, ਕਾਬਲ ਸਿੰਘ, ਭਗਤ ਸਿੰਘ, ਜਵਾਲਾ ਸਿੰਘ ਦੂਸਰਾ, ਸੁੰਦਰ ਸਿੰਘ ਤੇ ਬੰਤਾ ਸਿੰਘ ਗਵਾਹੀ ਦੇਣ ਵਾਸਤੇ ਆਏ ਹੋਏ ਸਨ। ਮੇਵਾ ਸਿੰਘ ਤੋਂ ਬਾਅਦ ਇਹਨਾਂ ਨੂੰ ਵੀ ਗਰਿਫਤਾਰ ਕਰ ਲਿਆ ਗਿਆ[2]।

30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਪਿੰਡ ਲੋਪੋਕੇ ਜ਼ਿਲਾ ਅੰਮ੍ਰਿਤਸਰ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਭਾਈ ਮੇਵਾ ਸਿੰਘ ਨੇ ਅਦਾਲਤ ਵਿੱਚ ਗਜਕੇ ਆਖਿਆ ਕਿ ਹਿੰਦ ਦੀ ਆਜ਼ਾਦੀ ਦੇ ਦੁਸ਼ਮਣਾਂ ਦਾ ਇਹੋ ਹਸ਼ਰ ਹੋਣਾ ਚਾਹੀਦਾ ਹੈ, ਜੋ ਦੇਸ਼ ਤੇ ਕੌਮ ਦੇ ਇੱਕ ਮੇਰੇ ਜਿਹੇ ਨਿਰਮਾਣ ਦੇ ਹਥੋਂ ਹੋਇਆ ਹੈ। ਸਾਮਰਾਜ ਦੇ ਇੱਕ ਜ਼ਹਿਰੀਲੇ ਸਪ ਨੂੰ ਮਾਰਨ ਵਾਲੇ ਇਸ ਸੂਰਬੀਰ ਨੂੰ 11 ਜਨਵਰੀ, 1915 ਨੂੰ ਪੌਣੇ ਅੱਠ ਵਜੇ ਸਵੇਰੇ ਫਾਂਸੀ ਦੇਕੇ ਸ਼ਹੀਦ ਕਰ ਦਿੱਤਾ ਗਿਆ। ਕੈਨੇਡਾ ਲਹਿਰ ਦੇ ਇਸ ਤੀਸਰੇ ਕੌਮੀ ਸ਼ਹੀਦ ਦਾ ਕੈਨੇਡਾ ਦੇ ਹਿੰਦੀਆਂ ਨੇ ਬੜੀ ਧੂਮ ਧਾਮ ਨਾਲ ਸਸਕਾਰ ਕੀਤਾ[3]।

23 ਅਕਤੂਬਰ ਨੂੰ ਸ੍ਰੀ ਹਸਨ ਰਹੀਮ, ਸ. ਕਰਤਾਰ ਸਿੰਘ ਚੰਦ, ਭਾਈ ਬਲਵੰਤ ਸਿੰਘ ਖੁਰਦਪੁਰ ਤੇ ਸ. ਮਿਤ ਸਿੰਘ ਪੰਡੋਰੀ ਨੂੰ ਹਾਪਕਿਨਸਨ ਨੂੰ ਜਾਨੋ ਮਾਰਨ ਦੀ ਸਾਜ਼ਿਸ਼ ਵਿੱਚ ਗਰਿਫ਼ਤਾਰ ਕਰਕੇ ਮੁਕਦਮਾ ਚਲਾ ਦਿੱਤਾ ਗਿਆ, ਪਰ 4 ਦਸੰਬਰ, 1914 ਨੂੰ ਇਹ ਸਾਰੇ ਬਰੀ ਹੋ ਗਏ। ਸ਼ਹੀਦ ਮੇਵਾ ਸਿੰਘ ਲੋਪੋਕੇ ਨੇ ਆਪਣੇ ਬਿਆਨ ਵਿੱਚ ਹਾਪਕਿਨਸਨ ਨੂੰ ਮੁਕਾਉਣ ਦਾ ਪੁੰਨ

---

1. ਘਾਟ (ਦਾਖਲ ਦਫਤਰ) ਲੜੀ ਨੰ. 145, ਦਸੰਬਰ 1914
2. 'ਪਰਾਵਿਨਸ' ਨੰ. 21-277, ਅਕਤੂਬਰ 21, 1914 (ਦੋਪਹਿਰ ਐਡੀਸ਼ਨ)
3. ਮਿਤ ਸਿੰਘ ਦਾ ਬਿਆਨ ਸਫਾ 16

ਆਪਣੇ ਜ਼ੁੰਮੇ ਲੈ ਲਿਆ ਤੇ ਆਪਣੇ ਨਾਲ ਕਿਸੇ ਹੋਰ ਨੂੰ ਸ਼ਾਮਲ ਨਹੀਂ ਦਸਿਆ।[1]

ਹਾਪਕਿਨਸਨ ਦੀ ਅਲਖ਼ ਮੁਕਾਉਣ ਤੋਂ ਬਾਅਦ ਸਾਮਰਾਜੀਆਂ ਨੂੰ ਪਤਾ ਲੱਗ ਗਿਆ, ਕਿ ਇਹ ਲਹਿਰ ਵੰਗਾਂ ਪਾਕੇ ਨਹੀਂ ਚਲ ਰਹੀ। ਇਸ ਵਿੱਚ ਭੀ ਮਾਰੂ ਸ਼ਕਤੀ ਕੰਮ ਕਰ ਰਹੀ ਹੈ। ਉਹਨਾਂ ਨੇ ਆਪਣੀਆਂ ਕਠਪੁਤਲੀਆਂ ਨੂੰ ਉਕੀ ਤਾਂ ਨਹੀਂ, ਪਰ ਕੁਝ ਹੱਦ ਤੱਕ ਨੱਥ ਪਾ ਦਿੱਤੀ ਤੇ ਬਚ ਬਚਾਕੇ ਕਤਲਾਂ ਤੋਂ ਉਰੇ ਉਰੇ ਰਹਿਕੇ ਕੰਮ ਜਾਰੀ ਕਰੀ ਜਾਣ ਦੀ ਸ਼ਹਿ ਦਿੱਤੀ ਰਖੀ।

ਹਤਿਆਰੇ ਬੇਲੇ ਨੂੰ ਹਿੰਦੀ ਲਹਿਰ ਦੇ ਕਹਿਰ ਤੋਂ ਬਚਾਉਣ ਲਈ ਦੇਸ਼ ਨੂੰ ਭੇਜ ਦਿੱਤਾ ਗਿਆ ਤੇ ਬਰਤਾਨੀਆਂ ਦੀ ਹਿੰਦ ਸਰਕਾਰ ਨੇ ਉਸ ਨੂੰ ਆਪਣੀ ਸੇਵਾ ਤੇ ਹਿੰਦੀ ਲਹਿਰ ਨਾਲ ਧਰੋਹ ਕਮਾਉਣ ਦੇ ਬਦਲੇ ਲਾਇਲਪੁਰ ਦੀ ਬਾਰ ਵਿੱਚ ਪੰਜ ਮੁਰਬੇ ਜ਼ਮੀਨ ਦੇ ਦਿੱਤੀ। ਇਸ ਦੇਸ਼ ਧਰੋਹੀ ਨੂੰ ਮਸ਼ਹੂਰ ਇਨਕਲਾਬੀ ਹੀਰਾ ਸਿੰਘ ਸੂੰਢ ਨੇ 1935 ਵਿੱਚ ਹਿੰਦ ਦੀ ਪਵਿੱਤਰ ਧਰਤੀ ਤੋਂ ਚੁਕ ਦਿੱਤਾ। ਹਿੰਦ ਦੀ ਸਾਮਰਾਜੀ ਹਕੂਮਤ ਦੇਸ਼ ਦੀ ਇਨਕਲਾਬੀ ਲਹਿਰ ਦੇ ਗੁੱਸੇ ਤੋਂ ਇਸ ਕਲੰਕੀ ਦੀ ਅੰਤਮ ਰਖਿਆ ਨਾ ਕਰ ਸਕੀ।

ਇਹ ਹਨ ਕੈਨੇਡਾ ਹਿੰਦੀਆਂ ਦੇ ਗ਼ਦਰ ਪਾਰਟੀ ਬਣਣ, ਇਸ ਦੇ ਵਿਸਥਾਰ ਫੜਨ ਤੇ ਹਿੰਦੁਸਤਾਨ ਨੂੰ ਵਹੀਰਾਂ ਪਾਉਣ ਤੱਕ ਦੇ ਹਾਲਾਤ। ਇਹ ਲਹਿਰ ਗ਼ਦਰ ਪਾਰਟੀ ਦੀ ਚਲਾਈ ਹੋਈ ਕੌਮੀ ਇਨਕਲਾਬੀ ਲਹਿਰ ਦਾ ਉੱਘਾ ਅੰਗ ਸੀ। ਇਸ ਲਹਿਰ ਨੇ ਗ਼ਦਰ ਪਾਰਟੀ ਨੂੰ ਨਾ ਕੇਵਲ ਭਾਈ ਬਲਵੰਤ ਸਿੰਘ ਖੁਰਦਪੁਰੀ, ਹਰਨਾਮ ਸਿੰਘ ਸਾਹਰੀ, ਜਗਤ ਸਿੰਘ ਸੁਰ ਸਿੰਘ, ਉੱਤਮ ਸਿੰਘ ਉਰਫ ਰਾਘੋ ਸਿੰਘ, ਜਵੰਦ ਸਿੰਘ ਨੰਗਲ, ਬੀਰ ਸਿੰਘ ਬਾਹੋਵਾਲ ਤੇ ਰਤਨ ਸਿੰਘ ਰਾਏਪੁਰ ਡੱਬਾ ਵਰਗੇ ਇਨਕਲਾਬੀ ਲੀਡਰ ਤੇ ਸ਼ਹੀਦ ਹਰੀ ਸਿੰਘ ਸੂੰਢ ਵਰਗੇ ਬਬਰ ਅਕਾਲੀ ਹੀ ਨਹੀਂ ਦਿੱਤੇ ਸਗੋਂ ਸੈਂਕੜੇ ਵਰਕਰ ਦਿੱਤੇ, ਜਿਹਨਾਂ ਨੇ ਦੇਸ਼ ਜਾ ਕੇ ਗ਼ਦਰ ਪਾਰਟੀ ਦੀ ਕਮਾਨ ਹੇਠ ਜਾਨ ਹੀਲਵੇਂ ਕੰਮ ਕੀਤੇ।

---

1. ਉਤਲਿਖਤ ਤੇ ਹਰਦਿੱਤ ਸਿੰਘ ਲਮਾ ਜਟਪੁਰੇ ਦਾ ਬਿਆਨ।

ਚੌਥਾ ਕਾਂਡ

# ਗ਼ਦਰ ਲਹਿਰ ਦਾ ਆਰੰਭ

ਅਮਰੀਕਾ ਦੀਪ ਵਿੱਚ ਹਿੰਦੀ ਕੌਮੀ ਜਾਗਰਤਾ ਦਾ ਤੀਸਰਾ ਪਿੜ ਸ਼ਾਂਤ ਸਾਗਰ ਵਿੱਚ ਡਿੱਗ ਰਹੇ ਦਰਿਆ ਕੋਲੰਬੀਆ ਦਾ ਮੰਡ ਸੀ। ਇਹ ਦਰਿਆ ਅਮਰੀਕਾ ਦੀਆਂ ਵਾਸ਼ਿੰਗਟਨ ਤੇ ਔਰੇਗਨ ਨਾਮੀ ਰਿਆਸਤਾਂ ਦੀ ਵਿਚਕਾਰਲੀ ਹੱਦ ਹੈ। ਵਾਸ਼ਿੰਗਟਨ ਰਿਆਸਤ ਦੀ ਉਤਰ ਵਾਲੀ ਹੱਦ ਕੈਨੇਡਾ ਦੇ ਸੂਬੇ ਕੋਲੰਬੀਆ ਨਾਲ ਲੱਗਦੀ ਹੈ। ਹੇਠਾਂ ਦਖਣ ਵਲ ਇਸ ਦਰਿਆ ਤੋਂ ਪਾਰ ਔਰੇਗਨ ਦੀ ਰਿਆਸਤ ਹੈ ਅਤੇ ਫੇਰ ਅਗੇ ਔਰੇਗਨ ਦੇ ਦਖਣ ਵਿੱਚ ਕੈਲੇਫੋਰਨੀਆ ਦੀ ਰਿਆਸਤ ਹੈ। ਇਹ ਪਿੜ ਪਹਿਲੇ ਵਿਖਿਆਨੇ ਗਏ ਕੈਨੇਡਾ ਤੇ ਕੈਲੇਫੋਰਨੀਆ ਦੇ ਸਿਆਸੀ ਜਾਗਰਤ ਦੇ ਪਿੜਾਂ ਦੇ ਵਿਚਾਲੇ ਹੈ। ਭਾਵ ਉੱਤੇ ਕੈਨੇਡਾ, ਹੇਠਾਂ ਵਾਸ਼ਿੰਗਟਨ ਤੇ ਔਰੇਗਨ ਤੇ ਅਗਾਂਹ ਕੈਲੇਫੋਰਨੀਆ ਦੀ ਸ਼ਾਂਤ ਸਾਗਰ ਦੇ ਕੰਢੇ ਕੰਢੇ ਇੱਕ ਲੰਮੀ ਪੱਟੀ ਬਣਦੀ ਹੈ, ਤੇ ਅਗਾਂਹ ਕੈਲੇਫੋਰਨੀਆ ਦੀ ਜਿਸ ਵਿੱਚ ਹਿੰਦੀ ਆਏ, ਰਹੇ ਤੇ ਕੌਮੀ ਸੂਝ ਵਿੱਚ ਤਾਕ ਹੋਏ।

ਕੌਮੀ ਜਾਗਰਤਾ ਦੇ ਇਸ ਪਿੜ ਵਿੱਚ ਗ਼ਦਰ ਲਹਿਰ ਦੀ ਚਿਣਗ ਪੈਦਾ ਹੋਈ ਤੇ ਇਹ ਚਿਣਗ ਸਾਨਫਰਾਂਸਿਸਕੋ ਵਿੱਚ ਜਾਕੇ ਧੁਖਣ ਲੱਗ ਪਈ ਤੇ ਇਸ ਤੋਂ ਮਚਕੇ ਉਹ ਇਨਕਲਾਬੀ ਲਹਿਰ ਪੈਦਾ ਹੋਈ, ਜੋ ਹਿੰਦ ਵਿੱਚ ਹਥਿਆਰਾਂ ਦੇ ਜ਼ੋਰ ਅੰਗਰੇਜ਼ੀ ਰਾਜ ਦੀ ਗੁਲਾਮੀ ਨੂੰ ਸਾੜ ਸਵਾਹ ਕਰਨ ਦੇ ਜਤਨਾਂ ਵਿੱਚ ਗਜ਼ਬ ਦੀ ਅੱਗ ਬਣ ਗਈ।

ਇਹਨਾਂ ਰਾਜਸੀ ਪਿੜਾਂ ਵਿੱਚੋਂ ਇਸ ਪਿੜ ਦੀ ਜਾਗਰਤਾ ਦੇ ਇਨਕਲਾਬੀ ਉਭਾਰ ਵਿੱਚ ਉਠ ਪੈਣ ਦੇ ਖਾਸ ਆਰਥਕ, ਸਮਾਜੀ ਤੇ ਸਿਆਸੀ ਕਾਰਨ ਸਨ, ਜੋ ਇੱਥੋਂ ਹਿੰਦੀਆਂ ਦੀ ਕੰਮ ਕਰਨ ਦੀ ਹਾਲਤ ਦੇ ਨਿਆਰਾ ਹੋਣ ਤੋਂ ਪੈਦਾ ਹੋਏ। ਇਹ ਸਾਰੇ ਦਾ ਸਾਰਾ ਮੰਡ ਮਜ਼ਦੂਰ ਇਲਾਕਾ ਸੀ। ਇਥੋਂ ਦੇ ਹਿੰਦੀ ਕਮਾਈਆਂ ਕਰ ਕਰ ਨਾ ਤਾਂ ਕੈਨੇਡਾ ਦੇ ਹਿੰਦੀਆਂ ਵਾਂਗ ਵਪਾਰੀ ਬਣੇ ਤੇ ਨਾ ਕੈਲੇਫੋਰਨੀਆ ਵਾਂਗ ਖੇਤਾਂ ਵਿੱਚ ਕੰਮ ਕਰਕੇ ਧਨੀ ਕਿਸਾਨ। ਇਹ ਸਭ ਦੇ ਸਭ ਮਜ਼ਦੂਰ ਦੇ ਮਜ਼ਦੂਰ ਹੀ ਰਹੇ। ਜਿਸ ਕਰਕੇ ਇਹਨਾਂ ਹਿੰਦੀਆਂ ਵਿੱਚ ਮਜ਼ਦੂਰ ਜਮਾਤ ਦੇ ਸਮਾਜੀ ਤੇ ਸਿਆਸੀ ਲੱਛਣ ਪੈਦਾ ਹੋ ਗਏ। ਇੱਕੋ ਥਾਂ ਕੰਮ ਕਰਨ, ਇਕੋ ਥਾਂ ਰਹਿਣ ਤੇ ਇੱਕੇ ਥਾਂ ਖਾਣ ਪੀਣ ਨੇ ਇਹਨਾਂ ਵਿੱਚੋਂ ਉਹ ਮਜ਼ਹਬੀ ਵਿਤਕਰਾ ਛੇਤੀ ਹੀ ਮਿਟਾ ਦਿੱਤਾ, ਜੋ ਅੰਗਰੇਜ਼ੀ ਸਾਮਰਾਜ ਨੇ ਮਜ਼ਹਬੀ ਵੰਡਾਂ ਤੇ ਛੂਤ ਛਾਤ ਦੇ ਆਧਾਰ ਉਤੇ ਹਿੰਦ ਦੀ ਵਸੋਂ ਵਿੱਚ ਬਹੁਤ ਗਰਮਾਇਆ ਹੋਇਆ ਸੀ। ਇਹੀ ਵਜ੍ਹਾ ਹੈ ਕਿ ਇੱਥੋਂ ਦੇ ਹਿੰਦੀਆਂ (ਸਿੱਖਾਂ) ਨੇ ਕੈਨੇਡਾ ਤੇ ਕੈਲੇਫੋਰਨੀਆ ਦੇ ਸਿੱਖਾਂ ਵਾਂਗ-ਮਜ਼ਹਬ ਦੇ ਨਾਂ ਹੇਠਾਂ ਇਕੱਠੇ ਹੋਣ ਲਈ ਗੁਰਦਵਾਰੇ ਬਨਾਉਣ ਵਲ ਕਦਮ ਨਹੀਂ ਪਟਿਆ।

ਉਹਨੀ ਦਿਨੀਂ ਅਮਰੀਕਾ ਵਿੱਚ ਤੇਜ਼ੀ ਨਾਲ ਹੋ ਰਹੀ ਸਰਮਾਏਦਾਰ ਤਰੱਕੀ ਅਮਰੀਕਨ ਸਰਮਾਏਦਾਰੀ ਨੂੰ ਸਾਮਰਾਜੀ ਪੌੜੀ ਤੇ ਚਾੜ੍ਹ ਰਹੀ ਸੀ। ਇਸ ਤਰੱਕੀ ਲਈ ਸਸਤੇ ਤੇ ਅਣਗਿਣਤ ਵਾਧੂ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਇਹ ਲੋੜ ਹਰ ਸਾਲ ਯੋਰਪ ਤੇ ਏਸ਼ੀਆ ਦੇ ਦੇਸ਼ਾਂ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਅਮਰੀਕਾ ਵਿੱਚ ਮਜ਼ਦੂਰੀਆਂ ਕਰਨ ਆ ਰਹੇ ਲੋਕ ਪੂਰੀ ਕਰ ਰਹੇ ਸਨ।

ਕੈਨੇਡਾ ਵਾਂਗ ਇੱਥੋਂ ਦੇ ਚਾਤਰ ਸਰਮਾਏਦਾਰ ਇਸ ਨਵੀਂ ਆਮਦ ਨੂੰ ਮਜ਼ਦੂਰ ਏਕੇ ਨੂੰ ਖੇਰੂੰ ਖੇਰੂੰ ਕਰਨ ਤੇ ਮਜ਼ਦੂਰੀ ਦਾ ਰੇਟ ਘੱਟ ਰੱਖਣ ਲਈ ਵਰਤਦੇ ਸਨ। ਮਜ਼ਦੂਰੀ ਦੀ ਇਸ ਘੱਟ

ਰਖੀ ਜਾ ਰਹੀ ਪੱਧਰ ਨੂੰ ਮਜ਼ਦੂਰ ਜਥੇਬੰਦੀ[1] ਵਿੱਚ ਵੜੇ ਬੈਠੇ ਸਰਮਾਏਦਾਰ ਲੀਡਰ ਨਵੇਂ ਤੇ ਪਰਦੇਸੀ ਮਜ਼ਦੂਰਾਂ ਦੇ ਸਿਰ ਥਪਦੇ ਸਨ ਤੇ ਇਸ ਤਰ੍ਹਾਂ ਪੁਰਾਣੇ ਤੇ ਨਵੇਂ ਮਜ਼ਦੂਰਾਂ ਵਿੱਚ ਈਰਖਾ ਪੈਦਾ ਕਰਦੇ ਤੇ ਵਧਾਉਂਦੇ ਸਨ। ਨਵੇਂ ਤੇ ਖਾਸ ਕਰ ਏਸ਼ੀਆਈ ਮਜ਼ਦੂਰਾਂ ਦਾ ਤਾਂ ਗੁਡਾ ਹੀ ਬੰਨ੍ਹ ਲਿਆ ਜਾਂਦਾ। ਉਹਨਾਂ ਵਲ ਪੁਰਾਣੇ (ਗੋਰੇ) ਮਜ਼ਦੂਰਾਂ ਵਿੱਚ ਨਕ ਚਾੜ੍ਹ ਹਵਾ ਪੈਦਾ ਕੀਤੀ ਜਾਂਦੀ। ਉਹਨਾਂ ਦਾ ਘਰਾਂ ਤੇ ਹੋਟਲਾਂ ਵਿੱਚ ਮਖੌਲ ਉਡਾਇਆ ਜਾਂਦਾ ਅਤੇ ਹੋਟਲਾਂ ਤੇ ਹੋਰ ਜਨਤਕ ਥਾਵਾਂ ਤੇ ਇਕਠਾਂ ਵਿੱਚ ਆਉਣੋ ਰੋਕਿਆ ਜਾਂਦਾ। ਇਸ ਤਰ੍ਹਾਂ ਇਸ ਈਰਖਾ ਨੂੰ ਵਧਾ ਤੇ ਤਾਅਕੇ ਮੰਦਵਾੜੇ ਦੇ ਸਾਲਾਂ ਵਿੱਚ ਮਜ਼ਦੂਰ ਲੜਾਈਆਂ ਵਿੱਚ ਪਲਟ ਜਾਂਦਾ। ਇਹ ਸੀ ਅਮਰੀਕਨ ਸਰਮਾਏਦਾਰੀ ਦੀ ਮਜ਼ਦੂਰ ਚਾਲ।

ਅਮਰੀਕੀ ਸਰਮਾਏਦਾਰੀ ਦੇ ਅਜਾਰੇਦਾਰ ਮੰਡਲ ਪਰਧਾਨਗੀ ਦੇ ਚੋਣ ਦੇ ਸਾਲ ਨੂੰ ਵਪਾਰਕ ਦਾਅਮਾਰੀ ਲਈ ਵਰਤਦੇ ਹਨ। ਵੱਡੇ ਅਜਾਰਾਦਾਰ ਸੌਦੇ ਕਰਨੋ ਖਲੋ ਜਾਂਦੇ ਹਨ। ਨਿੱਕੇ ਵਪਾਰੀਆਂ ਤੇ ਛੋਟੀ ਪੂੰਜੀ ਦੇ ਸਰਮਾਏਦਾਰਾਂ ਦੇ ਦਿਵਾਲੇ ਨਿਕਲ ਜਾਂਦੇ ਹਨ ਤੇ ਵੱਡਾ ਸਰਮਾਇਆ ਅਜਾਰੇਦਾਰੀ ਦੀ ਇੱਕ ਹੋਰ ਪੌੜੀ ਚੜ੍ਹ ਜਾਂਦਾ ਹੈ। ਪੈਦਾਵਾਰ ਵਿੱਚ ਬਿਲਕੁਲ ਖਲਿਹਾਰ ਤਾਂ ਨਹੀਂ, ਪਰ ਘਾਟ ਆ ਜਾਂਦੀ ਹੈ। ਮਜ਼ਦੂਰਾਂ ਨੂੰ ਜਵਾਬ ਮਿਲਣ ਲੱਗ ਜਾਂਦਾ ਹੈ। ਬਾਹਰੋਂ ਆਏ ਨਵੇਂ ਜਾਂ ਪਰਦੇਸੀ ਮਜ਼ਦੂਰਾਂ ਨੂੰ ਘਟ ਤਨਖਾਹਾਂ ਉਤੇ ਰਖ ਲਿਆ ਜਾਂਦਾ ਹੈ। ਸਰਮਾਏਦਾਰਾਂ ਦੀ ਇਸ ਚਾਲ ਨੂੰ ਸਮਝਣ ਦੀ ਬਜਾਏ ਆਮ ਗੋਰਾ (ਪੁਰਾਣਾ) ਮਜ਼ਦੂਰ ਨਵੇਂ ਆਏ ਪਰਦੇਸੀ ਮਜ਼ਦੂਰਾਂ ਉੱਤੇ ਗੁੱਸਾ ਕੱਢਦਾ ਤੇ ਇਹਨਾਂ ਨੂੰ ਆਪਣੀ ਬਦਬਖਤੀ ਦਾ ਕਾਰਨ ਸਮਝ ਬਹਿੰਦਾ ਹੈ। ਸਰਮਾਏਦਾਰ ਰੁਚੀ ਤੇ ਮਜ਼ਦੂਰ ਲੀਡਰਾਂ ਵੱਲੋਂ ਇਸ ਗੁੱਸੇ ਨੂੰ ਹੋਰ ਸ਼ਹਿ ਦਿੱਤੀ ਜਾਂਦੀ ਹੈ, ਜੋ ਇਸ ਨੂੰ ਵਧਾਕੇ ਤੇ ਗਰਮਾਕੇ ਪਰਦੇਸੀ ਮਜ਼ਦੂਰਾਂ ਉੱਤੇ ਗੋਰੇ ਮਜ਼ਦੂਰਾਂ ਦੇ ਹਮਲਿਆਂ ਦੇ ਰਸਤੇ ਪਾ ਦਿੰਦੇ ਹਨ।

## ਮਜ਼ਦੂਰ ਈਰਖਾ ਦੀ ਫਾਂਟ

1907 ਦਾ ਸਾਲ ਪ੍ਰਧਾਨ ਦੀ ਚੋਣ ਦਾ ਸਾਲ ਸੀ। ਇਸ ਲਈ ਛੋਟੇ ਸਰਮਾਏਦਾਰਾਂ, ਵਪਾਰੀਆਂ, ਕਿਸਾਨਾਂ ਤੇ ਮਜ਼ਦੂਰਾਂ ਵਾਸਤੇ ਇਹ ਮੰਦੇ ਦਾ ਸਾਲ ਸੀ। ਪੱਛਮੀ ਕੰਢੇ ਦੇ ਕਾਰਖਾਨੇਦਾਰਾਂ ਨੇ ਮਹਿੰਗੇ ਗੋਰੇ ਮਜ਼ਦੂਰ ਹਟਾਕੇ ਸਸਤੇ ਏਸ਼ੀਆਈ ਮਜ਼ਦੂਰ ਆਰਾ ਮਿਲਾਂ ਤੇ ਰੇਲ ਦੀਆਂ ਪਟੜੀਆਂ ਉਤੇ ਲਾ ਲਏ। ਜਿਸ ਤਰ੍ਹਾਂ ਕਿ ਪਹਿਲਾਂ ਲਿਖਿਆ ਦਾ ਚੁੱਕਾ ਹੈ ਕਿ ਗੋਰੇ ਮਜ਼ਦੂਰਾਂ ਨੇ ਜਾਪਾਨੀ ਤੇ ਹਿੰਦੀ ਮਜ਼ਦੂਰਾਂ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾ ਤੇ ਸਭ ਤੋਂ ਭਿਆਨਕ ਹਮਲਾ 5 ਸਤੰਬਰ, 1907 ਨੂੰ ਵਾਸ਼ਿੰਗਟਨ ਦੀ ਰਿਆਸਤ ਵਿੱਚ ਕੈਨੇਡਾ ਦੀ ਹੱਦ ਲਾਗੇ ਬੈਲਿੰਘਮ ਦੀਆਂ ਮਿਲਾਂ ਦੇ ਏਸ਼ੀਆਈ ਮਜ਼ਦੂਰਾਂ ਉੱਤੇ ਹੋਇਆ (ਜਿਸ ਦਾ ਪਹਿਲਾਂ ਵਰਨਣ ਕੀਤਾ ਜਾ ਚੁੱਕਾ ਹੈ)।

ਦੂਸਰੀ ਘਟਨਾ ਔਰੇਗਨ ਦੇ ਕਸਬੇ ਵਿਲਹਮ ਦੇ ਲਕੜੀ ਦੇ ਕਾਰਖਾਨਿਆਂ ਵਿੱਚ ਹੋਈ। ਇਥੇ ਵੀ ਹਿੰਦੀ ਮਜ਼ਦੂਰਾਂ ਨੂੰ ਕੁਟਕੇ ਤੇ ਟਰੈਮਾਂ ਵਿੱਚ ਬਦੋ ਬਦੀ ਠੋਸਕੇ ਜੰਗਲਾਂ ਵਿੱਚ ਲਿਜਾਕੇ ਛੱਡ ਦਿੱਤਾ ਗਿਆ। ਤੀਸਰੀ ਵਾਰਦਾਤ ਐਵੇਰਟ ਨਾਮੀ ਸ਼ਹਿਰ ਵਿੱਚ ਹੋਈ।

ਚੌਥਾ ਸਾਕਾ ਟੈਕੋਮਾ ਸ਼ਹਿਰ ਦਾ ਹੈ, ਜਿਥੇ ਰੇਲਵੇ ਮਜ਼ਦੂਰਾਂ ਨੇ ਜਦ ਹੜਤਾਲ ਕੀਤੀ ਤਾਂ

---

1. ਡਡੀ ਬੁਰਜ਼ੋਰ ਦੀ ਰਿਪੋਰਟ, ਘਾਟ (ੳ) ਦਸੰਬਰ,1914 ਕਾਰਵਾਈ ਨੰ. 5

ਕੰਪਨੀ ਨੇ ਹਿੰਦੀ ਮਜ਼ਦੂਰਾਂ ਨੂੰ ਭਰਤੀ ਕਰ ਲਿਆ। ਇਸ ਉੱਤੇ ਗੋਰੇ ਮਜ਼ਦੂਰਾਂ ਨੇ ਹਿੰਦੀਆਂ ਉਤੇ ਹਮਲਾ ਬੋਲ ਦਿੱਤਾ ਤੇ ਕੁੱਟ ਕੁੱਟਕੇ ਰੇਲਾਂ ਤੋਂ ਭਜਾ ਦਿੱਤਾ। ਪੰਜਵੀਂ ਘਟਨਾ 3 ਅਕਤੂਬਰ, 1907 ਨੂੰ ਇਸ ਤਰ੍ਹਾਂ ਹੋਈ, ਕਿ ਕੁਝ ਹਿੰਦੀ ਕੈਨੇਡਾ ਵਲੋਂ ਵਾਸ਼ਿੰਗਟਨ ਦੀ ਰਿਆਸਤ ਵਿੱਚ ਆ ਕੇ ਵੜੇ, ਉਹਨਾਂ ਨੂੰ ਇੱਟਾਂ ਵੱਟੇ ਮਾਰਕੇ ਹਵਾਈ ਫਾਇਰ ਕਰਕੇ ਮੁੜ ਕੈਨੇਡਾ ਨੂੰ ਭਜਾ ਦਿੱਤਾ ਗਿਆ।[1] ਇਸੇ ਤਰ੍ਹਾਂ 25 ਜਨਵਰੀ, 1908 ਨੂੰ ਲਿਵ ਓਕ ਵਿਖੇ ਹਿੰਦੀ ਮਜ਼ਦੂਰਾਂ ਨੂੰ ਮਾਰਿਆ ਕੁਟਿਆ ਗਿਆ।

ਇਹਨਾਂ ਵਿੱਚੋਂ ਇੱਕ ਵਿਥਿਆ 19 ਦਸੰਬਰ, 1915 ਦੇ 'ਨਿਊਯਾਰਕ ਟਾਈਮਜ਼' ਦੇ ਸੈਕਸ਼ਨ 4 ਦੇ ਪਹਿਲੇ ਸਫੇ ਉਤੇ ਛਪੀ ਹੈ, ਜੋ ਇਹਨਾਂ ਮਾਰ ਕੁਟਾਈਆਂ ਦਾ ਸ਼ਿਕਾਰ ਇੱਕ ਹਿੰਦੀ ਮੋਤਾ ਸਿੰਘ ਨੇ ਬਿਆਨ ਕੀਤੀ ਸੀ।

"ਮੈਂ ਵਾਸ਼ਿੰਗਟਨ ਦੀ ਰਿਆਸਤ ਦੇ ਸ਼ਹਿਰ 'ਐਵੇਰਟ' ਵਿੱਚ ਮਿਸਟਰ ਵੈਲਡਾਨੈਰ ਦੀ ਮਿੱਲ ਵਿੱਚ ਕੰਮ ਕਰਦਾ ਸਾਂ। 2 ਨਵੰਬਰ, 1907 ਦੀ ਰਾਤ ਨੂੰ 500 ਆਦਮੀ ਬੰਦੂਕਾਂ ਲੈ ਕੇ ਹਿੰਦੀਆਂ ਨੂੰ ਮਾਰਨ ਆ ਪਏ, ਮਿਸਟਰ ਵੈਲਡਾਨੈਰ ਸਾਨੂੰ ਪਨਾਹ ਦੇਣ ਲਈ ਪੁਲਸ ਥਾਣੇ ਵਿੱਚ ਲੈ ਗਿਆ। ਮੈਂ ਬਰਿਟਿਸ਼ ਕੌਂਸਲ ਨੂੰ ਟੈਲੀਫੋਨ ਕੀਤਾ। ਉਸ ਨੇ ਜਵਾਬ ਦਿੱਤਾ, ਜਦ ਤੱਕ ਐਵੇਰਟ ਦਾ ਮੇਅਰ ਰਪੋਰਟ ਨਾ ਕਰੇ, ਉਹ ਕੁਝ ਨਹੀਂ ਕਰ ਸਕਦਾ, ਅਗਲੇ ਦਿਨ ਅਸੀਂ ਐਵੇਰਟ ਛੱਡ ਕੇ ਚਲੇ ਗਏ। ਅਸੀਂ ਬੜੀ ਥਾਂਈਂ ਫਿਰਕੇ ਕੰਮ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਕਿਧਰੇ ਕੰਮ ਨਾ ਮਿਲਿਆ, ਮਜ਼ਦੂਰ ਐਕਸਚੇਂਜ ਵਿੱਚ ਭਰਤੀ ਹੋਕੇ ਅਲਾਸਕਾ ਚਲੇ ਗਏ। ਉਥੇ ਅਗੇ ਵਰੈਂਗਲ ਦੇ ਘਾਟ ਉਤੇ ਸਾਨੂੰ ਉਥੋਂ ਦੇ ਕੁਪੱਤੇ ਗੋਰੇ ਮਜ਼ਦੂਰਾਂ ਨੇ ਉਤਰਨ ਨਾ ਦਿੱਤਾ। ਅਸੀਂ ਵਾਪਸ ਮੁੜ ਆਏ। ਡਗਲਸ ਸਿਟੀ ਆ ਕੇ ਸਾਨੂੰ ਕੰਮ ਦਾ ਪਤਾ ਲਗਾ ਪਰ ਮਜ਼ਦੂਰ ਯੂਨੀਅਨਾਂ ਦੇ ਡਰ ਦੇ ਮਾਰੇ ਗੋਰੇ ਮਾਲਕ ਨੇ ਸਾਨੂੰ ਕੰਮ ਨਾ ਦਿੱਤਾ। ਮੈਂ ਸਿਆਟਲ ਦੇ ਅੰਗਰੇਜ਼ੀ ਮੀਤ ਕੌਂਸਲ ਤੇ ਪੋਰਟਲੈਂਡ ਦੇ ਕੌਂਸਲ ਪਾਸ ਗਿਆ, ਉਹਨਾਂ ਨੇ 'ਗੋਂਗਲੂਆਂ ਉਤੋਂ ਮਿੱਟੀ ਝਾੜ ਛੱਡੀ' ਤੇ ਆਖਿਆ ਕਿ ਵਕਤ ਲੰਘ ਗਿਆ ਹੈ।"

ਸੋ ਇਹ ਸੀ ਹਿੰਦੀ ਮਜ਼ਦੂਰਾਂ ਦੀ ਹਾਲਤ, ਜਿਸ ਦੇ ਨਕੇ ਵਿੱਚ ਦੀ ਹੋਕੇ ਇਨ੍ਹਾਂ ਨੂੰ ਲੰਘਣਾ ਪਿਆ ਤੇ ਬਰਤਾਨਵੀ ਹਕੂਮਤ ਦੇ (ਜਿਸ ਨੂੰ ਇਹ ਬੜੇ ਚਾਅ ਨਾਲ ਆਪਣੇ ਬਾਦਸ਼ਾਹ ਦੀ ਹਕੂਮਤ ਸਮਝਦੇ ਸਨ) ਨੁਮਾਇੰਦਿਆਂ ਨੇ ਭੀ ਇਹਨਾਂ ਦੀ ਬਾਂਹ ਨਾ ਫੜੀ। ਇਹ ਦੋ ਸਾਲ ਏਸ਼ੀਆਈ ਤੇ ਖਾਸ ਕਰ ਹਿੰਦੀ ਮਜ਼ਦੂਰਾਂ ਲਈ ਸਮਾਜੀ ਈਰਖਾ, ਫਿਟਦੁਰਕਾਰ ਤੇ ਮਾਰ-ਕੁਟਾਈ ਤੇ ਸਾਲ ਸਨ। 1908 ਦੇ ਮੁਕਦਿਆਂ ਹੀ ਮੰਦਾ ਹਟ ਗਿਆ ਤੇ ਹਿੰਦੀ ਮਜ਼ਦੂਰਾਂ ਦੇ ਵਿਰੁੱਧ ਮਜ਼ਦੂਰ ਈਰਖਾ ਦਾ ਤਾਅ ਵੀ ਠੰਡਾ ਪੈਣ ਲੱਗ ਪਿਆ।

ਉਤਲੇ ਲਿਖੇ ਦਾ ਇਹ ਮਤਲਬ ਨਹੀਂ ਕਿ ਸਾਰੇ ਦੇ ਸਾਰੇ ਗੋਰੇ ਅਮਰੀਕਨ ਹਿੰਦੀਆਂ ਨਾਲ ਘਿਰਨਾ ਕਰਦੇ ਸਨ। ਗੋਰੇ ਸਰਮਾਏਦਾਰ ਤਾਂ ਹਿੰਦੀਆਂ ਨੂੰ ਦੋ ਕਾਰਨਾਂ ਕਰਕੇ ਸਗੋਂ ਵਧੇਰੇ ਮੰਗਦੇ ਸਨ। ਇੱਕ ਤਾਂ ਹਿੰਦੀ ਮਜ਼ਦੂਰ ਗੋਰਿਆਂ ਨਾਲੋਂ ਜ਼ਿਆਦਾ ਕੰਮ ਤੇ ਪੈਦਾਵਾਰ ਦਿੰਦੇ ਸਨ। ਦੂਸਰੇ ਹਿੰਦੀ ਦੀ ਮੰਡੀ ਵਿੱਚ ਖੁੱਭਣ ਲਈ ਅਮਰੀਕਨ ਬੁਰਜੁਆਜ਼ੀ ਹਿੰਦੀਆਂ ਦੀ ਲੋਕ ਰਾਏ ਆਪਣੇ ਵਲ ਖਿਚਣਾ ਚਾਹੁੰਦੀ ਸੀ। ਇਹ ਲੋਕ ਪਰੋਫੈਸਰ, ਵਿਦਿਆਰਥੀ, ਵਪਾਰੀ, ਤੇ ਕਾਰਖਾਨੇਦਾਰ ਸਨ। ਇਹ ਹਿੰਦੀਆਂ ਨੂੰ ਗੁਲਾਮ ਹੋਣ ਤੇ ਤਾਅਨੇ ਦਿੰਦੇ। ਗਲ ਗਲ ਵਿੱਚ ਗੁਲਾਮੀ

---

1. ਹੋਮ (ਪੋਲੀਟੀਕਲ) ਅਕਤੂਬਰ 1907, ਕਾਰਵਾਈ ਨੰ. 80-87

ਤੇ ਪਰਾਧੀਨਤਾ ਦਾ ਅਹਿਸਾਸ ਕਰਵਾਉਣ ਵਾਲੀਆਂ ਟਿਚਕਰਾਂ ਕਰਦੇ ਤੇ ਇਸ ਅਵਸਥਾ ਵਿੱਚੋਂ ਨਿਕਲਣ ਦੀਆਂ ਹਲਾ ਸ਼ੇਰੀਆਂ ਦਿੰਦੇ।

ਅਮਰੀਕਾ ਦੀ ਰਾਜ ਬਣਤਰ ਦਾ ਵੀ ਹਿੰਦੀਆਂ ਅੰਦਰ ਰਾਜਸੀ ਜਾਗਰਤਾ ਲਿਆਉਣ ਤੇ ਆਪਣਾ ਨਿਸ਼ਾਨ ਘੜਨ ਵਿੱਚ ਬੜਾ ਹੱਥ ਹੈ। ਕਿਥੇ ਹਿੰਦੁਸਤਾਨ ਉਤੇ ਸ਼ਾਹ ਇੰਗਲਸਾਨ ਦੇ ਥਾਪੇ ਹੋਏ ਨਾਇਬ ਵਾਇਸਰਾਏ ਦੀ ਹਕੂਮਤ ਤੇ ਸਾਰੇ ਉੱਚ ਪਾਏ ਦੇ ਅਫਸਰਾਂ ਦਾ ਲੰਡਨ ਤੋਂ ਹੀ ਮੁਕਰਰ ਹੋ ਕੇ ਭੇਜਿਆ ਜਾਣਾ ਤੇ ਕਿੱਥੇ ਇਥੇ ਅਮਰੀਕਾ ਵਿੱਚ ਰਿਆਸਤੀ ਤੇ ਕੇਂਦਰੀ ਵਿਧਾਨ ਸਭਾਵਾਂ, ਗਵਰਨਰਾਂ ਤੇ ਪਰਧਾਨ ਦਾ ਲੋਕਾਂ ਦੀ ਸੰਮਤੀ ਨਾਲ ਚੁਣਿਆ ਜਾਣਾ, ਫੇਰ ਭਿੰਨ ਭਿੰਨ ਕੌਮਾਂ ਦੇ ਦੇਸ਼ਾਂ ਦੇ ਲੋਕਾਂ ਦਾ ਇਥੇ ਵਸਣਾ ਤੇ ਸਭ ਦਾ ਇੱਕ ਕੌਮ ਵਿੱਚ ਹੀ ਪਰਤਦੇ ਜਾਣਾ, ਇਹਨਾਂ ਚੀਜ਼ਾਂ ਨੇ ਜਿੱਥੇ ਹਿੰਦੀਆਂ ਨੂੰ ਹਿੰਦ ਉਤੇ ਗੋਰੇ ਰਾਜ ਦੀ ਗੁਲਾਮੀ ਦਾ ਅਹਿਸਾਸ ਕਰਵਾਇਆ, ਉਥੇ ਸਾਰੇ ਹਿੰਦੀਆਂ ਦੀ ਇੱਕ ਹੀ ਕੌਮ ਬਣਾਉਣ ਦਾ ਵਿਚਾਰ ਪੱਕਾ ਕੀਤਾ।

ਇਸ ਤੋਂ ਇਲਾਵਾ ਯੋਰਪ ਤੇ ਏਸ਼ੀਆ ਦੇ ਗੁਲਾਮ ਦੇਸ਼ਾਂ ਦੇ ਵਸ ਰਹੇ ਭਗਤਾਂ ਨੂੰ ਏਥੇ ਆਪਣੇ ਆਪਣੇ ਦੇਸ਼ ਦੀ ਆਜ਼ਾਦੀ ਦੀ ਲਹਿਰ ਦੀ ਸਹਾਇਤਾ ਕਰਨ ਦੀ ਅਜੇ ਖੁੱਲ੍ਹ ਸੀ। ਉਹਨਾਂ ਦੀ ਦੇਖਾ ਦੇਖੀ ਇਹਨਾਂ ਨੂੰ ਵੀ ਆਪਣੇ ਦੇਸ਼ ਦੀ ਆਜ਼ਾਦੀ ਦੀ ਲਹਿਰ ਉਠਾਉਣ ਤੇ ਇਸ ਨੂੰ ਫੈਲਾਉਣ ਦਾ ਉਤਸ਼ਾਹ ਪਰਾਪਤ ਹੋਇਆ।

ਮਜ਼ਦੂਰਾਂ ਵਿੱਚ ਕੰਮ ਕਰਨ ਸਦਕਾ ਮਜ਼ਦੂਰ ਜਮਾਤ ਦੇ ਜਮਾਤੀ ਨਿਸ਼ਾਨੇ ਭਾਵ ਸੋਸ਼ਲਿਜ਼ਮ ਦੇ ਵਿਚਾਰ ਵੀ ਪੈਦਾ ਹੋਏ ਜੋ ਭਾਵੇਂ ਅਜੇ ਧੁੰਦਲੇ ਤੇ ਕੱਚੇ ਸਨ।[1]

## ਸੇਂਟ ਜਾਨ ਦਾ ਸਿਆਸੀ ਅੱਡਾ

ਇਸ ਮੰਡ ਦੇ ਐਸਟਰੀਆ, ਟੈਕੋਮਾਂ, ਮੋਨਾਰਕ, ਲਿਨਟਨ, ਸੇਂਟ ਜਾਨ, ਪੋਰਟਲੈਂਡ, ਵਾਨਾ, ਬਰਾਈਡਿਲਵਿਲ, ਫੈਰੀ ਓਕ, ਲਿਵ ਓਕ, ਵਿਲਹਮ, ਵੁਡਲੈਂਡ, ਬੈਲਿੰਘਮ ਤੇ ਐਵੇਰਟ ਆਦਿ ਸ਼ਹਿਰਾਂ ਤੇ ਕਸਬਿਆਂ ਦੀਆਂ ਆਰਾ ਮਿੱਲਾਂ ਤੇ ਰੇਲਵੇ ਵਰਕਸ਼ਾਪਾਂ ਵਿੱਚ ਤੇ ਰੇਲ ਪਟੜੀਆਂ ਉਤੇ ਸੈਂਕੜੇ ਹਿੰਦੀ ਮਜ਼ਦੂਰ ਵੀਹਾਂ ਪੰਝੀਆਂ ਪੰਝੀਆਂ ਦੀਆਂ ਟੋਲੀਆਂ ਵਿੱਚ ਮਜ਼ਦੂਰੀ ਕਰਦੇ ਤੇ ਸਾਂਝ ਭਿਆਲੀ ਪਾਕੇ ਇਕੱਠੇ ਡੇਰਿਆਂ ਵਿੱਚ ਰਹਿੰਦੇ। ਕੈਲੇਫੋਰਨੀਆ ਤੇ ਸੀਆਟਲ ਵਿੱਚ ਪੜ੍ਹਨ ਆਏ ਵਿਦਿਆਰਥੀ ਛੁਟੀਆਂ ਦੇ ਦਿਨਾਂ ਵਿੱਚ ਅਤੇ ਨਵੇਂ ਆਏ ਹਿੰਦੀ ਕੰਮ ਦੀ ਭਾਲ ਵਿੱਚ ਇਹਨਾਂ ਡੇਰਿਆਂ ਵਿੱਚ ਆਉਂਦੇ ਅਤੇ ਇਹਨਾਂ ਦੀ ਦੱਸ ਉੱਤੇ ਕੰਮਾਂ ਉੱਤੇ ਲੱਗਦੇ। ਇਸ ਸਿਆਸੀ ਪਿੜ ਦਾ ਕੇਂਦਰ ਪੋਰਟਲੈਂਡ ਸ਼ਹਿਰਾਂ ਦੇ ਲਾਗੇ ਛੋਟਾ ਕਸਬਾ ਸੇਂਟ ਜਾਨ ਸੀ, ਜਿੱਥੋਂ ਦੀ ਲੰਬਰ (ਆਰਾ) ਮਿੱਲ ਵਿੱਚ ਜ਼ਿਲਾ ਅੰਬਾਲਾ ਪਿੰਡ ਮੜੋਲੀ ਦੇ ਪੰਡਤ ਕਾਂਸ਼ੀ ਰਾਮ ਵੀਹਾਂ ਪੰਝੀਆਂ ਹਿੰਦੀ ਮਜ਼ਦੂਰਾਂ ਦੀ ਟੋਲੀ ਦਾ ਮੇਟ ਬਣਕੇ ਕੰਮ ਕਰਦੇ ਸਨ। ਇੱਥੇ 1906 ਤੋਂ ਹੀ ਸਿਆਸੀ ਸੋਚਾਂ ਤੇ ਸਰਗਰਮੀਆਂ ਸ਼ੁਰੂ ਸਨ। ਕੈਲੇਫੋਰਨੀਆ ਦੇ ਭਾਈ ਜਵਾਲਾ ਸਿੰਘ ਦੇ ਡੇਰੇ ਵਾਂਗ ਇਹ ਡੇਰਾ ਵੀ ਬਹੁਤ ਪ੍ਰਸਿੱਧ ਤੇ ਸਿਆਸੀ ਸੋਚਾਂ ਤੇ ਕਰਨੀਆਂ ਦਾ ਅੱਡਾ ਸੀ। ਇਥੇ ਦਰਿਆ ਕੋਲੰਬੀਆ ਦੇ ਮੰਡ ਦੀਆਂ ਆਰਾਂ ਮਿੱਲਾਂ ਦੇ ਹਿੰਦੀ ਮਜ਼ਦੂਰਾਂ, ਖਾਸ ਕਰ ਭਾਈ ਸੋਹਣ ਸਿੰਘ ਭਕਨਾ, ਭਾਈ ਹਰਨਾਮ

1. ਰੋਲੈਟ ਰਪੋਰਟ ਸਫਾ 155

ਸਿੰਘ ਟੂੰਡੀਲਾਟ, ਭਾਈ ਊਧਮ ਸਿੰਘ ਕਸੇਲ, ਸ੍ਰੀ ਰਾਮ ਰੱਖਾ ਸਾਹਿਬ ਸੜੋਆ, ਭਾਈ ਈਸ਼ਰ ਸਿੰਘ ਮਰਹਾਣਾ ਐਤਵਾਰਾਂ ਜਾਂ ਹੋਰ ਛੁੱਟੀਆਂ ਦੇ ਦਿਨਾਂ ਵਿੱਚ ਇਕੱਠੇ ਹੁੰਦੇ ਤੇ ਆਪਣੀ ਸਮਾਜਕ ਤੇ ਸਿਆਸੀ ਜ਼ਿੰਦਗੀ ਬਾਰੇ ਵਿਚਾਰਾਂ ਕਰਦੇ। ਇਹਨਾਂ ਵਿੱਚੋਂ ਭਾਈ ਸੋਹਣ ਸਿੰਘ ਭਕਨਾ ਦੇਸ਼ ਵਿੱਚ ਕੂਕਾ ਲਹਿਰ ਦੇ ਮੋਢੀਆਂ ਵਿੱਚੋਂ ਰਹਿ ਚੁੱਕੇ ਸਨ। ਇਸ ਤੋਂ ਅਗੇਰੇ ਉਹਨਾਂ ਨੂੰ ਮਜ਼ਹਬੀ ਵਿਅਕਤੀਆਂ ਤੋਂ ਉਚੇਰੇ ਤੇ ਆਜ਼ਾਦ ਖਿਆਲ ਪਰਸਿਧ ਬਾਬਾ ਕੇਸਰ ਦੀ ਸੰਗਤ ਵੀ ਪਰਾਪਤ ਰਹੀ ਸੀ। ਦੇਸ਼ ਵਿੱਚ ਹੀ ਉਹਨਾਂ ਦੇ ਖਿਆਲ ਅੰਗਰੇਜ਼ ਵਿਰੋਧੀ ਸਨ। ਸਿਆਣਪ ਤੇ ਉਮਰ ਵਿੱਚ ਵੀ ਬਾਕੀਆਂ ਨਾਲੋਂ ਵਡੇਰੇ ਸਨ। ਉਹਨਾਂ ਦੀਆਂ ਗੱਲਾਂ ਹਿੰਦੀਆਂ ਉਤੇ ਅਸਰ ਪਾਉਂਦੀਆਂ ਸਨ। ਜਿਸ ਕਰਕੇ ਉਹਨਾਂ ਦਾ ਇਸ ਮੰਡ ਦੇ ਹਿੰਦੀ ਮਜ਼ਦੂਰਾਂ ਵਿੱਚ ਚੰਗਾ ਆਦਰ ਮਾਣ ਸੀ।

ਏਥੇ ਜੀ.ਡੀ. ਕੁਮਾਰ, ਬਾਬੂ ਹਰਨਾਮ ਸਿੰਘ ਸਾਹਰੀ, ਸ੍ਰੀ ਤਾਰਕਨਾਥ ਦਾਸ, ਸੰਤ ਤੇਜਾ ਸਿੰਘ ਆਦਿ ਵੀ ਆਏ ਤੇ ਉਹ ਏਥੇ ਤੇ ਹੋਰਨਾਂ ਡੇਰਿਆਂ ਦੇ ਮਜ਼ਦੂਰਾਂ ਨੂੰ ਰਲਕੇ ਰਹਿਣ, ਹਿੰਦੀਆਂ ਦੀਆਂ ਸ਼ਕਾਇਤਾਂ ਉਤੇ ਅੰਗਰੇਜ਼ੀ ਹਕੂਮਤ ਦੇ ਧਿਆਨ ਨਾ ਦੇਣ ਵਿਰੁੱਧ ਰੋਸ ਪ੍ਰਗਟ ਕਰਨ, ਸਮਾਜੀ ਕੁਰੀਤੀਆਂ ਛਡਣ ਤੇ ਅਮਰੀਕੀ ਜੀਵਨ ਧਾਰਨ ਕਰਨ ਦਾ ਪ੍ਰਚਾਰ ਕਰਦੇ। ਇੱਥੇ 'ਸਵਦੇਸ਼ ਸੇਵਕ' ਉਰਦੂ, 'ਪਰਦੇਸੀ ਖਾਲਸਾ' ਪੰਜਾਬੀ, 'ਸੰਸਾਰ' ਪੰਜਾਬੀ ਤੇ 'ਫਰੀ ਹਿੰਦੁਸਤਾਨ' ਅੰਗਰੇਜ਼ੀ, ਅਖਬਾਰ ਵੀ ਆਉਂਦੇ ਰਹੇ। ਜਿਹਨਾਂ ਨੂੰ ਬੜੇ ਗਹੁ ਨਾਲ ਪੜ੍ਹਿਆ ਤੇ ਵਿਚਾਰਿਆ ਜਾਂਦਾ। ਇਹਨਾਂ ਮਜ਼ਦੂਰਾਂ ਤੇ ਹਿੰਦੀਆਂ ਦੇ ਕੈਨੇਡਾ ਵਿੱਚ ਦਾਖਲੇ ਦੇ ਹੱਕ ਪਰਾਪਤ ਕਰਨ ਦੇ ਘੋਲ ਤੇ ਕੈਲੇਫੋਰਨੀਆ ਦੇ ਪਰਚਾਰ ਦਾ ਵੀ ਅਸਰ ਪੈ ਰਿਹਾ ਸੀ।

ਪੰਡਤ ਕਾਂਸ਼ੀ ਰਾਮ ਦੇ ਡੇਰੇ ਵਿੱਚ ਉਹਨਾਂ ਤੋਂ ਇਲਾਵਾ ਨਾਰੰਗਵਾਲ ਦੇ ਸ. ਰਣਜੀਤ ਸਿੰਘ ਤੇ ਡਾਕਟਰ ਗਣੀ ਬਾਹਰੋਂ ਆਏ ਸਾਹਿਤ ਨੂੰ ਪੜ੍ਹਕੇ ਸੁਣਾਉਣ ਤੇ ਵੰਡਣ ਵਿੱਚ ਬੜਾ ਕੰਮ ਕਰਦੇ ਸਨ। ਇਹਨਾਂ ਦੇ ਨਾਂ ਸਾਨਫਰਾਂਸਿਸਕੋ ਤੋਂ ਰਾਮਨਾਥ ਪੁਰੀ ਦੀ "ਅਜ਼ਾਦੀ ਦੀ ਗਸ਼ਤੀ ਚਿੱਠੀ" ਜਾਪਾਨ ਤੋਂ ਮੌਲਵੀ ਬਰਕਤਉੱਲਾ ਵਲੋਂ ਛਾਪਿਆ ਤੇ ਵੰਡਿਆ ਜਾ ਰਿਹਾ ਸਾਹਿਤ ਆਉਂਦਾ ਸੀ। ਯੋਰਪ ਵਿੱਚੋਂ ਸ੍ਰੀ ਮਤੀ ਕਾਮਾ ਤੇ ਹੋਰ ਹਿੰਦੀ ਇਨਕਲਾਬੀਆਂ ਦੀਆਂ ਅੰਗਰੇਜ਼ੀ ਰਾਜ ਵਿਰੁੱਧ ਲਿਖਤਾਂ ਏਥੇ ਪਹੁੰਚਦੀਆਂ ਸਨ।[1] ਇਸ ਲਈ ਹਿੰਦੀ ਮਜ਼ਦੂਰਾਂ ਦਾ ਇਹ ਰਾਜਸੀ ਸੋਝੀ ਵਾਲਾ ਪਿੜ ਇੱਕ ਖਾਸ ਸਿਆਸੀ ਪੌੜੀ ਚੜ੍ਹ ਰਿਹਾ ਸੀ।

## ਸਿਆਟਲ ਦਾ ਸਿਆਸੀ ਅੱਡਾ

ਸੇਂਟ ਜਾਨ ਦੇ ਰਾਜਸੀ ਅੱਡੇ ਤੋਂ ਇਲਾਵਾ ਇਸ ਹਿੱਸੇ ਵਿੱਚ ਇੱਕ ਹੋਰ ਅੱਡਾ ਰਿਆਸਤ ਵਾਸ਼ਿੰਗਟਨ ਦੇ ਸਮੁੰਦਰੀ ਕੰਢੇ ਉੱਤੇ ਸ਼ਹਿਰ ਸਿਆਟਲ ਵਿੱਚ ਸੀ।

ਕੈਨੇਡਾ ਨਾ ਉਤਰ ਸਕਣ ਵਾਲੇ ਦੇਸ਼ ਤੋਂ ਗਏ ਹਿੰਦੀ ਸਿਆਟਲ ਆ ਉੱਤਰਦੇ ਤੇ ਏਥੇ ਹਿੰਦੀ ਮਜ਼ਦੂਰ ਡੇਰਿਆਂ ਨੂੰ ਤੁਰ ਜਾਂਦੇ। ਸ੍ਰੀ ਤਾਰਕਨਾਥ ਦਾਸ ਨੇ ਜੋ 1909 ਵਿੱਚ ਨਿਊਯਾਰਕ ਦਾ 'ਇੰਡੀਆ ਹਾਊਸ' ਟੁਟਣ ਤੋਂ ਬਾਅਦ ਏਥੇ ਆ ਗਏ ਸਨ, ਏਥੋਂ ਬੰਗਾਲ ਤੋਂ ਨੱਠਕੇ ਆਏ ਸ੍ਰੀ ਸੁਰੇਂਦਰ ਮੋਹਣ ਬੋਸ ਦੀ ਐਡੀਟਰੀ ਹੇਠ 'ਫਰੀ ਹਿੰਦੁਸਤਾਨ' ਨਾਮ ਦਾ ਅੰਗਰੇਜ਼ੀ ਮਾਹਵਾਰੀ

---

1. ਬਾਬਾ ਹਰਨਾਮ ਸਿੰਘ ਟੂੰਡੀਲਾਟ ਦਾ ਬਿਆਨ।

ਪਰਚਾ ਜਾਰੀ ਕਰਕੇ ਇਸ ਸ਼ਹਿਰ ਨੂੰ ਆਪਣਾ ਅੱਡਾ ਬਣਾ ਲਿਆ ਸੀ। ਇਸ ਦੇ ਪਰਚਾਰ ਨਾਲ ਕੁਝ ਬੰਗਾਲੀ ਵਿਦਿਆਰਥੀ ਸਿਆਟਲ ਦੇ ਕਾਲਜ ਵਿੱਚ ਰਸਾਇਣ ਵਿੱਦਿਆ ਪੜ੍ਹਨ ਲਈ ਆ ਦਾਖਲ ਹੋਏ ਸਨ। ਇਹਨਾਂ ਵਿਦਿਆਰਥੀਆਂ ਤੇ ਪਰੋਫੈਸਰਾਂ ਦੇ ਰਹਿਣ ਲਈ ਏਥੇ ਇੱਕ 'ਇੰਡੀਆ ਹਾਊਸ' ਭੀ ਬਣਾਇਆ ਗਿਆ। 1911 ਵਿੱਚ ਤਾਰਕਨਾਥ ਦਾਸ ਨੇ ਵੀ ਪ੍ਰੋਫੈਸਰ ਸੁਰੇਂਦਰ ਬੋਸ ਦੀ ਪਰਧਾਨਗੀ ਵਿੱਚ 'ਈਸਟ ਇੰਡੀਆ ਐਸੋਸੀਏਸ਼ਨ' ਨਾਮ ਦੀ ਇੱਕ ਸਭਾ ਬਣਾਈ।[1] ਜੋ ਕੁਝ ਵਿਦਿਆਰਥੀਆਂ ਤੇ ਇੱਕ ਦੋ ਪਰੋਫੈਸਰਾਂ ਤੋਂ ਅਗਾਂਹ ਨਾ ਗਈ। ਇਹ ਐਸੋਸੀਏਸ਼ਨ ਹਿੰਦੁਸਤਾਨੀ ਤੇ ਖਾਸ ਕਰ ਬੰਗਾਲੀ ਵਿਦਿਆਰਥੀਆਂ ਨੂੰ ਅਮਰੀਕਾ ਆ ਕੇ ਪੜ੍ਹਨ ਦੀ ਸਲਾਹ ਤੇ ਸੱਦੇ ਦਿੰਦੀ। ਇਸ ਦਾ ਅਖਬਾਰ ਹਿੰਦ ਵਿੱਚੋਂ ਅੰਗਰੇਜ਼ੀ ਰਾਜ ਨੂੰ ਪੁਟ ਕੇ ਬਾਹਰ ਸੁੱਟਣ ਲਈ ਹਿੰਦੀਆਂ ਨੂੰ ਹਥਿਆਰ ਚੁੱਕਣ ਲਈ ਆਖਦਾ ਤੇ ਹਿੰਦੀ ਫੌਜਾਂ ਨੂੰ ਬਗਾਵਤ ਕਰਨ ਵਾਸਤੇ ਵੀ ਕਹਿੰਦਾ।[2]

ਇਸ ਐਸੋਸੀਏਸ਼ਨ ਦਾ ਆਸ਼ਾ ਸੀ:-

1. ਨਿਰੋਲ ਆਪਣੀ ਸਰਕਾਰ।
2. ਕੌਮੀ ਵਿੱਦਿਆ।
3. ਭਾਰਤੀ ਸਨਅਤਾਂ, ਖੇਤੀਬਾੜੀ ਤੇ ਵਪਾਰ ਦੀ ਉਨਤੀ।
4. ਬਦੇਸ਼ੀ ਲੁੱਟ ਦੇ ਮਾਰੇ ਵਾਪਰ ਰਹੀ ਮਰੋਂ ਤੋਂ ਛੁਟਕਾਰਾ[3]।

ਇਹ ਅੱਡਾ ਕੈਨੇਡਾ ਤੇ ਦਰਿਆ ਕੋਲੰਬੀਆ ਦੇ ਮੰਡ ਦੇ ਹਿੰਦੀਆਂ ਦੀ ਜਾਗਰਤਾ ਵਿਚਾਲੇ ਇੱਕ ਪੜਾ ਦਾ ਕੰਮ ਵੀ ਦਿੰਦਾ ਸੀ। ਜੀ.ਡੀ. ਕੁਮਾਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਏਥੇ ਆਕੇ ਠਹਿਰਦੇ ਤੇ ਵਾਸ਼ਿੰਗਟਨ ਤੇ ਔਰੇਗਨ ਦੀਆਂ ਮਿੱਲਾਂ ਤੇ ਰੇਲਾਂ ਉੱਤੇ ਕੰਮ ਕਰ ਰਹੇ ਹਿੰਦੀ ਮਜ਼ਦੂਰਾਂ ਨੂੰ ਜਾਕੇ ਮਿਲਦੇ। ਇਹ ਅੱਡਾ ਕੈਨੇਡਾ ਦੀ ਲਹਿਰ ਨਾਲ ਹੀ ਜ਼ਿਆਦਾ ਸਬੰਧ ਰੱਖਦਾ ਸੀ। ਵਾਸ਼ਿੰਗਟਨ ਤੇ ਔਰੇਗਨ ਦੀਆਂ ਮਿੱਲਾਂ ਤੇ ਰੇਲਾਂ ਉੱਤੇ ਕੰਮ ਕਰ ਰਹੇ ਹਿੰਦੀ ਮਜ਼ਦੂਰਾਂ ਨੂੰ ਜਾ ਕੇ ਮਿਲਦੇ। ਇਹ ਅੱਡਾ ਕੈਨੇਡਾ ਦੀ ਲਹਿਰ ਨਾਲ ਹੀ ਜ਼ਿਆਦਾ ਸਬੰਧ ਰੱਖਦਾ ਸੀ। ਵਾਸ਼ਿੰਗਟਨ ਤੇ ਔਰੇਗਨ ਦੇ ਹਿੰਦੀ ਮਜ਼ਦੂਰਾਂ ਨਾਲ ਇਸ ਦਾ ਬਹੁਤ ਘੱਟ ਵਾਹ ਸੀ।

## ਮਜ਼ਦੂਰ ਈਰਖਾ ਦਾ ਦੂਸਰਾ ਵਾਰ

1911 ਵਿੱਚ ਫੇਰ ਅਮਰੀਕੀ ਪ੍ਰਧਾਨ ਦੀ ਚੋਣ ਆ ਗਈ। ਵਣਜ ਵਪਾਰ ਵਿੱਚ ਖਲਿਹਾਰ ਤੇ ਪੈਦਾਵਾਰ ਵਿੱਚ ਘਾਟ ਸ਼ੁਰੂ ਹੋ ਗਈ, ਮਜ਼ਦੂਰ ਬੇਕਾਰ ਹੋਣ ਲੱਗੇ। ਉਸੇ ਪੁਰਾਣੀ ਭੜਕਾਹਟ ਹੇਠਾਂ ਗੋਰੇ ਮਜ਼ਦੂਰਾਂ ਨੇ ਫੇਰ ਆਪਣਾ ਗੁੱਸਾ ਹਿੰਦੀਆਂ ਉੱਤੇ ਕੱਢਣਾ ਸ਼ੁਰੂ ਕੀਤਾ। ਇਸ ਵਾਰੀ ਜਾਪਾਨੀ ਤੇ ਚੀਨੀ ਮਜ਼ਦੂਰਾਂ ਵਲ ਤਾਂ ਉਹਨਾਂ ਮੂੰਹ ਨਾ ਕੀਤਾ, ਕਿਉਂਕਿ ਉਹਨਾਂ ਦੀਆਂ ਸਰਕਾਰਾਂ ਉਹਨਾਂ ਦੀ ਪਿੱਠ ਉੱਤੇ ਸਨ। ਗੋਰੇ ਮਜ਼ਦੂਰਾਂ ਵਿੱਚੋਂ ਭੈੜੇ ਬੰਦੇ ਰਾਤ ਨੂੰ ਇਕੱਠੇ ਹੋਕੇ ਹਿੰਦੀ

---

1. ਹੋਮ (ਪੋਲੀਟੀਕਲ), ਦਾਖਲ ਦਫਤਰ ਅਪਰੈਲ 1912, ਕਾਰਵਾਈ ਨੰ. 18
2. ਹੋਮ (ਪੋਲੀਟੀਕਲ) ਜੂਨ 1910, ਕਾਰਵਾਈ ਨੰ. 2 ਦਾਖਲ ਦਫਤਰ।
3. ਹੋਮ (ਪੋਲੀਟੀਕਲ) ਅ. ਨਵੰਬਰ 1911 ਕਾਰਵਾਈ ਨੰ. 55-56 ਟਾਲਸਟਾਈ ਦੇ ਨਾਮ ਐਡੀਟਰ 'ਫਰੀ ਹਿੰਦੁਸਤਾਨ' ਦੀ ਖੁਲ੍ਹੀ ਚਿੱਠੀ ਮਿਤੀ 14-12-1960 ਸਫਾ 46-47

ਡੇਰਿਆਂ, ਉੱਤੇ ਹਮਲੇ ਕਰਦੇ ਤੇ ਉਹਨਾਂ ਨੂੰ ਕੁੱਟ ਮਾਰਕੇ ਘਰ ਛੱਡਕੇ ਨਠ ਜਾਣ ਉੱਤੇ ਮਜਬੂਰ ਕਰਦੇ, ਮਗਰੋਂ ਉਹਨਾਂ ਦਾ ਸਾਮਾਨ ਭੰਨ ਤੋੜ ਸੁੱਟਦੇ ਤੇ ਪੈਸਾ ਟਕਾ ਹੂੰਝ ਲੈ ਜਾਂਦੇ। ਇਹ ਹਮਲੇ ਉਥੇ ਹੁੰਦੇ, ਜਿੱਥੇ ਹਿੰਦੀ ਮਜ਼ਦੂਰਾਂ ਦੀ ਗਿਣਤੀ ਗੋਰੇ ਮਜ਼ਦੂਰਾਂ ਨਾਲੋਂ ਘਟ ਹੁੰਦੀ। ਇੱਕ ਰਾਤ ਸੇਂਟ ਜਾਨ ਦੇ ਹਿੰਦੀਆਂ ਉੱਤੇ ਗੋਰੇ ਮਜ਼ਦੂਰਾਂ ਨੇ ਹਮਲਾ ਕਰ ਦਿੱਤਾ ਤੇ ਹਿੰਦੀਆਂ ਨੂੰ ਘਰ ਛੱਡਕੇ ਭੱਜ ਜਾਣ ਤੇ ਮਜਬੂਰ ਕੀਤਾ। ਪਿੱਛੋਂ ਠੰਡ ਠਰਾਵਾ ਹੋਣ ਤੇ ਉਹ ਵਾਪਸ ਘਰਾਂ ਨੂੰ ਆਏ। ਇਸੇ ਤਰ੍ਹਾਂ ਰਿਆਸਤ ਵਾਸ਼ਿੰਗਟਨ ਦੇ ਇੱਕ ਕਾਰਖਾਨੇ ਵਿਚੋਂ ਸਭ ਹਿੰਦੀਆਂ ਨੂੰ ਭਜਾ ਦਿੱਤਾ ਗਿਆ, ਪਰ ਉਹਨਾਂ ਵਿੱਚੋਂ ਪਿੰਡ ਮੌੜ ਰਿਆਸਤ ਪਟਿਆਲੇ ਦਾ ਇੱਕ ਭਾਈ ਘਨੀਆ ਸਿੰਘ ਪਿਸਤੌਲ ਲੈ ਕੇ ਗੋਰਿਆਂ ਦੇ ਮੁਕਾਬਲੇ ਉਤੇ ਡਟਿਆ ਰਿਹਾ ਤੇ ਕਈ ਦਿਨ ਇੱਕਲਾ ਹੀ ਕਾਰਖਾਨੇ ਵਿੱਚ ਕੰਮ ਕਰਦਾ ਰਿਹਾ।[1]

ਹਿੰਦੀ ਮਜ਼ਦੂਰ ਆਪੋ ਆਪਣੇ ਥਾਈਂ ਚੁਕੰਨੇ ਰਹਿਣ ਲੱਗ ਪਏ। ਹਰ ਥਾਂ ਗੋਰੇ ਮਜ਼ਦੂਰਾਂ ਦੇ ਹਮਲੇ ਦਾ ਡਰ ਪੈ ਗਿਆ। ਹਿੰਦੀ ਡਰਦੇ ਮਾਰੇ ਬਾਹਰ ਜੰਗਲਾਂ ਵਿੱਚੋਂ ਕੰਮ ਛੱਡ ਛੱਡਕੇ ਸ਼ਹਿਰਾਂ ਨੂੰ ਆਉਣ ਲੱਗ ਪਏ। ਵਾਸ਼ਿੰਗਟਨ ਦੇ ਸ਼ਹਿਰ ਟੈਕੋਮਾ ਦੇ ਲਾਗੇ ਇੱਕ ਰੇਲ ਦੀ ਪਟੜੀ ਤੇ ਕੁਝ ਹਿੰਦੀ ਮਜ਼ਦੂਰ ਕੰਮ ਕਰਦੇ ਸਨ। ਉਹ ਭੀ ਗੋਰਿਆਂ ਦੇ ਹਮਲੇ ਨੂੰ ਤਾੜ ਗਏ ਤੇ ਉਹਨਾਂ ਨੇ ਕੰਮ ਛੱਡ ਕੇ ਟੁਰ ਜਾਣ ਦੀ ਥਾਂ ਗੋਰਿਆਂ ਦਾ ਮੁਕਾਬਲਾ ਕਰਨ ਦਾ ਦਰਿੜ ਇਰਾਦਾ ਕਰ ਲਿਆ ਤੇ ਇਸ ਕੰਮ ਲਈ ਚਾਰ ਪੰਜ ਪਿਸਤੌਲ ਤੇ ਕੁਝ ਰਫਲਾਂ ਖਰੀਦ ਕੇ ਰੱਖ ਲਈਆਂ। ਜਦ ਗੋਰਿਆਂ ਨੇ ਉਹਨਾਂ ਉੱਤੇ ਹਮਲਾ ਕੀਤਾ ਤਾਂ ਉਹ ਹਥਿਆਰ ਲੈ ਕੇ ਸਾਹਵੇਂ ਹੋ ਖਲੋਤੇ ਤੇ ਗੋਰਿਆਂ ਦਾ ਡਟਕੇ ਮੁਕਾਬਲਾ ਕੀਤਾ। ਗੋਰੇ ਯਰਕ ਗਏ ਤੇ ਅਗੋਂ ਨੂੰ ਆਰਾਮ ਨਾਲ ਰਹਿਣ ਲੱਗ ਪਏ। ਇਹ ਖਬਰ ਸੁਣਕੇ ਹਿੰਦੀ ਹਰ ਜਗ੍ਹਾ ਗੋਰਿਆਂ ਅਗੇ ਭੱਜ ਖਲੋਣ ਦੀ ਥਾਂ ਸਾਹਵੇਂ ਹੋਕੇ ਮੁਕਾਬਲੇ ਕਰਨ ਲੱਗ ਪਏ। ਹਿੰਦੀਆਂ ਦੇ ਇਸ ਤਰ੍ਹਾਂ ਚੁੱਪ ਚਾਪ ਮਾਰ ਖਾਣ ਤੇ ਭਜ ਜਾਣ ਦੀ ਥਾਂ ਅੱਗੋਂ ਮੁਕਾਬਲੇ ਲਈ ਡਟ ਜਾਣ ਨਾਲ ਇਹ ਮਾਰਮਾਰੀ ਬੰਦ ਹੋ ਗਈ।[2]

ਪਹਿਲੀ 1907-8 ਦੀ ਮਾਰਕੁਟਾਈ ਤੇ ਇਸ ਮਾਰਕੁਟਾਈ ਦੇ ਸਮੇਂ ਅੰਦਰ ਹਿੰਦੀਆਂ ਵਿੱਚ ਸਿਆਸੀ ਜਾਗਰਤਾ ਕਾਫੀ ਉੱਭਰ ਆਈ ਸੀ। ਗੋਰੇ ਤੇ ਕਾਲੇ (ਸੁਆਮੀ ਤੇ ਦਾਸ) ਦਾ ਡਰ ਜੋ ਉਹ ਦੇਸੋਂ ਲੈ ਕੇ ਆਏ ਸਨ, ਬਹੁਤ ਉੱਡ ਗਿਆ ਸੀ। ਇਸ ਪਿਛਲੀ ਮਾਰਕੁਟਾਈ ਵਿੱਚ ਹਿੰਦੀਆਂ ਵਿੱਚ ਡਰਕੇ ਜਾਂ ਮਾਰ ਖਾਕੇ ਭੱਜ ਉਠਣ ਦੀ ਥਾਂ ਅੱਗੋਂ ਮੁਕਾਬਲਾ ਕਰਨ ਤੇ ਮਾਰ ਮਾਰਕੇ ਗੋਰਿਆਂ ਨੂੰ ਭਜਾ ਦੇਣ ਦੀ ਹਿੰਮਤ ਪੈ ਗਈ ਸੀ। ਇਸ ਚੀਜ਼ ਨੇ ਜਿੱਥੇ ਹਿੰਦੀਆਂ ਦਾ ਏਕਾ ਅੱਗੇ ਨਾਲੋਂ ਮਜ਼ਬੂਤ ਕੀਤਾ, ਉੱਥੇ ਏਕੇ ਦੀ ਬਰਕਤ ਨੂੰ ਵੀ ਦੱਸ ਦਿੱਤਾ। ਦੂਸਰੇ ਇਹਨਾਂ ਅੰਦਰੋਂ ਗੋਰੇ (ਸੁਆਮੀ) ਦੀ ਧੌਂਸ ਖਤਮ ਕਰ ਦਿੱਤੀ। ਤੀਸਰੇ ਇਹਨਾਂ ਨੂੰ ਇਹ ਦਰਸਾ ਦਿੱਤਾ ਕਿ ਹਥਿਆਰ ਲੈ ਕੇ ਉਠ ਪਈਏ ਤਾਂ ਗੋਰਿਆਂ ਨੂੰ ਹਰਾਇਆ ਜਾ ਸਕਦਾ ਹੈ। ਇਸ ਏਕੇ ਦੀ ਤਾਕਤ ਵਿੱਚ ਯਕੀਨ ਤੇ ਹਥਿਆਰੀ ਲੜਾਈ ਵਿੱਚ ਗੋਰਿਆਂ ਉੱਤੇ ਜਿੱਤ ਨੇ ਇਹਨਾਂ ਹਿੰਦੀ ਮਜ਼ਦੂਰਾਂ ਦੀ ਸਿਆਸੀ ਸੂਝ ਵਧਾ ਕੇ ਸਿਆਸੀ ਆਸ਼ੇ ਦੀ ਪੂਰਤੀ ਵਿੱਚ ਉਹਨਾਂ ਨੂੰ ਬੜਾ ਪੱਕਾ ਵਿਸ਼ਵਾਸ ਲਿਆ ਦਿੱਤਾ।

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ।
2. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਬਾਬਾ ਸੋਹਣ ਸਿੰਘ ਭਕਨਾ ਦੇ ਬਿਆਨ।

## ਜਥੇਬੰਦੀ ਦਾ ਪਹਿਲਾ ਉੱਦਮ

ਸ੍ਰੀ ਜੀ.ਡੀ. ਕੁਮਾਰ ਮਈ 1911 ਵਿੱਚ ਕੈਨੇਡਾ ਛਡਕੇ ਸੀਆਟਲ ਆ ਗਿਆ ਤੇ ਬਾਬੂ ਹਰਨਾਮ ਸਿੰਘ ਨੂੰ ਨਾਲ ਲੈ ਕੇ ਦਰਿਆ ਕੋਲੰਬੀਆ ਦੇ ਹਿੰਦੀ ਡੇਰਿਆਂ ਵਿੱਚ ਪਰਚਾਰ ਕਰਨ ਲਈ ਫਿਰਨ ਲੱਗਾ। ਬਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਉਹਨਾਂ ਨੂੰ ਸਮਝਾਇਆ ਕਿ ਹੁਣ ਤਾਂ ਸਿੱਧਾ ਦੇਸ਼ ਦੀ ਆਜ਼ਾਦੀ ਲਈ ਕੋਈ ਕੰਮ ਕਰਨਾ ਚਾਹੀਦਾ ਹੈ। ਸਮਾਜੀ ਸੁਧਾਰਾਂ ਦਾ ਵਕਤ ਗਿਆ। ਕੋਈ ਸਭਾ ਬਣਾਈ ਜਾਵੇ, ਜਿਸ ਨੂੰ ਤੁਸੀਂ ਅੱਗੇ ਹੋ ਕੇ ਚਲਾਓ। ਇਸ ਉੱਤੇ ਸ਼ੁਰੂ 1912 ਵਿੱਚ ਪੋਰਲੈਂਡ ਵਿੱਚ ਇੱਕ ਇਕੱਠ ਕੀਤਾ ਗਿਆ ਜਿਸ ਵਿੱਚ ਬਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਹੋਰ ਸਾਥੀ, ਸੇਂਟ ਜਾਨ ਤੋਂ ਪੰਡਤ ਕਾਸ਼ੀ ਰਾਮ, ਰਾਮਰਖਾ ਸਾਹਿਬਾ-ਸੜੋਆ ਤੇ ਉਹਨਾਂ ਦੇ ਸਾਥੀ, ਮੋਨਾਰਕ ਮਿਲ ਤੋਂ ਭਾਈ ਸੋਹਣ ਸਿੰਘ ਭਕਨਾ, ਭਾਈ ਊਧਮ ਸਿੰਘ ਕਸੇਲ ਤੇ ਉਹਨਾਂ ਦੇ ਪੋਰਟਲੈਂਡ ਵਿੱਚ ਕੰਮ ਕਰਨ ਵਾਲੇ ਹੋਰ ਸਾਥੀ ਸ਼ਾਮਲ ਹੋਏ।

ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ "ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ" ਨਾਮ ਦੀ ਜਥੇਬੰਦੀ ਬਣਾਈ ਜਾਏ ਤੇ ਪੋਰਟਲੈਂਡ ਵਿੱਚ ਮਕਾਨ ਕਰਾਏ ਉੱਤੇ ਲੈ ਕੇ ਇਸ ਦਾ ਦਫਤਰ ਖੋਲ੍ਹਿਆ ਜਾਏ। ਇਕੱਠ ਵਿੱਚ ਸ਼ਾਮਲ ਹੋਣ ਵਾਲੇ ਸਭ ਸਾਥੀਆਂ ਨੇ ਇਸ ਦਾ ਮੈਂਬਰ ਬਣਨਾ ਪਰਵਾਨ ਕੀਤਾ। ਫੇਰ ਅਹੁਦੇਦਾਰ ਚੁਣੇ ਗਏ। ਭਾਈ ਸੋਹਣ ਸਿੰਘ ਭਕਨਾ, ਜੋ ਆਪਣੇ ਸਿਆਸੀ ਖਿਆਲਾਂ ਕਰਕੇ ਉਸ ਸਮੇਂ ਕਾਫੀ ਸਤਕਾਰੇ ਜਾਂਦੇ ਸਨ, ਇਸ ਦੇ ਪਰਧਾਨ, ਸ੍ਰੀ ਜੀ.ਡੀ. ਕੁਮਾਰ ਜਨਰਲ ਸਕੱਤਰ ਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਚੁਣੇ ਗਏ। ਉਰਦੂ ਵਿੱਚ 'ਹਿੰਦੁਸਤਾਨ' ਨਾਂ ਦਾ ਇੱਕ ਹਫਤਾਵਾਰੀ ਅਖਬਾਰ ਕੱਢਣ ਦਾ ਫੈਸਲਾ ਹੋਇਆ।[1]

1912 ਦੇ ਸਿਆਲ ਵਿੱਚ ਮੋਨਾਰਕ ਮਿਲ ਇੱਕ ਮਹੀਨੇ ਵਾਸਤੇ ਬੰਦ ਹੋ ਗਈ। ਭਾਈ ਸੋਹਣ ਸਿੰਘ ਤੇ ਭਾਈ ਊਧਮ ਸਿੰਘ ਕਸੇਲ ਇਥੋਂ ਭਾਈ ਕੇਸਰ ਸਿੰਘ ਠਠਗੜ੍ਹ ਪਾਸ ਆਸਟੋਰੀਆ ਚਲੇ ਗਏ। ਕਈ ਦਿਨਾਂ ਦੇ ਖਿਆਲ ਵਟਾਂਦਰੇ ਤੋਂ ਬਾਅਦ ਏਥੇ ਵੀ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਕਾਇਮ ਹੋ ਗਈ, ਜਿਸ ਦੇ ਪਰਧਾਨ ਭਾਈ ਕੇਸਰ ਸਿੰਘ, ਸਕੱਤਰ ਮੁਨਸ਼ੀ ਕਰੀਮ ਬਖਸ਼ ਤੇ ਖਜ਼ਾਨਚੀ ਸ੍ਰੀ ਮੁਨਸ਼ੀ ਰਾਮ ਚੁਣੇ ਗਏ। ਇਹ ਸਭਾ ਪੋਰਟਲੈਂਡ ਵਾਲੀ ਐਸੋਸੀਏਸ਼ਨ ਦੀ ਸ਼ਾਖ ਬਣਾਈ ਗਈ।[2]

ਸਭਾ ਦੀਆਂ ਹਰ ਐਤਵਾਰ ਮੀਟਿੰਗਾਂ ਹੁੰਦੀਆਂ, ਸਿਆਸੀ ਤੇ ਸਮਾਜੀ ਮਸਲਿਆਂ ਉੱਤੇ ਵਿਚਾਰ ਵਟਾਂਦਰਾ ਹੁੰਦਾ। ਅਜੇ ਚਾਰ ਪੰਜ ਮੀਟਿੰਗਾਂ ਹੀ ਚਲੀਆਂ ਸਨ ਕਿ ਸ੍ਰੀ ਜੀ.ਡੀ. ਕੁਮਾਰ ਪੇਟ ਦੀ ਬੀਮਾਰੀ ਨਾਲ ਲਾਚਾਰ ਹੋ ਗਏ ਤੇ ਉਹਨਾਂ ਨੂੰ ਹਸਪਤਾਲ ਦਾਖਲ ਹੋਣਾ ਪਿਆ, ਜਿਸ ਨਾਲ ਅਖਬਾਰ ਕੱਢਣ ਦੇ ਕੰਮ ਵਿੱਚ ਰੋਕ ਪੈ ਗਈ। ਹੁੰਦੇ ਹੁੰਦੇ ਮੀਟਿੰਗਾਂ ਦਾ ਕੰਮ ਵੀ ਰਹਿੰਦਾ ਜਾਪਣ ਲੱਗਾ। ਉਹਨੀਂ ਦਿਨੀਂ ਲਾਲਾ ਠਾਕਰ ਦਾਸ ਧੂਰੀ ਵਾਲੇ ਪੋਰਟਲੈਂਡ ਆਏ ਹੋਏ ਸਨ,

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ।
2. ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ।

ਉਹਨਾਂ ਸਭਾ ਦੇ ਪਰਧਾਨ ਭਾਈ ਸੋਹਨ ਸਿੰਘ ਭਕਨਾ ਤੇ ਪੰਡਤ ਕਾਂਸ਼ੀ ਰਾਮ ਨੂੰ ਸਲਾਹ ਦਿੱਤੀ ਕਿ ਕੈਲੇਫੋਰਨੀਆ ਤੋਂ ਲਾਲਾ ਹਰਦਿਆਲ ਨੂੰ ਬੁਲਾਇਆ ਜਾਏ ਤੇ ਸਭਾ ਦਾ ਕੰਮ ਉਸ ਦੇ ਸਪੁਰਦ ਕੀਤਾ ਜਾਏ। ਪੋਰਟਲੈਂਡ ਦੀ ਮੀਟਿੰਗ ਨੇ ਇਸ ਸਲਾਹ ਨੂੰ ਪਰਵਾਨ ਕੀਤਾ।

## ਪਾਰਟੀ ਦਾ ਜਨਮ

ਲਾਲਾ ਹਰਦਿਆਲ ਨੂੰ ਚਿੱਠੀ ਲਿਖੀ ਗਈ। ਉਹਨਾਂ 25 ਦਸੰਬਰ, 1912 ਨੂੰ ਆਉਣਾ ਪਰਵਾਨ ਕਰ ਲਿਆ। ਪਰ 25 ਦਸੰਬਰ ਤੋਂ ਦੋ ਦਿਨ ਪਹਿਲਾਂ ਉਹਨਾਂ ਦੀ ਚਿੱਠੀ ਆ ਗਈ ਕਿ ਖਾਸ ਕੰਮ ਦੀ ਵਜ੍ਹਾ ਕਰਕੇ ਉਹ ਹੁਣ ਨਹੀਂ ਆ ਸਕਦੇ, ਮਾਰਚ, 1913 ਦੇ ਅਖੀਰਲੇ ਹਫਤੇ ਆਉਣਗੇ। ਤਿੰਨ ਮਹੀਨੇ ਲੰਘ ਜਾਣ ਬਾਅਦ ਉਹ 25, ਮਾਰਚ 1913 ਨੂੰ ਸੇਂਟਜਾਨ ਪਹੁੰਚ ਗਏ। ਉਹਨਾਂ ਦੇ ਨਾਲ ਭਾਈ ਪਰਮਾਨੰਦ ਲਾਹੌਰ ਵਾਲੇ ਵੀ ਆਏ। ਪੰਡਤ ਕਾਂਸ਼ੀ ਰਾਮ ਨੇ ਟੈਲੀਫੋਨ ਰਾਹੀਂ ਆਸ ਪਾਸ ਦੀਆਂ ਮਿੱਲਾਂ ਵਿੱਚੋਂ ਹਿੰਦੀਆਂ ਨੂੰ ਸਦ ਲਿਆ। ਰਾਤ ਨੂੰ ਸਲਾਹਾਂ ਹੋਈਆਂ। ਭਾਈ ਪਰਮਾਨੰਦ ਨੇ ਵਜ਼ੀਫੇ ਦੇਕੇ ਹਿੰਦ ਵਿੱਚੋਂ ਵਿਦਿਆਰਥੀ ਮੰਗਵਾ ਕੇ ਪੜ੍ਹਾਉਣ ਤੇ ਸਿਆਸੀ ਵਿੱਦਿਆ ਵਿੱਚ ਤਾਕ ਕਰਕੇ ਦੇਸ਼ ਭੇਜਣ ਦੀ ਸਲਾਹ ਦਿੱਤੀ। ਇਸ ਉਤੇ ਕਾਫੀ ਵਿਚਾਰ ਹੋਈ ਪਰ ਇਹ ਤਜ਼ਵੀਜ਼ ਮੰਨੀ ਨਾ ਗਈ। ਦੂਸਰੇ ਬੰਨੇ ਲਾਲਾ ਹਰਦਿਆਲ ਦੀ ਤਜਵੀਜ਼ ਸੀ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪ ਹਿੰਮਤ ਕਰਨੀ ਚਾਹੀਦੀ ਹੈ ਤੇ ਇਨਕਲਾਬੀ ਲੀਹਾਂ ਉੱਤੇ ਕੰਮ ਹੋਣਾ ਚਾਹੀਦਾ ਹੈ। ਲਾਲਾ ਹਰਦਿਆਲ ਦੀ ਤਜਵੀਜ਼ ਨੂੰ ਮੰਨਕੇ ਸਾਰੇ ਇਸ ਨਤੀਜੇ ਉਤੇ ਪਹੁੰਚੇ ਕਿ ਹਿੰਦੁਸਤਾਨ ਵਿੱਚ ਅੰਗਰੇਜ਼ (ਫਰੰਗੀ) ਦੀ ਬਦੇਸ਼ੀ ਹਕੂਮਤ ਹੀ ਹਿੰਦੀ ਲੋਕਾਂ ਦੇ ਦੁਖਾਂ ਤੇ ਤਕਲੀਫਾਂ ਦਾ ਕਾਰਨ ਹੈ। ਹਿੰਦੁਸਤਾਨ ਵਿੱਚੋਂ ਅੰਗਰੇਜ਼ੀ ਰਾਜ ਨੂੰ ਖਤਮ ਕੀਤੇ ਬਗੈਰ ਲੋਕਾਂ ਦੇ ਦੁਖਾਂ ਦੇ ਇਲਾਜ ਦਾ ਰਸਤਾ ਨਹੀਂ ਨਿਕਲ ਸਕਦਾ। ਅੰਗਰੇਜ਼ੀ ਸਰਕਾਰ ਦੇ ਸਕੂਲਾਂ ਤੇ ਕਾਲਜਾਂ ਵਿੱਚੋਂ ਪੜ੍ਹੇ ਤੇ ਸਿੱਖੇ ਹੋਏ ਲੋਕ ਦੇਸ਼ ਦੀ ਆਜ਼ਾਦੀ ਲਈ ਕੁਝ ਨਹੀਂ ਕਰ ਸਕਦੇ। ਕੌਮੀ ਵਿਚਾਰਾਂ ਵਿੱਚ ਸਮਝਦਾਰ ਕਿਸਾਨ ਤੇ ਮਜ਼ਦੂਰ ਹੀ ਦੇਸ਼ ਦੀ ਆਜ਼ਾਦੀ ਵਾਸਤੇ ਕੁਝ ਕੰਮ ਕਰ ਸਕਦੇ ਹਨ। ਏਥੇ ਅਮਰੀਕਾ ਵਿੱਚ ਹਿੰਦੀਆਂ ਅੰਦਰ ਸਿਆਸੀ ਸੋਝੀ ਵਾਲੇ ਬੰਦੇ ਵੀ ਹਨ, ਉਹਨਾਂ ਦੀਆਂ ਕਮਾਈਆਂ ਦਾ ਪੈਸਾ ਵੀ ਹੈ। ਇਸ ਲਈ ਇੱਕ ਸਿਆਸੀ ਸਭਾ ਬਣਾਕੇ ਹਿੰਦੁਸਤਾਨ ਨੂੰ ਅੰਗਰੇਜ਼ੀ ਗੁਲਾਮੀ ਤੋਂ ਕੱਢਣ ਲਈ ਗ਼ਦਰ (ਇਨਕਲਾਬ) ਦੀ ਤਿਆਰੀ ਕਰਨੀ ਚਾਹੀਦੀ ਹੈ। ਮੁਨਾਸਬ ਤਿਆਰੀ ਤੋਂ ਬਾਅਦ ਹਥਿਆਰਬੰਦ ਬਗਾਵਤ ਕਰਕੇ ਫਰੰਗੀ ਸਰਕਾਰ ਨੂੰ ਹਿੰਦੁਸਤਾਨ ਵਿੱਚੋਂ ਖਤਮ ਕਰ ਦਿੱਤਾ ਜਾਵੇ ਤੇ ਅਮਰੀਕਨ ਢੰਗ ਦੀ ਜਮਹੂਰੀ ਸਰਕਾਰ ਕਾਇਮ ਕੀਤੀ ਜਾਵੇ, ਜਿਸ ਵਿੱਚ ਮਜ਼ਹਬ, ਜਾਤ ਤੇ ਊਚ ਨੀਚ ਦੀ ਵਿਚਾਰ ਛਡਕੇ ਹਰ ਹਿੰਦੁਸਤਾਨੀ ਨੂੰ ਆਜ਼ਾਦੀ ਤੇ ਬਰਾਬਰੀ ਪਰਾਪਤ ਹੋਵੇ।

ਲਾਲਾ ਹਰਦਿਆਲ ਦਾ ਵਿਚਾਰ ਸੀ, ਜਿਸ ਨੂੰ ਸਭ ਭਾਈਆਂ ਨੇ ਪਰਵਾਨ ਕੀਤਾ, ਕਿ ਅੰਗਰੇਜ਼ੀ ਰਾਜ ਦੇ ਵਿਰੁੱਧ ਹਥਿਆਰ ਉਠਾਉਣਾ ਗ਼ਦਾਰੀ ਨਹੀਂ ਹੈ, ਸਗੋਂ ਮਹਾਂ-ਪੁੰਨ ਹੈ। ਅਸੀਂ ਇਸ ਬਦੇਸ਼ੀ ਰਾਜ ਦੇ ਆਗਿਆਕਾਰ ਨਹੀਂ ਹਾਂ, ਸਗੋਂ ਦੁਸ਼ਮਣ ਹਾਂ। ਸਾਡੀ ਇਸ ਦੁਸ਼ਮਣੀ ਨੂੰ ਅੰਗਰੇਜ਼ ਹਾਕਮ ਗ਼ਦਾਰੀ ਆਖਦੇ ਹਨ ਤੇ ਆਖਣਗੇ। ਇਸੇ ਕਰਕੇ ਉਹ ਸਾਡੀ 1857 ਦੀ ਆਜ਼ਾਦੀ ਦੀ ਜੰਗ ਨੂੰ ਗ਼ਦਰ ਕਹਿੰਦੇ ਤੇ ਕਹੀ ਜਾ ਰਹੇ ਹਨ। ਪਰ ਕਿਉਂਕਿ ਇਹ ਗ਼ਦਰ ਦਾ ਸ਼ਬਦ ਸਾਡੀ ਅੰਗਰੇਜ਼ੀ ਰਾਜ ਦੇ ਖਿਲਾਫ ਆਜ਼ਾਦੀ ਦੀ ਲੜਾਈ ਨੂੰ ਪਰਗਟ ਕਰਦਾ ਹੈ, ਜੋ

ਅੰਗਰੇਜ਼ੀ ਹਾਕਮਾਂ ਨੂੰ ਚੁਭਦੀ ਹੈ, ਇਸ ਲਈ ਅਸੀਂ ਅੰਗਰੇਜ਼ੀ ਰਾਜ ਨੂੰ ਚਿੜਾਉਣ ਤੇ 1857 ਦੀ ਜੰਗ ਨੂੰ ਹਮੇਸ਼ਾ ਚੇਤੇ ਰੱਖਣ ਲਈ ਆਪਣੀ ਇਸ ਲੜਾਈ ਨੂੰ ਗ਼ਦਰ ਦੇ ਨਾਂ ਹੇਠਾਂ ਹੀ ਲੜਾਂਗੇ। ਇਸ ਲਈ ਜਥੇਬੰਦੀ ਦੀ ਰਾਜਸੀ ਲੀਹ ਤੇ ਪਰੋਗਰਾਮ ਦੱਸਣ ਤੇ ਪਰਚਾਰਨ ਲਈ ਦੇਸੀ ਜ਼ਬਾਨਾਂ ਵਿੱਚ ਜਿਸ ਹਫਤਾਵਾਰੀ ਅਖ਼ਬਾਰ ਕੱਢਣ ਦਾ ਫੈਸਲਾ ਹੋਇਆ, ਲਾਲਾ ਹਰਦਿਆਲ ਦੀ ਤਜਵੀਜ਼ ਅਨੁਸਾਰ ਉਸ ਦਾ ਨਾਂ "ਗ਼ਦਰ" ਅਖਬਾਰ ਰਖਿਆ ਜਾਣਾ ਪਰਵਾਨ ਹੋਇਆ। ਜਥੇਬੰਦੀ ਦਾ ਹੈਡ ਕਵਾਰਟਰ ਸਾਨਫਰਾਂਸਿਸਕੋ ਰੱਖਣ ਦਾ ਫੈਸਲਾ ਹੋਇਆ ਤੇ ਦਫਤਰ ਦਾ ਨਾਂ "ਗ਼ਦਰ ਆਸ਼ਰਮ" ਜਾਂ "ਯੁਗੰਤਰ ਆਸ਼ਰਮ" ਮਨਜ਼ੂਰ ਕੀਤਾ ਗਿਆ। ਅਖਬਾਰ ਉਰਦੂ ਤੇ ਪੰਜਾਬੀ ਵਿੱਚ ਕੱਢਣਾ ਪਾਸ ਹੋਇਆ। ਅਖੀਰ ਇਹ ਮਤਾ ਪਕਾਇਆ ਗਿਆ ਕਿ ਦਰਿਆ ਕੋਲੰਬੀਆ ਦੇ ਮੰਡ ਦੇ ਹਿੰਦੀ ਮਜ਼ਦੂਰਾਂ ਦੇ ਡੇਰਿਆਂ ਉੱਤੇ ਜਾਇਆ ਜਾਏ ਤੇ ਉਹਨਾਂ ਨੂੰ ਭੀ ਇਸ ਕੰਮ ਲਈ ਤਿਆਰ ਕੀਤਾ ਜਾਏ। ਲਾਲਾ ਹਰਦਿਆਲ ਉਸ ਵੇਲੇ ਕਾਫੀ ਸਿਆਣੇ ਵਿਦਵਾਨ ਸਨ। ਲਾਲਾ ਜੀ ਇਹਨਾਂ ਮਜ਼ਦੂਰਾਂ ਵਿੱਚ ਲਗ ਚੁੱਕੀ ਆਜ਼ਾਦੀ ਦੀ ਜਾਗ ਤੇ ਉਸ ਤੋਂ ਪੈਦਾ ਹੋਈ ਲਹਿਰ ਦੇ ਅਨੁਕੂਲ ਹੀ ਸਾਬਤ ਹੋਏ। ਉਹਨਾਂ ਦੀਆਂ ਗਲਾਂ ਤੇ ਸਮਝਾਉਣੀਆਂ ਤੋਂ ਇਹਨਾਂ ਹਿੰਦੀ ਮਜ਼ਦੂਰਾਂ ਨੂੰ ਬੜਾ ਉਤਸ਼ਾਹ ਮਿਲਿਆ। ਉਹਨਾਂ ਨੂੰ ਆਪਣੀਆਂ ਰਾਜਸੀ ਆਸਾਂ ਪੂਰੀਆਂ ਹੋਣ ਦਾ ਰਾਹ ਬਣਦਾ ਦਿਸ ਪਿਆ। ਇਸ ਮੀਟਿੰਗ ਵਿੱਚ ਸ਼ਾਮਲ ਹੋਏ ਹਿੰਦੀ ਵਰਕਰਾਂ ਨੇ ਇਸ ਕੰਮ ਨੂੰ ਲੱਕ ਬੰਨ੍ਹਕੇ ਸਿਰੇ ਚਾੜ੍ਹਨ ਦੇ ਪ੍ਰਣ ਕਰ ਲਏ।

ਲਾਲਾ ਹਰਦਿਆਲ ਨੇ ਦਸਿਆ ਕਿ ਕੈਲੇਫੋਰਨੀਆ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਕੁਝ ਪੰਜਾਬੀਆਂ ਨੇ ਜਿੱਦਾਂ ਭਾਈ ਜਵਾਲਾ ਸਿੰਘ ਠਠੀਆਂ, ਸੰਤ ਵਸਾਖਾ ਸਿੰਘ ਦਦੇਹਰ, ਭਾਈ ਸੰਤੋਖ ਸਿੰਘ ਧਰਦੇਅ, ਪੰਡਤ ਜਗਤ ਰਾਮ ਹਰਿਆਣਾ, ਭਾਈ ਰੂੜ ਸਿੰਘ ਚੂਹੜਚੱਕ, ਭਾਈ ਕਰਤਾਰ ਸਿੰਘ ਦੁਕੀ ਲਤਾਲਾ ਆਦਿ, ਦੇਸ਼ ਦੀ ਅਜ਼ਾਦੀ ਲਈ ਕੰਮ ਕਰਨ ਦੇ ਖਿਆਲਾਂ ਨੂੰ ਅਪਨਾਇਆ ਹੈ। ਕਰਤਾਰ ਸਿੰਘ ਸਰਾਭਾ ਤੇ ਕੁਝ ਹੋਰ ਵਿਦਿਆਰਥੀ ਭੀ ਇਸ ਰਾਹ ਨੂੰ ਮੰਨਦੇ ਹਨ। ਪਰ ਇਹ ਕੁਝ ਹੋਣ ਦੇ ਬਾਵਜੂਦ ਉਥੇ ਕਿਸੇ ਜਥੇਬੰਦੀ ਦੀ ਸਥਾਪਨਾ ਵੱਲ ਕਦਮ ਨਹੀਂ ਸੀ ਚੁਕਿਆ ਗਿਆ।

ਅਗਲੇ ਐਤਵਾਰ 31 ਮਾਰਚ, 1913 ਨੂੰ ਇਸ ਸਭਾ (ਪਾਰਟੀ) ਦੀ ਬਰਾਈਡਲਵਿਲ ਵਿਖੇ ਪਹਿਲੀ ਮੀਟਿੰਗ ਰੱਖੀ ਗਈ। ਸੇਂਟ ਜਾਨ ਤੋਂ ਪੰਡਤ ਕਾਂਸ਼ੀ ਰਾਮ ਮੜੌਲੀ ਤੇ ਕੁਝ ਹੋਰ ਸਾਥੀ ਲਾਲਾ ਹਰਦਿਆਲ ਨਾਲ ਬਰਾਈਡਲਵਿਲ ਆਏ। ਉਥੋਂ ਦੀ ਆਰਾ ਮਿਲ ਵਿੱਚ ਕੋਈ ਵੀਹ ਪੰਜਾਬੀ ਕੰਮ ਕਰਦੇ ਸਨ। ਲਾਲਾ ਹਰਦਿਆਲ ਨੇ ਬੜੇ ਵਿਸਥਾਰ ਨਾਲ ਹਿੰਦ ਦੀ ਗੁਲਾਮੀ ਤੇ ਅੰਗਰੇਜ਼ੀ ਜ਼ੁਲਮਾਂ ਦਾ ਜ਼ਿਕਰ ਕੀਤਾ। ਜਿਸ ਨੂੰ ਸੁਣਕੇ ਵੀਹਾਂ ਦੇ ਵੀਹ ਪੰਜਾਬੀ ਮੈਂਬਰ ਬਣ ਗਏ। ਏਥੇ ਬਰਾਂਚ ਕਾਇਮ ਕੀਤੀ ਗਈ, ਜਿਸ ਦਾ ਸਕੱਤਰ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਖਜ਼ਾਨਚੀ ਅਮਰ ਸਿੰਘ ਕੋਟਲਾ ਨੌਧ ਸਿੰਘ ਨੂੰ ਬਣਾਇਆ ਗਿਆ।

ਅਗਲੀ ਮੀਟਿੰਗ ਅਗਲੇ ਐਤਵਾਰ 7 ਅਪਰੈਲ ਨੂੰ ਲਿਨਟਨ ਮਿਲ ਵਿੱਚ ਕੀਤੀ ਗਈ, ਜਿੱਥੇ ਬਾਬਾ ਸੋਹਣ ਸਿੰਘ ਭਕਨਾ ਆਦਿ ਕੰਮ ਕਰਦੇ ਸਨ, ਜਿਸ ਵਿੱਚ ਪੋਰਟਲੈਂਡ ਤੇ ਸੇਂਟ ਜਾਨ ਦੇ ਪੰਜਾਬੀ ਵੀ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਤਕਰੀਬਨ ਇੱਕ ਸੌ ਬੰਦਾ ਇਕੱਠਾ ਹੋਇਆ। ਸਾਰਿਆਂ ਨੇ ਪਾਰਟੀ ਫੰਡ, ਚੰਦਾ ਤੇ ਸਹਾਇਤਾ ਦੇ ਕੇ ਮੈਂਬਰ ਬਨਣਾ ਪਰਵਾਨ ਕੀਤਾ। ਬਰਾਂਚ ਕਾਇਮ ਕਰਕੇ ਇਸ ਦੇ ਸਕੱਤਰ ਤੇ ਖਜ਼ਾਨਚੀ ਚੁਣੇ ਗਏ।

ਫੇਰ 14 ਅਪਰੈਲ ਐਤਵਾਰ ਨੂੰ ਰਿਆਸਤ ਵਾਸ਼ਿੰਗਟਨ ਦੇ ਕਸਬੇ ਵਾਨਾ ਵਿੱਚ ਇਕੱਠ ਹੋਇਆ। ਵਾਨਾ ਵਿੱਚ ਕੰਮ ਕਰਨ ਵਾਲੇ ਪੰਜਾਬੀ ਇੱਕ ਸੌ ਤੋਂ ਜ਼ਿਆਦਾ ਸਨ। ਵਾਨਾ ਦੀ ਮੀਟਿੰਗ ਵਿੱਚ ਲਾਲਾ ਹਰਦਿਆਲ ਦੀਆਂ ਗੱਲਾਂ ਸੁਣਕੇ ਇੱਕ ਵਡੇਰੀ ਉਮਰ ਦੇ ਹਵਾਲਦਾਰ ਨੇ ਆਖਿਆ–

"…..ਸਾਰੀ ਗਲ ਸਮਝ ਵਿੱਚ ਆ ਗਈ। ਇਸ ਕੰਮ ਲਈ ਅਮਰੀਕਾ ਵਿੱਚ ਅਖਬਾਰ ਕੱਢਕੇ ਵਕਤ ਗਵਾਉਣ ਦਾ ਕੀ ਫਾਇਦਾ? ਸਾਡੇ ਵਿੱਚੋਂ ਕੁਝ ਸਾਥੀ ਕੈਨੇਡਾ ਤੇ ਅਮਰੀਕਾ ਦੇ ਹਿੰਦੀਆਂ ਨੂੰ ਜਾ ਕੇ ਇਹ ਗਲ ਸਮਝਾਉਣ ਕਿ ਉਹਨਾਂ ਨੂੰ ਕੰਮ ਛਡਕੇ ਆਪਣੇ ਆਪਣੇ ਜਥੇ ਬਣਾਕੇ ਹਿੰਦੁਸਤਾਨ ਨੂੰ ਤੁਰ ਜਾਣਾ ਚਾਹੀਦਾ ਹੈ। ਉਥੇ ਜਾ ਕੇ ਇਹ ਸਾਰੀ ਗਲ ਉਹ ਆਪਣੇ ਫੌਜੀ ਭਾਈਆਂ ਨੂੰ ਦਸਣ ਤੇ ਉਹਨਾਂ ਦੀ ਮਦਦ ਨਾਲ ਅੰਗਰੇਜ਼ਾਂ ਨੂੰ ਆਪਣੇ ਦੇਸ ਵਿੱਚੋਂ ਕੱਢਕੇ ਬਾਹਰ ਮਾਰਨ। ਅੰਗਰੇਜ਼ਾਂ ਦੀ ਗਿਣਤੀ ਹਿੰਦੁਸਤਾਨ ਵਿੱਚ ਹੈ ਹੀ ਕਿੰਨੀ? ਪੰਜ ਪੰਜ ਸੌ ਹਿੰਦੀਆਂ ਨੂੰ ਇੱਕ ਇੱਕ ਅੰਗਰੇਜ਼ ਆਉਂਦਾ ਹੈ।"

ਹਵਾਲਦਾਰ ਦੀ ਇਹ ਤਜਵੀਜ਼ ਅੱਗੇ ਜਾ ਕੇ ਗ਼ਦਰ ਪਾਰਟੀ ਦੇ ਇਨਕਲਾਬੀ ਘੋਲ ਦੀ ਲੀਹ ਬਨਾਉਣ ਵਿੱਚ ਕਾਫੀ ਕੰਮ ਦਿੰਦੀ ਹੈ ਤੇ ਪਾਰਟੀ ਅੰਦਰ ਫੌਜਾਂ ਨੂੰ ਨਾਲ ਲੈ ਕੇ ਇਨਕਲਾਬ ਕਰਨ ਦਾ ਰਸਤਾ ਨਿਕਲਦਾ ਹੈ। ਏਥੇ ਵੀ ਬਰਾਂਚ ਬਣਾਈ ਗਈ। ਬਰਾਂਚ ਦੇ ਸਕੱਤਰ ਭਾਈ ਊਧਮ ਸਿੰਘ ਕਸੇਲ ਨੀਯਤ ਹੋਏ, ਇੱਕ ਹੋਰ ਸਾਥੀ ਨੂੰ ਖਜ਼ਾਨਚੀ ਬਣਾਇਆ ਗਿਆ[1]

ਸਭ ਸਾਥੀ ਤੇ ਲਾਲਾ ਹਰਦਿਆਲ ਇਹਨਾਂ ਡੇਰਿਆਂ ਉਤੇ ਮੀਟਿੰਗਾਂ ਤੋਂ ਬਹੁਤ ਪਰਭਾਵਤ ਹੋਏ। ਖੁਦ ਹਿੰਦੀਆਂ ਵਿੱਚ ਵੀ ਆਪਣੀ ਮਨੋਕਾਮਨਾ ਪੂਰੀ ਹੁੰਦੀ ਵੇਖ ਬੜਾ ਜੋਸ਼ ਪੈਦਾ ਹੋਇਆ। ਵਾਨਾ ਵਿੱਚ ਫੈਸਲਾ ਕੀਤਾ ਗਿਆ ਕਿ ਅਗਲੀ ਮੀਟਿੰਗ ਅਸਟੋਰੀਆ ਰੱਖੀ ਜਾਵੇ, ਜਿੱਥੇ ਇਹਨਾਂ ਕਾਇਮ ਹੋਈਆਂ ਬਰਾਂਚਾਂ ਦੇ ਨੁਮਾਇੰਦੇ ਜ਼ਰੂਰ ਪੁਜਣ ਤਾਂ ਜੋ ਇਸ ਕੰਮ ਨੂੰ ਬਾਕਾਇਦਾ ਨੁਮਾਇੰਦਾ ਜਥੇਬੰਦੀ ਦੀ ਸ਼ਕਲ ਦਿੱਤੀ ਜਾਵੇ।

ਇਸ ਕੰਮ ਲਈ ਅਗਲੇ ਐਤਵਾਰ 21 ਅਪਰੈਲ, 1913 ਨੂੰ ਅਸਟੋਰੀਆ ਦੀ ਇੱਕ ਆਰਾ ਮਿਲ ਵਿੱਚ ਭਾਈ ਕੇਸਰ ਸਿੰਘ ਠਠਗੜ੍ਹ ਜ਼ਿਲਾ ਅੰਮ੍ਰਿਤਸਰ ਦੇ ਡੇਰੇ ਇਕੱਠ ਹੋਇਆ। ਬਰਾਈਡਲਵਿਲ, ਪੋਰਟਲੈਂਡ, ਵਾਨਾ, ਸੇਂਟ ਜਾਨ ਅਤੇ ਲਿਨਟਨ ਦੇ ਨੁਮਾਇੰਦੇ ਵੀ ਇਸ ਵਿੱਚ ਸ਼ਾਮਲ ਹੋਏ। ਇਹ ਇੱਕ ਤਰ੍ਹਾਂ ਦੀ ਸਾਰੇ ਮੰਡ ਦੀ ਨੁਮਾਇੰਦਾ ਮੀਟਿੰਗ ਸੀ। ਏਥੇ ਸ੍ਰੀ ਕਰਤਾਰ ਸਿੰਘ ਸਰਾਭਾ ਵੀ ਆਪਣੇ ਪਿੰਡ ਦੇ ਸ੍ਰੀ ਰੁਲੀਆ ਸਿੰਘ ਪਾਸ ਛੁਟੀਆਂ ਵਿੱਚ ਮਜ਼ਦੂਰੀ ਕਰਨ ਆਏ ਹੋਏ ਸਨ।[2]

ਲਾਲਾ ਹਰਦਿਆਲ ਤੇ ਹੋਰਨਾਂ ਸਾਥੀਆਂ ਦੇ ਲੈਕਚਰਾਂ ਤੋਂ ਬਾਅਦ ਇਹ ਬੁਨਿਆਦੀ ਮਤਾ ਪਾਸ ਕੀਤਾ ਗਿਆ–[3]

(1) ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ ਸੁਖਾਲਾ ਤੇ ਸਿੱਧਾ ਜਿਹਾ (ਹਿੰਦੀ ਪੈਸਿਫ਼ਿਕ ਐਸੋਸੀਏਸ਼ਨ) ਹੀ ਰਖਿਆ ਜਾਵੇ।

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ।
2. ਇਹ ਸਾਰੀ ਵਿਥਿਆ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ ਉਤੇ ਚਲਦੀ ਹੈ, ਜਿਸ ਦੀ ਕਈ ਥਾਈਂ ਬਾਬਾ ਸੋਹਣ ਸਿੰਘ ਭਕਨਾਂ ਦਾ ਬਿਆਨ ਵੀ ਪਰੋੜ੍ਹਤਾ ਕਰਦਾ ਹੈ।
3. ਬਾਬਾ ਸੋਹਣ ਸਿੰਘ ਭਕਨਾ ਪਰਧਾਨ ਗ਼ਦਰ ਪਾਰਟੀ ਦੀ ਲਿਖਤ ਮੁਜਬ।

(2) ਜਥੇਬੰਦੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਗੁਲਾਮੀ ਤੋਂ ਹਿੰਦੁਸਤਾਨ ਨੂੰ ਛੁਡਾਉਣਾ ਅਤੇ ਆਜ਼ਾਦੀ ਦੇ ਬਰਾਬਰੀ ਦੀਆਂ ਬੁਨਿਆਦਾਂ ਉਤੇ ਕੌਮੀ ਜਮਹੂਰੀਅਤ ਕਾਇਮ ਕਰਨੀ।[1]

(3) ਜਥੇਬੰਦੀ ਦਾ ਹੈਡ ਕਵਾਰਟਰ ਕੈਲੇਫੋਰਨੀਆ ਦੇ ਸਾਨਫਰਾਂਸਿਸਕੋ ਸ਼ਹਿਰ ਵਿੱਚ ਰਹੇਗਾ, ਜੋ ਸਮੁੰਦਰੀ ਘਾਟ ਵੀ ਹੈ ਤੇ ਦੁਨੀਆਂ ਦੇ ਇਨਕਲਾਬੀਆਂ ਦਾ ਕੇਂਦਰ ਵੀ।

(4) ਜਥੇਬੰਦੀ ਦਾ ਹਫਤਾਵਾਰ ਅਖਬਾਰ ਨਿਕਲੇਗਾ, ਜਿਸ ਦਾ ਨਾਂ "ਗ਼ਦਰ" ਹੋਵੇਗਾ ਅਤੇ ਹਿੰਦੁਸਤਾਨ ਦੀਆਂ ਉਰਦੂ, ਪੰਜਾਬੀ, ਹਿੰਦੀ ਤੇ ਹੋਰਨਾਂ ਜ਼ਬਾਨਾਂ ਵਿੱਚ ਛਪਿਆ ਕਰੇਗਾ (ਮਗਰੋਂ ਇਸ ਅਖਬਾਰ ਦੇ ਨਾਂ ਉੱਤੇ ਜਥੇਬੰਦੀ ਦਾ ਨਾਂ ਲੋਕਾਂ ਨੇ ਗ਼ਦਰ ਪਾਰਟੀ ਰੱਖ ਦਿੱਤਾ)।

(5) ਜਥੇਬੰਦੀ ਦੀ ਹਰ ਸਾਲ ਚੋਣ ਹੋਇਆ ਕਰੇਗੀ।

(6) ਹਰ ਇੱਕ ਕਾਰਖਾਨੇ ਜਾਂ ਰੇਲ ਮਜ਼ਦੂਰਾਂ ਦੀ ਟੋਲੀ ਵਿੱਚ ਕੰਮ ਕਰਨ ਵਾਲੇ ਹਿੰਦੁਸਤਾਨੀ ਮੈਂਬਰਾਂ ਦੀ ਉਸ ਕਾਰਖਾਨੇ ਜਾਂ ਟੋਲੀ ਵਿੱਚ ਇੱਕ ਚੁਣੀ ਹੋਈ ਕਮੇਟੀ ਹੋਇਆ ਕਰੇਗੀ, ਜਿਹੜੀ ਕੇਂਦਰ ਨਾਲ ਸਿੱਧੀ ਸਬੰਧਤ ਹੋਵੇਗੀ।

(7) ਥਲੇ ਦੀਆਂ ਕਮੇਟੀਆਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਇੱਕ ਕੇਂਦਰੀ ਇੰਤਜ਼ਾਮੀਆਂ ਕਮੇਟੀ ਹੋਵੇਗੀ, ਜੋ ਅਖਬਾਰ, ਪਰੈਸ ਤੇ ਹੋਰ ਖੁਲ੍ਹੇ ਕੰਮਾਂ ਨੂੰ ਚਲਾਵੇਗੀ।

(8) ਇੰਤਜ਼ਾਮੀਆਂ ਕਮੇਟੀ ਆਪਣੇ ਵਿੱਚੋਂ ਤਿੰਨਾਂ ਜਣਿਆਂ ਦਾ ਇੱਕ ਕਮਿਸ਼ਨ ਚੁਣੇਗੀ ਜਿਸ ਦੇ ਹੱਥ ਜਥੇਬੰਦੀ ਦੀ ਪੋਲੀਟੀਕਲ ਤਾਕਤ ਤੇ ਖੁਫੀਆ ਕੰਮ ਦੀ ਸਾਰੀ ਜ਼ੁੰਮੇਵਾਰੀ ਹੋਵੇਗੀ।[2]

(9) ਹਰ ਮੈਂਬਰ ਘਟੋ ਘਟ ਇੱਕ ਡਾਲਰ ਮਹੀਨਾ ਚੰਦਾ ਦੇਵੇਗਾ।

(10) ਜਥੇਬੰਦੀ ਵਿੱਚ ਮਜ਼ਹਬੀ ਬਹਿਸਾਂ ਦੀ ਕੋਈ ਥਾਂ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਆਪਣਾ ਨਿੱਜੀ ਨੇਮ ਹੋਵੇਗਾ।

(11) ਜਥੇਬੰਦੀ ਦੇ ਹਰ ਸਿਪਾਹੀ ਦਾ ਫਰਜ਼ ਹੋਵੇਗਾ ਕਿ ਉਹ ਦੁਨੀਆ ਦੇ ਭਾਵੇਂ ਕਿਸੇ ਹਿੱਸੇ ਵਿੱਚ ਹੋਵੇ, ਜੇ ਉਥੇ ਆਜ਼ਾਦੀ ਦੀ ਜੰਗ ਹੁੰਦੀ ਹੈ ਤਾਂ ਉਸ ਵਿੱਚ ਜ਼ਰੂਰ ਹਿੱਸਾ ਲਵੇ।

ਇਸ ਕੰਮ ਨੂੰ ਪੇਸ਼ਾ ਹੀ ਨਾ ਬਣਾ ਲਏ ਜਾਣ ਦੇ ਡਰ ਤੋਂ ਪਾਰਟੀ ਵਰਕਰਾਂ ਪਾਸੋਂ ਤਿਆਗ ਤੇ ਸੰਜਮ ਦੀ ਆਸ ਰਖਦਿਆਂ ਹੋਇਆਂ ਪਾਰਟੀ ਦੇ ਦਫਤਰ, ਪਰੈਸ ਜਾਂ ਅਖਬਾਰ ਵਿੱਚ ਕੰਮ ਕਰਨ ਵਾਲੇ ਜਾਂ ਬਾਹਰ ਕੰਮ ਉੱਤੇ ਫਿਰਨ ਵਾਲੇ ਕਾਰਕੁਨਾਂ ਨੂੰ ਤਨਖਾਹ ਨਹੀਂ ਮਿਲੇਗੀ, ਜਥੇਬੰਦੀ ਦੇ ਫੰਡ ਵਿੱਚੋਂ ਲੋੜ ਮੁਜਬ ਰੋਟੀ ਕਪੜਾ ਦਿੱਤਾ ਜਾਇਆ ਕਰੇਗਾ।[3]

ਇਹ ਮਤਾ ਪਾਸ ਹੋਣ ਤੋਂ ਬਾਅਦ ਹੇਠ ਲਿਖੀ ਚੋਣ ਹੋਈ–

ਪਰਧਾਨ ਭਾਈ ਸੋਹਣ ਸਿੰਘ ਭਕਨਾ, ਮੀਤ ਪਰਧਾਨ ਭਾਈ ਕੇਸਰ ਸਿੰਘ ਠਠਗੜ੍ਹ, ਜਨਰਲ ਸਕੱਤਰ ਲਾਲ ਹਰਦਿਆਲ, ਜਾਇੰਟ ਸਕੱਤਰ ਲਾਲਾ ਠਾਕਰ ਦਾਸ ਧੂਰੀ, ਖਜ਼ਾਨਚੀ

---

1. ਕੈਲੇਫੋਰਨੀਆ ਵਿੱਚ ਅਨ–ਅਮਰੀਕਨ ਸਰਗਰਮੀਆਂ ਦੀ ਰਪੋਰਟ, ਸਫਾ 213, ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ, ਰੌਲਟ ਰਪੋਰਟ ਸਫਾ 155
2. 'ਜੀਵਨ ਦਾ ਸੰਖੇਪ ਖਾਕਾ', ਸਫਾ 3
3. ਬਾਬਾ ਸੋਹਣ ਸਿੰਘ ਭਕਨਾ।

ਪੰਡਤ ਕਾਂਸ਼ੀ ਰਾਮ ਮੜੌਲੀ।[3]

'ਗ਼ਦਰ ਸਾਜ਼ਿਸ਼ ਦੀ ਵਿਥਿਆ' ਵਿੱਚ ਅਸਟੋਰੀਆ ਦੀ ਮੀਟਿੰਗ 2 ਜੂਨ, 1913 ਦੱਸੀ ਗਈ ਹੈ (ਸਫਾ 11-13) ਪਰ ਚੋਣ ਇਹੀ ਦਿੱਤੀ ਹੈ।

ਇਸ ਤੋਂ ਬਾਅਦ ਆਸਟੋਰੀਆ ਦੀ ਬਰਾਂਚ ਦੀ ਚੋਣ ਹੋਈ। ਭਾਈ ਕੇਸਰ ਸਿੰਘ ਪਰਧਾਨ, ਮੁਨਸ਼ੀ ਕਰੀਮ ਬਖਸ਼ ਸਕੱਤਰ ਤੇ ਲਾਲਾ ਮੁਨਸ਼ੀ ਰਾਮ ਖਜ਼ਾਨਚੀ ਬਣੇ। ਇਸ ਮੀਟਿੰਗ ਉੱਤੇ ਦਸ ਹਜ਼ਾਰ ਡਾਲਰ ਦੇ ਕਰੀਬ ਪਾਰਟੀ ਫੰਡ ਇਕੱਠਾ ਹੋਇਆ।

ਭਾਵੇਂ ਸਿਆਸੀ ਜਾਗਰਤਾ ਸਾਰੇ ਅਮਰੀਕਾ ਟਾਪੂ ਵਿੱਚ ਸੀ, ਪਰ ਪਾਰਟੀ ਬਨ੍ਹਣ ਦੀ ਪਹਿਲ ਦਰਿਆ ਕੋਲੰਬੀਆ ਦੇ ਮੰਡ ਤੇ ਹਿੰਦੀ ਮਜ਼ਦੂਰਾਂ ਦੇ ਹੱਥ ਆਈ। ਭਾਈ ਪਰਮਾ ਨੰਦ "ਆਪਣੀ ਆਪ ਬੀਤੀ" ਦੇ ਸਫਾ 62 ਉਤੇ ਲਿਖਦੇ ਹਨ, ਕਿ-

"ਹਰਦਿਆਲ ਨੇ ਮੈਨੂੰ ਦਸਿਆ ਕਿ ਪੋਰਟਲੈਂਡ ਦੇ ਕੁਝ ਹਿੰਦੁਸਤਾਨੀ ਇੱਕ ਕਮੇਟੀ ਬਨਾਉਣਾ ਤੇ ਫੈਸਲਾ ਕਰਨਾ ਚਾਹੁੰਦੇ ਹਨ ਕਿ ਉਹ ਕਿਸ ਤਰ੍ਹਾਂ ਆਪਣੀ ਮਾਤ ਭੂਮੀ, ਦੀ ਚੰਗੀ ਸੇਵਾ ਕਰ ਸਕਦੇ ਹਨ।"

## ਲਹਿਰ ਦਾ ਪੁੰਗਾਰਾ

ਪਾਰਟੀ ਬੱਝਣ ਦੀ ਇਹ ਖਬਰ ਅਮਰੀਕਾ ਟਾਪੂ ਦੇ ਸਾਰੇ ਹਿੰਦੀਆਂ ਵਿੱਚ ਫੈਲ ਗਈ। ਇਸ ਜਥੇਬੰਦੀ ਦੇ ਜਨਮ ਧਾਰ ਲੈਣ ਉਤੇ ਅਮਰੀਕਾ ਦੀਪ ਦੇ ਹਿੰਦੀਆਂ ਨੂੰ ਚਾਅ ਚੜ੍ਹ ਗਿਆ। ਉਹਨਾਂ ਨੂੰ ਆਪਣੇ ਦੇਸ਼ ਨੂੰ ਆਜ਼ਾਦ ਕਰਵਾਕੇ ਆਜ਼ਾਦ ਦੇਸ਼ਾਂ ਵਿੱਚ ਗਿਣੇ ਜਾਣ ਦੀਆਂ ਆਪਣੀਆਂ ਸਧਰਾਂ ਪੂਰੀਆਂ ਹੋਣ ਦਾ ਰਾਹ ਦਿਸ ਪਿਆ।

1914-15 ਦੇ ਗ਼ਦਰੀ ਬਹਾਦਰਾਂ ਉਤੇ ਚਲੇ ਪਹਿਲੇ ਲਾਹੌਰ ਸਾਜ਼ਸ਼ ਕੇਸ ਵਿੱਚ ਵੀ ਗ਼ਦਰ ਪਾਰਟੀ ਦੇ ਇਥੇ ਅਸਟੋਰੀਆ ਵਿੱਚ ਬੱਝਣ ਨੂੰ ਹੀ ਮੰਨਿਆ ਗਿਆ ਹੈ।

ਲਾਲਾ ਹਰਦਿਆਲ ਨੂੰ ਜੋ ਜਨਰਲ ਸਕੱਤਰੀ ਤੇ ਅਖਬਾਰ ਕੱਢਣ ਦਾ ਕੰਮ ਦਿੱਤਾ ਗਿਆ ਸੀ, ਉਹ ਉਹਨਾਂ ਦੇ ਵਸੋਂ ਬਾਹਰੇ ਕਾਰਨਾਂ ਕਰਕੇ ਕੁਝ ਮਹੀਨੇ ਤੱਕ ਜਾਰੀ ਨਾ ਹੋ ਸਕਿਆ। ਮਜ਼ਦੂਰ ਬਾਹਰ ਅਖਬਾਰ ਉਡੀਕਦੇ ਦੇ ਆਪਣੇ ਹੱਥੀਂ ਲਾਏ ਜਥੇਬੰਦੀ ਦੇ ਬੂਟੇ ਨੂੰ ਪੁੰਗਰਦਾ ਤੇ ਵਧਦਾ ਵੇਖਣਾ ਚਾਹੁੰਦੇ ਸਨ। ਇਸ ਦੇਰੀ ਨਾਲ ਉਹਨਾਂ ਦੀ ਉਤਸੁਕਤਾ ਵਧ ਗਈ ਤੇ ਔਰੇਗਨ ਤੇ ਵਾਸ਼ਿੰਗਟਨ ਦੀਆਂ ਰਿਆਸਤਾਂ ਦੇ ਮਜ਼ਦੂਰਾਂ ਵਲੋਂ ਪਰਧਾਨ ਭਾਈ ਸੋਹਣ ਸਿੰਘ ਨੂੰ ਚਿੱਠੀਆਂ ਆਉਣ ਲੱਗ ਪਈਆਂ। ਹਿੰਦੀਆਂ ਵਿੱਚ ਲਾਲਾ ਹਰਦਿਆਲ ਉਤੇ ਭੀ ਉਹੀ ਸ਼ੱਕ ਹੋਣ ਲੱਗ ਪਿਆ, ਜੋ ਪੜ੍ਹੇ ਲਿਖਿਆਂ ਉਤੇ ਕੀਤਾ ਜਾਂਦਾ ਸੀ, ਕਿ "ਪੈਸਾ ਖਾ ਜਾਂਦੇ ਹਨ, ਕੰਮ ਨਹੀਂ ਕਰਦੇ"। ਅਖੀਰ ਸਤੰਬਰ, 1913 ਨੂੰ ਲਾਲਾ ਜੀ ਦੀ ਪਰਧਾਨ ਨੂੰ ਚਿੱਠੀ ਆਈ ਕਿ-

"ਉਹ ਸਿਹਤ ਦੀ ਖਰਾਬੀ ਦੀ ਵਜ੍ਹਾ ਨਾਲ ਅਖਬਾਰ ਦਾ ਕੰਮ ਨਹੀਂ ਕਰ ਸਕਦੇ। ਇਸ ਲਈ ਸਰਦਾਰ ਅਜੀਤ ਸਿੰਘ ਨੂੰ ਇਟਲੀ ਤੋਂ ਬੁਲਾ ਲਿਆ ਜਾਏ।"

ਇਸ ਢਿੱਲ ਦੀ ਵਜ੍ਹਾ ਇਹ ਨਿਕਲੀ ਕਿ ਅਸਟੋਰੀਆ ਵਾਲੀ ਮੀਟਿੰਗ ਵਿੱਚ ਰੁਪਿਆ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ।

ਖਾਧੇ ਜਾਣ ਦੇ ਡਰ ਤੋਂ ਲਾਲਾ ਹਰਦਿਆਲ ਦੇ ਕਹਿਣ ਤੇ ਹੀ ਪਾਸ ਹੋਇਆ ਕਿ ਕੰਮ ਕਰਨ ਵਾਲੇ ਪਹਿਲਾਂ ਆਪਣੇ ਪਾਸੋਂ ਖਰਚ ਕਰ ਲਿਆ ਕਰਨ ਤੇ ਫਰ ਇਹ ਖਰਚ ਮਨਜ਼ੂਰ ਕਰਵਾਕੇ ਖ਼ਜ਼ਾਨਚੀ ਪਾਸੋਂ ਵਸੂਲ ਕਰ ਲਿਆ ਜਾਇਆ ਕਰੇ। ਲਾਲਾ ਜੀ ਪਾਸ ਤਾਂ ਆਪਣੀ ਕੋਈ ਆਮਦਨ ਨਹੀਂ ਸੀ, ਉਹ ਕਿੱਥੋਂ ਲੈ ਕੇ ਖਰਚ ਕਰਦੇ? ਇਹ ਚਿੱਠੀ ਆਉਣ ਤੇ ਸੇਂਟ ਜਾਨ ਵਿੱਚ ਐਗਜ਼ੈਕਟਿਵ ਦੀ ਮੀਟਿੰਗ ਬੁਲਾਈ ਗਈ। ਜਿਸ ਵਿੱਚ ਲਾਲਾ ਜੀ ਦੇ ਇਲਾਜ ਤੇ ਖਰਚੇ ਦਾ ਬੰਦੋਬਸਤ ਕਰਨ ਦਾ ਫੈਸਲਾ ਕੀਤਾ ਗਿਆ, ਸਰਦਾਰ ਅਜੀਤ ਸਿੰਘ ਨੂੰ ਬੁਲਾਕੇ ਅਖਬਾਰ ਕੱਢਣ ਦੀ ਤਜਵੀਜ਼ ਨਾਮਨਜ਼ੂਰ ਕਰ ਦਿੱਤੀ ਗਈ ਤੇ ਅਖਬਾਰ ਕੱਢਣ ਵਾਸਤੇ ਖਰਚ ਪੇਸ਼ਗੀ ਦੇ ਦਿੱਤਾ ਗਿਆ।[1]

ਇਸ ਤਰ੍ਹਾਂ ਖਰਚ ਦਾ ਅਮਲੀ ਤੌਰ ਉੱਤੇ ਬੰਦੋਬਸਤ ਹੋ ਜਾਣ ਤੇ ਕੁਝ ਦਿਨ ਬਾਅਦ ਨਵੰਬਰ 1913 ਦੇ ਪਹਿਲੇ ਹਫਤੇ "ਗ਼ਦਰ" ਦਾ ਪਹਿਲਾ ਪਰਚਾ ਉਰਦੂ ਵਿੱਚ ਕਢਿਆ ਗਿਆ।[2] ਕੁਝ ਹਫਤਿਆਂ ਤੋਂ ਬਾਅਦ ਪੰਜਾਬੀ ਵਿੱਚ ਵੀ ਚਾਲੂ ਹੋ ਗਿਆ। ਅਖਬਾਰ ਅਮਰੀਕਾ ਦੇ ਪੱਛਮੀ ਕੰਢੇ ਦੀਆਂ ਰਿਸਆਤਾਂ, ਕੈਨੇਡਾ, ਫਿਲਪਾਈਨ, ਫਿਜੀ, ਜਾਪਾਨ ਟੋਂਟਸਨ, ਸ਼ੰਘਾਈ, ਹੰਕਾਉ, ਹਾਂਗਕਾਂਗ, ਜਾਵਾ, ਸਮਾਟਰਾ, ਸਿੰਘਾਪੁਰ, ਮਲਾਯਾ, ਸਿਆਮ, ਬਰਮਾ, ਹਿੰਦੁਸਤਾਨ, ਪੂਰਬੀ ਅਫਰੀਕਾ ਦੇ ਸਭ ਹਿੰਦੀ ਰਾਜਸੀ ਤੇ ਸਮਾਜੀ ਔਂਡਿਆਂ ਤੇ ਪ੍ਰਸਿੱਧ ਬੰਦਿਆਂ ਦੇ ਐਡਰੈਸਾਂ ਉਤੇ ਭੇਜਿਆ ਜਾਣ ਲੱਗਾ। ਫੇਰ ਤਾਂ ਜਿੱਥੇ ਵੀ ਹਿੰਦੀ ਰਹਿੰਦੇ ਜਾਂ ਕੰਮ ਕਰਦੇ ਸਨ, ਉਹਨਾਂ ਦੇ ਪਤੇ ਲੈ ਕੇ ਅਖਬਾਰ ਡਾਕੇ ਪੈਣ ਲੱਗ ਪਿਆ। ਇਸ ਦੇ ਨਾਲ ਹੀ ਇਨਕਲਾਬੀ ਪਾਰਟੀ ਦੇ ਬੱਝਣ, ਕੰਮ ਤੇ ਜਥੇਬੰਦ ਹੁੰਦੇ ਜਾਣ ਦੀਆਂ ਖਬਰਾਂ ਛਪ ਛਪ ਲੋਕਾਂ ਤੱਕ ਜਾਣ ਲੱਗੀਆਂ।

"ਗ਼ਦਰ" ਦੇ ਪਹਿਲੇ ਪਰਚੇ ਵਿੱਚ ਔਰੇਗਨ ਤੇ ਵਾਸ਼ਿੰਗਟਨ ਦੇ ਮਜ਼ਦੂਰ ਡੇਰਿਆਂ ਦੀਆਂ ਕਾਨਫਰੰਸਾਂ ਦੀਆਂ ਖਬਰਾਂ ਨਿਕਲੀਆਂ ਤੇ ਅਸਟੋਰੀਆ ਵਿੱਚ ਪਾਰਟੀ ਦੇ ਬਝਣ ਬਾਬਤ ਮਸਾਲਾ ਛਪਿਆ। ਇਹ ਪੜ੍ਹਕੇ ਕੈਲੇਫੋਰਨੀਆ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਜਾਂ ਖੇਤਾਂ (ਫਾਰਮਾਂ) ਨੂੰ ਠੇਕੇ ਉਤੇ ਲੈ ਕੇ ਵਾਹੁਣ ਵਾਲੇ ਹਿੰਦੀਆਂ ਵਿੱਚ ਆਈ ਹੋਈ ਜਾਗਰਤਾ ਨੂੰ ਬੜਾ ਉਤਸ਼ਾਹ ਮਿਲਿਆ ਤੇ ਉਹਨਾਂ ਨੇ ਵੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਦਸੰਬਰ, 1913 ਦੀਆਂ ਵੱਡੇ ਦਿਨ ਦੀਆਂ ਛੁਟੀਆਂ (ਕਰਿਸਮਿਸ) ਅੰਦਰ ਸੈਕਰਾਮੈਂਟੋ ਵਿੱਚ ਇੱਕ ਕਾਨਫਰੰਸ ਸੱਦੀ। ਜਿਸ ਵਿੱਚ ਕੈਲੇਫੋਨੀਆਂ ਤੋਂ ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸੰਤੋਖ ਸਿੰਘ, ਸੰਤ ਵਸਾਖਾ ਸਿੰਘ, ਭਾਈ ਨਿਧਾਨ ਸਿੰਘ ਚੁੱਘਾ, ਭਾਈ ਅਰੂੜ ਸਿੰਘ ਤੇ ਭਾਈ ਚੰਨਣ ਸਿੰਘ ਚੂਹੜਚੱਕ, ਪੰਡਤ ਜਗਤ ਰਾਮ ਹਰਿਆਣਾ, ਭਾਈ ਕਰਮ ਸਿੰਘ ਚੀਮਾ, ਭਾਈ ਕਰਤਾਰ ਸਿੰਘ ਦੁਕੀ, ਭਾਈ ਹਜ਼ਾਰਾ ਸਿੰਘ ਦਦੇਹਰ, ਭਾਈ ਭਗਤ ਸਿੰਘ ਦੂਜਾ ਨਾਮ ਗਾਂਧਾ ਸਿੰਘ ਕੱਚਰਭੰਨ ਤੇ ਹੋਰ ਅਨੇਕਾਂ ਸਾਥੀ ਸ਼ਾਮਲ ਹੋਏ। ਇਸ ਕਾਨਫਰੰਸ ਤੇ ਇਸ਼ਤਿਹਾਰ ਛਾਪੇ ਤੇ ਵੰਡੇ ਗਏ ਅਤੇ ਸੱਦੇ ਦੀਆਂ ਚਿੱਠੀਆਂ ਲਿਖੀਆਂ ਗਈਆਂ। ਪਾਰਟੀ ਵਲੋਂ ਪਰਧਾਨ ਭਾਈ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ, ਖਜ਼ਾਨਚੀ ਪੰਡਤ ਕਾਂਸ਼ੀ ਰਾਮ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ ਅਤੇ ਆਰਗੇਨਾਈਜ਼ਰ ਸਕੱਤਰ ਮੁਨਸ਼ੀ ਰਾਮ ਸ਼ਾਮਲ ਹੋਏ। ਕਾਨਫਰੰਸ ਵਿੱਚ ਪਾਰਟੀ ਨੂੰ ਸਰਬ ਅਮਰੀਕੀ

---

1. ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ।
2. ਉਤਲਿਖਤ ਬਿਆਨ, 'ਗ਼ਦਰ ਦੀ ਸਾਜ਼ਿਸ਼ ਦੀ ਵਿਥਿਆ,' ਸਫਾ 15 ਤੇ ਹੋਮ (ਪੋਲੀਟੀਕਲ) (ੳ) ਜਨਵਰੀ 1914 ਕਾਰਵਾਈ 42-43

ਬਨਾਉਣ ਦਾ ਫੈਸਲਾ ਹੋਇਆ ਤੇ ਨਵੀਂ ਚੋਣ ਹੋਈ, ਜਿਸ ਵਿੱਚ ਉਹੀ ਪਹਿਲੇ ਅਹੁਦੇਦਾਰ ਆਪਣਿਆਂ ਆਪਣਿਆਂ ਅਹੁਦਿਆਂ ਉਤੇ ਮੁੜ ਚੁਣੇ ਗਏ, ਕੈਲੇਫੋਰਨੀਆ ਵਲੋਂ ਭਾਈ ਜਵਾਲਾ ਸਿੰਘ ਨੂੰ ਮੀਤ ਪਰਧਾਨ ਲੈ ਲਿਆ ਗਿਆ। ਅਹੁਦੇਦਾਰਾਂ ਤੋਂ ਇਲਾਵਾ ਭਾਈ ਸੰਤੋਖ ਸਿੰਘ, ਭਾਈ ਕਰਤਾਰ ਸਿੰਘ ਸਰਾਭਾ, ਭਾਈ ਅਰੂੜ ਸਿੰਘ, ਭਾਈ ਪਿਰਥੀ ਸਿੰਘ, ਪੰਡਤ ਜਗਤ ਰਾਮ, ਭਾਈ ਕਰਮ ਸਿੰਘ ਚੀਮਾਂ, ਭਾਈ ਨਿਧਾਨ ਸਿੰਘ ਚੁੱਘਾ, ਸੰਤ ਵਸਾਖਾ ਸਿੰਘ, ਪੰਡਤ ਮੁਨਸ਼ੀ ਰਾਮ, ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਆਦਿ ਇੰਤਜ਼ਾਮੀਆ ਕਮੇਟੀ ਵਿੱਚ ਲਏ ਗਏ।[1] ਇਸ ਤਰ੍ਹਾਂ ਦਰਿਆ ਕੋਲੰਬੀਆ ਦੇ ਮੰਡ ਵਿੱਚੋਂ ਪੁੰਗਰਕੇ ਪਾਰਟੀ ਸਰਬ ਅਮਰੀਕਨ ਪਾਰਟੀ ਬਣ ਗਈ।

ਪਾਰਟੀ ਦਾ ਖੁਫੀਆ ਕੰਮ ਚਲਾਉਣ, ਮੈਂਬਰਾਂ ਦੀ ਛਾਣ ਬੀਨ ਕਰਨ ਤੇ ਵਰਕਰਾਂ ਦੇ ਕੰਮ ਉੱਤੇ ਨਿਗਰਾਨੀ ਰੱਖਣ ਲਈ ਭਾਈ ਸੋਹਣ ਸਿੰਘ ਭਕਨਾ, ਭਾਈ ਸੰਤੋਖ ਸਿੰਘ ਤੇ ਪੰਡਤ ਕਾਂਸ਼ੀ ਰਾਮ ਤਿੰਨਾਂ ਜਣਿਆਂ ਦਾ ਇੱਕ ਕਮਿਸ਼ਨ ਚੁਣਿਆ ਗਿਆ। ਇਸ ਕਮਿਸ਼ਨ ਨੂੰ ਅਖਤਿਆਰ ਸੀ, ਕਿ ਉਹ ਜੋ ਖੁਫੀਆ ਇੰਤਜ਼ਾਮ ਐਗਜ਼ੈਕਟਿਵ ਤੋਂ ਲੁਕਾਕੇ ਰੱਖਣਾ ਹੋਵੇ ਥਾਂ ਰੱਖ ਲਵੇ।[2]

ਆਪਣੇ ਅਮਰੀਕਾ ਟਾਪੂ ਦੇ ਔਡਿਆਂ ਵਿੱਚ ਬਰਾਂਚਾਂ ਕਾਇਮ ਕਰਨ ਤੇ ਕੈਨੇਡਾ ਵਿੱਚ ਹਿੰਦੀ ਵੀਰਾਂ ਨਾਲ ਮੇਲਜੋਲ ਰੱਖਣ ਦਾ ਪ੍ਰੋਗਰਾਮ ਬਣਾਇਆ ਗਿਆ। ਬਾਬੂ ਹਰਨਾਮ ਸਿੰਘ ਸਾਹਰੀ ਕੈਨੇਡੀਅਨ ਲਹਿਰ ਨਾਲ ਤੰਦ ਜੋੜਨ ਉੱਤੇ ਲਗੇ। ਫਰਵਰੀ 1914 ਵਿੱਚ ਕੈਲੇਫੋਰਨੀਆ ਵਿੱਚ ਪਾਰਟੀ ਦੀਆਂ ਬਰਾਂਚਾਂ ਬਨਾਉਣ ਲਈ ਇੱਕ ਕਮੇਟੀ ਬਣਾਈ ਗਈ[3], ਜਿਸ ਨੇ ਹਿੰਦੀ ਅਡਿਆਂ ਉੱਤੇ ਮੀਟਿੰਗਾਂ ਕਰਕੇ ਹਿੰਦੀਆਂ ਨੂੰ ਗ਼ਦਰ ਪਾਰਟੀ ਵਿੱਚ ਲਿਆਂਦਾ ਤੇ ਹੇਠਲੀਆਂ ਕਮੇਟੀਆਂ ਵਿੱਚ ਪਰੋਤਾ। ਪਾਰਟੀ ਫੰਡ ਦੀ ਉਗਰਾਹੀ ਦੀਆਂ ਕਮੇਟੀਆਂ ਬਣਾਈਆਂ ਗਈਆਂ, ਜਿਹਨਾਂ ਨੇ ਰਿਵਿਆਂ (ਦਰਿਆ ਦੇ ਮੰਡਾਂ) ਦੇ ਖੇਤਾਂ, ਰੇਲ ਰੋਡਾਂ ਤੇ ਆਰਾ ਮਿਲਾਂ ਵਿੱਚ ਫਿਰ ਫਿਰ ਕੇ ਉਗਰਾਹੀ ਕੀਤੀ ਤੇ ਪਾਰਟੀ ਅਤੇ ਅਖਬਾਰ ਫੰਡ ਬਣਾਇਆ।

---

1. ਬਾਬਾ ਸੋਹਣ ਸਿੰਘ ਭਕਨਾ ਨੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ, 'ਗ਼ਦਰ ਸਾਜ਼ਸ਼ ਦੀ ਵਿਥਿਆ' ਸਫਾ 31
2. ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ।
3. 'ਗ਼ਦਰ ਸਾਜ਼ਸ਼ ਦੀ ਵਿਥਿਆ', ਸਫਾ 31

### ਪੰਜਵਾਂ ਕਾਂਡ

# ਲਹਿਰ ਦਾ ਵਿਕਾਸ ਅਤੇ ਫੈਲਾਅ

## 'ਗ਼ਦਰ' ਅਖ਼ਬਾਰ

ਅਸਟੋਰੀਆ ਵਿੱਚ ਪਾਰਟੀ ਦੇ ਕੰਮ ਦਾ ਮੁੱਢ ਬੱਝਕੇ ਕੇਂਦਰੀ ਦਫਤਰ ਸਾਨਫਰਾਂਸਿਸਕੋ ਵਿੱਚ ਰੱਖਣ ਦਾ ਫੈਸਲਾ ਹੋਇਆ। ਇਸ ਕਰਕੇ ਕਿ ਇਹ ਸ਼ਹਿਰ ਅਮਰੀਕਾ ਦੇ ਪੱਛਮੀ ਹਿੱਸੇ ਦੀ ਆਰਥਕ ਤੇ ਸਿਆਸੀ ਸਰਗਰਮੀ ਦਾ ਕੇਂਦਰ ਸੀ, ਦੂਸਰੇ ਏਸ਼ੀਆ ਵਾਲੇ ਪਾਸੇ ਨੂੰ ਅਮਰੀਕਾ ਦੇ ਪੱਛਮੀ ਕੰਢੇ ਦਾ ਬਹੁਤ ਬੜਾ ਸਮੁੰਦਰੀ ਘਾਟ ਸੀ, ਤੀਸਰੇ ਚੀਨ, ਆਇਰਲੈਂਡ, ਪੋਲੈਂਡ, ਰੂਸ ਆਦਿ ਦੇਸ਼ਾਂ ਦੇ ਕਈ ਇਨਕਲਾਬੀ ਆਪਣੀਆਂ ਜਾਬਰ ਹਕੂਮਤਾਂ ਦੇ ਜ਼ੁਲਮੀ ਪੰਜੇ ਵਿੱਚੋਂ ਨਿਕਲਕੇ ਏਥੇ ਆਕੇ ਰਹਿੰਦੇ ਤੇ ਏਥੋਂ ਆਪਣੇ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਨਾਲ ਸਬੰਧ ਜੋੜਕੇ ਕੰਮ ਕਰ ਰਹੇ ਸਨ। ਹਿੰਦੀ ਇਨਕਲਾਬੀਆਂ ਨੇ ਵੀ ਇਸੇ ਹੀ ਸ਼ਹਿਰ ਨੂੰ ਆਪਣੀ ਲਹਿਰ ਦੀ ਰਾਜਧਾਨੀ ਬਣਾਇਆ।

ਸਾਨਫਰਾਂਸਿਸਕੋ ਸਮੁੰਦਰ ਵਿੱਚੋਂ ਉਭਰੀ ਇੱਕ ਪਹਾੜੀ ਉਤੇ ਵਸਦਾ ਹੈ। ਇਸ ਪਹਾੜੀ ਦੇ ਸਿਖਰ ਤੇ ਹਿਲ ਸਟਰੀਟ (ਪਹਾੜ ਗਲੀ) ਹੈ। ਇਸ ਗਲੀ ਦੇ 436 ਨੰਬਰ ਮਕਾਨ ਨੂੰ ਕਰਾਏ ਤੇ ਲੈਕੇ ਯੁਗੰਤਰ ਆਸ਼ਰਮ ਭਾਵ ਗਦਰ ਆਸ਼ਰਮ ਕਾਇਮ ਕਰਕੇ ਕੰਮ ਕਾਰ ਦਾ ਹੈਡ ਕਵਾਰਟਰ ਬਣਾਇਆ ਗਿਆ ਤੇ ਦਫਤਰ ਤੇ ਅਖਬਾਰ ਦਾ ਕੰਮ ਏਥੋਂ ਚਲਾਇਆ ਗਿਆ। ਪਹਿਲਾਂ ਪਹਿਲ ਲਾਲਾ ਹਰਦਿਆਲ, ਸ਼੍ਰੀ ਕਰਤਾਰ ਸਿੰਘ ਸਰਾਭਾ ਤੇ ਸ੍ਰੀ ਰਘਬਰ ਦਿਆਲ ਗੁਪਤਾ ਹੀ ਇਸ ਦਫਤਰ ਵਿੱਚ ਕੰਮ ਕਰਨ ਲੱਗੇ। ਲਾਲਾ ਹਰਦਿਆਲ ਅਖਬਾਰ ਦਾ ਮਜ਼ਮੂਨ ਲਿਖਦੇ, ਸ੍ਰੀ ਰਘਬਰ ਦਿਆਲ ਉਰਦੂ ਤੇ ਭਾਈ ਕਰਤਾਰ ਸਿੰਘ ਸਰਾਭਾ ਗੁਰਮੁਖੀ ਵਿੱਚ ਸਾਈਕਲੋ ਸਟਾਈਲ ਤਰੀਕੇ ਨਾਲ ਛਾਪਦੇ। ਦੋ ਤਿੰਨ ਪਰਚੇ ਬਾਹਰ ਜਾਂਦਿਆਂ ਹੀ ਅਖਬਾਰ ਹੀ ਮੰਗ ਬੇਅੰਤ ਵੱਧ ਗਈ। ਸਾਈਕਲੋ ਸਟਾਈਲ ਮਸ਼ੀਨ ਲੋੜੀਂਦੀ ਛਪਾਈ ਪੂਰੀ ਨਾ ਕਰ ਸਕੀ। ਪਹਿਲੇ ਹੀ ਮਹੀਨੇ ਦੇ ਅਖੀਰ ਤੇ ਵੈਲਨਸ਼ੀਆਂ ਸਟਰੀਟ ਵਿੱਚ 1324 ਨੰਬਰ ਦਾ ਹੋਰ ਮਕਾਨ ਕਰਾਏ ਤੇ ਲੈ ਕੇ ਬਿਜਲੀ ਨਾਲ ਚਲਣ ਵਾਲੀ ਵੱਡੀ ਲਿਥੋ ਮਸ਼ੀਨ ਖਰੀਦਕੇ ਉਥੇ ਲਾਈ ਗਈ ਤੇ ਅਖਬਾਰ ਦਾ ਕੰਮ ਉਥੋਂ ਚਲਾਇਆ ਗਿਆ।[1] ਇਸ ਤਰੀਕੇ ਨਾਲ ਅਖਬਾਰ ਦੀ ਨਿੱਤ ਵਧ ਰਹੀ ਮੰਗ ਪੂਰੀ ਕਰ ਦਿੱਤੀ ਗਈ।

ਇਸ ਕੰਮ ਨੂੰ ਚਲਾਉਣ ਲਈ ਬੰਦਿਆਂ ਦੀ ਲੋੜ ਵਧ ਗਈ। ਭਾਈ ਕਰਤਾਰ ਸਿੰਘ ਸਰਾਭਾ ਤੇ ਸ੍ਰੀ ਰਘਬਰ ਦਿਆਲ ਗੁਪਤਾ ਨਾਲ ਭਾਈ ਕਰਤਾਰ ਸਿੰਘ (ਦੁਕੀ) ਲਤਾਲਾ, ਭਾਈ ਬਸੰਤ ਸਿੰਘ ਚੋਂਦਾ (ਪਟਿਆਲਾ), ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਸ੍ਰੀ ਖੇਮ ਚੰਦ ਨੂੰ ਸੱਦਕੇ ਅਖਬਾਰ ਦੇ ਕੰਮ ਤੇ ਲਾ ਲਿਆ ਗਿਆ। ਖੇਮ ਚੰਦ ਦਾਸ ਜੀ ਗੁਜਰਾਤੀ ਸਨ, ਉਹ ਦੋ ਤਿੰਨਾਂ ਅਖਬਾਰਾਂ ਦਾ ਸਾਰ ਅੰਸ਼ ਗੁਜਰਾਤੀ ਜ਼ਬਾਨ ਵਿੱਚ ਕਰਕੇ ਮਹੀਨੇ ਵਿੱਚ ਇੱਕ ਦੋ ਵਾਰ "ਗ਼ਦਰ" ਦੀ ਗੁਜਰਾਤੀ ਐਡੀਸ਼ਨ ਛਾਪ ਦਿੰਦੇ। ਏਸੇ ਤਰ੍ਹਾਂ ਸ੍ਰੀ ਰਘਬਰ ਦਿਆਲ ਗੁਪਤਾ ਪਾਸੋਂ,

---

1. 'ਕੈਲੇਫੋਰਨੀਆ ਵਿੱਚ ਹਿੰਦੀ ਇਨਕਲਾਬੀ।'

ਜੋ ਹਿੰਦੀ ਜਾਣਦੇ ਸਨ, ਪੰਜਾਂ ਚਹੁੰ ਪਰਚਿਆਂ ਦਾ 'ਸਾਰ ਅੰਸ਼ ਕਰਵਾਕੇ' ਹਿੰਦੀ ਦਾ ਪਰਚਾ ਵੀ ਕਿਤੇ ਕਿਤੇ ਛਾਪ ਦਿੱਤਾ ਜਾਂਦਾ।[1]

ਅਖਬਾਰ ਦੇ ਸਿਰ ਵਰਕੇ ਉਤੇ ਨੁਕਰਾਂ ਵਿੱਚ ਬੰਦੇ ਮਾਤਰਮ ਦਾ ਨਾਅਰਾ ਲਿਖਿਆ ਹੁੰਦਾ ਸੀ ਤੇ ਵਿਚਕਾਰ ।(ਨਮੂਨਾ ਇਹ ਹੈ)


ਗ਼ਦਰ

"ਜੇ ਚਿਤ ਪਰੇਮ ਖੇਲਨ ਦਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ।"

ਪਹਿਲੇ ਸਫੇ ਉੱਤੇ ਹਮੇਸ਼ਾਂ "ਅੰਗਰੇਜ਼ੀ ਰਾਜ ਦਾ ਕੱਚਾ ਚਿਠਾ" ਦੀ ਸੁਰਖੀ ਹੇਠਾਂ ਅੰਗਰੇਜ਼ੀ ਰਾਜ ਦੀ ਹਿੰਦ ਵਿੱਚੋਂ ਲੁੱਟ ਖਸੁਟ, ਆਰਥਕ ਤੇ ਸਿਆਸੀ ਚਾਲਾਂ ਨੂੰ ਨੰਗਿਆਂ ਕਰਨ ਵਾਲੇ ਤਤਕਰੇ ਲਿਖੇ ਹੁੰਦੇ ਸਨ। ਇੱਕ ਸਫਾ ਮਜ਼ਮੂਨ ਸ੍ਰੀ ਸਾਵਰਕਰ ਦੀ 'ਆਜ਼ਾਦੀ ਲਈ ਹਿੰਦ ਦੀ ਲੜਾਈ" ਨਾਮੀ 1857 ਦੇ ਗ਼ਦਰ ਦੀ ਤਵਾਰੀਖ ਵਿਚੋਂ ਮਜ਼ਮੂਨ ਨਕਲ ਕੀਤਾ ਜਾਂਦਾ ਸੀ। ਅੱਧਾ ਸਫਾ "ਅੰਗਾਂ ਦੀ ਗਵਾਹੀ" ਦੀ ਸੁਰਖੀ ਹੇਠਾਂ ਅੰਕੜਿਆਂ ਵਿੱਚ ਅੰਗਰੇਜ਼ਾਂ ਦੀ ਲੁਟ ਖਸੁਟ ਤੇ ਜ਼ੁਲਮ ਜਬਰ ਦੀਆਂ ਗੱਲਾਂ ਲਿਖੀਆਂ ਹੁੰਦੀਆਂ ਸਨ। ਅੱਧਾ ਸਫਾ ਅਮਰੀਕਾ ਦੇ ਹਿੰਦੀਆਂ ਨੂੰ ਉਦੇਸ਼ ਜਾਂ ਉਹਨਾਂ ਦਿਆਂ ਮਸਲਿਆਂ ਬਾਰੇ ਲੇਖ ਹੰਦਾ ਸੀ। ਇੱਕ ਹਿੰਦੁਸਤਾਨ ਦੀਆਂ ਘਟਨਾਵਾਂ ਤੇ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਵਿਰੁੱਧ ਮਜ਼ਮੂਨ, ਕੁਝ ਕਵਿਤਾਵਾਂ ਤੇ ਬਾਕੀ ਕੌਮਾਂਤਰੀ ਪਿੜ ਵਿੱਚ ਬਰਤਾਨਵੀ ਸਾਮਰਾਜ ਦੀ ਦਖਲ ਅੰਦਾਜ਼ੀ ਤੇ ਫਿਰਕਾਦਾਰ ਲੀਡਰਾਂ ਤੇ ਸਭਾਵਾਂ ਦੀ ਭੰਡੀ ਲੇਖ ਆਦਿ ਕੁਲ 8 ਸਫੇ ਹੁੰਦੇ ਸਨ।

ਪਹਿਲੇ ਸਫੇ ਉੱਤੇ ਲਗਾਤਾਰ ਬਿਨਾਂ ਬਦਲ ਛਾਪੀਆਂ ਜਾਂਦੀਆਂ ਪੱਕੀਆਂ ਗੱਲਾਂ ਵਿੱਚੋਂ 12 ਵੀਂ ਗਲ ਇਹ ਸੀ ਕਿ-

"ਪਿਛਲੇ ਸੰਨ 1857 ਵਾਲੇ ਗ਼ਦਰ ਨੂੰ 56 ਸਾਲ ਹੋ ਗਏ ਹਨ" ਤੇ ਅਖੀਰਲੀ 13ਵੀਂ ਇਹ ਗੱਲ ਸੀ ਕਿ 'ਹੁਣ ਦੂਸਰੇ ਗ਼ਦਰ ਦੀ ਬਹੁਤ ਛੇਤੀ ਲੋੜ ਹੈ।"

ਇਸ ਤੋਂ ਪਾਰਟੀ ਦੇ ਮਨੋਰਥ ਦਾ ਪਤਾ ਲੱਗਦਾ ਹੈ ਕਿ ਪਾਰਟੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿੱਚੋਂ ਹਥਿਆਰਾਂ ਦੇ ਜ਼ੋਰ ਉਲਟਾਉਣ ਲਈ ਤਿਆਰ ਹੋ ਰਹੀ ਸੀ। ਆਮ ਹਿੰਦੀਆਂ ਨੂੰ ਗ਼ਦਰ ਭਾਵ ਬਗਾਵਤ ਦਾ ਸੱਦਾ ਦਿੰਦੀ ਤੇ ਉਹਨਾਂ ਤੋਂ ਅੰਗਰੇਜ਼ੀ ਰਾਜ ਦਾ ਦਬਕਾ ਲਾਹੁੰਦੀ ਸੀ।

'ਗ਼ਦਰ' ਅਖ਼ਬਾਰ ਦੀ ਛਪਾਈ ਤੇ ਵੰਡ ਨੇ ਜਿਥੇ ਸੁਤੇ ਹੋਏ ਹਿੰਦੀਆਂ ਵਿੱਚ ਕੌਮੀ ਜਾਗ ਲਾਈ ਤੇ ਜਾਗੇ ਹੋਇਆਂ ਨੂੰ ਜਥੇਬੰਦੀ ਦਾ ਰਾਹ ਦੱਸਕੇ ਇਨਕਲਾਬੀ ਲੀਹੇ ਚਾੜ੍ਹਨਾ ਸ਼ੁਰੂ ਕੀਤਾ, ਉਥੇ ਹਿੰਦ ਵਿੱਚ ਕੁਲ ਹਿੰਦ ਕੌਮੀ ਕਾਂਗਰਸ ਦੀ ਅਰਜ਼ੀਆਂ ਪਰਚਿਆਂ ਦੀ ਸੁਧਾਰ ਮੰਗੂ ਲਹਿਰ ਅਤੇ ਅੰਗਰੇਜ਼ੀ ਰਾਜ ਨਾਲ ਮਿਲ ਵਰਤਕੇ ਚਲ ਰਹੀਆਂ ਫ਼ਿਰਕਾਂ ਪਰਸਤ ਤੇ ਫੁਟ ਪਾਊ ਅੰਗਰੇਜ਼

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ।

ਮਿੱਤਰ ਜਥੇਬੰਦੀਆਂ ਦੀ ਵੀ ਖਬਰ ਲੈਣੀ ਤੇ ਇਹਨਾਂ ਲੋਕਾਂ ਵਿੱਚ ਕਲੀ ਖੋਲ੍ਹਣੀ ਸ਼ੁਰੂ ਕੀਤੀ।[1] ਲਹਿਰ ਦੇ ਦੁਸ਼ਮਣ ਅੰਗਰੇਜ਼ੀ ਸਾਮਰਾਜ ਨੂੰ ਬੜਾ ਫਿਕਰ ਲੱਗਾ। ਉਹ ਅਖਬਾਰ ਦੇ ਛਪਣ ਨੂੰ ਤਾਂ ਅਮਰੀਕਾ ਹਕੂਮਤ ਤੋਂ ਹੀ ਬੰਦ ਕਰਵਾ ਸਕਦੀ ਸੀ, ਜਿਸ ਲਈ ਉਸਨੇ ਸਫਾਰਤੀ ਚਾਲਾਂ ਚਲਣੀਆਂ ਸ਼ੁਰੂ ਕੀਤੀਆਂ ਪਰ ਇਸ ਦੀ ਵੰਡ ਨੂੰ ਹਿੰਦ ਤੇ ਆਪਣੀਆਂ ਵਸਤੀਆਂ ਵਿਚੋਂ ਰੋਕਣ ਲਈ ਉਸ ਨੇ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ।

## ਪਰਚੇ ਦੀ ਵੰਡ ਵਾਸਤੇ ਘੋਲ

ਹਿੰਦ ਦੀ ਸਰਕਾਰ ਵਲੋਂ ਅਖਬਾਰ ਦੀ ਹਰ ਛਪਾਈ ਜ਼ਬਤ ਕਰਕੇ ਗੈਰ ਕਾਨੂੰਨੀ ਕਰਾਰ ਦੇ ਦਿੱਤੀ ਜਾਂਦੀ,ਆਇਆਂ ਪਰਚਿਆਂ ਨੂੰ ਕਾਬੂ ਕਰਨ ਲਈ ਹਾਂਗਕਾਂਗ, ਸਿੰਘਾਪੁਰ, ਕਲਕੱਤੇ, ਮਦਰਾਸ, ਬੰਬਈ, ਰੰਗੂਨ ਆਦਿ ਸਮੁੰਦਰੀ ਘਾਟਾਂ ਉੱਤੇ ਅਮਰੀਕਾ ਤੋਂ ਆ ਰਹੀ ਡਾਕ ਦੀਆਂ ਚਿੱਠੀਆਂ, ਪਾਰਸਲ ਤੇ ਬਿਲਟੀਆਂ ਉਤੇ "ਸਮੁੰਦਰੀ ਮਸੂਲ ਦਾ ਕਾਨੂੰਨ" ਲਾਗੂ ਕਰ ਦਿੱਤਾ ਗਿਆ, ਜਿਸ ਅਨੁਸਾਰ ਘਾਟਾਂ ਦੀ ਪੁਲਸ ਨੂੰ ਜਹਾਜ਼ਾਂ ਉੱਤੇ ਹੀ ਡਾਕ ਤੇ ਬਿਲਟੀਆਂ ਖੋਲ੍ਹ ਕੇ ਵੇਖਣ ਤੇ ਅਨ-ਚਾਹਿਆ ਮਾਲ ਜ਼ਬਤ ਕਰ ਲੈਣ ਦੇ ਅਖਤਿਆਰ ਲਿਖੇ ਹੋਏ ਸਨ[2]। ਇਸ ਤਰ੍ਹਾਂ ਅੰਗਰੇਜ਼ੀ ਸਾਮਰਾਜ ਨੇ ਪਰਚੇ ਨੂੰ ਆਪਣੇ ਹੇਠ ਦਬੇ ਹੋਏ ਦੇਸ਼ਾਂ ਵਿੱਚ ਜਾਣੋ ਜਦ ਵੀ ਰੋਕ ਦਿੱਤਾ, ਤਾਂ ਪਾਰਟੀ ਨੇ ਨਵਾਂ ਰਾਹ ਕੱਢ ਲਿਆ। ਇਹਨਾਂ ਅੰਗਰੇਜ਼ਾਂ ਹੇਠ ਦਬੇ ਹੋਏ ਦੇਸ਼ਾਂ ਨੂੰ ਭੇਜੇ ਜਾਣ ਵਾਲੇ ਪਰਚੇ ਨੂੰ ਪਾਰਟੀ ਅਮਰੀਕਾ ਤੋਂ ਸਿੱਧੀ ਮਨਜ਼ਲ ਉਤੇ ਭੇਜਣਾ ਹਟਾਕੇ, ਸਾਰੇ ਦਾ ਸਾਰਾ ਪਰਚਾ ਪਹਿਲਾਂ ਕੈਨੇਡਾ ਭੇਜ ਦਿੰਦੀ ਰਹੀ ਤੇ ਉਥੋਂ ਸਾਰੀਆਂ ਮੰਜ਼ਿਲਾਂ ਨੂੰ ਡਾਕੇ ਪਾਉਂਦੀ ਰਹੀ, ਜਦ ਅੰਗਰੇਜ਼ੀ ਰਾਜ ਨੂੰ ਕੈਨੇਡਾ ਦਾ ਪਤਾ ਲੱਗਣ ਤੇ ਪਰਚਾ ਫੇਰ ਰੁਕ ਗਿਆ, ਤਾਂ ਪਾਰਟੀ ਨੇ ਜਾਪਾਨ ਤੋਂ ਭੇਜਣਾ ਸ਼ੁਰੂ ਕਰ ਦਿੱਤਾ। ਜਦੋਂ ਜਾਪਾਨ ਦੀ ਡਾਕ ਵੀ ਫਰੋਲੀ ਤੇ ਰੋਕੀ ਜਾਣ ਲੱਗੀ ਤਾਂ ਪਾਰਟੀ ਨੇ ਪਰਚਾ ਪੇਟੀਆਂ ਵਿੱਚ ਬੰਦ ਕਰਕੇ ਜਾਪਾਨ ਭੇਜਣਾ ਤੇ ਇਥੋਂ ਮੌਲਵੀ ਬਰਕਤ ਉਲਾ ਦੀ ਅਗਵਾਈ ਹੇਠ ਬਝ ਗਈ ਪਾਰਟੀ ਇਕਾਈ ਨੇ ਇਸ ਨੂੰ ਕਿਸੇ ਬੰਦੇ ਦੇ ਹੱਥ ਉਸਦੇ ਅਸਬਾਬ ਦੇ ਤੌਰ ਤੇ ਪੈਰਿਸ ਮੈਡਮ ਕਾਮਾ ਪਾਸ ਭੇਜਣ ਤੇ ਉਥੋਂ ਵੰਡਣ ਦਾ ਬੰਦੋਬਸਤ ਕਰ ਲਿਆ। ਪਹਿਲੀ ਵਾਰੀ ਇਹ ਕੰਮ ਭਾਈ ਭਗਵਾਨ ਸਿੰਘ ਦੇ ਸਪੁਰਦ ਕੀਤਾ ਗਿਆ।

ਮੌਲਵੀ ਬਰਕਤ ਉੱਲਾ ਨਾਲ ਅੰਗਰੇਜ਼ੀ ਸਾਮਰਾਜ ਨੇ ਬੜੀ ਚਲਾਕੀ ਖੇਡੀ ਹੋਈ ਸੀ। ਇੱਕ ਜਾਪਾਨੀ ਆਦਮੀ ਮੌਲਵੀ ਦੇ ਹਥੋਂ ਮੁਸਲਮਾਨ ਹੋ ਗਿਆ। ਇਸ ਮੁਸਲਮਾਨ ਨੂੰ ਅੰਗਰੇਜ਼ੀ ਸਫ਼ਾਰਤਖਾਨੇ ਨੇ ਖਰੀਦ ਲਿਆ। ਇਹ ਮੌਲਵੀ ਦੀਆਂ ਸਭ ਖਬਰਾਂ ਤੇ ਚਿੱਠੀ ਪੱਤਰ ਅੰਗਰੇਜ਼ੀ ਸਫ਼ੀਰ ਨੂੰ ਜਾ ਦਿੰਦਾ। ਇਹ ਸਕੀਮ ਵੀ ਉਸ ਨੇ ਅੰਗਰੇਜ਼ੀ ਸਫ਼ੀਰ ਨੂੰ ਜਾ ਦੱਸੀ। ਨਤੀਜਾ ਇਹ ਹੋਇਆ ਕਿ 'ਗ਼ਦਰ' ਨਾਲ ਭਰੀਆਂ ਭਾਈ ਭਗਵਾਨ ਸਿੰਘ ਦੀਆਂ ਪੇਟੀਆਂ ਲੈ ਜਾ ਰਿਹਾ ਜਹਾਜ਼ ਜਦੋਂ ਹਾਂਗਕਾਂਗ ਜਾ ਕੇ ਲੱਗਾ ਤਾਂ ਅੰਗਰੇਜ਼ੀ ਪੁਲਸ ਜਹਾਜ਼ ਤੇ ਚੜ੍ਹ ਆਈ ਤੇ ਭਾਈ ਨੂੰ ਭਾਲਣ ਲੱਗੀ। ਭਾਈ ਤਾਂ ਪੁਲਸ ਨੂੰ ਦੂਰੋਂ ਆਉਂਦਿਆਂ ਵੇਖ ਮਲਕੜੇ ਜਿਹੇ ਲਮਕਕੇ ਨਾਲ ਲੱਗੀ

---

1. 'ਨਵਾਂ ਜ਼ਮਾਨਾ' ਨਾਮ ਦੀ ਕਿਤਾਬੜੀ, ਪਰਕਾਸ਼ਤ ਯੁਗੰਤਰ ਆਸ਼ਰਮ, ('ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 31)।
2. ਹੋਮ (ਪੋਲੀਟੀਕਲ) (ੳ) ਜਨਵਰੀ 1914 ਕਾਰਵਾਈ ਨੰ. 42-43 ਤੇ (ੳ), ਅਗਸਤ 1914, ਕਾਰਵਾਈ ਨੰ. 43-44

ਬੇੜੀ ਵਿੱਚ ਜਾ ਲੱਥਾ ਤੇ ਬੇੜੀ ਵਾਲੇ ਨੂੰ ਪੈਸੇ ਦੇ ਕੇ ਲਾਗੇ ਹੀ ਜਾਪਾਨ ਨੂੰ ਤੁਰ ਪਏ ਜਹਾਜ਼ ਵਿੱਚ ਚੜ੍ਹ ਗਿਆ। ਪੁਲਸ ਨੂੰ ਭਾਈ ਤਾਂ ਹੱਥ ਨਾ ਆਇਆ ਪਰ 'ਗ਼ਦਰ' ਅਖਬਾਰ ਦੀਆਂ ਦੋ ਪੇਟੀਆਂ ਕਾਬੂ ਕਰ ਲਈਆਂ ਤੇ ਇਸ ਤਰ੍ਹਾਂ ਪੈਰਿਸ ਨੂੰ ਪਰਚੇ ਭੇਜੇ ਜਾਣ ਦਾ ਪਤਾ ਲੱਗ ਗਿਆ।[1]

ਇਸਤੋਂ ਮਗਰੋਂ ਪਾਰਟੀ ਦੇ ਨਵੇਂ ਨਵੇਂ ਅੱਡੇ ਅਖਬਾਰ ਭੇਜਣ ਦਾ ਤਲਾਸ਼ ਕੀਤੇ। ਹੋਮ ਪੋਲੀਟੀਕਲ ਬਰਾਂਚ ਦੀਆਂ ਮਿਸਲਾਂ ਦੇਖਣ ਤੋਂ ਪਤਾ ਲੱਗਦਾ ਹੈ ਕਿ ਵੱਡੀ ਜੰਗ ਦੇ ਪਹਿਲੇ ਸਾਲਾਂ ਤੱਕ ਪਾਰਟੀ ਨੇ ਇਸਫਹਾਨ, ਮਨੀਲਾ, ਹੰਕਾਉ, ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਰੰਗੂਨ, ਰੀਯੂਨੀਅਨ (ਅਰਬ ਸਾਗਰ ਵਿੱਚ ਫ਼ਰਾਂਸ ਹੇਠ ਇੱਕ ਨਿੱਕਾ ਜਿਹਾ ਟਾਪੂ), ਕੈਸਾਬਲਾਂਕਾ (ਅਫਰੀਕਾ ਦੇ ਪੱਛਮੀ ਕੰਢੇ ਤੇ) ਹਿੰਦ ਦੀ ਧਰਤੀ ਉਤੇ ਪੁਰਤਗਾਲ ਤੇ ਫਰਾਂਸ ਦੀਆਂ ਵਸਤੀਆਂ ਬਟਾਵਿਆ, ਮਡਗਾਸਕਰ, ਰੋਡੇਸ਼ੀਆ, ਮਰਾਕੋ, ਅਦਨ ਤੇ ਲੰਡਨ ਦੀਆਂ ਥਾਵਾਂ ਅਤੇ ਮੈਸੋਪੋਟਾਮੀਆ ਤੇ ਇਰਾਕ ਨੂੰ ਪਰਚੇ ਦੀ ਤਕਸੀਮ ਵਾਸਤੇ ਵਰਤਿਆ। ਹਾਲਾਂ ਕਿ ਰੂਸ ਵਿੱਚ ਜ਼ਾਰ ਦੀ ਹਕੂਮਤ ਅੰਗਰੇਜ਼ੀ ਸਾਮਰਾਜ ਦੀ ਮਿੱਤਰ ਸੀ, ਫੇਰ ਵੀ ਰੂਸ ਦੇ ਇਨਕਲਾਬੀਆਂ ਦੇ ਹੱਥੀਂ ਅਖਬਾਰ ਚੀਨ ਤੋਂ ਰੂਸ ਤੇ ਰੂਸ ਤੋਂ ਈਰਾਨ ਵੀ ਪੁਚਾਇਆ ਜਾਂਦਾ ਰਿਹਾ। ਈਰਾਨ ਤੋਂ ਸਰਹੱਦੀ ਸੂਬੇ ਤੇ ਬਲੋਚਸਤਾਨ ਨੂੰ ਆਉਂਦਾ ਰਿਹਾ। ਇਸ ਵੰਡਣ ਦੇ ਇੰਤਜ਼ਾਮ ਵਿੱਚ ਪਾਰਟੀ ਦੇ ਹਜ਼ਾਰਾਂ ਹੀ ਡਾਲਰ ਖਰਚ ਹੋ ਜਾਂਦੇ ਰਹੇ, ਪਰ ਉਹ ਇਹ ਕੁਰਬਾਨੀ ਕਰਦੀ ਰਹੀ ਤੇ ਅੰਗਰੇਜ਼ੀ ਸਾਮਰਾਜ ਨਾਲ ਪਰਚੇ ਦੀ ਵੰਡ ਦੀ ਛਿੜੀ ਹੋਈ ਲੜਾਈ ਨੂੰ ਅਖੀਰ ਤੱਕ ਲੜਦੀ ਰਹੀ।

ਜਿਉਂ ਗ਼ਦਰ ਲਹਿਰ ਵਧੀ ਤੇ ਹਿੰਦੀ ਜਨਤਾ ਵਿੱਚ ਇਨਕਲਾਬੀ ਤਾਅ ਆਇਆ, ਅਖਬਾਰ ਦੀ ਖਪਤ ਵਧਦੀ ਗਈ। ਅਖਬਾਰ ਦੇ ਉਰਦੂ ਤੇ ਪੰਜਾਬੀ ਤੋਂ ਇਲਾਵਾ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ, ਨਪਾਲੀ ਵਿੱਚ ਭੀ ਸਪੈਸ਼ਲ ਨੰਬਰ ਨਿਕਲਣ ਲੱਗ ਪਏ, ਅਖਬਾਰ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਛਾਪਿਆ ਤੇ ਵੰਡਿਆ ਜਾਣ ਲੱਗਾ, ਕਿਹਾ ਜਾਂਦਾ ਹੈ ਕਿ 1916 ਵਿੱਚ ਇਹ ਹਫਤੇ ਦਾ ਦਸ ਲੱਖ ਛਪਣ ਗਿਆ ਸੀ[2]।

ਜਦ ਪਾਰਟੀ ਅਖਬਾਰ ਨੂੰ ਹਿੰਦੁਸਤਾਨ ਵਿੱਚ ਪੁਚਾਉਣ ਦੀ ਲੜਾਈ ਲੜ ਰਹੀ ਸੀ, ਤਾਂ ਪਾਰਟੀ ਨੇ ਇੱਕ ਹੋਰ ਸਕੀਮ ਬਣਾਈ। ਜਿਸ ਨੂੰ ਭਾਈ ਕਰਤਾਰ ਸਿੰਘ ਦੁਕੀ ਆਪਣੇ ਬਿਆਨ ਵਿੱਚ ਦੱਸਦੇ ਹਨ:-

"ਭਾ. ਭਗਤ ਸਿੰਘ ਉਰਫ ਗਾਂਧਾ ਸਿੰਘ ਤੇ ਮੈਨੂੰ ਜੰਗ ਛਿੜਨ ਤੋਂ ਪਹਿਲਾਂ ਹਿੰਦੁਸਤਾਨ ਭੇਜਿਆ ਗਿਆ ਕਿ ਅਸੀਂ ਪੰਜਾਬੋਂ ਹਟਵੀਂ ਕਿਸੇ ਰਿਆਸਤ ਵਿੱਚ ਜ਼ਮੀਨ ਖਰੀਦਕੇ ਉਥੇ ਖੁਫੀਆ ਪਰੈਸ ਲਾਈਏ। ਅਖਬਾਰ ਦੇ ਮਜ਼ਮੂਨ ਸਾਨਫਰਾਂਸਿਸਕੋ ਤੋਂ ਲਿਖੇ ਜਾ ਕੇ ਇੰਗਲੈਂਡ ਇੱਕ ਕੱਪੜੇ ਦੀ ਫਾਰਮ ਪਾਸ ਜਾਇਆ ਕਰਨੇ ਸਨ। ਉਥੋਂ ਉਸ ਫਰਮ ਦੀ ਦਿੱਲੀ ਬਰਾਂਚ ਪਾਸ, ਇਥੋਂ ਅਗਾਂਹ ਕੈਲੇਫੋਰਨੀਆ ਤੋਂ ਆਉਣ ਵਾਲੀ ਇੱਕ ਰੂਸੀ ਲੜਕੀ ਮਿਸ ਰੂਜ਼ੋ ਕੂਹਰ[3] ਨੇ ਉਹ ਮਜ਼ਮੂਨ ਇਹਨਾਂ ਨੂੰ ਪੁਚਾਇਆ ਕਰਨੇ ਸਨ। ਇਹ ਮਜ਼ਮੂਨ ਪਰੈਸ ਛਾਪਕੇ ਤੇ ਅਖਬਾਰ ਸੂਟਕੇਸਾਂ ਵਿੱਚ ਬੰਦ ਕਰਕੇ

---

1. ਹੋਮ (ਪੋਲੀਟੀਕਲ), ੳ ਫਰਵਰੀ 1914 ਕਾਰਵਾਈ ਨੰਬਰ 54-58
2. 'ਕੈਲੇਫੋਰਨੀਆ ਵਿੱਚ ਇਨਕਲਾਬੀ'
3. ਭਾਈ ਭਗਵਾਨ ਸਿੰਘ, ਗ਼ਦਰ ਪਾਰਟੀ ਦੇ ਦੂਸਰੇ ਪਰਧਾਨ ਤੋਂ ਨਾਂ ਦੀ ਤਸਦੀਕ ਕੀਤੀ ਗਈ ਹੈ।

ਕਿਸੇ ਲਾਗੇ ਦੇ ਸ਼ਹਿਰ ਵਿੱਚ ਇਸ ਰੂਸੀ ਲੜਕੀ ਨੂੰ ਦਿੱਤਾ ਜਾਇਆ ਕਰਨਾ ਸੀ, ਜਿਸ ਨੇ ਇਸ ਨੂੰ ਪੰਜਾਬ ਤੇ ਹਿੰਦੁਸਤਾਨ ਵਿੱਚ ਵੰਡਾਈ ਦੇ ਸ਼ਹਿਰੀ ਅਡਿਆਂ ਉਤੇ ਪਹੁੰਚਾਇਆ ਕਰਨਾ ਸੀ। ਇੱਕ ਬੁੱਢਾ ਅੰਗਰੇਜ਼ ਸੋਸ਼ਲਿਸਟ ਤੇ ਅਮਰੀਕਨ ਮਜ਼ਦੂਰ ਲੀਡਰ ਨੇ, ਜਿਹਨਾਂ ਦੇ ਮੈਂ ਨਾਂ ਨਹੀਂ ਜਾਣਦਾ, ਸਾਡੀ ਸਹਾਇਤਾ ਲਈ ਹਿੰਦ ਆਉਣਾ ਸੀ। ਅਸੀਂ ਅਜੇ ਜਾਪਾਨ ਵਿੱਚ ਹੀ ਸਾਂ, ਕਿ ਜੰਗ ਲਗ ਪਈ। ਸਾਡੇ ਹਿੰਦ ਵਿੱਚ ਆ ਜਾਣ ਤੋਂ ਬਾਅਦ ਟਾਪੂਆਂ ਵਿੱਚੋਂ ਆਉਣ ਵਾਲਿਆਂ ਦੀ ਹਿੰਦ ਵਿੱਚ ਫੜੋ ਫੜੀ ਸ਼ੁਰੂ ਹੋ ਗਈ। ਸਾਡੇ ਜ਼ੁੰਮੇ ਲਗਾ ਇਹ ਕੰਮ ਵਿੱਚੇ ਰਹਿ ਗਿਆ।"

ਇਹ ਸੀ ਦੇਸ਼ ਵਿੱਚ ਜਾ ਕੇ ਅਖਬਾਰ ਛਾਪਣ ਤੇ ਵੰਡਣ ਦੀ ਵਿਉਂਤ, ਜੋ ਪਾਰਟੀ ਨੇ ਬਣਾਈ।

ਅਖਬਾਰ ਦੇ ਛਪਣ ਤੇ ਵਧਣ ਨਾਲ ਪਾਰਟੀ ਦੇ ਦਫਤਰ ਦਾ ਕੰਮ ਭੀ ਵੱਧ ਗਿਆ। ਪਾਰਟੀ ਦਫਤਰ ਤੇ ਅਖਬਾਰ ਦੀ ਬੇਅੰਤ ਡਾਕ ਆਉਣ ਜਾਣ ਲੱਗ ਪਈ, ਜਿਸ ਦਾ ਜਵਾਬ ਦੇਣਾ ਇੱਕ ਮਹਾਨ ਕੰਮ ਬਣ ਗਿਆ। ਹੋਰ ਆਦਮੀਆਂ ਦੀ ਲੋੜ ਪੈ ਗਈ। ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਤੇ ਸ੍ਰੀ ਖਾਨਖੋਜੀ ਆਦਿ ਤਿੰਨ ਸਾਥੀ ਹੋਰ ਆਸ਼ਰਮ ਵਿੱਚ ਆ ਗਏ। ਇਹਨਾਂ ਤੋਂ ਇਲਾਵਾ ਬਰਕਲੇ ਯੂਨੀਵਰਸਿਟੀ ਪੜ੍ਹ ਰਹੇ ਸ੍ਰੀ ਜਤਿੰਦਰ ਨਾਥ ਲਹਿਰੀ ਤੇ ਸ੍ਰੀ ਦਰਸੀ ਚੈਨਚੈਈਆ ਨਾਮੀ ਇੱਕ ਮਦਰਾਸੀ ਵਿਦਿਆਰਥੀ ਸਨਿਚਰ ਤੇ ਐਤਵਾਰ ਨੂੰ ਦਫਤਰ ਦੇ ਕੰਮਾਂ ਤੇ ਅਖਬਾਰ ਦੀ ਡਾਕ ਪਾਉਣ ਵਿੱਚ ਆ ਸਹਾਇਤਾ ਕਰਦੇ[1]।

## ਹੋਰ ਪਾਰਟੀ ਛਪਤਾਂ

ਅਖਬਾਰ ਛਾਪਣ ਤੋਂ ਇਲਾਵਾ ਯੁਗੰਤਰ ਆਸ਼ਰਮ ਨੇ ਕਈਆਂ ਘਟਨਾਵਾਂ ਤੇ ਮਸਲਿਆਂ ਉਤੇ ਖਾਸ ਕਿਤਾਬੜੀਆਂ ਛਾਪੀਆਂ। ਸਭ ਤੋਂ ਪਹਿਲਾਂ "ਫਰੰਗੀ ਦਾ ਫਰੇਬ"[2] ਉਰਦੂ, ਗੁਰਮੁਖੀ ਵਿੱਚ ਛਾਪਿਆ। ਫੇਰ ਲਾਰਡ ਹਾਰਡਿੰਗ ਉਤੇ ਬੰਬ ਸੁੱਟਣ ਵਾਲਿਆਂ ਨੂੰ ਸ਼ਾਬਾਸ਼ ਦੇਣ ਲਈ ਬੰਬ ਦੀ ਫਿਲਾਸਫੀ ਉਤੇ "ਸ਼ਾਬਾਸ਼" ਨਾਮ ਦੀ ਕਿਤਾਬੜੀ ਛਾਪੀ ਗਈ। ਕਿਤਾਬੜੀ ਤੋਂ ਲਾਲਾ ਹਰਦਿਆਲ ਦੀ ਉਸ ਵੇਲੇ ਦੀ ਵਿਚਾਰਧਾਰਾ ਪਰਗਟ ਹੁੰਦੀ ਹੈ। ਇਸ ਵਿੱਚ ਅਨਾਰਕਿਸਟੀ ਤਰੀਕੇ ਅਪਣਾਏ ਤੇ ਅੰਗਰੇਜ਼ੀ ਰਾਜ ਨੂੰ ਹਿੰਦ ਵਿੱਚੋਂ ਉਲਟ ਸੁਟਣ ਲਈ ਬੰਬ ਦੀ ਖੁਲ੍ਹੀ ਤੇ ਦਬੱਲਕੇ ਵਰਤੋਂ ਕਰਨ ਦੀ ਮਤ ਦਿੱਤੀ ਗਈ ਸੀ। ਕਿਤਾਬੜੀ ਬਾਕੂਨਿਨ, ਪਰੂਦੋਂਹ, ਰਾਜਕੁਮਾਰ ਕਿਰਪਾਟਕਿਨ ਦੀਆਂ ਲਿਖਤਾਂ ਤੇ ਹਵਾਲਿਆਂ ਨਾਲ ਭਰੀ ਪਈ ਸੀ। ਰੂਸ, ਆਇਰਲੈਂਡ, ਮੈਕਸੀਕੋ ਤੇ ਹੋਰਨਾਂ ਦੇਸ਼ਾਂ ਵਿੱਚ ਹੋ ਚੁੱਕੀਆਂ ਬੰਬਾਂ ਤੇ ਪਿਸਤੌਲਾਂ ਦੀਆਂ ਘਟਨਾਵਾਂ ਪੇਸ਼ ਕਰਕੇ ਬੰਬ ਵਰਤਣ ਨੂੰ ਆਜ਼ਾਦੀ ਲੈਣ ਲਈ ਲੜਣ ਦਾ ਸਹੀ ਰਾਹ ਦਸਿਆ ਗਿਆ ਸੀ।[3]

ਇਸ ਤੋਂ ਇਲਾਵਾ ਗ਼ਦਰ ਅਖਬਾਰ ਵਿੱਚੋਂ ਹਿੰਦੀਆਂ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਜੋਸ਼ ਤੇ ਗੁੱਸਾ ਪੈਦਾ ਕਰਨ ਤੇ ਉਹਨਾਂ ਦੀ ਕੌਮੀ ਅਣਖ ਜਗਾਉਣ ਵਾਲੀਆਂ ਕਵਿਤਾਵਾਂ ਇਕੱਠੀਆਂ ਕਰਕੇ 'ਗ਼ਦਰ ਦੀ ਗੂੰਜ' ਨਾਮ[1] ਹੇਠ ਛਪਵਾਈਆਂ ਗਈਆਂ। ਇਹ 'ਗੂੰਜਾਂ' ਬਹੁਤ ਹੀ ਪ੍ਰਸਿੱਧ

---

1. ਦਰਸੀ ਚੈਨਚੈਈਆ ਦਾ ਬਿਆਨ।
2. ਹੋਮ (ਪੋਲੀਟੀਕਲ) ਓ ਮਈ 1914, ਕਾਰਵਾਈ ਨੰ. 67-68
3. ਹੋਮ (ਪੋਲੀਟੀਕਲ) ਓ ਜੂਨ 1914, ਨੰ. 75-77

ਹੋਈਆਂ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਵੰਡੀਆਂ ਗਈਆਂ।

ਭਾਈ ਭਗਵਾਨ ਸਿੰਘ ਨੂੰ ਕੈਨੇਡਾ ਦੀ ਹਕੂਮਤ ਵਲੋਂ ਅਦਾਲਤਾਂ ਦੇ ਹੁਕਮ ਦੀ ਪਰਵਾਹ ਨਾ ਕਰਕੇ, ਬਦੋਬਦੀ ਮੋਟਰ ਵਿੱਚ ਪਾਕੇ ਜਹਾਜ਼ੇ ਚਾੜ੍ਹਨ ਤੇ ਹਾਂਗਕਾਂਗ ਨੂੰ ਭੇਜ ਦੇਣ ਦੀ ਵਾਰਤਾ ਨੂੰ 'ਜ਼ੁਲਮ! ਜ਼ੁਲਮ! ਗੋਰੇ ਸ਼ਾਹੀ ਜ਼ੁਲਮ'[2] ਦੇ ਨਾਂ ਹੇਠ ਛਾਪਿਆ ਤੇ ਵੰਡਿਆ ਗਿਆ। ਇਹਨਾਂ ਤੋਂ ਇਲਾਵਾ ਗ਼ਦਰ ਦੇ ਪਹਿਲੇ ਸਫੇ ਤੇ ਛਪਣ ਵਾਲਾ 'ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ' ਭੀ ਕਿਤਾਬੜੀ ਬਣਾਕੇ ਛਾਪਿਆ ਗਿਆ। ਇਸ ਤੋਂ ਅਗੇ 'ਤਿਲਕ ਦੀ ਰਿਹਾਈ', 'ਨਵਾਂ ਜ਼ਮਾਨਾ', 'ਪੰਜਾਬੀ ਭਰਾਵਾਂ ਦੇ ਨਾਂ ਸੁਨੇਹਾ', 'ਅੰਗਾਂ ਦੀ ਗਵਾਹੀ' ਅੰਗਰੇਜ਼ੀ ਰਾਜ ਦੀ ਲੁੱਟ ਤੇ ਜ਼ੁਲਮ ਜਬਰ ਦੇ ਅੰਕੜੇ, ਕਿਤਾਬੜੀਆਂ ਵਿੱਚ ਛਾਪੇ ਗਏ। 'ਹਿੰਦੁਸਤਾਨੀ ਸਿਪਾਹੀ' ਫੌਜੀਆਂ ਨੂੰ ਬਗਾਵਤ ਕਰਨ ਦੀ ਸੱਦ, ਜਸਟਿਸ ਫਰੈਡਰਿਕ ਮੈਕਰਨਸ ਦੀ 'ਵੀਹਵੀਂ ਸਦੀ ਵਿੱਚ ਹਿੰਦੁਸਤਾਨੀ ਪੁਲਸ ਦੇ ਤਰੀਕੇ' ਤੇ 'ਰੂਸੀ ਇਨਕਲਾਬੀਆਂ ਦੀਆਂ ਕਹਾਣੀਆਂ', ਛਾਪਕੇ ਵੰਡੀਆਂ ਗਈਆਂ।

ਗ਼ਦਰ ਅਖਬਾਰ ਤੇ ਇਹਨਾਂ ਕਿਤਾਬੜੀਆਂ ਤੋਂ ਇਲਾਵਾ ਅਮਰੀਕਾ ਵਿੱਚੋਂ ਹਿੰਦੀਆਂ ਦੀਆਂ ਘਰਾਂ ਨੂੰ ਆਈਆਂ ਚਿੱਠੀਆਂ ਘਰ ਵਾਲਿਆਂ ਤੇ ਯਾਰਾਂ ਮਿੱਤਰਾਂ ਨੂੰ ਇਨਕਲਾਬ ਲਈ ਪਰੇਰਦੀਆਂ ਸਨ। ਕੁਝ ਵੰਨਗੀਆਂ ਇਹ ਹਨ:-

1. "ਸ਼ਾਹੂਕਾਰ, ਸਰਦਾਰ, ਅਫ਼ਸਰ ਤੇ ਜਟ (ਧਨੀ ਜ਼ਿਮੀਦਾਰ) ਆਖਦੇ ਹਨ, ਕਿ ਅੰਗਰੇਜ਼ਾਂ ਵਰਗਾ ਚੰਗਾ ਰਾਜ ਕਿਤੇ ਨਹੀਂ ਲੱਭਣਾ। ਫਰੰਗੀਆਂ ਉਤੇ ਅਜਿਹਾ ਮਾਣ ਕਰਨਾ ਸਾਨੂੰ ਖਾਰੇ ਸਮੁੰਦਰ ਵਿੱਚ ਨਿਘਾਰ ਦੇਵੇਗਾ।'

2. "ਅਮਰੀਕਾ ਤੇ ਕੈਨੇਡਾ ਵਿੱਚ ਗ਼ਦਰ ਦੀਆਂ ਤਿਆਰੀਆਂ ਹੋ ਰਹੀਆਂ ਹਨ। ਤੁਹਾਨੂੰ ਭੀ ਬਦਮਾਸ਼ ਗੋਰਿਆਂ ਨੂੰ ਦੇਸੋਂ ਬਾਹਰ ਕੱਢਣ ਦੇ ਯਤਨ ਕਰਨੇ ਚਾਹੀਦੇ ਹਨ ਤੇ ਖੁਫੀਆ ਕੰਮ ਕਰਨ ਲੱਗ ਪੈਣਾ ਚਾਹੀਦਾ ਹੈ।"

ਇੱਕ ਗ਼ਦਰੀ ਨੇ ਆਪਣੀ ਵਹੁਟੀ ਦੇ ਨਾਂ ਚਿੱਠੀ ਲਿਖੀ-

3. "ਸਾਨੂੰ ਏਥੇ ਆਸ ਹੈ, ਕਿ ਅੰਗਰੇਜ਼ਾਂ ਨਾਲ ਜੰਗ ਲਗ ਪੈਣੀ ਹੈ ਤੇ ਛੇਤੀ ਹੀ ਗ਼ਦਰ ਹੋ ਜਾਣਾ ਹੈ.....ਅਸੀਂ ਆਪਣੇ ਹੱਥਾਂ ਵਿੱਚ ਤਲਵਾਰ ਬੰਦੂਕ ਲੈ ਕੇ ਅਗੇ ਵਧਾਂਗੇ, ਮਾਰਾਂਗੇ ਤੇ ਮਰਾਂਗੇ, ਡੋਲਣ ਦੀ ਲੋੜ ਨਹੀਂ, ਤੇਰੇ ਸੁਖ ਦੇ ਦਿਨ ਨੇੜੇ ਆ ਰਹੇ ਹਨ।"[3]

ਹਿੰਦੀਆਂ ਦੀ ਇਸ ਮਿਹਨਤੀ ਤੇ ਮਜ਼ਦੂਰ ਜ਼ਿੰਦਗੀ ਵਿੱਚੋਂ ਪਾਰਟੀ ਨੂੰ ਇਕ ਹੋਰ ਸਿਫ਼ਤ ਵਿਰਸੇ ਵਿੱਚ ਮਿਲੀ। ਉਹ ਸੀ ਇਸ ਦਾ ਇਨਕਲਾਬੀ ਖਾਸਾ। ਪਾਰਟੀ ਦਾ ਇਹ ਖਾਸਾ ਉਸ ਵੇਲੇ ਅਥਾਹ ਦੇਸ਼ ਭਗਤੀ ਦੀ ਉਸ ਲਾਟ ਤੋਂ ਪੈਦਾ ਹੋਇਆ ਜੋ ਆਪਣੀ ਕੌਮੀ ਹੀਣਤਾ ਤੇ ਗੁਲਾਮੀ ਦੀ ਦਸ਼ਾ ਦੇ ਇਤਿਹਾਸ ਤੋਂ ਪੈਦਾ ਹੋਕੇ ਇਹਨਾਂ ਮਜ਼ਦੂਰੀਆਂ ਕਰ ਰਹੇ ਹਿੰਦੀਆਂ ਦੇ ਦਿਲਾਂ ਵਿੱਚ ਬਲ ਪਈ ਸੀ। ਇਸ ਗੁਲਾਮੀ ਨੇ ਗੋਰੀ (ਸਾਮਰਾਜੀ) ਦੁਨੀਆਂ ਵਿੱਚ ਜੋ ਉਹਨਾਂ ਦੀ ਸਮਾਜਕ ਤੇ ਸਿਆਸੀ ਦੁਰਦਸ਼ਾ ਕਰਵਾਈ, ਉਸ ਵਿੱਚੋਂ ਇਨਕਲਾਬ ਦੀ ਇੱਛਾ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਪੈਦਾ ਹੋ ਸਕਦਾ।

---

2. ਹੋਮ (ਪੋਲੀਟੀਕਲ) ਓ. ਜੂਨ 1914 ਕਾਰਵਾਈ ਨੰ. 110-11
3. ਹੋਮ (ਪੋਲੀਟੀਕਲ) ਓ. ਸਤੰਬਰ 1914, 558-59
1. 'ਗ਼ਦਰ ਸਾਜ਼ਸ਼ ਦੀ ਵਿਥਿਆ', ਸਫ਼ਾ 19-21

ਇਸ ਕੌਮੀ ਹੀਣਤਾ ਦਾ ਕਾਰਨ ਕੇਵਲ ਮਜ਼ਦੂਰ ਈਰਖਾ ਹੀ ਨਹੀਂ ਸੀ। ਹੋਰ ਕਈ ਸਮਾਜੀ ਤੇ ਸਿਆਸੀ ਵਿਤਕਰੇ ਵੀ ਸਨ, ਜੋ ਸਾਮਰਾਜੀ ਗੁਲਾਮ ਦੇਸ਼ਾਂ ਦੇ ਲੋਕਾਂ ਨਾਲ ਵਰਤਦੇ ਸਨ। ਬਹੁਤ ਸਾਰੇ ਉਪਰਲੇ ਅਮਰੀਕੀ ਹਲਕਿਆਂ ਵਿੱਚ ਹਿੰਦੀਆਂ ਵਿਰੁੱਧ ਗੋਰੇ ਕਾਲੇ ਦਾ ਨਸਲੀ ਨਿਰਨਾ ਵੀ ਕੰਮ ਕਰਦਾ ਸੀ। ਚੰਗੇ ਹੋਟਲਾਂ ਦੇ ਬੂਹਿਆਂ ਅੱਗੇ ਲਿਖਿਆ ਹੁੰਦਾ ਸੀ "ਕੁੱਤੇ ਤੇ ਹਿੰਦੁਸਤਾਨੀ ਅੰਦਰ ਨਹੀਂ ਜਾ ਸਕਦੇ"। ਕਲੱਬਾਂ ਵਿੱਚ ਜਾਣ ਜਾਂ ਮੈਂਬਰ ਬਨਣ ਉੱਤੇ ਵੀ ਇਹੀ ਗੋਰੇ ਦੀ ਪਰਾਧਨਤਾ ਠੋਸੀ ਹੋਈ ਸੀ। ਹਿੰਦੀਆਂ ਦੇ ਰਹਿਣ ਸਹਿਣ ਤੇ ਫਿਰਨ ਤੁਰਨ ਦੇ ਭੀ ਮਖੌਲ ਉਡਾਏ ਜਾਂਦੇ ਤੇ ਉਹਨਾਂ ਵਲ ਨਕ ਚਾੜ੍ਹ ਰਵਈਆ ਧਾਰਨ ਕੀਤਾ ਜਾਂਦਾ ਸੀ।

ਇਸ ਤੋਂ ਇਲਾਵਾ ਇੱਕ ਚੀਜ਼ ਹੋਰ ਕੰਮ ਕਰ ਰਹੀ ਸੀ, ਉਹ ਸੀ ਅਮਰੀਕੀ ਸਾਮਰਾਜੀਆਂ ਦਾ ਅੰਗਰੇਜ਼ ਸਾਮਰਾਜੀਆਂ ਨਾਲ ਸ਼ਰੀਕਾ। ਅੰਗਰੇਜ਼ੀ ਸਾਮਰਾਜ ਨਾਲ ਵਪਾਰਕ ਖਾਰ ਤੋਂ ਪੈਦਾ ਹੋਏ ਅਮਰੀਕਨ ਗੋਰਿਆਂ ਦੇ ਖਿਆਲ ਹਿੰਦੀਆਂ ਦੀ ਆਜ਼ਾਦੀ ਦੀ ਲਹਿਰ ਨੂੰ ਉਕਸਾਉਣ ਜਾਂ ਅੱਗੇ ਹੋਕੇ ਤੋਰਨ ਦੇ ਨਹੀਂ ਬਣੇ, ਉਹ ਬਾਹਲੇ ਹਿੰਦੀਆਂ ਨੂੰ ਤਾਅਨੇ ਮਿਹਣੇ ਦੇਣ ਤੱਕ ਹੀ ਮਹਿਦੂਦ ਰਹੇ। ਉਹਨਾਂ ਦੇ ਹਿੰਦੀਆਂ ਨੂੰ ਦੋ ਵੱਡੇ ਤਾਅਨੇ ਸਨ।

ਇੱਕ ਇਹ:–

"ਤੁਹਾਡੀ ਵਸੋਂ ਕਿੰਨੀ ਹੈ?" ਜਵਾਬ, "ਤੇਤੀ ਕਰੋੜ।"

"ਅੰਗਰੇਜ਼ਾਂ ਦੀ?" ਜਵਾਬ, "ਕੋਈ ਤਿੰਨ ਕਰੋੜ।"

"ਹਿੰਦੁਸਤਾਨ ਵਿੱਚ ਅੰਗਰੇਜ਼ ਕਿੰਨੇ ਹਨ?" ਜਵਾਬ, "ਚਾਰ ਪੰਜ ਲੱਖ।"

ਫੇਰ ਫਿਟ ਲਾਹਨਤ ਪੈਣ ਲੱਗ ਜਾਂਦੀ।

ਦੂਸਰਾ ਸੀ:–

"ਤੁਹਾਡਾ ਝੰਡਾ ਕਿਹੜਾ ਹੈ?"

ਹਿੰਦੀ ਯੂਨੀਅਨ ਜੈਕ ਵੱਲ ਇਸ਼ਾਰਾ ਕਰਦੇ।

"ਇਹ ਤਾਂ ਅੰਗਰੇਜ਼ਾਂ ਦਾ ਹੈ।"

ਹਿੰਦੀ ਠਿਠ ਹੋਕੇ ਨਿਮੋਝੂਣੇ ਹੋ ਜਾਂਦੇ।

ਇਹ ਦੋ ਤਾਅਨੇ[1] ਹਿੰਦੀ ਹੀਣਤਾ ਦੀ ਅਤ ਹੁੰਦੇ ਸਨ, ਫੇਰ ਜਦ 'ਗ਼ਦਰ ਗੂੰਜ' ਪੁਕਾਰਦੀ ਸੀ ਕਿ–

"ਦੇਸ ਪੈਣ ਧਕੇ ਬਾਹਰ ਮਿਲੇ ਢੋਈ ਨਾ।
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।"

ਤਾਂ ਦਿਲਾਂ ਵਿੱਚ ਕਾਂਤੀਆਂ ਵੱਜਣ ਲੱਗ ਜਾਂਦੀਆਂ ਸਨ ਤੇ ਕੋਈ ਮੁਰਦਾ ਰੂਹ ਹੀ ਹੋਊ, ਜੋ ਇਹਨਾਂ ਤਾਅਨਿਆਂ ਤੋਂ ਤੜਫ ਨ ਉਠਦੀ ਤੇ ਇਹ ਪੁਕਾਰ ਸੁਣਕੇ ਗ਼ਦਰ ਲਹਿਰ ਵਿੱਚ ਸ਼ਾਮਲ ਨਾ ਹੁੰਦੀ ਹੋਊ। ਇਹਨਾਂ ਚੋਭਾਂ ਨਾਲ ਹਿੰਦੀਆਂ ਦੀ ਟੁੰਬੀ ਹੋਈ ਅਣਖ ਤੇ ਇਸ ਵੰਗਾਰ ਨਾਲ ਜਗਾਈ ਗਈ ਸੂਰਮਗਤੀ ਅੰਗਰੇਜ਼ੀ ਸਾਮਰਾਜ ਨਾਲ ਮਾਰਨ ਮਰਨ ਦੀ ਟਕਰ ਲੈਣ ਵਲਤੁਰ ਪਈ।

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਕੇਸਰ ਸਿੰਘ ਠੱਠਗੜ੍ਹ ਦੇ ਬਿਆਨ।

ਇਸ ਪਾਰਟੀ ਦੇ ਇਨਕਲਾਬੀ ਖਾਸੇ ਦੀ ਦੂਸਰੀ ਵਜ੍ਹਾ ਇਸ ਦੇ ਬਾਨੀਆਂ ਤੇ ਕਾਮਿਆਂ ਦਾ ਜਮਾਤੀ ਕਰਦਾਰ ਸੀ। ਇਸ ਪਾਰਟੀ ਨੂੰ ਪਹਿਲੋਂ ਬੰਨ੍ਹਣ ਤੇ ਇਸ ਵਿੱਚ ਸ਼ਾਮਲ ਹੋਣ ਵਾਲੇ ਅਮਰੀਕਾ ਤੇ ਕੈਨੇਡਾ ਦੇ ਹਿੰਦੀ ਕੋਈ ਸਰਮਾਏਦਾਰ ਜਾਂ ਵੱਡੇ ਜ਼ਿਮੀਦਾਰ ਨਹੀਂ ਸਨ। ਇਸ ਪਾਰਟੀ ਦੇ ਬਾਨੀ, ਮੈਂਬਰ ਤੇ ਸਹਾਇਕ ਆਪ ਹਥੀਂ ਕੰਮ ਕਰਨਾ ਜਾਣਦੇ ਤੇ ਕਰਦੇ ਸਨ। ਪਾਰਟੀ ਵਿੱਚ ਵੀ ਸਭ ਕੰਮ ਹਥੋ ਹਥੀ ਹੁੰਦਾ ਸੀ। ਉਹਨਾਂ ਦੀ ਪਾਰਟੀ ਦੇ ਮਾਇਕ ਸੋਮੇ ਵੱਡੇ ਮੋਟੇ ਸਰਮਾਏਦਾਰ, ਰਾਜੇ ਜਾਂ ਕੋਈ ਗੈਰ ਮੁਲਕੀ ਹਕੂਮਤ ਨਹੀਂ ਸਨ, ਸਗੋਂ ਆਪਣੀ ਪਾਰਟੀ ਦੇ ਲੀਡਰ ਤੇ ਕਾਮੇ ਉਹ ਆਪ ਹੀ ਸਨ ਤੇ ਪਾਰਟੀ ਦੇ ਖਰਚ ਭੀ ਆਪ ਹੀ ਆਪਣੀਆਂ ਕਮਾਈਆਂ ਵਿੱਚੋਂ ਇਕੱਤਰ ਕਰਕੇ ਪੂਰੇ ਕਰਦੇ ਸਨ। ਇਸ ਤਰ੍ਹਾਂ ਪਾਰਟੀ ਦੇ ਕੰਮ ਨੂੰ ਆਪਣੇ ਹਥੀਂ ਤੋਰਨ ਤੇ ਇਸਦੇ ਖਰਚ ਆਪਣੀਆਂ ਕਮਾਈਆਂ ਨਾਲ ਆਪ ਹੀ ਪੂਰੇ ਕਰਨ ਨਾਲ ਇਹਨਾਂ ਹਿੰਦੀਆਂ ਅੰਦਰ ਕੰਮ ਦੀ ਅਥਾਹ ਇਨਕਲਾਬੀ ਲਗਨ ਤੇ ਦਰਿੜ੍ਹਤਾ ਪੈਦਾ ਹੋਈ ਤੇ ਉਹਨਾਂ ਦਾ ਆਪਣੇ ਏਕੇ ਦੀ ਤਾਕਤ ਤੇ ਇਸ ਦੀ ਸਫਲਤਾ ਉਤੇ ਪੱਕਾ ਤੇ ਅਟੁਟ ਯਕੀਨ ਬੱਝ ਗਿਆ। ਇਸ ਲਈ ਇਹ, ਭਾਵੇਂ ਲੋਕਾਂ ਦੀਆਂ ਨਜ਼ਰਾਂ ਵਿੱਚ ਅਨਪੜ੍ਹ ਤੇ ਮਾਮੂਲੀ ਮਜ਼ਦੂਰ ਸਨ, ਪਰ ਆਪਣੇ ਬਾਹੂ-ਬਲ ਵਿੱਚ ਦਰਿੜ੍ਹ ਵਿਸ਼ਵਾਸ਼ ਰੱਖਦੇ ਹੋਏ ਉਹ ਆਪਣੀ ਪਾਰਟੀ ਦੇ ਮਹਾਨ ਇਨਕਲਾਬੀ ਕੰਮ ਨੂੰ ਤਨੋ ਮਨੋ ਹੋ ਕੇ ਨੇਪਰੇ ਚਾੜ੍ਹ ਰਹੇ ਸਨ।

ਜਿੱਥੇ ਲਾਲਾ ਹਰਦਿਆਲ ਨੇ ਪਰੈੱਸ ਤੇ ਦਫਤਰ ਦਾ ਕੰਮ ਚਲਾਇਆ, ਉਥੇ ਪਰਧਾਨ ਤੇ ਉਸ ਦੇ ਸਾਥੀਆਂ ਨੇ ਹਿੰਦੀ ਅੱਡਿਆਂ ਉਤੇ ਜਾ ਕੇ ਉਹਨਾਂ ਦੀਆਂ ਮੀਟਿੰਗਾਂ ਲਾਈਆਂ ਤੇ ਉਹਨਾਂ ਨੂੰ ਪਾਰਟੀ ਦੇ ਪ੍ਰੋਗਰਾਮ ਦੀ ਸੂਝ ਦੇਕੇ ਪਾਰਟੀ ਦੇ ਮੈਂਬਰ ਤੇ ਹਮਦਰਦ ਬਣਾਇਆ। ਪਹਿਲਾਂ ਪਰਧਾਨ ਭਾਈ ਸੋਹਣ ਸਿੰਘ ਭਕਨਾ ਸ੍ਰੀ ਭਗਤ ਸਿੰਘ ਕਚਰਭੰਨ ਤੇ ਭਾਈ ਕਰਤਾਰ ਸਿੰਘ ਦੁਕੀ ਨੂੰ ਨਾਲ ਲੈ ਕੇ ਕੈਲੇਫੋਰਨੀਆ ਦੇ ਹਿੰਦੀ ਅੱਡਿਆਂ ਉੱਤੇ ਘੁੰਮੇ। ਪਰਧਾਨ ਤੇ ਉਸ ਦੇ ਸਾਥੀਆਂ ਨੇ ਪੰਜਾਂ ਮਹੀਨਿਆਂ ਦੇ ਅੰਦਰ ਅੰਦਰ ਹੀ ਕੈਲੇਫੋਰਨੀਆ ਦੇ ਸਾਰੇ ਹਿੰਦੀ ਅੱਡਿਆਂ ਵਿੱਚ ਪਾਰਟੀ ਕਾਇਮ ਕਰ ਲਈ। ਕਈ ਵਾਲੰਟੀਅਰ ਸਾਰਾ ਵਕਤ ਤੇ ਜਾਨ ਦੇਣ ਲਈ ਤਿਆਰ ਹੋ ਗਏ।

ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਬਾਅਦ ਪਰਧਾਨ ਦਫਤਰ ਵਿੱਚ ਕੰਮ ਦੀ ਨਿਗਰਾਨੀ ਵਾਸਤੇ ਆਪ ਬਹਿ ਗਏ ਤੇ ਗਾਂਧਾ ਸਿੰਘ ਨਾਲ ਭਾਈ ਕਰਮ ਸਿੰਘ ਚੀਮਾ ਮਿਲਕੇ ਪਾਰਟੀ ਦੀ ਜਥੇਬੰਦੀ ਤੇ ਫੰਡ ਦੀ ਉਗਰਾਹੀ ਲਈ ਫਿਰਨ ਲੱਗ ਪਏ। ਉਹ ਹਿੰਦੀਆਂ ਨੂੰ ਗ਼ਦਰ ਪਾਰਟੀ ਵਿੱਚ ਪਰੋਂਦੇ ਤੇ ਇਸਦੀਆਂ ਸ਼ਾਖਾਂ ਜਥੇਬੰਦ ਕਰਦੇ। ਕਈ ਵੱਡਿਆਂ ਜਲਸਿਆਂ ਵਿੱਚ ਲਾਲਾ ਹਰਦਿਆਲ ਵੀ ਸ਼ਾਮਲ ਹੁੰਦੇ। ਲਾਲਾ ਜੀ ਬਹੁਤ ਵਧੀਆ ਸਪੀਕਰ ਸਨ। ਲਾਲਾ ਜੀ ਦੀਆਂ ਤਕਰੀਰਾਂ ਦਾ ਹਿੰਦੀਆਂ ਉੱਤੇ ਬੜਾ ਅਸਰ ਪੈਂਦਾ ਸੀ। ਮੀਟਿੰਗਾਂ ਵਿੱਚ ਤਕਰੀਰਾਂ ਕਰਕੇ ਫਿਲੜਾਂ ਵਿੱਚ ਉਦਮ ਭਰਦੇ।

ਲਾਲਾ ਹਰਦਿਆਲ ਦੀ ਰਾਏ ਸੀ ਕਿ ਅਜੇ ਝੰਡਾ ਨਹੀਂ ਬਨਾਉਣਾ ਚਾਹੀਦਾ। ਇਸ ਲਈ ਗ਼ਦਰ ਪਾਰਟੀ ਅਮਰੀਕਾ ਵਿੱਚ ਰਹਿੰਦਿਆਂ ਆਪਣਾ ਕੋਈ ਝੰਡਾ ਨਾ ਬਣਾ ਸਕੀ। 27 ਜਨਵਰੀ, 1914 ਦੇ ਗ਼ਦਰ ਦੇ 7 ਨੰਬਰ ਪਰਚੇ ਵਿੱਚ ਤੀਜੇ ਸਫੇ ਉੱਤੇ ਝੰਡੇ ਬਾਰੇ ਲਿਖਿਆ ਗਿਆ ਹੈ ਕਿ-

"ਅਜੇ ਝੰਡੇ ਦੀ ਕੋਈ ਲੋੜ ਨਹੀਂ। ਝੰਡੇ ਹਮੇਸ਼ਾ ਲੜਾਈਆਂ ਵਿੱਚ ਚੁਕੀਦੇ ਹਨ,

ਜਦੋਂ ਅਸੀਂ ਅੰਗਰੇਜ਼ੀ ਰਾਜ ਵਿਰੁੱਧ ਜੰਗ ਸ਼ੁਰੂ ਕਰਾਂਗੇ, ਝੰਡਾ ਬਣਾ ਲਵਾਂਗੇ।"

ਇਸ ਲਈ ਪਾਰਟੀ ਨੇ ਕੋਈ ਝੰਡਾ ਨਾ ਬਣਾਇਆ, ਪਰ ਪਾਰਟੀ ਨੇ ਆਪਣਾ ਕੌਮੀ ਜੈਕਾਰਾ ਤੇ ਪਾਰਟੀ ਨਿਸ਼ਾਨ ਜ਼ਰੂਰ ਬਣਾ ਲਿਆ। "ਬੰਦੇ ਮਾਤਰਮ" ਨੂੰ ਕੌਮੀ ਜੈਕਾਰਾ ਬਣਾਇਆ। ਇਸ ਨੂੰ ਜਲਸਿਆਂ ਵਿੱਚ ਲਾਇਆ ਜਾਂਦਾ, 'ਗ਼ਦਰ' ਅਖਬਾਰ ਤੇ ਪਾਰਟੀ ਲਿਖਤਾਂ ਵਿੱਚ ਸਭ ਤੋਂ ਉੱਤੇ 'ਬੰਦੇ ਮਾਤਰਮ' ਲਿਖਿਆ ਹੁੰਦਾ। ਗ਼ਦਰੀ ਲੋਕ ਆਪਸ ਵਿੱਚ ਮਿਲਣ ਲਗਿਆਂ ਵੀ ਇੱਕ ਦੂਸਰੇ ਨੂੰ 'ਬੰਦੇ ਮਾਤਰਮ' ਬੁਲਾਉਂਦੇ।

ਹਿੰਦੁਸਤਾਨ ਦੇ ਨਕਸ਼ੇ ਉਤੇ ਭਾਰਤ ਮਾਤਾ ਹਥ ਵਿੱਚ ਤਲਵਾਰ ਫੜੀ ਖਲੋਤੀ ਪਾਰਟੀ ਦਾ ਨਿਸ਼ਾਨ ਸੀ। ਜੋ ਪਾਰਟੀ ਛਪਤਾਂ ਤੇ 'ਗ਼ਦਰ' ਅਖ਼ਬਾਰ ਦੇ ਪਹਿਲੇ ਸਫੇ ਉਤੇ ਛਪਿਆ ਹੁੰਦਾ।

ਲਹਿਰ ਦਾ ਇਹ ਉਠਾ ਤੇ ਪਾਰਟੀ ਦਾ ਕੰਮ ਅੰਗਰੇਜ਼ੀ ਸਾਮਰਾਜ ਨੂੰ ਬਹੁਤ ਜਿੱਚ ਕਰਨ ਲੱਗਾ। ਅੰਗਰੇਜ਼ੀ ਰਾਜ ਨੇ ਇਸ ਲਹਿਰ ਨੂੰ ਮਲੀਆ ਮੇਟ ਕਰਨ ਦਾ ਮਤਾ ਪਕਾ ਲਿਆ। ਅੰਦਰੋਂ ਖ਼ਬਰਾਂ ਲੈਣ, ਫੁੱਟ ਪਾਉਣ ਤੇ ਲਹਿਰ ਨੂੰ ਕੁਰਾਹੇ ਘੱਤਣ ਲਈ ਜਾਸੂਸ ਛੱਡੇ। ਅਮਰੀਕਨ ਸਰਕਾਰ ਨਾਲ ਸਫਾਰਤੀ ਭਰਮਾਅ ਤੇ ਦਬਾ ਦੇਣ ਦੇ ਜਤਨ ਕੀਤੇ। ਇਸ ਕੰਮ ਲਈ ਅੰਗਰੇਜ਼ੀ ਰਾਜ ਦੇ ਵੱਡੇ ਜਾਸੂਸ ਹਾਪਕਿਨਸਨ ਨੇ ਬੜਾ ਚਾਰਾ ਕੀਤਾ। ਉਸ ਨੇ ਸਾਨਫਰਾਂਸਿਸਕੋ ਤੋਂ ਸਵਾਮੀ ਤਰੈਗੁਣ ਅਤੀਤ ਤੇ ਬਰਕਲੇ ਵਿੱਚੋਂ ਇੱਕ ਮਦਰਾਸੀ ਵਿਦਿਆਰਥੀ ਹੈਨਰੀ ਐਡਵਰਡ ਪਾਂਡੀਅਨ[1] ਤੋਂ ਜੋ ਭਾਈ ਜਵਾਲਾ ਸਿੰਘ ਦੀ ਵਿਦਿਆਰਥੀ ਮੰਗਵਾਉਣ ਦੀ ਸਕੀਮ ਵਿੱਚ ਪੋਰੋਫੈਸਰ ਪੋਪ ਦੇ ਵਜ਼ੀਫੇ ਉਤੇ ਆਇਆ ਹੋਇਆ ਸੀ, ਖਬਰਾਂ ਲੈਣੀਆਂ ਸ਼ੁਰੂ ਕੀਤੀਆਂ ਤੇ ਇਸੇ ਤਰ੍ਹਾਂ ਸਾਨਫਰਾਂਸਿਸਕੋ ਦੇ ਕੌਂਸਲ ਨੇ ਇੱਕ ਹਿੰਦੀ ਸਲੋਤਰੀ ਡਾਕਟਰ ਬਿਸ਼ਨ ਸਿੰਘ ਨੂੰ ਆਪਣੇ ਨਾਲ ਗੰਢ ਲਿਆ।[2] ਪਰ 'ਗ਼ਦਰ' ਪਾਰਟੀ ਦੇ ਮੈਂਬਰਾਂ ਵਿੱਚ ਦੇਸ਼ ਭਗਤੀ ਇੱਕ ਧਰਮ ਜਿਹਾ ਬਣ ਗਈ ਸੀ। ਉਹਨਾਂ ਦਾ ਆਪਸ ਵਿੱਚ ਤੇ ਪਾਰਟੀ ਵਿੱਚ ਅਤੀ ਹੀ ਟੁੱਟ ਵਿਸ਼ਵਾਸ਼ ਸੀ।[3] ਜਿਸ ਕਰਕੇ ਪਾਰਟੀ ਵਿੱਚ ਏਕੇ ਦਾ ਐਨਾ ਇਨਕਲਾਬੀ ਸਿਰੜ ਆ ਚੁੱਕਾ ਸੀ ਕਿ ਗ਼ਦਰ ਵਾਸਤੇ ਅਮਰੀਕਾ ਤੋਂ ਤੁਰ ਪੈਣ ਤੋਂ ਪਹਿਲਾਂ ਪਹਿਲਾਂ ਅੰਗਰੇਜ਼ੀ ਰਾਜ ਪਾਰਟੀ ਮੈਂਬਰਾਂ ਵਿੱਚੋਂ ਕਿਸੇ ਨੂੰ ਆਪਣਾ ਜਸੂਸ ਨਾ ਬਣਾ ਸਕਿਆ। ਤਰੈਗੁਣ ਅਤੀਤ, ਪਾਂਡੀਅਨ ਤੇ ਬਿਸ਼ਨ ਸਿੰਘ ਪਾਰਟੀ ਤੋਂ ਬਾਹਰ ਸਨ। ਇਹ ਹਿੰਦੀਆਂ ਦੀ ਅੰਗਰੇਜ਼ਾਂ ਵਿਰੁੱਧ ਆਮ ਭੜਕਾਹਟ ਤੋਂ ਸਿਵਾ ਪਾਰਟੀ ਦੀਆਂ ਕੋਈ ਖਬਰਾਂ ਦੁਸ਼ਮਣ ਨੂੰ ਪੁਚਾਉਣ ਜੋਗੇ ਨਹੀਂ ਸਨ। ਇਸ ਦਾ ਸਬੂਤ ਇਹ ਹੈ ਕਿ ਜਦ ਹਾਪਕਿਨਸਨ ਦੀਆਂ ਅਮਰੀਕਨ "ਹਿੰਦੀਆਂ ਵਿੱਚ ਪੈਦਾ ਹੋ ਚੁੱਕੀਆਂ ਭੜਕਾਊ ਜੁੰਡੀਆਂ" ਦੀਆਂ ਰਪੋਰਟਾਂ ਲੰਡਨ ਗਈਆਂ ਤਾਂ ਪਰਦੇਸੀ ਮਹਿਕਮੇ ਦੇ ਪੁੱਛਣ ਉਤੇ ਸਾਨਫਰਾਂਸਿਸਕੋ ਦੇ ਕੌਂਸਲ ਜਨਰਲ ਨੇ ਲਿਖਿਆ–

"ਇਹ ਗੱਲ ਵਾਧੂ ਹੈ, ਉਹ ਤਾਂ ਐਨੇ ਭੋਲੇ ਤੇ ਆਪਣੇ ਕੰਮਾਂ ਵਿੱਚ ਮਸਤ ਹਨ ਕਿ ਅਜਿਹੀਆਂ ਗੱਲਾਂ ਸੋਚ ਹੀ ਨਹੀਂ ਸਕਦੇ। ਹਾਂ! ਯੂਨੀਵਰਸਿਟੀ ਵਿੱਚ ਕੁਝ ਪੜ੍ਹੇ ਲਿਖੇ ਬੰਦੇ ਹਨ। ਪਰ ਉਹ ਐਨੇ ਥੋੜੇ ਤੇ ਹਥੋਂ ਸਖਣੇ ਹਨ ਕਿ ਕਖ ਨਹੀਂ ਕਰ ਸਕਦੇ। ਇਸ ਵਿੱਚ ਕੋਈ ਸ਼ੱਕ ਨਹੀਂ

---

1. ਹੋਮ (ਪੋਲੀਟੀਕਲ) (ਅ) ਮਾਰਚ 1915, ਕਾਰਵਾਈ ਨੰ. 421–24 ਤੇ ਦਰਸੀ ਚੈਨਚੈਈਆ ਦਾ ਬਿਆਨ।
2. ਬਾਬਾ ਹਰਨਾਮ ਸਿੰਘ ਟੁੰਡੀਲਾਟ।
3. "ਕੈਲੇਫੋਰਨੀਆ ਵਿੱਚ ਅਨ–ਅਮਰੀਕਨ ਸਰਗਰਮੀਆਂ" ਸਫਾ 214

ਕਿ ਉਹ ਗੱਲਾਂ ਬਹੁਤ ਕਰਦੇ ਹਨ ਤੇ ਬੜੀਆਂ ਉਚੀਆਂ ਹਵਾਵਾਂ ਵਿੱਚ ਹਨ, ਪਰ ਉਹਨਾਂ ਦੇ ਮਗਰ ਕੋਈ ਨਹੀਂ ਲਗਦਾ।[1]

## ਲਾਲਾ ਹਰਦਿਆਲ ਨੂੰ ਦੇਸ਼ ਨਿਕਾਲਾ

ਅੰਗਰੇਜ਼ੀ ਸਾਮਰਾਜੀ ਹਕੂਮਤ ਸਮਝਦੀ ਸੀ ਕਿ ਗ਼ਦਰ ਲਹਿਰ ਦੇ ਲੋਕ ਸਭ ਭੋਲੇ ਤੇ ਮੂਰਖ ਹਨ, ਲਾਲਾ ਹਰਦਿਆਲ ਹੀ ਸਿਆਣਾ ਤੇ ਸਭ ਕੁਝ ਹੈ, ਜੇ ਇਸ ਨੂੰ ਬਿਲੇ ਲਾ ਦਿੱਤਾ ਜਾਏ ਤਾਂ ਲਹਿਰ ਲੀਡਰ ਤੋਂ ਬਿਨਾਂ ਆਪੇ ਹੀ ਢਿੱਲੀ ਪੈ ਕੇ ਮਰ ਜਾਏਗੀ। ਇਸ ਸਾਮਰਾਜੀ ਸੋਚ ਅਨੁਸਾਰ ਹਾਪਕਿਨਸਨ ਨੇ ਲੰਡਨ ਦੇ ਬਦੇਸ਼ੀ ਮਹਿਕਮੇ ਰਾਹੀਂ ਹਿੰਦ ਸਰਕਾਰ ਨੂੰ ਲਿਖਿਆ ਕਿ ਜੇ ਲਾਲਾ ਹਰਦਿਆਲ ਦੇ ਖਿਲਾਫ ਕੋਈ ਵਾਰੰਟ ਦੇ ਦਿਉ ਤਾਂ ਉਸ ਨੂੰ ਧੋਖਾ ਦੇ ਕੇ ਕੈਨੇਡਾ ਮੰਗਵਾਇਆ ਜਾ ਸਕਦਾ ਹੈ, ਜਿਥੋਂ ਉਸ ਨੂੰ ਗਰਿਫਤਾਰ ਕਰ ਲਿਆ ਜਾਏ। ਹਿੰਦ ਸਰਕਾਰ ਨੇ ਮਿਸਲਾਂ ਫੋਲ ਫਾਲਕੇ ਲਿਖਿਆ ਕਿ ਲਾਲਾ ਜੀ ਦੇ ਖਿਲਾਫ ਹਿੰਦੁਸਤਾਨ ਵਿੱਚ ਅਜਿਹੀ ਕੋਈ ਚੀਜ਼ ਨਹੀਂ ਮਿਲੀ, ਜਿਸ ਦੀ ਬਿਨਾਂ ਉਤੇ ਉਸ ਦੇ ਵਾਰੰਟ ਕੱਢੇ ਜਾਣ। ਇਹ ਜਵਾਬ ਆਉਣ ਉੱਤੇ ਕੈਨੇਡਾ ਸਰਕਾਰ ਨੇ ਹਾਪਕਿਨਸਨ ਦੀ ਧੋਖੇ ਨਾਲ ਸੱਦਕੇ ਲਾਲਾ ਜੀ ਨੂੰ ਗਰਿਫਤਾਰ ਕਰਨ ਦੀ ਚਾਲ ਨਾ ਮੰਨੀ।[2]

ਹਾਪਕਿਨਸਨ ਨੇ ਲਾਲਾ ਜੀ ਦੀ ਇੱਕ ਤਿੰਨ ਸਾਲ ਪੁਰਾਣੀ ਤਕਰੀਰ ਕੱਢ ਮਾਰੀ, ਜੋ ਉਹਨਾਂ ਨੇ ਰੂਸੀ ਇਨਕਲਾਬੀਆਂ ਵੱਲੋਂ ਸੱਦੇ ਹੋਏ ਅਮਰੀਕਨਾਂ ਦੇ ਇੱਕ ਜਲਸੇ ਵਿੱਚ ਕੀਤੀ ਸੀ। ਇਸ ਤਕਰੀਰ ਵਿੱਚ ਲਾਲਾ ਜੀ ਨੇ ਆਪਣੇ ਅਨਾਰਕਿਸਟ ਖਿਆਲਾਂ ਅਨੁਸਾਰ ਜ਼ਾਰ ਰੂਸ ਦੀ ਹਕੂਮਤ ਵਿਰੁੱਧ ਬੋਲਦਿਆਂ ਹੋਇਆਂ ਹਰ ਹਕੂਮਤੀ ਪਰਬੰਧ ਦੀ ਵਿਰੋਧਤਾ ਕੀਤੀ ਸੀ। ਜਿਸ ਵਿੱਚ ਅਮਰੀਕੀ ਹਕੂਮਤ ਤੇ ਇਸ ਦੇ ਝੰਡੇ ਦੇ ਵਿਰੁੱਧ ਵੀ ਬਹੁਤ ਕੁਝ ਆਖਿਆ ਸੀ। ਅਮਰੀਕਨ ਕਾਨੂੰਨ ਅਨੁਸਾਰ ਕੋਈ ਪਰਦੇਸੀ ਅਮਰੀਕਾ ਦੀ ਧਰਤੀ ਉੱਤੇ ਅਮਰੀਕਾ ਦੀ ਹਕੂਮਤ ਤੇ ਇਸ ਦੇ ਨਿਸ਼ਾਨ ਦੇ ਖਿਲਾਫ ਪਰਚਾਰ ਨਹੀਂ ਕਰ ਸਕਦਾ, ਅਜਿਹੇ ਆਦਮੀ ਨੂੰ ਅਮਰੀਕਾ ਵਿੱਚੋਂ ਦੇਸ਼ ਨਿਕਾਲਾ ਦੇ ਦਿੱਤਾ ਜਾਂਦਾ ਹੈ। ਇਸ ਤਕਰੀਰ ਨੂੰ ਬਰਤਾਨਵੀ ਕੌਂਸਲ ਨੇ ਅਮਰੀਕਨ ਹਕੂਮਤ ਦੇ ਧਿਆਨ ਵਿੱਚ ਲਿਆਂਦਾ ਤੇ ਉਸ ਨੂੰ ਲਾਲਾ ਹਰਦਿਆਲ ਦੇ ਖ਼ਿਲਾਫ ਮੁਕਦਮਾ ਚਲਾਕੇ ਦੇਸੋਂ ਕੱਢਣ ਦੀ ਕਾਰਵਾਈ ਕਰਨ ਲਈ ਤਿਆਰ ਕਰ ਲਿਆ।

ਇਸ ਗੋਂਦ ਅਨੁਸਾਰ ਅਮਰੀਕਨ ਹਕੂਮਤ ਨੇ ਉਸ ਤਕਰੀਰ ਦੀ ਬਿਨਾਂ ਉਤੇ ਲਾਲਾ ਹਰਦਿਆਲ ਨੂੰ 25 ਮਾਰਚ, 1914 ਦੀ ਸ਼ਾਮ ਨੂੰ ਗਰਿਫਤਾਰ ਕਰ ਲਿਆ, ਜਦੋਂ ਉਹ ਹਿੰਦੀਆਂ ਦੇ ਇੱਕ ਇਸ਼ਤਿਹਾਰੀ ਜਲਸੇ ਵਿੱਚ ਤਕਰੀਰ ਕਰਨ ਜਾ ਰਹੇ ਸਨ। ਲਾਲਾ ਜੀ ਨੂੰ ਇੱਕ ਹਜ਼ਾਰ ਡਾਲਰ ਨਕਦ ਦੀ ਜ਼ਮਾਨਤ ਦੇਕੇ ਲੈ ਆਂਦਾ ਗਿਆ। ਲਾਲਾ ਜੀ ਦੀ ਗਰਿਫਤਾਰੀ ਦੀ ਖਬਰ ਅਖਬਾਰਾਂ ਵਿੱਚ ਛਪੀ ਤੇ ਤਾਰਾਂ ਰਾਹੀਂ ਵੀ ਪਾਰਟੀ ਦੀਆਂ ਸਭ ਬਰਾਚਾਂ ਨੂੰ ਦੱਸ ਦਿੱਤਾ ਗਿਆ। ਖ਼ਬਰਾਂ ਮਿਲਦਿਆਂ ਹੀ ਸਭ ਅਹੁਦੇਦਾਰ ਤੇ ਇੰਤਜ਼ਾਮੀਆਂ ਕਮੇਟੀ ਦੇ ਮੈਂਬਰ ਯੁਗੰਤਰ ਆਸ਼ਰਮ ਵਿੱਚ ਇਕੱਠੇ ਹੋ ਗਏ। ਵਕੀਲਾਂ ਨਾਲ ਮਸ਼ਵਰਾ ਕੀਤਾ ਗਿਆ। ਸਾਨਫਰਾਂਸਿਸਕੋ ਵਿੱਚ ਰਹਿ ਰਹੇ

---

1 ਘਾਟ (ੳ) ਮਾਰਚ 1913, ਕਾਰਵਾਈ ਨੰ. 11, ਸਾਨਫਰਾਂਸਿਸਕੋ ਕੌਂਸਲ ਜਨਰਲ ਦਾ ਲੰਡਨ ਦੇ ਪਰਦੇਸੀ ਦਫਤਰ ਨੂੰ ਜਵਾਬ, ਮਿਤੀ 11 ਜੁਲਾਈ, 1917

2. ਹੋਮ (ਪੋਲੀਟੀਕਲ) ਅ, ਜੂਨ 1913, ਕਾਰਵਾਈ ਨੰ. 37-39

ਹੋਰਨਾਂ ਦੇਸ਼ਾਂ ਦੇ ਦੇਸ਼ ਭਗਤਾਂ ਤੋਂ ਵੀ ਪੁਛਿਆ ਗਿਆ। ਕਈ ਸਰਕਾਰੀ ਅਫਸਰਾਂ ਨੇ ਵੀ ਸਲਾਹ ਦਿੱਤੀ, ਕਿ ਲਾਲਾ ਜੀ ਨੂੰ ਜੇ ਹਕੂਮਤ ਨੇ ਆਪ ਦੇਸ਼ ਨਿਕਾਲਾ ਦਿੱਤਾ ਤਾਂ ਉਹ ਜਹਾਜ਼ੇ ਚਾੜ੍ਹਕੇ ਅੰਗਰੇਜ਼ਾਂ ਦੇ ਹਵਾਲੇ ਵੀ ਕਰ ਸਕਦੀ ਹੈ। ਇਸ ਲਈ ਇੰਤਜ਼ਾਮੀਆਂ ਕਮੇਟੀ ਨੇ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਲਾਲਾ ਜੀ ਨੂੰ ਅਮਰੀਕਾ ਤੋਂ ਆਪੇ ਹੀ ਭੇਜ ਦਿੱਤਾ ਜਾਵੇ। ਇਸ ਫੈਸਲੇ ਅਨੁਸਾਰ ਲਾਲਾ ਜੀ ਨੂੰ ਅਪਰੈਲ 1914 ਦੇ ਪਹਿਲੇ ਹਫਤੇ ਚੁਪ ਚੁਪੀਤੇ ਨਿਊਯਾਰਕ ਲਿਜਾਕੇ ਯੋਰਪ ਨੂੰ ਜਾਣ ਵਾਲੇ ਇੱਕ ਜਹਾਜ਼ ਵਿੱਚ ਚੜ੍ਹਾ ਦਿੱਤਾ ਗਿਆ ਤੇ ਉਹ ਸੁਖੀ ਸਾਂਦੀ ਸਵਿਟਜ਼ਰਲੈਂਡ[1] ਪਹੁੰਚ ਗਏ।

ਲਾਲਾ ਜੀ ਦੀ ਗਰਿਫਤਾਰੀ ਦੀ ਖ਼ਬਰ ਪੜ੍ਹ ਕੇ ਪਰਧਾਨ ਭਾਈ ਸੋਹਣ ਸਿੰਘ ਭਕਨਾ, ਮੀਤ ਪਰਧਾਨ ਭਾਈ ਕੇਸਰ ਸਿੰਘ, ਖਜ਼ਾਨਚੀ ਪੰਡਤ ਕਾਂਸ਼ੀ ਰਾਮ ਤੇ ਹੋਰ ਕਈ ਸਾਥੀਆਂ ਨੂੰ ਲੈ ਕੇ ਔਰੇਗਨ ਤੋਂ ਆ ਗਏ। ਮੀਤ ਪਰਧਨ ਭਾਈ ਜਵਾਲਾ ਸਿੰਘ ਠਠੀਆਂ, ਭਾਈ ਸੰਤੋਖ ਸਿੰਘ, ਭਾਈ ਕਰਮ ਸਿੰਘ ਚੀਮਾਂ ਤੇ ਹੋਰ ਭਾਈ ਕੈਲੇਫੋਰਨੀਆ ਤੋਂ ਪਹੁੰਚ ਗਏ, ਸਲਾਹਵਾਂ ਮਸ਼ਵਰਿਆਂ ਤੋਂ ਬਾਅਦ ਯੁਗੰਤਰ ਆਸ਼ਰਮ ਵਿੱਚ ਕੰਮ ਦੀ ਮੁੜ ਵੰਡ ਤੇ ਇੰਤਜ਼ਾਮ ਸ਼ੁਰੂ ਹੋਇਆ। ਕੰਮ ਦੀ ਨਿਗਰਾਨੀ ਕਰਨ ਵਾਸਤੇ ਭਾਈ ਸੋਹਣ ਸਿੰਘ ਭਕਨਾ ਨੇ ਆਸ਼ਰਮ ਵਿੱਚ ਪੱਕਾ ਡੇਰਾ ਲਾ ਲਿਆ। ਲਾਲਾ ਜੀ ਦੀ ਥਾਂ ਭਾਈ ਸੰਤੋਖ ਸਿੰਘ ਨੂੰ ਜਨਰਲ ਸਕੱਤਰ ਚੁਣਿਆ ਗਿਆ। ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੂੰ ਅਖਬਾਰ ਦਾ ਐਡੀਟਰ ਬਣਾਇਆ ਗਿਆ ਤੇ ਭਾਈ ਸੰਤੋਖ ਸਿੰਘ, ਪੰਡਤ ਰਾਮ ਚੰਦ ਪਿਸ਼ਾਵਰੀ, ਪੰਡਤ ਸੋਹਣ ਲਾਲ ਪਾਠਕ ਪੱਟੀ ਸਟੂਡੈਂਟ ਤੇ ਪੰਡਤ ਜਗਤ ਰਾਮ ਹਰਿਆਣਾ ਆਦਿ ਚਾਰ ਸਾਥੀ ਹੋਰ ਨਾਲ ਲਾ ਕੇ ਇਕ ਐਡੀਟੋਰੀਅਲ ਬੋਰਡ ਬਣਾ ਦਿੱਤਾ ਗਿਆ। ਰਾਮ ਚੰਦ ਦੋ ਕੁ ਮਹੀਨੇ ਤੋਂ ਆਸ਼ਰਮ ਵਿੱਚ ਆਇਆ ਹੋਇਆ ਸੀ ਤੇ ਕਦੇ ਕਦਾਈਂ ਅਖ਼ਬਾਰਾਂ ਵਿੱਚ ਮਜ਼ਮੂਨ ਲਿਖ ਦਿੰਦਾ ਸੀ। ਇਸ ਦੇ ਮਜ਼ਮੂਨ ਪਹਿਲਾਂ ਪਹਿਲ ਹਿੰਦੂਆਨਾ ਰੰਗ ਦੇ ਹੁੰਦੇ ਸਨ। ਜਿਨ੍ਹਾਂ ਨੂੰ ਲਾਲਾ ਹਰਦਿਆਲ ਸੋਧਕੇ ਛਾਪਦੇ ਸਨ। ਜਾਣ ਲੱਗਿਆਂ ਲਾਲਾ ਜੀ ਨੇ ਨਵੇਂ ਐਡੀਟੋਰੀਅਲ ਬੋਰਡ ਨੂੰ ਕਿਹਾ ਸੀ ਕਿ ਇਸ ਦੇ ਮਜ਼ਮੂਨ ਵੇਖਕੇ ਛਾਪਿਆ ਕਰਨੇ। ਪੰਡਤ ਜਗਤ ਰਾਮ ਹਰਿਆਣਾ, ਪੰਡਤ ਸੋਹਣ ਲਾਲ ਪਾਠਕ ਤੇ ਸ੍ਰੀ ਪਿਰਥੀ ਸਿੰਘ ਆਜ਼ਾਦ ਪੱਕੇ ਤੌਰ ਤੇ ਯੁਗੰਤਰ ਆਸ਼ਰਮ ਵਿੱਚ ਰਹਿਕੇ ਕੰਮ ਕਰਨ ਲੱਗ ਪਏ ਸਨ।

ਪਹਿਲਾਂ ਜਨਰਲ ਸਕੱਤਰ ਤੇ ਐਡੀਟਰ ਦੇ ਦੋਵੇਂ ਕੰਮ ਇਕੱਲੇ ਲਾਲਾ ਜੀ ਕਰਦੇ ਸਨ, ਹੁਣ ਜਨਰਲ ਸਕੱਤਰੀ ਦਾ ਕੰਮ ਅਲੱਗ ਹੋ ਗਿਆ, ਐਡੀਟਰੀ ਦਾ ਅਲੱਗ ਤੇ ਪਰਧਾਨ ਵੀ ਚੌਵੀ ਘੰਟੇ ਸਿਰ ਉਤੇ ਰਹਿਣ ਲੱਗਾ। ਇਸ ਤਰ੍ਹਾਂ ਪਾਰਟੀ ਤੇ ਅਖਬਾਰ ਦਾ ਕੰਮ ਵੰਡਿਆ ਜਾਣ ਕਰਕੇ ਪਹਿਲਾਂ ਨਾਲੋਂ ਵੀ ਜ਼ਿਆਦਾ ਚੰਗੀ ਤਰ੍ਹਾਂ ਚਲਣ ਲੱਗ ਪਿਆ। ਪਰਧਾਨ ਬਾਹਰ ਹਿੰਦੀ ਡੇਰਿਆਂ ਉਤੇ ਕੀਤੀਆਂ ਜਾ ਰਹੀਆਂ ਮੀਟਿੰਗਾਂ ਵਿੱਚ ਜਾ ਕੇ ਬੋਲਦਾ, ਜਥੇਬੰਦੀ ਕਰਦਾ ਤੇ ਫੰਡ ਉਗਰਾਉਂਦਾ। ਆਸ਼ਰਮ ਵਿੱਚੋਂ ਹੋਰ ਵਰਕਰ ਵੀ ਉਸ ਦੇ ਨਾਲ ਬਾਹਰ ਜਲਸਿਆਂ ਵਿੱਚ ਜਾਂਦੇ। ਇਹਨਾਂ ਜਲਸਿਆਂ ਵਿੱਚ ਜਿਥੇ ਹਿੰਦੀ ਲੋਕ ਫੰਡ ਲਈ ਖੁਲ੍ਹੀ ਉਗਰਾਹੀ ਦਿੰਦੇ, ਉਥੇ ਕਈ ਆਪਣਾ ਆਪ ਵੀ ਪਾਰਟੀ ਨੂੰ ਅਰਪਣ ਕਰ ਦਿੰਦੇ। ਪਾਰਟੀ ਨੂੰ ਆਪਣਾ ਆਪ ਦੇਣ ਵਾਲੇ ਇਹਨਾਂ ਦੇਸ਼ ਭਗਤਾਂ ਨੇ ਹੀ

---

1. ਹਿੰਦੁਸਤਾਨੀ, ਅਪਰੈਲ 1914, ਜਿਲਦ 1, ਪਰਚਾ ਨੰ. 4, ਸਫਾ 2 ਤੇ 'ਗ਼ਦਰ ਸਾਜ਼ਸ਼ ਦੀ ਵਿਥਿਆ', ਸਫਾ 32 ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ।

ਹਿੰਦੁਸਤਾਨ ਵਿੱਚ ਆ ਕੇ ਅੰਗਰੇਜ਼ੀ ਰਾਜ ਵਿਰੁੱਧ ਸਿਰ ਧੜ ਦੀਆਂ ਬਾਜ਼ੀਆਂ ਲਾਈਆਂ। ਜਨਰਲ ਸਕੱਤਰ ਭਾਈ ਸੰਤੋਖ ਸਿੰਘ ਧਰਦੇਅ ਪਾਰਟੀ ਦਾ ਕੰਮ ਚਲਾਉਂਦੇ ਤੇ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਅਖਬਾਰ ਦੀ ਐਡੀਟਰੀ ਤੇ ਇੰਤਜ਼ਾਮ ਕਰਦੇ। ਪੰਡਤ ਜਗਤ ਰਾਮ ਹਰਿਆਣਾ, ਪੰਡਤ ਰਾਮਚੰਦ ਪਸ਼ਾਵਰੀ, ਪੰਡਤ ਸੋਹਣ ਲਾਲ ਪਾਠਕ ਆਦਿ ਸਜਨ ਅਖਬਾਰ ਤੇ ਦਫਤਰ ਦੇ ਕੰਮ ਵਿੱਚ ਹੱਥ ਵਟਾਉਂਦੇ। ਭਾਈ ਪਿਰਥੀ ਸਿੰਘ, ਭਾਈ ਕਰਤਾਰ ਸਿੰਘ ਦੁਕੀ, ਭਾਈ ਬਸੰਤ ਸਿੰਘ ਚੌਂਦਾ ਆਦਿ ਸਾਥੀ ਪਰੈਸ ਚਲਾਉਂਦੇ।[1]

ਅੰਗਰੇਜ਼ੀ ਸਾਮਰਾਜ ਦੀ ਪਾਰਟੀ ਤੋਂ ਲੀਡਰ ਖੋਹ ਲੈਣ ਵਾਲੀ ਕੁਟਲ ਨੀਤੀ ਸਫਲ ਨਾ ਹੋਈ। ਆਪਣੀ ਇਸ ਹਾਰ ਨੂੰ ਸਾਮਰਾਜੀਆਂ ਨੇ ਖੁਦ ਮੰਨਿਆ ਹੈ।

"ਹਰਦਿਆਲ ਦੇ ਦੇਸ਼ ਨਿਕਾਲੇ ਨਾਲ ਯੁਗੰਤਰ ਆਸ਼ਰਮ ਦਾ ਕੋਈ ਕੰਮ ਮਠਾ ਨਾ ਪਿਆ, ਸਗੋਂ ਇਸ ਦੇ ਉਲਟ ਇਨਕਲਾਬੀ ਲਹਿਰ ਨੂੰ ਨਵਾਂ ਉਤਸ਼ਾਹ ਮਿਲਿਆ[2]।"

ਦੂਸਰੇ ਇਹ ਗੱਲ ਸਿਧ ਹੋ ਗਈ ਕਿ ਲਹਿਰ ਕਿਸੇ ਇਕੱਲੇ ਲੀਡਰ ਦੇ ਸਿਰ ਤੇ ਨਹੀਂ ਹੁੰਦੀ, ਲੀਡਰ ਲਹਿਰ ਪੈਦਾ ਨਹੀਂ ਕਰਦਾ, ਲਹਿਰ ਲੀਡਰ ਪੈਦਾ ਕਰਦੀ ਹੈ।

## ਜਮਹੂਰੀ ਗੁਣ

ਲਾਲਾ ਹਰਦਿਆਲ ਦੇ ਚਲੇ ਜਾਣ ਤੋਂ ਬਾਅਦ ਪਾਰਟੀ ਦਾ ਕੰਮ ਨਾ ਖਲੋਣਾ, ਸਗੋਂ ਅੱਗੇ ਨਾਲੋਂ ਵੀ ਤੇਜ਼ ਤੇ ਵਧੇਰੇ ਚਲ ਪੈਣਾ ਪਾਰਟੀ ਦਾ ਇੱਕ ਖਾਸ ਗੁਣ ਸੀ। ਇਹ ਗੁਣ ਪਾਰਟੀ ਦੀ ਜਮਾਤੀ ਬਣਤਰ ਤੇ ਇਸ ਦੇ ਜਮਹੂਰੀ ਖਾਸੇ ਦੀ ਬਰਕਤ ਸੀ। ਇਹੀ ਵਜ੍ਹਾ ਹੈ ਕਿ ਅੰਗਰੇਜ਼ੀ ਸਾਮਰਾਜ ਦੇ ਪਾਰਟੀ ਦਾ ਲੀਡਰ ਖੋਹ ਲੈਣ ਤੇ ਭੀ ਪਾਰਟੀ ਦਾ ਕੰਮ ਰੁਕਿਆ ਨਹੀਂ ਤੇ ਨਾ ਹੀ ਇਸ ਨੂੰ ਕੋਈ ਨੁਕਸਾਨ ਪੁੱਜਾ।

ਇਸ ਦਾ ਜਮਹੂਰੀ ਖਾਸਾ ਪਾਰਟੀ ਦੇ ਬਾਨੀਆਂ ਦੀ ਉਸ ਵੇਲੇ ਦੀ ਸਮਾਜਕ ਦਸ਼ਾ ਤੇ ਮਜ਼ਦੂਰੀ ਕਰਨ ਦੇ ਢੰਗਾਂ ਤੋਂ ਉਤਪਨ ਹੋਇਆ। ਇਸ ਨੂੰ ਬੰਨ੍ਹਣ ਵਾਲੇ ਬੰਦੇ ਕਾਰਖਾਨਿਆਂ ਵਿੱਚ ਇੱਕੋ ਥਾਂ ਕੰਮ ਕਰਦੇ, ਇਕੋ ਜਿਹੀ ਮਜ਼ਦੂਰੀ ਲੈਂਦੇ, ਇੱਕ ਇੱਕ ਘਰ ਵਿੱਚ ਕਈ ਜਣੇ ਸਾਂਝ ਭਿਆਲੀ ਨਾਲ ਖਾਂਦੇ ਪੀਂਦੇ ਤੇ ਰਹਿੰਦੇ। ਇਸ ਗਲ ਨੇ ਉਹਨਾਂ ਵਿੱਚ ਛੂਤ ਛਾਤ ਤੇ ਵੱਡੇ ਛੋਟੇ ਦੇ ਭਾਵ ਦੂਰ ਕਰਕੇ ਸਮਾਜੀ ਸਮਾਨਤਾ ਜ਼ਿਆਦਾ ਲੈ ਆਂਦੀ। ਇੱਕ ਦੂਜੇ ਨੂੰ ਪੁੱਛਕੇ ਤੁਰਨ ਤੇ ਆਪਸ ਵਿੱਚ ਸਲਾਹ ਮਸ਼ਵਰਾ ਕਰਕੇ ਕੰਮ ਕਰਨ ਦੀ ਆਦਤ ਪਾਈ, ਜੋ ਅਗਾਂਹ ਜਥੇਬੰਦੀ ਦਾ ਰੂਪ ਧਾਰਕੇ ਬੜੇ ਕੰਮ ਆਈ। ਜਿਸ ਨਾਲ ਪਾਰਟੀ ਅੰਦਰ ਇਕਲਪ ਦੀ ਥਾਂ ਟੀਮ ਕੰਮ ਪਰਧਾਨ ਹੋ ਗਿਆ।

ਕੈਨੇਡਾ ਤੇ ਅਮਰੀਕਾ ਵਿੱਚ ਮਜ਼ਦੂਰੀਆਂ ਕਰਨ ਗਏ ਹਿੰਦੀਆਂ ਵਿੱਚੋਂ 99.5 ਫੀ ਸਦੀ ਪੰਜਾਬੀ ਸਨ। ਇਹਨਾਂ ਵਿੱਚੋਂ ਫੇਰ 99ਫੀ ਸਦੀ ਕਿਸਨ ਘਰਾਂ ਦੀ ਪੈਦਾਇਸ਼ ਕਰਨ ਤੇ ਸਾਰਿਆਂ ਵਿੱਚੋਂ ਸਿਰਫ 2 ਫੀਸਦੀ ਹੀ ਪੰਜਾਬੀ ਜਾਂ ਉਰਦੂ ਮਿਡਲ ਤੱਕ ਪੜ੍ਹੇ ਹੋਏ ਹੋਣਗੇ। ਪੜ੍ਹਾਈ ਦੀ ਐਨੀ ਨੀਵੀਂ ਪੱਧਰ ਰੱਖਣ ਵਾਲੇ ਸਿਧ ਪਧਰੇ ਲੋਕਾਂ ਨੇ ਇੱਕ ਅਜਿਹੀ ਉਚੇ ਸਿਆਸੀ ਆਦਰਸ਼

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਬਾਬਾ ਸੋਹਣ ਸਿੰਘ ਭਕਨਾ।
2. 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 32

ਵਾਲੀ ਇਨਕਲਾਬੀ ਤੇ ਜਮਹੂਰੀ ਪਾਰਟੀ ਦੀ ਨੀਂਹ ਰੱਖੀ ਤੇ ਜਗਤ ਯੁਧ ਛਿੜਨ ਤੱਕ ਦੇ ਥੋੜੇ ਸਮੇਂ ਵਿੱਚ ਹੀ ਇਸਨੂੰ ਅੰਗਰੇਜ਼ੀ ਸਾਮਰਾਜ ਨਾਲ ਹਥਿਆਰਬੰਦ ਟਕਰ ਲੈਣ ਵਾਲੀ ਜਥੇਬੰਦੀ ਬਣਾ ਦਿੱਤੀ।[1]

ਇਹਨਾਂ ਜਾਗੇ ਹੋਏ ਹਿੰਦੀਆਂ ਵਿੱਚੋਂ ਕਈ ਪਰਚਾਰਕ ਉਠ ਪਏ, ਲਿਖਾਰੀ ਬਣ ਗਏ, ਜੋ ਬੜੀ ਸਧਾਰਨ ਤੇ ਪੇਂਡੂ ਪੰਜਾਬੀ ਵਿੱਚ ਬੋਲਦੇ ਤੇ ਗ਼ਦਰ ਅਖਬਾਰ ਲਈ ਮਜ਼ਮੂਨ ਤੇ ਕਵਿਤਾਵਾਂ ਲਿਖਦੇ। ਮਿਸਟਰ ਚੈਨਚੈਈਆ ਲਿਖਦੇ ਹਨ, ਕਿ:-

"ਉਹਨਾਂ ਵਿੱਚੋਂ ਸਿਆਣੇ ਦਾਨੇ ਲੋਕ ਪੈਦਾ ਹੋ ਗਏ, ਉਹ (ਮਜ਼ਦੂਰ) ਦਿਲੋਂ ਸਚੇ ਤੇ ਬਹਾਦਰ ਸਨ। ਇਹ ਮਜ਼ਦੂਰ, ਜੋ ਹੁਣ ਤੱਕ ਭੋਲੇ ਤੇ ਅਨਪੜ੍ਹ ਸਨ, ਇਕ ਦਮ ਰਾਜਸੀ ਤੌਰ ਤੇ ਸੂਝਵਾਨ, ਬਹੁਤ ਹੀ ਉਚੇ ਦੇਸ਼ ਭਗਤ ਅਤੇ ਨਿਗਰ ਇਨਕਲਾਬੀ ਬਣ ਗਏ, ਨਤੀਜਾ ਇਹ ਹੋਇਆ ਕਿ ਬੜੀ ਛੇਤੀ ਹੀ ਗ਼ਦਰ ਲਹਿਰ ਇਹਨਾਂ ਦੇ ਹੱਥਾਂ ਵਿੱਚ ਚਲੀ ਗਈ।"

ਗ਼ਦਰ ਪਾਰਟੀ ਦੇ ਇਸ ਗੁਣ ਨੇ ਗੁਲਾਮ ਕੌਮਾਂ ਦੇ ਸਿਰ ਵਿੱਚ ਹਾਕਮ ਕੌਮ ਵਲੋਂ ਬਠਾਏ ਗਏ ਇਸ ਵਹਿਮ ਨੂੰ ਦੂਰ ਕੀਤਾ ਕਿ ਸਕੂਲੀ ਵਿਦਿਆ ਪਰਾਪਤ ਕੀਤੇ ਤੋਂ ਬਿਨਾਂ ਆਦਮੀ ਵੱਡੇ ਕੰਮ ਕਰਨ ਦੀ ਯੋਗਤਾ ਪੈਦਾ ਨਹੀਂ ਕਰ ਸਕਦਾ।

ਲਾਲਾ ਹਰਦਿਆਲ ਨੂੰ ਭੀ ਪਾਰਟੀ ਦੀ ਸਿਆਸੀ ਬਣਤਰ ਦਾ ਅਹਿਸਾਸ ਸੀ। ਉਹ ਮੈਂਬਰਾਂ ਤੇ ਵਰਕਰਾਂ ਦੀ ਪਾਰਟੀ ਪੋਜ਼ੀਸ਼ਨ, ਸਿਆਸੀ ਸੂਝ ਤੇ ਅਜ਼ਾਦੀ ਦੀ ਲਗਨ ਤੋਂ ਐਨਾ ਪਰਭਾਵਤ ਸੀ ਕਿ ਉਹਨਾਂ ਨੇ ਆਪਣੇ ਆਪ ਨੂੰ ਵਰਕਰਾਂ ਜਾਂ ਪਾਰਟੀ ਉਤੇ ਠੋਸਣ ਦਾ ਕਦੇ ਜਤਨ ਨਹੀਂ ਕੀਤਾ। ਉਹ ਉਹਨਾਂ ਨੂੰ ਆਪਣੀ ਬੋਲੀ ਵਿੱਚ ਤਕਰੀਰਾਂ ਕਰਨ ਤੇ ਲੇਖ ਅਤੇ ਕਵਿਤਾਵਾਂ ਲਿਖਣ ਤੋਂ ਨਾ ਰੋਕਦੇ, ਹਾਲਾਂਕਿ ਉਹਨਾਂ ਦੀ ਜ਼ਬਾਨ ਤੇ ਲੇਖਣੀ ਬੜੀ ਖਰ੍ਹਵੀ, ਪੇਂਡੂ ਤੇ ਨਿਧੜਕ ਹੁੰਦੀ ਸੀ। ਲਾਲਾ ਜੀ ਇਹਨਾਂ ਦੇ ਫੇਰ ਵੀ ਹਕ ਵਿੱਚ ਹੁੰਦੇ, ਕਹਿੰਦੇ ਕਿ ਇਹਨਾਂ ਦੀ ਜ਼ਬਾਨ ਜਨਤਾ ਦੀ ਜ਼ਬਾਨ ਹੈ। ਇਹੀ ਬੋਲਣੀ ਤੇ ਲਿਖਣੀ ਹਿੰਦੀਆਂ ਨੂੰ ਅਪੀਲ ਕਰਦੀ ਹੈ। ਇਸੇ ਲਈ ਤਾਂ ਗ਼ਦਰ ਲਿਖਤਾਂ ਇਹਨਾਂ ਸਾਧਾਰਨ, ਦੇਸ਼ ਭਗਤ ਤੇ ਫੌਜੀ ਪੰਜਾਬੀਆਂ ਨੂੰ ਬਹੁਤ ਪਸੰਦ ਆਉਂਦੀਆਂ ਸਨ[2]।

ਕੈਨੇਡਾ ਸਰਕਾਰ ਦੀ ਦੇਖਾ ਦੇਖੀ ਤੇ ਅੰਗਰੇਜ਼ੀ ਸਰਕਾਰ ਦੇ ਸਫ਼ਾਰਤੀ ਜ਼ੋਰ ਦੇਣ ਉੱਤੇ ਅਮਰੀਕਨ ਸਰਕਾਰ ਨੇ ਭੀ 1913 ਵਿੱਚ ਹਿੰਦੀ ਮਜ਼ਦੂਰਾਂ ਨੂੰ ਅਮਰੀਕਾ ਵਿੱਚ ਆਉਣੋ ਰੋਕਣ ਲਈ ਘਾਟਾਂ ਦੇ ਕਾਨੂੰਨ ਵਿੱਚ 'ਰੇਕਰ ਬਿਲ' ਦੇ ਨਾਂ ਉੱਤੇ ਤਰਮੀਮ ਕਰ ਦਿੱਤੀ।[3] ਜਦ ਇਸ ਕਾਨੂੰਨ ਤਰਮੀਮ ਦਾ ਗ਼ਦਰ ਪਾਰਟੀ ਨੂੰ ਪਤਾ ਲੱਗਾ ਤਾਂ ਪਾਰਟੀ ਵਲੋਂ ਲਾਲਾ ਹਰਦਿਆਲ ਤੇ ਇਕ ਹੋਰ ਸਾਥੀ ਦਾ ਡੈਪੂਟੇਸ਼ਨ ਅਮਰੀਕਾ ਦੇ ਪਰਧਾਨ ਨੂੰ ਜਾ ਕੇ ਮਿਲਿਆ ਕਿ ਉਹ ਹਿੰਦੀਆਂ ਦਾ ਅਮਰੀਕਾ ਵਿੱਚ ਦਾਖਲਾ ਨਾ ਰੋਕੇ। ਅਮਰੀਕਨ ਸਰਕਾਰ ਨੇ ਕੈਨੇਡਾ ਦੀ ਸਰਕਾਰ ਵਾਂਗ "ਮਜ਼ਦੂਰ ਮੰਡੀ ਦੀ ਗਾਹੜ" ਦਾ ਬਹਾਨਾ ਕੀਤਾ ਤਾਂ ਲਾਲਾ ਹਰਦਿਆਲ ਇਹ ਮੰਨ ਗਏ ਕਿ-

"ਜੇ ਹਿੰਦੀਆਂ ਦਾ ਦਾਖਲਾ ਰੋਕਣਾ ਹੀ ਹੈ ਤਾਂ ਮਜ਼ਦੂਰੀ ਕਰਨ ਆਇਆਂ ਨੂੰ ਰੋਕ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ।
2. ਦਰਸੀ ਚੈਨਚੈਈਆ ਦਾ ਬਿਆਨ।
3. ਘਾਟ (ਅ) ਜੁਲਾਈ 1914, ਕਾਰਵਾਈ ਨੰ. 13-15 'ਹਿੰਦੁਸਤਾਨੀ' ਮਈ 1914 ਨੰ. 4

ਦਿਓ, ਪੜ੍ਹਨ ਤੇ ਵਪਾਰ ਕਰਨ ਆਉਣ ਵਾਲਿਆਂ ਨੂੰ ਨਾ ਰੋਕੋ।"

ਅਮਰੀਕਨ ਸਰਕਾਰ ਨੇ ਇਸੇ ਤਰ੍ਹਾਂ ਹੀ ਕਰ ਦਿੱਤਾ। ਜਦ ਹਿੰਦੀ ਮਜ਼ਦੂਰਾਂ ਨੂੰ ਪਤਾ ਲਗਾ ਤਾਂ ਉਹ ਲਾਲਾ ਹਰਦਿਆਲ ਦੇ ਗਲ ਪਏ ਤਾਂ ਲਾਲਾ ਜੀ ਮੁੜਕੇ ਅਮਰੀਕਨ ਪਰਧਾਨ ਨੂੰ ਜਾਕੇ ਮਿਲੇ। ਪਰ ਪਰਧਾਨ ਫੇਰ ਮੰਨਿਆ ਨਹੀਂ।

ਇਸ ਤਰ੍ਹਾਂ ਲਾਲਾ ਹਰਦਿਆਲ ਨੂੰ ਵੀ ਪਾਰਟੀ ਦੇ ਬੰਨ੍ਹਣ, ਚਲਾਉਣ ਤੇ ਹਮਾਇਤ ਕਰਨ ਵਾਲਿਆਂ ਦੀਆਂ ਸਮਾਜੀ ਤੇ ਸਿਆਸੀ ਵਿਚਾਰਾਂ ਦਾ ਅਹਿਸਾਸ ਸੀ। ਉਹ ਇਹਨਾਂ ਦੀ ਜਥੇਬੰਦੀ ਅੰਦਰ ਆਵਾਜ਼ ਤੇ ਤਾਕਤ ਤੋਂ ਜਾਣੂ ਸਨ। ਇਸ ਲਈ ਉਹ ਵੀ ਪਾਰਟੀ ਦੇ ਸਿਰਕੱਢ ਕੰਮ ਕਰਨ ਵਾਲਿਆਂ ਦੇ ਸਲਾਹ ਮਸ਼ਵਰੇ ਜਾਂ ਉਹਨਾਂ ਨਾਲ ਵਿਚਾਰ ਕੀਤੇ ਬਗੈਰ ਕੋਈ ਵੱਡਾ ਕਦਮ ਨਾ ਚੁਕਦੇ। ਉਹ ਆਪਣੀ ਹਰ ਲੋੜ ਲਈ ਕਮੇਟੀ ਨੂੰ ਹੀ ਪੁੱਛਦੇ ਰਹੇ। ਜਦ ਦਫਤਰ ਲੈਣ ਦੀ ਲੋੜ ਪਈ, ਨਵਾਂ ਪਰੈਸ ਲਾਉਣਾ ਪਿਆ, ਯੁਗੰਤਰ ਆਸ਼ਰਮ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਖਾਹਦ ਖੁਰਾਕ ਤੇ ਅਲਾਉਂਸ ਨੀਅਤ ਕਰਨੇ ਤੇ ਨਵੇਂ ਪੈਮਫਲਟ ਛਾਪਣੇ ਪੈਂਦੇ ਤਾਂ ਹਮੇਸ਼ਾ ਹੀ ਪਰਧਾਨ ਨੂੰ ਪੁੱਛਕੇ ਜਾਂ ਐਗਜ਼ੈਕਟਿਵ ਕਮੇਟੀ ਬੁਲਾਕੇ ਉਸ ਦੀ ਮਨਜ਼ੂਰੀ ਆਉਣ ਉੱਤੇ ਕੋਈ ਕਦਮ ਪੁੱਟਦੇ। ਇਹ ਹਨ ਪਾਰਟੀ ਦੀਆਂ ਜਮਹੂਰੀ ਹੋਣ ਦੀਆਂ ਵੰਨਗੀਆਂ।[1]

ਪਾਰਟੀ ਬਝਣ ਤੇ ਇਸ ਦਾ ਕੰਮ ਤੁਰ ਪੈਣ ਨਾਲ ਯੁਗੰਤਰ ਆਸ਼ਰਮ ਵਿੱਚ ਕੰਮ ਕਰਨ ਤੇ ਇਸ ਨਾਲ ਸੰਬੰਧ ਰੱਖਣ ਵਾਲੇ ਵਰਕਰਾਂ ਵਿੱਚ ਆਪਣੇ ਮਨੋਰਥ ਦੀ ਕਾਮਯਾਬੀ ਉਤੇ ਯਕੀਨ ਬਝ ਰਿਹਾ ਸੀ। ਉਹ ਆਪਣੀਆਂ ਬੈਠਕਾਂ ਤੇ ਬਚਨ ਬਲਾਸਾਂ ਵਿੱਚ ਅੰਗਰੇਜ਼ੀ ਸਾਮਰਾਜ ਨਾਲ ਹਿੰਦੁਸਤਾਨ ਜਾਕੇ ਲੜਨ ਤੇ ਉਸ ਪਾਸੋਂ ਦੇਸ਼ ਨੂੰ ਛੁਡਾਉਣ ਦੇ ਤਰੀਕਿਆਂ ਤੇ ਸਕੀਮਾਂ ਉੱਤੇ ਵਿਚਾਰਾਂ ਕਰਦੇ। ਖਾਸ ਕਰ ਪਾਰਟੀ ਦੇ ਪੜ੍ਹੇ ਲਿਖੇ ਵਰਕਰਾਂ ਵਿੱਚ ਤਾਂ ਇਹਨਾਂ ਗੱਲਾਂ ਉੱਤੇ ਬਹੁਤ ਖੁਲ੍ਹੀ ਬਹਿਸ ਹੁੰਦੀ, ਪਲੈਨ ਬਣਦੇ ਤੇ ਉਹਨਾਂ ਤੇ ਵਿਚਾਰਾਂ ਹੁੰਦੀਆਂ।

ਗ਼ਦਰ ਪਾਰਟੀ ਨਾਲ ਕੰਮ ਕਰਨ ਵਾਲੇ ਵਿਦਿਆਰਥੀਆਂ ਨੇ ਹੋਰਨਾਂ ਹਿੰਦੀ ਵਿਦਿਆਰਥੀਆਂ ਨਾਲੋਂ ਅਲਗ ਹੋਸਟਲ ਬਣਾ ਲਿਆ ਤੇ ਮਸ਼ਹੂਰ ਪਰਾਚੀਨ ਹਿੰਦੁਸਤਾਨੀ ਯੂਨੀਵਰਸਿਟੀ ਦੇ ਨਾਂ ਉੱਤੇ ਉਸ ਦਾ ਨਾਂ 'ਨਾਲੰਦਾ ਹੋਸਟਲ" ਰਖਿਆ। ਲਾਲਾ ਹਰਦਿਆਲ ਦਾ ਆਉਣ ਜਾਣ ਤੇ ਬਹਿਣ ਉਠਣ ਇਸ ਹੋਸਟਲ ਵਿੱਚ ਬਹੁਤ ਸੀ। ਇਹਨਾਂ ਵਿੱਚੋਂ ਕਰਤਾਰ ਸਿੰਘ ਸਰਾਭਾ, ਕਿਰਦਾਰ ਨਾਥ ਹਰਿਆਣਾ (ਹੁਸ਼ਿਆਰਪੁਰ), ਗੋਬਿੰਦ ਬਿਹਾਰੀ ਲਾਲ, ਜਤਿੰਦਰਨਾਥ ਲਹਿਰੀ ਤੇ ਦਰਸੀ ਚੈਨਚੈਈਆ ਵਰਨਣ ਯੋਗ ਸਨ। ਇਹ ਵਿਦਿਆਰਥੀ ਗ਼ਦਰ ਪਾਰਟੀ ਦੇ ਕੰਮ ਤੇ ਪਲੈਨਾਂ ਵਿੱਚ ਬੜੀ ਦਿਲਚਸਪੀ ਲੈਂਦੇ, ਕਈ ਤਾਂ ਸਨਿਚਰ ਤੇ ਐਤਵਾਰ ਨੂੰ ਯੁਗੰਤਰ ਆਸ਼ਰਮ ਵਿੱਚ ਜਾ ਕੇ ਅਖਬਾਰ ਤੇ ਪਾਰਟੀ ਦੀ ਡਾਕ ਪਾਉਣ ਦਾ ਕੰਮ ਕਰਦੇ ਤੇ ਖਾਸ ਕਰ ਪਾਰਟੀ ਤੇ ਅਖਬਾਰ ਦਾ ਹਿਸਾਬ ਕਿਤਾਬ ਦਰਜ ਕਰਨ ਦਾ ਕੰਮ ਕਰਦੇ।[2] ਉਹ ਕਈ ਵੇਰਾਂ ਮਜ਼ਮੂਨ ਵੀ ਲਿਖਦੇ।

ਇਸ ਰਾਜਸੀ ਜਾਗਰਤਾ ਨੇ ਅਮਰੀਕਾ ਦੇ ਹਿੰਦੀ ਮਜ਼ਦੂਰਾਂ ਵਿੱਚ ਮਜ਼ਦੂਰ ਵਿਚਾਰ ਵੀ ਪੈਦਾ ਕੀਤੇ। ਜਿਸ ਨਾਲ ਉਹਨਾਂ ਵਿੱਚ ਮਜ਼ਦੂਰ ਏਕੇ ਦਾ ਵੀ ਅਹਿਸਾਸ ਉਤਪੰਨ ਹੋਇਆ। ਉਹ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਬਾਬਾ ਸੋਹਣ ਸਿੰਘ ਭਕਨਾ ਦੇ ਬਿਆਨ।
2. ਦਰਸੀ ਚੈਨਚੈਈਆ ਦਾ ਬਿਆਨ।

ਹੜਤਾਲਾਂ ਵਾਲੇ ਕੰਮਾਂ ਤੇ ਲਗਣੋਂ ਹਟ ਗਏ। ਉਹਨਾਂ ਵਿੱਚ ਆਈ ਇਸ ਸੂਝ ਤੇ ਰਾਜਸੀ ਜਾਗਰਤਾ ਨੇ ਅਮਰੀਕਨ ਗੋਰੇ ਮਜ਼ਦੂਰਾਂ ਦਾ ਮਨ ਵੀ ਬਹੁਤ ਹੱਦ ਤੱਕ ਬਦਲ ਦਿੱਤਾ। ਹਿੰਦੀਆਂ ਦੇ ਵਿਰੁੱਧ ਉਹਨਾਂ ਵਿੱਚੋਂ ਮਜ਼ਦੂਰ-ਈਰਖਾ ਘੱਟ ਗਈ ਤੇ ਉਹਨਾਂ ਦੇ ਮਨਾਂ ਵਿੱਚ ਹਿੰਦੀ ਮਜ਼ਦੂਰਾਂ ਦੀ ਕਦਰ ਵਧਣ ਲੱਗੀ। ਉਹ ਹਿੰਦੀਆਂ ਦੀ ਆਜ਼ਾਦੀ ਦੀ ਲਹਿਰ ਦੇ ਹਮਦਰਦ ਬਣਨ ਲੱਗੇ ਤੇ ਕਈ ਪਾਰਟੀ ਦੇ ਹਮਦਰਦ ਤੇ ਸਹਾਇਕ ਬਣ ਗਏ। ਹਿੰਦੀ ਭੀ ਉਹਨਾਂ ਨਾਲ ਰਚਣ ਮਿਚਣ ਲੱਗ ਪਏ ਤੇ ਮਜ਼ਦੂਰਾਂ ਅੰਦਰ ਗੋਰੇ ਕਾਲੇ ਦਾ ਵਿਤਕਰਾ ਘਟਣ ਲੱਗ ਪਿਆ।[1]

ਪਾਰਟੀ ਦੂਸਰੇ ਦੇਸ਼ਾਂ ਦੀਆਂ ਲਹਿਰਾਂ ਵਿੱਚੋਂ ਅਮਰੀਕਾ ਆਏ ਇਨਕਲਾਬੀ ਅਨਸ਼ਾਂ ਨਾਲ ਸਬੰਧ ਰੱਖਦੀ ਤੇ ਉਹਨਾਂ ਦੀਆਂ ਲਹਿਰਾਂ ਦੀ ਹਮਾਇਤ ਤੇ ਸਹਾਇਤਾ ਕਰਦੀ ਤੇ ਉਹ ਲੋਕ ਪਾਰਟੀ ਦੇ ਕੰਮ ਵਿੱਚ ਅਮਰੀਕਾ ਤੇ ਹੋਰਨੀ ਥਾਈਂ ਵੀ ਸਹਾਇਤਾ ਤੇ ਹਮਾਇਤ ਕਰਦੇ। ਇਸ ਤਰ੍ਹਾਂ ਇੱਕ ਦੂਜੇ ਦੇਸ਼ ਦੀਆਂ ਲਹਿਰਾਂ ਦੀ ਪਰਸਪਰ ਸਹਾਇਤਾ ਤੇ ਹਮਾਇਤ ਨਾਲ ਆਇਰਲੈਂਡੀ, ਰੂਸੀ, ਇੰਡੋਨੇਸ਼ੀਅਨ, ਜਾਪਾਨੀ, ਚੀਨੀ ਤੇ ਹੋਰਨਾਂ ਇਨਕਲਾਬੀਆਂ ਨਾਲ ਪਾਰਟੀ ਲੀਡਰਾਂ ਦਾ ਮੇਲ ਮਿਲਾਪ ਪੈਦਾ ਹੋ ਗਿਆ। ਪਾਰਟੀ ਜਿੱਥੇ ਉਹਨਾਂ ਦੇ ਰਾਜਸੀ ਮਨੋਰਥਾਂ ਨਾਲ ਹਮਦਰਦੀ ਕਰਦੀ ਤੇ ਉਹਨਾਂ ਦੇ ਕੰਮ ਸਵਾਰਦੀ ਉਥੇ ਉਹ ਲੋਕ ਵੀ ਪਾਰਟੀ ਦੀ ਮਦਦ ਕਰਦੇ, ਪਾਰਟੀ ਜਲਸਿਆਂ ਵਿੱਚ ਸ਼ਾਮਲ ਹੁੰਦੇ ਤੇ ਤਕਰੀਰਾਂ ਕਰਦੇ, ਪਾਰਟੀ ਦੇ ਕੰਮਾਂ ਵਿੱਚ ਹਥ ਵਟਾਉਂਦੇ ਤੇ ਕਈ ਟੈਕਨੀਕਲ ਲੋੜਾਂ ਪੂਰੀਆਂ ਕਰਦੇ।[2] ਇੱਕ ਰੂਸੀ ਲੜਕੀ ਮਿਸ ਈ. ਰੌਜ਼ੋਕੂਹਰ ਪਾਰਟੀ ਦਾ ਲਿਟਰੇਚਰ ਵੰਡਦੀ ਤੇ ਬਾਹਰਲੇ ਖੁਫੀਆ ਅੱਡਿਆਂ ਉਤੇ ਪੁਚਾਉਣ ਲਈ ਜਹਾਜ਼ਾਂ ਵਿੱਚ ਜਾ ਕੇ ਦੱਦੀ ਤੇ ਇਸ ਨੂੰ ਸੁਖ ਸਾਂਦ ਨਾਲ ਅਪੜਾਉਣ ਦਾ ਬੰਦੋਬਸਤ ਕਰਦੀ।[3] ਇੱਕ ਸੋਸ਼ਲਿਸਟ ਲੀਡਰ ਔਰਤ ਸ੍ਰੀਮਤੀ ਐਮਾ ਗੋਲਡਮੈਨ ਵੀ ਪਾਰਟੀ ਦੀ ਬੜੀ ਮਦਦ ਕਰਦੀ। ਇਸੇ ਤਰ੍ਹਾਂ ਸ੍ਰੀਮਤੀ ਮੈਰੀ ਲਿਓਨ ਹਾਊਜ਼ਰ, ਸ੍ਰੀ ਤੇ ਸ੍ਰੀਮਤੀ ਕੈਰਿੰਗਟਨ ਲਿਊਸ ਤੇ[4] ਸ਼੍ਰੀਮਤੀ ਫਰੈਡਾ ਬਰਚ[5] ਤੇ ਉਸਦੇ ਘਰ ਵਾਲੇ ਪਾਰਟੀ ਦੇ ਸਹਾਇਕ ਅਮਰੀਕਨ ਸਨ।

## ਇਨਕਲਾਬ ਦੀ ਪਹਿਲੀ ਪਲੈਨ

ਪਾਰਟੀ ਦੇ ਇਸ ਘੇਰੇ ਵਿੱਚ ਬਚਨ ਬਿਲਾਸ ਸਮੇਂ ਇਹ ਸਲਾਹਵਾਂ ਹੁੰਦੀਆਂ ਰਹਿੰਦੀਆਂ ਸਨ ਕਿ ਹਿੰਦੁਸਤਾਨ ਨੂੰ ਅੰਗਰੇਜ਼ੀ ਸਾਮਰਾਜ ਦੇ ਪੰਜੇ ਵਿੱਚੋਂ ਕੱਢਣ ਲਈ ਕੀ ਚਾਰਾ ਕੀਤਾ ਜਾਏ। ਕਿਸ ਤਰ੍ਹਾਂ ਤੇ ਕਿੱਥੋਂ ਇਨਕਲਾਬ ਛੇੜਿਆ ਜਾਏ ਤੇ ਕਿਹੜੇ ਬਨਿਉਂ ਪਿਆ ਜਾਏ। ਪਾਰਟੀ ਪਾਸ ਪੈਸੇ ਤੇ ਵਾਲੰਟੀਅਰਾਂ ਦੀ ਕੋਈ ਘਾਟ ਨਹੀਂ ਸੀ। ਪਾਰਟੀ ਦੇ ਮੈਂਬਰ ਤੇ ਵਾਲੰਟੀਅਰ ਬਹੁਤੇ ਪੰਜਾਬੀ ਤੇ ਉਹਨਾਂ ਵਿੱਚੋਂ ਵੀ ਜ਼ਿਆਦਾ ਸਾਬਕ ਫੌਜੀ ਸਨ। ਹਿੰਦੁਸਤਾਨ ਦੀ ਅੰਗਰੇਜ਼ੀ ਫੌਜ ਵਿੱਚ ਵੀ ਬਹੁਤੇ ਪੰਜਾਬੀ ਹੀ ਸਨ। ਇਸ ਲਈ ਪਾਰਟੀ ਪਾਸ ਪੰਜਾਬੀ ਆਦਮ ਸ਼ਕਤੀ ਇੱਕ ਬੜੀ ਭਾਰੀ

---

1. ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ।
2. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ।
3. ਹੋਮ (ਪੋਲੀਟੀਕਲ) (ਅ) ਦਸੰਬਰ, 1916, ਕਾਰਵਾਈ ਨੰ. 356-57 ਤੇ ਕਾਰਵਾਈ ਨੰ. 359-61 ਅਤੇ ਭਾਈ ਕਰਤਾਰ ਸਿੰਘ ਦੁਕੀ ਦਾ ਬਿਆਨ।
4. ਸਾਨਫਰਾਂਸਿਸਕੋ ਅਗਜ਼ਾਮੀਨਰ, 4 ਜਨਵਰੀ 1918
5. ਹੋਮ (ਪੋਲੀਟੀਕਲ) (ਅ) ਮਈ 1916, ਕਾਰਵਾਈ ਨੰ. 119-20

ਤਾਕਤ ਸੀ। ਇਹ ਹਿੰਦੀ ਤੇ ਖਾਸਕਰ ਪੰਜਾਬੀ ਫੌਜੀਆਂ ਉਤੇ ਅਸਰ ਕਰ ਸਕਦੇ ਸਨ।

ਕਿਉਂਕਿ ਹਿੰਦ ਵਿੱਚ ਤਾਂ ਸਵਾਏ ਦੋ ਚਾਰ ਛੋਟੇ ਛੋਟੇ ਬੰਗਾਲੀ ਜੁਟਾਂ ਦੇ ਹੋਰ ਕੋਈ ਜਥੇਬੰਦ ਇਨਕਲਾਬੀ ਲਹਿਰ ਨਹੀਂ ਸੀ। ਇਸ ਲਈ ਜੋ ਕੁਝ ਹੋਣਾ ਸੀ, ਏਥੋਂ ਅਮਰੀਕਾ ਤੋਂ ਹੀ ਹੋਣਾ ਸੀ। ਇਸ ਕਰਕੇ ਇਹ ਘੇਰਾ ਸੋਚਦਾ ਸੀ ਕਿ ਜੇ ਹਿੰਦ ਨੂੰ ਆਜ਼ਾਦ ਕਰਵਾਉਣ ਦੀ ਇਨਕਲਾਬੀ ਲਹਿਰ ਪੰਜਾਬੋਂ ਸ਼ੁਰੂ ਕੀਤੀ ਜਾਵੇ ਤਾਂ ਇਸ ਦੀ ਫੌਜਾਂ ਵਿੱਚ ਹਮਾਇਤ ਹੋਣ ਤੇ ਕਾਮਯਾਬ ਬਣ ਜਾਣ ਦੀ ਆਸ ਸੀ। ਇਸ ਲਈ ਹਿੰਦ ਤੋਂ ਬਾਹਰੋਂ ਪੰਜਾਬ ਦੇ ਲਾਗੇ ਕਿਸੇ ਥਾਂ ਤੇ ਹਮਲਾ ਕਰਕੇ ਇਸ ਨੂੰ ਆਜ਼ਾਦ ਕਰਵਾਕੇ ਅੱਡਾ ਜਮਾ ਲੈਣ ਨਾਲ਼ ਪੰਜਾਬ ਨੂੰ ਨਾਲ ਰਲਾਉਣਾ ਤੇ ਆਜ਼ਾਦ ਕਰਾਉਣਾ ਸੌਖਾ ਹੋ ਜਾਂਦਾ ਸੀ। ਇਸ ਕਰਕੇ ਇਸ ਘੇਰੇ ਨੇ ਇਹ ਸਲਾਹ ਪਕਾਈ ਕਿ ਅਮਰੀਕਾ ਵਿੱਚੋਂ ਚੋਣਵੇਂ ਲੜਾਕੂ ਤੇ ਜੋਧੇ ਵਾਲੰਟੀਅਰਾਂ ਦੀ ਫੌਜ ਲੈ ਕੇ ਚੀਨ ਵਿੱਚ ਦੀ ਹੋ ਕੇ ਜਾਇਆ ਜਾਵੇ ਤੇ ਕਸ਼ਮੀਰ ਉਤੇ ਹਮਲਾ ਕਰਕੇ ਉਸਨੂੰ ਅਜ਼ਾਦ ਕਰਵਾ ਲਿਆ ਜਾਵੇ। ਕਸ਼ਮੀਰ ਦੀ ਹਾਲਤ ਇਸ ਕਰਕੇ ਸਾਜ਼ਗਾਰ ਸਮਝੀ ਗਈ ਹੈ ਕਿ ਕਸ਼ਮੀਰ ਦੇ ਲੋਕਾਂ ਨੂੰ ਜਾਗੀਰਦਾਰ ਡੋਗਰਾ ਸ਼ਾਹੀ ਅੰਗਰੇਜ਼ੀ ਸਾਮਰਾਜ ਦੀਆਂ ਸੰਗੀਨਾਂ ਦਾ ਡਰ ਦੇ ਕੇ ਨੱਪੀ ਬੈਠਾ ਸੀ। ਪੈਦਾਵਾਰ ਦੇ ਵਸੀਲਿਆਂ ਤੇ ਹਕੂਮਤੀ ਥਾਵਾਂ ਉੱਤੇ ਡੋਗਰੇ ਹੀ ਡੋਗਰੇ ਭਰੇ ਪਏ ਸਨ। ਕਸ਼ਮੀਰੀ ਲੋਕ ਡੋਗਰਾਸ਼ਾਹੀ ਦੀ ਗੁਲਾਮੀ ਵਿੱਚ ਬੁਰੀ ਤਰ੍ਹਾਂ ਗਰੱਸੇ ਹੋਏ ਸਨ। ਉਹ ਗਰੀਬੀ ਤੇ ਕੰਗਾਲੀ ਵਿੱਚ ਜ਼ਿੰਦਗੀ ਰੋਲ ਰਹੇ ਸਨ। ਕਸ਼ਮੀਰੀ ਲੋਕਾਂ ਵਿੱਚ ਵੜਕੇ ਉਹਨਾਂ ਦੀ ਖਾਤਰ ਡੋਗਰਾਸ਼ਾਹੀ ਨੂੰ ਏਥੋਂ ਭਜਾ ਦੇਣਾ ਤੇ ਕਸ਼ਮੀਰ ਨੂੰ ਆਜ਼ਾਦ ਕਰਵਾ ਲੈਣਾ ਸੌਖਾ ਸੀ। ਇਸ ਤਰ੍ਹਾਂ ਇਸ ਪਹਾੜਾਂ ਵਿੱਚ ਘਿਰੇ ਹੋਏ ਇਲਾਕੇ ਨੂੰ ਆਜ਼ਾਦ ਕਰਵਾਕੇ ਅਗਾਂਹ ਸਰਹਦੀ ਸੂਬੇ ਤੇ ਪੰਜਾਬ ਨਾਲ ਸੰਬੰਧ ਜੋੜਨੇ ਤੇ ਆਈਆਂ ਅੰਗਰੇਜ਼ੀ ਫੌਜਾਂ ਦਾ ਮੁਕਾਬਲਾ ਕਰਨਾ ਆਸਾਨ ਸੀ, ਕਸ਼ਮੀਰੋਂ ਸਰਹਦੀ ਸੂਬਾ, ਅਗੇ ਪੰਜਾਬ, ਪੰਜਾਬੋਂ ਅਗੇ ਹੋਰ ਸੂਬੇ ਜਿੱਤੀ ਤੁਰੇ ਜਾਣ ਦੀ ਸਕੀਮ ਸੀ।[1]

ਗ਼ਦਰ-ਪਾਰਟੀ ਲੀਡਰ ਇਹ ਤਾਂ ਸਮਝਦੇ ਸਨ ਕਿ ਅੰਗਰੇਜ਼ਾਂ ਤੇ ਜਰਮਨਾਂ ਦੀ ਜੰਗ ਜ਼ਰੂਰ ਲਗੇਗੀ। ਉਹ ਆਪਣੀ ਉਤੇ ਲਿਖੀ ਸਕੀਮ ਵਿੱਚ ਇਸ ਸੰਭਾਵਨਾ ਨੂੰ ਵੀ ਵੇਖਦੇ ਸਨ। ਪਰ ਉਹ ਜੰਗ ਨੂੰ ਐਨੀ ਨੇੜੇ ਨਹੀਂ ਸਨ ਸਮਝਦੇ। ਉਹਨਾਂ ਦਾ ਅੰਦਾਜ਼ਾ ਸੀ ਕਿ ਜੰਗ ਹਾਲਾਂ ਦਸਾਂ ਸਾਲਾਂ ਤੱਕ ਨਹੀਂ ਲੱਗਣੀ। ਇਸ ਲਈ ਉਹ ਇਹਨਾਂ ਥੋੜੇ ਕੁ ਸਾਲਾਂ ਨੂੰ ਆਪਣੀ ਤਿਆਰੀ ਦਾ ਸਮਾਂ ਸਮਝਦੇ ਸਨ। ਇਸ ਸਮੇਂ ਵਿੱਚ ਉਹਨਾਂ ਨੇ ਆਪਣੇ ਹਮਲਾਵਰ ਤੇ ਲੜਾਕੇ ਦਸਤੇ ਤਿਆਰ ਕਰਨੇ ਤੇ ਸਿਖਲਾਈ ਕਰਵਾਕੇ ਕਸ਼ਮੀਰ ਨੂੰ ਆਜ਼ਾਦ ਕਰਵਾਉਣ ਲਈ ਹਿੰਦ ਉੱਤੇ ਚੀਨ ਵਾਲੇ ਪਾਸਿਉਂ ਹਮਲਾ ਕਰਨਾ ਸੀ। ਇਹ ਸਲਾਹ ਪਕ ਾਕੇ ਕਸ਼ਮੀਰ ਨੂੰ ਹਿੰਦ ਦੀ ਆਜ਼ਾਦੀ ਦਾ ਪਹਿਲਾ ਪੜਾ ਬਣਾਇਆ ਤੇ ਇਸ ਨੂੰ ਹਮੇਸ਼ਾ ਚੇਤੇ ਰੱਖਣ ਲਈ ਯੁਗੰਤਰ ਆਸ਼ਰਮ ਵਿੱਚ ਹਿੰਦੁਸਤਾਨ ਦੇ ਲਟਕ ਰਹੇ ਨਕਸ਼ੇ ਵਿੱਚ ਕਸ਼ਮੀਰ ਦੀਆਂ ਹੱਦਾਂ ਨੂੰ ਲਾਲ ਸਿਆਹੀ ਨਾਲ ਉਲੀਕ ਲਿਆ ਤੇ ਵਿੱਚ ਮੋਟੇ ਅੱਖਰਾਂ ਨਾਲ ਲਿਖ ਦਿੱਤਾ–"ਕਸ਼ਮੀਰ ਵਿਖੇ 1925 ਵਿੱਚ ਰੀਪਬਲਿਕ"।[2]

---

1. ਚੈਨਚੈਈਆ ਦਾ ਬਿਆਨ।
2. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਚੈਨਚੈਈਆ ਦੇ ਬਿਆਨ।

# ਇਨਕਲਾਬ ਦੀ ਤਿਆਰੀ

ਪਾਰਟੀ ਨੇ ਆਪਣੇ ਵਰਕਰਾਂ ਨੂੰ ਜੰਗ ਦੀ ਜਾਚ ਵਿੱਚ ਤਾਕ ਕਰਨ ਲਈ ਕੰਮ ਸਿਖਲਾਈ ਦੀਆਂ ਹੋਰ ਸਕੀਮਾਂ ਵੀ ਬਣਾਈਆਂ। ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੌਜੀ ਸਿਖਲਾਈ ਦੀਆਂ ਜਮਾਤਾਂ ਵਿੱਚ ਭਰਤੀ ਹੋਕੇ ਲੜਾਈ ਦਾ ਹੁਨਰ ਸਿੱਖਣ ਲਈ ਆਖਿਆ ਗਿਆ। ਪਰ ਬਰਕਲੇ ਯੂਨੀਵਰਸਿਟੀ ਦਾ ਪ੍ਰਧਾਨ ਅੰਗਰੇਜ਼ੀ ਰਾਜ ਦਾ ਖੈਰਖਾਹ ਸੀ, ਉਹ ਹਿੰਦੀਆਂ ਨੂੰ ਇਹਨਾਂ ਜਮਾਤਾਂ ਵਿੱਚ ਦਾਖਲ ਨਹੀਂ ਸੀ ਕਰਦਾ। ਇਸ ਲਈ ਜਤਿੰਦਰ ਨਾਥ ਲਹਿਰੀ ਬੰਬ ਤੇ ਹੋਰ ਰੇਲਾਂ ਸੜਕਾਂ ਦੇ ਪੁਲ ਉਡਾਉਣ ਵਾਲੇ ਮਸਾਲੇ ਬਨਾਉਣੇ ਸਿਖਣ ਲਈ ਸ਼ਿਕਾਗੋ ਜਾ ਦਾਖਲ ਹੋਇਆ ਤੇ ਦਰਸੀ ਚੈਨਚੈਈਆ ਫੌਜੀ ਸਿਖਲਾਈ ਜਮਾਤ ਵਿੱਚ ਦਾਖਲ ਹੋਣ ਲਈ ਊਟਾ ਸਟੇਟ ਵਿੱਚ ਲੌਗਾਨ ਦੇ ਜ਼ਰਾਇਤੀ ਕਾਲਜ ਚਲਾ ਗਿਆ। ਡਾਕਟਰ ਖਾਨਖੋਜੀ ਨੇ ਵੀ ਕਾਲਜ ਵਿੱਚ ਹੀ ਫੌਜੀ ਵਿੱਦਿਆ ਸਿੱਖੀ।[1]

ਬਲਵੰਤ ਸਿੰਘ ਦੂਜਾ ਨਾਂ ਬੰਤਾ ਸਿੰਘ ਸੰਘਵਾਲ ਨੂੰ ਪੰਜਾਬ ਭੇਜਿਆ ਗਿਆ ਕਿ ਉਹ ਉਥੇ ਜਾ ਕੇ ਹਾਲਾਤ ਨੂੰ ਵੇਖੇ, ਪਾਰਟੀ ਦਾ ਕੰਮ ਸ਼ੁਰੂ ਕਰੇ ਤੇ ਇਸ ਦੀ ਰਿਪੋਰਟ ਯੁਗੰਤਰ ਆਸ਼ਰਮ ਨੂੰ ਭੇਜੇ, ਕਿ ਪਾਰਟੀ ਨੂੰ ਪੰਜਾਬ ਵਿੱਚ ਕਿਸ ਤਰ੍ਹਾਂ ਕੰਮ ਚਲਾਉਣਾ ਚਾਹੀਦਾ ਹੈ। ਭਗਤ ਸਿੰਘ ਕਚਰਭਨ ਤੇ ਕਰਤਾਰ ਸਿੰਘ ਦੁਕੀ ਨੂੰ ਦੇਸ਼ ਵਿੱਚ ਗ਼ਦਰ ਅਖਬਾਰ ਕੱਢਣ ਦਾ ਬੰਦੋਬਸਤ ਕਰਨ ਲਈ ਤੋਰਿਆ ਗਿਆ।

ਇਸ ਤੋਂ ਇਲਾਵਾ ਪਾਰਟੀ ਨੇ ਮਾਸਟਰ ਊਧਮ ਸਿੰਘ ਕਸੇਲ ਦੀ ਫੌਜੀ ਵਿਦਿਆ ਦੇ ਆਪ ਮਾਹਰ ਹੋਣ ਤੇ ਹੋਰਨਾਂ ਨੂੰ ਸਿਖਾਉਣ ਲਈ ਡਿਊਟੀ ਲਾਈ। ਮਾਸਟਰ ਊਧਮ ਸਿੰਘ ਹਾਂਗਕਾਂਗ ਵਿੱਚ ਅੰਗਰੇਜ਼ੀ ਤੋਪਖਾਨੇ ਦੀ ਨੌਕਰੀ ਕਰ ਚੁੱਕੇ ਸਨ। ਉਹਨਾਂ ਨੂੰ ਵਾਲੰਟੀਅਰਾਂ ਦਾ ਜੱਥਾ ਦਿੱਤਾ ਗਿਆ, ਜਿਸ ਨੂੰ ਉਹ ਗੋਰੀਲਾ ਢੰਗ ਦੀ ਲੜਾਈ, ਫੌਜੀ ਕਵਾਇਦ, ਬੰਦੂਕ, ਬੰਬ, ਪਿਸਤੌਲ ਚਲਾਉਣ ਵਿੱਚ ਤਾਕ ਕਰਨ। ਆਮ ਮੈਂਬਰਾਂ ਤੇ ਵਾਲੰਟੀਅਰਾਂ ਨੂੰ ਆਪੋ ਆਪਣੇ ਥਾਂ ਇਹਨਾਂ ਕੰਮਾਂ ਦੀ ਜਾਚ ਸਿਖਣ ਲਈ ਵੀ ਆਖਿਆ ਗਿਆ।

ਪਾਰਟੀ ਨੇ ਆਉਣ ਵਾਲੀਆਂ ਲੜਾਈਆਂ ਵਿੱਚ ਹਵਾਈ ਲੜਾਈ ਦੀ ਵਿਸ਼ੇਸ਼ਤਾ ਨੂੰ ਤਾੜਿਆ। ਇਸ ਕੰਮ ਲਈ ਭਾਈ ਕਰਤਾਰ ਸਿੰਘ ਸਰਾਭਾ ਨੂੰ ਅਮਰੀਕਾ ਦੇ ਪੂਰਬੀ ਕੰਢੇ ਵਲ ਭੇਜਿਆ ਗਿਆ, ਉਹ ਨਿਊਯਾਰਕ ਦੀ ਇੱਕ ਹਵਾਈ ਜਹਾਜ਼ਾਂ ਦੀ ਕੰਪਨੀ ਵਿੱਚ ਦਾਖਲ ਹੋ ਗਿਆ ਤੇ ਜਹਾਜ਼ ਉਡਾਉਣ ਤੇ ਮੁਰੰਮਤ ਕਰਨ ਦਾ ਕੰਮ ਸਿਖਕੇ ਆਇਆ। ਇਸ ਤੋਂ ਬਾਅਦ ਹੋਰ ਵਰਕਰਾਂ ਨੇ ਵੀ ਜਾਣਾ ਸੀ, ਪਰ ਸਮੇਂ ਨੇ ਵਾਰਾ ਨਾ ਖਾਧਾ।[2]

ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੇ ਇੱਕ ਗੋਰੇ ਦੋਸਤ ਪਾਸੋਂ ਬੰਬ ਬਨਾਉਣ ਦਾ ਕੰਮ ਸਿੱਖਿਆ ਤੇ ਕਰਤਾਰ ਸਿੰਘ ਸਰਾਭਾ ਤੇ ਸ੍ਰੀ ਪਿਰਥੀ ਸਿੰਘ ਲਾਲੜੂ ਨੂੰ ਵੀ ਸਿਖਾਇਆ। ਬੰਬ ਬਨਾਉਣ ਤੋਂ ਬਚੇ ਹੋਏ ਮਸਾਲੇ ਨੂੰ ਵੀ ਕੰਮ ਵਿੱਚ ਲਿਆਉਣ ਦੀ ਸਲਾਹ ਕੀਤੀ। ਜਦ 5 ਜੁਲਾਈ, 1914 ਨੂੰ ਭਾਈ ਹਰਨਾਮ ਸਿੰਘ ਇਸ ਮਸਾਲੇ ਨੂੰ ਆਪਣੇ ਖਬੇ ਹੱਥ ਵਿੱਚ ਫੜੀ ਖੜੇ ਸਨ ਤਾਂ ਉਹ ਹੱਥ ਵਿੱਚ ਹੀ ਚਲ ਗਿਆ। ਹੱਥ ਉਡ ਗਿਆ। ਹੱਥੋਂ ਉਤਾਂਹ ਕਰਕੇ ਬਾਂਹ ਕੱਟਣੀ ਪੈ

---

1. ਦਰਸੀ ਚੈਨਚੈਈਆ ਤੇ ਡਾਕਟਰ ਖਾਨਖੋਜੀ ਦੇ ਬਿਆਨ।
2. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਬਾਬਾ ਸੋਹਣ ਸਿੰਘ ਭਕਨਾ ਦੇ ਬਿਆਨ।

ਗਈ। ਲੰਮਾ ਚਿਰ ਹਸਪਤਾਲ ਦਾਖਲ ਤੇ ਇਲਾਜ ਹੇਠ ਰਹਿਣ ਕਰਕੇ ਐਡੀਟਰੀ ਦਾ ਕੰਮ ਭਾਈ ਸੰਤੋਖ ਸਿੰਘ ਨੇ ਰਾਮ ਚੰਦ ਪਸ਼ਾਵਰੀ ਨੂੰ ਦਿਵਾ ਦਿੱਤਾ। ਇਸ ਤਰ੍ਹਾਂ ਰਾਮ ਚੰਦ ਅਖਬਾਰ ਦਾ ਐਡੀਟਰ ਬਣ ਗਿਆ। ਭਾਈ ਹਰਨਾਮ ਸਿੰਘ ਨੂੰ ਉਸ ਦਿਨ ਤੋਂ 'ਟੁੰਡੀਲਾਟ' ਆਖਿਆ ਜਾਣ ਲੱਗਾ।[1]

ਜਦ ਕਾਮਾਗਾਟਾ ਮਾਰੂ ਜਹਾਜ਼ ਨੂੰ ਕੈਨੇਡਾ ਲਿਆਉਣ ਦਾ ਉਦਮ ਕੀਤਾ ਗਿਆ ਤਾਂ ਗ਼ਦਰ ਪਾਰਟੀ ਨੇ ਇਸ ਜਹਾਜ਼ ਦੀ ਮੁਹਿੰਮ ਨੂੰ ਅੰਗਰੇਜ਼ੀ ਸਾਮਰਾਜ ਦੀ ਕੈਨੇਡੀਅਨ ਹਕੂਮਤ ਦੇ ਵਿਰੁੱਧ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਦਾ ਚਿੰਨ੍ਹ ਸਮਝਿਆ। ਪਾਰਟੀ ਨੇ 'ਗ਼ਦਰ' ਅਖਬਾਰ ਤੇ ਪੈਮਫਲਟਾਂ ਵਿੱਚ ਇਸ ਦੀ ਹਮਾਇਤ ਕੀਤੀ ਤੇ ਪੂਰਬੀ ਏਸ਼ੀਆ ਦੇ ਸਮੁੰਦਰੀ ਘਾਟਾਂ ਤੇ ਕੈਨੇਡਾ ਵਿੱਚ ਵਸ ਰਹੇ ਹਿੰਦੀਆਂ ਨੂੰ ਇਸ ਦੀ ਮਦਦ ਕਰਨ ਵਾਸਤੇ ਆਖਿਆ। ਹਾਂਗਕਾਂਗ ਤੋਂ ਲੈ ਕੇ ਧੁਰ ਵੈਨਕੋਵਰ ਤੱਕ ਸਭ ਸਮੁੰਦਰੀ ਘਾਟਾਂ ਉੱਤੋਂ 'ਗ਼ਦਰ' ਅਖਬਾਰ ਦੇ ਪਰਚੇ ਜਹਾਜ਼ ਦੇ ਮੁਸਾਫਰਾਂ ਵਿੱਚ ਵੰਡੇ ਜਾਂਦੇ ਰਹੇ। ਵੈਨਕੋਵਰ ਵਿੱਚ ਵੀ ਉਥੋਂ ਦੇ ਸਾਥੀ ਆਟੇ ਤੇ ਹੋਰ ਰਾਸ਼ਨ ਦੀਆਂ ਬੋਰੀਆਂ ਵਿੱਚ ਲੁਕਾਕੇ ਅਖਬਾਰ ਦੇ ਪਰਚੇ ਜਹਾਜ਼ ਦੇ ਮੁਸਾਫਰਾਂ ਤੱਕ ਪਹੁੰਚਾਉਂਦੇ ਰਹੇ। ਜਦ ਵੈਨਕੋਵਰ ਦੇ ਸਾਹਵੇਂ ਸਮੁੰਦਰ ਵਿੱਚ ਖੜੇ ਇਸ ਜਹਾਜ਼ ਨੂੰ ਅੰਗਰੇਜ਼ੀ ਸਾਮਰਾਜ ਦੀ ਕੈਨੇਡੀਅਨ ਸਰਕਾਰ ਨਿਰਦੈਤਾ ਦਾ ਸ਼ਿਕਾਰ ਬਣਾ ਰਹੀ ਸੀ, ਤਾਂ ਪਾਰਟੀ ਨੇ ਕੈਨੇਡਾ ਦੇ ਹਿੰਦੀਆਂ ਨੂੰ ਮੁਸਾਫਰਾਂ ਦੀ ਮਦਦ ਕਰਨ ਵਾਸਤੇ ਅਪੀਲ ਕੀਤੀ। ਇਹਨਾਂ ਦੀ ਹਮਾਇਤ ਵਿੱਚ 'ਗ਼ਦਰ' ਅਖਬਾਰ ਦਾ ਉਚੇਚਾ 'ਕਾਮਾਗਾਟਾ ਮਾਰੂ ਨੰਬਰ' ਕੱਢਿਆ। ਹਿੰਦੀ ਅੱਡਿਆਂ ਉਤੇ ਮੀਟਿੰਗਾਂ ਲਾ ਕੇ ਅੰਗਰੇਜ਼ੀ ਸਾਮਰਾਜ ਦੇ ਧੱਕੇ ਵਿਰੁੱਧ ਹਿੰਦੀਆਂ ਨੂੰ ਜਗਾਇਆ, ਜਿਸ ਨਾਲ ਹਿੰਦੀਆਂ ਅੰਦਰ ਅੰਗਰੇਜ਼ੀ ਰਾਜ ਵਿਰੁੱਧ ਗੁੱਸਾ ਹੋਰ ਪਰਬਲ ਹੋਇਆ ਤੇ ਉਹ ਪਾਰਟੀ ਦੇ ਜ਼ਿਆਦਾ ਨੇੜੇ ਹੋਏ ਤੇ ਪਾਰਟੀ ਦੇ ਕੰਮ ਤੇ ਆਕਾਰ ਵਿੱਚ ਬਹੁਤ ਵਾਧਾ ਹੋਇਆ। ਜੂਨ ਜੁਲਾਈ ਦੇ ਮਹੀਨੇ ਇਹ ਮੀਟਿੰਗਾਂ, ਸਟਾਕਟਨ, ਫਰੈਜ਼ਨੋ, ਅਪਲੈਂਡ, ਔਕਸਨਾਰਡ, ਲੌਸਏਂਜਲੀਸ, ਵੀਨਾ, ਅਸਟੇਰੀਆ, ਐਬਰਡੀਨ, ਸਿਆਟਲ, ਪੋਰਟਲੈਂਡ ਤੇ ਹੋਰ ਕਈ ਥਾਈਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਭਾਈ ਸੋਹਣ ਸਿੰਘ ਭਕਨਾ, ਭਾਈ ਭਗਵਾਨ ਸਿੰਘ ਤੇ ਮੌਲਵੀ ਬਰਕਤ ਉੱਲਾ ਬੋਲਦੇ ਰਹੇ।[2]

ਕੈਨੇਡਾ ਸਰਕਾਰ ਦੇ ਸਾਮਰਾਜੀ ਤੇ ਅਨਿਆਈ ਹਠ ਦੇ ਕਾਰਨ ਇਹ ਜਹਾਜ਼ ਮੁੜ ਗਿਆ। ਇਸ ਜਹਾਜ਼ ਦੀ ਘਟਨਾ ਨੇ ਅਮਰੀਕਾ ਦੀਪ ਤੇ ਪੂਰਬੀ ਏਸ਼ੀਆ ਦੇ ਹਿੰਦੀਆਂ ਵਿੱਚ ਅੰਗਰੇਜ਼ੀ ਸਾਮਰਾਜ ਵਿਰੁੱਧ ਪਹਿਲਾਂ ਹੀ ਉੱਠੇ ਹੋਏ ਗੁੱਸੇ ਨੂੰ ਹੋਰ ਚਮਕਾ ਦਿੱਤਾ। ਜਹਾਜ਼ ਦੇ ਮੁਸਾਫਰ ਤਾਂ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਲੋਹੇ ਲਾਖੇ ਹੋਏ ਹੋਏ ਹੀ ਸਨ। ਇਸ ਆਏ ਹੋਏ ਤਾਅ ਨੂੰ ਸੰਭਾਲਣ ਤੇ ਇਸ ਦਾ ਸੇਕ ਸਿੱਧਾ ਅੰਗਰੇਜ਼ੀ ਸਾਮਰਾਜ ਵੱਲ ਕਰਨ ਦਾ ਪਾਰਟੀ ਨੇ ਫੈਸਲਾ ਕੀਤਾ। ਪਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ ਡਿਊਟੀ ਲੱਗੀ ਕਿ ਉਹ ਇਹਨਾਂ ਮੁਸਾਫਰਾਂ ਨੂੰ ਪਾਰਟੀ ਦੀ ਲੀਹ ਦਸਣ ਤੇ ਹਿੰਦੁਸਤਾਨ ਵਿੱਚ ਜਾ ਕੇ ਅੰਗਰੇਜ਼ੀ ਪੁਲਸ ਦਾ ਮੁਕਾਬਲਾ ਕਰਨ ਤੇ ਦੇਸ਼ ਦੀ ਆਜ਼ਾਦੀ ਲਈ ਯੁੱਧ ਮਚਾਉਣ ਲਈ ਪ੍ਰੇਰਨ ਵਾਸਤੇ ਜਾਣ ਤੇ ਇਸ ਕੰਮ ਲਈ ਹਥਿਆਰ ਲੈ ਕੇ ਦੇਣ ਵਾਸਤੇ ਉਹਨਾਂ ਨੂੰ ਜਾਪਾਨ ਜਾਕੇ ਮਿਲਣ।

---

1. ਉਤਲਿਖਤ।
2. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫ਼ਾ 41

ਭਾਈ ਸੋਹਣ ਸਿੰਘ 21 ਜੁਲਾਈ, 1914 ਨੂੰ ਇਸ ਕੰਮ ਲਈ ਤੁਰ ਪਏ। ਮੁਸਾਫਰਾਂ ਨੂੰ ਦੇਣ ਲਈ ਦੋ ਪੇਟੀਆਂ ਪਿਸਤੌਲਾਂ ਦੀਆਂ ਨਾਲ ਰੱਖ ਲਈਆਂ ਤੇ ਯੋਕੋਹਾਮਾ ਪਹੁੰਚ ਗਏ। 16 ਅਗਸਤ, 1914 ਨੂੰ ਕਾਮਾਗਾਟਾ ਮਾਰੂ ਵੀ ਉਥੇ ਪਹੁੰਚ ਗਿਆ। ਭਾਈ ਸੋਹਣ ਸਿੰਘ ਜਾਪਾਨੀ ਪਾਰਟੀ ਮੈਂਬਰਾਂ ਦੀ ਸਹਾਇਤਾ ਨਾਲ ਕਾਮਾਗਾਟਾ ਮਾਰੂ ਜਹਾਜ਼ ਉਤੇ ਜਾਕੇ ਭਾਈ ਗੁਰਦਿੱਤ ਸਿੰਘ ਨੂੰ ਮਿਲੇ। ਜਹਾਜ਼ ਕਮੇਟੀ ਨਾਲ ਗੱਲਬਾਤ ਕੀਤੀ, ਉਹਨਾਂ ਨੂੰ ਪਾਰਟੀ ਪਰੋਗਰਾਮ ਨਾਲ ਸਹਿਮਤ ਕੀਤਾ ਤੇ ਦੱਸਿਆ ਕਿ ਦੇਸ਼ ਜਾ ਕੇ ਆਪਣੇ ਨਾਲ ਜਹਾਜ਼ ਵਿੱਚ ਕੀ ਕਰਨਾ ਹੈ। ਅਗਲੀ ਰਾਤ ਹਨੇਰੇ ਵਿੱਚ ਜਾਪਾਨੀ ਪਾਰਟੀ ਇਕਾਈ ਨੇ ਪਿਸਤੌਲਾਂ ਦੀਆਂ ਪੇਟੀਆਂ ਜਹਾਜ਼ ਉੱਤੇ ਚਾੜ੍ਹਕੇ ਜਹਾਜ਼ ਕਮੇਟੀ ਦੇ ਹਵਾਲੇ ਕਰ ਦਿੱਤੀਆਂ ਤੇ ਪਾਰਟੀ ਦੇ ਮਿਸ਼ਨ ਨੂੰ ਪੂਰਾ ਕੀਤਾ। ਉਪਰੰਤ ਪਰਧਾਨ ਦੀ ਡਿਊਟੀ ਸ਼ੰਘਾਈ, ਹਾਂਗਕਾਂਗ ਤੇ ਸਿੰਘਾਪੁਰ ਪਾਰਟੀ ਦੀਆਂ ਜਥੇਬੰਦੀਆਂ ਬਣਾਉਂਦੇ ਹੋਏ ਹਿੰਦੁਸਤਾਨ ਜਾਣਾ ਸੀ, ਜਿੱਥੇ ਪਾਰਟੀ ਦੇ ਕੰਮ ਨੂੰ ਜਥੇਬੰਦ ਕਰਨਾ ਸੀ।[1]

'ਗ਼ਦਰ' ਅਖ਼ਬਾਰ ਤੇ ਲਿਟਰੇਚਰ ਦੀਆਂ ਪੇਟੀਆਂ ਪੈਰਿਸ ਨੂੰ ਲਈ ਜਾਂਦੇ, ਹਾਂਗਕਾਂਗ ਵਿੱਚ ਫੜੇ ਜਾਣ ਤੋਂ ਬਚਕੇ ਭਾਈ ਭਗਵਾਨ ਸਿੰਘ ਵਾਪਸ ਜਾਪਾਨ ਪਹੁੰਚ ਗਏ। ਜਾਪਾਨ ਵਿੱਚ ਗ਼ਦਰ ਪਾਰਟੀ ਦਾ ਕਾਫੀ ਪਰਚਾਰ ਸੀ। ਮੌਲਵੀ ਬਰਕਤ ਉਲਾ ਟੋਕੀਓ ਦੀ ਯੂਨੀਵਰਸਿਟੀ ਵਿੱਚ ਫਾਰਸੀ ਤੇ ਹਿੰਦੁਸਤਾਨੀ ਦੇ ਪਰੋਫੈਸਰ ਸਨ। ਅੰਗਰੇਜ਼ ਹਕੂਮਤ ਨੇ ਜਾਪਾਨ ਹਕੂਮਤ ਨੂੰ ਸਫਾਰਤੀ ਤੱਦੀ ਦੇਕੇ ਉਹਨਾਂ ਨੂੰ ਪਰੋਫੈਸਰੀ ਤੋਂ ਜਵਾਬ ਦਿਵਾਕੇ ਤੇ ਹਿੰਦੁਸਤਾਨ ਵਿੱਚੋਂ ਇੱਕ ਅੰਗਰੇਜ਼ ਪੂਜ ਪਰੋਫੈਸਰ ਇਹਨਾਂ ਦੀ ਥਾਂ ਲਵਾ ਦਿੱਤਾ ਸੀ।[2]

ਗ਼ਦਰ ਅਖਬਾਰ ਆਉਣ ਉਤੇ ਮੌਲਵੀ ਬਰਕਤ ਉਲਾ ਨੇ ਗ਼ਦਰ ਪਾਰਟੀ ਵਲ ਰੁਖ ਕੀਤਾ। ਜਾਪਾਨ ਵਿੱਚ ਆਈਆਂ 'ਗ਼ਦਰ' ਅਖਬਾਰ ਤੇ ਪਾਰਟੀ ਲਿਟਰੇਚਰ ਦੀਆਂ ਪੇਟੀਆਂ ਅਗਾਂਹ ਹੋਰਨਾਂ ਠਿਕਾਣਿਆਂ ਉਤੇ ਪੁਚਾਉਣ ਦਾ ਕੰਮ ਤੋਰਿਆ। ਜਦ ਭਗਵਾਨ ਸਿੰਘ ਹਾਂਗਕਾਂਗ ਤੋਂ ਬਚਕੇ ਆ ਗਿਆ ਤਾਂ ਅਖਬਾਰਾਂ ਦਾ ਕੰਮ ਇੱਕ ਦੇਸ਼ ਭਗਤ ਇਨਕਲਾਬਨ ਸ੍ਰੀਮਤੀ ਫਲੋਰੈਂਸ ਮੁਜ਼ਮਦਾਰ ਦੇ ਹਵਾਲੇ ਕਰਕੇ ਮੌਲਵੀ ਤੇ ਭਾਈ ਦੋਵੇਂ 23 ਮਈ, 1914 ਨੂੰ ਗ਼ਦਰ ਆਸ਼ਰਮ ਸਾਨਫਰਾਂਸਿਸਕੋ[3] ਆ ਗਏ। ਮੌਲਵੀ ਦੇ ਆਉਣ ਤੇ ਇਨਕਲਾਬੀ ਕੰਮ ਵਿੱਚ ਪਾਰਟੀ ਦਾ ਸਾਥ ਦੇਣ ਨਾਲ ਕਈ ਹੋਰ ਮੁਸਲਮਾਨ ਪਾਰਟੀ ਵਿੱਚ ਆ ਰਲੇ। ਪਾਰਟੀ ਜਲਸਿਆਂ ਵਿੱਚ ਮੌਲਵੀ ਤੇ ਭਾਈ ਦੋਵੇਂ ਬੋਲਦੇ। ਭਾਈ ਭਗਵਾਨ ਸਿੰਘ ਦੇ ਆਉਣ ਨਾਲ ਅੰਗਰੇਜ਼ ਪੂਜਾਂ ਤੇ ਜਾਸੂਸਾਂ ਨੇ ਮਜ਼ਹਬ ਦੇ ਨਾਂ ਉੱਤੇ ਜੋ ਗੁਰਦਵਾਰੇ ਸਟਾਕਨ ਉੱਤੇ ਕਬਜ਼ਾ ਕੀਤਾ ਹੋਇਆ ਸੀ ਉਹ ਟੁੱਟ ਗਿਆ ਅਤੇ ਗੁਰਦਵਾਰੇ ਦਾ ਪਰਬੰਧ ਅੰਗਰੇਜ਼ ਪੂਜ ਹੱਥਾਂ ਵਿੱਚੋਂ ਨਿਕਲਕੇ ਦੇਸ਼ ਭਗਤਾਂ ਕੋਲ ਆ ਗਿਆ। ਮੌਲਵੀ ਦੇ ਲੇਖ ਤੇ ਭਾਈ ਦੀਆਂ ਕਵਿਤਾਵਾਂ ਨੇ 'ਗ਼ਦਰ' ਅਖਬਾਰ ਦੇ ਅਸਰ ਨੂੰ ਹੋਰ ਡੂੰਘਾ ਤੇ ਖੁੱਲ੍ਹਾ ਕਰ ਦਿੱਤਾ। ਇਹਨਾਂ ਦੋਹਾਂ ਦੀਆਂ ਤਕਰੀਰਾਂ ਦਾ ਹਿੰਦੀ ਜਲਸਿਆਂ ਵਿੱਚ ਬੜਾ ਅਸਰ ਹੁੰਦਾ, ਭਾਈ ਸੋਹਣ ਸਿੰਘ ਭਕਨਾ ਦੇ ਚਲੇ ਜਾਣ ਬਾਅਦ ਭਾਈ ਭਗਵਾਨ ਸਿੰਘ ਨੂੰ ਗ਼ਦਰ

---

1. ਹੋਮ (ਪੋਲੀਟੀਕਲ) (ਅ) ਮਾਰਚ, 1915 ਕਾਰਵਾਈ ਨੰ. 214-29, ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਸੋਹਣ ਸਿੰਘ ਭਕਨਾ ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 26
2. ਪਰਦੇਸੀ ਤੇ ਪੋਲੀਟੀਕਲ ਖੁਫੀਆ, ਇਨਟੈਲੀਜੈਨਸ, ਜੁਲਾਈ 1913 ਨੰ. 54
3. 'ਜੀਵਨ ਦਾ ਸੰਖੇਪ ਖਾਕਾ', ਸਫਾ 3

ਪਾਰਟੀ ਦਾ ਪਰਧਾਨ ਚੁਣ ਲਿਆ ਗਿਆ।[1]

ਗ਼ਦਰ ਅਖ਼ਬਾਰ ਦੇ ਨਿਕਲਣ ਤੋਂ ਪਹਿਲਾਂ ਅਮਰੀਕੀ ਤੇ ਪੂਰਬੀ ਏਸ਼ੀਆਈ ਟਾਪੂਆਂ ਦੇ ਹਿੰਦੀਆਂ ਵਿੱਚ ਆ ਰਹੀ ਜਾਗਰਤਾ ਬੜੀ ਮਧਮ ਤੇ ਬਹੁ ਰੁਖੀ ਸੀ। ਜਿੱਥੇ ਇੱਕ ਪਾਸੇ ਅੰਗਰੇਜ਼ ਪੂਜ ਖਿਆਲ ਇੱਕ ਮੁਠ ਹੋਏ ਰਹਿੰਦੇ ਸਨ, ਉਥੇ ਅੰਗਰੇਜ਼ ਵਿਰੋਧੀ ਉਠ ਰਹੀ ਜਾਗਰਤਾ ਤੇ ਏਕੇ ਦੀ ਸੂਝ ਮਜ਼ਹਬ ਤੇ ਇਲਾਕਿਆਂ ਦੇ ਵਿਤਕਰੇ ਭਰੀਆਂ ਧਾਰਾਂ ਵਿੱਚ ਵਗ ਰਹੀ ਸੀ, ਜਿਸ ਨੂੰ ਸਾਮਰਾਜੀ ਨੀਤੀ ਸ਼ਹਿ ਦੇਂਦੀ ਸੀ। ਕੌਮੀ ਏਕੇ ਤੇ ਕੌਮਪ੍ਰਸਤੀ ਦੀਆਂ ਸਲਾਹਵਾਂ ਤਾਂ ਹੋ ਰਹੀਆਂ ਸਨ, ਪਰ ਹਿੰਦੀ ਹੋਣ ਦੇ ਇਹਸਾਸ ਦੀ ਅਜੇ ਕੋਈ ਪੀਠ ਨਹੀਂ ਸੀ ਬੱਝੀ ਤੇ ਕੌਮੀ ਏਕੇ ਦਾ ਕੋਈ ਸਿਆਸੀ ਨਿਸ਼ਾਨਾ ਕਾਇਮ ਨਹੀਂ ਸੀ ਹੋਇਆ, 'ਗ਼ਦਰ' ਅਖ਼ਬਾਰ ਨੇ ਇਸ ਖਿੰਡੀ ਪੁੰਡੀ ਅੰਗਰੇਜ਼ ਵਿਰੋਧੀ ਜਾਗਰਤਾ ਨੂੰ ਪੂਰਨ ਆਜ਼ਾਦੀ ਦਾ ਸਿਆਸੀ ਨਿਸ਼ਾਨਾ ਦਿੱਤਾ, ਇਸ ਨਿਸ਼ਾਨੇ ਦੀ ਸੇਧ ਉੱਤੇ ਰਲਤੁਰਨ ਦਾ ਰਾਹ ਦੱਸਿਆ ਤੇ ਹਿੰਦੁਸਤਾਨ ਨੂੰ ਅੰਗਰੇਜ਼ੀ ਰਾਜ ਦੀ ਗੁਲਾਮੀ ਹੇਠੋਂ ਕੱਢਣ ਲਈ ਕੌਮੀ ਏਕੇ ਦੀ ਵਿਸ਼ੇਸ਼ਤਾ ਦੱਸੀ। ਹਿੰਦੀਆਂ ਵਿੱਚ ਪੈਦਾ ਹੋਈ ਇਹ ਨਵੀਂ ਸੂਝ ਫਿਰਕੇਵਾਰ ਵਿਤਕਰਿਆਂ ਦੇ ਖਿਆਲ ਉੱਤੇ ਭਾਰੂ ਹੋ ਗਈ। ਗ਼ਦਰ ਲਹਿਰ ਨੇ ਅੰਗਰੇਜ਼ ਪੂਜ, ਪਿਛਾਂ ਖਿਚੂ ਤੇ ਸੁਧਾਰਕ ਵਿਚਾਰਾਂ ਨੂੰ ਮਾਤ ਪਾ ਦਿੱਤਾ। ਸਭ ਨਿਕੀਆਂ ਮੋਟੀਆਂ ਧਾਰਾਂ ਦੇ ਵਹਿਣ ਇੱਕ ਵਾਰ ਤਾਂ ਮੱਧਮ ਪੈ ਗਏ। ਅਮਰੀਕਾ ਟਾਪੂ ਵਿੱਚ ਤਾਂ ਹੋਣੇ ਹੀ ਸਨ, ਕੈਨੇਡਾ, ਸਿੰਘਾਪੁਰ, ਹਾਂਗ ਕਾਂਗ, ਮਲਾਇਆ, ਸਿਆਮ, ਮਨੀਲੇ, ਜਾਪਾਨ, ਪਾਨਾਮਾ, ਹੰਕਾਉ ਤੇ ਸ਼ੰਘਾਈ ਆਦਿ ਥਾਵਾਂ ਵਿੱਚ ਕੌਮੀ ਜਾਗਰਤਾ ਗ਼ਦਰ ਲਹਿਰ ਵਿੱਚ ਹੋ ਤੁਰੀ ਤੇ ਇਨਕਲਾਬੀ ਨਾਅਰੇ ਗੂੰਜ ਉੱਠੇ। ਹਿੰਦੀਆਂ ਉੱਤੋਂ ਅੰਗਰੇਜ਼ੀ ਰਾਜ ਦਾ ਛਪਾ ਉਡਦਾ ਜਾਪਿਆ ਤੇ ਇਹਨਾਂ ਦੇ ਹੱਡਾਂ ਵਿੱਚੋਂ ਅੰਗਰੇਜ਼ੀ ਰਾਜ ਦਾ ਡਰ ਉਕਾ ਹੀ ਨਿਕਲ ਗਿਆ। 'ਗ਼ਦਰ' ਅਖ਼ਬਾਰ ਦੇ ਪਰਕਾਸ਼ ਹੋਣ ਨਾਲ ਮੌਲਵੀ ਬਰਕਤ ਉਲਾ ਦੇ 'ਇਸਲਾਮੀ ਭਾਈਚਾਰੇ' ਭਾਈ ਪਿਆਰਾ ਸਿੰਘ ਲੰਗੇਰੀ ਦੇ 'ਸੰਸਾਰ', ਡਾਕਟਰ ਸੁੰਦਰ ਸਿੰਘ ਦੇ 'ਆਰੀਅਨ', ਲਾਲ ਸਿੰਘ ਦੇ ਸਟਾਕਟਨ ਗੁਰਦਵਾਰੇ ਤੋਂ ਨਿਕਲੇ 'ਭਾਰਤ' ਤੇ ਰਹੀਮ ਦੇ 'ਹਿੰਦੁਸਤਾਨੀ' ਆਦਿ ਨਿੱਕੇ ਮੋਟੇ ਅਖ਼ਬਾਰਾਂ ਦੀ ਹਿੰਦੀਆਂ ਵਿੱਚ ਕੀਮਤ ਘੱਟ ਗਈ ਤੇ ਉਹ ਉਤੋੜਿਤੀ ਬੰਦ ਹੋ ਗਏ। ਇਹਨਾਂ ਟਾਪੂਆਂ ਵਿੱਚ ਭਾਵੇਂ ਅਮਰੀਕਾ ਵਰਗੀ ਨਿੱਗਰ ਜਥੇਬੰਦੀ ਨਹੀਂ ਬਣੀ, ਪਰ ਦੇਸ਼ ਭਗਤੀ ਦਾ ਉਭਾਰ, ਕੌਮੀ ਏਕੇ ਦੀ ਧਾਰ ਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਇਨਕਲਾਬੀ ਜੋਸ਼ ਹਰ ਥਾਂ ਨਜ਼ਰ ਆ ਰਹੇ ਸਨ। ਇਹਨਾਂ ਹਿੰਦੀਆਂ ਵਿੱਚ ਉਭਰ ਰਹੀ ਸਿਆਸੀ ਜਾਗਰਤਾ ਦਾ ਗ਼ਦਰ ਪਾਰਟੀ ਮੋਹਰਲਾ ਦਸਤਾ ਬਣ ਰਹੀ ਸੀ।

## ਸ਼ਾਂਤ ਸਾਗਰ ਦੇ ਏਸ਼ੀਆਈ ਟਾਪੂ

ਗ਼ਦਰ ਪਾਰਟੀ ਦੇ ਰੂਪ ਵਿੱਚ ਉਠੀ, ਬੱਝੀ ਤੇ ਚਲੀ ਇਹ ਕੌਮੀ ਇਨਕਲਾਬੀ ਲਹਿਰ ਨਿਰੀ ਅਮਰੀਕਾ ਦੇ ਉਤਰੀ ਮਹਾਂਦੀਪ ਤੱਕ ਹੀ ਸੀਮਤ ਨਹੀਂ ਰਹੀ। ਇਸ ਨੇ ਸ਼ਾਂਤ ਮਹਾਂਸਾਗਰ ਦੇ ਏਸ਼ੀਆਈ ਪਤਨਾਂ ਉੱਤੇ ਵਸ ਰਹੇ ਹਿੰਦੀਆਂ ਨੂੰ ਵੀ ਆਪਣੇ ਵਿੱਚ ਸਮੋ ਲਿਆ। ਪਾਰਟੀ ਦੇ ਅਖ਼ਬਾਰ 'ਗ਼ਦਰ' ਨੇ ਇਹਨਾਂ ਹਿੰਦੀਆਂ ਦੀ ਕੌਮੀ ਜਾਗਰਤਾ ਨੂੰ ਗ਼ਦਰ ਪਾਰਟੀ ਦੀ ਸੋਝੀ ਮਗਰ ਲਾ ਲਿਆ। ਇਹਨਾਂ ਪਤਨਾਂ ਦੇ ਸ਼ਹਿਰਾਂ ਵਿੱਚਲੇ ਹਿੰਦੀਆਂ ਵਿੱਚ ਉਭਰਕੇ ਫੈਲੀ ਗ਼ਦਰ ਲਹਿਰ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਹਰੀ ਸਿੰਘ ਉਸਮਾਨ ਦੇ ਬਿਆਨ

ਉਸੇ ਹੀ ਜੋਸ਼-ਖਰੋਸ਼ ਨਾਲ ਉਠੀ, ਜਿਸ ਤਰ੍ਹਾਂ ਅਮਰੀਕਨ ਮਹਾਂ-ਦੀਪ ਦੇ ਹਿੰਦੀਆਂ ਵਿੱਚ। ਗ਼ਦਰ ਪਾਰਟੀ ਦੀ ਇਨਕਲਾਬੀ ਸੱਦ ਉੱਤੇ ਇਹਨਾਂ ਸ਼ਹਿਰਾਂ ਤੋਂ ਵੀ ਹਜ਼ਾਰਾਂ ਹੀ ਹਿੰਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ੀ ਰਾਜ ਦੇ ਵਿਰੁੱਧ ਲੜਨ ਵਾਸਤੇ ਪੰਜਾਬ ਆਏ। ਮਨੀਲਾ, ਸ਼ੰਘਾਈ, ਹਾਂਗਕਾਂਗ, ਸਿੰਘਾਪੁਰ ਤੇ ਮਲਾਯਾ ਨੇ ਅਨੇਕਾਂ ਗ਼ਦਰੀ ਵਰਕਰ ਹਿੰਦੁਸਤਾਨ ਨੂੰ ਦਿੱਤੇ। ਇਹਨਾਂ ਵਿੱਚੋਂ ਕਈਆਂ ਦੀਆਂ ਕੁਰਬਾਨੀਆਂ ਤੇ ਕਰਨੀਆਂ ਰਹਿੰਦੀ ਦੁਨੀਆ ਤੱਕ ਅਮਰ ਰਹਿਣਗੀਆਂ। ਸਿਵਾਏ ਮਨੀਲਾ ਤੋਂ ਬਾਕੀ ਪਤਨਾਂ ਉੱਤੇ ਚੀਨੀਆਂ ਤੇ ਮਲਾਈਆਂ ਨੂੰ ਆਪਣੀ ਗੁਲਾਮੀ ਹੇਠ ਦੱਬੀ ਰੱਖਣ, ਹੁਕਮਰਾਨੀ ਦਾ ਰੋਹਬ ਜਮਾਉਣ ਤੇ ਆਪਣੇ ਰਾਜ ਕਾਜ ਨੂੰ ਉਹਨਾਂ ਤੋਂ ਉਪਰਾਂਤ ਰੱਖਣ ਲਈ ਅੰਗਰੇਜ਼ ਸਾਮਰਾਜੀ ਹਿੰਦੀਆਂ ਨੂੰ ਪੁਲਸ ਵਿੱਚ ਭਰਤੀ ਕਰਕੇ ਲੈ ਗਏ ਸਨ। ਪੁਲਸੀ ਭਰਤੀ ਤੋਂ ਵੱਧ ਹਿੰਦੀ ਅੰਗਰੇਜ਼ੀ ਤੇ ਹੋਰ ਯੋਰਪੀਨ ਕੰਪਨੀਆਂ ਵਿੱਚ ਦਰਬਾਨੀ ਦਾ ਕੰਮ ਕਰਦੇ ਸਨ। ਚੀਨੀ ਇਨਕਲਾਬ ਨੂੰ ਸਾਮਰਾਜੀ ਲਾਭਾਂ ਵਿਰੁੱਧ ਵਧਣੋਂ ਰੋਕਣ ਤੇ ਹਿੰਦੀ ਪੁਲਸ ਨੂੰ ਦਬਕਾਈ ਰੱਖਣ ਲਈ ਹਿੰਦੁਸਤਾਨੀ ਪਲਟਨਾਂ ਵੀ ਹਾਂਗਕਾਂਗ ਤੇ ਸਿੰਘਾਪੁਰ ਲਿਜਾਕੇ ਰੱਖੀਆਂ ਹੋਈਆਂ ਸਨ। ਇਸ ਤਰ੍ਹਾਂ ਕਾਫੀ ਗਿਣਤੀ ਵਿੱਚ ਹਿੰਦੀਆਂ ਨੂੰ ਅੰਗਰੇਜ਼ ਆਪਣੀ ਆਰਥਕ ਤੇ ਰਾਜਸੀ ਸੇਵਾ ਵਾਸਤੇ ਇਹਨਾਂ ਪਤਨਾਂ ਉੱਤੇ ਲੈ ਗਏ ਹੋਏ ਸਨ।

ਸ਼ੰਘਾਈ ਤੇ ਹਾਂਗ ਕਾਂਗ ਦੇ ਹਿੰਦੀਆਂ ਵਿੱਚ ਚੀਨੀ ਇਨਕਲਾਬ ਦਾ ਬੜਾ ਅਸਰ ਸੀ। ਪੁਲਸ ਦੇ ਸਪਾਹੀਆਂ ਵਿੱਚ ਗੋਰਿਆਂ ਨਾਲੋਂ ਘੱਟ ਤਨਖਾਹਾਂ ਹੋਣ ਉੱਤੇ ਵਿਚਾਰਾਂ ਪੈਦਾ ਹੋਣੀਆਂ ਸ਼ੁਰੂ ਹੋਈਆਂ, ਜੋ ਵਧਕੇ ਹੜਤਾਲਾਂ ਤੱਕ ਗਈਆਂ।[1] ਇਹਨਾਂ ਸ਼ਹਿਰਾਂ ਤੋਂ ਹਿੰਦੀ ਨੌਕਰੀਆਂ ਛੱਡ ਛੱਡ ਅਮਰੀਕਾ ਤੇ ਕੈਨੇਡਾ ਨੂੰ ਜਾਣੇ ਸ਼ੁਰੂ ਹੋਏ। ਜਦ ਕੈਨੇਡਾ ਤੇ ਅਮਰੀਕਾ ਨੇ ਹਿੰਦੀਆਂ ਦੇ ਆਉਣ ਉਤੇ ਪਾਬੰਦੀਆਂ ਲਾ ਦਿੱਤੀਆਂ ਤਾਂ ਉਹਨਾਂ ਦਾ ਕੁਦਰਤੀ ਅਸਰ ਇਹਨਾਂ ਟਾਪੂਆਂ ਦੇ ਹਿੰਦੀਆਂ ਉੱਤੇ ਪੈਣਾ ਸੀ, ਜੋ ਆਪ ਵੀ ਅਮਰੀਕਾ ਜਾਣ ਲਈ ਤਾਂਘਦੇ ਜਾਂ ਆਪਣੇ ਰਿਸ਼ਤੇਦਾਰਾਂ ਤੇ ਭਾਈ ਬੰਦਾਂ ਨੂੰ ਭੇਜਣ ਲਈ ਆਪਣੇ ਪਾਸ ਮੰਗਵਾਈ ਬੈਠੇ ਸਨ। ਇਸ ਲਈ ਸਾਮਰਾਜੀਆਂ ਦੇ ਇਸ ਨਸਲੀ ਤੇ ਕੌਮੀ ਵਿਤਕਰੇ ਤੇ ਈਰਖਾ ਦਾ ਜੋ ਅਸਰ ਅਮਰੀਕਾ ਤੇ ਕੈਨੇਡਾ ਦੇ ਹਿੰਦੀਆਂ ਉੱਤੇ ਪਿਆ, ਉਹੀ ਇਹਨਾਂ ਟਾਪੂਆਂ ਦੇ ਹਿੰਦੀਆਂ ਤੇ ਵੀ ਪਿਆ। ਇਹਨਾਂ ਵਿੱਚ ਅੰਗਰੇਜ਼ ਵਿਰੋਧੀ ਕੌਮੀ ਵਿਚਾਰਾਂ ਉਠੀਆਂ ਤੇ ਏਕੇ ਦੀ ਸੋਝੀ ਵਲ ਹੋ ਤੁਰੀਆਂ। ਜੋ ਗ਼ਦਰ ਪਾਰਟੀ ਦੇ ਵਜੂਦ ਵਿੱਚ ਆਉਣ ਉਤੇ ਉਸ ਦੀ ਲਹਿਰ ਵਿੱਚ ਵਗ ਪਈਆਂ।

ਇਹਨਾਂ ਟਾਪੂਆਂ ਵਿੱਚ ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਮਲਾਯਾ, ਮਨੀਲਾ, ਸਿਆਮ, ਜਾਪਾਨ ਤੇ ਪਨਾਮਾ ਪਾਰਟੀ ਦੀਆਂ ਸ਼ਾਖਾਂ ਬਣ ਗਈਆਂ। ਭਾਈ ਭਗਵਾਨ ਸਿੰਘ ਤੇ ਭਾਈ ਸੰਤੋਖ ਸਿੰਘ ਦੇ ਦੌਰਿਆਂ ਤੇ ਗ਼ਦਰੀ ਲੀਡਰਾਂ ਦੇ ਹਿੰਦ ਨੂੰ ਆਉਂਦਿਆਂ ਇਹਨਾਂ ਟਾਪੂਆਂ ਉੱਤੇ ਉਤਰਨ ਤੇ ਪਾਰਟੀ ਜਥੇਬੰਦੀਆਂ ਦੀਆਂ ਮੀਟਿੰਗਾਂ ਵਿੱਚ ਬੋਲਣ ਨਾਲ ਇਹਨਾਂ ਟਾਪੂਆਂ ਵਿੱਚ ਗ਼ਦਰ ਲਹਿਰ ਚਮਕ ਪਈ ਤੇ ਅਨੇਕਾਂ ਹਿੰਦੀ ਦੇਸ਼ ਜਾ ਕੇ ਲਹਿਰ ਵਿੱਚ ਸ਼ਾਮਲ ਹੋਏ। ਸਿੰਘਾਪੁਰ ਦੀ ਜਥੇਬੰਦੀ ਨੂੰ ਤਾਂ ਪੰਜਵੀਂ ਹੌਲੀ ਪਲਟਨ ਦੀ ਬਗਾਵਤ ਕਰਵਾ ਦੇਣ ਦਾ ਮਾਣ ਪ੍ਰਾਪਤ ਹੈ। ਮਨੀਲਾ, ਸ਼ੰਘਾਈ, ਹਾਂਗਕਾਂਗ ਤੇ ਬੰਕਾਕ ਨੇ ਗ਼ਦਰ ਪਾਰਟੀ ਨੂੰ ਬੜੀਆਂ ਕਰਨੀਆਂ ਤੇ ਕੁਰਬਾਨੀਆਂ ਵਾਲੇ ਦੇਸ਼ ਭਗਤ ਬੰਦੇ ਦਿੱਤੇ ਹਨ।

---

1. ਹਰਨਾਮ ਸਿੰਘ ਕਸੇਲ ਦੀ ਸ਼ੰਘਾਈ ਤੇ ਹਰਦਿਤ ਸਿੰਘ ਲੰਮੇ ਦਾ ਹਾਂਗਕਾਂਗ ਬਾਰੇ ਬਿਆਨ

## ਸ਼ੰਘਾਈ

ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਬਹੁਤ ਸਾਰੇ ਹਿੰਦੀ ਪੁਲਸ ਤੇ ਦਰਬਾਨਾਂ ਦੀ ਨੌਕਰੀ ਕਰਨ ਲਈ ਸ਼ੰਘਾਈ ਪਹੁੰਚੇ ਹੋਏ ਸਨ, ਇਹਨਾਂ ਵਿੱਚੋਂ ਬਾਹਲੇ ਪੰਜਾਬੀ ਸਨ। ਸ਼ੰਘਾਈ ਤੇ ਕੈਨਟਨ ਉਹਨਾਂ ਦਿਨਾਂ ਵਿੱਚ ਚੀਨ ਵਿੱਚ ਹੋ ਰਹੇ ਚੀਨੀ ਕੌਮੀ ਇਨਕਲਾਬ ਦੇ ਗੜ੍ਹ ਸਨ। ਚੀਨੀਆਂ ਦੇ ਗੋਰੇ ਸਾਮਰਾਜੀਆਂ ਵਿਰੁੱਧ ਰੋਸ, ਗੁੱਸੇ ਤੇ ਨਫਰਤ ਅਤੇ ਆਜ਼ਾਦੀ ਲਈ ਲੜ ਮਰਨ ਦੀ ਤੜਪ ਦਾ ਇਹਨਾਂ ਹਿੰਦੀਆਂ ਉਤੇ ਅਸਰ ਪੈਂਦਾ ਸੀ। ਹਿੰਦੀਆਂ ਵਿੱਚ ਵੀ ਕੌਮੀ ਜਾਗ ਲਗ ਰਹੀ ਸੀ। ਉਹਨਾਂ ਨੂੰ ਆਪਣੇ ਹੱਕਾਂ ਦਾ ਗਿਆਨ ਹੋ ਰਿਹਾ ਸੀ ਤੇ 'ਅੰਗਰੇਜ਼ ਮਾਈ ਬਾਪ' ਦਾ ਭਰਮ ਉੱਡ ਰਿਹਾ ਸੀ। ਉਹਨਾਂ ਨੇ ਪੰਜਾਂ ਚਹੁੰ ਸਾਲਾਂ ਵਿੱਚ ਹੀ ਆਪਣੀਆਂ ਤਨਖਾਹਾਂ ਵਧਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਸ਼ੰਘਾਈ ਗੁਰਦਵਾਰਾ ਬਣ ਚੁੱਕਾ ਸੀ, ਜੋ ਹਿੰਦੀ ਏਕੇ ਤੇ ਮਿਲਾਪ ਦੀ ਸਰੀਰਕ ਨਿਸ਼ਾਨੀ ਸੀ। ਇਥੇ ਹਿੰਦੀਆਂ ਦੇ ਮਸਲਿਆਂ ਤੋਂ ਦੁਖ ਤਕਲੀਫਾਂ ਉਤੇ ਵਿਚਾਰਾਂ ਹੁੰਦੀਆਂ, ਘੋਲ ਦੇ ਰਾਹ ਨਿਕਲਦੇ, ਜੋ ਅਰਜ਼ੀਆਂ ਪਰਚਿਆਂ ਤੋਂ ਵਧਕੇ 1907 ਵਿੱਚ ਪੁਲਸ ਹੜਤਾਲ ਦੀ ਸ਼ਕਲ ਵਿੱਚ ਉਭਰੇ। ਇਸ ਘੋਲ ਨੇ ਕੌਮੀ ਸੋਝੀ ਵਾਲੇ ਕਈ ਵਰਕਰ ਪੈਦਾ ਕਰ ਦਿਤੇ ਤੇ ਵਰਕਰਾਂ ਵਿੱਚੋਂ ਅਗਾਂਹ ਲਹਿਰ ਦੇ ਮੋਢੀ ਨਿਕਲ ਆਏ। ਭਾਈ ਹਰਨਾਮ ਸਿੰਘ ਕਸੇਲ, ਹੌਲਦਾਰ ਸੰਗ ਸਿੰਘ ਰੂੜੀ ਵਾਲਾ, ਜਨਮੇਜਾ ਸਿੰਘ ਸੁਰ ਸਿੰਘ ਆਦਿ ਇਸ ਹੜਤਾਲ ਦੇ ਮੋਢੀ ਸਨ।[1]

ਆਪਣੇ ਘੋਲ ਤੇ ਚੀਨੀ ਇਨਕਲਾਬ ਦੇ ਅਸਰ ਹੇਠ ਇਹ ਲਹਿਰ ਅਗਲਿਆਂ ਸਾਲਾਂ ਵਿੱਚ ਹੋਰ ਵਧੀ। 29-30 ਜੁਲਾਈ, 1914 ਨੂੰ ਗ਼ਦਰ ਪਾਰਟੀ ਵਲੋਂ ਭਾਈ ਸੁੰਦਰ ਸਿੰਘ ਦੋਲੋਨੰਗਲ (ਅੰਮ੍ਰਿਤਸਰ) ਤੇ ਡਾਕਟਰ ਮਥਰਾ ਸਿੰਘ ਢੁਡਿਆਲ ਆਏ ਤੇ ਉਹਨਾਂ ਨੇ ਪਾਰਟੀ ਦਾ ਪਰਚਾਰ ਆਰੰਭ ਕੀਤਾ।[2] ਕਾਮਾਗਾਟਾ ਮਾਰੂ ਦੀ ਮੁਹਿੰਮ ਚਲੀ। 'ਗ਼ਦਰ' ਅਖਬਾਰ ਤੇ ਪਾਰਟੀ ਦੀਆਂ ਹੋਰ ਛਪਤਾਂ ਆਉਣ ਲੱਗ ਪਈਆਂ। ਕਾਮਾਗਾਟਾ ਮਾਰੂ ਵਿੱਚ ਚੜ੍ਹਕੇ ਇਥੋਂ ਬਹੁਤ ਸਾਰੇ ਹਿੰਦੀ ਕੈਨੇਡਾ ਦੀ ਸਰਕਾਰ ਨਾਲ ਮੱਥਾ ਲਾਉਣ ਗਏ। ਜਹਾਜ਼ ਵਾਪਸ ਮੋੜ ਦਿੱਤਾ ਗਿਆ। ਗ਼ਦਰ ਪਾਰਟੀ ਦੇ ਪਰਧਾਨ ਭਾਈ ਸੋਹਣ ਸਿੰਘ ਭਕਨਾ ਨਾਲ ਕਾਇਮ ਹੋਏ ਸੰਬਧ ਅਨੁਸਾਰ ਭਾਈ ਹਰਨਾਮ ਸਿੰਘ ਕਹੂਟਾ ਤੇ ਭਾਈ ਬੀਰ ਸਿੰਘ ਬਿੜ੍ਹਿੰਗ (ਜਲੰਧਰ) ਨੂੰ ਜਾਪਾਨ ਤੋਂ ਹੀ ਸ਼ੰਘਾਈ ਨੂੰ ਭੇਜ ਦਿੱਤਾ ਗਿਆ, ਕਿਉਂਕਿ ਜਹਾਜ਼ ਨੂੰ ਸਿੱਧਾ ਹਾਂਗਕਾਂਗ ਜਾਣ ਦਾ ਹੁਕਮ ਸੀ। ਇਹਨਾਂ ਦੀ ਕਾਮਾਗਾਟਾ ਮਾਰੂ ਨਾਲ ਹੋਏ ਧੱਕੇ ਬਾਰੇ ਸ਼ੰਘਾਈ ਤੇ ਹੋਰ ਰਾਹ ਦੇ ਘਾਟਾਂ ਉੱਤੇ ਹਿੰਦੀਆਂ ਵਿੱਚ ਪਰਚਾਰ ਕਰਨ ਦੀ ਡਿਊਟੀ ਲਾਈ ਗਈ। ਇਹਨਾਂ ਨੇ ਸ਼ੰਘਾਈ ਦੇ ਹਿੰਦੀਆਂ ਨੂੰ ਕਾਮਾਗਾਟਾ ਮਾਰੂ ਨਾਲ ਵਾਪਰੀ ਕਹਾਣੀ ਤੇ ਅੰਗਰੇਜ਼ ਸਾਮਰਾਜੀਆਂ ਦੇ ਦੁਸ਼ਮਣੀ ਭਰੇ ਰਵਈਏ ਦੇ ਕਿੱਸੇ ਦੱਸੇ। ਇਹਨਾਂ ਦੇ ਮਗਰੇ ਹੀ ਭਾਈ ਸੋਹਣ ਸਿੰਘ ਭਕਨਾ ਪਰਧਾਨ ਗ਼ਦਰ ਪਾਰਟੀ ਵੀ ਹਿੰਦ ਨੂੰ ਜਾਂਦੇ ਹੋਏ ਏਥੇ ਉਤਰੇ।[3] ਉਹਨਾਂ ਇੱਥੋਂ ਦੇ ਹਿੰਦੀ ਆਗੂਆਂ ਨਾਲ ਮਿਲਕੇ ਗ਼ਦਰ ਲਹਿਰ ਨੂੰ ਹੋਰ ਤੇਜ਼ ਕੀਤਾ।

ਸ਼ੰਘਾਈ ਦੇ ਹਿੰਦੀਆਂ ਅੰਦਰ ਰਾਜਸੀ ਸੂਝ ਕਾਮਾਗਾਟਾ ਮਾਰੂ ਦੇ ਸਾਕੇ ਤੋਂ ਪਹਿਲਾਂ ਹੀ

---

1. ਭਾਈ ਹਰਨਾਮ ਸਿੰਘ ਕਸੇਲ ਦਾ ਬਿਆਨ।
2. ਦੂਸਰਾ ਲਾਹੌਰ ਸਾਜ਼ਿਸ਼ ਕੇਸ, ਸਫਾ 23
3. ਉਤਲਿਖਤ, ਬਾਬਾ ਸੋਹਣ ਸਿੰਘ ਦਾ ਬਿਆਨ, ਸਫਾ 20-21

ਅੰਗਰੇਜ਼ੀ ਰਾਜ ਵਿਰੋਧੀ ਲਹਿਰ ਵਿੱਚ ਪਰਤਨ ਲੱਗ ਪਈ ਸੀ। 'ਗ਼ਦਰ' ਅਖਬਾਰ ਤੇ ਪਾਰਟੀ ਦੀਆਂ ਹੋਰ ਛਪਤਾਂ ਏਥੇ ਆਉਂਦੀਆਂ, ਵੰਡੀਆਂ ਜਾਂਦੀਆਂ ਤੇ ਚੀਨ ਦੇ ਹੋਰਨਾਂ ਸ਼ਹਿਰਾਂ ਵਿੱਚ ਵਸ ਰਹੇ ਹਿੰਦੀਆਂ ਨੂੰ ਭੇਜੀਆਂ ਜਾਂਦੀਆਂ।[1] ਪਾਰਟੀ ਦੇ ਇਸ ਪਰਚਾਰ ਨੇ ਹਿੰਦੀਆਂ ਦੀ ਕੌਮੀ ਲਹਿਰ ਨੂੰ ਇਨਕਲਾਬੀ ਰੋਹ ਚਾਹੜ ਦਿੱਤਾ। ਪਾਰਟੀ ਦੀ ਬਾਕਾਇਦਾ ਇਕਾਈ ਕੰਮ ਕਰਨ ਲੱਗ ਪਈ। ਹਰ ਹਫ਼ਤੇ ਗੁਰਦਵਾਰੇ ਮੀਟਿੰਗਾਂ ਹੁੰਦੀਆਂ, 'ਗ਼ਦਰ' ਅਖਬਾਰ ਪੜ੍ਹਿਆ ਤੇ ਵੰਡਿਆ ਜਾਂਦਾ। ਗੁਜਰ ਸਿੰਘ ਭਕਨਾ ਤੇ ਵਸਾਖਾ ਸਿੰਘ ਦਦੇਹਰ ਇਸ ਲਹਿਰ ਦੇ ਮੋਢੀ ਸਨ। ਡਾਕਟਰ ਮਥਰਾ ਸਿੰਘ ਕੋਹਲੀ ਵੀ ਹਾਂਗਕਾਂਗ ਤੋਂ ਆ ਜਾਂਦੇ ਸਨ ਤੇ ਪਾਰਟੀ ਪਰਚਾਰ ਕਰਦੇ ਸਨ। ਇਹਨਾਂ ਤੋਂ ਇਲਾਵਾ ਭਾਈ ਰਾਮ ਸਿੰਘ ਲੁਧਿਆਣਾ, ਭਾਈ ਕਿਹਰ ਸਿੰਘ ਮਰਹਾਣਾ, ਪੰਡਤ ਆਤਮਾ ਰਾਮ ਜਾਹਮਣ, ਠਾਕਰ ਸਿੰਘ ਕਾਲਾ ਸੰਘਾ, ਪਰੇਮ ਸਿੰਘ, ਇੰਦਰ ਸਿੰਘ, ਗੰਡਾ ਸਿੰਘ ਤੇ ਕੇਸਰ ਸਿੰਘ ਸੁਨਿਆਰਾ, ਸੁਰ ਸਿੰਘ ਕਰਮ ਚੰਦ ਕੋਹਲੀ, ਬਿਸ਼ਨ ਸਿੰਘ ਤੇ ਅਜੈਬ ਸਿੰਘ ਵਰਪਾਲ, ਹਰਨਾਮ ਸਿੰਘ ਰਸੂਲਪੁਰ, ਜਿੰਦਰ ਸਿੰਘ ਨੌਸ਼ਹਿਰਾ ਪਨੂਆਂ, ਚਾਨਣ ਸਿੰਘ ਬੂੜਚੰਦ, ਠਾਕਰ ਸਿੰਘ ਠਠੀਆਂ, ਹਰੀ ਸਿੰਘ ਕੱਕੜ, ਸ਼ਿਵਦਿਆਲ ਕਪੂਰ ਘਣੂਪੁਰ ਕਾਲੇ (ਜ਼ਿਲਾ ਅੰਮ੍ਰਿਤਸਰ), ਤੇਜਾ ਸਿੰਘ ਭਿਖੀਵਿੰਡ, ਸੂਜਾ ਸਿੰਘ ਵਲਟੋਹਾ (ਜ਼ਿਲ੍ਹਾ ਲਾਹੌਰ) ਤੇ ਸਰਵਣ ਸਿੰਘ ਗੁਜਰਵਾਲ ਆਦਿ ਵਰਨਣ ਯੋਗ ਵਰਕਰ ਸਨ।[2] ਡਾਕਟਰ ਮਥਰਾ ਸਿੰਘ ਨੂੰ ਪਾਰਟੀ ਨੇ ਕੈਲੇਫੋਰਨੀਆ ਤੋਂ ਪਰਚਾਰ ਵਾਸਤੇ ਹਾਂਗਕਾਂਗ, ਘਲਿਆ ਸੀ।[3]

ਅੰਗਰੇਜ਼ੀ ਹਾਕਮਾਂ ਨੇ ਇਸ ਲਹਿਰ ਨੂੰ ਤਾੜਿਆ ਤੇ ਰੋਕਣ ਲਈ ਬੜੇ ਸਖਤ ਚਾਰੇ ਕੀਤੇ। ਸਭ ਤੋਂ ਪਹਿਲਾਂ ਪੰਡਤ ਹਰਨਾਮ ਦਾਸ ਪਿੰਡ ਵਾਂ ਜ਼ਿਲਾ ਲਾਹੌਰ ਨੂੰ 'ਗ਼ਦਰ' ਅਖਬਾਰ ਮੰਗਵਾਉਣ ਤੇ ਵੰਡਣ ਦੇ ਦੋਸ਼ ਵਿੱਚ ਸ਼ੰਘਾਈ ਤੋਂ ਬਦਰ ਕਰਕੇ ਪਿੰਡ ਲਿਜਾਕੇ ਬੰਦ ਕਰ ਦਿੱਤਾ।[4] ਗੁਜਰ ਸਿੰਘ ਨੂੰ ਭਾਈ ਭਗਵਾਨ ਸਿੰਘ ਗ਼ਦਰ ਪਾਰਟੀ ਦੇ ਦੂਜੇ ਪਰਧਾਨ ਦੀ ਤਾਰ ਆਈ, ਜੋ ਪੁਲਸ ਨੇ ਪੜ੍ਹ ਲਈ। ਇਸ ਕਰਕੇ ਭਾਈ ਜੀ ਤੇ ਰਾਮ ਸਿੰਘ ਲੁਧਿਆਣਾ ਨੂੰ ਵੀ ਸ਼ੰਘਾਈ ਤੋਂ ਕੱਢ ਦਿੱਤਾ ਗਿਆ।[5] 'ਗ਼ਦਰ' ਅਖਬਾਰ ਤੇ ਪਾਰਟੀ ਦੀਆਂ ਹੋਰ ਛਪਤਾਂ ਡਾਕਖਾਨੇ ਤੇ ਜਹਾਜ਼ਾਂ ਉੱਤੋਂ ਫੜਕੇ ਜ਼ਬਤ ਕਰ ਲਈਆਂ ਜਾਂਦੀਆਂ। ਪੁਲਸੀਆਂ ਦੇ ਮੀਟਿੰਗਾਂ ਵਿੱਚ ਸ਼ਾਮਲ ਹੋਣ ਉਤੇ ਪਾਬੰਦੀਆਂ ਲਾਈਆਂ ਗਈਆਂ। ਪਰ ਗ਼ਦਰ ਲਹਿਰ ਫੈਲਣ ਤੇ ਵਧਣ ਤੋਂ ਨਾ ਰੁਕੀ ਅਖਬਾਰ ਤੇ ਡਾਕ ਸ਼ੰਘਾਈ ਦੇ ਚੀਨੀ ਇਲਾਕੇ ਵਿੱਚ ਆਉਣ ਲੱਗ ਪਈ, ਜੋ ਚੀਨੀ ਪਤਿਆਂ ਉੱਤੇ ਆਉਂਦੀ। ਉਥੋਂ ਵਰਕਰ ਚੋਰੀ ਜਾ ਕੇ ਲੈ ਆਉਂਦੇ ਤੇ ਵੰਡ ਦਿੰਦੇ। ਵੱਡੀਆਂ ਮੀਟਿੰਗਾਂ ਵੀ ਚੀਨੀ ਡੇਰਿਆਂ ਉੱਤੇ ਹੁੰਦੀਆਂ।

ਜਦ ਅਮਰੀਕਾ ਤੋਂ ਗ਼ਦਰੀ ਲੀਡਰਾਂ ਦਾ ਜਹਾਜ਼ ਜਾਪਾਨ ਆ ਕੇ ਲੱਗਾ ਤਾਂ ਉਥੋਂ ਭਾਈ ਨਿਧਾਨ ਸਿੰਘ ਚੁਘਾ ਤੇ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਸ਼ੰਘਾਈ ਭੇਜਿਆ ਗਿਆ ਤੇ ਬਾਕੀ

---

1. ਭਾ. ਈਸ਼ਰ ਸਿੰਘ ਸੰਧਵਾਂ ਤੇ ਇੰਦਰ ਸਿੰਘ ਸੁਰਸਿੰਘ ਦਾ ਬਿਆਨ।
2. ਦੂਸਰਾ ਲਾਹੌਰ ਸਾਜ਼ਿਸ਼ ਕੇਸ।
3. ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ ਤੇ 'ਗ਼ਦਰ ਸਾਜ਼ਸ਼ ਦੀ ਵਿਥਿਆ', ਸਫ਼ਾ 81 ਤੇ 133।
4. ਹੋਮ (ਪੋਲੀਟੀਕਲ) ਓ. ਜਨਵਰੀ, 1915, ਕਾਰਵਾਈ ਨੰ. 188-97।
5. ਹੋਮ (ਪੋਲੀਟੀਕਲ) ਅ. ਅਗਸਤ, 1916 ਨੰ. 127।

ਸਭ ਮਨੀਲਾ ਨੂੰ ਚਲੇ ਗਏ। ਇਹਨਾਂ ਦੀ ਅਗਵਾਈ ਹੇਠ ਲਹਿਰ ਨੇ ਹੋਰ ਛਾਲਾਂ ਮਾਰੀਆਂ ਤੇ 40, 50 ਗ਼ਦਰੀ ਦੇਸ ਜਾਣ ਲਈ ਉਹਨਾਂ ਦੇ ਨਾਲ ਹੀ ਤੁਰ ਗਏ। ਇਹਨਾਂ ਤੋਂ ਛੁੱਟ ਹੋਰ ਭਾਈ ਧਿਆਨ ਸਿੰਘ ਉਮਰਪੁਰ, ਭਾਈ ਹਜ਼ਾਰਾ ਸਿੰਘ ਦਦੇਹਰ, ਭਾਈ ਪਾਲਾ ਸਿੰਘ ਤੇ ਹੋਰ ਸਾਥੀ ਅਮਰੀਕਾ ਤੋਂ ਦੇਸ਼ ਨੂੰ ਜਾਂਦੇ ਹੋਏ ਪਰਚਾਰ ਵਾਸਤੇ ਏਥੇ ਉਤਰੇ। ਉਪਰੰਤ ਭਾਈ ਭਗਵਾਨ ਸਿੰਘ ਪਰਧਾਨ ਤੇ ਭਾਈ ਸੰਤੋਖ ਸਿੰਘ ਜਨਰਲ ਸਕੱਤਰ ਗ਼ਦਰ ਪਾਰਟੀ ਆਪ ਸ਼ੰਘਾਈ ਆਏ ਤੇ ਹਿੰਦੀਆਂ ਨੂੰ ਪ੍ਰੇਰਕੇ ਦੇਸ਼ ਨੂੰ ਤੋਰਿਆ। ਭਾਈ ਸੰਤੋਖ ਸਿੰਘ ਨੇ ਬੰਕਾਕ ਵਿੱਚ ਗ਼ਦਰ ਲਹਿਰ ਦਾ ਨਵਾਂ ਅੱਡਾ ਬਨਾਉਣ ਲਈ ਸ਼ੰਘਾਈ ਤੋਂ ਬਹੁਤ ਸਹਾਇਤਾ ਲਈ। ਪੰਡਤ ਆਤਮਾ ਰਾਮ ਜਾਹਮਣ, ਸ਼ਿਵਦਿਆਲ ਕਪੂਰ ਤੇ ਭਾਈ ਠਾਕਰ ਸਿੰਘ ਕਾਲਾ ਸੰਘਾ ਭਾਈ ਸੰਤੋਖ ਸਿੰਘ ਨਾਲ ਬੰਕਾਕ ਗਏ।[1]

## ਹਾਂਗਕਾਂਗ

ਹਾਂਗਕਾਂਗ ਅੰਗਰੇਜ਼ੀ ਸਾਮਰਾਜ ਦਾ ਸ਼ਾਂਤ ਸਾਗਰ ਤੇ ਏਸ਼ੀਆਈ ਕੰਢੇ ਉਤੇ ਚੀਨ ਤੋਂ ਖੋਹਕੇ ਮਲਿਆ ਹੋਇਆ ਆਖਰੀ ਤੇ ਇਕੱਲਾ ਅੱਡਾ ਹੈ। ਜੋ, ਇੱਕ ਤਾਂ ਅੰਗਰੇਜ਼ਾਂ ਦੇ ਉਹਨਾਂ ਦਿਨਾਂ ਦੇ ਤਾਣ ਦੇ ਕਾਰਨ, ਸਮੁੰਦਰੀ ਆਵਾਜਾਈ ਦੇ ਆਪਣੇ ਠੋਸੇ ਹੋਏ ਸਾਮਰਾਜੀ ਕਾਨੂੰਨਾਂ ਨੂੰ ਦੂਜਿਆਂ ਦੇਸ਼ਾਂ ਦੇ ਜਹਾਜ਼ਾਂ ਉੱਤੇ ਜੜੀ ਰੱਖਣ, ਦੂਸਰੇ, ਚੀਨ ਜਿਹੇ ਨੀਮ ਗੁਲਾਮ ਦੇਸ਼ ਨੂੰ ਆਪਣੀ ਫੌਜੀ ਧੌਂਸ ਦੇਣ ਲਈ ਬੜਾ ਭਾਰੀ ਫੌਜੀ ਤੇ ਸਮੁੰਦਰੀ ਅੱਡਾ ਬਣਾਇਆ ਹੋਇਆ ਸੀ। ਇਥੇ ਗੋਰਿਆਂ ਤੋਂ ਇਲਾਵਾ ਹਿੰਦੁਸਤਾਨ ਦੀਆਂ ਵੀ ਤਿੰਨ ਚਾਰ ਪਲਟਨਾਂ ਹਮੇਸ਼ਾਂ ਜਮੀਆਂ ਰਹਿੰਦੀਆਂ ਸਨ। ਗੱਲ ਕੀ ਚੀਨ ਦੀ ਮਹਾਨ ਧਰਤੀ ਦੀ ਹਿੱਕ ਉੱਤੇ ਬੀੜੀ ਹੋਈ ਇਹ ਅੰਗਰੇਜ਼ੀ ਤੋਪ ਸੀ।

ਇਸ ਟਾਪੂ ਵਿੱਚ ਆਈ ਜਾਗਰਤਾ ਕੇਵਲ ਹਿੰਦੀ ਮੁਸਾਫਰਾਂ ਤੱਕ ਹੀ ਸੀਮਤ ਨਾ ਰਹੀ, ਉਹ ਸਾਰੇ ਹਿੰਦੀਆਂ ਅੰਦਰ ਆਈ, ਭਾਵੇਂ ਉਹ ਪੁਲਸੀਏ ਸਨ, ਭਾਵੇਂ ਦਰਬਾਨ, ਭਾਵੇਂ ਫੌਜੀ ਤੇ ਭਾਵੇਂ ਅਮਰੀਕਾ ਤੇ ਕੈਨੇਡਾ ਨੂੰ ਜਾਣ ਵਾਲੇ ਮੁਸਾਫਰ। ਏਥੇ ਵੀ ਹਿੰਦੀ ਪੁਲਸ ਵਿੱਚ ਤਨਖਾਹ ਉੱਤੇ ਹੜਤਾਲ ਹੋਈ। ਜਿਸ ਤੋਂ ਪੁਲਸੀਆਂ ਦੀ ਤਨਖਾਹ ਵੱਧ ਗਈ। ਇਸ ਹੜਤਾਲ ਦੇ ਲੀਡਰ ਡਾ. ਭਗਤ ਸਿੰਘ ਸੁਰਸਿੰਘ ਤੇ ਭਾਈ ਹਰਦਿਤ ਸਿੰਘ ਲੰਮੇ ਜਟਪੁਰਾ ਸਨ।[2] ਹਾਂਗਕਾਂਗ ਦੀ ਸਿਆਸੀ ਜਾਗਰਤਾ ਨੂੰ ਇਸ ਤਰ੍ਹਾਂ ਨਾਲ ਅਮਰੀਕਾ ਦੀ ਜਾਗਰਤਾ ਨਾਲੋਂ ਵੀ ਪਹਿਲ ਪਰਾਪਤ ਹੈ। ਭਾਈ ਹਰਨਾਮ ਸਿੰਘ ਗੁਜਰਵਾਲ ਲਿਖਦੇ ਹਨ ਕਿ 1907-8 ਵਿੱਚ ਉਥੇ ਸ਼ਿਆਸੀ ਪਰਚਾਰ ਸ਼ੁਰੂ ਸੀ। ਹੋਤੀ ਲਾਲ ਵਰਮਾ ਤੇ ਮੌਲਵੀ ਬਰਕਤ ਉਲਾ ਉਥੇ ਆਏ। ਪਹਿਲਾਂ ਹੋਤੀ ਲਾਲ ਨੇ ਦਰਬਾਨਾਂ ਵਿੱਚ ਪਰਚਾਰ ਕੀਤਾ, ਫੇਰ ਫੌਜਾਂ ਵਿੱਚ। ਉਜਾਗਰ ਸਿੰਘ ਉਸ ਵੇਲੇ ਸਿਆਸੀ ਲੀਡਰ ਸੀ ਤੇ ਭਾਈ ਭਗਵਾਨ ਸਿੰਘ ਵੀ ਗਰੰਥੀ ਲਗੇ ਹੋਏ ਰਾਜਸੀ ਪਰਚਾਰ ਕਰਦੇ ਸਨ। ਭਾਈ ਭਗਵਾਨ ਸਿੰਘ ਬੜੇ ਅਸਰਪਾਊ ਪਰਚਾਰਕ ਸਨ। ਏਥੇ ਕੋਈ 7000 ਹਿੰਦੀ ਸਨ, ਜਿਹਨਾਂ ਵਿੱਚ ਜ਼ਿਆਦਾ ਪੰਜਾਬੀ ਹੀ ਸਨ। ਭਾਈ ਭਗਵਾਨ ਸਿੰਘ ਦੇ ਕੌਮੀ ਵਿਚਾਰਾਂ ਦੇ ਪਰਚਾਰ ਤੋਂ ਅੰਗਰੇਜ਼ ਅਫਸਰ ਬਹੁਤ ਔਖੇ ਹੋਏ ਤੇ ਭਾਈ ਜੀ ਨੂੰ ਇੱਕ ਵਾਰ 1911 ਤੇ ਦੂਸਰੀ ਵਾਰ 1912 ਵਿੱਚ ਗਰਿਫਤਾਰ

---

1. ਉਤਲਿਖਤ ਮੁਕਦਮਾ।
2. ਹਰਦਿਤ ਸਿੰਘ ਲੰਮੇ ਜਟਪੁਰਾ ਦਾ ਬਿਆਨ।

ਕਰ ਲਿਆ ਗਿਆ। ਪਰ ਉਹ ਹਰ ਵਾਰੀ ਬਰੀ ਹੋ ਜਾਂਦੇ ਰਹੇ।[1]

1910 ਵਿੱਚ ਹਿੰਦੀਆਂ ਨੇ ਆਪਣੀ ਮਿਲ-ਬਹਿਣ ਦੀ ਥਾਂ ਅਰਥਾਤ ਗੁਰਦੁਆਰਾ ਬਣਾ ਲਿਆ, ਜਿਸ ਵਿੱਚ ਹਿੰਦੀਆਂ ਨੂੰ ਇਕੱਠੇ ਹੋਣ ਤੇ ਵਿਚਾਰਾਂ ਕਰਨ ਦਾ ਮੌਕਾ ਮਿਲਣ ਲੱਗ ਪਿਆ। 1913 ਵਿੱਚ 'ਗ਼ਦਰ' ਤੇ ਹੋਰ ਪਾਰਟੀ ਛਪਤਾਂ ਭੀ ਆਉਣ ਲੱਗ ਪਈਆਂ। ਏਥੇ ਵੀ ਪਾਰਟੀ ਦੀ ਸ਼ਾਖ ਕਾਇਮ ਹੋ ਗਈ। ਪੰਜਾਂ ਸੱਤਾਂ ਆਦਮੀਆਂ ਦੀ ਇੱਕ ਕਮੇਟੀ ਬਣਾਈ ਗਈ, ਜਿਸ ਵਿੱਚ ਸ੍ਰੀ ਹੀਰਾ ਸਿੰਘ ਚਰੜ, ਲਾਭ ਸਿੰਘ ਵਲਟੋਹਾ ਤੇ ਭਗਤ ਸਿੰਘ ਸੁਰ ਸਿੰਘੀਏ ਲੀਡਰ ਸਨ। ਗੁਰਦੁਆਰੇ ਤੇ ਬਜ਼ਾਰਾਂ ਵਿੱਚ ਆਏ ਹਿੰਦੀ ਫੌਜੀਆਂ ਨਾਲ ਗ਼ਦਰ ਬਾਰੇ ਸਿਆਸੀ ਗੱਲਾਂ ਕੀਤਆਂ ਜਾਂਦੀਆਂ ਤੇ 'ਗ਼ਦਰ' ਦੇ ਪਰਚੇ ਤੇ ਪਾਰਟੀ ਛਪਤਾਂ ਪੜ੍ਹਨ ਲਈ ਦਿੱਤੀਆਂ ਜਾਂਦੀਆਂ। ਉਹਨਾਂ ਦਿਨਾਂ ਵਿੱਚ ਹੋਰ ਪਲਟਨਾਂ ਤੋਂ ਇਲਾਵਾ ਪੰਜਾਬੀਆਂ ਦੀਆਂ ਦੋ ਪਲਟਨਾਂ 25ਵੀਂ ਤੇ 26ਵੀਂ ਏਥੇ ਸਨ। ਅੰਗਰੇਜ਼ ਹਾਕਮਾਂ ਨੂੰ ਪਲਟਨਾਂ ਵਿੱਚ ਗ਼ਦਰੀ ਪਰਚਾਰ ਦਾ ਪਤਾ ਲੱਗ ਚੁੱਕਾ ਸੀ। ਫੌਜੀਆਂ ਦਾ ਗੁਰਦਵਾਰੇ ਜਾਣਾ ਬੰਦ ਕਰ ਦਿੱਤਾ ਗਿਆ। ਭਾਈ ਭਗਵਾਨ ਸਿੰਘ ਗੁਰਦੁਆਰੇ ਤੋਂ ਗਰੰਥੀ ਹਟਾ ਦਿੱਤੇ ਗਏ। ਇਸ ਦੀ ਥਾਂ ਭਾ. ਹਰਨਾਮ ਸਿੰਘ ਕਹੂਟਾ ਗਰੰਥੀ ਲਾਇਆ ਗਿਆ। ਉਹ ਵੀ ਗ਼ਦਰੀ ਹੋ ਗਿਆ। ਪਰ ਫੇਰ ਵੀ ਫੌਜੀਆਂ ਵਿੱਚ ਆਈ ਕੌਮੀ ਸੂਝ ਮਾਰੀ ਨਹੀਂ ਗਈ। 25 ਨੰਬਰ ਪਲਟਨ ਦੇ ਫੌਜਾ ਸਿੰਘ, ਵਰਯਾਮ ਸਿੰਘ ਤੇ ਹਰਨਾਮ ਸਿੰਘ ਆਦਿ ਸਪਾਹੀਆਂ ਨੂੰ 'ਗ਼ਦਰ' ਅਖਬਾਰ ਰੱਖਣ ਦੇ ਦੋਸ਼ ਵਿੱਚ ਛੇ ਛੇ ਮਹੀਨੇ ਕੈਦ ਦੀ ਸਜ਼ਾ ਹੋਈ।[2]

ਅੰਗਰੇਜ਼ੀ ਹਕੂਮਤ ਇਸ ਲਹਿਰ ਤੋਂ ਬਹੁਤ ਜਿੱਚ ਸੀ। ਉਸ ਨੇ ਬੜੀ ਵਾਹ ਲਾਈ ਕਿ ਇਹ ਟਾਪੂ ਇਨਕਲਾਬੀ ਲਹਿਰ ਤੋਂ ਸਾਫ ਹੋ ਜਾਏ, ਪਰ ਕੋਈ ਪੇਸ਼ ਨਾ ਗਈ। ਕਿਉਂਕਿ ਅਮਰੀਕਾ ਤੋਂ ਆਉਣ ਵਾਲੇ ਹਰ ਜਹਾਜ਼ ਨੇ, ਭਾਵੇਂ ਉਸ ਵਿੱਚ ਗ਼ਦਰੀ ਹੋਣ, ਇਸ ਪਤਣ ਉਤੇ ਲਗਣਾ ਤੇ ਮੁਸਾਫਰ ਉਤਾਰਨੇ ਹੁੰਦੇ ਸਨ। ਆਖਰ ਅੱਕਕੇ ਅੰਗਰੇਜ਼ ਹਾਕਮਾਂ ਨੇ ਏਥੋਂ ਦਾ ਗੁਰਦਵਾਰਾ ਹੀ ਹਿੰਦੀਆਂ ਪਾਸੋਂ ਖੋਹ ਲਿਆ ਤੇ ਪੁਲਸ ਦੇ ਕਬਜ਼ੇ ਵਿੱਚ ਦੇ ਦਿੱਤਾ।[3]

ਕਾਮਾਗਾਟਾ ਮਾਰੂ ਦਾ ਅਡੰਬਰ ਵੀ ਏਥੋਂ ਹੀ ਸ਼ੁਰੂ ਹੋਇਆ। ਇਸ ਜਹਾਜ਼ ਦੀ ਰਵਾਨਗੀ ਨੇ ਹਿੰਦੀਆਂ ਵਿੱਚ ਕੌਮੀ ਜਾਗਰਤਾ ਨੂੰ ਹੋਰ ਉਤਾਂਹ ਚੁਕਿਆ ਤੇ ਵਾਪਸੀ ਨੇ ਇਨਕਲਾਬ ਦੀ ਲੀਹੇ ਚਾੜ੍ਹ ਦਿੱਤਾ। ਫੌਜਾਂ ਵਿੱਚ ਕੰਮ ਹੋਰ ਤੇਜ਼ ਹੋਇਆ ਤੇ ਫੈਲਿਆ। 26 ਨੰਬਰ ਪੰਜਾਬੀ ਵਿੱਚ ਕਿਰਪਾ ਸਿੰਘ ਹਵਾਲਦਾਰ, ਹਰਨਾਮ ਸਿੰਘ ਕਾਲਾ ਸੰਘਾ, ਲਾਭ ਸਿੰਘ ਕਸੂਰ, ਝੁੰਮਣ ਸਿੰਘ ਕਲੇਰ ਆਦਿ ਅੱਠ ਫੌਜੀ ਸਿਪਾਹੀ ਪਿਛਾਂ ਡੀਪੋ ਨੂੰ ਕਰਾਚੀ ਭੇਜ ਦਿੱਤੇ ਗਏ।[4] ਭਾਈ ਬਿਸ਼ਨ ਸਿੰਘ ਹੈਡ ਕਲਰਕ 25ਵੀਂ ਪੰਜਾਬੀ ਦੇ ਗ਼ਦਰੀ ਖਿਆਲਾਂ ਦੇ ਫੌਜੀਆਂ ਦਾ ਲੀਡਰ ਸੀ।[5]

ਗ਼ਦਰੀ ਹਾਂਗਕਾਂਗ ਥਾਣੀ ਲੰਘ ਰਹੇ ਸਨ। ਹਿੰਦੁਸਤਾਨ ਦਾ ਜਹਾਜ਼ ਲੈਣ ਲਈ ਕਈ ਦਿਨ ਏਥੇ ਠਹਿਰਨਾ ਪੈਂਦਾ ਸੀ। ਖ਼ੂਬ ਜਲਸੇ ਹੁੰਦੇ, ਪਰਚਾਰ ਹੁੰਦਾ। ਹਾਂਗਕਾਂਗ ਦੀ ਸਰਕਾਰ ਨੇ ਸ੍ਰੀ

---

1. 'ਜੀਵਨ ਦਾ ਸੰਖੇਪ ਖਾਕਾ'।
2. ਹਰਨਾਮ ਸਿੰਘ ਗੁਜਰਵਾਲ ਦਾ ਬਿਆਨ।
3. ਦੂਸਰਾ ਲਾਹੌਰ ਸਾਜ਼ਿਸ਼ ਕੇਸ।
4. ਉਤਲਿਖਤ ਤੇ ਹੋਮ (ਪੋਲੀਟੀਕਲ) ਜੁਲਾਈ, 1915 ਕਾਰਵਾਈ ਨੰ. 46 ਦਾਖਲ ਦਫਤਰ।
5. ਭਾਈ ਹਰਨਾਮ ਸਿੰਘ ਕਹੂਟਾ ਦਾ ਬਿਆਨ।

ਹੀਰਾ ਸਿੰਘ ਚਰੜ ਨੂੰ ਗਰਿਫਤਾਰ ਕਰ ਲਿਆ। ਫੌਜਾਂ ਵਿੱਚ ਬੜਾ ਰੋਸ ਜਾਗਿਆ। ਇਸ ਰੌਲੇ ਰਪੇ ਤੋਂ ਡਰਕੇ ਉਸ ਉਤੇ ਮੁਕਦਮਾ ਨਹੀਂ ਚਲਾਇਆ ਗਿਆ, ਪਰ ਏਥੋਂ ਨਿਕਲ ਜਾਣ ਦਾ ਹੁਕਮ ਹੋ ਗਿਆ। ਦੂਸਰਾ ਗ਼ਦਰੀ ਲੀਡਰ ਸੱਮਾ ਸਿੰਘ ਭੜਾਣਾ (ਲਾਹੌਰ) ਸੀ। ਏਥੇ 'ਗ਼ਦਰ' ਦੇ ਪਰਚੇ ਕੈਨਟਨ ਤੋਂ ਸਬਜ਼ੀ ਦੇ ਬੋਰਿਆਂ ਵਿੱਚ ਆਉਂਦੇ। ਚੀਨੀ ਇਹ ਪਰਚੇ ਗ਼ਦਰੀਆਂ ਨੂੰ ਲਿਆਕੇ ਦਿੰਦੇ। ਕੈਨਟਨ ਵਿੱਚ ਸੇਵਾ ਸਿੰਘ ਮਜੀਠਾ ਪਾਰਟੀ ਦਾ ਵਰਕਰ ਸੀ, ਜੋ ਚੀਨੀ ਪਤਿਆਂ ਉਤੇ ਆਏ ਅਖਬਾਰ ਤੇ ਸਾਹਿਤ ਕੈਨਟਨ ਤੋਂ ਹਾਂਗਕਾਂਗ ਪੁਚਾਇਆ ਕਰਦਾ ਸੀ।[1] ਹੀਰਾ ਸਿੰਘ ਇੱਕ ਲਖਪਤੀ ਹਿੰਦੀ ਸੀ। ਇਸ ਨੇ ਸਿੰਘਾਪੁਰ ਵਿੱਚ ਗ਼ਦਰ ਲਹਿਰ ਉਠਾਉਣ ਵਿੱਚ ਵੀ ਹਿੱਸਾ ਲਿਆ। ਇਸ ਤੋਂ ਇਲਾਵਾ ਊਧਮ ਸਿੰਘ ਲਾਧੂਪੁਰਾ (ਅੰਮਿਰਤਸਰ) ਮਹਿੰਦਰ ਸਿੰਘ ਢੁਡੀਕੇ ਤੇ ਸ਼ੇਰ ਸਿੰਘ ਠੀਕਰੀ ਵਾਲਾ (ਗੁਰਦਾਸਪੁਰ) ਉਘੇ ਵਰਕਰ ਸਨ।[2]

ਇਸ ਤਰ੍ਹਾਂ ਗ਼ਦਰ ਲਹਿਰ ਵਿੱਚ ਹਾਂਗਕਾਂਗ ਦਾ ਵੱਡਾ ਹਿੱਸਾ ਹੈ। ਇਸ ਨੇ ਭਾਵੇਂ ਸ਼ਹੀਦੀਆਂ ਪਾਉਣ ਵਾਲੇ ਦੇਸ਼ ਸੇਵਕ ਨਹੀਂ ਦਿੱਤੇ, ਪਰ ਸੱਚ ਪੁਛੋ ਤਾਂ ਸਭ ਦੀ ਜੜ ਇਹ ਹਾਂਗਕਾਂਗ ਹੀ ਸੀ।

## ਮਨੀਲਾ

ਜਦ ਅਮਰੀਕਾ ਜਾਣ ਦੇ ਹੋਰ ਸਾਰੇ ਬੰਦ ਹੋ ਗਏ ਤਾਂ ਮਨੀਲਾ (ਫਿਲਪਾਈਨ ਦੀ ਰਾਜਧਾਨੀ) ਅਮਰੀਕਾ ਜਾਣ ਦਾ ਇੱਕ ਆਸਾਨ ਰਸਤਾ ਰਹਿ ਗਿਆ। ਅਮਰੀਕਾ ਦੇ ਘਾਟਾਂ ਦੇ ਕਾਨੂੰਨ ਅਨੁਸਾਰ ਜੋ ਆਦਮੀ ਫਿਲਪਾਈਨ ਦਾ ਵਸਨੀਕ ਹੋ ਜਾਵੇ, ਉਹ ਅਮਰੀਕਾ ਦਾ ਵੀ ਵਸਨੀਕ ਬਣ ਜਾਂਦਾ ਸੀ। ਅਮਰੀਕਾ ਜਾਣ ਵਾਲੇ ਹਿੰਦੀ ਮਨੀਲਾ ਆ ਜਾਂਦੇ ਸਨ ਤੇ ਏਥੇ ਛੇ ਮਹੀਨੇ ਰਹਿਕੇ ਵਸਨੀਕ ਹੋਣ ਦੇ ਕਾਗਜ਼ ਬਣਵਾ ਲੈਂਦੇ ਸਨ। ਫੇਰ ਉਹ ਅਗਾਂਹ ਅਮਰੀਕਾ ਚਲੇ ਜਾਂਦੇ ਸਨ। ਪਹਿਲਾਂ ਤਾਂ ਅਮਰੀਕੀ ਸਰਕਾਰ ਨੇ ਇਸ ਗਲ ਨੂੰ ਨਾ ਗੌਲਿਆ, ਪਰ ਜਦ ਘਾਟਾਂ ਦੇ ਕਾਨੂੰਨ ਵਿੱਚ ਲਾਈਆਂ ਬੰਦਸ਼ਾਂ ਦੇ ਬਾਵਜੂਦ ਹਿੰਦੀ ਅਮਰੀਕਾ ਵਿੱਚ ਮਨੀਲੇ ਥਾਣੀ ਹੋ ਕੇ ਆਉਂਦੇ ਹੀ ਗਏ ਤਾਂ ਅਮਰੀਕਨ ਸਰਕਾਰ ਨੇ ਹਿੰਦੀਆਂ ਨੂੰ ਮਨੀਲੇ ਦੇ ਰਸਤੇ ਆਉਣੋ ਰੋਕ ਦਿੱਤਾ ਤੇ ਮਨੀਲੇ ਉਤੇ ਵੀ ਘਾਟਾਂ ਦਾ ਅਮਰੀਕਨ ਕਾਨੂੰਨ ਜੜ ਦਿੱਤਾ।[3] ਅਮਰੀਕਨ ਹਕੂਮਤ ਦੀ ਇਸ ਬੰਦਸ਼ ਤੋਂ ਮਨੀਲਾ ਦੇ ਹਿੰਦੀਆਂ ਅੰਦਰ ਵੀ ਸੋਚਾਂ ਵਿਚਾਰਾਂ ਸ਼ੁਰੂ ਹੋਈਆਂ ਕਿ ਇਹ ਸਭ ਕੁਝ ਹਿੰਦੀਆਂ ਦੀ ਗੁਲਾਮੀ ਸਦਕਾ ਹੀ ਹੋ ਰਿਹਾ ਹੈ। ਜੇ ਹਿੰਦ ਆਜ਼ਾਦ ਹੁੰਦਾ ਤਾਂ ਅਮਰੀਕਾ ਦੀ ਕੀ ਪਾਇਆਂ ਸੀ ਕਿ ਉਹ ਹਿੰਦੀਆਂ ਨੂੰ ਅਮਰੀਕਾ ਨਾ ਆਉਣ ਦੇਵੇ। ਇਸ ਚੀਜ਼ ਨੇ ਮਨੀਲਾ ਦੇ ਹਿੰਦੀਆਂ ਵਿੱਚ ਵੀ ਆਜ਼ਾਦੀ ਦੀ ਸੂਝ ਪੈਦਾ ਕੀਤੀ। ਕਾਮਾਗਾਟਾ ਮਾਰੂ ਜਹਾਜ਼ ਵਿੱਚ, ਜਿਸ ਉੱਤੇ ਚੜ੍ਹਕੇ ਹਿੰਦੀ ਕੈਨੇਡਾ ਦੇ ਘਾਟਾਂ ਦੇ ਕਾਨੂੰਨ ਨੂੰ ਵੰਗਾਰਨ ਗਏ, ਮਨੀਲੇ ਤੋਂ ਵੀ ਕਾਫੀ ਹਿੰਦੀ ਕੈਨੇਡਾ ਗਏ। ਕਾਮਾਗਾਟਾ ਮਾਰੂ ਦੇ ਸਾਕੇ ਨੇ ਜੋ ਅੰਗਰੇਜ਼ੀ ਰਾਜ ਵਿਰੋਧੀ ਰੋਸ ਬਾਕੀ ਟਾਪੂਆਂ ਦੇ ਹਿੰਦੀਆਂ ਵਿੱਚ ਪੈਦਾ ਕੀਤਾ ਉਹ ਮਨੀਲਾ ਦੇ ਹਿੰਦੀਆਂ ਵਿੱਚ ਵੀ ਉਤਪਨ ਹੋਇਆ। ਇਹ ਗੁੱਸਾ ਗ਼ਦਰ ਪਾਰਟੀ ਦੀ ਇਨਕਲਾਬੀ ਸੱਦ ਉਤੇ ਕੌਮੀ ਇਨਕਲਾਬੀ ਲਹਿਰ ਬਣ ਗਿਆ।

---

1. ਹਰਦਿਤ ਸਿੰਘ ਲੰਮੇ ਦਾ ਬਿਆਨ।
2. ਦੂਸਰਾ ਲਾਹੌਰ ਸਾਜ਼ਿਸ਼ ਕੇਸ।
3. ਘਾਟ (ਓ) ਦਸੰਬਰ, 1913, ਨੰ. 26-27

ਮਨੀਲਾ ਵਿੱਚ ਵੀ ਗ਼ਦਰ ਪਾਰਟੀ ਬਝ ਗਈ ਤੇ ਇਸ ਦੇ ਪਹਿਲੇ ਪਰਧਾਨ–ਜਗਰਾਵਾਂ ਦੇ ਸ੍ਰੀ ਹਾਫਿਜ਼ ਅਬਦੁਲਾ ਚੁਣੇ ਗਏ।[1] ਭਾਈ ਭਗਵਾਨ ਸਿੰਘ ਗ਼ਦਰ ਪਾਰਟੀ ਦੇ ਦੂਸਰੇ ਪਰਧਾਨ ਵੀ ਮਨੀਲਾ ਆਏ। ਉਹਨਾਂ ਦੇ ਲੈਕਚਰਾਂ ਤੇ ਸਮਝਾਉਣੀਆਂ ਨੇ ਏਥੇ ਲਹਿਰ ਨੂੰ ਬਹੁਤ ਪਕਿਆਂ ਕੀਤਾ ਤੇ ਫੈਲਾਇਆ। ਇਥੋਂ ਸੈਕੜੇ ਸਾਥੀ ਗ਼ਦਰ ਪਾਰਟੀ ਦੀ ਸੱਦ ਉੱਤੇ ਦੇਸ਼ ਨੂੰ ਗਏ ਤੇ ਇਸ ਧਰਤੀ ਨੇ ਗ਼ਦਰ ਲਹਿਰ ਨੂੰ ਬੜੇ ਲੀਡਰ ਤੇ ਵਰਕਰ ਦਿੱਤੇ, ਜਿਨ੍ਹਾਂ ਨੇ ਕਰਨੀਆਂ ਤੇ ਸ਼ਹੀਦਆਂ ਵਿੱਚ ਕਾਫੀ ਨਾਮਣਾ ਖੱਟਿਆ। ਸ੍ਰੀ ਹਾਫਿਜ਼ ਅਬਦੁਲਾ ਜਗਰਾਵਾਂ ਵਾਲੇ ਤੀਸਰੇ ਲਾਹੌਰ ਕੇਸ, ਸ੍ਰੀ ਜੀਵਨ ਸਿੰਘ ਦੌਲੇ ਸਿੰਘ ਵਾਲਾ (ਸੰਗਰੂਰ), ਸ਼੍ਰੀ ਬਖਸ਼ੀਸ਼ ਸਿੰਘ ਖਾਨਪੁਰ (ਲੁਧਿਆਣਾ), ਸ਼੍ਰੀ ਰਹਿਮਤ ਅਲੀ ਬਜ਼ਦੀਕੇ (ਬਰਨਾਲਾ), ਸ੍ਰੀ ਚੰਦ ਸਿੰਘ ਵੜੈਚ (ਲੁਧਿਆਣਾ), ਸ੍ਰੀ ਧਿਆਨ ਸਿੰਘ ਉਮਰਪੁਰ (ਅਮ੍ਰਿਤਸਰ), ਸ੍ਰੀ ਜਗਤ ਸਿੰਘ ਬਿੰਜਲ (ਲੁਧਿਆਣਾ), ਸ਼੍ਰੀ ਲਾਲ ਸਿੰਘ ਸਾਹਿਬਾਣਾ (ਲੁਧਿਆਣਾ) ਤੇ ਧਿਆਨ ਸਿੰਘ ਬੰਗਸੀਪੁਰਾ (ਲੁਧਿਆਣਾ) ਫੇਰੂ ਸ਼ਹਿਰ ਦੇ ਸ਼ਹੀਦ ਸਨ ਤੇ ਮੁਜਤਬਾ ਹੁਸੈਨ ਜੌਨਪੁਰ (ਯੂ.ਪੀ.) ਬਰਮਾ ਕੇਸ ਵਿੱਚ ਸਜ਼ਾ ਹੋਏ, ਉਹ ਸਭ ਇਸੇ ਧਰਤੀ ਤੋਂ ਆਏ ਸਨ।[2] ਇਸ ਟਾਪੂ ਨੇ ਬੀਬੀ ਗੁਲਾਬ ਕੌਰ ਵਰਗੀ ਦੇਸ਼ ਭਗਤ ਤੇ ਨਿਡਰ ਇਨਕਲਾਬਨ ਗ਼ਦਰ ਲਹਿਰ ਨੂੰ ਦਿੱਤੀ।

## ਸਿਆਮ

ਉਹਨਾਂ ਦਿਨਾਂ ਵਿੱਚ ਸਿਆਮ, ਉਤੋਂ ਤਾਂ, ਇਕ ਆਜ਼ਾਦ ਦੇਸ਼ ਜਾਪਦਾ ਸੀ, ਪਰ ਅਸਲ ਉਹ ਅੰਗਰੇਜ਼ ਸਾਮਰਾਜੀਆਂ ਦਾ ਨੀਮ ਗੁਲਾਮ ਸੀ। ਅੰਗਰੇਜ਼ ਸਾਮਰਾਜੀ ਉਸ ਦੀ ਆਰਥਕਤਾ ਤੇ ਸਿਆਸਤ ਉਤੇ ਛਾਏ ਹੋਏ ਸਨ। ਦਰ ਅਸਲ ਉਥੇ ਰਾਜ ਹੀ ਅੰਗਰੇਜ਼ੀ ਰਾਜਦੂਤ ਦਾ ਸੀ। ਅੰਗਰੇਜ਼ੀ ਸਾਮਰਾਜੀਆਂ ਦੇ ਹੱਥ ਵਿੱਚ ਦੇਸ਼ ਦਾ ਸਾਰਾ ਵਪਾਰ ਸੀ। ਇਗੰਲਸਤਾਨ ਦਾ ਮਾਲ ਖਾਸ ਕਰ ਕਪੜਾ ਮੰਡੀ ਉੱਤੇ ਛਾਇਆ ਹੋਇਆ ਸੀ। ਇਹਨਾਂ ਵਪਾਰਕ ਰਿਆਇਤਾਂ ਦੀ ਰਾਖੀ ਲਈ ਸਿਆਮ ਹਕੂਮਤ ਦੀ ਮਸ਼ੀਨ ਉੱਤੇ ਅੰਗਰੇਜ਼ ਅਫਸਰ ਕਬਜ਼ਾ ਕਰੀ ਬੈਠੇ ਸਨ, ਪੁਲਸ ਦਾ ਤੇ ਸਾਰਾ ਮਹਿਕਮਾ ਹੀ ਇਹਨਾਂ ਦੇ ਪਾਸ ਸੀ, ਜਿਸ ਵਿੱਚ ਬਾਹਲੇ ਉਹ ਅੰਗਰੇਜ਼ ਅਫਸਰ ਸਨ, ਜੋ ਹਿੰਦੁਸਤਾਨ ਵਿੱਚੋਂ ਨੌਕਰੀਆਂ ਪੁਗਾਕੇ ਪੈਨਸ਼ਨਾਂ ਲੈ ਰਹੇ ਸਨ।[3]

ਫਰਾਂਸੀਸੀ ਤੇ ਜਰਮਨ ਸਾਮਰਾਜੀ ਵੀ ਇਸ ਦੀ ਆਰਥਕਤਾ ਵਿੱਚੋਂ ਵਾਹ ਲੱਗਦਾ ਹਿੱਸਾ ਲੁਟ ਰਹੇ ਸਨ। ਜਰਮਨ ਕੰਪਨੀਆਂ ਇਥੋਂ ਦੀਆਂ ਰੇਲਾਂ ਬਣਾ ਰਹੀਆਂ ਸਨ। ਜਿਸ ਵਿੱਚ ਜਰਮਨ ਇੰਨਜੀਨੀਅਰ ਹਿੰਦੁਸਤਾਨੀ ਠੇਕੇਦਾਰਾਂ ਤੇ ਮਿਸਤਰੀਆਂ ਦੀ ਸਹਾਇਤਾ ਨਾਲ ਕੰਮ ਕਰ ਰਹੇ ਸਨ। ਜਰਮਨਾਂ ਵਲੋਂ ਬਣਾਈਆਂ ਜਾ ਰਹੀਆਂ ਰੇਲਾਂ ਦਾ ਅੰਗਰੇਜ਼ੀ ਵਪਾਰ ਤੇ ਸਾਮਰਾਜੀ ਲੁਟ ਨੂੰ ਭੀ ਫਾਇਦਾ ਪਹੁੰਚਣਾ ਸੀ, ਇਸ ਲਈ ਉਹਨਾਂ ਨੇ ਜਰਮਨਾਂ ਨਾਲ ਜੰਗ ਵਿੱਚ ਦੂਬਦੂ ਲੜਦਿਆਂ ਹੋਇਆਂ ਵੀ ਇਸ ਗਲ ਤੇ ਕੋਈ ਇਤਰਾਜ਼ ਨਾ ਕੀਤਾ।

ਸਿਆਮ ਵਿੱਚ ਹਿੰਦੀ ਬਹੁਤ ਸਨ, ਜੋ ਬਾਹਲੇ ਪੰਜਾਬੀ ਸਨ, ਤੇ ਉਹ ਇੱਕ ਤਾਂ ਬੰਕਾਕ ਤੇ ਹੋਰ ਸ਼ਹਿਰਾਂ ਵਿੱਚ ਕੱਪੜੇ ਤੇ ਹੋਰ ਮਾਲ ਵਸਤਾਂ ਦੀਆਂ ਦੁਕਾਨਾਂ ਕਰਦੇ ਤੇ ਦੂਜੇ ਰੇਲ ਦੀਆਂ

---

1. 'ਗ਼ਦਰ ਸਾਜ਼ਸ਼ ਦੀ ਵਿਥਿਆ', ਸਫਾ 45
2. ਫੇਰੂ ਸ਼ਹਿਰ ਦਾ ਮੁਕਦਮਾ, ਫੈਸਲਾ 2.2. 1915
3. ਦਰਸੀ ਚੈਨਚੈਈਆ ਦਾ ਬਿਆਨ।

ਪਟੜੀਆਂ ਉਤੇ ਮਿਸਤਰੀ ਤੇ ਮਜ਼ਦੂਰੀ ਦਾ ਕੰਮ ਕਰਦੇ। ਕੱਪੜੇ ਦੇ ਵਪਾਰ ਦੇ ਲਾਇਸੰਸ ਦੇਣੇ ਜਾਂ ਖੋਹ ਲੈਣੇ ਅੰਗਰੇਜ਼ੀ ਕੌਂਸਲ ਦੇ ਹੱਥ ਹੁੰਦੇ ਸਨ। ਇਸ ਲਈ ਅੰਗਰੇਜ਼ਾਂ ਦੇ ਇਹਨਾਂ ਲਾਇਸੰਸਾਂ ਦੀ ਵੰਡ ਵਿੱਚ ਸਾਮਰਾਜੀ (ਗੋਰੇ ਰੰਗ ਦੀ) ਵਿਸ਼ੇਸ਼ਤਾ ਭਰੇ ਸਲੂਕ ਦੇ ਕਾਰਨ ਇਹਨਾਂ ਪੰਜਾਬੀਆਂ ਵਿੱਚ ਅੰਗਰੇਜ਼ ਵਿਰੋਧੀ ਰੋਸ ਜਾਗ ਰਿਹਾ ਸੀ, ਦੂਸਰੇ ਅੰਗਰੇਜ਼ਾਂ ਤੇ ਜਰਮਨ ਸਾਮਰਾਜੀਆਂ ਦੇ ਆਪਸ ਵਿੱਚ ਸ਼ਰੀਕੇ ਦੇ ਕਾਰਨ ਹਿੰਦੀਆਂ ਵਲ ਇਹਨਾਂ ਦਾ ਰਵੱਯਾ ਵੱਖੋ ਵੱਖਰਾ ਸੀ। ਅੰਗਰੇਜ਼ਾਂ ਦਾ ਹਾਕਮਾਨਾ ਸੀ ਤੇ ਜਰਮਨਾਂ ਦਾ ਹਮਦਰਦਾਨਾ ਤੇ ਸਿਆਸੀ ਖੇਤਰ ਵਿੱਚ ਦੋਸਤਾਨਾ ਸੀ। ਇਸ ਰਵੱਯੇ ਦੇ ਕਾਰਨ ਵੀ ਅੰਗਰੇਜ਼ਾਂ ਵਿਰੁੱਧ ਰੋਸ ਵਿੱਚ ਵਾਧਾ ਹੁੰਦਾ ਸੀ।

ਇਥੇ ਪੰਜਾਬੀਆਂ ਨੇ ਗੁਰਦਵਾਰੇ ਬਣਾਏ ਹੋਏ ਸਨ। ਬੰਕਾਕ ਵਿੱਚ ਦੋ ਗੁਰਦਵਾਰੇ ਸਨ, ਇੱਕ ਨਾਮਧਾਰੀਆਂ ਦਾ ਤੇ ਦੂਸਰਾ ਤੱਤ ਖਾਲਸੇ ਦਾ। ਇੱਕ ਗੁਰਦਵਾਰਾ ਰੇਲਾਂ ਤੇ ਕੰਮ ਕਰਨ ਵਾਲੇ ਪੰਜਾਬੀਆਂ ਨੇ ਚਿਅੰਗਮਈ ਵਿੱਚ ਬਣਾਇਆ ਸੀ। ਤੱਤ ਖਾਲਸੇ ਦੇ ਗੁਰਦਵਾਰੇ ਦੇ ਪਰਬੰਧਕ ਕੌਮੀ ਸੋਝੀ ਰੱਖਦੇ ਸਨ ਤੇ ਇਹਨਾਂ ਵਿੱਚ ਦੇਸ਼ ਭਗਤੀ ਉਭਰ ਰਹੀ ਸੀ। ਇਹਨਾਂ ਦਾ ਲੀਡਰ ਪਿੰਡ ਫੇਲੋਕੇ ਜ਼ਿਲਾ ਗੁਜਰਾਂਵਾਲੇ ਦਾ ਭਾਈ ਬੁੱਢਾ ਸਿੰਘ ਸੀ। 'ਗ਼ਦਰ' ਅਖਬਾਰ ਨੇ ਆਕੇ ਇਸ ਅੰਗਰੇਜ਼ ਵਿਰੋਧੀ ਰੋਸ ਨੂੰ ਕੌਮੀ ਲਹਿਰ ਦੀ ਇਨਕਲਾਬੀ ਲੀਹੇ ਪਾਇਆ ਤੇ ਇਹਨਾਂ ਦੀ ਉਭਰ ਰਹੀ ਸੂਝ ਨੂੰ ਕੌਮੀ ਨਿਸ਼ਾਨਾ ਦਿੱਤਾ। 'ਗ਼ਦਰ' ਅਖਬਾਰ ਪੰਜਾਬੀ ਵਪਾਰੀਆਂ ਤੇ ਰੇਲਾਂ ਉੱਤੇ ਕੰਮ ਕਰ ਰਹੇ ਹਿੰਦੀਆਂ ਵਿੱਚ ਆਮ ਵੰਡਿਆ ਜਾਣ ਲੱਗਾ। ਇਸ ਦੇ ਵੰਡਣ ਦਾ ਇੰਤਜ਼ਾਮ ਸ੍ਰੀ ਜੀਵਨ ਸਿੰਘ ਫੇਲੋਕੇ, ਭਾਈ ਇੰਦਰ ਸਿੰਘ, ਭਾਈ ਧਰਮ ਸਿੰਘ, ਸ੍ਰੀ ਚੇਤ ਰਾਮ ਸਿਆਲਕੋਟੀ ਤੇ ਕਰਮ ਚੰਦ ਕੋਹਲੀ ਕਰਦੇ ਸਨ। 'ਗ਼ਦਰ' ਅਖਬਾਰ ਦੀ ਵੰਡਾਈ ਤੇ ਪੜ੍ਹਾਈ ਨੇ ਬੰਕਾਕ ਵਿੱਚ ਹਿੰਦੀ ਇਨਕਲਾਬੀ ਕੇਂਦਰ ਖੜਾ ਕਰ ਦਿੱਤਾ। ਇਸਦੇ ਮਹੀਨੇ ਕੁ ਮਗਰੋਂ ਭਾਈ ਹੀਰਾ ਸਿੰਘ ਚਰੜ ਵੀ ਬੰਕਾਕ ਆ ਗਏ, ਜਿਨ੍ਹਾਂ ਨੂੰ ਹਾਂਗਕਾਂਗ ਤੋਂ ਅੰਗਰੇਜ਼ੀ ਹਕੂਮਤ ਨੇ ਦੇਸ਼ ਨਿਕਾਲਾ ਦੇ ਦਿੱਤਾ ਸੀ।[1]

ਪੰਡਤ ਸੋਹਣ ਲਾਲ ਪਾਠਕ (ਪੱਟੀ) 1911 ਵਿੱਚ ਬੰਕਾਕ ਤੋਂ ਅਮਰੀਕਾ ਗਏ ਸਨ। ਇਸ ਲਈ ਜਦ ਗ਼ਦਰ ਪਾਰਟੀ ਵਲੋਂ ਆਪ ਦੀ ਬਰਮਾ ਦੀ ਡਿਊਟੀ ਲੱਗੀ ਤਾਂ ਆਪ ਸਤੰਬਰ 1914 ਵਿੱਚ ਪਹਿਲਾਂ ਬੰਕਾਕ ਆਏ। ਅਕਤੂਬਰ ਦੇ ਮਹੀਨੇ ਭਾਈ ਸੰਤੋਖ ਸਿੰਘ ਜਨਰਲ ਸਕੱਤਰ ਗ਼ਦਰ ਪਾਰਟੀ ਸ਼ੰਘਾਈ ਤੋਂ ਸ੍ਰੀ ਆਤਮਾ ਰਾਮ ਜਾਹਮਣ (ਲਾਹੌਰ) ਤੇ ਸ੍ਰੀ ਸ਼ਿਵ ਦਿਆਲ ਕਪੂਰ ਘਣੂਪੁਰ ਕਾਲੇ ਅੰਮ੍ਰਿਤਸਰ[2] ਨੂੰ ਨਾਲ ਲੈ ਕੇ ਆ ਗਏ। ਜਨਵਰੀ 1915 ਦੇ ਅਖੀਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਵੀ ਸਿਆਮ ਆ ਗਏ। ਉਹਨਾਂ ਦੇ ਆਉਣ ਨਾਲ ਇਹਨਾਂ ਦੇ ਇਥੋਂ ਦੇ ਪੰਜਾਬੀ ਮਿਤਰਾਂ ਤੇ ਸਨੇਹੀਆਂ ਦਾ ਗ਼ਦਰ ਪਾਰਟੀ ਵਿੱਚ ਵਿਸ਼ਵਾਸ਼ ਹੋਰ ਪੱਕਾ ਹੋ ਗਿਆ।

ਇਥੇ ਗ਼ਦਰ ਪਾਰਟੀ ਦੀ ਇੱਕ ਮਜ਼ਬੂਤ ਇਕਾਈ ਸੀ। ਜਿਸ ਵਿੱਚ ਚਿਅੰਗਮਈ ਗੁਰਦਵਾਰੇ ਦੇ ਗਰੰਥੀ ਵਸਾਵਾ ਸਿੰਘ ਬਾੜਾ (ਹੁਸ਼ਿਆਰਪੁਰ), ਬਾਬੂ ਅਮਰ ਸਿੰਘ ਇੰਨਜੀਨੀਅਰ ਸ਼ੇਰਪੁਰ (ਲੁਧਿਆਣਾ), ਭਾਈ ਪਾਲਾ ਸਿੰਘ ਸ਼ੇਰਪੁਰ, ਭਾਈ ਨਰਿੰਜਣ ਸਿੰਘ ਸੰਗਤਪੁਰ (ਲੁਧਿਆਣਾ), ਭਾਈ ਨਰਾਇਣ ਸਿੰਘ (ਪਟਿਆਲਾ), ਸ੍ਰੀ ਚਾਲੀਆ ਰਾਮ ਸਾਹਨੇਵਾਲ

---

1. ਦੂਸਰਾ ਲਾਹੌਰ ਸਾਜ਼ਿਸ਼ ਕੇਸ, ਸਫਾ 22 ਤੇ 191 ਤੇ ਹੋਮ (ਪੋਲੀਟੀਕਲ) (ਅ) ਜੂਨ 1915, ਕਾਰਵਾਈ ਨੰ. 324-32
2. 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 133

(ਲੁਧਿਆਣਾ), ਸ੍ਰੀ ਚੇਤ ਰਾਮ ਵੈਰੋਵਾਲ (ਸਿਆਲਕੋਟ), ਸ੍ਰੀ ਜੀਵਨ ਸਿੰਘ ਤੇ ਸ੍ਰੀ ਬੁੱਢਾ ਸਿੰਘ ਫੇਲੋਕੇ (ਗੁਜਰਾਂਵਾਲਾ), ਸ੍ਰੀ ਗਿਆਨ ਚੰਦ ਮੋਰੀਮਰਲ (ਲਾਹੌਰ) ਆਦਿ ਦੇਸ਼ ਭਗਤ ਸਨ।[1]

ਅੰਗਰੇਜ਼ੀ ਹਕੂਮਤ ਦੇ ਸਮੁੰਦਰਾਂ ਉਤੇ ਬੰਨ੍ਹੇ ਬਾਨਣੂਆਂ ਸਦਕਾ ਹਿੰਦੁਸਤਾਨ ਵਿੱਚ ਸਮੁੰਦਰ ਦੇ ਰਸਤੇ ਜਾਣਾ ਬਹੁਤ ਖਤਰਨਾਕ ਸੀ, ਇਸ ਲਈ ਬੰਕਾਕ ਦੀ ਗ਼ਦਰ ਪਾਰਟੀ ਨੇ ਬਰਮਾ ਨੂੰ ਹੀ ਆਪਣੀ ਇਨਕਲਾਬੀ ਰਣਭੂਮੀ ਬਨਾਉਣ ਦਾ ਫੈਸਲਾ ਕੀਤਾ, ਜਿੱਥੇ ਸੌਖਾ ਹੀ ਸਿਆਮ ਦੀ ਹੱਦ ਟੱਪਕੇ ਜਾਇਆ ਜਾ ਸਕਦਾ ਸੀ ਤੇ ਜਿੱਥੋਂ ਸਭ ਗੋਰਾ ਫੌਜ ਜੰਗ ਯੋਰਪ ਵਿੱਚ ਭੇਜੀ ਚੁੱਕੀ ਸੀ। ਇਥੇ ਪੰਜਾਬੀ (ਸਿੱਖ) ਫੌਜੀ ਪੁਲਸ ਦੀਆਂ ਕੁਝ ਰਜਮੰਟਾਂ ਹੀ ਬਾਕੀ ਸਨ।[2] ਇਹਨਾਂ ਵਿੱਚ ਫਰਵਰੀ, 1915 ਤੋਂ ਭਾਈ ਸੰਤੋਖ ਸਿੰਘ, ਪੰਡਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਸਾਹਰੀ, ਭਾਈ ਨਰਾਇਣ ਸਿੰਘ ਬਲੋ ਤੇ ਭਾਈ ਪਾਲਾ ਸਿੰਘ ਸ਼ੇਰਪੁਰ ਆਦਿ ਗ਼ਦਰੀਆਂ ਨੇ ਬੰਕਾਕ ਤੋਂ ਜਾ ਕੇ ਪਰਚਾਰ ਕੀਤਾ ਤੇ ਇਹਨਾਂ ਵਿੱਚ ਇਨਕਲਾਬ ਦੀ ਹਮਦਰਦੀ ਤੇ ਹਮਾਇਤ ਪੈਦਾ ਕੀਤੀ।

ਅੰਗਰੇਜ਼ੀ ਹਕੂਮਤ ਨੇ ਬਰਮਾ ਵਿੱਚ 'ਗ਼ਦਰ' ਅਖਬਾਰ ਦਾ ਦਾਖਲਾ ਬੰਦ ਕਰ ਦਿੱਤਾ ਸੀ, ਰੰਗੂਨ, ਮੌਲਮੀਨ ਤੇ ਬਸੀਨ ਦੇ ਸਮੁੰਦਰੀ ਘਾਟਾਂ ਉੱਤੇ ਪਰਚਾ ਫੜਿਆ ਤੇ ਜ਼ਬਤ ਕਰ ਲਿਆ ਜਾਂਦਾ ਸੀ। ਇਸ ਪਾਰਟੀ ਇਕਾਈ ਨੇ ਸਿਆਮ ਦੀ ਹੱਦ ਉੱਤੋਂ 'ਗ਼ਦਰ' ਅਖਬਾਰ ਤੇ ਹੋਰ ਪਾਰਟੀ ਛਪਤਾਂ ਬਰਮਾ ਭੇਜਣੀਆਂ ਸ਼ੁਰੂ ਕੀਤੀਆਂ। ਸਿੰਘਾਪੁਰ ਤੋਂ ਆਏ ਸ੍ਰੀ ਮੁਜਤਬਾ ਹੁਸੈਨ ਜੌਨਪੁਰੀ ਨੂੰ ਰੰਗੂਨ ਭੇਜਿਆ ਗਿਆ, ਜਿਸ ਦੀ ਸਹਾਇਤਾ ਨਾਲ ਰੰਗੂਨ ਦੇ ਅੰਗਰੇਜ਼ ਵਿਰੋਧੀ ਮੁਸਲਿਮ ਗਰੁਪ ਨੂੰ ਗ਼ਦਰ ਪਾਰਟੀ ਨਾਲ ਜੋੜਿਆ ਜਾ ਸਕਿਆ। ਸ੍ਰੀ ਮੁਜਤਬਾ ਹੁਸੈਨ ਦੇ ਕੰਮ ਵਿੱਚ ਹੱਥ ਵਟਾਉਣ ਵਾਸਤੇ ਸ੍ਰੀ ਚੇਤ ਰਾਮ ਵੈਰੋਵਾਲ ਨੂੰ ਬੰਕਾਕ ਤੋਂ ਉਚੇਚਾ ਰੰਗੂਨ ਘਲਿਆ ਗਿਆ।[3] ਇਸ ਤਰ੍ਹਾਂ 'ਗ਼ਦਰ' ਪਾਰਟੀ ਦਾ ਪੰਡਤ ਸੋਹਣ ਲਾਲ ਪਾਠਕ ਦੀ ਕਮਾਨ ਹੇਠਾਂ ਲੜਿਆ ਜਾ ਰਿਹਾ ਬਰਮਾ ਵਾਲਾ ਮੋਰਚਾ ਭਾਈ ਸੰਤੋਖ ਸਿੰਘ ਦੀ ਅਗਵਾਈ ਹੇਠਾਂ ਬੰਕਾਕ ਵਾਲੀ ਗ਼ਦਰ ਪਾਰਟੀ ਦੀ ਸ਼ਾਖ ਹੀ ਚਲਾ ਰਹੀ ਸੀ।[4]

## ਪਾਨਾਮਾ

ਜਿਨ੍ਹਾਂ ਹਿੰਦੀਆਂ ਨੂੰ ਕੈਨੇਡਾ ਤੇ ਅਮਰੀਕਾ ਨਾ ਉਤਰਨ ਦਿੱਤਾ ਜਾਂਦਾ, ਉਹ ਅਗਾਂਹ ਜਹਾਜ਼ਾਂ ਤੇ ਚੜ੍ਹੇ ਪਾਨਾਮਾ ਜਾ ਉਤਰਦੇ। ਇਸ ਤਰ੍ਹਾਂ ਪਾਨਾਮਾ ਵਿੱਚ ਭੀ ਹਿੰਦੀਆਂ ਦੀ ਕਾਫੀ ਗਿਣਤੀ ਪੁੱਜ ਗਈ ਸੀ। ਹਿੰਦੀਆਂ ਦੇ ਇਸ ਤਰ੍ਹਾਂ ਆਉਣ ਉੱਤੇ ਅੰਗਰੇਜ਼ੀ ਸਾਮਰਾਜੀਆਂ ਦੇ ਢਿੱਡੀਂ ਵਟ ਪੈਣ ਲੱਗ ਪਿਆ। ਹਿੰਦ ਸਰਕਾਰ ਨੇ ਪਾਨਾਮਾ ਵਿੱਚ ਸਥਾਪਤ ਅੰਗਰੇਜ਼ ਕੌਂਸਲ ਦੀ ਸਲਾਹ ਉਤੇ 27, ਅਕਤੂਬਰ 1911 ਨੂੰ ਮਤਾ (ਨੰ. 8037-8054-102) ਪਾਸ ਕਰਕੇ ਪੰਜਾਬ ਫੇਰਿਆ ਕਿ ਪਾਨਾਮਾ ਵਿੱਚ ਮਜ਼ਦੂਰੀ ਦਾ ਕੋਈ ਕੰਮ ਨਹੀਂ ਮਿਲਦਾ, ਇਸ ਲਈ ਕੋਈ

---

1. ਬਾਬੂ ਅਮਰ ਸਿੰਘ ਤੇ ਸ੍ਰੀ ਚੇਤ ਰਾਮ ਦੇ ਬਿਆਨ।
2. 'ਜਿਵੇਂ ਮੈਂ ਹਿੰਦ ਨੂੰ ਜਾਤਾ' ਸਫਾ 189
3. ਸ੍ਰੀ ਦੇਤ ਰਾਮ ਦਾ ਬਿਆਨ।
4. ਮਾਂਡਲੇ ਕੇਸ।

ਪੰਜਾਬੀ ਪਾਨਾਮਾ ਨਾ ਜਾਏ।[1] ਹਿੰਦੀਆਂ ਦੇ ਪਾਨਾਮੇ ਜਾਣ ਨੂੰ ਰੋਕਣ ਲਈ ਹਿੰਦ ਦੀ ਅੰਗਰੇਜ਼ੀ ਸਰਕਾਰ ਨੇ ਇਸ ਤਰ੍ਹਾਂ ਦੇ ਦੋ ਤਿੰਨ ਹੁਕਮ ਹੋਰ ਚਾਹੜੇ।[2]

ਇੱਥੇ ਭੀ ਗ਼ਦਰ ਪਾਰਟੀ ਨੇ ਅਖਬਾਰ 'ਗ਼ਦਰ' ਤੇ ਚਿੱਠੀਆਂ ਰਾਹੀਂ ਆਪਣਾ ਪਰਚਾਰ ਕੀਤਾ। ਭਾਈ ਜਵਾਲਾ ਸਿੰਘ ਠੱਠੀਆਂ ਦੀ 1913 ਵਿੱਚ ਆਈ ਚਿੱਠੀ ਉਤੇ 'ਗ਼ਦਰ' ਅਖਬਾਰ ਤੇ ਪਾਰਟੀ ਫੰਡ ਲਈ ਏਥੋਂ ਰੁਪਿਆ ਇਕਠਾ ਹੋ ਕੇ ਜਾਂਦਾ ਰਿਹਾ। ਜੂਨ, 1916 ਵਿੱਚ ਭਾਈ ਭਗਵਾਨ ਸਿੰਘ[3] ਪਰਧਾਨ ਗ਼ਦਰ ਪਾਰਟੀ ਪਨਾਮਾ ਆਏ ਤੇ ਬਕਾਇਦਾ ਗ਼ਦਰ ਪਾਰਟੀ ਦੀ ਸ਼ਾਖ ਕਾਇਮ ਕੀਤੀ। ਅੰਗਰੇਜ਼ੀ ਕੌਂਸਲ ਨੇ ਚੁਗਲੀ ਮਾਰਕੇ ਭਾਈ ਭਗਵਾਨ ਸਿੰਘ ਨੂੰ ਇਥੋਂ ਕਢਵਾ ਦਿੱਤਾ, ਕਿ ਇਹ ਤੁਰਕ ਹੈ ਤੇ ਅੰਗਰੇਜ਼ੀ ਰਯਤ ਨੂੰ ਖਰਾਬ ਕਰਦਾ ਹੈ। ਪਰ ਪਾਨਾਮਾ ਦੀ ਗ਼ਦਰ ਪਾਰਟੀ ਨੇ ਉਸ ਨੂੰ ਪੰਜਾਬੀ ਸਾਬਤ ਕਰ ਦਿੱਤਾ। ਇਸ ਪਾਰਟੀ ਇਕਾਈ ਵਿੱਚ ਪੰਜਾਬੀ, ਸਿੰਧੀ ਤੇ ਬੰਗਾਲੀ ਸਾਰੇ ਹਿੰਦੀ ਸ਼ਾਮਲ ਸਨ। ਇਹਨਾਂ ਵਿੱਚ ਭਾਈ ਅਮਰ ਸਿੰਘ ਸੰਧਵਾਂ, ਰਲਾ ਸਿੰਘ ਉਧੋਵਾਲ (ਜਾਲੰਧਰ), ਕਾਬਲ ਸਿੰਘ ਰੁੜਕਾ, ਨਿਧਾਨ ਸਿੰਘ ਮਹੇਸਰੀ (ਫ਼ੀਰੋਜ਼ਪੁਰ), ਸ਼੍ਰੀ ਖ਼ੁਦਾਬਖਸ਼ (ਹੁਗਲੀ, ਬੰਗਾਲ) ਕਾਫੀ ਪਰਸਿੱਧ ਸਨ ਤੇ ਉਘਾ ਹਿੱਸਾ ਲੈਂਦੇ ਸਨ। ਇਥੋਂ ਭਾਈ ਨਿਧਾਨ ਸਿੰਘ ਮਹੇਸਰੀ ਤੇ ਬਿਸ਼ਨ ਸਿੰਘ ਹਿੰਦੀ ਸਦਾ ਸਿੰਘ ਵਾਲਾ ਯੁਗੰਤਰ ਆਸ਼ਰਮ ਵਿੱਚ ਕੰਮ ਕਰਨ ਲਈ 1915 ਵਿੱਚ ਸਾਨਫਰਾਂਸਿਸਕੋ ਪੁਜ ਗਏ।[4]

ਗ਼ਦਰ ਪਾਰਟੀ ਦੀ ਸੱਦ ਉੱਤੇ ਇਥੋਂ ਭੀ ਕੁਝ ਹਿੰਦੀ ਦੇਸ਼ ਨੂੰ ਗਏ।[5]

---

1. ਘਾਟ (ੳ) ਨਵੰਬਰ 1911, ਕਾਰਵਾਈ ਨੰ. 1-3
2. ਘਾਟ (ੳ) ਦਸੰਬਰ 1911 ਕਾਰਵਾਈ ਨੰ. 1 ਤੇ (ੳ) ਅਪਰੈਲ 1912, ਕਾਰਵਾਈ ਨੰ. 29-34
3. 'ਸੰਖੇਪ ਜੀਵਨ ਖਾਕਾ', ਸਫਾ 5 ਤੇ ਹੋਮ (ਪੋਲੀਟੀਕਲ) (ਅ) ਅਕਤੂਬਰ 1916, ਕਾਰਵਾਈ ਨੰ. 78-80
4. ਸੁੰਦਰ ਸਿੰਘ ਘਾਲੀ ਦਾ ਬਿਆਨ।
5. ਭਾਈ ਅਮਰ ਸਿੰਘ ਸੰਧਵਾਂ (ਜਾਲੰਧਰ) ਦਾ ਬਿਆਨ ਹੋਮ (ਪੋਲੀਟੀਕਲ) (ੳ) ਮਾਰਚ 1915 ਕਾਰਵਾਈ ਨੰ. 282-316

## ਛੇਵਾਂ ਕਾਂਡ

# ਕੌਮਾਗਾਟਾ ਮਾਰੂ

ਕੌਮਾਗਾਟਾ ਮਾਰੂ ਜਹਾਜ਼ ਗ਼ਦਰ ਪਾਰਟੀ ਦਾ ਉੱਦਮ ਤਾਂ ਨਹੀਂ ਸੀ, ਤੇ ਨਾ ਹੀ ਪਾਰਟੀ ਦਾ ਇਸ ਨਾਲ ਪਹਿਲਾਂ ਕੋਈ ਸਿੱਧਾ ਵਾਸਤਾ ਸੀ। ਪਰ ਕੌਮਾਗਾਟਾ ਮਾਰੂ ਨੇ ਦੱਖਣ ਪੂਰਬੀ ਏਸ਼ੀਆ ਤੇ ਕੈਨੇਡਾ ਵਿੱਚ ਪੈਦਾ ਹੋ ਰਹੀ ਅੰਗਰੇਜ਼ੀ ਰਾਜ ਵਿਰੁੱਧ ਉਸ ਜਾਗਰਤਾ ਨੂੰ ਹੋਰ ਚਮਕਾਇਆ, ਜਿਸ ਨੂੰ 'ਗ਼ਦਰ' ਅਖ਼ਬਾਰ ਦੀ ਅਗਵਾਈ ਨੇ ਕੌਮੀ ਏਕੇ ਤੇ ਬਗਾਵਤ ਦੇ ਰਾਹ ਪਾ ਲਿਆ ਸੀ। ਕੌਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨਾਲ ਜੋ ਸਲੂਕ ਬਰਤਾਨਵੀ ਸਾਮਰਾਜ ਦੀ ਕੈਨੇਡੀਅਨ ਹਕੂਮਤ ਨੇ ਕੀਤਾ, ਉਸ ਤੋਂ ਪੈਦਾ ਹੋਇਆ ਇਹਨਾਂ ਹਿੰਦੀਆਂ ਅੰਦਰ ਰੋਸ ਤੇ ਗੁੱਸਾ ਅੰਗਰੇਜ਼ੀ ਰਾਜ ਵਿਰੁੱਧ ਲੜਨ ਮਾਰਨ ਤੱਕ ਪਹੁੰਚ ਗਿਆ ਤੇ ਜਦੋਂ ਗ਼ਦਰ ਪਾਰਟੀ ਨੇ ਜੰਗ ਦੇ ਛਿੜਨ ਉੱਤੇ ਹਿੰਦੀਆਂ ਨੂੰ ਹਿੰਦੁਸਤਾਨ ਜਾ ਕੇ ਅੰਗਰੇਜ਼ੀ ਰਾਜ ਨੂੰ ਉਲਟਾ ਮਾਰਨ ਵਾਸਤੇ ਸੱਦਿਆ ਤਾਂ ਇਹਨਾਂ ਟਾਪੂਆਂ ਵਿੱਚੋਂ ਵੀ ਉਸੇ ਜੋਸ਼ ਤੇ ਗਿਣਤੀ ਵਿੱਚ ਹਿੰਦੀ ਦੇਸ਼ ਨੂੰ ਗਏ, ਜਿਸ ਜੋਸ਼ ਤੇ ਗਿਣਤੀ ਵਿੱਚ ਅਮਰੀਕਾ ਤੋਂ ਗਏ। ਬਹੁਤ ਸਾਰੇ ਕੌਮਾਗਾਟਾ ਮਾਰੂ ਦੇ ਮੁਸਾਫਰਾਂ ਨੇ ਪੰਜਾਬ ਵਿੱਚ ਆ ਕੇ ਗ਼ਦਰ ਲਹਿਰ ਵਿੱਚ ਸਰਗਰਮ ਹਿੱਸਾ ਲਿਆ। ਦੂਸਰੇ ਗ਼ਦਰ ਪਾਰਟੀ ਨੇ ਖੁਦ 'ਗ਼ਦਰ' ਅਖਬਾਰ ਤੇ ਆਪਣੇ ਵਰਕਰਾਂ ਰਾਹੀਂ ਇਸ ਜਹਾਜ਼ ਦੇ ਮੁਸਾਫਰਾਂ ਵਿੱਚ ਪਰਚਾਰ ਕੀਤਾ ਤੇ ਇਹਨਾਂ ਅੰਦਰ ਅੰਗਰੇਜ਼ੀ ਰਾਜ ਵਿਰੁਧ ਪੈਦਾ ਹੋਈ ਨਫਰਤ ਤੇ ਬਦਲਾ ਲੈਣ ਦੀ ਸਪਿਰਟ ਨੂੰ ਗ਼ਦਰ ਲਹਿਰ ਵਿੱਚ ਸਮੋਇਆ। ਇਸ ਲਈ ਕੌਮਾਗਾਟਾ ਮਾਰੂ ਜਹਾਜ਼ ਦਾ ਇਤਿਹਾਸ ਗ਼ਦਰ ਲਹਿਰ ਦੇ ਇਤਿਹਾਸ ਦਾ ਜ਼ਰੂਰੀ ਅੰਗ ਬਣ ਜਾਂਦਾ ਹੈ।

## ਕੈਨੇਡੀਅਨ ਹਿੰਦੀਆਂ ਦੇ ਉੱਦਮ

ਕੌਮਾਗਾਟਾ ਮਾਰੂ ਦੀ ਘਟਨਾ ਕੈਨੇਡਾ ਦੇ ਹਿੰਦੀਆਂ ਦੀ ਕੈਨੇਡਾ ਵਿੱਚ ਦਾਖਲੇ ਦੀ ਲੜਾਈ ਦਾ ਇੱਕ ਮਹਾਨ ਤਵਾਰੀਖੀ ਸਾਕਾ ਹੈ। ਜਦ ਕੈਨੇਡਾ ਸਰਕਾਰ ਨੇ 920 ਨੰਬਰ ਦੇ ਹੁਕਮ ਹੇਠ ਸਿਧੇ ਸਫਰ ਦੀ ਸ਼ਰਤ ਲਾ ਕੇ ਹਿੰਦੀਆਂ ਦੇ ਕੈਨੇਡਾ ਵਿੱਚ ਦਾਖਲੇ ਨੂੰ ਅਸੰਭਵ ਬਣਾ ਦਿੱਤਾ ਤਾਂ ਇਸ ਔਖਿਆਈਆਂ ਭਰੀ ਰੁਕਾਵਟ ਨੂੰ ਦੂਰ ਕਰਨ ਲਈ ਕੈਨੇਡਾ ਦੇ ਹਿੰਦੀਆਂ ਨੇ ਬੜਾ ਚਾਰਾ ਕੀਤਾ। ਹਿੰਦੁਸਤਾਨ ਤੋਂ ਕੈਨੇਡਾ ਨੂੰ ਸਿੱਧੇ ਜਹਾਜ਼ ਚਲਾਉਣ ਤੇ ਕੈਨੇਡਾ ਤੋਂ ਸਿੱਧੀਆਂ ਟਿਕਟਾਂ ਲੈਣ ਲਈ ਬੜੇ ਹਥ ਪੈਰ ਮਾਰੇ, ਪਰ ਕੋਈ ਪੇਸ਼ ਨਾ ਗਈ। ਇਸ ਸਿਲਸਲੇ ਵਿੱਚ ਸਭ ਤੋਂ ਪਹਿਲਾਂ ਵੈਨਕੋਵਰ ਵਿੱਚ ਵਸ ਰਹੇ ਸ੍ਰੀ ਉਦੇ ਰਾਮ ਜੋਸ਼ੀ ਰਾਏਕੋਟ ਲੁਧਿਆਣਾ ਤੇ (ਡਾਕਟਰ ਕੇਸ਼ੋ ਰਾਮ) ਦੇਵੀ ਚੰਦ ਹਿਸਾਰ ਨੇ ਦਸੰਬਰ 1910 ਵਿੱਚ ਇਸ ਸ਼ਰਤ ਉਤੋਂ ਦੀ ਲੰਘਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਕੈਨੇਡੀਅਨ ਪੈਸੇਫਿਕ ਰੇਲਵੇ ਦੀ ਜਹਾਜ਼ਾਂ ਦੀ ਬਰਾਂਚ ਦੇ ਹਾਂਗਕਾਂਗ ਦਫਤਰ ਨਾਲ ਗਾਂਢਾ ਸਾਂਢਾ ਕੀਤਾ ਕਿ ਉਹਨਾਂ ਦੀ ਕੰਪਨੀ ਦਾ ਕਲਕਤੇ ਵਾਲਾ ਏਜੰਟ ਕੈਨੇਡਾ ਆਉਣ ਵਾਲੇ ਹਿੰਦੀਆਂ ਨੂੰ ਸਿੱਧਾ ਟਿਕਟ ਦੇ ਦਿਆ ਕਰੇ। ਇਸ ਦੇ ਖਤਰੇ ਨੂੰ ਦੂਰ ਕਰਨ ਲਈ ਉਹਨਾਂ ਨੇ ਕਲਕੱਤੇ ਦੇ ਬੈਂਕ ਵਿੱਚ ਇੱਕ ਹਜ਼ਾਰ ਪੌਂਡ ਨਕਦ ਰੱਖਕੇ ਜ਼ਮਾਨਤ ਜਮ੍ਹਾ ਕਰਵਾ ਦਿੱਤੀ। ਪਰ ਅੰਗਰੇਜ਼ੀ ਸਾਮਰਾਜ ਦੀਆਂ ਕੈਨੇਡੀਅਨ ਤੇ ਹਿੰਦੁਸਤਾਨੀ ਸਰਕਾਰਾਂ ਦੇ ਛਾਪੇ ਹੇਠ ਆਕੇ ਕੰਪਨੀ ਡਰ ਗਈ ਤੇ ਇਹ ਜਤਨ ਸਫਲ ਨਾ ਹੋਇਆ।[1]

---

1. ਘਾਟ (ੳ) ਦਸੰਬਰ, 1910, ਕਾਰਵਾਈ ਨੰ. 1-2

ਫੇਰ ਮਈ 1911 ਵਿੱਚ ਵੈਨਕੋਵਰ ਦੇ ਹਿੰਦੀਆਂ ਨੇ ਕੋਸ਼ਿਸ਼ ਕੀਤੀ ਤੇ ਸ੍ਰੀ ਤਾਰਕਨਾਥ ਦਾਸ ਨੂੰ ਆਖਿਆ ਕਿ ਉਹ ਕਲਕੱਤੇ ਵਿੱਚ ਕਿਸੇ ਵਕੀਲ ਨੂੰ ਖੜਾ ਕਰੇ, ਜੋ ਹਿੰਦ ਸਰਕਾਰ ਦੇ ਖਿਲਾਫ਼ ਜਹਾਜ਼ੀ ਕੰਪਨੀਆਂ ਦੇ ਕਲਕੱਤੇ ਵਿੱਚ ਏਜੰਟਾਂ ਨੂੰ ਸਿੱਧੀਆਂ ਟਿਕਟਾਂ ਵੇਚਣ ਤੋਂ ਦਿੱਤੇ ਜਾ ਰਹੇ ਡਰਾਵਿਆਂ ਵਿਰੁੱਧ ਮੁਕਦਮਾ ਲੜੇ।[1]

ਜੂਨ, 1912 ਦੇ ਅਖੀਰ ਵਿੱਚ ਕਲਕਤੇ ਦੀ ਇਕ ਜਹਾਜ਼ੀ ਕੰਪਨੀ ਦਾ ਏਜੰਟ ਮਿਸਟਰ ਵ. ਐਟਕਿਨਸਨ ਵੈਨਕੋਵਰ ਆਇਆ, ਜਿਸ ਨੇ ਇੱਕ ਜਾਪਾਨੀ ਜਹਾਜ਼ੀ ਕੰਪਨੀ ਵੱਲੋਂ ਕਲਕੱਤੇ ਤੋਂ ਸਿੱਧੇ ਕੈਨੇਡਾ ਜਹਾਜ਼ ਲਿਆਉਣ ਦੀਆਂ ਸੰਭਾਵਨਾਵਾਂ ਦੀ ਪੁੱਛ ਪੜਤਾਲ ਕੀਤੀ। ਹਿੰਦੀਆਂ ਨੇ ਕੈਨੇਡਾ ਆਉਣ ਵਾਲਿਆਂ ਲਈ ਨਕਦ ਨਾਵਾਂ ਵਿਖਾਉਣ ਵਾਸਤੇ ਡਾਲਿਆਂ ਦੀ ਮਦਦ ਕਰਨ ਦਾ ਤੇ ਹੋਰ ਮਾਲੀ ਸਹਾਇਤਾ ਦੇਣ ਦਾ ਯਕੀਨ ਦਵਾਇਆ।[2]

ਕੈਨੇਡਾ ਗਵਰਨਰ ਜਨਰਲ ਦੀ ਪਰਿਵੀ ਕੌਂਸਲ ਨੇ ਅਗਸਤ 1913 ਵਿੱਚ ਹਿੰਦੀਆਂ ਦੇ ਸਿੱਧੇ ਸਫਰ ਦੇ ਜਤਨਾਂ ਦੀਆਂ ਅਖਬਾਰਾਂ ਵਿੱਚ ਛਪੀਆਂ ਖਬਰਾਂ ਨੂੰ ਬੜੇ ਤੌਖਲੇ ਨਾਲ ਵਿਚਾਰਿਆ ਤੇ ਹਿੰਦ ਸਰਕਾਰ ਪਾਸੋਂ ਮੰਗ ਕੀਤੀ ਕਿ ਉਹ ਅਜਿਹੀਆਂ ਕੋਸ਼ਿਸ਼ਾਂ ਨੂੰ ਕਲਕਤੇ ਵਾਲੇ ਪਾਸਿਓਂ ਰੋਕੇ। ਹਿੰਦ ਸਰਕਾਰ ਨੇ ਕੈਨੇਡਾ ਸਰਕਾਰ ਨੂੰ ਯਕੀਨ ਦਿਵਾਇਆ ਕਿ ਕਲਕੱਤੇ ਤੋਂ ਸਿੱਧੇ ਸਫਰ ਦੀਆਂ ਕੋਸ਼ਿਸ਼ਾਂ ਨਹੀਂ ਹੋ ਰਹੀਆਂ, ਉਹ ਖਾਤਰ ਜਮਾ ਰੱਖੇ।[3]

ਨਵੰਬਰ 1913 ਵਿੱਚ 39 ਪੰਜਾਬੀ ਕਿਸੇ ਨਾ ਕਿਸੇ ਤਰ੍ਹਾਂ ਟਿਕਟ ਲੈ ਕੇ ਹਾਂਗਕਾਂਗ ਤੋਂ ਵੈਨਕੋਵਰ ਆ ਗਏ। ਇਹਨਾਂ ਹੀ ਦਿਨਾਂ ਵਿੱਚ ਭਾਈ ਭਗਵਾਨ ਸਿੰਘ ਉੱਤੇ ਚੱਲੇ ਦੇਸ਼ ਨਿਕਾਲੇ ਦੇ ਮੁਕਦਮੇ ਦਾ ਫੈਸਲਾ ਹੋਇਆ, ਜਿਸ ਵਿੱਚ ਅਦਾਲਤ ਨੇ ਸਰਕਾਰੀ ਹੁਕਮ ਨੂੰ ਗਲਤ ਕਰਾਰ ਦਿੱਤਾ।[4] ਪਰ ਕੈਨੇਡਾ ਸਰਕਾਰ ਨੇ ਉਹਨਾਂ ਨੂੰ ਉਤਰਨ ਨਾ ਦਿੱਤਾ। ਕੋਲੰਬੀਆ ਦੀ ਕੋਰਟ ਦੇ ਚੀਫ ਜਸਟਿਸ ਹੰਟਰ ਨੇ 24 ਨਵੰਬਰ, 1913 ਨੂੰ ਸਿੱਧੇ ਸਫਰ ਦੀ ਸ਼ਰਤ ਵਾਲਾ ਹੁਕਮ ਨਾਜਾਇਜ਼ ਕਰਾਰ ਦੇ ਦਿੱਤਾ ਤੇ ਇਹ 39 ਪੰਜਾਬੀ ਵੈਨਕੋਵਰ ਉਤਰਨ ਵਿੱਚ ਸਫਲ ਹੋ ਗਏ।

ਹਿੰਦੀਆਂ ਲਈ ਨਕਦ ਨਾਵੇਂ ਦੀ ਸ਼ਰਤ ਕੋਈ ਐਡੀ ਔਖੀ ਨਹੀਂ ਸੀ, ਪਰ ਉਹਨਾਂ ਨੂੰ ਸਿੱਧੇ ਸਫਰ ਦੀ ਸ਼ਰਤ ਪੂਰੀ ਕਰਨ ਦਾ ਕੋਈ ਰਾਹ ਨਹੀਂ ਸੀ ਲੱਭਦਾ। ਚੀਫ ਜਸਟਿਸ ਦੇ ਫੈਸਲੇ ਨੇ ਸਿੱਧੇ ਸਫਰ ਦੀ ਸ਼ਰਤ ਇੱਕ ਦਫਤਰੀ ਗਲਤੀ ਦੀ ਬਿਨਾਂ ਉੱਤੇ ਰੱਦ ਕਰ ਦਿੱਤੀ ਸੀ। 39 ਮੁਸਾਫਰਾਂ ਤੇ ਭਾਈ ਭਾਗ ਸਿੰਘ ਤੇ ਬਲਵੰਤ ਸਿੰਘ ਦੇ ਟੱਬਰਾਂ ਨੂੰ ਉਤਾਰ ਲੈਣ ਤੇ ਭਾਈ ਭਗਵਾਨ ਸਿੰਘ ਦੇ ਮੁਕਦਮੇ ਦੇ ਫੈਸਲੇ ਦੀ ਕਾਮਯਾਬੀ ਤੋਂ ਕੈਨੇਡਾ ਦੇ ਹਿੰਦੀਆਂ ਨੂੰ ਬਹੁਤ ਹੌਸਲਾ ਹੋ ਗਿਆ ਤੇ ਉਹਨਾਂ ਨੂੰ ਉਮੀਦ ਸੀ ਕਿ ਭਾਵੇਂ ਕੈਨੇਡਾ ਦੀ ਸਰਕਾਰ ਨੇ ਸਿੱਧੇ ਸਫਰ ਦੀ ਸ਼ਰਤ ਵਾਲੇ ਹੁਕਮ ਦੀ ਦਫਤਰੀ ਗਲਤੀ ਕੱਢਕੇ ਇਸ ਨੂੰ 7 ਜਨਵਰੀ, 1914 ਨੂੰ ਫੇਰ ਲਾਗੂ ਕਰ ਦਿੱਤਾ ਸੀ ਤਾਂ ਵੀ ਉਹ ਕੈਨੇਡਾ ਦੇ ਕੰਢੇ ਉਤੇ ਆਏ ਹਿੰਦੀਆਂ ਨੂੰ ਉਤਾਰ ਸਕਦੇ ਸਨ। ਇਸ ਲਈ ਚੀਫ ਜਸਟਿਸ ਦੇ

---

1. ਘਾਟ (ਅ) ਸਤੰਬਰ, 1911 ਕਾਰਵਾਈ ਨੰ. 4-7
2. ਘਾਟ (ੳ) ਸਤੰਬਰ, 1912, ਕਾਰਵਾਈ ਨੰ. 28-29
3. ਘਾਟ (ਅ) ਅਗਸਤ 1913, ਕਾਰਵਾਈ ਨੰ. 33-36
4. ਰੋਜ਼ਾਨਾ ਵੈਨਕੋਵਰ, 29 ਮਈ 1913, ਨੰ. 209 ਪਹਿਲਾ ਸਫਾ।

ਫੈਸਲੇ ਤੋਂ ਬਾਅਦ ਉਹਨਾਂ ਨੇ ਚਿੱਠੀਆਂ ਪਾ ਕੇ ਆਪਣੇ ਭਾਈ ਬੰਦ ਸੱਦਣੇ ਸ਼ੁਰੂ ਕਰ ਦਿੱਤੇ। ਪਰ ਇਸ ਹੁਕਮ ਦੇ ਰੱਦ ਹੋਣ ਜਾਣ ਉਤੇ ਵੀ ਜਹਾਜ਼ ਕੰਪਨੀਆਂ ਨੇ ਕੈਨੇਡਾ ਦੀ ਸਰਕਾਰ ਤੋਂ ਡਰਦਿਆਂ ਹਿੰਦੀਆਂ ਨੂੰ ਹਾਂਗਕਾਂਗ ਤੋਂ ਕੈਨੇਡਾ ਲੈ ਜਾਣਾ ਨਾ ਮੰਨਿਆ। ਇਸ ਕਰਕੇ ਕੈਨੇਡਾ ਨੂੰ ਜਾਣ ਵਾਲੇ ਕਾਫੀ ਆਦਮੀ ਹਾਂਗਕਾਂਗ ਰੁਕੇ ਹੋਏ ਸਨ। ਇਹ ਔਕੜ ਕੇਵਲ ਕਿਸੇ ਆਪਣੇ ਜਹਾਜ਼ ਨਾਲ ਹੀ ਹਲ ਹੋ ਸਕਦੀ ਸੀ।

ਇਸ ਲੋੜ ਨੂੰ ਪੂਰਿਆਂ ਕਰਨ ਲਈ ਕੈਨੇਡਾ ਦੇ ਹਿੰਦੀਆਂ ਨੇ ਜਹਾਜ਼ ਕੰਪਨੀਆਂ ਨਾਲ ਫੇਰ ਗਾਂਢੇ ਸਾਂਢੇ ਲਾਉਣੇ ਸ਼ੁਰੂ ਕਰ ਦਿੱਤੇ। ਹਿੰਦੀਆਂ ਦੀ ਇੱਕ ਅਮਰੀਕਨ-ਇੰਡੀਅਨ ਕੋਲੋਨਾਈਜ਼ੇਸ਼ਨ ਕੰਪਨੀ ਦੇ ਸਕੱਤਰ ਸ੍ਰੀ ਬਿਹਾਰੀ ਲਾਲ ਵਰਮਾ ਨੇ ਕਲੱਕਤੇ ਦੀ ਇੱਕ ਅੰਗਰੇਜ਼ ਫਰਮ ਐਂਡਰੀਊ ਯੂਲ ਐਂਡ ਕੰਪਨੀ ਨਾਲ 50 ਮੁਸਾਫਰਾਂ ਨੂੰ ਕਲਕੱਤੇ ਤੋਂ ਸਿੱਧੇ ਟਿਕਟ ਦੇਣ ਦੀ ਗਲਬਾਤ ਚਲਾਈ। 500 ਮੁਸਾਫਰਾਂ ਦਾ ਨਕਦ ਨਾਵਾਂ ਦਿਖਾਉਣ ਲਈ ਪੇਸ਼ਗੀ ਰਕਮ ਰੱਖਣ ਦਾ ਇਕਰਾਰ ਕੀਤਾ। ਪਰ ਹਿੰਦ ਦੀ ਅੰਗਰੇਜ਼ੀ ਸਰਕਾਰ ਦੀ ਕੈਰੀ ਅੱਖ ਵੇਖਕੇ ਇਸ ਕੰਪਨੀ ਨੇ ਅਜੇਹਾ ਕਰਨ ਤੋਂ ਨਾਂਹ ਕਰ ਦਿੱਤੀ।[1]

ਖ਼ਾਲਸਾ ਦੀਵਾਨ ਸੋਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਦੇ ਪਤਵੰਤਿਆਂ ਵੱਲੋਂ ਵੀ ਕਿਸੇ ਜਹਾਜ਼ ਦਾ ਪਰਬੰਧ ਕਰਨ ਦੇ ਯਤਨ ਹੋਣ ਲੱਗੇ।

## ਬਾਬਾ ਗੁਰਦਿੱਤ ਸਿੰਘ ਮੈਦਾਨ ਵਿੱਚ

ਕੈਨੇਡਾ ਸਰਕਾਰ ਦੇ ਹਿੰਦੀਆਂ ਨਾਲ ਪਾਏ ਹੋਏ ਇਸ ਰੱਟੇ ਦੀ ਬਾਹਰ ਟਾਪੂਆਂ ਵਿੱਚ ਆਮ ਚਰਚਾ ਸੀ। ਕੈਨੇਡਾ ਤੇ ਅਮਰੀਕਾ ਨੂੰ ਜਾਂਦੇ ਆਉਂਦੇ ਮੁਸਾਫਰ ਸਿੰਘਾਪੁਰ, ਮਲਾਯਾ, ਸ਼ੰਘਾਈ, ਮਨੀਲਾ ਆਦਿ ਥਾਵਾਂ ਉਤੇ ਨੌਕਰੀਆਂ ਤੇ ਕਾਰ ਵਿਹਾਰ ਕਰ ਰਹੇ ਹਿੰਦੀਆਂ ਵਿੱਚ ਗੱਲਾਂ ਕਰਦੇ। ਜਦ ਹਿੰਦੀਆਂ ਦੇ ਜਹਾਜ਼ੀ ਕੰਪਨੀਆਂ ਨੂੰ ਮਨਾ ਲੈਣ ਦੇ ਸਭ ਜਤਨ ਅਕਾਰਥ ਗਏ ਤਾਂ ਉਹਨਾਂ ਅੰਦਰ ਇਹ ਵਿਚਾਰ ਪੈਦਾ ਹੋਣ ਲੱਗੇ ਕਿ ਕਿਸੇ ਆਪਣੇ ਜਹਾਜ਼ ਦਾ ਬੰਦੋਬਸਤ ਹੋ ਜਾਏ ਤੇ ਬਹੁਤ ਹੀ ਚੰਗਾ ਹੋਵੇ। ਇਹ ਗੱਲਾਂ ਕੈਨੇਡਾ ਤੋਂ ਆਏ ਹਿੰਦੀਆਂ ਨੇ ਸਿੰਘਾਪੁਰ ਵਿੱਚ ਬਾਬਾ ਗੁਰਦਿੱਤ ਸਿੰਘ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਨਾਲ ਵੀ ਕੀਤੀਆਂ।[2] ਉਹ ਸਿੰਘਾਪੁਰ, ਮਲਾਯਾ ਵਿੱਚ ਠੇਕੇਦਾਰੀ ਦਾ ਕੰਮ ਕਰਦੇ ਸਨ। ਅਮਰੀਕਾ ਤੇ ਕੈਨੇਡਾ ਜਾਣ ਦੀ ਹਿੰਦੀਆਂ ਵਿੱਚ ਬਹੁਤ ਲਾਲਸਾ ਸੀ। ਕਿਸੇ ਜਹਾਜ਼ ਦਾ ਬੰਦੋਬਸਤ ਹੋ ਜਾਣ ਨਾਲ ਚੰਗੇ ਪੈਸੇ ਵੀ ਕਮਾਏ ਜਾ ਸਕਦੇ ਸਨ ਤੇ ਹਿੰਦੀਆਂ ਦੀ ਇਹ ਲਾਲਸਾ ਵੀ ਪੂਰੀ ਹੋ ਸਕਦੀ ਸੀ। ਹਿੰਦੀਆਂ ਦੀ ਇਸ ਲੋੜ ਤੋਂ ਫਾਇਦਾ ਉਠਾਉਣ ਲਈ ਬਾਬਾ ਗੁਰਦਿੱਤ ਸਿੰਘ ਨੇ ਕਿਸੇ ਜਹਾਜ਼ ਦਾ ਬੰਦੋਬਸਤ ਕਰਨ ਦੀ ਸਲਾਹ ਪਕਾਈ। ਇਸ ਕੰਮ ਲਈ ਉਸ ਨੇ ਸਿੰਘਾਪੁਰ ਤੋਂ ਲੰਘਣ ਵਾਲੇ ਹਿੰਦੀ ਕੈਨੇਡੀਅਨਾਂ ਨਾਲ ਸਲਾਹ ਮਸ਼ਵਰਾ ਕੀਤਾ ਤੇ ਇਸ ਕੰਮ ਦੀ ਹੋਰ ਪੁੱਛ ਪੜਤਾਲ ਕਰਨ ਲਈ ਉਹ 1913 ਦੇ ਅਖੀਰ ਤੇ ਹਾਂਗਕਾਂਗ ਗਏ। ਉਹਨਾਂ ਕੈਨੇਡਾ ਨੂੰ ਜਾਣ ਲਈ ਇਕੱਠੇ ਹੋਏ ਹਿੰਦੀਆਂ, ਗਰਦੁਆਰਾ ਕਮੇਟੀ ਤੇ

---

1. ਘਾਟ (ਅ) ਜੂਨ. 1914 ਨੰ. 11-13
2. ਕੌਮਾਗਾਟਾ ਮਾਰੂ ਦੀ ਯਾਤਰਾ' (ਅੰਗਰੇਜ਼ੀ) ਸਫਾ 14

ਕਈ ਕੈਨੇਡਾ ਤੋਂ ਆਏ ਹੋਏ ਵਾਪਸ ਜਾ ਰਹੇ ਹਿੰਦੀਆਂ ਨਾਲ ਗੱਲਬਾਤ ਕੀਤੀ।[1] ਇਹਨਾਂ ਵਿੱਚ ਭਾਈ ਬਲਵੰਤ ਸਿੰਘ ਗਰੰਥੀ ਗੁਰਦੁਆਰਾ ਵੈਨਕੋਵਰ ਸਨ। ਜੋ ਕੈਨੇਡਾ ਤੋਂ ਵਾਇਸਰਾਏ ਨੂੰ ਹਿੰਦੁਸਤਾਨ ਵਿੱਚ ਮਿਲਣ ਆਏ ਡੈਪੂਟੇਸ਼ਨ ਵਿੱਚੋਂ ਵਾਪਸ ਕੈਨੇਡਾ ਜਾ ਰਹੇ ਸਨ, ਦੂਸਰੇ ਭਾਈ ਅਰਜਨ ਸਿੰਘ ਸਨ, ਜੋ ਵੈਨਕੋਵਰ ਦੇ ਸਭ ਤੋਂ ਪਹਿਲੇ ਗਰੰਥੀ ਸਨ ਤੇ ਜਹਾਜ਼ ਨੂੰ ਤੋਰਨ ਵਿੱਚ ਸਹਾਇਤਾ ਕਰ ਰਹੇ ਸਨ। ਉਹਨਾਂ ਨੇ ਕਈਆਂ ਮੁਸਾਫਰਾਂ ਦਾ ਕਰਾਇਆ ਵੀ ਆਪਣੇ ਕੋਲੋਂ ਦਿੱਤਾ।[2]

ਕੈਨੇਡਾ ਦੇ ਹਿੰਦੀਆਂ ਦਾ ਇਸ ਜਹਾਜ਼ ਦੇ ਇੰਤਜ਼ਾਮ ਵਿੱਚ ਹੱਥ ਹੋਣ ਦਾ ਪਤਾ ਇਸ ਖਬਰ ਤੋਂ ਵੀ ਲੱਗਦਾ ਹੈ, ਜੋ ਯੂਨਾਈਟਿਡ ਇੰਡੀਆ ਲੀਗ ਦੇ ਸਕੱਤਰ ਮਿਸਟਰ ਹਸਨ ਰਹੀਮ ਵੱਲੋਂ ਪਰਕਾਸ਼ਤ ਕੀਤੇ ਜਾ ਰਹੇ ਮਾਹਵਾਰ ਅਖਬਾਰ 'ਹਿੰਦੁਸਤਾਨੀ' ਦੇ ਪਹਿਲੀ ਮਈ, 1914 ਦੇ ਪਰਚੇ ਵਿੱਚ ਛਪੀ।

"ਕਿਹਾ ਜਾਂਦਾ ਹੈ ਕਿ ਇਹ ਜਹਾਜ਼ ਕੈਨੇਡਾ ਦੇ ਉਹਨਾਂ ਵਸਨੀਕ ਹਿੰਦੀਆਂ ਵਲੋਂ ਰਲ ਕੇ ਭਾਈ ਗਰਦਿੱਤ ਸਿੰਘ ਦੇ ਪਰਬੰਧ ਹੇਠ ਪਟੇ ਤੇ ਲਿਆ ਗਿਆ ਹੈ, ਜਿਨ੍ਹਾਂ ਨੂੰ ਕੈਨੇਡਾ ਦੇ ਘਾਟਾਂ ਦੇ ਮਹਿਕਮੇ ਦੇ ਕਹੇ ਜਹਾਜ਼ ਕੰਪਨੀਆਂ ਨੇ ਕੈਨੇਡਾ ਆਉਣ ਦੀਆਂ ਟਿਕਟਾਂ ਵੇਚਣ ਤੋਂ ਨਾਂਹ ਕੀਤੀ ਸੀ।"[3]

ਸਰਕਾਰ ਦੀ ਸੀ.ਆਈ.ਡੀ. ਦੇ ਡਾਇਰੈਕਟਰ ਕਲੀਵਲੈਂਡ ਦੀ 8 ਮਈ, 1914 ਦੀ ਸਰਕਾਰ ਹਿੰਦ ਨੂੰ ਰਪੋਰਟ ਵੀ ਇਸ ਦੀ ਤਸਦੀਕ ਕਰਦੀ ਹੈ।[4]

ਹਾਂਗਕਾਂਗ ਦੇ ਹਿੰਦੀਆਂ ਵਿੱਚ ਕੌਮੀ ਜਾਗ ਲੱਗੀ ਹੋਈ ਸੀ ਤੇ ਏਥੇ 'ਗ਼ਦਰ' ਅਖਬਾਰ ਰਾਹੀਂ ਪਰਚਾਰ ਤੇ ਗੋਰੇ ਸਾਮਰਾਜੀਆਂ ਦੇ ਕੈਨੇਡਾ, ਅਮਰੀਕਾ ਤੋਂ ਏਸ਼ੀਆਈ ਘਾਟਾਂ ਉੱਤੇ ਹਿੰਦੀਆਂ ਨਾਲ ਗੁਲਾਮਾਂ ਵਾਲੇ ਸਲੂਕ ਤੋਂ ਪੈਦਾ ਹੋਈ ਕੌਮੀ ਲਹਿਰ ਚੱਲ ਰਹੀ ਸੀ। ਇਸ ਲਹਿਰ ਦੀ ਆਗੂ ਏਥੋਂ ਦੀ ਗੁਰਦਵਾਰਾ ਕਮੇਟੀ ਸੀ। ਕੌਮਾਗਾਟਾ ਮਾਰੂ ਦੇ ਇੰਤਜ਼ਾਮ, ਤੋਰਨ ਤੇ ਮਸੁਾਫਰ ਤਿਆਰ ਕਰਨ ਵਿੱਚ ਗੁਰਦਵਾਰਾ ਕਮੇਟੀ ਨੇ ਕਾਫੀ ਕੰਮ ਕੀਤਾ[5]। ਦਸੰਬਰ 1923 ਵਿੱਚ ਬਾਬਾ ਗੁਰਦਿੱਤ ਸਿੰਘ ਦੀ ਹਾਜ਼ਰੀ ਵਿੱਚ ਗੁਰਦੁਆਰਾ ਕਮੇਟੀ ਨੇ ਇੱਕ ਸਭਾ ਬੁਲਾਈ, ਸਭਾ ਨੇ ਬਾਬਾ ਗੁਰਦਿੱਤ ਸਿੰਘ ਨੂੰ ਜਹਾਜ਼ ਦਾ ਇੰਤਜ਼ਾਮ ਕਰਨ ਵਾਸਤੇ ਕਿਹਾ ਤੇ ਉਸ ਦੀ ਮਦਦ ਕਰਨ ਦਾ ਪਰਣ ਕੀਤਾ।[6]

ਹੁਣ ਜਹਾਜ਼ ਦੀ ਭਾਲ ਸ਼ੁਰੂ ਹੋਈ, ਜੋ ਭਾੜੇ ਉਤੇ ਲਿਆ ਜਾਏ ਤੇ ਕਲਕੱਤੇ ਤੋਂ ਸਿੱਧਾ

---

1. ਉਤਲਿਖਤ ਯਾਤਰਾ, ਸਫਾ 16, ਭਾਈ ਹਰਨਾਮ ਸਿੰਘ ਕਹੂਟਾ ਤੇ ਬਾਬਾ ਗੁਰਮੁਖ ਸਿੰਘ ਲਲਤੋਂ ਦੇ ਬਿਆਨ।
2. ਭਾਈ ਹਰਨਾਮ ਸਿੰਘ ਕਹੂਟਾ ਦਾ ਬਿਆਨ।
3. ਘਾਟ (ਅ) ਜੁਲਾਈ, 1914 ਕਾਰਵਾਈ ਨੰ. 13-15 ਸਫਾ 22
4. ਘਾਟ (ੳ) ਸਤੰਬਰ 1914 ਕਾਰਵਾਈ ਨੰ. 40-47
5. ਕੌਮਾਗਾਟਾ ਮਾਰੂ ਦੀ ਯਾਤਰਾ ਸਫਾ 15, ਕੌਮਾਗਾਟਾ ਮਾਰੂ ਇਨਕਵਾਇਰੀ ਕਮੇਟੀ ਦੀ ਰਿਪੋਰਟ ਸਫਾ 9, ਬਾਬਾ ਹਰਨਾਮ ਸਿੰਘ ਗੁਜਰਵਾਲ ਤੇ ਭਾਈ ਹਰਨਾਮ ਸਿੰਘ ਕਹੂਟਾ ਦੇ ਬਿਆਨ।
6. ਉਤਲਿਖਤ ਯਾਤਰਾ ਸਫਾ 15-16

ਕੈਨੇਡਾ ਦੇ ਘਾਟਾਂ ਨੂੰ ਚਲਾਇਆ ਜਾਏ। ਇਹ ਉਸ ਵੇਲੇ ਦੀ ਵਡੀ ਇਤਿਹਾਸਕ ਲੋੜ ਸੀ। ਬਾਬਾ ਗੁਰਦਿੱਤ ਸਿੰਘ ਦੀ ਸਲਾਹ ਸੀ ਕਿ ਜਹਾਜ਼ ਪਹਿਲਾਂ ਕਲਕੱਤੇ ਤੋਂ ਚਲਾਇਆ ਜਾਏ, ਕਿਉਂਕਿ ਕਲਕਤੇ ਤੋਂ ਚਲਾਇਆ ਜਹਾਜ਼ ਹੀ ਸਿੱਧੇ ਸਫਰ ਦੀ ਸ਼ਰਤ ਪੂਰੀ ਕਰਦਾ ਸੀ। ਇਸ ਲਈ ਉਹ ਜਹਾਜ਼ ਦਾ ਬੰਦੋਬਸਤ ਕਰਨ ਲਈ ਸਿੰਘਾਪੁਰ ਤੇ ਫੇਰ ਕਲਕੱਤੇ ਗਏ। ਪਰ ਕੈਨੇਡਾ ਦੇ ਹਿੰਦੀ ਹਾਂਗਕਾਂਗ ਵਿੱਚ ਬੈਠੇ ਬੇਅੰਤ ਭਾਈ ਬੰਦਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਜਹਾਜ਼ ਚੜ੍ਹ ਆਉਣ ਲਈ ਚਿਠੀਆਂ ਲਿਖ ਰਹੇ ਸਨ ਤੇ ਉਹਨਾਂ ਨੂੰ ਉਤਾਰ ਲੈਣ ਦਾ ਜ਼ੁਮਾ ਲੈਂਦੇ ਸਨ। ਅਜਿਹੇ ਹਿੰਦੀ ਮੁਸਾਫਰਾਂ ਦੀ ਕਾਹਲ ਤੇ ਕੈਨੇਡਾ ਦੇ ਹਿੰਦੀਆਂ ਦੀ ਮੰਗ ਨੂੰ ਅਨੁਭਵ ਕਰਕੇ ਹਾਂਗਕਾਂਗ ਗੁਰਦਵਾਰਾ ਕਮੇਟੀ ਨੇ ਬਾਬਾ ਗੁਰਦਿੱਤ ਸਿੰਘ ਨੂੰ 29 ਜਨਵਰੀ, 1914 ਨੂੰ ਬੁਲਾ ਲੈਣ ਲਈ ਤਾਰ ਦਿੱਤੀ।[1] ਬਾਬਾ ਗੁਰਦਿੱਤ ਸਿੰਘ ਨੇ ਕਲਕੱਤੇ ਆ ਕੇ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਦੀ ਮੈਨੇਜਿੰਗ ਡਾਇਰੈਕਟਰ ਦੇ ਨਾਂ ਹੇਠ ਕੈਨੇਡਾ ਨੂੰ ਜਹਾਜ਼ ਲੈ ਜਾਣ ਦਾ 13 ਫਰਵਰੀ ਨੂੰ ਇਸ਼ਤਿਹਾਰ ਕਢਿਆ। ਜੋ ਪੰਜਾਬ ਤੇ ਕਲਕੱਤੇ ਦੇ ਗੁਰਦੁਆਰਿਆਂ ਵਿੱਚ ਵੰਡਿਆ ਗਿਆ[2] ਹਿੰਦ ਸਰਕਾਰ ਨੇ ਬਾਬਾ ਗੁਰਦਿੱਤ ਸਿੰਘ ਨੂੰ ਕਲਕੱਤੇ ਤੋਂ ਮੁਸਾਫਰ ਨਾ ਲੈਣ ਦਿੱਤੇ। ਹਾਰ ਕੇ ਉਹ ਹਾਂਗਕਾਂਗ ਆ ਗਏ।

## ਕੌਮਾਗਾਟਾ ਮਾਰੂ ਤੁਰ ਪਿਆ

28 ਮਾਰਚ, 1914 ਨੂੰ ਜਾਪਾਨ ਦੀ ਇਕ ਛੋਟੀ ਜਿਹੀ ਕੰਪਨੀ ਸ਼ੀਨੇਈ ਕਿਸ਼ੇਨ ਗੋਸ਼ੀ ਕਾਈਸ਼ਾ ਪਾਸੋਂ, ਹਾਂਗਕ ਜਰਮਨ ਜਹਾਜ਼ੀ ਦਲਾਲ ਮਿਸਟਰ ਬਿਊਨ ਦੀ ਰਾਹੀਂ, ਇੱਕ ਭਾਰ ਢੋਣ ਵਾਲਾ ਕੌਮਾਗਾਟਾ ਮਾਰੂ ਨਾਂ ਦਾ ਜਹਾਜ਼ ਛੇ ਮਹੀਨਿਆਂ ਵਾਸਤੇ ਹਾਂਗਕਾਂਗ ਦੇ 11000 ਡਾਲਰ ਮਹੀਨਾ ਦੇਣੇ ਕਰਕੇ ਭਾੜੇ ਤੇ ਕਰ ਲਿਆ ਗਿਆ। ਪਹਿਲੇ ਮਹੀਨੇ ਦਾ 11000 ਡਾਲਰ ਭਾੜੇ ਦਾ ਨਾਵਾਂ ਲਿਖਣ ਉੱਤੇ ਹੀ ਦੇਣਾ ਸੀ। ਦੂਸਰੇ ਮਹੀਨੇ ਦਾ 11000 ਲਿਖਤ ਹੋਣ ਤੋਂ ਬਾਅਦ ਪਹਿਲੇ ਹਫਤੇ। ਫੇਰ ਇੱਕ ਮੁਠ ਦੋ ਮਹੀਨਿਆਂ ਦਾ 22000 ਜਹਾਜ਼ ਦੇ ਹਾਂਗਕਾਂਗ ਤੋਂ ਚੱਲ ਪੈਣ ਦੇ ਚੌਂਦਾਂ ਦਿਨਾਂ ਦੇ ਅੰਦਰ ਪਰ ਜਾਪਾਨ ਤੋਂ ਕੈਨੇਡਾ ਨੂੰ ਤੁਰ ਪੈਣ ਤੋਂ ਹੋਰ ਹਾਲਤ ਵਿੱਚ ਪਹਿਲਾਂ।[3]

ਇੱਕ ਤਾਂ ਜਾਪਾਨ ਦੀ ਇਸ ਕੰਪਨੀ ਨੇ ਹਿੰਦੀਆਂ ਦੀ ਇਸ ਇਤਿਹਾਸਕ ਲੋੜ ਦਾ ਬਹੁਤ ਨਾਜਾਇਜ਼ ਫਾਇਦਾ ਉਠਾਇਆ ਅਤੇ ਭਾੜੇ ਤੇ ਇਸ ਦੀ ਉਗਰਾਹੀ ਵਿੱਚ ਰੱਜ ਕੇ ਉੱਨ ਲਾਹੀ। ਇਸ ਤੋਂ ਇਲਾਵਾ ਜਹਾਜ਼ ਦਾ ਕੋਲੇ ਤੇ ਸਫਾਈ ਦਾ ਖਰਚ ਬਾਬੇ ਨੇ ਦੇਣਾ ਸੀ। ਦੂਸਰੇ ਅੰਗਰੇਜ਼ੀ ਸਾਮਰਾਜ ਦੀ ਹਾਂਗਕਾਂਗ ਨੂੰ ਦੱਬੀ ਬੈਠੀ ਸਰਕਾਰ ਨੇ ਹਿੰਦੀਆਂ ਦੀ ਇਸ ਜੁਰਤ ਨੂੰ ਰੋਕਣ ਦੀ ਬੜੀ ਵਾਹ ਲਾਈ।

ਕੋਈ 250 ਦੇ ਕਰੀਬ ਮੁਸਾਫਰ ਕੈਨੇਡਾ ਤੋਂ ਅਮਰੀਕਾ ਨੂੰ ਜਾਣ ਲਈ ਹਾਂਗਕਾਂਗ ਬੈਠਾ ਸੀ। ਹਾਂਗਕਾਂਗ ਦੀ ਸਰਕਾਰ ਨੇ ਇਕ ਬੰਨੇ ਤਾਂ ਆਪਣੇ ਜ਼ਰ ਖਰੀਦ ਏਜੰਟਾਂ ਰਾਹੀਂ ਮੁਸਾਫਰਾਂ ਵਿੱਚ ਇਹ ਸ਼ੱਕ ਪੈਦਾ ਕਰ ਦਿੱਤਾ ਕਿ ਕੈਨੇਡਾ ਸਰਕਾਰ ਨੇ ਇਹ ਮੁਸਾਫਰ ਉਤਰਨ ਨਹੀਂ ਦੇਣੇ ਕਿਉਂਕਿ

---

1. ਕੌਮਾਗਾਟਾ ਮਾਰੂ ਦੀ ਯਾਤਰਾ', ਸਫਾ 35 ਤੇ 36
2. ਕੌਮਾਗਾਟਾ ਮਾਰੂ ਇਨਕਵਾਇਰੀ ਕਮੇਟੀ ਦੀ ਰਪੋਰਟ ਪੈਰਾ 5
3. ਘਾਟ (ੳ) ਸਤੰਬਰ, 1914 ਕਾਰਵਾਈ ਨੰ. 40-47

ਜਹਾਜ਼ ਸਿੱਧਾ ਹਿੰਦੁਸਤਾਨ ਤੋਂ ਨਹੀਂ ਜਾ ਰਿਹਾ। ਦੂਸਰੇ ਮੁਸਾਫਰਾਂ ਨੂੰ ਡਰਾਉਣ ਲਈ ਕਿ ਸਰਕਾਰ ਜਹਾਜ਼ ਲੈ ਜਾਣ ਦੇ ਕੰਮ ਨੂੰ ਕਿੰਨਾ ਕੁ ਖਤਰਨਾਕ ਸਮਝਦੀ ਹੈ, ਜਹਾਜ਼ ਤੁਰਨ ਤੋਂ ਤਿੰਨ ਦਿਨ ਪਹਿਲਾਂ ਬਾਬਾ ਗੁਰਦਿੱਤ ਸਿੰਘ ਨੂੰ ਗਰਿਫਤਾਰ ਕਰਕੇ ਜਹਾਜ਼ ਦੇ ਦਫਤਰ ਦੀ ਤਲਾਸ਼ੀ ਕੀਤੀ ਗਈ। ਹਾਂਗਕਾਂਗ ਸਰਕਾਰ ਦੀ ਇਸ ਕਰਤੂਤ ਵਿਰੁੱਧ ਹਿੰਦੀ ਲੋਕਾਂ ਵਿੱਚ ਬੜੇ ਰੋਸ ਤੇ ਨਰਾਜ਼ਗੀ ਦੀ ਲਹਿਰ ਉਠ ਪਈ। ਜਿਸ ਨੂੰ ਤਾੜਕੇ ਪੁਲਸ ਨੇ 28 ਮਾਰਚ ਨੂੰ ਮੁਕਦਮਾ ਵਾਪਸ ਲੈ ਲਿਆ।[1] ਜਿਸ ਦਾ ਨਤੀਜਾ ਇਹ ਹੋਇਆ ਕਿ ਹਾਂਗਕਾਂਗ ਤੋਂ ਕੁਲ 165 ਮੁਸਾਫਰ ਹੀ ਜਹਾਜ਼ ਉੱਤੇ ਸਵਾਰ ਹੋਣ ਲਈ ਤਿਆਰ ਹੋ ਸਕੇ। ਤੀਸਰੇ ਹਕੂਮਤ ਨੇ ਜਹਾਜ਼ ਠਿਲਣ ਦੀ ਮਨਜ਼ੂਰੀ ਵਾਲਾ ਸਰਟੀਫਿਕੇਟ ਕਈ ਦਿਨ ਰੋਕੀ ਰੱਖਿਆ। ਜਹਾਜ਼ ਨੇ 28 ਮਾਰਚ ਨੂੰ ਤੁਰਨਾ ਸੀ। ਹਾਂਗਕਾਂਗ ਦੀ ਸਰਕਾਰ ਨੇ ਕੈਨੇਡਾ ਦੀ ਸਰਕਾਰ ਪਾਸੋਂ ਤਾਰਾਂ ਰਾਹੀਂ ਪੁਛਿਆ ਕਿ 'ਜਹਾਜ਼ ਨੂੰ ਰੋਕ ਲਈਏ ਜਾਂ ਆਉਣ ਦਈਏ?' ਕੈਨੇਡਾ ਦੀ ਸਰਕਾਰ ਕੋਲੋਂ ਜਵਾਬ ਦੇਣ ਵਿੱਚ ਦੇਰ ਹੋ ਗਈ। ਏਧਰੋਂ ਮਸੁਾਫਰਾਂ ਦੇ ਜ਼ੋਰ ਦੇਣ ਤੇ ਹਾਂਗਕਾਂਗ ਸਰਕਾਰ ਨੂੰ ਆਖਰ 4 ਅਪਰੈਲ ਨੂੰ ਸਰਟੀਫਿਕੇਟ ਦੇਣਾ ਪੈ ਗਿਆ (ਹਾਂਗਕਾਂਗ ਦੇ ਗਵਰਨਰ ਦੀ ਵਸਤੀਆਂ ਦੇ ਲੰਡਨੀ ਦਫਤਰ ਨੂੰ ਚਿੱਠੀ, ਮਿਤੀ 8 ਅਪਰੈਲ 1914)[2]

ਹਾਂਗਕਾਂਗ ਸਰਕਾਰ ਦੀ ਕੁਟਿਲ ਨੀਤੀ ਦੀ ਵਜ੍ਹਾ ਕਰਕੇ ਮੁਸਾਫਰ ਘਟਦੇ ਵੇਖਕੇ ਜਹਾਜ਼ ਦੇ ਪਰਬੰਧਕਾਂ ਨੇ ਰਾਹ ਵਿੱਚੋਂ ਹੋਰ ਮੁਸਾਫਰ ਲੈਣ ਵਾਸਤੇ ਆਪਣੇ ਬੰਦੇ ਸ਼ੰਘਾਈ ਤੇ ਮਨੀਲੇ ਭੇਜੇ। ਹਾਂਗਕਾਂਗ ਗੁਰਦਵਾਰੇ ਦੇ ਗਰੰਥੀ ਭਾਈ ਹਰਨਾਮ ਸਿੰਘ ਕਹੂਟਾ ਨੂੰ ਮਨੀਲਾ ਭੇਜਿਆ ਗਿਆ ਤੇ ਉਹ 60 ਮੁਸਾਫਰ ਲੈਕੇ ਸ਼ੰਘਾਈ ਆਇਆ। 4 ਅਪਰੈਲ ਨੂੰ ਜਹਾਜ਼ ਹਾਂਗਕਾਂਗ ਤੋਂ ਤੁਰਿਆ ਤੇ 8 ਅਪਰੈਲ ਨੂੰ ਸ਼ੰਘਾਈ ਪੁੱਜਾ, ਉੱਥੋਂ 111 ਮੁਸਾਫਰ ਲੈ ਕੇ ਫੇਰ 14 ਨੂੰ ਅਗਾਂਹ ਨਿਕਲ ਕੇ 19 ਅਪਰੈਲ ਨੂੰ ਜਾਪਾਨ ਆ ਕੇ ਮੋਜੀ ਦੇ ਘਾਟ ਉੱਤੇ ਜਾ ਲੱਗਾ। ਇਥੋਂ ਹੋਰ ਕੋਲਾ ਲਿਆ ਤੇ ਜਹਾਜ਼ ਦੀ ਅਗਲੀ 22000 ਡਾਲਰ ਦੀ ਕਿਸ਼ਤ ਤਾਰੀ। 86 ਮੁਸਾਫਰ ਇਥੋਂ ਚੜ੍ਹੇ, ਜੋ ਮਨੀਲਾ ਤੋਂ ਆਏ ਸਨ। ਫੇਰ 28 ਅਪਰੈਲ ਨੂੰ ਜਹਾਜ਼ ਯੋਕੋਹਾਮਾ ਗਿਆ ਤੇ ਉਥੋਂ 14 ਮੁਸਾਫਰ ਹੋਰ ਸਵਾਰ ਹੋਏ। ਹੁਣ ਜਹਾਜ਼ ਉੱਤੇ ਕੁਲ 376 ਮੁਸਾਫਰ ਹੋ ਗਏ ਸਨ, ਜਿਨ੍ਹਾਂ ਨੂੰ ਲੈਕੇ ਜਹਾਜ਼ 2 ਮਈ ਨੂੰ ਯੋਕੋਹਾਮਾ ਤੋਂ ਤੁਰਕੇ 21 ਮਈ ਨੂੰ ਕੈਨੇਡਾ ਵਿਕਟੋਰੀਆ ਦੀ ਕੁਰਾਟੀਨ ਵਿੱਚ ਜਾ ਪਿਆ ਤੇ 23 ਮਈ ਨੂੰ ਵੈਨਕੋਵਰ ਪਹੁੰਚ ਗਿਆ।[3]

ਮੋਜੀ ਆ ਕੇ ਭਾੜੇ ਦੀ 22000 ਡਾਲਰ ਦੀ ਨਵੀਂ ਕਿਸ਼ਤ ਵਾਸਤੇ ਤੇ ਜਹਾਜ਼ ਦੇ ਕੋਲੇ ਵਾਸਤੇ ਪੈਸੇ ਨਹੀਂ ਸਨ। ਇਥੇ ਭਾਈ ਬਲਵੰਤ ਸਿੰਘ ਖੁਰਦਪੁਰ ਜਹਾਜ਼ ਨੂੰ ਫੇਰ ਆਕੇ ਮਿਲੇ। ਕੁਝ ਨਵੇਂ ਮੁਸਾਫਰਾਂ ਤੋਂ ਲਏ ਹੋਏ ਕਰਾਏ ਤੋਂ ਪੂਰੇ ਹੋਏ ਤੇ ਕੁਝ ਭਾਈ ਬਲਵੰਤ ਸਿੰਘ ਨੇ ਇੰਤਜ਼ਾਮ ਕੀਤਾ, ਭਾਈ ਕੋਬੀ ਤੱਕ ਇਸੇ ਜਹਾਜ਼ ਵਿੱਚ ਗਿਆ ਤੇ ਅਗੋਂ ਉਹ ਇੱਕ ਹੋਰ ਜਹਾਜ਼ ਵਿਚ ਚੜ੍ਹਕੇ ਕੈਨੇਡਾ ਚਲਾ ਗਿਆ।[4]

ਇਹਨਾਂ ਮੁਸਾਫਰਾਂ ਬਾਰੇ ਕੈਨੇਡਾ ਦੀ ਹਕੂਮਤ ਨੇ ਪਹਿਲਾਂ ਹੀ ਆਪਣੀ ਪਾਲਿਸੀ ਬਣਾ

---

1. ਕੌਮਾਗਾਟਾ ਮਾਰੂ ਇਨਕਵਾਇਰੀ ਕਮੇਟੀ ਦੀ ਰਪੋਰਟ, ਪੈਰਾ 6।
2. ਘਾਟ (ਓ) ਜੁਲਾਈ, 1914 ਨੰ. 20-21 ਸਫਾ 18।
3. ਕੌਮਾਗਾਟਾ ਮਾਰੂ ਦੀ ਯਾਤਰਾ ਤੇ ਇਨਕਵਾਇਰੀ ਰੀਪੋਰਟ।
4. ਬਾਬਾ ਹਰਨਾਮ ਸਿੰਘ ਗੁਜਰਵਾਲ ਦਾ ਬਿਆਨ।

ਲਈ ਸੀ। 17 ਅਪਰੈਲ ਨੂੰ ਘਰੋਗੀ ਵਜ਼ੀਰ ਰੋਚੇ ਨੇ ਕੈਨੇਡਾ ਦੀ ਲੋਕ ਸਭਾ ਨੂੰ ਦਸਿਆ–

"ਘਾਟਾਂ ਦੇ ਮਹਿਕਮੇ ਦੇ ਅਫਸਰਾਂ ਨੂੰ ਕਹਿ ਦਿੱਤਾ ਗਿਆ ਹੈ ਕਿ ਜੇ ਹਿੰਦੀ ਨਵੇਂ ਰੂਲਾਂ ਨੂੰ ਉਲੰਘ ਕੇ ਆਉਣ ਤਾਂ ਉਹਨਾਂ ਨੂੰ ਉਤਰਨ ਨਾ ਦਿੱਤਾ ਜਾਵੇ। ਇਮਪੀਰੀਅਲ ਸਰਕਾਰ ਤੇ ਹਿੰਦੁਸਤਾਨੀ ਸਰਕਾਰ ਦਾ ਏਜੰਟ (ਵੈਲਿੰਗਰ–ਲੇਖਕ) ਉਟਾਵੇ ਆਇਆ ਦਸੀਦਾ ਹੈ, ਜੋ ਇਸ ਮਾਮਲੇ ਉੱਤੇ ਕੈਨੇਡਾ ਸਰਕਾਰ ਨਾਲ ਗੱਲ ਬਾਤ ਕਰ ਰਿਹਾ ਹੈ।"[1]

17 ਅਪਰੈਲ ਨੂੰ ਸਕੱਤਰ ਖਾਲਸਾ ਦੀਵਾਨ, ਸ਼ੰਘਾਈ ਨੇ ਹਿੰਦ ਦੇ ਵਾਇਸਰਾਏ ਨੂੰ ਤਾਰ ਦਿੱਤੀ ਕਿ:–

"ਕੈਨੇਡਾ ਗੌਰਮਿੰਟ ਨੂੰ ਲਿਖੋ ਕਿ ਉਹ 'ਕੌਮਾਗਾਟਾ ਮਾਰੂ' ਦੇ ਮੁਸਾਫਰਾਂ ਨੂੰ ਉਤਰਨ ਦੇਵੇ"।

ਜਵਾਬ ਵਿੱਚ ਹਿੰਦ ਸਰਕਾਰ ਨੇ ਆਖਿਆ ਕਿ ਕੈਨੇਡਾ ਦੇ ਕਾਨੂੰਨ ਅਜਿਹੀ ਆਗਿਆ ਨਹੀਂ ਦਿੰਦੇ, ਇਸ ਲਈ ਹਿੰਦ ਸਰਕਾਰ ਕੁਝ ਨਹੀਂ ਕਰ ਸਕਦੀ।[2] ਸਪਸ਼ਟ ਹੈ ਕਿ 'ਕੌਮਾਗਾਟਾ ਮਾਰੂ' ਬਾਰੇ ਕੈਨੇਡਾ ਸਰਕਾਰ ਦਾ ਰਵੱਈਆ ਸਮੁੱਚੇ ਅੰਗਰੇਜ਼ੀ ਸਾਮਰਾਜ ਦਾ ਰਵੱਈਆ ਸੀ।

## ਵੈਨਕੋਵਰ ਵਿੱਚ ਮੋਰਚਾ

ਜਹਾਜ਼ ਨੂੰ ਪੱਤਨ ਉੱਤੇ ਨਾ ਲੱਗਣ ਦਿੱਤਾ ਤੇ ਦੂਰ ਪਾਣੀ ਵਿੱਚ ਹੀ ਖਲਿਹਾਰ ਲਿਆ ਗਿਆ। ਉਦਾਲੇ ਬੇੜੀਆਂ ਵਿਚ ਘਾਟਾਂ ਦੇ ਮਹਿਕਮੇ ਦੇ ਕਰਮਚਾਰੀਆਂ ਤੇ ਪੁਲਿਸ ਦੇ ਪਹਿਰੇ ਲਾ ਦਿੱਤੇ। ਨਾ ਬਾਬਾ ਗੁਰਦਿੱਤ ਸਿੰਘ ਤੇ ਨਾ ਮੁਸਾਫਰਾਂ ਨੂੰ ਹੀ ਕੰਢੇ ਉੱਤੇ ਜਾਣ ਦਿੱਤਾ ਗਿਆ।[3] ਬਾਬਾ ਗੁਰਦਿੱਤ ਸਿੰਘ ਪਾਸੋਂ ਜਹਾਜ਼ ਦੇ ਮੁਸਾਫਰਾਂ ਦੀ ਤੰਦਰੁਸਤੀ ਦਾ ਸਰਟੀਫਿਕੇਟ ਕਿਤੇ ਗਵਾਚ ਗਿਆ ਸੀ। ਕੈਨੇਡਾ ਸਰਕਾਰ ਨੂੰ ਬਹਾਨਾ ਲੱਭ ਗਿਆ। ਮੁਸਾਫਰ ਡਾਕਟਰੀ ਪਹਿਲਾਂ ਕੀਤੇ ਜਾਂ ਫੇਰ ਕਰਾਏ ਤੋਂ ਬਗੈਰ ਉਤਾਰੇ ਨਹੀਂ ਜਾ ਸਕਦੇ। ਡਾਕਟਰੀ ਦੇਖ ਭਾਲ ਨੂੰ ਜਾਣ ਬੁੱਝ ਕੇ ਲੇਟ ਪਾਇਆ ਗਿਆ। ਜਹਾਜ਼ ਵਿੱਚ ਨਾ ਕੋਈ ਚੀਜ਼ ਭਾਵੇਂ ਉਹ ਖਾਣ ਪੀਣ ਵਾਲੀ ਹੋਵੇ, ਚੜ੍ਹਣ ਦਿੱਤੀ ਨਾ ਕੋਈ ਬੰਦਾ ਨਾ ਕੋਈ ਚੀਜ਼ ਉਤਰਨ ਦਿੱਤੀ। ਇਸ ਤਰ੍ਹਾਂ ਮੁਸਾਫਰਾਂ ਦਾ ਅੰਨ ਪਾਣੀ ਮੁਕਣ ਲੱਗ ਪਿਆ। ਕੇਵਲ ਜਹਾਜ਼ ਦੇ ਜਾਪਾਨੀ ਮਲਾਹ ਤੇ ਅਫਸਰ ਹੀ ਉਤਰ ਚੜ੍ਹ ਸਕਦੇ ਸਨ। ਕੈਨੇਡਾ ਸਰਕਾਰ ਦੇ ਇਸ ਵਤੀਰੇ ਵਿਰੁੱਧ ਮੁਸਾਫਰਾਂ ਤੇ ਵੈਨਕੋਵਰ ਦੇ ਹਿੰਦੀਆਂ ਵਿੱਚ ਬੜਾ ਰੋਸ ਜਾਗਿਆ। ਪਿਛਲੇ ਸਾਲ ਆਏ 39 ਹਿੰਦੀਆਂ ਨੂੰ ਮੁਕਦਮਾ ਲੜਕੇ ਉਤਾਰ ਲੈਣ ਵਾਂਗ ਹੁਣ ਵੀ ਮੁਕਦਮਾ ਕਰਨ ਦੀਆਂ ਤਿਆਰੀਆਂ ਹੋਣ ਲੱਗੀਆਂ। ਵਕੀਲ ਖੜੇ ਕੀਤੇ ਗਏ, ਪਰ ਵਕੀਲ ਨੂੰ ਜਾਹਜ਼ ਉੱਤੇ ਨਾ ਆਉਣ ਦਿੱਤਾ ਗਿਆ।

ਉਧਰ ਕੈਨੇਡਾ ਦੀ ਸਾਮਰਾਜੀ ਸੋਚ ਵੀ ਬਹੁਤ ਭੂਤਰ ਖਲੋਤੀ ਸੀ। 'ਬਰਿਟੈਨਿਕ ਰੀਵੀਉ' ਨਾਮੀ ਸਾਮਰਾਜੀ ਅਖ਼ਬਾਰ ਨੇ ਲਿਖਿਆ–

---

1. ਘਾਟ (ੳ) ਸਤੰਬਰ 1914, ਕਾਰਵਾਈ ਨੰ. 13–15
2. ਘਾਟ (ਅ) ਮਈ 1914, ਕਾਰਵਾਈ 5–6
3. ਘਾਟ (ੳ) ਸਤੰਬਰ 1914, ਕਾਰਵਾਈ ਨੰ. 13–15 ਸਫਾ 4–5

"ਇਹ ਮਜ਼ਦੂਰੀ ਦਾ ਸਵਾਲ ਨਹੀਂ, ਇਹ ਨਸਲ ਦਾ ਸਵਾਲ ਨਹੀਂ। ਇਹ ਕੌਮੀ ਪਰਧਾਨਤਾ ਦਾ ਸਵਾਲ ਹੈ, ਸਾਡੀ ਕੌਮੀ ਹਸਤੀ ਦਾ ਸਵਾਲ ਹੈ। ਇਹ ਲਹਿਰ ਇਹ ਹੱਕ ਕਾਇਮ ਕਰਨ ਵਸਾਤੇ ਖੜੀ ਕੀਤੀ ਗਈ ਹੈ ਕਿ ਕੈਨੇਡਾ ਵਿਚ ਆਕੇ ਵਸਣ ਲਈ ਕੌਣ ਆਗਿਆ ਦੇਵੇ, ਹਿੰਦੁਸਤਾਨੀ ਲੋਕ ਜਾਂ ਕੈਨੇਡਾ ਦੇ ਲੋਕ।"[1]

ਬਾਬਾ ਗੁਰਦਿੱਤ ਸਿੰਘ ਵਕੀਲਾਂ ਨੇ ਵੀ ਬਾਬੇ ਨੂੰ ਲਿਖਿਆ ਕਿ—

"ਹੁਣ ਮੁਕੱਦਮਿਆਂ ਦਾ ਸਵਾਲ ਨਹੀਂ ਰਿਹਾ ਤੇ ਨਾ ਹੀ ਨਿਰਾ ਕੈਨੇਡਾ ਹਕੂਮਤ ਦੀ ਅਤੀ ਲੋੜੀਂਦੀ ਕੌਮੀ ਪਾਲਿਸੀ ਦਾ ਸਵਾਲ ਹੈ, ਸਗੋਂ ਇਹ ਤਾਂ ਇਮਪੀਰੀਅਲ (ਸਾਮਰਾਜੀ) ਲਾਭਾਂ ਨੂੰ ਹੀ ਸੇਕ ਲੱਗਦਾ ਹੈ।[2]"

ਕੈਨੇਡਾ ਹਕੂਮਤ ਦੇ ਰਵੱਈਏ ਬਾਰੇ ਚੀਫ ਜਸਟਿਸ ਨੇ ਆਪਣੇ 25 ਨਵੰਬਰ, 1913 ਦੇ ਫੈਸਲੇ ਵਿਚ ਲਿਖਿਆ ਸੀ—

"ਘਾਟਾਂ ਦੇ ਮਹਿਕਮੇ ਦੇ ਅਫ਼ਸਰ ਆਪਣੇ ਅਧਿਕਾਰਾਂ ਤੋਂ ਟੱਪ ਰਹੇ ਹਨ ਤੇ ਅੰਗਰੇਜ਼ੀ ਰਿਆਇਆ ਨੂੰ ਦੇਸ਼ ਵਿਚੋਂ ਬਾਹਰ ਰੱਖਣ ਲਈ ਰੂਸ (ਜ਼ਾਰ) ਦੀ ਸਰਕਾਰ ਦੇ ਤਰੀਕੇ ਵਰਤ ਰਹੇ ਹਨ।"[3]

ਹਿੰਦੀਆਂ ਦੇ ਕੀਤੇ ਵਕੀਲਾਂ ਨੇ ਘਾਟਾਂ ਦੇ ਮਹਿਕਮੇ ਤੇ ਹੋਰ ਸਰਕਾਰੀ ਅਫ਼ਸਰਾਂ ਨਾਲ ਗਲ ਬਾਤ ਚਲਾਈ ਤੇ ਬਹੁਤ ਵਾਹ ਲਾਈ ਪਰ ਕੋਈ ਚਾਰਾ ਨਾ ਚਲਿਆ। ਜਹਾਜ਼ ਨੂੰ ਪਾਇਆ ਘੇਰਾ ਨਾ ਚੁਕਿਆ ਗਿਆ। ਸਾਮਰਾਜੀਆਂ ਵਲੋਂ ਅਖ਼ਬਾਰਾਂ ਤੇ ਪਰਚਾਰ ਰਾਹੀਂ ਹਿੰਦੀਆਂ ਤੇ ਖ਼ਾਸ ਕਰਕੇ ਇਹਨਾਂ ਮੁਸਾਫਰਾਂ ਵਿਰੁੱਧ ਬੜਾ ਮੜ੍ਹਾਵਾਂ ਪਰਾਪੇਗੰਡਾ ਕੀਤਾ ਗਿਆ।

ਜਹਾਜ਼ ਦੇ ਖਿਲਾਫ਼ ਬੱਧੀ ਹੋਈ ਈਰਖਾ ਦੀ ਇਸ ਹਵਾ ਦਾ ਇਹ ਨਤੀਜਾ ਹੋਇਆ ਕਿ ਮੁਸਾਫਰਾਂ ਨੇ ਮੁਨਸ਼ਾ ਸਿੰਘ ਦੇ ਨਾਂ ਉਤੇ ਕੈਨੇਡਾ ਸਰਕਾਰ ਦੇ ਖ਼ਿਲਾਫ਼ ਦੇਸ਼ ਅੰਦਰ ਦਾਖ਼ਲੇ ਦਾ ਜੋ ਮੁਕੱਦਮਾ ਦਾਇਰ ਕੀਤਾ, ਉਸ ਵਿਚ ਹਿੰਦੀਆਂ ਵਲੋਂ ਕੀਤਾ ਹੋਇਆ ਗੋਰਾ ਵਕੀਲ ਹੀ ਬਹਿ ਗਿਆ। ਮੁਕੱਦਮਾ ਸਿਰੇ ਨਾ ਚੜ੍ਹਿਆ। ਅਦਾਲਤੀ ਆਸਾਂ ਟੁਟ ਗਈਆਂ।

ਕੈਨੇਡਾ ਸਰਕਾਰ ਦੇ ਜਹਾਜ਼ ਨਾਲ ਇਸ ਅਨਿਆਈ ਸਲੂਕ ਨੇ ਮੁਸਾਫਰਾਂ ਦਾ ਬੁਰਾ ਹਾਲ ਕੀਤਾ। ਉਹਨਾਂ ਦਾ ਅੰਨ ਪਾਣੀ ਮੁਕ ਗਿਆ। 7 ਜੂਨ ਨੂੰ ਬਾਬਾ ਗੁਰਦਿੱਤ ਸਿੰਘ ਨੇ ਸ਼ਹਿਨਸ਼ਾਹ ਬਰਤਾਨੀਆਂ ਨੂੰ ਲੰਡਨ ਤਾਰ ਦਿਤੀ।

"ਮੁਸਾਫਰਾਂ ਦਾ ਰਾਸ਼ਨ ਪਾਣੀ ਖ਼ਤਮ ਹੈ। ਕੈਨੇਡਾ ਸਰਕਾਰ ਰਾਸ਼ਨ ਪਾਣੀ ਲੈਣ ਨਹੀਂ ਦਿੰਦੀ। ਵਕੀਲ ਨਹੀਂ ਕਰਨ ਦਿੰਦੀ ਤੇ ਮਾਲ ਅਸਬਾਬ ਲਾਹੁਣ ਤੇ ਚੜ੍ਹਾਉਣ ਦੀ ਆਗਿਆ ਨਹੀਂ ਦਿੰਦੀ।"

ਸ਼ਹਿਨਸ਼ਾਹ ਨੇ ਕੈਨੇਡਾ ਸਰਕਾਰ ਨੂੰ ਤਾਰ ਦਿਤੀ, ਜਿਸਦਾ 10 ਜੂਨ ਨੂੰ ਕੈਨੇਡਾ ਸਰਕਾਰ ਨੇ ਜਵਾਬ ਦਿਤਾ ਕਿ—

"ਰਾਸ਼ਨ ਪਾਣੀ ਦੇਣਾ ਸ਼ੁਰੂ ਕਰ ਦਿਤਾ ਹੈ। ਵਕੀਲ ਨੂੰ ਮਿਲਣ ਤੇ ਜਹਾਜ਼ ਤੋਂ ਅਸਬਾਬ

---

1. ਘਾਟ (ੳ) ਅਕਤੂਬਰ, 1914 ਕਾਰਵਾਈ ਨੰ. 1
2. 'ਕੌਮਾਗਾਟਾ ਮਾਰੂ ਦੀ ਯਾਤਰਾ', ਸਫਾ 19
3. ਘਾਟ (ਅ) ਜੁਲਾਈ 1914, ਕਾਰਵਾਈ ਨੰ. 13-15

ਲਾਹੁਣ ਦੀ ਆਗਿਆ ਦੇ ਦਿਤੀ ਗਈ ਹੈ।"[1]

ਪਰ ਅਸਲ ਵਿਚ ਇਹ ਗੱਲ ਢੇਰ ਚਿਰ ਜਾਕੇ ਪਿਛੋਂ ਹੋਈ।

ਜਹਾਜ਼ ਦੇ ਭਾੜੇ ਦੀ ਤੀਸਰੀ ਕਿਸ਼ਤ ਆ ਪਹੁੰਚੀ ਸੀ। 22000 ਡਾਲਰ ਦੀ ਕਿਸ਼ਤ ਦੇਣੀ ਸੀ। ਜਹਾਜ਼ ਦੇ ਮਾਲਕਾਂ ਦੇ ਏਜੰਟ ਆ ਉਦਾਲੇ ਹੋਏ। ਇਥੇ ਨਾ ਕੈਨੇਡਾ ਸਰਕਾਰ ਨੇ ਮਾਲ ਉਤਾਰਨ ਦਿੱਤਾ, ਜਿਸ ਦੀ ਵਿਕਰੀ ਤੋਂ ਪੈਸੇ ਵੱਟੇ ਜਾਂਦੇ ਤੇ ਕਿਸ਼ਤ ਤਾਰ ਦਿਤੀ ਜਾਂਦੀ ਤੇ ਨਾ ਹੀ ਮੁਸਾਫਰਾਂ ਨੂੰ ਉਤਾਰਕੇ ਨਵੇਂ ਮੁਸਾਫ਼ਰ ਲੈਣ ਦਿਤੇ ਗਏ, ਜਿਨ੍ਹਾਂ ਦੇ ਭਾੜੇ ਦੀ ਆਮਦਨ ਤੋਂ ਮਾਲਕਾਂ ਦੀ ਕਿਸ਼ਤ ਪੂਰੀ ਹੁੰਦੀ। ਇਹ ਬਿਪਤਾ ਕੈਨੇਡਾ ਦੇ ਹਿੰਦੀਆਂ ਨੇ ਦੂਰ ਕੀਤੀ।

ਕੰਢੇ ਦੇ ਹਿੰਦੀਆਂ ਨਾਲ ਸਲਾਹ ਹੋਈ, ਕਿ ਜਹਾਜ਼ ਦਾ ਪਟਾ ਉਹਨਾਂ ਦੇ ਨਾਂ ਕਰ ਦਿਤਾ ਜਾਵੇ ਤੇ ਇਸ ਰਕਮ ਦਾ ਜ਼ੁਮਾ ਉਹ ਲੈ ਲੈਣ। ਐਤਵਾਰ 31 ਮਈ, 1914 ਨੂੰ ਗੁਰਦਵਾਰੇ ਵਿਚ ਖਾਲਸਾ ਦੀਵਾਨ ਸੋਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਦੀ ਸਾਂਝੀ ਛਤਰ ਛਾਇਆ ਹੇਠ 700 ਹਿੰਦੀਆਂ ਦੀ ਮੀਟਿੰਗ ਹੋਈ। ਭਾਈ ਬਲਵੰਤ ਸਿੰਘ ਤੇ ਸ੍ਰੀ ਹਸਨ ਰਹੀਮ ਦੀ ਅਪੀਲ ਉਤੇ ਮੀਟਿੰਗ ਵਿੱਚ ਹੀ ਸੱਠ ਹਜ਼ਾਰ ਡਾਲਰ ਇਕੱਠਾ ਹੋ ਗਿਆ, ਪੰਦਰਾਂ ਆਦਮੀਆਂ ਦੀ ਕੌਮਾਗਾਟਾ ਮਾਰੂ ਸਹਾਇਕ ਕਮੇਟੀ ਬਣਾਈ ਗਈ। ਇਸ ਮੀਟਿੰਗ ਨੇ ਸਰਬ ਹਿੰਦ ਕਾਂਗਰਸ ਕਮੇਟੀ ਅਤੇ ਨਾਭੇ ਤੇ ਪਟਿਆਲੇ ਦੇ ਰਾਜਿਆਂ ਨੂੰ ਤਾਰਾਂ ਦਿਤੀਆਂ ਕਿ ਉਹ ਸਰਕਾਰ ਹਿੰਦ ਉਤੇ ਦਬਾਅ ਪਾਉਣ।[2] ਇਸ ਮੀਟਿੰਗ ਵਿਚ ਬਣੀ ਕਮੇਟੀ ਨੇ ਹਿੰਦੀ ਮੁਸਾਫਰਾਂ ਦੀ ਘਾਟ ਉਤੋਂ ਸਹਾਇਤਾ ਕਰਨ ਤੇ ਕੈਨੇਡਾ ਸਰਕਾਰ ਨਾਲ ਆਹਡਾ ਲਾਉਣ ਦਾ ਘੋਲ ਸ਼ੁਰੂ ਕਰ ਦਿਤਾ।

ਇਸ ਕਮੇਟੀ ਨੇ 22000 ਡਾਲੇ ਦੀ ਕਿਸ਼ਤ ਤਾਰ ਦਿਤੀ ਤੇ 20 ਜੂਨ ਨੂੰ ਜਹਾਜ਼ ਦੇ ਭਾੜੇ ਦਾ ਪਟਾ ਭਾਈ ਭਾਗ ਸਿੰਘ ਭਿੱਖੀਵਿੰਡ ਤੇ ਹਸਨ ਰਹੀਮ ਦੇ ਨਾਂ ਲਿਖਵਾ ਦਿਤਾ। ਬਾ: ਗੁਰਦਿੱਤ ਸਿੰਘ ਦੀ ਥਾਂ ਜਹਾਜ਼ ਦੇ ਪਟੇਦਾਰ ਭਾਈ ਭਾਗ ਸਿੰਘ ਤੇ ਰਹੀਮ ਹੋ ਗਏ। ਜਹਾਜ਼ ਦੇ ਮੁਸਾਫਰਾਂ ਦਾ ਰਾਸ਼ਨ ਪਾਣੀ ਵੀ ਕੰਢੇ ਤੋਂ ਕੈਨੇਡਾ ਵਾਸੀ ਹਿੰਦੀਆਂ ਵੱਲੋਂ ਹੀ ਜਾਣਾ ਸ਼ੁਰੂ ਹੋਇਆ।

ਪਟੇ ਦੀ ਤਬਦੀਲੀ ਇਸ ਖ਼ਿਆਲ ਨਾਲ ਵੀ ਕੀਤੀ ਗਈ ਕਿ ਜਹਾਜ਼ ਕੈਨੇਡਾ ਵਾਲਿਆਂ ਦਾ ਹੋ ਜਾਣ ਤੇ ਇਸ ਨੂੰ ਬੰਨੇ ਲੱਗਣ ਦੀ ਆਗਿਆ ਹੋ ਜਾਏਗੀ ਤੇ ਮੁਸਾਫ਼ਰ ਕਿਸੇ ਨਾ ਕਿਸੇ ਤਰ੍ਹਾਂ ਉੱਤਰ ਸਕਣਗੇ। ਪਰ ਕੈਨੇਡਾ ਸਰਕਾਰ ਨੇ ਇਸ ਨਵੀਂ ਬਦਲੀ ਉਤੇ ਵੀ ਅੜੀ ਨਾ ਛੱਡੀ ਤੇ ਉਸ ਨੇ ਨਵੇਂ ਪਟੇਦਾਰਾਂ ਨੂੰ ਜਹਾਜ਼ ਕੰਢੇ ਲਾਉਣ, ਮਾਲ ਉਤਾਰਨ ਤੇ ਹੋਰ ਲੱਦਣ ਦੀ ਆਗਿਆ ਨਾ ਦਿਤੀ।

ਅੰਗਰੇਜ਼ੀ ਸਾਮਰਾਜ ਦੇ ਹਿੰਦੀ ਮੁਸਾਫ਼ਰਾਂ ਨਾਲ ਇਸ ਤਰ੍ਹਾਂ ਦੇ ਜ਼ਾਲਮਾਨਾ ਤੇ ਦੁਸ਼ਮਣੀ ਭਰੇ ਵਰਤਾਓ ਦੇ ਖ਼ਿਲਾਫ਼ ਕੈਨੇਡਾ ਤੇ ਅਮਰੀਕਾਂ ਦੇ ਹਿੰਦੀਆਂ ਵਿਚ ਬੜਾ ਗੁੱਸਾ ਪੈਦਾ ਹੋਇਆ। ਵਿਕਟੋਰੀਆ ਤੇ ਵੈਨਕੋਵਰ ਦੇ ਗੁਰਦੁਆਰੇ ਵਿਚ ਰੋਜ਼ ਦੀਵਾਨ ਲਗਦੇ ਤੇ ਸਰਕਾਰ ਦੇ ਜ਼ੁਲਮ ਤੇ ਧੱਕੇ ਦੀ ਨਿੰਦਿਆ ਕੀਤੀ ਜਾਂਦੀ। ਅਮਰੀਕਾ ਦੇ ਹਿੰਦੀਆਂ ਨੇ ਵੀ ਗ਼ਦਰ ਪਾਰਟੀ ਦੀ ਅਗਵਾਈ ਹੇਠ ਆਪਣੇ ਜਲਸੇ ਕਰਕੇ ਮੁਸਾਫਰਾਂ ਦੇ ਉਤਰਨ ਦੀ ਹਮਾਇਤ ਤੇ ਕੈਨੇਡਾ ਸਰਕਾਰ ਤੇ ਅੰਗਰੇਜ਼ੀ ਸਰਕਾਰ ਦੀ ਭੰਡੀ ਕੀਤੀ। 'ਗ਼ਦਰ' ਅਖ਼ਬਾਰ ਨੇ ਉਚੇਚਾ ਨੰਬਰ ਕਢਿਆ। ਗ਼ਦਰੀ ਕਵੀਆਂ ਨੇ

---

1. ਘਾਟ (ੳ) ਸਤੰਬਰ 1914, ਕਾਰਵਾਈ ਨੰ. 13-15
2. 'ਹਿੰਦੁਸਤਾਨੀ', ਵੈਨਕੋਵਰ, ਜੂਨ 1, 1914

ਕਵਿਤਾਵਾਂ 'ਗ਼ਦਰ' ਅਖ਼ਬਾਰ ਵਿਚ ਛਾਪੀਆਂ।

ਅਮਰੀਕਾ ਦੇ ਨੌ ਸਿਰ ਕਢਵੇਂ ਕਾਰ ਵਿਹਾਰੀ ਹਿੰਦੀਆਂ ਵਲੋਂ 'ਉਤਰੀ ਅਮਰੀਕਾ ਤੇ ਹਿੰਦਸਤਾਨੀਆਂ ਦੀ ਅੰਗਰੇਜ਼ ਲੋਕਾਈ ਨੂੰ ਖੁਲ੍ਹੀ ਚਿੱਠੀ' ਨਾਮ ਦਾ ਪਮਫਲਟ ਛਾਪਕੇ ਵੰਡਿਆ ਜੋ ਅਮਰੀਕਾ ਤੇ ਕੈਨੇਡਾ ਦੇ ਅਖ਼ਬਾਰਾਂ ਵਿਚ ਕਢਾਇਆ ਗਿਆ।[1]

ਅੰਗਰੇਜ਼ੀ ਸਾਮਰਾਜ ਦੀ ਹਿੰਦੀ ਮੁਸਾਫਰਾਂ ਨਾਲ ਇਸ ਧਕੇ-ਜ਼ੋਰੀ ਦੀਆਂ ਹਿੰਦੁਸਤਾਨ ਵਿਚ ਵੀ ਕਾਂਗਾਂ ਫਿਰ ਗਈਆਂ। ਲਾਹੌਰ, ਰਾਵਲਪਿੰਡੀ, ਗੁਜਰਖਾਨ, ਪਟਿਆਲੇ, ਚਕਵਾਲ ਤੇ ਕਈ ਥਾਈਂ ਲਗੇ ਦੀਵਾਨਾਂ ਨੇ ਕੌਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਕੀਤੇ ਜਾ ਰਹੇ ਭੈੜੇ ਸਲੂਕ ਦੇ ਖ਼ਿਲਾਫ਼ ਰੋਸ ਪਰਗਟ ਕੀਤੇ।[2] ਹਿੰਦੀ ਅਖ਼ਬਾਰਾਂ ਨੇ ਵੀ ਬੜੀ ਵਿਰੋਧਤਾ ਭਰੀ ਨੁਕਤਾਚੀਨੀ ਕੀਤੀ।[3] ਆਲ ਇੰਡੀਆ ਮੁਸਲਿਮ ਲੀਗ ਲੰਡਨ ਨੇ 18 ਜੂਨ ਨੂੰ ਵਸਤੀਆਂ ਦੇ ਲੰਡਨੀ ਦਫ਼ਤਰ ਨੂੰ ਕੈਨੇਡਾ ਸਰਕਾਰ ਦੇ ਇਸ ਸਲੂਕ ਦੇ ਖ਼ਿਲਾਫ਼ ਬੜਾ ਸਖ਼ਤ ਪਰੋਟੈਸਟ ਕੀਤਾ।[4] ਮੁਸਾਫ਼ਰਾਂ ਦੀ ਇਸ ਜ਼ਬਰਦਸਤ ਲੋਕ ਹਮਾਇਤ ਤੋਂ ਅੰਗਰੇਜ਼ ਸਾਮਰਾਜੀਆਂ ਦੇ ਮਨ ਕੁਝ ਡਰ ਪਿਆ ਤਾਂ ਕੈਨੇਡਾ ਸਰਕਾਰ ਨੇ 28 ਜੂਨ ਨੂੰ ਜਾ ਕੇ ਜਹਾਜ਼ ਤੇ ਰਾਸ਼ਨ ਪਾਣੀ ਜਾਣ (ਜਹਾਜ਼ ਨੂੰ ਘਾਟ ਤੇ ਲਿਆਕੇ ਨਹੀਂ), ਪਾਣੀ ਵਿਚ ਖੜੇ ਨੂੰ ਹੀ ਨਿੱਕੀਆਂ ਬੇੜੀਆਂ ਵਿਚ ਮਾਲ ਲਾਹੁਣ ਤੇ ਲੱਦਣ ਦੀ ਆਗਿਆ ਦਿਤੀ। ਵਕੀਲ ਵਾਸਤੇ ਵੀ ਸਲਾਹ ਮਸ਼ਵਰਾ ਕਰਨ ਲਈ ਜਹਾਜ਼ ਉਤੇ ਆਉਣ ਦੀ 7 ਜੁਲਾਈ ਦੀ ਖੁਲ੍ਹ ਦੇ ਦਿੱਤੀ ਗਈ।[5]

6 ਜੁਲਾਈ ਨੂੰ ਨਵੇਂ ਪਟੇਦਾਰਾਂ ਭਾਈ ਭਾਗ ਸਿੰਘ ਤੇ ਹਸਨ ਰਹੀਮ ਨੇ ਜਹਾਜ਼ ਉਤੋਂ ਮਾਲ ਲਾਹੁਣ, ਹੋਰ ਲੱਦਣ ਦੇ ਨਵੇਂ ਮੁਸਾਫਰਾਂ ਚੜ੍ਹਾਉਣ ਦੀ ਮੰਗ ਕੀਤੀ। ਉਹਨਾਂ ਵੈਨਕੋਵਰ ਦੇ ਜਾਪਾਨੀ ਕੌਂਸਲ ਪਾਸੋਂ ਇਹ ਵੀ ਮੁਤਾਲਬਾ ਮਨਜ਼ੂਰ ਕਰਵਾ ਲਿਆ ਕਿ ਨਵੇਂ ਪਟੇਦਾਰਾਂ ਦੀ ਆਗਿਆ ਤੋਂ ਬਿਨਾਂ ਕੌਮਾਗਾਟਾ ਮਾਰੂ ਵੈਨਕੋਵਰ ਤੋਂ ਨਾ ਤੁਰੇ।

ਪਰ ਪਤਾ ਨਹੀਂ ਕਿਉਂ ਅਗਲੇ ਦਿਨ ਯਕਲਖਤ ਬਾਬਾ ਗੁਰਦਿੱਤ ਸਿੰਘ ਤੇ ਉਸ ਦੀ ਮਿਥੀ ਹੋਈ ਜਹਾਜ਼ ਕਮੇਟੀ (ਹਰਨਾਮ ਸਿੰਘ, ਨਭਕੰਵਲ ਸਿੰਘ, ਹਰਨਾਮ ਸਿੰਘ, ਅਮਰ ਸਿੰਘ, ਸੁੰਦਰ ਸਿੰਘ ਤੇ ਵੀਰ ਸਿੰਘ) ਨੇ ਵਕੀਲ ਨੂੰ ਲਿਖਕੇ ਦੇ ਦਿਤਾ ਕਿ ਬੋਰਡ ਆਫ ਇਨਕਵਾਇਰੀ ਨੂੰ ਜਾਣ ਦਿਉ ਤੇ ਜਿਸ ਵੀ ਪਲੈਨ ਜਾਂ ਬੰਦੋਬਸਤ ਹੇਠ ਹੋ ਸਕੇ, ਜਹਾਜ਼ ਦੇ ਹਾਂਗਕਾਂਗ ਮੁੜ ਜਾਣ ਲਈ ਗੱਲਬਾਤ ਚਲਾਉ।[6]

ਬਾਬਾ ਗੁਰਮੁਖ ਸਿੰਘ ਲਲਤੋਂ, ਜੋ ਇਸ ਜਹਾਜ਼ ਦੇ ਮੁਸਾਫਰ ਸਨ, ਦੱਸਦੇ ਹਨ, ਕਿ ਨਵੇਂ ਪਟੇਦਾਰਾਂ ਨੇ ਬਾਬਾ ਗੁਰਦਿੱਤ ਸਿੰਘ ਪਾਸੋਂ ਪਿਛਲਾ ਸਾਰਾ ਹਿਸਾਬ ਕਿਤਾਬ ਮੰਗਿਆ ਤਾਂ ਜੋ ਉਸਦੇ ਮੁਤਾਬਕ ਖ਼ਰਚ ਨੂੰ ਮੁਜਰੇ ਕੀਤਾ ਜਾਵੇ। ਜੇ ਜਹਾਜ਼ ਚਲਦਾ ਤਾਂ ਇਸ ਦੇ ਨਫੇ ਨੁਕਸਾਨ ਦੇ

---

1. ਹੋਮ (ਪੋਲੀਟੀਕਲ) (ੳ) ਨਵੰਬਰ, 1914 ਕਾਰਵਾਈ ਨੰ. 97-177 ਸਫਾ 50-51
2. ਘਾਟ (ਅ) ਅਕਤੂਬਰ, 1914, ਕਾਰਵਾਈ ਨੰ. 16-18
3. ਘਾਟ (ੳ) ਸਤੰਬਰ, 1914, ਨੰ. 18-20
4. ਹੋਮ (ਪੋਲੀਟੀਕਲ) ਨਵੰਬਰ, 1914 ਕਾਰਵਾਈ ਨੰ. 97-177
5. ਕੌਮਾਗਾਟਾ ਮਾਰੂ ਦੀ ਯਾਤਰਾ, ਸਫਾ 62 ਤੇ 75
6. ਉਤਲਿਖਤ ਸਫਾ 84

ਨਵੇਂ ਪਟੇਦਾਰ ਹੀ ਭਾਗੀ ਸਨ। ਬਾਬਾ ਗੁਰਦਿੱਤ ਸਿੰਘ ਤਾਂ ਹੁਣ ਇਸ ਸੌਦੇ ਵਿਚੋਂ ਕੁਝ ਨਹੀਂ ਲੈ ਸਕਦੇ ਸਨ। ਇਸ ਹਿਸਾਬ ਕਿਤਾਬ ਤੋਂ ਡਰਕੇ ਬਾਬਾ ਗੁਰਦਿੱਤ ਸਿੰਘ ਨੇ ਚਲੇ ਜਾਣਾ ਹੀ ਚੰਗਾ ਸਮਝਿਆ।

ਬਾਬਾ ਗੁਰਦਿੱਤ ਸਿੰਘ ਦੀ ਇਸ ਸਲਾਹ ਉਤੇ ਜਹਾਜ਼ ਦੇ ਮੁਸਾਫਰਾਂ ਦੇ ਉਤਰਨ ਦਾ ਘੋਲ ਤਾਂ ਖ਼ਤਮ ਹੋ ਗਿਆ। ਹੁਣ ਤਾਂ ਕੇਵਲ ਵਾਪਸ ਜਾਣ ਦਾ ਟੈਂਟਾ ਬਾਕੀ ਰਹਿ ਗਿਆ। ਪਰ ਹੁਣ ਸਵਾਲ ਇਹ ਸੀ ਕਿ ਜਹਾਜ਼ ਦੇ ਲਦੇ ਮੁਸਾਫਰਾਂ ਦਾ ਹਾਂਗਕਾਂਗ ਤਕ ਰਾਸ਼ਨ ਪਾਣੀ ਕੌਣ ਦੇਵੇ। ਬਾਬਾ ਗੁਰਦਿੱਤ ਸਿੰਘ ਹੋਰਾਂ ਨੂੰ ਤਾਂ ਨਾ ਕੰਢੇ ਉਤੇ ਉਤਰਨ ਤੇ ਨਾ ਹੀ ਜਹਾਜ਼ ਵਿਚ ਲਦਿਆ ਕੋਲਾ ਉਤਾਰਕੇ ਵੇਚਣ ਦਿੱਤਾ ਗਿਆ। ਨਵੇਂ ਪਟੇਦਾਰਾਂ ਨੇ ਇਸ ਬਿਨਾ ਉਤੇ ਰਸਤੇ ਦਾ ਰਾਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਕੈਨੇਡਾ ਸਰਕਾਰ ਨੇ ਇਹਨਾਂ ਨੂੰ ਜਹਾਜ਼ ਦਾ ਚਾਰਜ ਲੈਣ ਤਾਂ ਕਿਧਰੇ ਰਿਹਾ, ਜਹਾਜ਼ ਉਤੇ ਪੈਰ ਵੀ ਨਹੀਂ ਰਖਣ ਦਿੱਤਾ। ਹੁਣ ਰੇੜਕਾ ਰਾਸ਼ਨ ਦਾ ਸੀ, ਜੋ ਹਾਂਗਕਾਂਗ ਤਕ ਮੁਸਾਫ਼ਰੀ ਵਾਸਤੇ ਚਾਹੀਦਾ ਸੀ। ਕੈਨੇਡਾ ਦੇ ਸਾਮਰਾਜੀ ਨਵੇਂ ਪਟੇਦਾਰਾਂ ਨਾਲ ਗਲ ਬਾਤ ਚਲਾ ਰਹੇ ਸਨ। ਨਵੇਂ ਪਟੇਦਾਰਾਂ ਨੂੰ ਜਹਾਜ਼ ਜਾਂਦਾ ਦਿਸਦਾ ਸੀ, ਜਿਸ ਉਤੇ ਉਹ 22000 ਡਾਲਰ ਲਾ ਬੈਠੇ ਸਨ। ਇਹ ਡਾਲਰ ਡੁਬਦਾ ਜਾਪਦਾ ਸੀ। ਇਸ ਲਈ ਸਵਾਲ ਨਿਰਾ ਰਾਹ ਦੇ ਰਾਸ਼ਨ ਦਾ ਹੀ ਨਹੀਂ ਸੀ ਰਿਹਾ, ਸਗੋਂ ਇਸ ਬਾਈ ਹਜ਼ਾਰ ਡਾਲਰ ਤੇ ਵੈਨਕੋਵਰ ਦੇ ਪਾਣੀਆਂ ਵਿਚ ਖੜੇ ਜਹਾਜ਼ ਦੇ ਮੁਸਾਫਰਾਂ ਉਤੇ ਰਾਸ਼ਨ ਪਾਣੀ ਲਈ ਕੀਤੇ ਖ਼ਰਚ ਪੂਰੇ ਕਰਨ ਦਾ ਵੀ ਸੀ।

ਆਖ਼ਰ 14 ਜੁਲਾਈ ਨੂੰ ਲੋਕ ਸਭਾ ਦੇ ਮੈਂਬਰ ਸਰ ਚਾਰਲਸ ਟੱਪਰ ਨੇ ਕੈਨੇਡਾ ਦੇ ਪਰਧਾਨ ਮੰਤਰੀ ਨੂੰ ਤਾਰ ਦਿੱਤੀ ਕਿ ਹਾਂਗਕਾਂਗ ਤਕ ਰਾਸ਼ਨ ਪਾਣੀ ਦਾ ਖ਼ਰਚ ਦੇ ਦੇਈਏ ਤਾਂ ਜਹਾਜ਼ ਇਥੋਂ ਤੁਰ ਜਾਂਦਾ ਹੈ। ਇਸ ਉਤੇ 4000 ਡਾਲਰ ਖਰਚ ਆਵੇਗਾ। 15 ਤਰੀਕ ਨੂੰ ਕੈਨੇਡਾ ਸਰਕਾਰ ਨੇ ਚਾਰ ਹਜ਼ਾਰ ਡਾਲਰ ਤਕ ਰਾਸ਼ਨ ਦੇਣ ਵਾਲੀ ਮੰਨ ਲਈ ਪਰ ਸ਼ਰਤ ਲਾਈ ਕਿ ਜਹਾਜ਼ ਰਾਸ਼ਨ ਲੈਂਦਿਆ ਹੀ ਤੁਰ ਜਾਏ।[1]

ਘਾਟਾਂ ਦੇ ਮਹਿਕਮੇ ਵਲੋਂ ਡਾਕਟਰਾਂ, ਮਸੂਲ ਚੁੰਗੀ ਤੇ ਘਾਟਾਂ ਤੇ ਅਫਸਰਾਂ ਦਾ ਇਕ ਇਨਕਵਾਇਰੀ ਬੋਰਡ ਹੁੰਦਾ ਹੈ, ਜੋ ਆਏ ਜਹਾਜ਼ ਮੁਸਾਫਰਾਂ ਨੂੰ ਉਤਾਰਕੇ ਉਹਨਾਂ ਦੀ ਡਾਕਟਰੀ ਤੇ ਰਾਹਦਾਰੀ ਦੇ ਕਾਗ਼ਜ਼ ਤੇ ਮਾਲ ਅਸਬਾਬ ਦੀ ਪੜਤਾਲ ਕਰਦਾ ਹੈ। ਆਮ ਤੌਰ ਤੇ ਇਹ ਪੜਤਾਲ ਝਟਪਟ ਹੀ ਹੋ ਜਾਂਦੀ ਹੈ। ਪਰ ਵੈਨਕੋਵਰ ਦੇ ਬੋਰਡ ਨੇ ਮੁਸਾਫਰਾਂ ਨੂੰ ਲੰਮੇਂ ਸਮੇਂ ਲਈ ਰੋਕੀ ਰੱਖਣ ਦੀ ਨੀਯਤ ਨਾਲ ਇਹ ਪੜਤਾਲ 23-24 ਮਈ ਨੂੰ ਨਹੀਂ ਮੁਕਾਈ ਸਗੋਂ ਇਸ ਨੂੰ ਜਾਣ ਬੁਝਕੇ ਲਮਕਾਇਆ। ਉਸ ਨੇ ਮੁਸਾਫਰਾਂ ਨੂੰ ਕੰਢੇ ਤੇ ਉਤਾਰਕੇ ਵੇਖਣ ਦੀ ਥਾਂ ਸਮੁੰਦਰ ਵਿਚ ਦੂਰ ਖੜੇ ਜਹਾਜ਼ ਉਤੇ ਜਾ ਕੇ ਹੀ ਵੇਖਣਾ ਸ਼ੁਰੂ ਕੀਤਾ। ਇਸ ਤਰੀਕੇ ਨਾਲ ਪਹਿਲੀ ਜੂਨ, 1915 ਸਾਰੇ ਦਿਨ ਵਿਚ ਕੇਵਲ ਇਕ ਆਦਮੀ ਦੀ ਹੀ ਪੁਛ ਪੜਤਾਲ ਕੀਤੀ ਜਾ ਸਕੀ ਤੇ ਏਸੇ ਚਾਲੇ ਚਲਦੇ ਤਾਂ 376 ਮੁਸਾਫਰਾਂ ਦੀ ਪੜਤਾਲ ਵਾਸਤੇ ਇਕ ਸਾਲ ਤੋਂ ਵੱਧ ਸਮਾਂ ਚਾਹੀਦਾ ਸੀ।[2]

ਪੱਕੀ ਤਰੀਕ ਦਾ ਤਾਂ ਪਤਾ ਨਹੀਂ, ਪਰ ਇਹਨਾਂ ਨੇ ਇਸ ਪੜਤਾਲ ਨੂੰ 15 ਜੁਲਾਈ ਦੇ

---

1. ਹੋਮ (ਪੋਲੀਟੀਕਲ) (ੳ) ਨਵੰਬਰ, 1914, ਕਾਰਵਾਈ ਨੰ. 97-177
2. 'ਹਿੰਦੁਸਤਾਨੀ', ਵੈਨਕੋਵਰ, 1 ਜੂਨ, 1915, ਸਫਾ 3

ਲਾਗੇ ਜਾ ਕੇ ਕਿਤੇ ਖ਼ਤਮ ਕੀਤਾ। ਇਸ ਬੋਰਡ ਨੇ 90 ਮੁਸਾਫਰਾਂ ਨੂੰ ਤਾਂ ਡਾਕਟਰੀ ਵਿਚ ਰੱਦ ਕਰ ਦਿੱਤਾ। ਕਈਆਂ ਮੁਸਾਫਰਾਂ ਨੇ ਪਹਿਲਾਂ ਹੀ ਕੈਨੇਡਾ ਵਿਚ ਵਸਣ ਤੇ ਇਥੋਂ ਜਾਣ ਦਾ ਦਾਅਵਾ ਕੀਤਾ ਸੀ, ਉਹਨਾਂ ਵਿਚੋਂ ਮਸਾਂ ਵੀਹਾਂ ਨੂੰ ਹੀ ਵੈਨਕੋਵਰ ਉਤਰਨ ਦੀ ਆਗਿਆ ਦਿੱਤੀ ਗਈ।[1] ਬਾਕੀ ਦਿਆਂ ਨੂੰ ਸਿਧੇ ਸਫਰ ਦੀ ਸ਼ਰਤ ਪੂਰੀ ਨਾ ਕਰਨ ਤੇ ਮਜ਼ਦੂਰ ਮੰਡੀ ਦੇ ਗਾਹੜ ਦਾ ਪੱਜ ਲਾਕੇ ਮਜ਼ਦੂਰੀ ਕਰਨ ਆਇਆਂ ਨੂੰ ਰੋਕਣ ਵਾਲੇ 31 ਮਾਰਚ, 1914 ਨੂੰ ਲਾਗੂ ਕੀਤੇ ਹੁਕਮ ਅਨੁਸਾਰ ਨਾ ਉਤਰਨ ਦਿਤਾ ਗਿਆ।

16 ਜੁਲਾਈ, 1914 ਨੂੰ ਰਸਤੇ ਦਾ ਰਾਸ਼ਨ ਪਾਣੀ ਦੇਣ ਦਾ ਇਕਰਾਰ ਕਰਕੇ ਕੈਨੇਡਾ ਸਰਕਾਰ ਨੇ ਮੁਸਾਫਰਾਂ ਨੂੰ ਘਾਟ ਤੋਂ ਚਲੇ ਜਾਣ ਦਾ ਹੁਕਮ ਦਿੱਤਾ ਤੇ ਰਾਤ ਨੂੰ ਘਾਟਾਂ ਦੇ ਮਹਿਕਮੇ ਦੇ ਅਫਸਰਾਂ ਨੇ ਜਹਾਜ਼ ਦੇ ਕਪਤਾਨ ਨੂੰ ਆਖ ਦਿੱਤਾ ਕਿ ਰਾਤ ਨੂੰ ਇੰਜਣ ਗਰਮ ਕਰਕੇ ਸਵੇਰੇ ਜਹਾਜ਼ ਨੂੰ ਕੈਨੇਡਾ ਦੇ ਪਾਣੀ ਦੀ ਹੱਦ ਤੋਂ ਤਿੰਨ ਮੀਲ ਬਾਹਰ ਲੈ ਜਾਏ। ਨਾਲ ਹੀ ਇਹ ਧਮਕੀ ਦਿੱਤੀ ਕਿ ਜੇ ਜਹਾਜ਼ ਕੈਨੇਡਾ ਦੇ ਪਾਣੀਆਂ ਦੀ ਹਦ ਤੋਂ ਬਾਹਰ ਨਾ ਗਿਆ ਤਾਂ ਰਾਸ਼ਨ ਪਾਣੀ ਬੰਦ ਕਰਕੇ ਮੁਸਾਫਰਾਂ ਨੂੰ ਭੁਖੇ ਮਾਰ ਦਿੱਤਾ ਜਾਏਗਾ।[2]

## ਪੁਲਸ ਨਾਲ ਲੜਾਈ

ਮੁਸਾਫਰ ਵਾਪਸ ਜਾਣ ਲਈ ਤਿਆਰ ਨਹੀਂ ਸਨ। ਉਹਨਾਂ ਨੂੰ ਬਾਬਾ ਗੁਰਦਿੱਤ ਸਿੰਘ ਦੇ ਇਸ ਫੈਸਲੇ ਨਾਲ ਇਤਫਾਕ ਨਹੀਂ ਸੀ ਕਿ ਰਾਸ਼ਨ ਲੈਕੇ ਜਹਾਜ਼ ਮੋੜ ਲਿਆ ਜਾਏ। ਉਧਰੋਂ ਜਹਾਜ਼ ਦੇ ਮੁੜ ਜਾਣ ਨਾਲ ਕੰਢੇ ਦੇ ਹਿੰਦੀਆਂ ਦਾ ਜਹਾਜ਼ ਉੱਤੇ ਖਰਚਾ ਕੀਤਾ ਪੈਸਾ ਜਾਂਦਾ ਸੀ। ਇਸ ਲਈ ਉਹ ਭੀ ਜਹਾਜ਼ ਦੇ ਜਾਣ ਦੇ ਹੱਕ ਵਿਚ ਨਹੀਂ ਸਨ। ਪਰ ਕੈਨੇਡਾ ਸਰਕਾਰ ਨੇ ਮੁਸਾਫਰਾਂ ਤੇ ਕੰਢੇ ਦੇ ਹਿੰਦੀਆਂ ਅੰਦਰ ਆ ਚੁੱਕੇ ਜੋਸ਼ ਦੀ ਪਰਵਾਹ ਨਾ ਕੀਤੀ ਤੇ ਸਿਰਫ ਰਾਸ਼ਨ ਪਾਣੀ ਦੇਣ ਦੀ ਸ਼ਰਤ ਮੰਨਕੇ ਹੀ ਜਹਾਜ਼ ਨੂੰ ਕਢਣ ਦੀਆਂ ਤਿਆਰੀਆਂ ਕਰ ਲਈਆਂ। ਜਦ ਜਹਾਜ਼ ਦੇ ਕਪਤਾਨ ਨੇ ਜਹਾਜ਼ ਨੂੰ ਗਰਮ ਕਰਨ ਲਈ ਜਹਾਜ਼ੀਆਂ ਨੂੰ ਕੋਲਾ ਪਾਉਣ ਲਈ ਆਖਿਆ ਤਾਂ ਮੁਸਾਫਰਾਂ ਨੇ ਨਾ ਤਾਂ ਜਹਾਜ਼ੀਆਂ ਨੂੰ ਕੋਲਾ ਪਾਉਣ ਦਿੱਤਾ ਤੇ ਨਾ ਕੋਈ ਕਪਤਾਨ ਦਾ ਹੁਕਮ ਚਲਣ ਦਿੱਤਾ। ਕੋਲੇ ਵਾਲੀ ਥਾਂ ਤੇ ਇੰਜਣ ਉਤੇ ਪਹਿਰੇ ਲਾ ਦਿੱਤੇ। ਕਿਹਾ ਕਿ "ਭਾਗ ਸਿੰਘ ਤੇ ਰਹੀਮ ਦੇ ਲਿਖਤੀ ਹੁਕਮ ਤੋਂ ਬਿਨਾਂ ਜਹਾਜ਼ ਘਾਟ ਨਹੀਂ ਛਡੇਗਾ।"[3]

ਹਿੰਦੀ ਮੁਸਾਫਰਾਂ ਦੇ ਇਸ ਤਰ੍ਹਾਂ ਤੁਰਨੋ ਆਕੀ ਹੋ ਜਾਣ ਤੇ ਕੈਨੇਡਾ ਦੇ ਤਾਂ ਕਿਧਰੇ ਰਹੇ, ਲੰਡਨ ਤੇ ਹਿੰਦੁਸਤਾਨ ਤਕ ਦੇ ਅੰਗਰੇਜ਼ ਸਾਮਰਾਜੀ ਕਪੜਿਆਂ ਤੋਂ ਬਾਹਰ ਹੋ ਗਏ। ਕੋਲੰਬੀਆ ਦੀ ਸੂਬਾਈ ਸਰਕਾਰ ਤੇ ਘਾਟਾਂ ਦਾ ਮਹਿਕਮਾਂ ਤਾਂ ਮੁਸਾਫਰਾਂ ਦਾ ਖੁਰਾ ਖੋਜ ਮਿਟਾ ਦੇਣ ਲਈ ਛਿਥਾ ਪੈ ਗਿਆ। ਪੁਲਸ ਤੇ ਮਲੀਸ਼ੀਆ ਸਦ ਲਏ ਗਏ। ਜੰਗੀ ਜਹਾਜ਼ਾਂ ਨੂੰ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ ਗਿਆ। ਪਰ ਹਿੰਦੁਸਤਾਨ ਤੇ ਲੰਡਨ ਦੇ ਆਪਣੇ ਲਾਭਾਂ ਦੀ ਸਲਾਮਤੀ ਲਈ ਦੂਰ

---

1. ਉਤਲਿਖਤ ਸਫਾ 169
2. ਨਿਊਯਾਰਕ ਟਾਈਮਜ਼, 19 ਜੁਲਾਈ, 1914, ਸੈਕਸ਼ਨ 3 ਸਫਾ 3, ਕਾਲਮ 7
3. ਹੋਮ (ਪੋਲੀਟੀਕਲ) ਨਵੰਬਰ, 1914 ਕਾਰਵਾਈ ਨੰ. 97-177 ਸਫਾ 159 ਅਤੇ 163

ਤਕ ਤਾੜ ਰੱਖਣ ਵਾਲੇ ਸਾਮਰਾਜੀ, ਜੋ ਜਰਮਨ ਸਾਮਰਾਜ ਦੀਆਂ ਜੰਗੀ ਤਿਆਰੀਆਂ ਦਾ ਮੁਕਾਬਲਾ ਕਰਨ ਲਈ ਜੰਗ ਲੜਨ ਦੇ ਸਰਗਰਮ ਆਹਰਾਂ ਵਿਚ ਸਨ, ਹਿੰਦੀਆਂ ਉਤੇ ਜਬਰ ਤਸ਼ੱਦਦ ਵਰਤਣ ਤੋਂ ਸੰਕੋਚ ਕਰਨਾ ਚਾਹੁੰਦੇ ਸਨ। ਉਹ ਸਮਝਦੇ ਸਨ ਕਿ ਜਬਰ ਵਰਤਿਆਂ ਹਿੰਦੁਸਤਾਨ ਤੇ ਖ਼ਾਸ ਕਰ ਪੰਜਾਬ ਅੰਦਰ ਉਹਨਾਂ ਵਿਰੁਧ ਉਹ ਸਿਆਸੀ ਹਵਾ ਗਰਮ ਹੋ ਜਾਏਗੀ, ਜਿਸ ਨੂੰ ਭਾਈ ਬਲਵੰਤ ਸਿੰਘ ਦੇ ਕੈਨੇਡਿਓਂ ਆਏ ਡੈਪੂਟੇਸ਼ਨ ਨੇ ਪੰਜਾਬ ਅੰਦਰ ਪੈਦਾ ਕਰ ਦਿਤਾ ਸੀ। ਪੰਜਾਬ ਅੰਗਰੇਜ਼ੀ ਲਾਭਾਂ ਦੀ ਸਲਾਮਤੀ ਲਈ ਲੜਨ ਵਾਸਤੇ ਤਿਆਰ ਕੀਤੀਆਂ ਜਾਂਦੀਆਂ ਹਿੰਦ ਫੌਜਾਂ ਦੀ ਭਰਤੀ ਦਾ ਵੱਡਾ ਖੇਤਰ ਸੀ, ਜਿਸ ਦੀ ਵਿਗੜੀ ਹਵਾ ਉਸ ਵੇਲੇ ਸਿਰ ਤੇ ਸਵਾਰ ਜੰਗ ਦੇ ਖ਼ਤਰੇ ਨਾਲ, ਸਾਮਰਾਜੀ ਲਾਭਾਂ ਦੀ ਭੈੜੀ ਪੈ ਰਹੀ ਹਾਲਤ ਵਿਚ, ਬਹੁਤ ਹੀ ਮਹਿੰਗੀ ਪੈਂਦੀ ਸੀ। ਇਸ ਲਈ ਉਸ ਵੇਲੇ ਦੇ ਹਿੰਦ ਦੇ ਵਾਇਸਰਾਏ ਲਾਰਡ ਹਾਰਡਿੰਗ ਨੇ ਤੇ ਲੰਡਨ ਨੇ ਅਗਾਂਹ ਉਟਾਵਾ (ਕੈਨੇਡਾ) ਨੂੰ ਤਾਰ ਦਿਤੀ ਕਿ ਜਹਾਜ਼ ਉਤੇ ਤਸ਼ਦੱਦ ਨਾ ਵਰਤਿਆ ਜਾਏ।[1] ਪਰ ਹਿੰਦੀ ਮੁਸਾਫਰਾਂ ਦੀ ਇਹ ਆਕੜ ਸਾਮਰਾਜੀਆਂ ਦੀ ਮਾਲਕਾਨਾ ਹੈਂਕੜ ਨੂੰ ਚੈਲੰਜ ਸੀ। ਉਹਨਾਂ ਲਈ ਇਹ ਬੜੇ ਨਾਜ਼ਕ ਹਾਲਾਤ ਸਨ। ਮਤਾਂ ਸਥਾਨਕ ਅਫ਼ਸਰ ਕੁਝ ਆਪਹੁਦਰੀ ਕਰ ਬਹਿਣ, ਕੈਨੇਡਾ ਸਰਕਾਰ ਨੇ ਉਟਾਵਾ ਤੋਂ ਖੇਤੀ ਬਾੜੀ ਦੇ ਵਜ਼ੀਰ ਮਾਰਟਿਨ ਬਰੱਲ ਨੂੰ ਉਚੇਚਾ ਮੌਕੇ ਉਤੇ ਵੈਨਕੋਵਰ ਭੇਜ ਦਿਤਾ।

ਹਿੰਦੁਸਤਾਨ ਦੇ ਗੁਲਾਮਾਂ ਵਲੋਂ ਇਹ ਹੁਕਮ ਅਦੂਲੀ ਸਾਮਰਾਜੀ ਸੱਪਾਂ ਦੇ ਮੂੰਹ ਵਿਚ ਕਿਰਲੀ ਆਉਣ ਵਾਲੀ ਸੀ ਤੇ ਹਿੰਦੀਆਂ ਲਈ ਜਾਨ ਗਵਾਉਣ ਵਾਲਾ ਖ਼ਤਰਾ ਮੁਲ ਲੈਣ ਦੀ ਦਲੇਰੀ। ਸਾਮਰਾਜੀ ਮਾਰਖੋਰੇ ਝੋਟੇ ਵਾਂਗ ਫਰਾਟੇ ਮਾਰਦੇ ਸਨ ਤੇ ਸਰਕਾਰੀ ਅਫਸਰ 'ਮਾਰ ਦਿਓ'! 'ਮਾਰ ਦਿਓ!' ਕਰਦੇ ਫਿਰਦੇ ਸਨ। ਦੋਹੀਂ ਪਾਸੀਂ ਕਾਫੀ ਤਾਅ ਵਧ ਰਿਹਾ ਸੀ। ਹਿੰਦੀ ਮੁਸਾਫਰ ਵੀ ਸਿਰਾਂ ਉਤੇ ਕਫਨ ਬੰਨ੍ਹੀ ਮਰਨ ਲਈ ਤਿਆਰ ਖੜੇ ਸਨ ਤੇ ਉਹਨਾਂ ਦੀ ਹਮਾਇਤ ਵਿਚ ਕੰਢੇ ਦੇ ਹਿੰਦੀ ਵੀ ਆਖ਼ਰੀ ਦਮ ਤੱਕ ਲੜਨ ਲਈ ਮਾਰੋ ਮਾਰ ਕਰਦੇ ਫਿਰਦੇ ਸਨ। ਮੁਸਾਫਰ ਸਾਮਰਾਜੀਆਂ ਦੇ ਆ ਰਹੇ ਹਮਲੇ ਦਾ ਮੁਕਾਬਲਾ ਕਰਨ ਲਈ ਤਿਆਰ ਬਰ ਤਿਆਰ ਸਨ। ਉਹਨਾਂ ਨੇ ਜਹਾਜ਼ ਦਾ ਕੋਲਾ, ਟੁਟੀਆਂ ਭਜੀਆਂ ਮਸ਼ੀਨਾਂ ਦੇ ਪੁਰਜ਼ੇ, ਲੋਹੇ ਦੇ ਡੰਡੇ, ਲਕੜਾਂ ਤੇ ਹੋਰ ਜੋ ਚੀਜ਼ ਦੂਰੋਂ ਸੁਟਕੇ ਮਾਰਨ ਵਾਲੀ ਸੀ, ਲਿਆਕੇ ਬਾਹਰ ਛੱਤ ਉਤੇ ਰੱਖ ਲਈ ਸੀ। ਵੈਨਕੋਵਰ ਦੇ ਸਭ ਹਿੰਦੀ ਤੇ ਗੋਰੇ ਕੰਢੇ ਆ ਆ ਇਹਨਾਂ ਮੁਸਾਫਰਾਂ ਨੂੰ ਵੇਖਦੇ ਸਨ। ਹਿੰਦੀ ਤਾਂ ਆਪਣੇ ਭਰਾਵਾਂ ਦੇ ਹੌਂਸਲੇ ਵਧਾਉਂਦੇ, ਝੰਡੀ ਸ਼ੀਸ਼ੇ ਨਾਲ ਇਹਨਾਂ ਨੂੰ ਤਕੜੇ ਰਹਿਣ ਦੇ ਦਿਲਾਸੇ ਦਿੰਦੇ ਤੇ ਆਪਣੀ ਸਹਾਇਤਾ ਦਾ ਯਕੀਨ ਦਿਵਾਉਂਦੇ ਸਨ। ਗੋਰੇ ਸਾਮਰਾਜੀ ਤੇ ਹਾਕਮ ਖਲੋਤੇ ਝਈਆਂ ਲੈਂਦੇ ਸਨ ਤੇ ਮੁਸਾਫਰਾਂ ਉਤੇ ਹਮਲਾ ਕਰਨ ਦੇ ਦਾਅ ਤਾੜ ਰਹੇ ਸਨ। ਕਈ ਗੋਰੇ ਲੋਕ ਇਹਨਾਂ ਮੁਸਾਫਰਾਂ ਦੀ ਹੋਣੀ ਦਾ ਤਮਾਸ਼ਾ ਵੇਖਣ ਲਈ ਆਉਂਦੇ ਸਨ। ਗੱਲ ਕੀ 17 ਤਰੀਕ ਸ਼ੁਕਰਵਾਰ ਤੋਂ ਬਾਅਦ ਸਮੁੰਦਰ ਦਾ ਕੰਢਾ ਚੰਗੇ ਭੀੜ ਭੜਕੇ ਦਾ ਦਰਿਸ਼ ਬਣ ਗਿਆ ਸੀ।

17 ਜੁਲਾਈ ਨੂੰ ਜਹਾਜ਼ ਨਾ ਤੁਰਿਆ, 18 ਨੂੰ ਵੀ ਨਾ ਗਿਆ। ਇਹਨਾਂ ਦੋਹਾਂ ਦਿਨਾਂ ਵਿਚ ਵੈਨਕੋਵਰ ਤੇ ਕੈਨੇਡਾ ਦੇ ਹਾਕਮਾਂ ਨੇ ਬੜੇ ਵਟ ਖਾਧੇ, ਮੁਸਾਫਰਾਂ ਨਾਲ ਸਮਝਣ ਦੀਆਂ ਕਈ

---

1. ਹਾਰਡਿੰਗ ਦੀ 8 ਸਤੰਬਰ, 1914 ਨੂੰ ਹਿੰਦ ਦੀ ਵਿਧਾਨ ਕੌਂਸਲ ਵਿੱਚ ਕੀਤੀ ਤਕਰੀਰ।

ਸਕੀਮਾਂ ਬਣਾਈਆਂ ਤੇ ਢਾਈਆਂ। ਵੈਨਕੋਵਰ, ਉਟਾਵੇ, ਲੰਡਨ ਤੇ ਦਿਲੀ ਵਿਚਕਾਰ ਤਾਰਾਂ ਤੇ ਤਾਰਾਂ ਖੜਕੀਆਂ। ਅਖ਼ੀਰ ਘਾਟਾਂ ਦੇ ਮਹਿਕਮੇ ਨੇ 19 ਤਰੀਕ ਐਤਵਾਰ ਨੂੰ ਤੜਕ ਸਾਰ ਹੀ 250 ਪੁਲਸੀਆਂ ਤੇ ਮਲੀਸ਼ੀਆਂ ਨੂੰ ਰਫਲਾਂ ਦਿਤੀਆਂ। ਉਹਨਾਂ ਦਾ ਮਨਸ਼ਾ ਜਹਾਜ਼ ਤੇ ਜਾ ਕੇ ਹਥਿਆਰਬੰਦ ਪਹਿਰੇ ਵਿਚ ਕਪਤਾਨ ਨੂੰ ਜਹਾਜ਼ ਤੋਰਨ ਲਈ ਆਖਣਾ ਤੇ ਹਿੰਦੀ ਮੁਸਾਫਰਾਂ ਨੂੰ ਰੋਕਣੋ ਹਟਾਉਣਾ ਸੀ। ਉਹਨਾਂ ਨੇ ਮਾਲ ਲਦੇ ਜਹਾਜ਼ਾਂ ਤੇ ਵਡੀਆਂ ਬੇੜੀਆਂ ਨੂੰ ਖਿਚ ਧੂਹਕੇ ਏਧਰ ਉਧਰ ਕਰਨ ਵਾਲਾ ਇਕ ਵੱਡਾ ਸਾਰਾ 'ਸੀ ਲਾਇਨ' ਨਾਮੀ ਟੱਗ (ਖੇਚੂ ਜਹਾਜ਼) ਤਿਆਰ ਕੀਤਾ ਤੇ ਇਸ ਉਤੇ ਚੜ੍ਹਕੇ ਕੌਮਾਗਾਟਾ ਮਾਰੂ ਦੇ ਨਾਲ ਆ ਲਗੇ। ਕੌਮਾਗਾਟਾ ਮਾਰੂ ਉਚਾ ਸੀ ਤੇ ਇਹ ਟੱਗ ਬਹੁਤ ਨੀਵਾਂ ਸੀ। ਉਹਨਾਂ ਨੇ ਕੌਮਾਗਾਟਾ ਮਾਰੂ ਉਤੇ ਰਸੇ ਦੀਆਂ ਕਰਿੰਗੜੀਆਂ ਸੁਟਕੇ ਟੱਗ ਨੂੰ ਜਹਾਜ਼ ਨਾਲ ਲਿਆ ਜੋੜਿਆ ਤੇ ਉਤੇ ਚੜ੍ਹਨ ਲਈ ਰਸੇ ਦੀਆਂ ਪੌੜੀਆਂ ਜਹਾਜ਼ ਉਤੇ ਵਗਾਹ ਮਾਰੀਆਂ।

ਅਗੋਂ ਹਿੰਦੀ ਮੁਸਾਫਰ ਵੀ ਮੌਤ ਦੇ ਗਾਨੇ ਬੱਧੀ ਖਲੋਤੇ ਟੱਗ ਨੂੰ ਆਉਂਦਿਆਂ ਤੇ ਜਹਾਜ਼ ਨਾਲ ਚੰਬੜਦਿਆਂ ਵੇਖ ਰਹੇ ਸਨ। ਉਹਨਾਂ ਨੇ ਪਹਿਲਾਂ ਹੀ ਤਿਆਰੀਆਂ ਕਰ ਛਡੀਆਂ ਸਨ। ਹਿੰਦੀ ਮੁਸਾਫਰ ਜਹਾਜ਼ ਦੇ ਕੰਢੇ ਤੇ ਜੁੜੇ ਖਲੋਤੇ ਸਨ। ਹਥਾਂ ਵਿਚ ਸੋਟੇ, ਕੁਹਾੜੀਆਂ, ਲੋਹੇ ਦੇ ਡੰਡੇ, ਮਸ਼ੀਨਾਂ ਦੇ ਪੁਰਜ਼ੇ, ਵਗਾਹ ਮਾਰਨ ਲਈ ਫੜੇ ਹੋਏ ਸਨ। ਉਹਨਾਂ ਨੇ ਟੱਗ ਦਾ ਸੁਟਿਆ ਹੋਇਆ ਰੱਸਾ ਵੱਢ ਦਿਤਾ। ਪੁਲਸ ਨੇ ਮੁਸਾਫਰਾਂ ਨੂੰ ਜਹਾਜ਼ ਦੇ ਕੰਢੇ ਤੋਂ ਪਰੇ ਭਜਾਉਣ ਲਈ ਟੱਗ ਵਿਚੋਂ ਗਰਮ ਭਾਫ ਦੀ ਧਾਰ ਉਹਨਾਂ ਉਤੇ ਮਾਰਨੀ ਸ਼ੁਰੂ ਕੀਤੀ ਤੇ ਇਸ ਦੀ ਧਾਰ ਦੀ ਓਟ ਵਿਚ ਲੋਹੇ ਦੀਆਂ ਪੌੜੀਆਂ ਲਾਕੇ ਜਹਾਜ਼ ਤੇ ਚੜ੍ਹਨ ਲਗੇ। ਪਰ ਮੁਸਾਫਰਾਂ ਨੇ ਸਾੜਵੀਂ ਭਾਫ ਦੀ ਪਰਵਾਰ ਨਾ ਕਰਦੇ ਹੋਏ, ਪੌੜੀਆਂ ਉਤੇ ਚੜ੍ਹ ਰਹੇ ਪੁਲਸੀਆਂ ਨੂੰ ਸੱਟਾਂ ਮਾਰਕੇ ਪਿਛਾਂ ਸੁਟ ਦਿੱਤਾ। ਫਿਰ ਤਾਂ ਮੁਸਾਫਰਾਂ ਨੇ ਟੱਗ ਉਤੇ ਪੁਲਸ ਨੂੰ ਕੋਲੇ ਦੇ ਢੇਲੇ ਮਾਰਨੇ ਸ਼ੁਰੂ ਕੀਤੇ। ਟੱਗ ਦਾ ਕੋਈ ਜੀਅ ਹੀ ਸੱਟ ਤੋਂ ਬਚਿਆ ਹੋਵੇਗਾ, 20 ਆਦਮੀ ਤਾਂ ਸਖ਼ਤ ਜ਼ਖ਼ਮੀ ਹੋਏ। ਮੁਸਾਫਰਾਂ ਨੇ ਇਕ ਪੁਲਸੀਏ ਨੂੰ ਵੀ ਜਹਾਜ਼ ਉਤੇ ਪੈਰ ਨਾ ਰਖਣ ਦਿਤਾ। ਟੱਗ ਦੀਆਂ ਬਾਰੀਆਂ ਟੁਟ ਭੱਜ ਗਈਆਂ। ਟੱਗ ਵਾਲੇ ਹਾਰਕੇ ਪਿਛਾਂ ਹਟ ਗਏ ਤੇ ਚਲੇ ਗਏ। ਮੁਸਾਫਰਾਂ ਦੀ ਜਿਤ ਹੋਈ।[1]

'ਨਿਯੂਯਾਰਕ ਟਾਈਮਜ਼' ਦਾ ਪਤਰ ਪਰੇਰਕ ਗੋਲੀਆਂ ਦੀ ਵਰਤੋਂ ਦਾ ਜ਼ਿਕਰ ਨਹੀਂ ਕਰਦਾ। ਪਰ ਅਖ਼ੀਰ ਵਿਚ ਉਹ ਲਿਖਦਾ ਹੈ ਕਿ—

"ਘਾਟਾਂ ਦੇ ਮਹਿਕਮੇ ਦੇ ਕਰਮਚਾਰੀ ਆਖਦੇ ਹਨ ਕਿ ਮੁਸਾਫਰਾਂ ਨੇ ਗੋਲੀਆਂ ਵੀ ਚਲਾਈਆਂ।"

ਇਹੀ ਗੱਲ ਘਾਟਾਂ ਦੇ ਮਹਿਕਮੇ ਦੇ ਅਸਿਸਟੈਂਟ ਸੁਪਰਡੈਂਟ ਬਲੈਕ ਰਾਬਰਟਸਨ ਨੇ ਆਪਣੇ ਕੈਨੇਡਾ ਸਰਕਾਰ ਨੂੰ 20 ਜੁਲਾਈ ਨੂੰ ਭੇਜੇ ਯਾਦ ਪੱਤਰ ਵਿਚ ਲਿਖੀ ਸੀ।[2] ਉਧਰੋਂ ਬਾਬਾ ਗੁਰਦਿੱਤ ਸਿੰਘ ਨੇ 'ਕੌਮਾਗਾਟਾ ਮਾਰੂ' ਦੀ ਯਾਤਰਾ ਨਾਮੀ ਆਪਣੀ ਕਿਤਾਬ ਵਿਚ ਲਿਖਿਆ ਹੈ—

---

1. ਨਿਊਯਾਰਕ ਟਾਈਮਜ਼, 20 ਜੁਲਾਈ, 1914, ਸਫਾ 3 ਕਾਲਮ 3, ਤੇ ਹੋਮ (ਪੋਲੀਟੀਕਲ) ਨਵੰਬਰ, 1914 ਕਾਰਵਾਈ ਨੰ. 97-177, ਸਫਾ 158
2. ਉਤਲਿਖਤ ਕਾਰਵਾਈ ਸਫਾ 158

"ਪੁਲਸ ਨੇ ਪਿਸਤੌਲ ਚਲਾਏ। ਸਾਡੇ ਉਚੇ ਹੋਣ ਕਰਕੇ ਸਾਨੂੰ ਗੋਲੀਆਂ ਨਹੀਂ ਲਗੀਆਂ। ਸਾਡੇ ਇਕ ਆਦਮੀ ਦੇ ਮਥੇ ਨਾਲ ਖਹਿਕੇ ਇਕ ਗੋਲੀ ਉਸਦੀ ਪੱਗ ਵਿਚੋਂ ਦੀ ਲੰਘ ਗਈ ਤੇ ਮਥੇ ਉਤੇ ਝਰੀਟ ਮਾਰ ਗਈ (ਸਫਾ 105)"।

ਬਾਬਾ ਗੁਰਦਿੱਤ ਸਿੰਘ ਇਸ ਲੜਾਈ ਦੇ ਹੱਕ ਵਿਚ ਨਹੀਂ ਸਨ। ਉਹਨਾਂ ਨੇ ਬੜੀ ਕੋਸ਼ਿਸ਼ ਕੀਤੀ ਕਿ ਪੁਲਸ ਮੁਕਾਬਲਾ ਨਾ ਹੋਵੇ। ਪਰ ਮੁਸਾਫਰਾਂ ਨੂੰ ਐਨੀ ਚਿਪ ਚੜ੍ਹੀ ਹੋਈ ਸੀ ਕਿ ਉਹ ਜਾਨ ਤਲੀ ਤੇ ਰਖਕੇ ਆਪਣੇ ਦਿਲਾਂ ਦਾ ਗੁਬਾਰ ਕਢਣ ਲਈ ਤੁਲੇ ਹੋਏ ਸਨ। ਉਹਨਾਂ ਨੇ ਲੜਾਈ ਤੋਂ ਪਹਿਲਾਂ ਜਿਥੇ ਜਹਾਜ਼ ਦੇ ਅਮਲੇ ਨੂੰ ਕੋਠੜੀਆਂ ਵਿਚ ਬੰਦ ਕਰ ਲਿਆ, ਓਥੇ ਬਾਬਾ ਗੁਰਦਿੱਤ ਸਿੰਘ ਨੂੰ ਵੀ ਇਕ ਕਮਰੇ ਵਿਚ ਡਕ ਕੇ ਬਾਹਰੋਂ ਜੰਦਰਾ ਮਾਰ ਦਿਤਾ।[1]

ਇਸ ਲੜਾਈ ਨੇ ਸਾਮਰਾਜੀਆਂ ਨੂੰ ਪਿਸੂ ਪਾ ਦਿਤੇ। ਫੇਰ ਤਾਰਾਂ ਤੇ ਤਾਰਾਂ ਖੜਕਣ ਲਗ ਪਈਆਂ। 'ਰੇਨ ਬੋ' ਨਾਮ ਦਾ ਜੰਗੀ ਜਹਾਜ਼ ਲਿਆ ਕੇ ਕੌਮਾਗਾਟਾ ਮਾਰੂ ਦੇ ਸਿਰ ਉਤੇ ਖੜਾ ਕਰ ਦਿਤਾ, ਜਿਸ ਨੇ ਗੋਲਾਬਾਰੀ ਕਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕੀਤੀਆਂ। ਮੁਸਾਫਰਾਂ ਨੂੰ ਬੜਾ ਰੋਹ ਚੜ੍ਹਿਆ ਹੋਇਆ ਸੀ। ਹੁਣ ਤਾਂ ਲੜ ਕੇ ਮਰਨ ਦਾ ਸਵਾਲ ਨਹੀਂ ਸੀ। ਜੰਗੀ ਜਹਾਜ਼ ਨਾਲ ਮੁਕਾਬਲਾ ਕਰਨ ਦੇ ਸਾਧਨ ਮੁਸਾਫਰਾਂ ਪਾਸ ਨਹੀਂ ਸਨ। ਕੰਢੇ ਦੇ ਹਿੰਦੀ ਵੀ ਤਰਲੋ ਮਛੀ ਹੋ ਰਹੇ ਸਨ, ਕਿ ਉਹ ਕਿਸ ਤਰ੍ਹਾਂ ਆਪਣੇ ਵਤਨੀਆਂ ਦੀ ਸਹਾਇਤਾ ਕਰਨ। ਅਖ਼ੀਰ ਉਹ ਵੀ ਸਭ ਕੁਝ ਦਾਅ ਤੇ ਲਾਉਣ ਲਈ ਤਿਆਰ ਹੋ ਗਏ। ਸ਼ਹਿਰ ਨੂੰ ਅਗ ਲਾਉਣ ਤੇ ਕੰਢੇ ਉਤੇ ਲੜ ਕੇ ਮਰ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ।[2] ਇਹ ਵੇਖਕੇ ਮਾਰਟਿਨ ਬੱਰਲ ਨੇ ਉਟਾਵੇ ਨੂੰ ਤਾਰ ਦਿਤੀ ਕਿ ਸਮੁੰਦਰ ਕੰਢੇ ਉਤੇ ਬੜੀ ਭੀੜ ਲਗੀ ਰਹਿੰਦੀ ਹੈ, ਜੋ ਇਸ ਟੈਂਟੇ ਦਾ ਝਬਦੇ ਹਲ ਮੰਗਦੀ ਹੈ।[3]

## ਵੈਨਕੋਵਰ ਤੋਂ ਵਾਪਸੀ

ਪਰ ਉਤਲੇ ਸਾਮਰਾਜੀ, ਜੋ ਕੌਮਾਂਤਰੀ ਉਲਝਨਾਂ ਵਿਚ ਫਸੇ ਹੋਏ ਸਨ, ਮੁਸਾਫਰਾਂ ਵਿਰੁਧ ਤਾਕਤ ਵਰਤਣ ਤੋਂ ਸੰਕੋਚ ਕਰਨਾ ਚਾਹੁੰਦੇ ਸਨ ਤੇ ਨਰਮਈ ਨਾਲ ਕੰਮ ਕਢਣਾ ਮੰਗਦੇ ਸਨ। ਇਸ ਲਈ ਕੈਨੇਡਾ ਦੇ ਪਰਧਾਨ ਮੰਤਰੀ ਨੇ ਬਰੱਲ ਨੂੰ 21 ਜੁਲਾਈ ਨੂੰ ਤਾਰ ਦੇ ਕੇ ਤਾਕਤ ਵਰਤਣ ਵਿਚ ਬਹੁਤ ਦੂਰ ਜਾਣ ਤੋਂ ਹਟਕਿਆ।[4]

ਬਾਬਾ ਗੁਰਦਿੱਤ ਸਿੰਘ ਤਾਂ ਪਹਿਲਾਂ ਹੀ ਸਰਕਾਰ ਨਾਲ ਖਹਿਣ ਦੇ ਹਕ ਵਿਚ ਨਹੀਂ ਸਨ, ਕੰਢੇ ਦੇ ਹਿੰਦੀ ਲੀਡਰਾਂ ਨੇ ਵੀ ਦੂਰੋਂ ਹੀ ਗੋਲਾਬਾਰੀ ਨਾਲ ਜਾਨਾਂ ਗਵਾ ਦੇਣ ਨੂੰ ਚੰਗਾ ਨਾ ਸਮਝਿਆ ਤੇ ਇਹਨਾਂ ਜਾਨਾਂ ਨੂੰ ਕਿਸੇ ਹੋਰ ਵੇਲੇ ਕੰਮ ਆਉਣ ਲਈ ਬਚਾ ਰਖਣ ਦੀ ਸਲਾਹ ਕੀਤੀ। ਇਸ ਲਈ, ਜਦ ਕੈਨੇਡਾ ਦੇ ਹਾਕਮ ਮੁਸਾਫਰਾਂ ਨੂੰ ਝਾਉਂਦੇ ਨਾ ਵੇਖਕੇ ਸੁਲਾਹ ਸਫਾਈ

---

1. ਕੌਮਾਗਾਟਾ ਮਾਰੂ ਦੀ ਯਾਤਰਾ' ਸਫਾ 103 ਤੇ ਬਾਬਾ ਹਰਨਾਮ ਸਿੰਘ ਗੁਜਰਵਾਲ ਦਾ ਬਿਆਨ
2. ਹੋਮ (ਪੋਲੀਟੀਕਲ) ਨਵੰਬਰ 1914, ਕਾਰਵਾਈ ਨੰ. 97-177 ਸਫਾ 164
3. ਉਤਲਿਖਤ ਸਫਾ 110-111
4. ਉਤਲਿਖਤ ਸਫਾ 165

ਦੀਆਂ ਗਲਾਂ ਵਲ ਆਏ, ਤਾਂ ਉਹ ਵੀ ਗਲ ਬਾਤ ਕਰਨ ਲਈ ਤਿਆਰ ਹੋ ਗਏ। ਕੈਨੇਡੀਅਨ ਹਾਕਮਾਂ ਨੇ ਭਾਈ ਭਾਗ ਸਿੰਘ , ਸ੍ਰੀ ਹਸਨ ਰਹੀਮ ਤੇ ਹੋਰ ਹਿੰਦੀ ਲੀਡਰਾਂ ਨੂੰ ਜਹਾਜ਼ ਉਤੇ ਲਿਜਾਕੇ ਮੁਸਾਫਰਾਂ ਤੇ ਬਾਬਾ ਗੁਰਦਿੱਤ ਸਿੰਘ ਨਾਲ ਮਿਲਾਇਆ। ਉਥੋਂ ਕੰਢੇ ਉਤੇ ਆ ਕੇ ਹਿੰਦੀ ਲੀਡਰਾਂ ਨੇ ਇਹ ਸ਼ਰਤਾਂ ਰਖੀਆਂ।

(1) ਸਰਕਾਰ ਮੁਸਾਫਰਾਂ ਨੂੰ ਕਿਸੇ ਹੋਰ ਜਹਾਜ਼ ਵਿਚ ਭੇਜੇ ਤੇ ਇਹ ਜਹਾਜ਼ ਪਟੇਦਾਰਾਂ ਦੇ ਹਵਾਲੇ ਕਰੇ, ਜੋ ਇਸਦਾ ਮਾਲ ਅਸਬਾਬ ਉਤਾਰਕੇ ਵੇਚਣ ਤੇ ਹੋਰ ਲਦਣ। ਮੁਸਾਫਰ ਕਲਕੱਤੇ ਤਕ ਲੈ ਜਾਏ ਜਾਣ।

(2) ਜੇ ਮੁਸਾਫਰ ਏਸੇ ਜਹਾਜ਼ ਵਿਚ ਜਾਂਦੇ ਹਨ ਤਾਂ ਸਰਕਾਰ ਪਟੇਦਾਰਾਂ ਨੂੰ ਮੁਸਾਫਰਾਂ ਦਾ ਵੈਨਕੋਵਰ ਤੋਂ ਲੈਕੇ ਕਲਕੱਤੇ ਤਕ ਦਾ ਇਕ ਸੌ ਡਾਲਰ ਫੀ ਮੁਸਾਫਰ ਕਰਾਇਆ ਦੇਵੇ।

(3) ਜਾਂ ਉਹ ਸਾਰਾ ਖ਼ਰਚ ਦਿਤਾ ਜਾਏ, ਜੋ ਪਟੇਦਾਰਾਂ ਨੇ ਜਹਾਜ਼ ਦੀਆਂ ਕਿਸ਼ਤਾਂ ਤਾਰਨ ਤੇ ਸਮੁੰਦਰ ਵਿਚ ਕੈਦ ਭੁਖੇ ਮਰ ਰਹੇ ਮੁਸਾਫਰਾਂ ਨੂੰ ਰਾਸ਼ਨ ਪਾਣੀ ਦੇਣ ਉਤੇ ਕੀਤਾ ਹੈ।

(4) ਮੁਸਾਫਰਾਂ ਲਈ ਹਾਂਗਕਾਂਗ ਤਕ ਰਸਤੇ ਦਾ ਰਾਸ਼ਨ ਪਾਣੀ ਭਰ ਦਿਤਾ ਜਾਏ ਤੇ ਮੁਸਾਫਰਾਂ ਦੀਆਂ ਹੋਰ ਦੇਣੀਆਂ ਮਨਸੂਖ਼ ਕੀਤੀਆਂ ਜਾਣ।[1]

ਰਾਸ਼ਨ ਪਾਣੀ ਦੀ ਫਰਿਸਤ ਇਹਨਾਂ ਸ਼ਰਤਾਂ ਦੇ ਨਾਲ ਪੇਸ਼ ਕਰ ਦਿੱਤੀ ਗਈ।

ਬਰੱਲ ਨੇ ਤਾਰ ਰਾਹੀਂ ਉਟਾਵਿਓਂ ਪੁਛਕੇ ਪਟੇਦਾਰਾਂ ਦੇ ਆਏ ਖ਼ਰਚ ਦੀ ਪੁਛ ਪੜਤਾਲ ਕਰਕੇ ਇਸ ਨੂੰ ਦੇ ਦੇਣ ਦਾ ਵਾਇਦਾ ਕੀਤਾ ਤੇ ਜਹਾਜ਼ ਉਤੇ ਰਾਸ਼ਨ ਪਾਣੀ ਲੱਦ ਦੇਣਾ ਮਨਾ ਲਿਆ।[2] ਦੂਸਰੇ ਜਹਾਜ਼ ਦਾ ਬੰਦੋਬਸਤ ਨਾ ਹੋ ਸਕਿਆ। "ਐਮਪਰੈਸ ਆਫ ਜਾਪਾਨ" ਨਾਮੀ ਇਕ ਜਹਾਜ਼ ਹਾਂਗਕਾਂਗ ਜਾ ਰਿਹਾ ਸੀ, ਪਰ ਉਸਨੇ ਓਵਰ ਲੋਡ ਦਾ ਬਹਾਨਾ ਕਰਕੇ ਇਹਨਾਂ ਮੁਸਾਫਰਾਂ ਨੂੰ ਲੈ ਜਾਣ ਤੋਂ ਇਨਕਾਰ ਕਰ ਦਿਤਾ। ਜਿਸ ਕਰਕੇ ਕੈਨੇਡਾ ਸਰਕਾਰ ਏਸੇ ਜਹਾਜ਼ ਨੂੰ ਭੇਜਣ ਤੇ ਪਟੇਦਾਰਾਂ ਦਾ ਖ਼ਰਚਾ ਦੇਣ ਦਾ ਇਕਰਾਰ ਕਰਨ ਉਤੇ ਮਜਬੂਰ ਹੋਈ। ਪਰ ਪਟੇਦਾਰਾਂ ਨੂੰ ਉਹ ਕਲਕੱਤੇ ਤਕ ਮੁਸਾਫਰਾਂ ਦਾ ਕਰਾਇਆ ਦੇਣ ਨਾ ਮੰਨੀ।

ਕੈਨੇਡਾ ਦੇ ਹਿੰਦੀ ਲੀਡਰ ਤੇ ਬਾਬਾ ਗੁਰਦਿੱਤ ਸਿੰਘ ਇਹਨਾਂ ਸ਼ਰਤ ਦੀ ਇੰਨੀ ਕੁ ਪੂਰਤੀ ਉਤੇ ਹੀ ਮੰਨ ਗਏ, ਤੇ ਜਹਾਜ਼ ਤੇ ਕਪਤਾਨ ਨੂੰ ਨਵੇਂ ਪਟੇਦਾਰ ਸ੍ਰੀ ਹਸਨ ਰਹੀਮ ਨੇ ਲਿਖਕੇ ਦੇ ਦਿਤਾ ਕਿ ਉਹ ਜਹਾਜ਼ ਨੂੰ ਤਿਆਰ ਕਰਕੇ ਤੇ ਲੈ ਜਾਏ। 21 ਤਰੀਕ ਸਾਰੀ ਸਮਝੌਤੇ ਉਤੇ ਲੰਘ ਗਈ ਤੇ 22 ਨੂੰ ਸਾਰਾ ਦਿਨ ਰਾਸ਼ਨ ਪਾਣੀ ਲਦਿਆ ਜਾਂਦਾ ਰਿਹਾ। ਇਹ ਸੀ ਰਾਸ਼ਨ ਪਾਣੀ ਜੋ ਮੁਸਾਫਰਾਂ ਦੀ ਲੜਾਈ ਨੇ ਕੈਨੇਡਾ ਸਰਕਾਰ ਪਾਸੋਂ ਜਿਤਿਆ।

| | | |
|---|---|---|
| 800 ਬੋਰੀ ਆਟਾ | 75 ਮਣ ਮਖਣ | 1000 ਸ਼ੀਸੀਆਂ ਸਿਰ ਦਾ ਤੇਲ |
| 3 ਬੋਰੀ ਵੇਸਨ | 25 ਮਣ ਚੌਲ | 200 ਬੋਤਲਾਂ ਸਿਰਕਾ |
| 70 ਕੁ ਮਣ ਦਾਲਾਂ | ਸਵਾ ਮਣ ਲੂਣ | 10 ਟਨ ਲਕੜ |
| 75 ਮਣ ਖੰਡ | 700 ਪੌਂਡ ਚਾਹ | 1 ਬਾਕਸ ਮਾਚਸ |

---

1. ਉਤਲਿਖਤ ਸਫਾ 164
2. ਉਤਲਿਖਤ ਸਫਾ 166

| | | |
|---|---|---|
| 60 ਮਲ ਆਲੂ | 10 ਬਕਸੇ ਸਨਲਾਈਟ ਸਾਬਨ | 200 ਪੌਂਡ ਤਮਾਕੂ |
| 20 ਬੋਰੀ ਗੰਢੇ | 250 ਪੇਟੀਆਂ ਦੁਧ ਦੇ ਡੱਬੇ | 200 ਪੌਂਡ ਰਾਬ |
| 10 ਬੋਰੀ ਗਾਜਰਾਂ | 3 ਬੋਰੀ ਅਦਰਕ | 3 ਪੇਟੀਆਂ ਆਂਡੇ |
| ਸਾਢੇ ਪੰਜ ਮਣ ਮਿਰਚਾਂ | ਸਾਢੇ ਛੇ ਮਣ ਆਚਾਰ | ਨਹਾਉਣ ਦਾ ਸਾਬਣ, ਮਿੱਟੀ ਦਾ ਤੇਲ |

22 ਜੁਲਾਈ ਨੂੰ ਕੰਢੇ ਦੇ ਹਿੰਦੀਆਂ ਨੂੰ ਦਸਾਂ ਦਸਾਂ ਪੰਦਰਾਂ ਦੀਆਂ ਟੋਲੀਆਂ ਵਿਚ ਆਕੇ ਆਪਣੇ ਯਾਰਾਂ ਮਿਤਰਾਂ ਤੇ ਸਬੰਧੀਆਂ ਨੂੰ ਮਿਲਣ ਦੀ ਆਗਿਆ ਦੇ ਦਿਤੀ ਗਈ। ਸਾਰਾ ਦਿਨ ਮੁਲਾਕਾਤਾਂ ਹੁੰਦੀਆਂ ਰਹੀਆਂ। ਪਟੇਦਾਰ ਤਾਂ 22 ਦੀ ਰਾਤ ਵੀ ਤਕਰੀਬਨ ਜਹਾਜ਼ ਉਤੇ ਹੀ ਰਹੇ। ਅਗਲੇ ਦਿਨ 23 ਜੁਲਾਈ, 1914 ਨੂੰ ਤੜਕੇ ਸਵਾ ਪੰਜ ਵਜੇ ਦੇ ਕਰੀਬ ਜਹਾਜ਼ ਵੈਨਕੋਵਰ ਤੋਂ ਤੁਰ ਪਿਆ। ਜਹਾਜ਼ ਦੇ ਪਿਛੇ ਕੈਨੇਡਾ ਦਾ ਜੰਗੀ ਜਹਾਜ਼ "ਰੇਨ ਬੋ" ਤੇ ਜਹਾਜ਼ ਖਿਚਣ ਵਾਲਾ ਟੱਗ "ਸੀ ਲਾਈਨ" ਜਿਸ ਉਤੇ ਪੁਲਸ ਤੇ ਮਲੀਸ਼ੀਆ ਸਵਾਰ ਸੀ, ਤਿੰਨ ਚਾਰ ਮੀਲ ਗਏ ਤੇ ਕੈਨੇਡਾ ਦੇ ਪਾਣੀਆਂ ਦੀ ਹੱਦ ਲੰਘਾਕੇ ਆ ਗਏ।[1]

ਇਸ ਤਰ੍ਹਾਂ ਚਾਰ ਮਹੀਨੇ ਦੀ ਖਜਲ ਖਵਾਰੀ ਤੋਂ ਬਾਅਦ ਮੁਸਾਫਰ ਮੁੜ ਹਾਂਗਕਾਂਗ ਨੂੰ ਧਿੱਕ ਦਿਤੇ ਗਏ।

## ਹਿੰਦੀਆਂ ਦੇ ਰੋਸ ਤੇ ਪਰਚਾਰ ਦੇ ਡਰ ਤੋਂ

ਜਹਾਜ਼ 16 ਅਗਸਤ ਨੂੰ ਯੋਕੋਹਾਮਾ ਪਹੁੰਚ ਗਿਆ। ਉਥੇ ਹਾਂਗਕਾਂਗ ਸਰਕਾਰ ਦਾ ਹੁਕਮ ਮਿਲਿਆ ਕਿ ਕੌਮਾਗਾਟਾ ਮਾਰੂ ਵਾਪਸ ਜਾਂਦਿਆਂ ਹਾਂਗਕਾਂਗ ਨਾ ਲਗੇ, ਜੇ ਲਗਾ ਤਾਂ ਆਵਾਰਾਗਰਦੀ ਦੇ ਕਾਨੂੰਨ ਹੇਠ ਸਭ ਮੁਸਾਫ਼ਰ ਗਰਿਫ਼ਤਾਰ ਕਰ ਲਏ ਜਾਣਗੇ।[2] ਮੁਸਾਫ਼ਰ ਘਰਾਂ ਤੋਂ ਕਮਾਉਣ ਲਈ ਕਰਜ਼ੇ ਚੁਕਕੇ, ਪੈਸੇ ਜੋੜਕੇ, ਜ਼ਮੀਨਾਂ ਗਹਿਣੇ ਪਾਕੇ ਤੇ ਰਿਸ਼ਤੇਦਾਰਾਂ ਤੇ ਮਿੱਤਰਾਂ ਤੋਂ ਮੰਗ ਤੰਗਕੇ ਆਏ ਹੋਏ ਸਨ। ਉਹ ਸਖਣੇ ਹੱਥੀਂ ਦੇਸ਼ ਨਹੀਂ ਸਨ ਜਾਣਾ ਚਾਹੁੰਦੇ। ਉਹਨਾਂ ਦੀ ਮਨਸ਼ਾ ਸ਼ੰਘਾਈ, ਹਾਂਗਕਾਂਗ, ਸਿੰਘਾਪੁਰ ਆਦਿ ਥਾਵਾਂ ਤੇ ਉਤਰਕੇ ਮਿਹਨਤ ਮਜ਼ਦੂਰੀ ਕਰਨ ਜਾਂ ਨੌਕਰੀਆਂ ਭਾਲਣ ਦੀ ਸੀ। ਇਸ ਹੁਕਮ ਨੇ ਉਹਨਾਂ ਦੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ।

ਦੂਸਰੇ ਜਹਾਜ਼ ਉਤੇ ਹਾਂਗਕਾਂਗ ਤਕ ਦਾ ਰਾਸ਼ਨ ਪਾਇਆ ਗਿਆ ਸੀ। ਕਲਕੱਤੇ ਤਕ ਹੋਰ ਰਾਸ਼ਨ ਪਾਣੀ ਦੀ ਲੋੜ ਪੈਣੀ ਸੀ। ਬਾਬਾ ਗੁਰਦਿੱਤ ਸਿੰਘ ਨੇ ਯੋਕੋਹਾਮਾ ਦੇ ਅੰਗਰੇਜ਼ੀ ਦੂਤ ਕੋਲੋਂ ਕਲਕੱਤੇ ਤਕ ਦਾ ਰਾਸ਼ਨ, ਜਹਾਜ਼ ਵਿਚ ਪੈਣ ਵਾਲੇ ਕੋਲੇ ਤੇ ਰਾਹ ਦਾ ਖ਼ਰਚ ਮੰਗਿਆ। ਪਰ ਦੂਤ ਨੇ ਇਹ ਮੰਗ ਨਾ ਮੰਨੀ, ਯੋਕੋਹਾਮਾ ਵਿਚ ਕੁਝ ਹਿੰਦੀ ਜਹਾਜ਼ ਤੋਂ ਉਤਰ ਭੀ ਗਏ।

ਇਥੇ ਜਹਾਜ਼ ਦੇ ਮੁਸਾਫਰਾਂ ਦਾ ਗ਼ਦਰ ਪਾਰਟੀ ਨਾਲ ਸਿੱਧਾ ਸੰਬੰਧ ਕਾਇਮ ਹੋਇਆ। ਉਂਜ ਤਾਂ ਜਹਾਜ਼ ਦੇ ਹਾਂਗਕਾਂਗ ਤੋਂ ਤੁਰਨ ਦੇ ਸਮੇਂ ਤੋਂ ਹੀ ਗ਼ਦਰ ਪਾਰਟੀ ਨੇ ਅੰਗਰੇਜ਼ੀ ਸਾਮਰਾਜ

---

1. ਉਤਲਿਖਤ ਸਫਾ 35-38
2. ਉਤਲਿਖਤ ਸਫਾ 152 ਤੇ ਕੌਮਾਗਾਟਾ ਮਾਰੂ ਇਨਕਵਾਇਰੀ ਕਮੇਟੀ ਰਪੋਰਟ ਪੈਰਾ 9

ਨਾਲ ਲਗਣ ਵਾਲੀ ਇਸ ਟੱਕਰ ਨੂੰ ਰਾਜਸੀ ਸੋਝੀ ਦੇਣ ਦਾ ਯਤਨ ਆਰੰਭ ਦਿੱਤਾ ਸੀ ਤੇ ਹਾਂਗਕਾਂਗ ਵਿਚ ਗ਼ਦਰ ਪਾਰਟੀ ਨਾਲ ਪਿਆਰ ਰਖਣ ਵਾਲੇ ਮੁਖੀ ਬੰਦੇ, ਜੋ ਗੁਰਦਵਾਰਾ ਕਮੇਟੀ ਦੇ ਮੁਖੀਏ ਸਨ, ਜਹਾਜ਼ ਨੂੰ ਤੋਰਨ ਵਿਚ ਸਿੱਧਾ ਹਿੱਸਾ ਲੈ ਰਹੇ ਸਨ। ਇਹਨਾਂ ਵਿਚ ਭਾਈ ਹਰਨਾਮ ਸਿੰਘ ਕਹੂਟਾ ਤੇ ਬਾਬਾ ਹਰਨਾਮ ਸਿੰਘ ਗੁਜਰਵਾਲ ਵਰਨਣ ਯੋਗ ਹਨ। ਇਹ ਜਹਾਜ਼ ਦੇ ਮੁਸਾਫਰ ਬਣਕੇ ਵੀ ਨਾਲ ਗਏ। ਸ਼ੰਘਾਈ, ਮੋਜੀ ਤੇ ਵੈਨਕੋਵਰ ਵਿਚ ਇਹਨਾਂ ਨੂੰ 'ਗ਼ਦਰ' ਅਖ਼ਬਾਰ ਤੇ ਹੋਰ ਛਪਿਆ ਹੋਇਆ ਗ਼ਦਰੀ ਮਸਾਲਾ ਮਿਲਦਾ ਰਿਹਾ। ਵੈਨਕੋਵਰ ਵਿਚ ਆਟੇ ਦੀਆਂ ਬੋਰੀਆਂ ਵਿਚ ਲੁਕਾਕੇ 'ਗ਼ਦਰ' ਅਖ਼ਬਾਰ ਜਹਾਜ਼ ਉਤੇ ਪੁਚਾਇਆ ਜਾਂਦਾ ਰਿਹਾ। ਜਾਂਦਿਆਂ ਯੋਕੋਹਾਮਾ ਵਿਚ ਭਾਈ ਭਗਵਾਨ ਸਿੰਘ ਤੇ ਮੌਲਵੀ ਬਰਕਤ ਉਲਾ ਆਕੇ ਮੁਸਾਫ਼ਰਾਂ ਨੂੰ ਮਿਲਦੇ ਤੇ ਇਹਨਾਂ ਨੂੰ ਅੰਗਰੇਜ਼ੀ ਰਾਜ ਨੂੰ ਉਲਟਾਉਣ ਦਾ ਪਰਚਾਰ ਕਰਦੇ ਰਹੇ।[1]

ਆਉਂਦੀ ਵਾਰੀ ਯੋਕੋਹਾਮਾ ਵਿਚ ਗ਼ਦਰ ਪਾਰਟੀ ਨੇ ਉਚੇਚਾ ਆਪਣੇ ਪਰਧਾਨ ਭਾਈ ਸੋਹਣ ਸਿੰਘ ਭਕਨਾ ਨੂੰ ਭੇਜਿਆ, ਜੋ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਭਖੇ ਹੋਏ ਇਹਨਾਂ ਮੁਸਾਫਰਾਂ ਨੂੰ ਹਿੰਦੁਸਤਾਨ ਜਾਕੇ ਅੰਗਰੇਜ਼ੀ ਰਾਜ ਦੇ ਉਲਟਾਉਣ ਲਈ ਲੜਾਈ ਵਿਚ ਹਿੱਸਾ ਲੈਣ ਯੋਗ ਬਣਾਵੇ। ਗ਼ਦਰ ਪਾਰਟੀ ਨੇ ਦੋ ਸੌ ਪਿਸਤੌਲ ਤੇ ਦੋ ਹਜ਼ਾਰ ਗੋਲੀ ਖ਼ਰੀਦਕੇ ਦੋ ਪੇਟੀਆਂ ਵਿਚ ਬੰਦ ਕੀਤੇ, ਜੋ ਪਰਧਾਨ ਲੈਕੇ ਯੋਕੋਹਾਮਾ ਆਇਆ। ਯੋਕੋਹਾਮਾ ਦੀ ਗ਼ਦਰ ਪਾਰਟੀ ਦੇ ਬੰਦਿਆਂ ਨੇ ਪਰਧਾਨ ਨੂੰ ਸੰਭਾਲਿਆ ਤੇ ਪਹਿਲਾਂ ਭਾਈ ਹਰਨਾਮ ਸਿੰਘ ਗੁਜਰਵਾਲ ਤੇ ਰਾਏ ਸਿੰਘ ਕਮੇਟੀ ਦੇ ਸਕੱਤਰ ਨੂੰ ਹੋਟਲ ਵਿਚ ਲਿਆਕੇ ਪਰਧਾਨ ਨੂੰ ਮਿਲਾਇਆ। ਪਰਧਾਨ ਨੇ ਇਹਨਾਂ ਨਾਲ ਇਸ ਹਥਿਆਰ ਪੱਤੇ ਨੂੰ ਜਹਾਜ਼ ਉਤੇ ਲਿਜਾਣ ਦਾ ਬੰਦੋਬਸਤ ਕੀਤਾ, ਜੋ ਇਥੋਂ ਹੀ ਗ਼ਦਰ ਪਾਰਟੀ ਦੇ ਬੰਦਿਆਂ ਨੇ ਰਾਤ ਨੂੰ ਇਕ ਬੇੜੀ ਵਿਚ ਲਦਕੇ ਰਸਿਆਂ ਰਾਹੀਂ ਜਹਾਜ਼ ਉਤੇ ਪੁਚਾ ਦਿਤਾ। ਫੇਰ ਪਰਧਾਨ ਨੂੰ ਵੀ ਜਹਾਜ਼ ਉਤੇ ਲਿਜਾਕੇ ਜਹਾਜ਼ ਕਮੇਟੀ ਨਾਲ ਮੁਲਾਕਾਤ ਕਰਵਾਈ। ਸਾਰੀ ਜਹਾਜ਼ ਕਮੇਟੀ ਨੇ ਮੁਸਾਫਰਾਂ ਦੇ ਸਵਾਲ ਨੂੰ ਲੈਕੇ ਦੇਸ਼ ਵਿਚ ਪਰਚਾਰ ਕਰਨ ਤੇ ਗ਼ਦਰ ਪਾਰਟੀ ਨਾਲ ਰਲ ਕੇ ਗ਼ਦਰ ਮਚਾਉਣ ਦੀ ਸਲਾਹ ਨੂੰ ਪਰਵਾਨ ਕੀਤਾ। ਇਸ ਤਰ੍ਹਾਂ ਗ਼ਦਰ ਪਾਰਟੀ ਨੇ ਸਾਮਰਾਜ ਦੇ ਖ਼ਿਲਾਫ਼ ਜਾਗੇ ਹੋਏ ਇਸ ਰੋਹ ਨੂੰ ਹਿੰਦ ਦੀ ਆਜ਼ਾਦੀ ਲਈ ਤਿਆਰ ਕੀਤੀ ਜਾ ਰਹੀ ਲੜਾਈ ਵਿਚ ਪਾਉਣ ਵਲ ਤੋਰਨ ਦਾ ਪੂਰਾ ਯਤਨ ਕੀਤਾ।[2]

ਜਹਾਜ਼ ਦੇ ਮਾਲਕਾਂ ਨੇ ਜਹਾਜ਼ ਨੂੰ ਕੋਬੀ ਮੰਗਵਾ ਲਿਆ। ਜਹਾਜ਼ 18 ਅਗਸਤ ਨੂੰ ਨਿਕਲਕੇ 21 ਨੂੰ ਕੋਬੀ ਪਹੁੰਚ ਗਿਆ। ਜਿਥੇ ਗ਼ਦਰ ਪਾਰਟੀ ਦੇ ਬੰਦਿਆਂ ਨੇ ਜਿਨ੍ਹਾਂ ਵਿਚ ਜਵਾਹਰ ਲਾਲ ਤੋਤੀ ਰਾਮ ਮਨਸੁਖਾਨੀ (ਸਿੰਧੀ) ਮੁਖੀ ਬੰਦਾ ਸੀ, ਮੁਸਾਫ਼ਰਾਂ ਦਾ ਜਲੂਸ ਕਢਿਆ ਤੇ ਅੰਗਰੇਜ਼ੀ ਕੌਂਸਲ (ਦੂਤ) ਦੇ ਦਫ਼ਤਰ ਅਗੇ ਮੁਜ਼ਾਹਰਾ ਕੀਤਾ। ਦੂਤ ਨੂੰ ਜਹਾਜ਼ ਦੀ ਕਮੇਟੀ ਦਾ ਡੈਪੂਟੇਸ਼ਨ ਮਿਲਿਆ। ਦੂਤ ਨੇ ਹਿੰਦ ਸਰਕਾਰ ਨੂੰ ਤਾਰਾਂ ਖੜਕਾਈਆਂ ਤੇ ਮੰਗ ਕੀਤੀ ਕਿ ਜੇ

---

1. ਇਨਕਵਾਇਰੀ ਕਮੇਟੀ ਦੀ ਰਪੋਰਟ, ਪੈਰਾ 13, ਬਾਬਾ ਹਰਨਾਮ ਸਿੰਘ ਗੁਜਰਵਾਲ, ਭਾਈ ਹਰਨਾਮ ਸਿੰਘ ਕਹੂਟਾ ਤੇ ਬਾਬਾ ਗੁਰਮੁਖ ਸਿੰਘ ਦੇ ਬਿਆਨ।
2. ਬਾਬਾ ਸੋਹਣ ਸਿੰਘ ਭਕਨਾ ਤੇ ਜਹਾਜ਼ ਦੇ ਜਾਪਾਨੀ ਕਪਤਾਨ ਦੇ ਬਿਆਨ, ਉਤਲਿਖਤ ਹੋਮ (ਪੋਲੀਟੀਕਲ) ਸਫਾ 117-122. ਹੋਮ (ਪੋਲੀਟੀਕਲ) (ਅ) ਮਾਰਚ, 1915 ਕਾਰਵਾਈ ਨੰ. 214-29

19000 ਯੈਨ (ਜਾਪਾਨੀ ਸਿੱਕਾ) ਖ਼ਰਚ ਦਿਤਾ ਜਾਏ ਤਾਂ ਮੁਸਾਫਰ ਸਿਧੇ ਕਲਕੱਤੇ ਪੁਚਾਏ ਜਾ ਸਕਦੇ ਹਨ। ਹਿੰਦ ਸਰਕਾਰ ਨੇ ਇਹ ਖ਼ਰਚ ਉਦੋਂ ਤਾਂ ਮੰਨ ਲਿਆ। ਕਿਉਂਕਿ ਉਹ ਮੁਸਾਫਰਾਂ ਨੂੰ ਹਿੰਦ ਸਦਕੇ ਗਰਿਫਤਾਰ ਕਰਨਾ ਤੇ ਜੇਹਲਾਂ ਵਿਚ ਬੰਦ ਕਰਨਾ ਚਾਹੁੰਦੀ ਸੀ। ਪਰ ਬਜਬਜ ਦੇ ਪਵਾੜੇ ਤੋਂ ਬਾਅਦ ਉਸ ਨੇ ਬੜਾ ਬੁਰਾ ਮਨਾਇਆ। ਸਰਕਾਰ ਹਿੰਦ ਬੜਾ ਪਛਤਾਈ ਤੇ ਇਸ ਨਤੀਜੇ ਤੇ ਪਹੁੰਚੀ ਕਿ ਜੇ ਮੁਸਾਫ਼ਰ ਨਹੀਂ ਸੀ ਆਉਣਾ ਚਾਹੁੰਦੇ, ਨਾ ਆਉਂਦੇ ਤੇ ਨਾ ਉਸ ਨੂੰ ਬਜ ਬਜ ਦੇ ਘਾਟ ਉਤੇ ਐਨਾ ਪਿਟਣਾ ਕਰਨਾ ਪੈਂਦਾ।[1]

ਕੋਬੀ ਵਿਚ ਇਕ ਹੋਰ ਰੱਟਾ ਪੈ ਗਿਆ। ਹਿੰਦ ਸਰਕਾਰ ਨੇ ਕੌਂਸਲ ਨੂੰ ਖ਼ਰਚ ਦੇ ਪੈਸੇ ਮਨਜ਼ੂਰ ਕਰਨ ਲਗਿਆਂ ਆਖਿਆ ਕਿ ਜਹਾਜ਼ ਸਿੱਧਾ ਮਦਰਾਸ ਆਵੇ ਤੇ ਜਹਾਜ਼ ਨੂੰ ਲੈਣ ਆਏ ਪਾਈਲਾਟ ਨਾਲ ਕੁਝ ਪੁਲਸ ਅਫ਼ਸਰ ਇਸ ਤੇ ਚੜ੍ਹਾ ਦਿਤੇ ਜਾਣ। ਕਿਸੇ ਨਾ ਕਿਸੇ ਤਰ੍ਹਾਂ ਮੁਸਾਫਰਾਂ ਨੂੰ ਇਸ ਗੋਂਦ ਦਾ ਪਤਾ ਚਲ ਗਿਆ। ਉਹਨਾਂ ਨੇ ਮਦਰਾਸ ਜਾਣ ਦੇ ਵਿਰੁਧ ਰੌਲਾ ਪਾਇਆ ਤੇ ਜਹਾਜ਼ ਕਲਕੱਤੇ ਲੈ ਜਾਣ ਦੀ ਮੰਗ ਕੀਤੀ। ਆਖ਼ਰ ਮੁਸਾਫਰਾਂ ਦੇ ਜ਼ੋਰ ਦੇਣ ਤੇ ਜਹਾਜ਼ ਨੂੰ ਮਦਰਾਸ ਦੀ ਥਾਂ ਕਲਕੱਤੇ ਦੀ ਰਾਹਦਾਰੀ ਦਿਤੀ ਗਈ।

ਜਹਾਜ਼ 2 ਸਤੰਬਰ ਨੂੰ ਕੋਬੀ ਤੋਂ ਤੁਰਿਆ ਤੇ 16 ਸਤੰਬਰ ਨੂੰ ਸਿੰਘਾਪੁਰ ਆ ਗਿਆ। ਇਥੇ ਜਹਾਜ਼ ਨੂੰ ਘਾਟ ਤੇ ਨਹੀਂ ਲਗਣ ਦਿਤਾ ਗਿਆ ਤੇ ਸਮੁੰਦਰ ਵਿਚ ਪਿਛਾਂਹ ਹੀ ਖਲਿਹਾਰੀ ਰਖਿਆ। ਕੋਈ ਦਵਾਈ ਦਾਰੂ ਜਾਂ ਰਾਸ਼ਨ ਪਾਣੀ ਨਹੀਂ ਲੈਣ ਦਿਤਾ, ਕਿਸੇ ਮੁਸਾਫ਼ਰ ਨੂੰ ਉਤੇ ਉਤਰਨ ਦੀ ਆਗਿਆ ਨਹੀਂ ਦਿਤੀ।[2] ਇਥੋਂ 19 ਸਤੰਬਰ ਨੂੰ ਤੁਰ ਕੇ ਹੁਗਲੀ ਦਰਿਆ ਵਿਚ 26 ਸਤੰਬਰ ਨੂੰ ਆ ਵੜਿਆ ਤੇ ਹੁਗਲੀ ਦੇ ਪਾਈਲਾਟ ਦੇ ਕਲਾਪੀ ਦੇ ਸਥਾਨ ਤੇ ਇਸ ਨੂੰ ਰੋਕ ਲਿਆ।

ਮੁਸਾਫਰਾਂ ਵਿਚ ਆਈ ਕੌਮੀ ਜਾਗਰਤਾ, ਗ਼ਦਰ ਪਾਰਟੀ ਦੇ ਪਰਧਾਨ ਭਾਈ ਸੋਹਣ ਸਿੰਘ ਭਕਨਾ ਨਾਲ ਕੀਤੀ ਸਲਾਹ ਤੇ ਹਿੰਦ ਸਰਕਾਰ ਦੀ ਕੋਬੀ ਦੇ ਅੰਗਰੇਜ਼ੀ ਕੌਂਸਲ ਨਾਲ ਖੜਕਾਈਆਂ ਤਾਰਾਂ ਨੇ ਮੁਸਾਫਰਾਂ ਨੂੰ ਸਪਸ਼ਟ ਕਰ ਦਿਤਾ ਕਿ ਉਹਨਾਂ ਨਾਲ ਹਿੰਦੁਸਤਾਨ ਪਹੁੰਚ ਕੇ ਕੀ ਹੋਣ ਵਾਲਾ ਸੀ। ਇਸ ਲਈ ਉਹਨਾਂ ਵਿਚੋਂ ਕਈ ਸਿਆਣਿਆਂ ਨੇ ਆਪਣਾ ਰਾਹ ਕਢਿਆ। ਸ਼ੰਘਾਈ, ਹਾਂਗਕਾਂਗ, ਮਨੀਲੇ, ਸਿੰਘਾਪੁਰ ਤੇ ਮਲਾਯਾ ਆਦਿ ਦੇ ਥਾਵਾਂ ਤੇ ਕੌਮਾਗਾਟਾ ਮਾਰੂ ਨਾਲ ਅੰਗਰੇਜ਼ੀ ਸਾਮਰਾਜ ਵੱਲੋਂ ਕੀਤੇ ਗਏ ਸਲੂਕ ਨੂੰ ਦਸਕੇ ਹਿੰਦੀਆਂ ਦੀ ਕੌਮੀ ਜਾਗਰਤਾ ਨੂੰ ਇਨਕਲਾਬ ਦੀ ਲੜਾਈ ਵਿਚ ਸ਼ਾਮਲ ਹੋਣ ਦੇ ਟੀਚੇ ਲਿਆਉਣ ਦੀ ਵਿਚਾਰ ਕੀਤੀ। ਇਸ ਕੰਮ ਲਈ ਭਾਈ ਹਰਨਾਮ ਸਿੰਘ ਕਹੂਟਾ, ਜੋ ਭਾਈ ਭਗਵਾਨ ਸਿੰਘ ਤੋਂ ਬਾਅਦ ਹਾਂਗਕਾਂਗ ਦੇ ਗਰੰਥੀ ਸਨ ਤੇ ਚੰਗੇ ਪਰਚਾਰਕ ਸਨ ਤੇ ਭਾਈ ਬੀਰ ਸਿੰਘ ਬੜਿੰਗ ਨੂੰ ਕੋਬੀ ਉਤਾਰ ਦਿਤਾ[3], ਕਿ ਉਹ ਇਹ ਕੰਮ ਕਰਦੇ ਹਿੰਦੁਸਤਾਨ ਪਹੁੰਚਣ। ਜਹਾਜ਼ ਦੇ ਮੁਸਾਫਰਾਂ ਵਿਚ ਆਏ ਰੋਹ ਨੂੰ ਤਾਈ ਰਖਣ ਲਈ ਜਾਪਾਨ ਤੋਂ ਸ੍ਰੀ ਜਵਾਹਰ ਮਲ ਤੇ ਉਸ ਦੇ ਸਕੇ ਭਾਈ ਨਰਾਇਣ ਦਾਸ ਨੂੰ ਜਹਾਜ਼ ਵਿਚ ਚੜ੍ਹਾ

---

1. ਕੌਮਾਗਾਟਾ ਮਾਰੂ ਇਨਕਵਾਇਰੀ, ਪੈਰਾ 21 ਤੇ 22 ਤੇ ਹੋਮ (ਪੋਲੀਟੀਕਲ) ਨਵੰਬਰ, 1914 ਕਾਰਵਾਈ ਨੰ. 97-177 ਸਫਾ 33
2. ਜਾਪਾਨੀ ਕਪਤਾਨ ਦਾ ਬਿਆਨ (ਉਤਲਿਖਤ) ਸਫਾ 117-122
3. ਹੋਮ (ਪੋਲੀਟੀਕਲ) (ਅ), ਮਾਰਚ 1914, ਕਾਰਵਾਈ ਨੰ. 214-229

ਲਿਆ ਗਿਆ। ਬਾਬਾ ਗੁਰਦਿੱਤ ਸਿੰਘ ਦੇ ਲਿਖੇ ਮੂਜਬ ਜਵਾਹਰ ਮਲ ਬੜੇ ਗਜ਼ਬ ਦਾ ਲੈਕਚਰਾਰ ਸੀ[1] ਤੇ ਸਰਕਾਰ ਉਸ ਨੂੰ ਬਹੁਤ ਖ਼ਤਰਨਾਕ ਲਿਖਦੀ ਹੈ।[2]

ਸਿੰਘਾਪੁਰ ਦੇ ਹਾਕਮਾਂ ਦੇ ਵਰਤਾਅ ਤੋਂ ਤਾਂ ਮੁਸਾਫਰਾਂ ਨੂੰ ਸਰਕਾਰ ਵੱਲੋਂ ਆਪਣੇ ਨਾਲ ਹੋਣ ਵਾਲੇ ਭੈੜੇ ਸਲੂਕ ਦਾ ਹੋਰ ਪੱਕ ਹੋ ਗਿਆ। ਸਾਰੇ ਤਾਂ ਇਕੋ ਜਿਹੇ ਨਹੀਂ ਹੁੰਦੇ, ਇਸ ਲਈ ਕਈਆਂ ਇਹ ਵਿਚਾਰਿਆ ਕਿ ਉਹਨਾਂ ਪਾਸੋਂ ਅਜਿਹੀ ਕੋਈ ਚੀਜ਼ ਨਾ ਨਿਕਲੇ, ਜਿਸ ਤੋਂ ਸਰਕਾਰ ਨੂੰ ਹੱਥ ਪਾਉਣ ਦਾ ਮੌਕਾ ਮਿਲੇ। ਬਾਬਾ ਗੁਰਦਿੱਤ ਸਿੰਘ ਭੀ ਉਹਨਾਂ ਵਿਚੋਂ ਹੀ ਸਨ। ਇਸ ਲਈ ਇਹਨਾਂ ਨੇ 'ਗ਼ਦਰ' ਅਖ਼ਬਾਰ ਤੇ ਹੋਰ ਇਤਰਾਜ਼ ਯੋਗ ਕਾਗ਼ਜ਼ ਪੱਤਰ ਹੁਗਲੀ ਦੇ ਲਾਗੇ ਆ ਕੇ ਸਮੁੰਦਰ ਵਿਚ ਸੁੱਟ ਦਿਤੇ। ਬਾਬਾ ਗੁਰਦਿੱਤ ਸਿੰਘ ਨੇ ਪਰਧਾਨ ਗ਼ਦਰ ਪਾਰਟੀ ਦੇ ਦਿੱਤੇ ਹਥਿਆਰਾਂ ਦੇ ਦੋਵੇਂ ਬਕਸੇ ਪਤਾ ਨਾ ਲੱਗਣ ਤੋਂ ਬਚਾਉਣ ਲਈ ਪਾਣੀ ਦੀ ਟਾਂਕੀ ਵਿਚ ਲਮਕਾਏ ਹੋਏ ਸਨ। ਜਦ ਵੇਖੇ ਤਾਂ ਉਹ ਜ਼ੰਗਾਲ ਨਾਲ ਖ਼ਰਾਬ ਹੋ ਚੁੱਕੇ ਸਨ। ਕੋਈ ਜੋ ਚੰਗਾ ਸੀ, ਉਹ ਹੁਸ਼ਿਆਰ ਮੁਸਾਫ਼ਰਾਂ ਨੇ ਚੁੱਕ ਕੇ ਆਪੋ ਆਪਣੀ ਥਾਂ ਲੁਕੋ ਲਿਆ। ਗੋਲੀ ਗੱਠੇ ਦਾ ਵੀ ਇਹੀ ਹਾਲ ਸੀ। ਇਸ ਲਈ ਜਹਾਜ਼ ਦੇ ਹੁਗਲੀ ਅੰਦਰ ਦਾਖ਼ਲ ਹੁੰਦਿਆਂ ਹੀ ਇਹ ਵੀ ਸਮੁੰਦਰ ਵਿਚ ਸੁੱਟ ਦਿਤੇ ਗਏ।[3]

ਕੌਮਾਗਾਟਾ ਮਾਰੂ ਜਹਾਜ਼ ਤੇ ਵੈਨਕੋਵਰ ਤੋਂ ਹਿੰਦ ਨੂੰ ਰਵਾਨਾ ਹੋਣ ਤੋਂ ਕੋਈ ਪੰਦਰਾਂ ਦਿਨਾਂ ਮਗਰੋਂ ਸੰਸਾਰ ਜੁੱਧ ਆਰੰਭ ਹੋ ਗਿਆ ਅਤੇ ਹਿੰਦ ਦੀ ਅੰਗਰੇਜ਼ੀ ਸਰਕਾਰ ਨੂੰ ਆਪਣੇ ਖ਼ਰੀਦੇ ਹੋਏ ਜਾਸੂਸਾਂ ਰਾਹੀਂ ਅਮਰੀਕਾ ਤੇ ਪੂਰਬੀ ਏਸ਼ੀਆ ਦੇ ਟਾਪੂਆਂ ਦੇ ਹਿੰਦੀਆਂ ਵਿਚ ਇਨਕਲਾਬੀ ਲਹਿਰ ਦੀ ਉਠ ਰਹੀ ਹਨੇਰੀ ਦਾ ਪਤਾ ਲੱਗ ਚੁੱਕਾ ਸੀ। ਇਹ ਹੰਢੀ ਵਰਤੀ ਸਾਮਰਾਜੀ ਤਾਕਤ ਇਸ ਇਨਕਲਾਬੀ ਲਹਿਰ ਨੂੰ ਫਿਹ ਸੁੱਟਣ ਲਈ ਇਸ ਉਤੇ ਵਾਰ ਕਰਨ ਦੇ ਹਥਿਆਰ ਤਿਆਰ ਤੇ ਤਿਖੇ ਕਰ ਰਹੀ ਸੀ। ਇਸ ਲਈ ਉਸ ਨੇ ਪੂਰਬ ਵਲੋਂ ਆ ਰਹੇ ਗ਼ਦਰੀ ਬੀਰਾਂ ਨੂੰ ਬੋਚਣ ਲਈ ਇਹਨਾਂ ਦੇ ਆਉਣ ਤੋਂ ਪਹਿਲਾਂ ਹੀ ਬੌਰਾਂ ਲਾ ਲਈਆਂ ਸਨ। ਸਭ ਤੋਂ ਪਹਿਲਾਂ ਕੌਮਾਗਾਟਾ ਮਾਰੂ ਦੇ ਮੁਸਾਫ਼ਰ ਆ ਰਹੇ ਸਨ ਤੇ ਇਹਨਾਂ ਦੇ ਪਿਛੇ ਅਮਰੀਕਾ, ਕੈਨੇਡਾ, ਮਨੀਲਾ, ਸ਼ੰਘਾਈ, ਹਾਂਗਕਾਂਗ ਤੇ ਹੋਰਨਾਂ ਟਾਪੂਆਂ ਤੇ ਗ਼ਦਰੀਆਂ ਦੇ ਦਲਾਂ ਦੇ ਦਲ ਜਹਾਜ਼ਾਂ ਵਿਚ ਆ ਰਹੇ ਸਨ। ਕੌਮਾਗਾਟਾ ਮਾਰੂ ਜਹਾਜ਼ ਅਜੇ ਜਾਪਾਨ ਤੋਂ ਤੁਰਿਆ ਹੀ ਸੀ ਕਿ ਹਿੰਦੁਸਤਾਨ ਦੀ ਅੰਗਰੇਜ਼ੀ ਸਰਕਾਰ ਨੇ ਇਹਨਾਂ ਨੂੰ ਕਾਬੂ ਕਰਨ ਲਈ ਹਿੰਦ ਵਿਚ ਦਾਖ਼ਲ ਹੋਣ ਦਾ ਫੁਰਮਾਨ (ਆਰਡੀਨੈਂਸ) ਨੰ: 5, 1914, 5 ਸਤੰਬਰ, 1914 ਨੂੰ ਹਿੰਦੁਸਤਾਨ ਉਤੇ ਲਾਗੂ ਕਰ ਦਿੱਤਾ। ਜੋ 16 ਸਤੰਬਰ, 1914 ਦੇ ਗਜ਼ਟ ਆਫ਼ ਇੰਡੀਆ ਵਿੱਚ ਛਪਿਆ।[4] ਇਸ ਫੁਰਮਾਨ ਰਾਹੀਂ ਪੰਜਾਬ ਤੇ ਬੰਗਾਲ ਦੀਆਂ ਸਰਕਾਰਾਂ ਨੂੰ ਅਖ਼ਤਿਆਰ ਦੇ ਦਿਤੇ ਗਏ ਸਨ ਕਿ ਉਹ ਪਰਦੇਸ਼ਾਂ ਤੋਂ ਆਉਣ ਵਾਲੇ

---

1. ਕੌਮਾਗਾਟਾ ਮਾਰੂ ਦੀ ਯਾਤਰਾ (ਭਾਗ ਦੂਸਰਾ) ਸਫਾ 26
2. ਇਨਕਵਾਇਰੀ ਕਮੇਟੀ ਦੀ ਰਪੋਰਟ, ਪੈਰਾ 22
3. ਕੌਮਾਗਾਟਾ ਮਾਰੂ ਦੀ ਯਾਤਰਾ, (ਭਾਗ ਦੂਸਰਾ) ਸਫਾ 31 ਤੇ ਇਨਕਵਾਇਰੀ ਕਮੇਟੀ ਦੀ ਰਿਪੋਰਟ, ਪੈਰਾ 42, ਹੋਮ (ਪੋਲੀਟੀਕਲ) (ੳ) ਨਵੰਬਰ 1914, ਕਾਰਵਾਈ 97-177, ਸਫਾ 9
4. ਹੋਮ (ਪੋਲੀਟੀਕਲ) (ੳ) ਨਵੰਬਰ 1914, ਕਾਰਵਾਈ ਨੰ. 97-177, ਸਫਾ 1-8 ਤੇ ਇਨਕਵਾਇਰੀ ਕਮੇਟੀ ਦੀ ਰਪੋਰਟ, ਪੈਰਾ 25

ਬੰਦਿਆਂ ਨੂੰ ਜੇ ਖ਼ਤਰਨਾਕ ਸਮਝਣ ਤਾਂ, ਪੁੱਛ ਪੜਤਾਲ ਲਈ ਗਰਿਫਤਾਰ ਕਰਕੇ ਪੁਲਸ ਦੇ ਹਵਾਲੇ ਕਰ ਦੇਣ, ਤੇ ਜੇ ਉਹ ਪੁੱਛ ਪੜਤਾਲ ਵਿਚ ਖ਼ਤਰਨਾਕ ਹੀ ਨਿਕਲਣ ਤਾਂ ਉਹਨਾਂ ਨੂੰ ਬਿਨਾਂ ਮੁਕੱਦਮਾ ਚਲਾਏ ਪਿੰਡਾਂ ਜਾਂ ਜੇਹਲਾਂ ਵਿਚ ਬੰਦ ਕਰ ਸਕਦੀਆਂ ਸਨ।

ਹਿੰਦ ਸਰਕਾਰ ਨੂੰ ਸਿੰਘਾਪੁਰ ਦੇ ਗਵਰਨਰ ਵਲੋਂ ਤਾਰ ਆ ਗਈ ਸੀ ਕਿ ਜਹਾਜ਼ 19 ਸਤੰਬਰ ਨੂੰ ਹਿੰਦੁਸਤਾਨ ਨੂੰ ਤੁਰ ਪਿਆ ਹੈ। ਨਾਲ ਹੀ ਉਹ ਦੋ ਤਾਰਾਂ ਵੀ ਆ ਗਈਆਂ, ਜੋ ਬਾਬਾ ਗੁਰਦਿੱਤ ਸਿੰਘ ਨੇ, ਇਕ ਕਲਕੱਤੇ ਦੇ 'ਬੰਗਾਲੀ' ਅਖ਼ਬਾਰ ਦੇ ਐਡੀਟਰ ਤੇ ਦੂਸਰੀ ਸਰਦਾਰ ਹਰਚੰਦ ਸਿੰਘ ਲਾਇਲਪੁਰੀ ਨੂੰ ਦੇਣ ਵਾਸਤੇ ਸਿੰਘਾਪੁਰ ਦੀ ਸਰਕਾਰ ਦੇ ਹਵਾਲੇ ਕੀਤੀਆਂ ਸਨ। ਹਿੰਦ ਸਰਕਾਰ ਨੇ ਉਹ ਦੋਵੇਂ ਤਾਰਾਂ ਰੋਕ ਲਈਆਂ। ਫੇਰ ਫੁਰਮਾਨ ਹੇਠ ਮੁਸਾਫਰਾਂ ਨਾਲ ਸਿਝਣ ਲਈ ਕੇਂਦਰੀ ਸੀ.ਆਈ.ਡੀ. ਵਲੋਂ ਫ.ਅ. ਸਲੋਕੋਂਕ, ਪੰਜਾਬ ਸਰਕਾਰ ਵਲੋਂ ਜਲੰਧਰ ਦਾ ਡਿਪਟੀ ਕਮਿਸ਼ਨਰ ਹਮਫਰੀਜ਼ ਤੇ ਸੀ.ਆਈ.ਡੀ. ਦੇ ਡ. ਪੈਟਰੀ ਤੇ ਸੁੱਖਾ ਸਿੰਘ ਅਤੇ ਬੰਗਾਲ ਸਰਕਾਰ ਵਲੋਂ 24 ਪਰਗਣੇ ਦਾ ਜ਼ਿਲਾ ਮੈਜਿਸਟਰੇਟ ਡੌਨਲਡ, ਕਲਕੱਤਾ ਘਾਟ ਦੀ ਪੁਲਸ ਦੇ ਡਿਪਟੀ ਕਮਿਸ਼ਨਰ ਆਨਲੇ ਤੇ ਘਾਟਾਂ ਦੇ ਮਹਿਕਮੇ ਦੇ ਡਾਕਟਰ ਹੌਸੈਕ ਨੂੰ ਕਾਲਪੀ ਭੇਜਿਆ ਗਿਆ।[1]

## ਬਜ ਬਜ ਘਾਟ ਦੀ ਖ਼ੂਨੀ ਸਾਕਾ

26 ਸਤੰਬਰ, 1914 ਨੂੰ ਪਾਈਲਾਟ ਨੇ ਆਏ ਜਹਾਜ਼ਾਂ ਦੀ ਦੇਖ ਭਾਲ ਕਰਨ ਵਾਲੀ ਥਾਂ ਕਾਲਪੀ ਦੇ ਸਥਾਨ ਤੇ ਜਹਾਜ਼ ਨੂੰ ਖਲਿਹਾਰ ਲਿਆ। ਜਹਾਜ਼ ਖੜਾ ਹੁੰਦਿਆਂ ਹੀ ਪੁਲਸ ਉਤੇ ਆ ਚੜ੍ਹੀ। ਹਰ ਜਗ੍ਹਾ ਪੁਲਸੀ ਪਹਿਰੇ ਖੜੇ ਕਰ ਦਿੱਤੇ। ਮੁਸਾਫਰਾਂ ਨੂੰ ਆਪਣੀ ਕਿਸਮਤ ਦਿਸ ਪਈ। ਰਾਤ ਪਹਿਰੇ ਹੇਠਾਂ ਹੀ ਲੰਘੀ। ਅਗਲੀ ਸਵੇਰੇ 27 ਸਤੰਬਰ ਨੂੰ ਇਕ ਹੋਰ ਕਿਸ਼ਤੀ ਆਈ, ਉਸ ਤੋਂ ਉਤਰਕੇ ਉਤੇ ਲਿਖੇ ਅਫਸਰ ਜਹਾਜ਼ ਉਤੇ ਚੜ੍ਹ ਆਏ, ਜਿਨ੍ਹਾਂ ਨਾਲ ਬਹੁਤ ਸਾਰੇ ਚਿਟ ਕਪੜੀਏ ਪੰਜਾਬੀ ਪੁਲਸੀਏ ਭੀ ਸਨ। ਇਹ ਸਾਰਾ ਦਿਨ ਤਲਾਸ਼ੀ ਲੈਂਦੇ ਰਹੇ। ਪਰ ਕੋਈ ਇਤਰਾਜ਼ ਵਾਲੀ ਚੀਜ਼ ਨਾ ਲੱਭੀ। 28 ਤਰੀਕ ਨੂੰ ਫੇਰ ਇਹੀ ਲੋਕ ਵਰਦੀਆਂ ਪਾ ਕੇ ਆ ਗਏ ਤੇ ਜਹਾਜ਼ ਦੀ ਥਾਂ ਥਾਂ ਦੇਖੀ ਤੇ ਭਾਲੀ, ਮਾਲ ਅਸਬਾਬ ਫੋਲ ਕੇ ਡਿੱਠਾ ਤੇ ਮੁਸਾਫਰਾਂ ਦੀ ਜਾਮਾ ਤਲਾਸ਼ੀ ਲਈ, ਪਰ ਹੱਥ ਕੁਝ ਵੀ ਨਾ ਲੱਗਾ। ਰਾਤ ਨੂੰ ਫ਼ੇਰ ਪਹਿਰੇ ਲਾ ਕੇ ਅਫਸਰ ਚਲੇ ਗਏ। ਅਗਲੇ ਦਿਨ 29 ਸਤੰਬਰ ਨੂੰ ਜਹਾਜ਼ ਨੂੰ ਉਥੋਂ ਤੋਰ ਕੇ ਕਲਕੱਤੇ ਤੋਂ 17 ਮੀਲ ਥੱਲੇ ਬਜ ਬਜ ਘਾਟ ਤੇ ਲਿਜਾ ਲਾਇਆ।

ਹਿੰਦ ਸਰਕਾਰ ਨੇ ਪੰਜਾਬ ਸਰਕਾਰ ਨੇ ਇਹ ਫੈਸਲਾ ਕਰ ਲਿਆ ਸੀ ਕਿ ਇਹਨਾਂ ਮੁਸਾਫਰਾਂ ਨੂੰ ਪੰਜਾਬ ਤੇ ਕਲਕੱਤੇ ਵਿਚ ਖੁਲ੍ਹਾ ਨਾ ਫਿਰਨ ਦਿੱਤਾ ਜਾਵੇ। ਇਹ ਲੋਕ ਸਰਕਾਰ ਦੇ ਖਿਲਾਫ ਲੋਕਾਂ ਨੂੰ ਭੜਕਾਉਣਗੇ। ਇਸ ਲਈ ਇਹਨਾਂ ਮੁਸਾਫਰਾਂ ਨੂੰ ਆਉਂਦਿਆਂ ਹੀ ਹਰਾਸਤ ਵਿਚ ਕਰ ਲਿਆ ਜਾਵੇ ਤੇ ਇਹਨਾਂ ਵਿਚੋਂ ਖ਼ਰੂਦੀਆਂ ਨੂੰ ਆਪਣੇ ਨਵੇਂ ਜਾਰੀ ਕੀਤੇ ਫ਼ੁਰਮਾਨ ਰਾਹੀਂ ਜੇਹਲਾਂ ਜਾਂ ਪਿੰਡਾਂ ਵਿਚ ਬੰਦ ਕਰ ਦਿਤਾ ਜਾਵੇ।[2] ਮੁਸਾਫਰਾਂ ਦੀ ਛਾਣਬੀਣ ਤੇ ਇਹਨਾਂ ਤੋਂ

---

1. ਉਤਲਿਖਤ ਕਾਰਵਾਈ ਸਫਾ 9-14
2. ਪੈਟਰੀ ਦਾ ਬਿਆਨ, ਉਤਲਿਖਤ ਕਾਰਵਾਈ, ਸਫਾ 1-8

ਪੁੱਛ ਪੜਤਾਲ ਕਰਨ ਲਈ ਲੁਧਿਆਣੇ ਦਾ ਜ਼ੈਲ-ਘਰ ਨਿਯਤ ਕੀਤਾ ਗਿਆ। ਜਿਥੇ ਇਹਨਾਂ ਮੁਸਾਫਰਾਂ ਤੇ ਬਾਅਦ ਵਿਚ ਬਾਹਰੋਂ ਆਇਆਂ ਗ਼ਦਰੀਆਂ ਨੂੰ ਵਲਕੇ ਲਿਆਇਆ ਜਾਂਦਾ ਰਿਹਾ।

28 ਤਰੀਕ ਨੂੰ ਹੀ ਇਹਨਾਂ ਅਫਸਰਾਂ ਨੇ ਸਲਾਹ ਕਰ ਲਈ ਕਿ ਜਹਾਜ਼ ਦੇ ਤੁਰਦੇ ਬੰਦੇ ਬਾਬਾ ਗੁਰਦਿੱਤ ਸਿੰਘ, ਦਲਜੀਤ ਸਿੰਘ, ਅਮੀਰ ਮੁਹੰਮਦ ਖ਼ਾਂ, ਪੋਹਲੋ ਰਾਮ, ਜਵਾਹਰ ਮਲ, ਨਾਰਾਇਣ ਦਾਸ ਤੇ ਹਰਨਾਮ ਸਿੰਘ ਗੁਜਰਵਾਲ ਨੂੰ ਗਰਿਫਤਾਰ ਕਰ ਲਿਆ ਜਾਏ ਤੇ ਬਾਕੀ ਦਿਆਂ ਨੂੰ ਬਜ ਬਜ ਤੋਂ ਹੀ ਜਹਾਜ਼ੋਂ ਉਤਾਰਕੇ ਗੱਡੀ ਵਿਚ ਬੰਦ ਕਰਕੇ ਪੰਜਾਬ ਲੈ ਜਾਇਆ ਜਾਏ। ਇਸ ਸਲਾਹ ਨੂੰ ਸਿਰੇ ਚਾੜ੍ਹਨ ਲਈ, ਬਜ ਬਜ ਦੇ ਰੇਲਵੇ ਸਟੇਸ਼ਨ ਉਤੇ ਇਕ ਸਪੈਸ਼ਲ ਗੱਡੀ ਅਗੇ ਹੀ ਤਿਆਰ ਕੀਤੀ ਖੜੀ ਸੀ।

ਤਲਾਸ਼ੀ ਵਿਚ ਮੁਕੱਦਮਿਆਂ ਵਿਚ ਵਰਤੇ ਜਾਣ ਵਾਲਾ ਹੋਰ ਤਾਂ ਕੁਝ ਨਾ ਲੱਭਾ, ਪਰ ਬਾਬਾ ਗੁਰਦਿੱਤ ਸਿੰਘ ਦੀ ਇਕ ਪੇਟੀ ਵਿਚੋਂ ਬਹੁਤ ਸਾਰਾ ਰੁਪਿਆ ਹੱਥ ਆਇਆ। ਇਕ ਝੋਲੇ ਵਿਚ ਕਈ ਸੈਂਕੜੇ ਸੋਨੇ ਦੇ ਪੌਂਡ ਸਨ। ਕੁਝ ਹਿੰਦੁਸਤਾਨੀ ਰੁਪਿਆ ਨਕਦ ਤੇ ਨੋਟਾਂ ਦੀ ਸ਼ਕਲ ਵਿੱਚ ਸੀ। ਇਕ ਦੋ ਵਡੇ ਵਡੇ ਬੰਲਡ ਜਾਪਾਨੀ ਨੋਟਾਂ ਦੇ ਸਨ। ਇਹ ਮਾਲ ਮੁੜ ਪੇਟੀਆਂ ਵਿਚ ਰੱਖਕੇ ਜੰਦਰੇ ਮਾਰ ਕੇ ਮੋਹਰਾਂ ਲਾ ਦਿੱਤੀਆਂ ਗਈਆਂ। ਤਲਾਸ਼ੀ ਐਨੀ ਅਚਾਨਕ ਤੇ ਬਿਨਾਂ ਦੱਸਿਆਂ ਕੀਤੀ ਗਈ ਕਿ ਕਿਸੇ ਨੂੰ ਕੋਈ ਚੀਜ਼ ਛੁਪਾਉਣ ਦਾ ਮੌਕਾ ਨਹੀਂ ਮਿਲਿਆ। ਹਨੇਰਾ ਹੋਣ ਕਰਕੇ ਪੇਟੀਆਂ ਬਾਬਾ ਗੁਰਦਿੱਤ ਸਿੰਘ ਦੇ ਕਮਰੇ ਵਿਚ ਰੱਖ ਕੇ ਤਾਲਾ ਮਾਰ ਦਿੱਤਾ ਤੇ ਬਾਹਰੋਂ ਅਫਸਰਾਂ ਦਾ ਪਹਿਰਾ ਲਾ ਦਿੱਤਾ ਗਿਆ। ਜਹਾਜ਼ ਉਤੇ ਦੋ ਬੱਚਿਆਂ ਸਣੇ 321 ਮੁਸਾਫਰ ਸਨ।[1]

ਬਜ ਬਜ ਲਿਆ ਕੇ ਮੁਸਾਫਰਾਂ ਨੂੰ ਜਹਾਜ਼ ਤੋਂ ਉਤਰਨ ਤੇ ਸਟੇਸ਼ਨ ਉਤੇ ਤਿਆਰ ਖਲੋਤੀ ਗੱਡੀ ਤੇ ਚੜ੍ਹ ਜਾਣ ਲਈ ਆਖਿਆ ਗਿਆ। ਮੁਸਾਫਰਾਂ ਨੇ ਇਨਕਾਰ ਕਰ ਦਿੱਤਾ ਤੇ ਆਖਿਆ, ਕਿ ਉਹਨਾਂ ਤਾਂ ਕਲਕੱਤਾ ਜਾਣਾ ਹੈ। ਆਪਣੀ ਮਰਜ਼ੀ ਨਾਲ ਜਾਣਗੇ। ਬਜ ਬਜ ਤੋਂ ਗੱਡੀ ਪੰਜਾਬ ਨਹੀਂ ਜਾਂਦੀ, ਹਾਵੜੇ ਤੋਂ ਜਾਂਦੀ ਸੀ। ਮੁਸਾਫਰਾਂ ਨੂੰ ਫੜੇ ਤੇ ਜੇਹਲ ਵਿਚ ਡੱਕੇ ਜਾਣ ਦਾ ਡਰ ਸੀ। ਅਫਸਰਾਂ ਨੇ ਬਥੇਰਾ ਸਮਝਾਇਆ, ਪਰ ਮੁਸਾਫਰ ਨਾ ਮੰਨੇ। ਅਖ਼ੀਰ ਉਹਨਾਂ ਨੂੰ ਜ਼ਬਰਦਸਤੀ ਉਤਾਰਨ ਦਾ ਫੈਸਲਾ ਕੀਤਾ ਗਿਆ। ਇਕ ਅਫਸਰ ਪਿਸਤੌਲ ਲੈ ਕੇ ਖਲੋ ਗਿਆ। ਪੁਲਸੀਆਂ ਨੇ ਰਫਲਾਂ ਸੂਤ ਲਈਆਂ। ਮੁਸਾਫਰਾਂ ਨੂੰ ਪੰਦਰਾਂ ਮਿੰਟ ਦੀ ਮੋਹਲਤ ਦਿੱਤੀ ਗਈ। ਮੁਸਾਫਰਾਂ ਨੇ ਆਪਸ ਵਿਚ ਹੀ ਸਲਾਹ ਕੀਤੀ। ਫੈਸਲਾ ਹੋਇਆ ਕਿ ਜਹਾਜ਼ ਉਤੋਂ ਉਤਰ ਜਾਓ। ਫੇਰ ਹੇਠਾਂ ਧਰਤੀ ਤੇ ਜਾ ਕੇ ਵੇਖੀ ਜਾਊ। ਜਹਾਜ਼ ਉਤੋਂ ਫੱਟਾ ਘਾਟ ਤੇ ਲਾ ਦਿੱਤਾ ਗਿਆ। ਇਕ ਇਕ ਕਰਕੇ ਮੁਸਾਫਰ ਉਤਰਨ ਲੱਗ ਪਏ। ਕਿਸੇ ਮੁਸਾਫਰ ਨੂੰ ਆਪਣਾ ਸਮਾਨ ਨਹੀਂ ਚੁੱਕਣ ਦਿਤਾ ਗਿਆ ਤੇ ਆਖਿਆ ਗਿਆ ਕਿ ਸਾਮਾਨ ਆਪੇ ਤੁਹਾਡੇ ਪਾਸ ਆ ਜਾਏਗਾ। ਪਰ ਮੁਸਾਫਰਾਂ ਨੇ ਗੁਰੂ ਗਰੰਥ ਸਾਹਿਬ ਦੀ ਸਵਾਰੀ ਚੁਕ ਲਈ ਤੇ ਇਕ ਇਕ ਕਰਕੇ ਸਭ ਹੇਠਾਂ ਉਤਰ ਆਏ।

ਲਾਗੇ ਹੀ ਸੱਜੇ ਹੱਥ ਸਾਹਮਣੇ ਸਟੇਸ਼ਨ ਸੀ। ਸਟੇਸ਼ਨ ਤੋਂ ਦੱਖਣ ਵੱਲ ਪਲੇਟਫਾਰਮ ਦੇ ਜੰਗਲੇ ਦੇ ਨਾਲ ਲਗਦੀ ਸੜਕ ਰੇਲ ਦੀ ਲਾਈਨ ਟੱਪ ਕੇ ਸਟੇਸ਼ਨ ਦੇ ਉਤੋਂ ਦੀ ਹੋ ਕੇ ਕਲਕੱਤੇ ਨੂੰ ਜਾਂਦੀ ਸੀ। ਮੁਸਾਫਰਾਂ ਨੂੰ ਹੇਠਾਂ ਲਿਆ ਕੇ ਅਫਸਰਾਂ ਨੇ ਉਹਨਾਂ ਨੂੰ ਗੱਡੀ ਚੜ੍ਹਨ ਦਾ ਹੁਕਮ ਦਿੱਤਾ।

---

1. ਉਤਲਿਖਤ ਬਿਆਨ।

ਮੁਸਾਫਰ ਗੱਡੀ ਚੜ੍ਹਨਾ ਨਹੀਂ ਚਾਹੁੰਦੇ ਸਨ। ਗੱਡੀ ਪਲੇਟਫਾਰਮ ਤੇ ਖੜੀ ਚੀਕਾਂ ਮਾਰਦੀ ਸੀ। ਜਹਾਜ਼ ਤੋਂ ਉਤਰਕੇ ਮੁਸਾਫਰਾਂ ਦੀ ਫੇਰ ਅਫਸਰਾਂ ਨਾਲ ਗਰਮੋ-ਗਰਮੀ ਹੋਈ ਤੇ ਮੁਸਾਫਰਾਂ ਨੇ ਗੱਡੀ ਨਾ ਚੜ੍ਹਨ ਤੇ ਕਲਕੱਤੇ ਜਾਣ ਦਾ ਦਾਈਆ ਨਾ ਛੱਡਿਆ।

ਜਮਾਤੀ ਸਮਾਜ ਦੇ ਹਰ ਪੱਧਰ ਤੇ ਹਰ ਸਮੂਹ ਵਿਚ ਜਮਾਂਦਰੂ ਵਿਰੋਧਤਾਈਆਂ ਹੁੰਦੀਆਂ ਹਨ। ਜੋ ਕਈ ਤਾਂ ਸਾਂਝੇ ਤੇ ਇਕਸਾਰ ਜੀਵਨ ਵਿਚ ਘਸਰ ਕੇ ਦੂਰ ਹੋ ਜਾਂਦੀਆਂ ਹਨ, ਪਰ ਕਈ ਜੋ ਪੁਰਾਤਨਾ ਤੇ ਨਵੀਨਤਾ ਵਿਚ ਹੁੰਦੀਆਂ ਹਨ, ਉਹ ਤਿੱਖੀਆਂ ਤੇ ਚੌੜੀਆਂ ਹੋ ਜਾਂਦੀਆਂ ਹਨ, ਜੋ ਦੋਂਹ ਧਿਰਾਂ ਨੂੰ ਅਡੋ ਅਡ ਨਿਖੇੜਨ ਤੇ ਅਖ਼ੀਰ ਟੱਕਰ ਲੈਣ ਤਕ ਪਹੁੰਚਾ ਦਿੰਦਿਆ ਹਨ। ਇਸੇ ਤਰ੍ਹਾਂ ਇਹਨਾਂ ਮੁਸਾਫਰਾਂ ਵਿਚ ਵੀ ਕੁਝ ਵਿਰੋਧ ਸਨ, ਜੋ ਕੁਝ ਮਾਇਕ ਘਾਟ ਕਰਕੇ, ਜੋ ਮੁਸਾਫਰਾਂ ਨੂੰ ਇਸ ਮੁਹਿੰਮ ਵਿਚ ਉਠਾਉਣਾ ਪਿਆ ਸੀ, ਪੈਦਾ ਹੋਏ ਸਨ ਤੇ ਕੁਝ ਸਿਆਸੀ ਸੂਝ ਤੇ ਵਿਕਾਸ ਵਿਚ ਅਗੇਤ ਪਛੇਤ ਦੇ ਕਾਰਨ। ਮੁਸਾਫਰਾਂ ਵਿਚ ਰਾਜਸੀ ਜਾਗਰਤਾ ਤੇ ਅੰਗਰੇਜ਼ੀ ਰਾਜ ਵਿਰੋਧੀ ਸੂਝ ਤਾਂ ਪੈਦਾ ਹੋ ਚੁੱਕੀ ਸੀ, ਜੋ ਹਿੰਦੁਸਤਾਨ ਤਕ ਮੁੜਦਿਆਂ ਮੁੜਦਿਆਂ ਕਾਫੀ ਉਭਰ ਆਈ ਸੀ। ਇਸ ਸੂਝ ਦੇ ਵਧਣ ਨੇ ਮੁਸਾਫਰਾਂ ਵਿਚ ਗਰਮ, ਨਰਮ ਦੋ ਵਿਰੋਧੀ ਪੱਖ ਪੈਦਾ ਕਰ ਦਿਤੇ ਸਨ, ਜੋ ਸਫਰ ਦੇ ਹਰ ਪੜਾ ਉਤੇ ਨਿੱਖੜ ਕੇ ਪਕੇ ਹੁੰਦੇ ਗਏ। ਬਾਬਾ ਗੁਰਦਿੱਤ ਸਿੰਘ ਦੀ ਇਕ ਪਾਸੇ ਗਰਮ ਪੱਖ ਵਾਲੇ ਵਿਰੋਧਤਾ ਕਰਦੇ ਤੇ ਦੂਜੇ ਪਾਸੇ ਆਪਣਾ ਪੱਲਾ ਗਵਾ ਬੈਠੇ ਤੇ ਕਮਾਈ ਦੀਆਂ ਉਮੀਦਾਂ ਢਾਹ ਢੇਰੀ ਕਰ ਬੈਠੇ ਮਾਯੂਸ ਮੁਸਾਫਰ ਤਾਂ ਬਹੁਤ ਹੀ ਖ਼ਿਲਾਫ ਸਨ। ਗਰਮ ਪੱਖ ਵਾਲਿਆਂ ਵਿਚ ਹਰਨਾਮ ਸਿੰਘ ਗੁਜਰਵਾਲ, ਜਵਾਹਰ ਮਲ, ਅਮੀਰ ਮੁਹੰਮਦ ਖ਼ਾਂ, ਦਲਜੀਤ ਸਿੰਘ ਆਦਿ ਸਨ ਤੇ ਮਾਇਕ ਸੱਟ ਦੇ ਮਾਰੇ ਵਿਰੋਧੀਆਂ ਵਿਚੋਂ ਭਾਨ ਸਿੰਘ, ਗੁਰਮੁਖ ਸਿੰਘ ਲਲਤੋਂ ਤੇ ਪੋਹਲੋ ਰਾਮ ਆਦਿ ਮੁਖੀ ਸਨ ਤੇ ਜ਼ਿਲਾ ਸ਼ਾਹਪੁਰ ਦੇ 17 ਛਾਛੀ ਇਹਨਾਂ ਦੇ ਨਾਲ ਸਨ, ਜੋ ਸਿਆਸੀ ਵਿਰੋਧਤਾ ਤਾਂ ਕਿਧਰੇ ਰਹੀ, ਬਾਬਾ ਗੁਰਦਿੱਤ ਸਿੰਘ ਦੀ ਜ਼ਾਤੀ ਵਿਰੋਧਤਾ ਉਤੇ ਉਤਰੇ ਹੋਏ ਸਨ।[1]

ਸਾਮਰਾਜੀ ਸਰਕਾਰ ਨੇ ਹਾਂਗਕਾਂਗ ਤੋਂ ਆਪਣਾ ਇਕ ਜਾਸੂਸ ਡਾਕਟਰ ਰਘਨਾਥ ਸਿੰਘ ਮੁਸਾਫਰਾਂ ਨਾਲ ਕੌਮਾਗਾਟਾ ਮਾਰੂ ਵਿਚ ਕੈਨੇਡਾ ਭੇਜਿਆ। ਇਹ ਰਾਹ ਵਿੱਚ ਮੁਸਾਫਰਾਂ ਦੇ ਦੁੱਖਾਂ ਨੂੰ ਚਮਕਾ ਦੇ ਮੁਸਾਫਰਾਂ ਦਾ ਆਪਸ ਦਾ ਵਿਰੋਧ ਵਧਾਉਣ ਤੇ ਤਿੱਖਾ ਕਰਨ ਵਿਚ ਲੱਗਾ ਰਿਹਾ। ਉਸ ਨੇ ਵੈਨਕੋਵਰ ਜਾ ਕੇ ਜਹਾਜ਼ ਕਮੇਟੀ ਦੀ ਵੀ ਵਿਰੋਧਤਾ ਕੀਤੀ।[2]

ਇਹ ਡਾਕਟਰ ਨੰਗਾ ਹੋ ਜਾਣ ਉਤੇ ਵੈਨਕੋਵਰ ਉਤਰ ਗਿਆ। ਉਸ ਦੀਆਂ ਰਪੋਰਟਾਂ ਦੇ ਆਧਾਰ ਤੇ ਹਿੰਦ ਸਰਕਾਰ ਦੇ ਅਫਸਰਾਂ ਦਾ ਅਨੁਮਾਨ ਸੀ ਕਿ ਮੁਸਾਫਰਾਂ ਅੰਦਰ ਬਾਬਾ ਗੁਰਦਿੱਤ ਸਿੰਘ ਦੀ ਬਹੁਤ ਵਿਰੋਧਤਾ ਹੈ ਤੇ ਕੇਵਲ ਦੋ ਚਾਰ ਬੰਦੇ ਹੀ ਉਸ ਦੇ ਨਾਲ ਹਨ। ਸਰਕਾਰ ਦਾ ਇਹ ਵਹਿਮ ਗ਼ਲਤ ਨਿਕਲਿਆ।[3] ਕੇਵਲ ਮਾਇਕ ਸੱਟ ਖਾ ਕੇ ਥੋੜੇ ਕੁ ਮੁਸਾਫਰ ਹੀ ਬਜ ਬਜ ਆਕੇ ਪੁਲਸ ਨਾਲ ਵਾਹ ਪੈਣ ਉਤੇ ਥਿੜਕੇ, ਬਾਕੀ ਸਭ ਸਣੇ ਗੁਰਮੁਖ ਸਿੰਘ ਲਲਤੋਂ ਦੇ ਅੰਗਰੇਜ਼ੀ ਸਰਕਾਰ ਦੇ ਮੁਕਾਬਲੇ ਉਤੇ ਅਖ਼ੀਰ ਦਮ ਤਕ ਇਕ ਮੁਠ ਤੇ ਇਕ ਜੁਟ ਰਹੇ।

---

1. ਜਾਪਾਨੀ ਕਪਤਾਨ ਦਾ ਬਿਆਨ, ਉਤਲਿਖਤ ਕਾਰਵਾਈ ਸਫਾ 117-22
2. ਕੌਮਾਗਾਟਾ ਮਾਰੂ ਦੀ ਯਾਤਰਾ, (ਪਹਿਲਾ ਭਾਗ) ਸਫਾ 105, (ਦੂਜਾ ਭਾਗ) ਸਫਾ 13
3. ਉਤਲਿਖਤ ਕਾਰਵਾਈ, ਸਫਾ 8 ਤੇ ਇਨਕਵਾਇਰੀ ਕਮੇਟੀ ਦੀ ਰਿਪੋਰਟ ਪੈਰਾ 38

ਜਹਾਜ਼ੋਂ ਉਤਰਕੇ ਮੁਸਾਫਰਾਂ ਦਾ ਅਫਸਰਾਂ ਨਾਲ ਫੇਰ ਦੰਦ ਖੜਿਕਾ ਹੋਇਆ। ਮੁਸਾਫਰਾਂ ਨੇ ਗੱਡੀ ਚੜ੍ਹਨੋਂ ਨਾਂਹ ਕਰ ਦਿੱਤੀ ਤੇ ਕਲਕੱਤੇ ਜਾਣ ਲਈ ਡਟ ਗਏ ਤੇ ਇਸ ਗੱਲ ਉਤੇ ਜ਼ੋਰ ਦਿੱਤਾ, ਕਿ ਗੁਰੂ ਗਰੰਥ ਸਾਹਿਬ ਨੂੰ ਕਲਕੱਤੇ ਵਿਚ ਕਿਸੇ ਗੁਰਦਵਾਰੇ ਰੱਖ ਕੇ ਫੇਰ ਪੰਜਾਬ ਨੂੰ ਜਾਣਗੇ। ਉਹਨਾਂ ਦੇ ਕਲਕੱਤੇ ਆਪਣੀ ਕਈ ਕੰਮ ਸਨ। ਮੁਸਾਫਰ ਕੋਈ ਦੋ ਕੁ ਵਜੇ ਜਹਾਜ਼ ਤੋਂ ਉਤਰੇ ਤੇ ਨਾਲ ਹੀ ਸਟੇਸ਼ਨ ਤੋਂ ਬਾਹਰ ਮੈਦਾਨ ਵਿਚ ਗੁਰੂ ਗਰੰਥ ਸਾਹਿਬ ਰੱਖ ਕੇ ਦੀਵਾਨ ਲਾਕੇ ਬੈਠ ਗਏ। ਸ਼ਬਦ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਅਫ਼ਸਰ ਤੇ ਪੁਲਸ ਦੁਆਲੇ ਖੜੇ ਬਿਟਰ ਬਿਟਰ ਤੱਕ ਰਹੇ ਸਨ ਤੇ ਉਹਨਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਅਖ਼ੀਰ ਤਿੰਨ ਚਾਰ ਵਜੇ ਦੇ ਕਰੀਬ ਮੁਸਾਫਰਾਂ ਸਲਾਹ ਕੀਤੀ ਤੇ ਉਠ ਕੇ ਗੁਰੂ ਗਰੰਥ ਸਾਹਿਬ ਦੀ ਸਵਾਰੀ ਨੂੰ ਚੁੱਕ ਲਿਆ ਤੇ ਜਲੂਸ ਦੀ ਸ਼ਕਲ ਵਿਚ ਰੇਲ ਦਾ ਫਾਟਕ ਲੰਘਕੇ ਸ਼ਬਦ ਪੜ੍ਹਦੇ ਕਲਕੱਤੇ ਵਾਲੀ ਸੜਕ ਤੇ ਹੋ ਤੁਰੇ। ਅਫਸਰਾਂ ਨੇ ਅੱਗੇ ਹੋ ਕੇ ਘੇਰਿਆ, ਸਮਝਾਇਆ ਤੇ ਝਿੜਕਿਆ ਕਿ ਸਰਕਾਰ ਦਾ ਹੁਕਮ ਮੰਨੋ ਤੇ ਗੱਡੀ ਉਤੇ ਚੜ੍ਹ ਜਾਓ। ਸਟੇਸ਼ਨ ਦੇ ਬਰਾਬਰ ਆ ਕੇ ਸ਼ਾਹਪੁਰ ਜ਼ਿਲ੍ਹੇ ਦੇ 17 ਛਾਛੀ ਤੇ ਭਾਨ ਸਿੰਘ ਬਿੜਿੰਗ (ਜਾਲੰਧਰ) ਤੇ ਪੋਹਲੇ ਰਾਮ ਆਨੰਦਪੁਰ (ਹੁਸ਼ਿਆਰਪੁਰ) ਦੇ 30 ਸਾਥੀ ਗੱਡੀ ਵਿਚ ਬੈਠ ਗਏ। ਕੁਝ ਪੁਲਸ ਨੇ ਹੋਰ ਮੋੜ ਲਏ। ਇਸ ਤਰ੍ਹਾਂ 59 ਆਦਮੀ ਇਕ ਤੀਵੀਂ ਤੇ ਦੋ ਬੱਚੇ ਗੱਡੀ ਵਿਚ ਬਿਠਾ ਲਏ। ਗੱਡੀ ਪੰਜਾਬ ਨੂੰ ਤੋਰ ਦਿਤੀ ਗਈ। ਬਾਕੀ 260 ਮੁਸਾਫਰ ਪੁਲਸ ਦਾ ਘੇਰਾ ਤੋੜ ਕੇ ਕਲਕੱਤੇ ਨੂੰ ਤੁਰ ਪਏ।[1]

ਜਦ ਮੁਸਾਫਰ ਸਟੇਸ਼ਨੋਂ ਨਿਕਲ ਤੁਰੇ ਤਾਂ ਅਫਸਰਾਂ ਨੇ ਜਲੂਸ ਨੂੰ ਅੱਗੇ ਹੋ ਕੇ ਰੋਕਿਆ। ਪੰਜਾਬ ਪੁਲਸ ਦਾ ਸੁਪਰਡੰਟ ਪੇਟਰੀ ਤਾਂ ਪਿਸਤੌਲ ਤਾਣਕੇ ਜਲੂਸ ਦੇ ਅੱਗੇ ਹੋ ਗਿਆ ਤੇ ਮੁਸਾਫਰਾਂ ਨੂੰ ਧਮਕਾਉਣ ਲਗਾ। ਭਾਈ ਅਮਰ ਸਿੰਘ ਨਿਹੰਗ ਤੇ ਭਾਈ ਇੰਦਰ ਸਿੰਘ ਸੀਦੋ ਜਾਲੰਧਰ ਨੇ ਕਮੀਜ਼ਾਂ ਦੇ ਬੀੜੇ ਖੋਲ੍ਹ ਦਿਤੇ ਪਿਸਤੌਲ ਦੇ ਅੱਗੇ ਛਾਤੀਆਂ ਡਾਹ ਕੇ ਕੜਕ ਕੇ ਆਖਿਆ, "ਲੈ! ਮਾਰ"! ਗੋਰੇ ਅਫਸਰ ਦੀ ਖਾਨਿਓਂ ਗਈ ਤੇ ਉਹ ਪਿਸਤੌਲ ਨੀਵਾਂ ਕਰਕੇ ਅੱਗੋਂ ਹਟ ਗਿਆ।[2] ਜਲੂਸ ਰਵਾਂ ਰਵੀਂ ਕਲਕੱਤੇ ਨੂੰ ਤੁਰੀ ਗਿਆ। ਅਫਸਰ ਤੇ ਪੁਲਸ ਵੱਖੀਆਂ ਉਤੇ ਤੇ ਪਿਛੇ ਪਿਛੇ ਤੁਰ ਪਏ।

ਅਫਸਰਾਂ ਨੇ ਕਲਕੱਤੇ ਨੂੰ ਤਾਰਾਂ ਖੜਕਾਈਆਂ। ਉਦੋਂ ਦੋ ਪਲਟਨਾਂ ਗੋਰਿਆਂ ਦੇ ਤੋਪਖਾਨੇ ਦੀਆਂ ਮੰਗਵਾਈਆਂ ਗਈਆਂ ਤੇ ਸੁਪਰਡੰਟ ਈਸਟਵੁਡ 30 ਗੋਰੇ ਪੁਲਸੀਏ ਲੈ ਕੇ ਆਇਆ। ਪੰਜ ਵੱਜ ਚੁੱਕੇ ਸਨ। ਗੋਰਾ ਪੁਲਸ ਦੇ ਚਾਰ ਪੰਜ ਸਾਰਜੰਟ ਪਿਸਤੌਲਾਂ ਨਾਲ ਸਨ ਤੇ ਬਾਕੀ ਸਪਾਹੀਆਂ ਪਾਸ ਲਾਠੀਆਂ ਸਨ। ਇਹਨਾਂ ਨੇ ਬਜ ਬਜ ਤੋਂ ਚਾਰ ਮੀਲ ਉਰੇ ਕਲਕੱਤੇ ਵੱਲ ਆ ਕੇ ਜਲੂਸ ਨੂੰ ਆ ਰੋਕਿਆ। ਇਸ ਪੁਲਸ ਦੇ ਮੋਹਰੀ ਬੰਗਾਲ ਸਰਕਾਰ ਦਾ ਚੀਫ ਸਕੱਤਰ ਕਮਿੰਗ ਤੇ ਗਵਰਨਰ ਦੀ ਕੌਂਸਲ ਦਾ ਮੈਂਬਰ ਵਿਲੀਅਮ ਡਿਊਕ ਸਨ। ਜਲੂਸ ਨੇ ਅਗਾਂਹ ਨਿਕਲ ਜਾਣਾ ਚਾਹਿਆ ਪਰ ਵਿਲੀਅਮ ਡਿਊਕ ਨੇ ਅੱਗੇ ਹੋ ਕੇ ਡੱਕ ਲਿਆ ਤੇ ਜਲੂਸ ਨੂੰ ਪਿਛਾਂ ਬਜ ਬਜ ਮੁੜ ਜਾਣ ਵਾਸਤੇ ਆਖਿਆ। ਬਾਬਾ ਗੁਰਦਿੱਤ ਸਿੰਘ ਨੇ ਦੱਸਿਆ ਕਿ ਮੁਸਾਫਰਾਂ ਦਾ ਬੜਾ

---

1. ਹੋਮ (ਪੋਲੀਟੀਕਲ) (ੳ) ਨਵੰਬਰ 1914 ਕਾਰਵਾਈ ਨੰ. 97-173, ਸਫਾ 6-7
2. ਕੌਮਾਗਾਟਾ ਮਾਰੂ ਦੀ ਯਾਤਰਾ (ਭਾਗ ਦੂਜਾ) ਸਫਾ 55

ਨੁਕਸਾਨ ਤੇ ਜ਼ਾਤੀ ਤੇ ਕੌਮੀ ਅਪਮਾਨ ਹੋਇਆ ਹੈ। ਜਲੂਸ ਬੰਗਾਲ ਦੇ ਗਵਰਨਰ ਨਾਲ ਗੱਲਬਾਤ ਕਰਨ ਤੇ ਆਪਣੀਆਂ ਸ਼ਿਕਾਇਤਾਂ ਉਸ ਅੱਗੇ ਰੱਖਣ ਲਈ ਕਲਕੱਤੇ ਜਾ ਰਿਹਾ ਹੈ। ਅੱਗੋਂ ਅਫਸਰ ਨੇ ਜਵਾਬ ਦਿਤਾ ਕਿ—

"ਗਵਰਨਰ ਨੇ ਮੈਨੂੰ ਭੇਜਿਆ ਹੈ, ਮੇਰੇ ਨਾਲ ਗੱਲ ਕਰੋ। ਪਰ ਏਥੇ ਨਹੀਂ, ਬਜ ਬਜ ਦੇ ਸਟੇਸ਼ਨ ਤੇ ਜਾ ਕੇ।"

ਮੁਸਾਫਰਾਂ ਨੇ ਇਕ ਦੂਜੇ ਵੱਲ ਵੇਖਿਆ। ਗੋਰਾ ਪੁਲਸ ਦੇ ਘੇਰੇ ਵੱਲ ਵੇਖਿਆ, ਪਿਛੇ ਗੋਰਾ ਫੌਜ ਨੂੰ ਆਉਂਦੀ ਵੇਖਿਆ। ਸਭ ਨੇ ਜਾਚਿਆ ਕਿ ਕਲਕੱਤੇ ਨਹੀਂ ਜਾਇਆ ਜਾਣਾ, ਪਿਛਾਂ ਹੀ ਮੁੜੋ।[1]

ਜਲੂਸ ਫਿਰ ਪਿਛਾਂਹ ਨੂੰ ਮੁੜਿਆ। ਸਾਰਾ ਦਿਨ ਪੁਲਸ ਤੇ ਅਫਸਰਾਂ ਦੇ ਜਮਦੂਤੀ ਘੇਰੇ, ਘੂਰ ਘੱਪ, ਜੱਕੋ ਤੱਕਿਆਂ, ਹੰਗਾਮੇ, ਰੋਹ ਗੁਸੇ, ਮਾਯੂਸੀ ਤੇ ਸਫਰ ਵਿਚ ਲੰਘ ਗਿਆ। ਰਾਤ ਦਾ ਰੋਟੀ ਪਾਣੀ ਖਾਧਾ ਹੋਇਆ ਸੀ। ਪਾਣੀ ਦੀ ਪਿਆਸ ਨੇ ਬਹੁਤ ਸਤਾਇਆ, ਜਦੋਂ ਕੋਈ ਮੁਸਾਫ਼ਰ ਪਾਣੀ ਪੀਣ ਜਾਂ ਪੇਸ਼ਾਬ ਕਰਨ ਠਹਿਰਦਾ ਤਾਂ ਪੁਲਸ ਉਸ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦੀ, ਧੱਕੇ ਤੇ ਠੁੱਡੇ ਮਾਰਦੀ ਤੇ ਬੇਇੱਜ਼ਤੀ ਕਰਦੀ। ਇਥੋਂ ਤਕ ਕਿ ਬਾਬਾ ਗੁਰਦਿਤ ਸਿੰਘ ਦੇ ਛੋਟੇ ਕਾਕੇ ਨੂੰ ਵੀ ਪਾਣੀ ਨਾ ਪਿਆਉਣ ਦਿਤਾ ਗਿਆ।[2]

ਜਲੂਸ ਦੇ ਅੱਗੇ ਅੱਗੇ ਅਫਸਰ ਤੇ ਪਿਛੇ ਪਿਛੇ ਪੰਜਾਬੀ ਤੇ ਗੋਰਾ ਪੁਲਸ ਇਕ ਤਰ੍ਹਾਂ ਜਲੂਸ ਨੂੰ ਖਿੱਚੀ ਤੇ ਧੱਕੀ ਤੁਰੇ ਜਾਂ ਰਹੇ ਸਨ। ਪਹਿਲਾਂ ਪੁਲਸ ਤੇ ਅਫ਼ਸਰਾਂ ਨੂੰ ਜਲੂਸ ਖਿੱਚੀ ਲਈ ਜਾਂਦਾ ਸੀ ਤੇ ਹੁਣ ਪੁਲਸ। ਸਾਢੇ ਛੇ ਜਾ ਸੱਤ ਵਜੇ ਦੇ ਕਰੀਬ ਜਲੂਸ ਰੇਲ ਦਾ ਫਾਟਕ ਲੰਘ ਕੇ ਮੁੜ ਸਟੇਸ਼ਨ ਤੇ ਆ ਗਿਆ। ਕਈ ਮੁਸਾਫ਼ਰ ਦਾਅ ਲਾਕੇ ਰਾਹ ਵਿਚੋਂ ਹੀ ਖਿਸਕ ਗਏ ਸਨ।

ਗੱਡੀ ਜਾ ਚੁੱਕੀ ਸੀ। ਅਫਸਰ ਹੋਰ ਗੱਡੀ ਦਾ ਇੰਤਜ਼ਾਮ ਕਰਨ ਜਾਂ ਰਾਤ ਮੁਸਾਫਰਾਂ ਨੂੰ ਜਹਾਜ਼ ਵਿਚ ਲੱਦਕੇ ਰੋਕੀ ਰੱਖਣ ਲਈ ਸਲਾਹਵਾਂ ਕਰਨ ਲੱਗ ਪਏ। ਮੁਸਾਫ਼ਰ ਦਿਨ ਭਰ ਦੀ ਮਾਰੋ ਮਾਰ ਤੋਂ ਬਾਅਦ ਸਾਹ ਲੈਣ ਲਈ ਸਟੇਸ਼ਨੋਂ ਬਾਹਰ ਦੱਖਣ ਵੱਲ ਜੰਗਲੇ ਤੋਂ ਥੋੜ੍ਹੇ ਕੁ ਹਟਕੇ ਗੁਰੂ ਗ੍ਰੰਥ ਸਾਹਿਬ ਦਾ ਸੁਖ ਆਸਨ ਕਰਕੇ ਬਹਿ ਗਏ ਤੇ ਸ਼ਬਦ ਪੜ੍ਹਨ ਲੱਗ ਪਏ।

ਜਦ ਸਵਾ ਸੱਤ ਵੱਜ ਗਏ, ਹਨੇਰਾ ਹੋ ਗਿਆ, ਚੰਦ ਚੜ੍ਹਨ ਲੱਗਾ ਤਾਂ ਅਫਸਰਾਂ ਨੇ ਗੋਰਾ ਪੁਲਸ ਦੇ ਸੁਪਰਡੰਟ ਈਸਟਵੁਡ ਨੂੰ ਬਾਬਾ ਗੁਰਦਿੱਤ ਸਿੰਘ ਨੂੰ ਲੈ ਆਉਣ ਲਈ ਭੇਜਿਆ। ਉਹ ਬਾਬਾ ਜੀ ਨੂੰ ਵਾਜਾਂ ਮਾਰਦਾ ਦਬਾਦਬ ਅੰਨ੍ਹੇਵਾਹ ਦੀਵਾਨ ਵਿਚ ਸੋਟੀ ਘੁਮਾਉਂਦਾ ਆ ਵੜਿਆ। ਮੁਸਾਫਰਾਂ ਨੇ ਬੁਰਾ ਮਨਾਇਆ। ਸਾਰੇ ਮੁਸਾਫ਼ਰ ਇਕ ਦਮ ਉੱਠ ਖਲੋਤੇ ਤੇ ਉਹ ਘੇਰੇ ਵਿਚ ਆ ਗਿਆ। ਉਸ ਨੂੰ ਕੱਢਣ ਲਈ ਪੈਟਰੀ ਅਗਾਂਹ ਵਧਿਆ ਤੇ ਹੋਰ ਅਫਸਰ ਵੀ ਉਦਾਲੇ ਜਾ ਹੋਏ। ਈਸਟਵੁਡ ਦੀ ਸੋਟੀ ਮੁਸਾਫਰਾਂ ਵਿਚੋਂ ਕਿਸੇ (ਸ੍ਰੀ ਟਹਿਲ ਸਿੰਘ ਰਾਣੀ ਵਲਾਹ ਅੰਮ੍ਰਿਤਸਰ)[3] ਨੇ ਖੋਹ ਲਈ। ਉਸ ਨੇ ਪਿਸਤੌਲ ਕੱਢ ਲਿਆ ਤੇ ਦੋ ਗੋਲੀਆਂ ਚਲਾਈਆਂ। ਇਕ ਹਰਨਾਮ ਸਿੰਘ ਗੁੱਜਰਵਾਲ ਦੀ ਪੱਗ ਵਿਚ ਤੇ ਦੂਸਰੀ ਠਾਕਰ ਸਿੰਘ ਉਦੋਨੰਗਲ (ਅੰਮਰਿਤਸਰ) ਦੀ ਬਾਂਹ ਵਿਚ

---

1. ਕੌਮਾਗਾਟਾ ਮਾਰੂ ਦੀ ਯਾਤਰਾ, (ਭਾਗ ਦੂਜਾ) ਸਫਾ 45-46
2. ਉਤਲਿਖਤ ਕਾਰਵਾਈ, ਸਫਾ 47-48, ਇਨਕਵਾਇਰੀ ਕਮੇਟੀ ਦੀ ਰਿਪੋਰਟ ਪੈਰਾ 27 ਤੇ 45
3. ਬਾਬਾ ਹਰਨਾਮ ਸਿੰਘ ਗੁਜਰਵਾਲ।

ਲੰਘ ਗਈ ਸੀ। ਫੇਰ ਕੀ ਸੀ, ਮੁਸਾਫਰਾਂ ਵੀ ਜਿਨ੍ਹਾਂ ਦੇ ਤਿੰਨਾਂ ਪਾਸ ਪਿਸਤੌਲ ਲੁਕਾਏ ਹੋਏ ਸਨ, ਕੱਢ ਲਏ। ਗੋਲੀਆਂ ਚੱਲਣ ਲੱਗ ਪਈਆਂ। ਈਸਟਵੁਡ ਤਾਂ ਮੁਨਸ਼ਾ ਸਿੰਘ (ਅੰਬਾਲਾ)[1] ਨੇ ਗੋਲੀ ਨਾਲ ਫੁੰਡ ਕੇ ਉਥੇ ਸੁੱਟ ਲਿਆ, ਪੈਟਰੀ ਵੀ ਪੱਟ ਵਿਚ ਗੋਲੀ ਖਾ ਕੇ ਡਿੱਗ ਪਿਆ। ਪੁਲਸ ਤੇ ਅਫਸਰ ਭੱਜਕੇ ਲਾਂਭੇ ਹੋਏ ਗਏ। ਫੌਜ ਪਹਿਲਾਂ ਹੀ ਜੰਗਲੇ ਤੋਂ ਪਾਰ ਪਲੈਟਫਾਰਮ ਉਤੇ ਰਫਲਾਂ ਸੂਤੀ ਤਿਆਰ ਖੜੀ ਸੀ। ਪੁਲਸ ਦੇ ਲਾਂਭੇ ਹੁੰਦਿਆਂ ਹੀ ਉਸ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ। ਗੋਲੀ ਆਉਂਦੀ ਵੇਖ ਮਸਾਫ਼ਰ ਨੱਠੇ ਨਹੀਂ ਸਗੋਂ ਫੇਰ ਪੁਲਸ ਨੂੰ ਟੁੱਟ ਕੇ ਪੈ ਗਏ ਤੇ ਪੰਜਾਬ ਪੁਲਸ ਦੀਆਂ ਤਲਵਾਰਾਂ ਤੇ ਗੋਰਾ ਪੁਲਸ ਦੇ ਡੰਡੇ ਖੋਹਕੇ ਅਫਸਰਾਂ ਤੇ ਪੁਲਸ ਨੂੰ ਚੰਗਾ ਠੱਪਿਆ ਤੇ ਕਈਆਂ ਦੇ ਆਹੂ ਲਾਹੇ ਤੇ ਦੋ ਤਿੰਨ ਹਲਿਆਂ ਤੋਂ ਬਾਅਦ ਹੱਟੀਆਂ ਨੂੰ ਜਾ ਵੜੇ। ਗੋਲੀਆਂ ਹੱਟੀਆਂ ਨੂੰ ਆਉਣੀਆਂ ਸ਼ੁਰੂ ਹੋ ਗਈਆਂ।[2]

ਮੋਏ ਤੇ ਜ਼ਖਮੀ ਪੁਲਸੀਏ ਤੇ ਅਫਸਰ ਤਾਂ ਸਾਂਭ ਗਏ, ਪਰ ਸ਼ਹੀਦ ਤੇ ਜ਼ਖਮੀ ਮੁਸਾਫਰਾਂ ਨੂੰ ਕਿਸੇ ਨਾ ਚੁੱਕਿਆ। ਰਾਤ 29 ਮੁਸਾਫਰਾਂ ਗਰਿਫ਼ਤਾਰ ਕੀਤੇ ਗਏ। ਜਿਨ੍ਹਾਂ ਵਿਚੋਂ ਸੱਤ ਹਸਪਤਾਲ ਪੁਚਾਏ ਗਏ, ਦੋ ਹਿਲਾਉਣ ਜੋਗੇ ਨਹੀਂ ਸਨ। ਸਵੇਰੇ 17 ਲਾਸ਼ਾਂ ਮਿਲੀਆਂ। ਇਹਨਾਂ ਵਿਚੋਂ ਇਕ ਬੰਗਾਲੀ ਦੁਕਾਨਦਾਰ ਸੀ, ਜੋ ਦੁਕਾਨ ਵਿਚ ਬੈਠਾ ਹੀ ਗੋਲੀ ਨਾਲ ਮਾਰ ਸੁੱਟਿਆ ਗਿਆ। ਮੁਸਾਫ਼ਰਾਂ ਦੀਆਂ 'ਯਾਰ੍ਹਾਂ' ਲਾਸ਼ਾਂ ਦੁਕਾਨਾਂ ਦੇ ਪਾਸੋਂ ਲੱਭੀਆਂ। ਦੋ ਪਰ੍ਹੇ ਛੱਪੜ ਲਾਗੇ ਪਈਆਂ ਸਨ। ਇਕ ਦਰਿਆ ਵੱਲ ਤੇ ਇਕ ਹੋਰ ਦਰਿਆਂ ਦੇ ਕੰਢਿਉਂ ਲੱਭੀ। ਇਕ ਜ਼ਖਮੀ ਮੁਸਾਫਰ ਹਸਪਤਾਲ ਜਾ ਕੇ ਮਰ ਗਿਆ। ਅਗਲੇ ਦਿਨ 9 ਜ਼ਖਮੀ ਹਸਪਤਾਲ ਵਿਚ ਸਨ, 10 ਜੇਹਲ ਦੇ ਹਸਪਤਾਲ ਵਿਚ ਤੇ 72 ਜੇਹਲ ਵਿਚ ਡੱਕੇ ਹੋਏ ਸਨ। ਇਕ ਲਾਸ਼ ਡੁੱਬੀ ਹੋਈ ਦਰਿਆ ਵਿਚੋਂ ਲੱਭੀ।[3] ਆਖਰੀ ਅੰਦਾਜ਼ੇ ਮੁਜਬ ਅੰਗਰੇਜ਼ੀ ਸਾਮਰਾਜੀ ਗੋਲੀਆਂ ਨੇ 19 ਮੁਸਾਫਰ ਸ਼ਹੀਦ ਕਰ ਸੁੱਟੇ ਤੇ ਦੋ ਬਾਹਰਲੇ ਬੰਦੇ ਮਾਰ ਦਿਤੇ, 21 ਮੁਸਾਫ਼ਰ ਤੇ ਇਕ ਬਾਹਰਲਾ ਆਦਮੀ ਜ਼ਖਮੀ ਕੀਤਾ। ਮੁਸਾਫਰਾਂ ਨੇ ਵੀ ਦੋ ਅਫ਼ਸਰ ਜਾਨੋ ਮੁਕਾਏ ਤੇ ਗਿਆਰਾਂ ਅਫਸਰ ਤੇ ਸਿਪਾਹੀ ਜ਼ਖਮੀ ਕੀਤੇ, ਇਹਨਾਂ ਵਿਚੋਂ ਛੇ ਗੋਰੇ ਤੇ ਪੰਜ ਪੰਜਾਬੀ ਸਨ। ਦੋ ਪੰਜਾਬ ਦੇ ਪੁਲਸੀਏ ਵੀ ਜਾਨਾਂ ਗਵਾ ਗਏ।[4]

## ਮੁਸਾਫਰਾਂ ਨਾਲ ਫੇਰ ਕੀ ਬੀਤੀ?

ਇਹਨਾਂ ਸਾਮਰਾਜੀ ਅਫਸਰਾਂ ਤੇ ਫੌਜ ਨੇ ਇਹਨਾਂ ਮੁਸਾਫਰਾਂ ਨਾਲ ਜੋ ਅਤਿਆਚਾਰ ਕੀਤਾ, ਇਸ ਨਾਲ ਦੇਸ਼ ਵਿਚ ਹਾਹਾਕਾਰ ਮੱਚ ਗਈ। ਆਪਣੀਆਂ ਕਾਲੀਆਂ ਕਰਤੂਤਾਂ ਨੂੰ ਛੁਪਾਉਣ ਲਈ ਸਲੋਕੌਕ ਨੇ ਗੌਰਮਿੰਟ ਨੂੰ ਇਹਨਾਂ ਮੁਸਾਫਰਾਂ ਉਤੇ ਮੁਕੱਦਮਾ ਨਾ ਚਲਾਉਣ ਦੀ ਸਲਾਹ ਦਿਤੀ ਤੇ ਇਹ ਕਿਹਾ ਕਿ ਇਹਨਾਂ ਨੂੰ ਕੁਝ ਸਮੇਂ ਤੱਕ ਫ਼ੁਰਮਾਨ ਹੇਠ ਜਿਹਲਾਂ ਵਿਚ ਹੀ ਬੰਦ ਰੱਖਿਆ ਜਾਏ ਤੇ ਆਪਣੇ ਕੁਕਰਮਾਂ ਤੇ ਪਰਦਾ ਪਾਉਣ ਲਈ ਇਨਕਵਾਇਰੀ ਕਮੇਟੀ ਮੁਕਰਰ ਕਰਨ ਦਾ ਮਸ਼ਵਰਾ ਦਿਤਾ। ਇਸ ਰਪੋਰਟ ਤੇ ਹਿੰਦ ਸਰਕਾਰ ਨੇ ਗਰਿਫਤਾਰ ਹੋਏ ਮੁਸਾਫਰਾਂ ਉਤੇ

---

1. ਉਤਲਿਖਤ।
2. ਉਤਲਿਖਤ ਕਾਰਵਾਈ ਸਫ਼ਾ 1-14, ਪੈਟਰੀ ਤੇ ਸਲੋਕੌਕ ਦੇ ਬਿਆਨ।
3. ਉਤਲਿਖਤ, ਸਲੋਕੌਕ ਦਾ ਬਿਆਨ।
4. ਉਤਲਿਖਤ, ਅੰਤਕਾ 'ਚ ਸਫਾ 107-113

ਅਦਾਲਤ ਵਿਚ ਮੁਕੱਦਮਾ ਨਾ ਚਲਾਉਣ ਤੇ ਹਿੰਦ ਵਿਚ ਬਾਹਰੋਂ ਆਉਣ ਵਾਲੇ ਫੁਰਮਾਨ ਹੇਠਾਂ ਜੇਹਲਬੰਦ ਰੱਖਣ ਦਾ ਫੈਸਲਾ ਕੀਤਾ।[1] ਗੋਲੀ ਚਲਾਉਣ ਤੇ ਮੁਸਾਫਰਾਂ ਨਾਲ ਵਰਤਾਅ ਵਿਚ ਸਮਰਾਜੀ ਅਫਸਰਾਂ ਨੇ ਆਪਣੇ ਬਣਾਏ ਹੋਏ ਕਾਨੂੰਨਾਂ ਦੀ ਵੀ ਪਰਵਾਹ ਨਾ ਕੀਤੀ ਤੇ ਗੋਲੀਆਂ ਮਾਰਨ ਵਿਚ ਕੋਈ ਆਪਣਾ ਪਰਾਇਆ ਨਹੀਂ ਵੇਖਿਆ। ਇਹਨਾਂ ਚੀਜ਼ਾਂ ਤੇ ਇਨਕਵਾਇਰੀ ਵਿਚ ਪੜਦਾ ਪਾਉਣਾ ਸੀ। ਇਸ ਕਰਕੇ ਚਾਤਰ ਸਾਮਰਾਜੀ ਆਪਣੀ ਹੀ ਅਦਾਲਤ ਵਿਚ ਜਾਣੋ ਡਰਦੇ ਰਹੇ ਤੇ ਨਹੀਂ ਗਏ।

15 ਅਕਤੂਬਰ ਨੂੰ ਇਨਕਵਾਇਰੀ ਕਮੇਟੀ ਬਣਾਈ ਗਈ ਜਿਸ ਦਾ ਪਰਧਾਨ ਵਾਇਸਰਾਏ ਦੀ ਵਿਧਾਨ ਸਭਾ ਦਾ ਪਰਧਾਨ ਵ. ਵਿਨਸੈਟ ਤੇ ਪੰਜਾਬ ਵਿਚੋਂ ਜਲੰਧਰ ਦਾ ਕਮਿਸ਼ਨਰ ਫਾਗਨ ਸਰਕਾਰੀ ਤੇ ਦਲਜੀਤ ਸਿੰਘ ਕਪੂਰਥਲਾ ਗ਼ੈਰ ਸਰਕਾਰੀ, ਬੰਗਾਲ ਵਿੱਚੋਂ ਵਾਮਜ਼ਲੇ ਸਰਕਾਰੀ ਤੇ ਬਰਦਵਾਨ ਦਾ ਰਾਜਾ ਬਿਜੈ ਚੰਦ ਮਹਿਤਾਬ ਗ਼ੈਰ ਸਰਕਾਰੀ ਮੈਂਬਰ ਸਨ। ਕਮੇਟੀ ਦੀ ਮਰਜ਼ੀ ਉਤੇ ਛੱਡਿਆ ਗਿਆ ਕਿ ਉਹ ਅਜਲਾਸ ਗੁਪਤ ਕਰੇ ਜਾਂ ਲੋਕਾਂ ਦੇ ਸਾਹਮਣੇ।[2]

ਸਾਮਰਾਜੀਆਂ ਦੀ ਨੀਅਤ ਮੁਸਾਫ਼ਰਾਂ ਨੂੰ ਗੋਲੀਆਂ ਨਾਲ ਭੁੰਨਣ ਦੀ ਪਹਿਲੋਂ ਹੀ ਹੋ ਚੁੱਕੀ ਸੀ। ਜਦ ਮੁਸਾਫਰ ਮੁੜ ਆਕੇ ਸਟੇਸ਼ਨ ਲਾਗੇ ਬੈਠ ਗਏ ਤਾਂ ਅਫਸਰਾਂ ਨੇ ਜੋ ਸਲਾਹ ਮਸ਼ਵਰਾ ਕੀਤਾ, ਉਸ ਦੇ ਮੁਜਬ 7 ਵਜੇ ਦੇ ਕਰੀਬ ਬੰਗਾਲ ਦੇ ਗਵਰਨਰ ਦੀ ਕੌਂਸਲ ਦੇ ਮੈਂਬਰ ਵਿਲੀਅਮ ਡਿਊਕ ਨੇ ਫੌਜੀ ਕਮਾਂਡਰ ਨੂੰ ਆਖਿਆ ਕਿ ਉਹ 40 ਆਦਮੀ ਦੋਂਹ ਪਲਾਟੂਨਾਂ ਵਿਚ ਕਰਕੇ ਸਟੇਸ਼ਨ ਦੇ ਜੰਗਲੇ ਅੰਦਰ ਲੈ ਆਵੇ ਤੇ ਬੈਠੇ ਹੋਏ ਮੁਸਾਫਰਾਂ ਤੋਂ 30–40 ਫੁਟ ਦੀ ਵਿੱਥ ਤੇ ਖੜੇ ਕਰ ਦੇਵੇ[3] (ਸਵਾ ਸਤ ਵਜੇ ਗੋਲੀ ਚਲਦੀ ਹੈ)। ਕਪਤਾਨ ਮੂਰ ਦੋ ਪਲਾਟੂਨਾਂ ਨੂੰ ਲੈ ਕੇ ਆਇਆ। ਪਰ ਉਹ ਆਉਂਦਿਆਂ ਗੋਲੀ ਨਾ ਚਲਾ ਸਕਿਆ ਕਿਉਂਕਿ ਫੌਜ ਤੇ ਮੁਸਾਫਰਾਂ ਵਿਚਕਾਰ ਗੋਰੇ ਅਫ਼ਸਰ ਫਿਰ ਰਹੇ ਸਨ।

ਜਦੋਂ ਅਫਸਰ ਹਟ ਗਏ ਮੁਸਾਫ਼ਰ ਵੀ ਖਿੰਡ ਗਏ ਤੇ ਉਹਨਾਂ ਦੀਆਂ ਗੋਲੀਆਂ ਚੱਲਣੀਆਂ ਬੰਦ ਹੋ ਗਈਆਂ ਤਾਂ ਕਪਤਾਨ ਮੂਰ ਨੇ ਕਲਕੱਤਾ ਦੇ ਪੁਲਸ ਕਮਿਸ਼ਨਰ ਪਾਸੋਂ ਪੁਛਿਆ, ਹੁਣ ਕੀ ਕਰੀਏ ਤਾਂ ਐਨ ਉਸੇ ਵੇਲੇ ਦੁਕਾਨਾਂ ਵੱਲੋਂ ਇਕ ਗੋਲੀ ਆਈ ਜੋ ਹੈਲੀਡੇ ਦੇ ਪੈਰ ਵਿਚ ਲੱਗੀ। ਇਸ ਤੇ ਹੈਲੀਡੇ ਨੇ ਗੋਲੀ ਚਲਾਉਣ ਦਾ ਹੁਕਮ ਦਿਤਾ।[4] ਇਹ ਦੁਕਾਨਾਂ ਤੋਂ ਆ ਕੇ ਗੋਲੀ ਪੈਰ ਵਿਚ ਵੱਜਣ ਵਾਲੀ ਬਣਾਈ ਹੋਈ ਗੱਲ ਜਾਪਦੀ ਹੈ। ਪਿਸਤੌਲ ਦੀ ਗੋਲੀ ਐਡੀ ਦੂਰੋਂ ਦੁਕਾਨ ਤੋਂ ਆ ਕੇ ਕਿਸ ਤਰ੍ਹਾਂ ਜ਼ਖਮੀ ਕਰ ਸਕਦੀ ਹੈ।

ਇਨਕਵਾਇਰੀ ਕਮੇਟੀ ਨੇ ਰਪੋਰਟ ਵਿਚ ਸਰਕਾਰੀ ਅਫਸਰਾਂ ਨੂੰ ਹੀ ਸੱਚਿਆਂ ਕਰਨ ਦਾ ਸਾਰਾ ਜ਼ੋਰ ਲਾਇਆ ਹੈ ਤੇ ਗ਼ੈਰ ਸਰਕਾਰੀ ਸ਼ਹਾਦਤਾਂ ਉਤੇ ਇਤਬਾਰ ਨਹੀਂ ਕੀਤਾ।

---

1. ਉਤਲਿਖਤ ਕਾਰਵਾਈ ਸਫਾ 9–14 ਤੇ 19
2. ਉਤਲਿਖਤ, ਸਫਾ 17 ਤੇ 23
3. ਉਤਲਿਖਤ ਸਫਾ 80, ਕਮਿੰਗ, ਚੀਫ਼ ਸਕੱਤਰ ਬੰਗਾਲ ਦੀ ਰਿਪੋਰਟ।
4. ਉਤਲਿਖਤ ਸਫਾ 82 ਬੰਗਾਲ ਸਰਕਾਰ ਦਾ ਬਿਆਨ, ਜੋ 10–1–14 ਨੂੰ ਵਾਇਸਰਾਏ ਨੇ ਹਿੰਦ ਦਫ਼ਤਰ ਨੂੰ ਭੇਜਿਆ।

ਉਸ ਨੇ ਕਈਆਂ ਮੁਸਾਫਰਾਂ ਕੋਲ ਕੁਹਾੜੀਆਂ ਤੇ ਚਾਕੂ ਦੱਸੇ ਹਨ, ਹਾਲਾਂ ਕਿ ਮੁਸਾਫਰਾਂ ਦੀ ਜਾਮਾ ਤਲਾਸ਼ੀ ਲਈ ਤੇ ਉਹਨਾਂ ਨੂੰ ਸਾਮਾਨ ਤੋਂ ਬਿਨਾਂ ਹੀ ਜਹਾਜ਼ ਤੋਂ ਉਤਾਰਿਆ ਗਿਆ ਸੀ। ਇਹ ਰਪੋਰਟ ਸੁਧੀ ਸਰਕਾਰ ਦੀ ਤਰਫਦਾਰੀ ਦੀ ਰਪੋਰਟ ਹੈ ਤੇ ਅਫਸਰਾਂ ਤੇ ਸਰਕਾਰ ਉਤੇ ਆਉਂਦੇ ਦੋਸ਼ਾਂ ਨੂੰ ਝੁਠਿਆਉਣ ਤੇ ਇਹਨਾਂ ਉਤੇ ਪੋਚੇ ਪਾਉਣ ਦੇ ਨਿਰਮੂਲ ਯਤਨ ਹਨ, ਜਿਸ ਦੀਆਂ ਵੰਨਗੀਆਂ ਖ਼ੁਦ ਰਪੋਰਟ ਵਿਚੋਂ ਹੀ ਮਿਲਦੀਆਂ ਹਨ।

ਪੈਰਾ 31 ਤੇ 42 ਵਿਚ ਲਿਖਿਆ ਹੈ ਕਿ ਮੁਸਾਫਰਾਂ ਪਾਸ 38 ਬੋਰ ਦੇ ਅਮਰੀਕਨ ਰੀਵਾਲਵਰ ਸਨ ਤੇ ਪੁਲਸ ਦੇ ਅਫਸਰਾਂ ਪਾਸ 450 ਤੇ 32 ਬੋਰ ਦੇ। ਫੇਰ ਜਦ ਪੰਜਾਬ ਦੇ ਜ਼ਖਮੀ ਤੇ ਮੋਏ ਅਫਸਰਾਂ ਤੇ ਸਿਪਾਹੀਆਂ ਵਿਚੋਂ 450 ਤੇ 32 ਬੋਰ ਦੀਆਂ ਗੋਲੀਆਂ ਨਿਕਲੀਆਂ ਤਾਂ ਲਿਖ ਮਾਰਿਆਂ ਕਿ ਇਹਨਾਂ ਬੋਰਾਂ ਦੇ ਪਿਸਤੌਲ ਮੁਸਾਫਰਾਂ ਪਾਸ ਹੋਣਗੇ।

ਦੋ ਰੇਲ ਦੇ ਅਫਸਰਾਂ ਨੇ ਸ਼ਹਾਦਤ ਵਿਚ ਕਿਹਾ ਕਿ ਜੋ ਦੋ ਪੰਜਾਬੀ ਪੁਲਸੀਏ ਮੋਏ ਹਨ, ਉਹ ਗੋਰੇ ਫੌਜੀਆਂ ਨੇ ਸਟੇਸ਼ਨ ਅੰਦਰ ਟਿਕਟਾਂ ਵਾਲੀ ਖਿੜਕੀ ਦੇ ਪਾਸ ਮਾਰੇ ਹਨ (ਪੈਰਾ 33)। ਰਪੋਰਟ ਇਸ ਅਜ਼ਾਦ ਸ਼ਹਾਦਤ ਨੂੰ ਨਹੀਂ ਮੰਨਦੀ। ਪਰ ਇਹ ਚੀਜ਼ ਮੰਨ ਗਈ ਹੈ ਕਿ ਮੱਲ ਸਿੰਘ ਹਵਾਲਦਾਰ ਨੂੰ ਫੌਜੀ ਗੋਰਿਆਂ ਨੇ ਹੀ ਮੁਸਾਫਰਾਂ ਤੇ ਗੋਲੀ ਚਲਾਉਣ ਤੋਂ ਕਿਤੇ ਬਾਅਦ ਮਾਰਿਆ। ਇਸਦੀ ਰਪੋਰਟ ਵਿਚ ਮਾੜੀ ਜਿਹੀ ਨਿੰਦਾ ਕੀਤੀ ਗਈ ਹੈ।(ਪੈਰਾ 35)।

ਡਾਕਟਰੀ ਸ਼ਹਾਦਤ ਅਫਸਰਾਂ ਨੇ ਆਪਣੀ ਮਰਜ਼ੀ ਨਾਲ ਦਿਵਾਈ ਜਾਪਦੀ ਹੈ। ਹਾਵੜੇ ਦੇ ਮੈਜਿਸਟਰੇਟ ਨੇ ਲਾਸ਼ਾਂ ਦੇ ਮੁਆਇਨੇ ਦੀ ਰਪੋਰਟ ਵਿਚ ਲਿਖਿਆ ਹੈ ਕਿ ਹੈੱਡ ਕੰਸਟੇਬਲ ਦੀ ਮੌਤ ਪਤਾ ਨਹੀਂ ਕਿਹੜੇ ਹਥਿਆਰ ਨਾਲ ਹੋਈ ਹੈ।[1] ਸਿਵਲ ਸਰਜਨ ਪਹਿਲਾਂ ਤਾਂ ਹੈੱਡ ਕੰਸਟੇਬਲ ਦੀ ਮੌਤ 303 ਬੋਰ ਦੀ ਰਫਲ ਦੀ ਗੋਲੀ ਨਾਲ ਹੋਈ ਦੱਸਦਾ ਹੈ। ਫੇਰ ਕਹਿੰਦਾ ਹੈ ਕਿ ਪਤਾ ਨਹੀਂ ਕਿਹੜਾ ਹਥਿਆਰ ਵਰਤਿਆ ਗਿਆ (ਪੈਰਾ 35)। ਜੋ ਦੀਨਾਂ ਬੰਧੂ ਪਾਂਡੇ ਮਾਰਿਆ ਗਿਆ ਸੀ, ਉਹ ਸਾਹਮਣੇ ਦੀਆਂ ਦੁਕਾਨਾਂ ਵਿਚ ਨੌਕਰ ਸੀ, ਜਿਥੇ ਹਟਕੇ ਗਿਆਂ ਮੁਸਾਫਰਾਂ ਉਤੇ ਗੋਲੀਆਂ ਚਲਾਈਆਂ ਗਈਆਂ ਤੇ ਬਹੁਤੇ ਮੁਸਾਫਰ ਗੋਰੇ ਜ਼ਾਲਮਾਂ ਨੇ ਇੱਥੇ ਹੀ ਸ਼ਹੀਦ ਕੀਤੇ। ਉਸ ਦੇ ਮਾਲਕ ਅਧਰ ਦਵਾਰੀ ਦਾ ਬਿਆਨ ਹੈ ਕਿ ਇਸਨੂੰ ਦੁਕਾਨ ਦੇ ਅੰਦਰ ਬੈਠਿਆਂ ਨੂੰ ਗੋਲੀ ਵੱਜੀ। ਉਸਦੀ ਲਾਸ਼ ਵੀ ਦੁਕਾਨ ਅੰਦਰੋਂ ਹੀ ਚੁੱਕੀ ਗਈ ਹੈ। ਪਰ ਡਾਕਟਰ ਦਾ ਬਿਆਨ ਹੈ ਕਿ ਇਸਦੀ ਮੌਤ ਢਿੱਡ ਵਿਚ ਕੋਈ ਨੋਕਦਾਰ ਹਥਿਆਰ ਵੱਜਣ ਨਾਲ ਹੋਈ ਹੈ।(ਪੈਰਾ 30)। ਇਥੋਂ ਜਾਪਦਾ ਹੈ ਕਿ ਡਾਕਟਰ ਪਾਸੋਂ ਜੋ ਮਰਜ਼ੀ ਸੀ ਲਿਖਵਾ ਲਿਆ ਗਿਆ। ਡਾਕਟਰ ਵੀ ਤਾਂ ਗੋਰਾ ਸਾਮਰਾਜੀ ਹੀ ਸੀ।

ਰਪੋਰਟ ਦੇ ਲਿਖੇ ਮੁਜਬ 20 ਗ਼ੈਰ ਸਰਕਾਰੀ ਮਰੇ, ਜਿਨ੍ਹਾਂ ਵਿਚੋਂ 18 ਗੋਲੀ ਨਾਲ, ਇਕ ਡੁੱਬ ਕੇ ਤੇ ਇਕ ਜ਼ਖਮੀ ਹਸਪਤਾਲ ਵਿਚ ਹੈਜ਼ਾ ਹੋ ਕੇ ਮਰ ਗਿਆ। 22 ਮੁਸਾਫਰ ਤੇ ਇਕ ਬੰਗਾਲੀ ਸਖ਼ਤ ਫੱਟੜ ਹੋਏ। ਗਿਆਰਾਂ ਸਰਕਾਰ ਦੇ ਬੰਦੇ ਜ਼ਖਮੀ ਹੋਏ, (ਛੇ ਗੋਰੇ ਤੇ ਪੰਜ ਪੰਜਾਬੀ ਪੁਲਸੀਏ) (ਪੈਰਾ 32)। ਫੌਜ ਨੇ 177 ਗੋਲੀਆਂ ਚਲਾਈਆਂ (ਪੈਰਾ 53)।

ਇਨਕਵਾਇਰੀ ਨੇ ਉਤੇ ਦੱਸੇ ਦੋਹ ਰੇਲਵੇ ਅਫਸਰਾਂ, ਘਾਟ ਦੇ ਦੁਕਾਨਦਾਰਾਂ ਤੇ ਮੁਸਾਫਰਾਂ ਦੇ ਇਹ ਬਿਆਨ ਨਹੀਂ ਮੰਨੇ ਕਿ ਮੁਸਾਫਰ ਜ਼ਿਆਦਾ ਮਾਰੇ ਗਏ ਤੇ ਘੱਟ ਦੱਸੇ ਜਾ ਰਹੇ ਹਨ। ਗੋਲੀ ਰਾਤ ਭਰ ਚਲਦੀ ਦੱਸੀ ਗਈ ਹੈ, ਜਿਸ ਨੂੰ ਇਨਕਵਾਇਰੀ ਨਹੀਂ ਮੰਨਦੀ (ਪੈਰਾ 53)। ਇਹਨਾਂ ਦਾ

---

1. ਉਤਲਿਖਤ ਕਾਰਵਾਈ ਸਫਾ 85

ਇਹ ਬਿਆਨ ਤਾਂ ਮੰਨਦੀ ਹੈ ਕਿ ਮੁਸਾਫਰਾਂ ਨੂੰ ਕਲਕੱਤੇ ਜਾਂਦਿਆਂ ਮੋੜਕੇ ਸਟੇਸ਼ਨ ਲਾਗੇ ਬਿਠਾ ਲਿਆ ਗਿਆ ਤੇ ਫੇਰ ਉਹਨਾਂ ਉਤੇ ਗੋਲੀ ਚਲਾਈ ਗਈ।

ਇਨਕਵਾਇਰੀ ਨੇ ਇਕ ਬਹਾਦਰ ਮੁਸਾਫਰ ਮੰਗਲ ਸਿੰਘ ਨਾਲ ਸਖਤੀ ਹੋਈ ਤਾਂ ਮੰਨੀ ਹੈ ਪਰ ਇਸ ਨੂੰ ਦੁਰਸਤ ਕਰ ਦਿਤਾ ਹੈ। ਦੋਂਹ ਰੇਲਵੇ ਅਫਸਰਾਂ ਦਾ ਬਿਆਨ ਹੈ ਕਿ—

"ਮੰਗਲ ਸਿੰਘ ਨੂੰ ਲੈਂਪ ਦੇ ਖੰਭੇ ਨਾਲ ਸੰਗਲ ਨਾਲ ਬੰਨ੍ਹਕੇ ਲਮਕਾ ਦਿੱਤਾ ਗਿਆ ਤੇ ਸੰਗਲ ਨੂੰ ਇਸ ਤਰ੍ਹਾਂ ਉਸਦੀ ਧੌਣ ਦੇ ਉਦਾਲੇ ਕੱਸਕੇ ਬੱਧਾ ਗਿਆ ਕਿ ਉਸਦੇ ਪੈਰ ਜ਼ਮੀਨ ਨਾਲ ਨਹੀਂ ਲੱਗਦੇ ਸਨ।"

ਸਰਕਾਰ ਨੇ ਇਹ ਬਹਾਨਾਂ ਬਣਾਇਆ ਕਿ ਇਹ ਮੁਸਾਫਰ ਨੱਠ ਨੱਠ ਜਾਂਦਾ ਸੀ ਤੇ ਤੁਰਦਾ ਨਹੀਂ ਸੀ, ਲੰਮਾ ਪੈ ਪੈ ਜਾਂਦਾ ਸੀ ਤੇ ਇਸ ਨੂੰ ਬਾਂਸ ਨਾਲ ਬੰਨ੍ਹ ਕੇ ਮੋਢਿਆਂ ਉਤੇ ਚੁੱਕਕੇ ਸਟੇਸ਼ਨ ਤੇ ਲਿਆਂਦਾ ਗਿਆ। ਉਹ ਇਹ ਬੇੜੀ ਵਿਚੋਂ ਲੁਕਿਆ ਫੜਿਆ ਗਿਆ ਸੀ। ਫੜਨ ਵਾਲੇ ਗੋਰੇ ਅਫਸਰਾਂ ਨੂੰ ਉਹ ਅੱਗੋਂ ਮਾਰਨ ਪਿਆ ਸੀ (ਪੈਰਾ 52)। ਇਹ ਇਕ ਘਟਨਾ ਦੱਸਦੀ ਹੈ ਕਿ ਸਾਮਰਾਜੀ ਅਫਸਰ ਮੁਸਾਫਰਾਂ ਨਾਲ ਕਿਸ ਬੇਕਿਰਕੀ ਦੇ ਬੁਰਛਾ-ਗਰਦੀ ਨਾਲ ਪੇਸ਼ ਆਏ।

ਮੁਸਾਫਰਾਂ ਦੀ ਦਲੇਰੀ ਤੇ ਜਾਨ ਤੇ ਖੇਲ੍ਹ ਜਾਣ ਦੀ ਹਿੰਮਤ ਇਸ ਤੋਂ ਪ੍ਰਗਟ ਹੁੰਦੀ ਹੈ ਕਿ ਪੁਲਸ ਤੇ ਫ਼ੌਜ ਦੇ ਘੇਰੇ ਵਿਚੋਂ ਨਿਕਲਕੇ 60 ਦੇ ਕਰੀਬ ਮੁਸਾਫਰ ਰਾਤੋ ਰਾਤ ਹੁਗਲੀ ਵਰਗਾ ਚੌੜਾ ਤੇ ਡੂੰਘਾ ਦਰਿਆ ਪਾਰ ਕਰ ਗਏ।[1] ਇਹ ਹਾਵੜਾ, ਮਿਦਨਾਪੁਰ, ਬਰਦਾਨ, ਹੁਗਲੀ ਤੇ ਬੰਕੂਰਾ ਦੇ ਜ਼ਿਲ੍ਹਿਆਂ ਤੱਕ ਪਹੁੰਚ ਗਏ।

ਪਹਿਲੀ ਅਕਤੂਬਰ ਨੂੰ 16ਵੀਂ ਰਾਜਪੂਤ ਰਜਮੈਂਟ ਤੇ ਹਥਿਆਰਬੰਦ ਪੁਲਸ ਨੇ ਇਹਨਾਂ ਵਿਚੋਂ 25 ਆਦਮੀਆਂ ਦੇ ਜਥੇ ਨੂੰ ਜ਼ਿਲਾ ਹਾਵੜਾ ਵਿਚ ਚੰਪਾਡੰਗਾ ਦੇ ਥਾਣੇ ਵਿਚ ਜਗਤ ਬਲਭਪੁਰ ਪਿੰਡ ਦੇ ਲਾਗੇ ਘੇਰ ਲਿਆ। ਮੁਸਾਫਰ ਸੜਕ ਦੇ ਕੰਢੇ ਤੋਂ ਹਟਵੇਂ ਸੁੱਤੇ ਹੋਏ ਸਨ। ਫੌਜ ਤੇ ਪੁਲਸ ਆਉਂਦੀ ਦਾ ਖੜਾਕ ਸੁਣ ਕੇ ਉਹ ਭੱਜ ਉਠੇ। ਪਰ ਘੇਰਾ ਪੈ ਚੁੱਕਾ ਸੀ। ਪੁਲਸ ਨੇ ਪਹਿਲਾਂ ਗੋਲੀ ਚਲਾਈ। ਅੱਗੋਂ ਮੁਸਾਫਰ ਮੁਕਾਬਲੇ ਤੇ ਡਟ ਗਏ ਤੇ ਉਨ੍ਹਾਂ ਵੀ ਇੱਟਾਂ ਪੱਥਰਾਂ ਨਾਲ ਜਵਾਬ ਦਿਤਾ। ਥੋੜੀ ਜੇਹੀ ਲੜਾਈ ਤੋਂ ਬਾਅਦ 8 ਮੁਸਾਫਰ ਬਚਕੇ ਨਿਕਲ ਗਏ ਤੇ 17 ਗਰਿਫਤਾਰ ਕਰ ਲਏ ਗਏ। ਇਹਨਾਂ ਵਿਚ ਅਮਰ ਵਿਚ ਨਿਹੰਗ ਤੇ ਸੁਰਾਇਣ ਸਿੰਘ ਸਰਹਾਲੀ ਮੁਸਾਫਰਾਂ ਦੇ ਲੀਡਰਾਂ ਵਿਚੋਂ ਸਨ।[2]

ਇਨਕਵਾਇਰੀ ਕਮੇਟੀ ਰਪੋਰਟ ਦੱਸਦੀ ਹੈ ਕਿ ਇਹਨਾਂ ਗਰਿਫਤਾਰ ਹੋਏ 17 ਆਦਮੀਆਂ[3] ਪਾਸੋਂ ਕੋਈ ਹਥਿਆਰ ਨਹੀਂ ਫੜਿਆ ਗਿਆ, ਪਰ ਹੇਠਲੀ ਪਰਮਾਣਤ ਕਰਵਾਈ ਦੱਸਦੀ ਹੈ, ਕਿ ਇਕ ਸਿੱਖ (ਸੁਰਾਇਣ ਸਿੰਘ) ਪਾਸੋਂ ਇਕ ਰੀਵਾਲਵਰ ਤੇ 73 ਗੋਲੀਆਂ ਤੇ ਦੂਸਰੇ ਪਾਸੋਂ ਇਕ ਰੀਵਾਲਵਰ ਤੇ 46 ਗੋਲੀਆਂ ਫੜੀਆਂ ਗਈਆਂ।

ਰੀਪੋਰਟਾਂ ਵਿਚ ਇਹ ਵਿਰੋਧ ਦੱਸਦਾ ਹੈ ਕਿ ਅਫਸਰਾਂ ਨੇ ਮੁਸਾਫਰਾਂ ਉਤੇ ਕੀਤੇ ਜ਼ੁਲਮ

---

1. ਉਤਲਿਖਤ ਸਫਾ 83
2. ਹੋਮ (ਪੋਲੀਟੀਕਲ) ੳ, ਨਵੰਬਰ 1914 ਕਾਰਵਾਈ ਨੰ. 97-177, ਸਫਾ 61 ਤੇ ਕੌਮਾਗਾਟਾ ਮਾਰੂ ਇਨਕਵਾਇਰੀ ਕਮੇਟੀ ਰਿਪੋਰਟ ਪੈਰਾ 47
3. ਉਤਲਿਖਤ ਕਾਰਵਾਈ, ਸਫਾ 64

ਨੂੰ ਯੋਗ ਠਹਿਰਾਉਣ ਵਾਸਤੇ ਮੁਸਾਫਰਾਂ ਦੇ ਮੁਕਾਬਲੇ ਕਰਨ ਦੀ ਕਹਾਣੀਆਂ ਘੜ੍ਹਨ ਤੇ ਉਨ੍ਹਾਂ ਪਾਸ ਹਥਿਆਰ ਵਖਾਉਣ ਦੀ ਖ਼ਾਹਮਖ਼ਾਹ ਕੋਸ਼ਿਸ਼ ਕੀਤੀ ਹੈ, ਜਾਂ ਹਥਿਆਰਾਂ ਦਾ ਮੁਕਾਬਲਾ ਦੱਸਕੇ ਆਪਣੀ 'ਸੂਰਮਗਤੀ' ਪਰਗਟ ਕਰਨ ਲਈ ਹੱਥ ਪੈਰ ਮਾਰੇ ਹਨ।

ਇਕ ਦਸਾਂ ਮੁਸਾਫਰਾਂ ਦਾ ਜਥਾ ਹੁਗਲੀ ਟੱਪਿਆ ਜਿਸ ਵਿਚੋਂ ਸੁੰਦਰ ਸਿੰਘ ਚਿਮਨੇ, ਕਾਬਲ ਸਿੰਘ, ਪੂਰਨ ਸਿੰਘ ਘੋਲੀਆ, ਠਾਕੁਰ ਸਿੰਘ ਉਦੋਨੰਗਲ, ਹਰਨਾਮ ਸਿੰਘ ਗੁੱਜਰਵਾਲ ਦੇ ਨਾਵਾਂ ਦਾ ਪਤਾ ਲੱਗਾ ਹੈ, ਉਹ ਦਿਨੇਂ ਲੁਕਦਾ ਤੇ ਰਾਤ ਤੁਰਦਾ ਹੋਇਆ ਬੰਕੂਰੇ ਲਾਗੇ ਆ ਗਿਆ। ਜਿੱਥੇ ਉਹ, ਪਤਾ ਲੱਗਾ ਜਾਣ ਕਰਕੇ ਪੁਲਸ ਨੇ ਘੇਰਕੇ ਗਰਿਫਤਾਰ ਕਰ ਲਿਆ।[1]

ਕੇਂਦਰੀ ਸੀ.ਆਈ.ਡੀ. ਵੱਲੋਂ ਮੌਕੇ ਉਤੇ ਗਏ ਫ.ਅ. ਸਲੋਕੌਂਕ ਦੀ ਰਪੋਰਟ ਉਤੇ ਹਿੰਦ ਸਰਕਾਰ ਨੇ 8 ਅਕਤੂਬਰ ਨੂੰ ਪੜਤਾਲ ਕਰਾਉਣ ਦਾ ਐਲਾਨ ਕਰ ਦਿਤਾ ਤੇ 15 ਅਕਤੂਬਰ ਨੂੰ ਪੜਤਾਲੀਆ ਕਮੇਟੀ ਬਣਾ ਦਿਤੀ। 11 ਅਕਤੂਬਰ ਨੂੰ ਇਹ ਵੀ ਫੈਸਲਾ ਹੋ ਗਿਆ, ਕਿ ਗਰਿਫਤਾਰ ਹੋਏ ਮੁਸਾਫਰਾਂ ਤੇ ਮੁਕੱਦਮਾ ਨਾ ਚਲਾਇਆ ਜਾਵੇ ਤੇ ਇਹਨਾਂ ਨੂੰ ਹਿੰਦ ਵਿਚ ਦਾਖਲ ਹੋਣ ਦੇ 1914 ਵਾਲੇ ਪੰਜਵੇਂ ਫੁਰਮਾਨ ਹੇਠ ਉਂਜ ਹੀ ਜੇਹਲ ਵਿਚ ਬੰਦ ਕਰ ਦਿਤਾ ਜਾਏ।[2] ਕੌਮਾਗਾਟਾ ਮਾਰੂ ਇਨਕਵਾਇਰੀ ਕਮੇਟੀ ਨੇ ਭੀ ਆਪਣੀ ਰਪੋਰਟ ਦੇ ਪੈਰਾ 47 ਵਿੱਚ ਗਰਿਫਤਾਰ ਹੋਏ ਮੁਸਾਫਰਾਂ ਉਤੇ ਰਹਿਮ ਖਾਣ ਦੀ ਸਫਾਰਸ਼ ਕੀਤੀ ਸੀ। ਪੰਜਾਬ ਸਰਕਾਰ ਨੇ ਹਿੰਦ ਸਰਕਾਰ ਦੇ ਨਾਂ ਆਪਣੀ ਚਿੱਠੀ ਨੰ: 7525 (ਸਪੈਸ਼ਲ ਬਰਾਂਚ) ਮਿਤੀ 31 ਦਸੰਬਰ, 1914 ਨੂੰ ਸਫਾਰਸ਼ ਕੀਤੀ, ਕਿ ਗਰਿਫਤਾਰ ਕੀਤੇ ਹੋਏ ਮੁਸਾਫਰਾਂ ਵਿਚੋਂ 9 ਲੀਡਰਾਂ, 5 ਜਹਾਜ਼ ਕਮੇਟੀ ਦੇ ਮੈਂਬਰਾਂ ਤੇ ਚੰਪਾਡੰਗਾਂ ਤੋਂ ਫੜੇ ਹੋਏ 18 ਮੁਸਾਫਰਾਂ ਨੂੰ ਜੋ ਬਜ ਬਜ ਤੋਂ ਭੱਜ ਗਏ ਸਨ, ਰਿਹਾਅ ਨਾ ਕੀਤਾ ਜਾਏ ਤੇ 1914 ਦੇ ਪੰਜਵੇਂ ਫੁਰਮਾਨ ਹੇਠ ਜੇਹਲ ਵਿਚ ਬੰਦ ਰੱਖਿਆ ਜਾਏ 6।

29 ਮੁਸਾਫਰ[3] ਮਫਰੂਰ ਕਰਾਰ ਦਿਤੇ ਗਏ 7।

ਕੌਮਾਗਾਟਾ ਮਾਰੂ ਇਨਕਵਾਇਰੀ ਕਮੇਟੀ ਨੇ ਪੈਰਾ 47 ਵਿਚ ਮੁਸਾਫਰਾਂ ਵਿਚੋਂ 13 ਜਣਿਆਂ ਦੀ ਫਰਿਸਤ ਲਿਖੀ ਹੈ, ਜੋ ਮੁਸਾਫਰਾਂ ਦੇ ਲੀਡਰ ਸਨ, ਜਿਨ੍ਹਾਂ ਵਿਚੋਂ 9 ਤਾਂ ਨੋਟ ਨੰਬਰ 6 ਵਿਚ ਵਰਨਣ ਕੀਤੇ ਗਏ ਹਨ। ਦੋ ਕੇਹਰ ਸਿੰਘ ਸਪੁੱਤਰ ਝੰਡਾ ਸਿੰਘ ਖੇਮੋਆਣਾ, ਫਰੀਦਕੋਟ ਰਿਆਸਤ ਤੇ ਟਹਿਲ ਸਿੰਘ ਸਪੁੱਤਰ ਗੰਡਾ ਸਿੰਘ ਰਾਣੀ ਵਲਾਹ (ਅੰਮ੍ਰਿਤਸਰ) ਨੂੰ ਮੋਏ ਹੋਏ ਮੰਨ ਲਿਆ ਗਿਆ (ਹਾਲਾਂ ਕਿ ਭਾਈ ਟਹਿਲ ਸਿੰਘ ਅਜੇ ਜੀਉਂਦੇ ਹਨ ਤੇ ਅੱਜ ਕੱਲ ਕਿਸਾਨ ਲਹਿਰ ਵਿਚ ਹਿੱਸਾ ਲੈ ਰਹੇ ਹਨ)।

ਅਖ਼ੀਰ ਪੋਜ਼ੀਸ਼ਨ ਇਹ ਸੀ, ਕਿ 24 ਅਕਤੂਬਰ, 1914 ਤਕ ਬੰਗਾਲ ਗਵਰਨਰ ਦੇ ਹੁਕਮ ਨਾਲ 321 ਵਿਚੋਂ 203 ਮੁਸਾਫਰ ਅਲੀਪੁਰ ਜੇਹਲ ਵਿਚ ਹਿੰਦ ਦਾਖਲੇ ਦੇ 1914 ਵਾਲੇ ਫੁਰਮਾਨ ਦੀ ਦਫਾ 2 ਹੇਠਾਂ ਬੰਦ ਸਨ ਤੇ 9 ਮੈਡੀਕਲ ਕਾਲਜ ਹਸਪਤਾਲ ਵਿਚ।[4] 19 ਮਾਰਕੇ

---

1. ਬਾਬਾ ਹਰਨਾਮ ਸਿੰਘ ਗੁਜਰਵਾਲ ਦਾ ਬਿਆਨ।
2. ਹੋਮ (ਪੋਲੀਟੀਕਲ) (ੳ) ਨਵੰਬਰ 1914, ਕਾਰਵਾਈ ਨੰ. 97-177
3. ਉਤਲਿਖਤ ਸਫਾ 19
4. ਉਤਲਿਖਤ, ਸਫਾ 169

ਸ਼ਹੀਦ ਕਰ ਦਿਤੇ ਗਏ ਸਨ। 59 ਗੱਡੀ ਚੜ੍ਹ ਗਏ। ਬਾਕੀ 32 ਨੂੰ ਭਗੌੜੇ ਆਖ ਦਿਤਾ ਗਿਆ। ਗੌਰਮਿੰਟ ਹਿੰਦ ਦਾ ਸਕੱਤਰ ਵੀਲ੍ਹਰ 30 ਰੂਪੋਸ਼ ਹੋਇਆਂ ਦੀ ਫਰਿਸਤ ਪੇਸ਼ ਕਰਦਾ ਹੈ ਤੇ ਲਿਖਦਾ ਹੈ ਕਿ ਇਹਨਾਂ ਵਿਚ ਦੋ ਮਾਰਕੇ ਸ਼ਹੀਦ ਕੀਤੇ ਹੋਏ ਮੁਸਾਫਰਾਂ ਵੀ ਹਨ, ਜਿਨਾਂ ਦੇ ਨਾਂ ਨੇ ਥਹੁ ਦਾ ਅਜੇ ਪਤਾ ਨਹੀਂ ਲੱਗਾ।[1] ਇਹਨਾਂ 30 ਵਿਚੋਂ ਮੱਨਾ ਸਿੰਘ ਤੇ ਗੂਨਾ ਜਿਊਣ ਸਿੰਘ ਬਾਅਦ ਵਿਚ ਪੰਜਾਬੋਂ ਫੜੇ ਗਏ।[2]

ਕੁਝ ਮਹੀਨਿਆਂ ਬਾਅਦ ਸਵਾਏ 31 ਮੁਸਾਫਰਾਂ ਤੋਂ ਜਿਨ੍ਹਾਂ ਬਾਰੇ ਪੰਜਾਬ ਸਰਕਾਰ ਨੇ ਜੇਹਲ ਬੰਦ ਰੱਖਣ ਲਈ ਲਿਖਿਆ ਸੀ, ਬਾਕੀ ਸਭ ਰਿਹਾਅ ਕਰ ਦਿਤੇ ਗਏ।[3] ਜਾਪਾਨ ਤੋਂ ਆਏ ਦੋ ਸਿੰਧੀ ਭਰਾ ਜਵਾਹਰ ਮੱਲ ਨਰਾਇਣ ਦਾਸ ਬੰਬਈ ਸਰਕਾਰ ਨੇ ਜੇਹਲ ਵਿਚ ਬੰਦ ਕਰ ਦਿਤੇ।

ਇਸ ਜ਼ੁਲਮ ਦੇ ਖਿਲਾਫ ਕਾਂਗਰਸ ਨੇ ਬਤੌਰ ਜਮਾਤ ਦੇ ਮੂੰਹ ਨਹੀਂ ਖੋਲ੍ਹਿਆ, ਮਤਾਂ ਅੰਗਰੇਜ਼ੀ ਰਾਜ ਉਸ ਨਾਲ ਨਾਰਾਜ਼ ਹੋ ਜਾਏ। ਉਹ ਤਾਂ ਉਸ ਤੋਂ ਉਤਲੀਆਂ ਜਮਾਤਾਂ ਵਾਸਤੇ ਨਵੀਆਂ ਆਰਥਕ ਤੇ ਸਿਆਸੀ ਰਿਆਇਤਾਂ ਦੀ ਹਿਰਸ ਲਾਈ ਫਿਰਦੀ ਸੀ ਤੇ ਇਸ ਤਮਾਂਅ ਵਿਚ ਅੰਗਰੇਜ਼ੀ ਰਾਜ ਦੀ ਛਿੜ ਪਈ ਹੋਈ ਜੰਗ ਵਿਚ ਬੀਬੇ ਆਗਿਆਕਾਰਾਂ ਵਾਂਗ ਸਹਾਇਤਾ ਅਤੇ ਸੇਵਾ ਕਰ ਰਹੀ ਸੀ। ਪਰ ਬਜ ਬਜ ਘਾਟ ਉਤੇ ਮੁਸਾਫਰਾਂ ਦੇ ਇਸ ਕਤਲ ਦਾ ਦੇਸ਼ ਤੇ ਪਰਦੇਸ਼ ਵਿਚ ਬਹੁਤਾ ਰੌਲਾ ਪੈ ਗਿਆ। ਪੰਜਾਬ ਵਿਚ ਤਾਂ ਬਹੁਤ ਹਾਹਾਕਾਰ ਮੱਚੀ।

"ਆਮ ਰਾਏ ਇਹ ਸੀ ਕਿ ਮੁਸਾਫਰਾਂ ਨਾਲ ਕੈਨੇਡਾ ਅਤੇ ਰਾਹ ਵਿਚ ਪਹਿਲਾਂ ਹੀ ਬਹੁਤ ਬੇਇਨਸਾਫੀ ਤੇ ਧੱਕਾ ਹੋਇਆ ਸੀ, ਉਹਨਾਂ ਨੂੰ ਘਰੀਂ ਜਾਣ ਦੇਣਾ ਚਾਹੀਦਾ ਸੀ। ਕਈ ਸਿੱਖ ਤਾਂ ਫਸਾਦੀਆਂ (ਮੁਸਾਫਰਾਂ) ਦਾ ਪੱਖ ਪੂਰਦੇ ਸਨ। ਪਰ ਕਲਕੱਤੇ ਹੈਰੀਸਨ ਗੁਰਦਵਾਰੇ ਵਿੱਚ ਹੋਏ ਸਿਖ ਦੀਵਾਨ ਤੇ ਫਸਾਦੀਆਂ ਦੀ ਪੰਥ ਵੱਲੋਂ ਨਿੰਦਿਆਂ ਕੀਤੀ, ਸੁੰਦਰ ਲਾਲ ਮਿਸਰ ਆਨਰੇਰੀ ਮੈਜਿਸਟਰੇਟ, ਨੱਥਾ ਸਿੰਘ ਗਰੰਥੀ, ਨਿਹਾਲ ਸਿੰਘ ਦਲਾਲ ਤੇ ਪੰਡਤ ਅਮਰ ਨਾਥ ਸ਼ਰਮਾ ਇਸ ਨਿੰਦਿਆ ਕਰਨ ਵਾਲੇ ਦੀਵਾਨ ਦੇ ਮੋਢੀ ਸਨ"।[4]

---

1. ਹੋਮ (ਪੋਲੀਟੀਕਲ) (ੳ) ਮਾਰਚ, 1915, ਕਾਰਵਾਈ ਨੰ. 1-13, ਸਫਾ 61-62
2. ਉਤਲਿਖਤ ਸਫਾ 65-66
3. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 194
4. ਹੋਮ (ਪੋਲੀਟੀਕਲ) (ੳ) ਨਵੰਬਰ, 1914 ਕਾਰਵਾਈ ਨੰ. 97-177 ਸਫਾ 87

ਕਾਂਡ ਸੱਤਵਾਂ

# ਇਨਕਲਾਬੀ ਘੋਲ ਲਈ ਦੇਸ਼ ਨੂੰ ਧਾਈ

ਜਰਮਨੀ ਨੇ 25 ਜੁਲਾਈ ਨੂੰ ਸਰਬੀਆ ਉਤੇ ਹਮਲਾ ਕਰ ਦਿਤਾ ਤੇ 4 ਅਗਸਤ ਤੱਕ ਅੰਗਰੇਜ਼ੀ ਤੇ ਰੂਸੀ ਹਕੂਮਤਾਂ ਵੀ ਜਰਮਨੀ ਵਿਰੁੱਧ ਜੰਗ ਵਿਚ ਕੁੱਦ ਪਈਆਂ। ਪਾਰਟੀ ਦੇ ਅਜੇ ਬਹੁਤ ਸਾਰੇ ਨਿਸ਼ਾਨੇ ਪੂਰੇ ਕਰਨ ਵਾਲੇ ਸਨ। ਕੈਨੇਡਾ ਤੇ ਪੂਰਬੀ ਦੱਖਣੀ ਏਸ਼ੀਆ ਦੇ ਦੇਸ਼ਾਂ ਵਿਚ ਨੌਕਰੀਆਂ ਕਰ ਰਹੇ ਹਿੰਦੀਆਂ ਦੀ ਜਾਗਰਤਾ ਤੇ ਇਨਕਲਾਬੀ ਉਭਾਰ ਨੂੰ ਪਾਰਟੀ ਜਥੇਬੰਦੀਆਂ ਵਿਚ ਅਜੇ ਬੰਨ੍ਹਣਾ ਸੀ। ਆਪਣੇ ਵਰਕਰਾਂ ਨੂੰ ਜਥੇਬੰਦੀ ਦੇ ਤਰੀਕੇ ਤੇ ਫੌਜੀ ਤੇ ਗੋਰੀਲਾ ਢੰਗ ਦੀਆਂ ਲੜਾਈਆਂ ਸਿਖਾਉਣੀਆਂ ਸਨ। ਇਹਨਾਂ ਸਿੱਖੇ ਹੋਏ ਵਰਕਰਾਂ ਨੂੰ ਹਿੰਦੋਸਤਾਨ ਭੇਜਣਾ ਤੇ ਉਥੇ ਕੰਮ ਦਾ ਮੈਦਾਨ ਤਿਆਰ ਕਰਨਾ ਸੀ। ਫੌਜੀਆਂ ਨੂੰ ਆਪਣੇ ਨਾਲ ਗੰਢਣਾ ਤੇ ਛਾਉਣੀਆਂ ਵਿਚ ਆਪਣੇ ਅੱਡੇ ਕਾਇਮ ਕਰਨੇ ਸਨ। ਇਹ ਸਾਰਾ ਕੰਮ ਅਜੇ ਅਨਛੋਹਿਆ ਹੀ ਪਿਆ ਸੀ। ਛਿੱਕੂ ਵਿਚੋਂ ਅਜੇ ਗੋਹੜਾ ਵੀ ਨਹੀਂ ਕੱਤਿਆ ਸੀ ਕਿ ਜੰਗ ਆ ਗਈ।

ਜੰਗ ਦੀ ਖ਼ਬਰ ਸੁਣਕੇ ਹਿੰਦੀਆਂ ਨੂੰ ਜਿਹੜਾ ਰੋਹ ਚੜ੍ਹਿਆ, ਉਸ ਦਾ ਮਾੜਾ ਜਿਹਾ ਸੁਰ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ 25 ਜੁਲਾਈ, 1914 ਨੂੰ ਜੰਗ ਲੱਗ ਜਾਂਦੀ ਹੈ। ਅੰਗਰੇਜ਼ਾਂ ਨੇ ਅਜੇ ਜੰਗ ਦਾ ਐਲਾਨ ਨਹੀਂ ਕੀਤਾ ਹੁੰਦਾ। 26 ਜੁਲਾਈ ਨੂੰ ਔਕਸਨਾਰਡ ਨਾਮੀ ਕਸਬੇ ਵਿਚ ਹੋ ਰਹੇ ਹਿੰਦੀ ਜਲਸੇ ਵਿਚ ਪਰਚਾਰਕਾਂ ਵੱਲੋਂ ਐਲਾਨ ਕਰ ਦਿੱਤਾ ਜਾਂਦਾ ਹੈ ਕਿ:

"ਯੋਰਪ ਵਿਚ ਜੰਗ ਛਿੜ ਪਈ ਹੈ। ਬਰਤਾਨੀਆਂ ਨੂੰ ਹਿੰਦ ਵਿਚੋਂ ਕੱਢ ਦੇਈਏ। ਦੇਸ਼ ਜਾ ਕੇ ਫੌਜਾਂ ਨੂੰ ਵਿਗਾੜਨ, ਨਾਲ ਲੈਣ ਤੇ ਗ਼ਦਰ ਮਚਾਉਣ ਦਾ ਬੜਾ ਉਮਦਾ ਵੇਲਾ ਹੱਥ ਆ ਗਿਆ ਹੈ।"[1]

ਜੰਗ ਛਿੜਦਿਆਂ ਹੀ ਪਾਰਟੀ ਲੀਡਰਾਂ ਦੇ ਵਰਕਰਾਂ ਨੂੰ ਯੁਗੰਤਰ ਆਸ਼ਰਮ ਵਿਚ ਸੱਦ ਲਿਆ ਗਿਆ। ਸੇਂਟ ਜਾਨ ਤੋਂ ਪੰਡਤ ਕਾਂਸ਼ੀ ਰਾਮ ਮੜੌਲੀ ਖਜ਼ਾਨਚੀ, ਅਸਟੋਰੀਆ ਤੋਂ ਭਾਈ ਕੇਸਰ ਸਿੰਘ ਠੱਠਗੜ੍ਹ, ਭਾਈ ਕਰੀਮ ਬਖ਼ਸ਼ ਗੁੱਜਰ ਤੇ ਹੋਰ ਅਨੇਕ ਸਾਥੀ, ਵਾਨਾ ਤੋਂ ਭਾਈ ਊਧਮ ਸਿੰਘ ਕਸੇਲ ਬਰਾਂਚ ਸਕੱਤਰ, ਭਾਈ ਈਸ਼ਰ ਸਿੰਘ ਮਰਹਾਣਾ, ਭਾਈ ਮੰਗਲ ਸਿੰਘ, ਭੰਗੜ ਲਾਲ ਪੁਰਾ (ਅੰਮ੍ਰਿਤਸਰ) ਤੇ ਕਈ ਦੂਸਰੇ ਵੀਰ; ਬਰਾਈਡਲਵਿਲ ਤੋਂ ਭਾਈ ਸ਼ਿਵ ਸਿੰਘ, ਭਾਈ ਅਮਰ ਸਿੰਘ ਕੋਟਲਾ ਨੌਧ ਸਿੰਘ ਦੇ ਦਰਜਨ ਕੁ ਹੋਰ ਬੰਦੇ, ਪੋਰਟਲੈਂਡ ਤੋਂ ਭਾਈ ਕਾਕੂ ਸਿੰਘ ਪੰਡੋਰੀ (ਸੰਗਰੂਰ), ਭਾਈ ਰੁਲੀਆ ਸਿੰਘ ਸਰਾਭਾ ਤੇ ਬਹੁਤ ਸਾਰੇ ਗ਼ਦਰੀ ਆਸ਼ਰਮ ਵਿਚ ਆ ਗਏ। ਕੈਲੇਫੋਰਨੀਆਂ ਤੋਂ ਮੀਤ ਪਰਧਾਨ ਭਾਈ ਜਵਾਲਾ ਸਿੰਘ ਠੱਠੀਆਂ, ਸੰਤ ਵਸਾਖਾ ਸਿੰਘ ਦਦੇਹਰ, ਭਾਈ ਹਜ਼ਾਰਾ ਸਿੰਘ ਦਦੇਹਰ, ਭਾਈ ਕਰਮ ਸਿੰਘ ਚੀਮਾ, ਭਾਈ ਅਰੂੜ ਸਿੰਘ ਤੇ ਸੰਤ ਚੰਨਣ ਸਿੰਘ ਚੂਹੜਚੱਕ ਤੇ ਸੈਂਕੜੇ ਹੋਰ ਇਨਕਲਾਬੀ ਆ ਇਕੱਠੇ ਹੋਏ।[2] ਬਾਬੂ ਹਰਨਾਮ ਸਿੰਘ ਸਾਹਰੀ ਤੇ ਭਾਈ ਬਲਵੰਤ ਸਿੰਘ ਕੈਨੇਡਾ ਤੋਂ ਬੁਲਾਏ ਗਏ। ਇਹਨਾਂ ਤੋਂ ਇਲਾਵਾ ਭਾਈ ਸ਼ੇਰ ਸਿੰਘ ਵੇਈਂ

---

1. ਗ਼ਦਰ ਸਾਜ਼ਸ਼ ਦੀ ਵਿਥਿਆ' ਸਫਾ 51
2. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ

ਪੋਈਂ, ਭਾਗ ਸਿੰਘ ਉੱਪਲ ਤੇ ਬੀਸੀਓਂ ਸੱਜਣ ਕੈਨੇਡਾ ਤੋਂ ਪਹੁੰਚ ਗਏ। ਸਭ ਦੇ ਆ ਜਾਣ ਤੇ ਮੀਟਿੰਗ ਬੈਠ ਗਈ। ਪੰਜ ਚਾਰ ਦਿਨ ਬੜੀਆਂ ਸਲਾਹਵਾਂ ਤੇ ਵਿਚਾਰਾਂ ਹੋਈਆਂ। ਪਾਰਟੀ ਨੇ ਆਪਣੀਆਂ ਸਭ ਕਮਜ਼ੋਰੀ ਤੇ ਘਾਟਾਂ ਨੂੰ ਵੇਖਿਆ ਤਾਂ ਸਹੀ, ਪਰ ਪਰਵਾਹ ਨਾ ਕੀਤੀ। ਉਸ ਨੂੰ ਪਤਾ ਸੀ, ਕਿ ਦੇਸ਼ ਨੂੰ ਜਾਣ ਤੇ ਗਿਆਂ ਹੋਇਆਂ ਨਾਲ ਸੰਬੰਧ ਰੱਖਣ ਦੇ ਸਾਧਨ ਉਸ ਦੇ ਆਪਣੇ ਵੱਸ ਵਿਚ ਨਹੀਂ। ਕਿਸੇ ਇਨਕਲਾਬ ਵਾਸਤੇ ਲੋੜੀਂਦਾ ਫੌਜੀ ਸਾਮਾਨ, ਬੰਦੇ ਤੇ ਰੁਪਿਆ ਨਹੀਂ। ਇਹ ਭੀ ਪਤਾ ਸੀ, ਕਿ ਉਹਨਾਂ ਕੇਵਲ ਅੰਗਰੇਜ਼ੀ ਰਾਜ ਵਿਰੁੱਧ ਹੀ ਨਹੀਂ ਲੜਨਾ, ਸਗੋਂ ਉਸ ਦੀਆਂ ਸਭ ਯਾਰ ਹਕੂਮਤਾਂ ਨਾਲ ਵੀ ਵੈਰ ਸਹੇੜਨਾ ਹੈ। ਇਹ ਵੀ ਪਤਾ ਸੀ, ਕਿ ਸਵਾਏ ਬੰਗਾਲ ਦੇ ਬਾਕੀ ਸਾਰੇ ਦੇਸ਼ ਵਿਚ ਕੌਮੀ ਲਹਿਰ ਨਹੀਂ, ਲੋਕ ਸੁੱਤੇ ਪਏ ਹਨ ਤੇ ਅੰਗਰੇਜ਼ ਇਥੋਂ ਰੁਪਿਆ, ਬੰਦੇ ਤੇ ਸਾਮਾਨ ਲੈ ਜਾ ਕੇ ਜੰਗ ਲੜੇਗਾ; ਪਰ ਆਸ ਦੀ ਇਕੋ ਹੀ ਤੰਦ ਪਾਰਟੀ ਨੂੰ ਦਿਸਦੀ ਸੀ, ਜੋ ਬਹੁਤ ਪੱਕੀ ਤੇ ਪੀਡੀ ਜਾਪਦੀ ਸੀ। ਉਹ ਸੀ ਹਿੰਦੀਆਂ ਦੇ ਦਿਲਾਂ ਅੰਦਰ ਆਪਣੀ ਜਨਮਭੂਮੀ ਦਾ ਪਿਆਰ ਤੇ ਇਸ ਦੀ ਛਾਤੀ ਉਤੇ ਚੜ੍ਹੇ ਬੈਠੇ ਬੇਗਾਨੇ ਲੁਟੇਰੇ ਦਾ ਇਹਸਾਸ। ਉਹਨਾਂ ਨੂੰ ਆਸ ਸੀ ਕਿ ਪਾਰਟੀ ਦੀ ਸੱਦ ਉਤੇ ਹਿੰਦੀ ਜਨਤਾ ਉੱਠ ਖਲੋਵੇਗੀ ਤੇ ਪਾਰਟੀ ਦਾ ਸਾਥ ਦੇ ਕੇ ਆਪਣੀ ਆਜ਼ਾਦੀ ਪਰਾਪਤ ਕਰਨ ਦਾ ਹੱਲਾ ਮਾਰੇਗੀ। ਸਵਾਲ ਸੀ, "ਜੰਗ ਵਿਚ ਫਸੇ ਹੋਏ ਦੁਸ਼ਮਣ ਉਤੇ ਚੋਟ ਕੀਤੀ ਜਾਵੇ, ਜਾਂ ਚੁੱਪ ਚਾਪ ਰਹਿ ਕੇ ਮੌਕਾ ਗਵਾ ਦਿੱਤਾ ਜਾਵੇ?" ਇਸ ਸਵਾਲ ਦਾ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ। "ਕਰੋ ਜਾਂ ਮਰੋ!" ਚੁੱਪ ਰਹਿ ਜਾਣ ਨਾਲੋਂ ਕੁਝ ਕਰਕੇ ਹਾਰ ਜਾਣ ਚੰਗਾ ਹੈ। ਇਤਿਹਾਸ ਵਿਚ ਹਾਰ ਭੀ ਕੰਮ ਆਵੇਗੀ।[1]

ਪਾਰਟੀ ਨੇ ਇਹ ਵਿਚਾਰਕੇ ਅੰਗੇਰਜ਼ ਦੇ ਜੰਗ ਵਿਚ ਫਸ ਜਾਣ ਨੂੰ ਹੀ ਆਪਣੀ ਸੱਟ ਮਾਰਨ ਦਾ ਵੱਡਾ ਅਧਾਰ ਬਣਾ ਲਿਆ ਤੇ ਫੈਸਲਾ ਕੀਤਾ ਕਿ ਅਮਰੀਕਾ ਵਿੱਚ ਬੈਠੇ ਪਲੈਨਾਂ ਬਣਾਈ ਜਾਣ ਦਾ ਕੋਈ ਫਾਇਦਾ ਨਹੀਂ। ਹਿੰਦੁਸਤਾਨ ਵਿੱਚ ਜਾ ਕੇ ਅੰਗਰੇਜ਼ ਨੂੰ ਹਥਿਆਰਬੰਦ ਲੜਾਈ ਦੇ ਜ਼ੋਰ ਦੇਸ਼ ਵਿਚੋਂ ਕੱਢਕੇ ਬਾਹਰ ਮਾਰਨ ਲਈ ਤੁਰ ਪੈਣਾ ਚਾਹੀਦਾ ਹੈ। 'ਦੇਸ਼ ਜਾ ਕੇ ਫੌਜਾਂ ਵਿਚ ਵੜ ਜਾਓ, ਪਿੰਡਾਂ ਵਿਚ ਘੁੰਮਕੇ ਲੋਕਾਂ ਨੂੰ ਨਾਲ ਲਵੋ, ਜੋ ਕਰਨਾ ਹੈ, ਦੇਸ਼ ਵਿਚ ਜਾਕੇ ਕਰੋ'। ਇਹ ਵਿਚਾਰ ਪਾਸ ਕਰਕੇ ਪਾਰਟੀ ਨੇ ਅੰਗਰੇਜ਼ੀ ਰਾਜ ਵਿਰੁੱਧ "ਐਲਾਨਿ ਜੰਗ" ਕਰਨ ਦਾ ਫੈਸਲਾ ਕੀਤਾ ਜੋ 5 ਅਗਸਤ, 1914 ਦੇ 'ਗ਼ਦਰ'[2] ਅਖ਼ਬਾਰ ਵਿੱਚ ਛਾਪ ਦਿੱਤਾ ਗਿਆ।

ਇਸ ਫੈਸਲੇ ਨੂੰ ਜਨਤਕ ਜਾਮਾ ਪਹਿਨਾਉਣ ਵਾਸਤੇ ਪਾਰਟੀ ਨੇ 9 ਅਗਸਤ ਨੂੰ ਫਰੈਜ਼ਨੋ ਤੇ 10 ਅਗਸਤ ਨੂੰ ਸੈਕਰਾਮੈਂਟੋ ਵਿਚ ਇਸ "ਐਲਾਨਿ ਜੰਗ" ਬਾਰੇ ਵਿਚਾਰ ਕਰਨ ਲਈ ਹਿੰਦੀਆਂ ਦੀਆਂ ਕਾਨਫਰੰਸਾਂ ਸੱਦੀਆਂ, ਜਿਨ੍ਹਾਂ ਦਾ ਐਲਾਨ 5 ਅਗਸਤ ਦੇ ਗ਼ਦਰ ਵਿਚ ਹੀ ਕਰ ਦਿਤਾ ਗਿਆ ਸੀ। ਦੇਸ਼ ਜਾਕੇ ਗ਼ਦਰ ਮਚਾਉਣ ਲਈ ਹਿੰਦੀਆਂ ਅੰਦਰ ਐਨਾ ਜੋਸ਼ ਸੀ ਕਿ ਉਹ ਇਹਨਾਂ ਮੀਟਿੰਗਾਂ ਉਤੇ ਇਉਂ ਹੁਮ ਹੁਮਾਕੇ ਇਕੱਠੇ ਹੋਏ, ਜਿਸ ਤਰ੍ਹਾਂ ਦੀਵੇ ਉਤੇ ਭੰਬੱਕੜ ਇਕੱਠੇ ਹੁੰਦੇ ਹਨ। 'ਪੋਰਟਲੈਂਡ ਟੈਲੀਗਰਾਮ' ਨਾਮ ਦਾ ਰੋਜ਼ਾਨਾ ਅਖ਼ਬਾਰ ਆਪਣੇ ਸਤ ਅਗਸਤ ਦੇ ਪਰਚੇ ਵਿਚ ਛਾਪਦਾ ਹੈ ਕਿ:

"ਇਸ ਸ਼ਹਿਰ ਤੋਂ ਹਰ ਗੱਡੀ ਤੇ ਜਹਾਜ਼ ਐਨੇ ਹਿੰਦੀ ਦੱਖਣ ਵੱਲ ਨੂੰ ਜਾ ਰਹੇ ਹਨ ਕਿ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ 'ਜੀਵਨ ਦਾ ਸੰਖੇਪ ਖ਼ਾਕਾ'
2. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 25

ਜੇ ਇਹ ਤਾਂਤਾ ਬੱਝਾ ਹੀ ਰਿਹਾ ਤਾਂ ਇਕ ਭੀ ਹਿੰਦੀ ਅਸਟੋਰੀਆ ਵਿਚ ਨਹੀਂ ਰਹਿ ਜਾਏਗਾ"।

ਸੈਕਰਾਮੈਂਟੋ ਦੀ ਮੀਟਿੰਗ ਵਿਚ ਪੰਜ ਹਜ਼ਾਰ ਹਿੰਦੀ ਸ਼ਾਮਲ ਹੋਏ (ਉਹਨੀਂ ਦਿਨੀਂ ਅਮਰੀਕਾ ਵਿਚ ਮਸਾਂ ਛੇ ਹਜ਼ਾਰ ਹਿੰਦੀ ਦੱਸੀਦੇ ਸਨ)। ਇਹਨਾਂ ਮੀਟਿੰਗਾਂ ਵਿਚ 'ਐਲਾਨੇ-ਜੰਗ' ਵਾਲਾ ਮਤਾ ਪਾਸ ਕੀਤਾ ਗਿਆ। ਹਿੰਦੀਆਂ ਨੂੰ ਸਾਰੇ ਕਾਰ ਵਿਹਾਰ ਛੱਡਕੇ ਦੇਸ਼ ਨੂੰ ਜਾਣ, ਅੰਗਰੇਜ਼ੀ ਰਾਜ ਵਿਰੁੱਧ ਹਥਿਆਰ ਉਠਾਉਣ, ਅੰਗਰੇਜ਼ੀ ਹਕੂਮਤ ਨੂੰ ਉਲਟਕੇ ਬਾਹਰ ਕੱਢਣ ਤੇ ਇਸ ਦੀ ਥਾਂ ਰੀਪਬਲਿਕ (ਜਨਰਾਜ) ਸਥਾਪਤ ਕਰਨ ਲਈ ਆਖਿਆ ਗਿਆ।[1]

ਪਾਰਟੀ ਨੇ ਹਿੰਦੁਸਤਾਨ ਵਿਚ ਬਰਤਾਨਵੀ ਰਾਜ ਦੇ ਖਿਲਾਫ 'ਐਲਾਨਿ-ਜੰਗ' ਕਰਨ ਦਾ ਮਤਾ ਪੇਸ਼ ਕਰਕੇ ਇਹਨਾਂ ਕਾਨਫਰੰਸਾਂ ਤੋਂ ਜਨਤਕ ਪਰਵਾਨਗੀ ਲਈ ਸਭ ਹਿੰਦੀਆਂ ਨੂੰ ਦੇਸ਼ ਜਾ ਕੇ ਹਥਿਆਰ ਚੁੱਕਣ ਤੇ ਬਗ਼ਾਵਤ ਕਰਨ ਦਾ ਸੱਦਾ ਦਿਤਾ।

"ਇਹ ਵੀ ਮਿਥਿਆ ਗਿਆ ਕਿ ਨਵੰਬਰ, 1914 ਦੇ ਪਹਿਲੇ ਹਫਤੇ ਤੱਕ ਸਭਾ ਹਿੰਦੀ ਦੇਸ਼ ਨੂੰ ਚਲੇ ਜਾਣ, ਜੋ ਪਹਿਲਾਂ ਪਹੁੰਚ ਜਾਣ, ਉਹ ਪਿੰਡਾਂ ਵਿਚ ਪਰਚਾਰ ਕਰਕੇ ਲੋਕਾਂ ਨੂੰ ਆਪਣੇ ਨਾਲ ਰਲਾਉਣ। ਜਦ ਟਾਪੂਆਂ ਵਿਚੋਂ ਸਾਰੇ ਹਿੰਦੀ ਦੇਸ਼ ਆ ਜਾਣਗੇ ਤਾਂ ਫੇਰ ਇਕ ਤਰੀਕ ਮਿਥਕੇ ਗ਼ਦਰ ਕਰ ਦਿਤਾ ਜਾਏਗਾ।"[2]

ਫਰੈਜ਼ਨੋ ਤੇ ਸੈਕਰਾਮੈਂਟੋ ਵਿੱਚ ਹੋਈਆਂ ਮੀਟਿੰਗਾਂ ਦੇ ਫੈਸਲੇ ਤੇ ਦੇਸ਼ ਨੂੰ ਗ਼ਦਰ ਕਰਨ ਜਾਣ ਦੀ ਸੱਦ 'ਗ਼ਦਰ' ਅਖ਼ਬਾਰ ਨੇ ਸਾਰੇ ਟਾਪੂਆਂ ਦੇ ਹਿੰਦੀਆਂ ਵਿਚ ਪੁਚਾ ਦਿੱਤੀ।

ਭਾਈ ਕਰਤਾਰ ਸਿੰਘ ਸਰਾਭਾ ਤਾਂ ਐਨਾ ਉਤਾਵਲਾ ਸੀ ਕਿ ਉਸ ਨੇ ਕਿਸੇ ਮੀਟਿੰਗ ਜਾਂ ਫ਼ੈਸਲੇ ਨੂੰ ਨਹੀਂ ਉਡੀਕਿਆ। ਉਹ ਇਸ ਡਰ ਤੋਂ ਕਿ ਮਤਾਂ ਪਾਰਟੀ ਉਹਦੀ ਓਥੇ ਪਿੱਛੇ ਕੰਮ ਚਲਾਉਣ ਦੀ ਡਿਊਟੀ ਲਾ ਦੇਵੇ, 9-10 ਅਗਸਤ ਦੀਆਂ ਮੀਟਿੰਗਾਂ ਤੋਂ ਅਗੇਤਰਾ ਹੀ ਆਪਣੇ ਆਪ ਰਘਬਰ ਦਿਆਲ ਗੁਪਤਾ ਨੂੰ ਨਾਲ ਲੈ ਕੇ ਦੇਸ਼ ਤੁਰ ਪਿਆ।[3]

ਇਹਨਾਂ ਜਨਤਕ ਮੀਟਿੰਗਾਂ ਤੋਂ ਇਲਾਵਾ ਪਾਰਟੀ ਦੀ ਐਗਜ਼ੈਕਟਿਵ ਕਮੇਟੀ ਦੀ ਭੀ ਮੀਟਿੰਗ ਹੋਈ, ਜਿਸ ਵਿਚ ਪਾਰਟੀ ਦੀ ਅੰਗਰੇਜ਼ੀ ਰਾਜ ਨਾਲ ਲੜਾਈ ਦੀ ਵਿਉਂਤ ਤੇ ਲੀਹ ਘੜੀ ਗਈ ਤੇ ਲੀਡਰਾਂ ਤੇ ਵਰਕਰਾਂ ਨੂੰ ਇਸ ਕੰਮ ਵਿਚ ਪਰੋਤਾ ਗਿਆ। ਪਾਰਟੀ ਲੀਡਰ ਤੇ ਵਰਕਰ ਦੇਸ਼ ਜਾ ਕੇ ਅੰਗਰੇਜ਼ੀ ਹਕੂਮਤ ਨਾਲ ਦੋ ਦੋ ਹੱਥ ਕਰਨ ਲਈ ਐਨੇ ਉਤਾਵਲੇ ਸਨ ਕਿ ਕਿਸੇ ਦਾ ਵੀ ਪਿਛੇ ਰਹਿਣ ਨੂੰ ਜੀਅ ਨਹੀਂ ਸੀ ਕਰਦਾ। ਵਰਕਰਾਂ ਦੀ ਦੇਸ਼ ਜਾਣ ਦੀ ਤੀਬਰਤਾ ਨੂੰ ਮੁਖ ਰੱਖਕੇ ਅਹੁਦੇਦਾਰਾਂ ਤੇ ਆਸ਼ਰਮ ਦੇ ਇਕ ਦੋ ਵਰਕਰਾਂ ਤੋਂ ਇਲਾਵਾ ਸਭ ਨੂੰ ਦੇਸ਼ ਜਾਣ ਦੀ ਛੁੱਟੀ ਮਿਲ ਗਈ ਕਿ ਉਹ ਉਥੇ ਜਾ ਕੇ ਪਾਰਟੀ ਦਾ ਕੰਮ ਖੜਾ ਕਰਨ ਤੇ ਉਸ ਨੂੰ ਕਾਮਯਾਬੀ ਨਾਲ ਆਪਣਾ ਮੁੱਖ ਮੰਤਵ ਪੂਰਾ ਕਰਨ ਲਈ ਵਧਾਉਣ ਤੇ ਫੈਲਾਉਣ।

ਪਰਧਾਨ ਭਾਈ ਸੋਹਣ ਸਿੰਘ ਭਕਨਾ ਨੂੰ ਜਾਪਾਨ ਸੁਨੇਹਾ ਘਲਿਆ ਗਿਆ ਕਿ ਉਹ ਸਭ ਸਾਥੀਆਂ ਤੇ ਵਰਕਰਾਂ ਨਾਲ ਦੇਸ਼ ਨੂੰ ਜਾਣ। ਏਥੋਂ ਭਾਈ ਕੇਸਰ ਸਿੰਘ ਠਠਗੜ੍ਹ ਮੀਤ ਪਰਧਾਨ,

---

1. ਉਤਲਿਖਤ ਸਫਾ 43
2. ਇਕ ਗ਼ਦਰੀ ਲਹਿਣਾ ਸਿੰਘ ਮਖੀਖੁਰਦ ਦੀਆਂ ਪੁਲਸੀ ਹਵਾਲਦਾਰ ਨਾਲ ਅਣਭੋਲ ਗਲਾਂ (ਘਾਟ-ਓ-ਦਸੰਬਰ 1914, ਕਾਰਵਾਈ ਨੰ.4 ਸਫਾ 10)
3. ਬਾਬਾ ਹਰਨਾਮ ਸਿੰਘ ਟੁੰਡੀਲਾਟ

ਭਾਈ ਜਵਾਲਾ ਸਿੰਘ ਠੱਠੀਆਂ ਮੀਤ ਪਰਧਾਨ, ਪੰ: ਕਾਸ਼ੀ ਰਾਮ ਖ਼ਜ਼ਾਨਚੀ ਤੇ ਭਾਈ ਹਰਨਾਮ ਸਿੰਘ ਟੁੰਡੀਲਾਟ ਐਡੀਟਰ 'ਗ਼ਦਰ', ਭਾਈ ਨਿਧਾਨ ਸਿੰਘ ਚੁੱਘਾ ਆਦਿ ਐਗਜ਼ੈਕਟਿਵ ਦੇ ਮੈਂਬਰ ਤੇ ਹੋਰ ਸਿਰਕੱਢ ਵਰਕਰ ਦੇਸ਼ ਨੂੰ ਜਾਣ ਲਈ ਪਾਸ ਹੋਏ। ਭਾਈ ਭਗਵਾਨ ਸਿੰਘ ਨੂੰ ਜਾਪਾਨ, ਫਿਲਪਾਈਨ, ਚੀਨ ਦੇ ਘਾਟਾਂ ਤੇ ਹਾਂਗਕਾਂਗ ਜਾ ਕੇ ਉਥੋਂ ਹਿੰਦੀਆਂ ਨੂੰ ਤਿਆਰ ਕਰਕੇ ਦੇਸ਼ ਭੇਜਣ ਦਾ ਕੰਮ ਮਿਲਿਆ।[1] ਪੰਡਤ ਸੋਹਣ ਲਾਲ ਪਾਠਕ ਪੱਟੀ ਦੀ ਸਿਆਮ ਵਿਚ ਹੀ ਹੋਕੇ ਬਰਮਾ ਜਾਣ ਦੀ ਡਿਊਟੀ ਲਾਈ ਗਈ। ਭਾਈ ਸੰਤੋਖ ਸਿੰਘ ਧਰਦੇਵ ਜਨਰਲ ਸਕੱਤਰ ਦਾ ਏਥੋਂ ਦਾ ਕੰਮ ਚਾਲੂ ਕਰਕੇ ਮਲਾਇਆ ਸਿੰਘਾਪੁਰ ਜਾਣ ਦਾ ਜ਼ੁਮਾ ਲਾਇਆ ਗਿਆ। ਬਾਬੂ ਹਰਨਾਮ ਸਿੰਘ ਨੂੰ ਕਿਹਾ ਗਿਆ ਕਿ ਸਿਆਮ ਵਿਚ ਹੀ ਲੰਘਕੇ ਬਰਮਾ ਜਾਣ ਤੇ ਉਥੋਂ ਦੇ ਵਰਕਰਾਂ ਨੂੰ ਨਾਲ ਲੈ ਕੇ ਬਰਮਾ ਵਿਚ ਪੰਡਤ ਸੋਹਣ ਲਾਲ ਪਾਠਕ ਨਾਲ ਹੱਥ ਵਟਾਉਣ। ਮੌਲਵੀ ਬਰਕਤਉੱਲਾ ਬਾਰੇ ਫੈਸਲਾ ਹੋਇਆ ਕਿ ਉਹ ਅਫ਼ਗਾਨਿਸਤਾਨ ਜਾ ਕੇ ਉਥੋਂ ਦੇ ਬਾਦਸ਼ਾਹ ਨੂੰ ਪਾਰਟੀ ਦਾ ਹਮਾਇਤੀ ਬਨਾਉਣ ਤੇ ਸਰਹੱਦੀ ਪਠਾਣਾਂ ਦੀ ਫਾਰੰਗੀ ਦੇ ਵਿਰੁੱਧ ਚੱਲ ਰਹੀ ਲਹਿਰ ਨੂੰ ਗ਼ਦ ਲਹਿਰ ਨਾਲ ਜੋੜਨ ਦਾ ਕੰਮ ਕਰਨ।[2]

ਪਾਰਟੀ ਤੇ "ਗ਼ਦਰ" ਅਖ਼ਬਾਰ ਦੇ ਇਸ ਸੱਦੇ ਨੂੰ ਹਿੰਦੀਆਂ ਨੇ ਨਾ ਕੇਵਲ ਅਮਰੀਕਾ ਵਿਚ ਹੀ ਸਗੋਂ ਕੈਨੇਡਾ ਤੇ ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਵੀ 'ਇਲਾਹੀ ਹੁਕਮ' ਸਮਝਿਆ। ਉਹ ਆਪੋ ਆਪਣੀ ਥਾਈਂ ਕਾਰ ਵਿਹਾਰ ਵਲ੍ਹੇਟਣ ਤੇ ਦੇਸ਼ ਨੂੰ ਤੁਰਨ ਦੀਆਂ ਤਿਆਰੀਆਂ ਕਰਨ ਲੱਗ ਪਏ। ਸਭ ਤੋਂ ਪਹਿਲਾਂ 22 ਅਗਸਤ ਨੂੰ ਵੈਨਕੋਵਰ ਤੋਂ ਇਕ ਜਹਾਜ਼ 26 ਮੁਸਾਫ਼ਰ ਲੈ ਕੇ ਤੁਰਿਆ, ਜਿਸ ਵਿਚ ਕੈਨੇਡਾ ਸਰਕਾਰ ਦੀ ਰੀਪੋਰਟ ਅਨੁਸਾਰ 11 ਹਿੰਦੀ ਖ਼ਤਰਨਾਕ ਸਨ, ਜਿਨ੍ਹਾਂ ਵਿਚੋਂ ਭਾਈ ਜਵੰਦ ਸਿੰਘ ਨੰਗਲ, ਭਾਈ ਬੀਰ ਸਿੰਘ ਬਾਹੋਵਾਲ ਤੇ ਭਾਈ ਹਰੀ ਸਿੰਘ ਸੂੰਢ ਵਰਨਣਯੋਗ ਹਨ।[3] ਅਮਰੀਕਾ ਵਿੱਚ ਲੀਡਰ ਤੇ ਵਰਕਰ ਸਨਫਰਾਂਸਿਸਕੋ ਵਿੱਚ ਇਕੱਠੇ ਹੋਏ ਤੇ ਕੰਮ ਵੰਡਕੇ ਦੇਸ਼ ਜਾਣ ਦੀਆਂ ਤਿਆਰੀਆਂ ਕਰਨ ਲੱਗੇ। ਇਥੋਂ ਸਭ ਤੋਂ ਪਹਿਲੇ ਕੋਰਯਾ ਨਾਮੀ ਜਹਾਜ਼ 29 ਅਗਸਤ, 1914 ਨੂੰ 60-70 ਲੀਡਰਾਂ ਤੇ ਵਰਕਰਾਂ ਨੂੰ ਲੈ ਕੇ ਤੁਰਿਆ।[4] ਇਸ ਜੱਥੇ ਵਿਚੋਂ ਭਾਈ ਕੇਸਰ ਸਿੰਘ ਮੀਤ ਪਰਧਾਨ, ਭਾਈ ਜਵਾਲਾ ਸਿੰਘ ਠੱਠੀਆਂ ਮੀਤ ਪਰਧਾਨ, ਭਾਈ ਨਿਧਾਨ ਸਿੰਘ ਚੁੱਘਾ, ਮਾਸਟਰ ਊਧਮ ਸਿੰਘ ਕਸੇਲ, ਭਾਈ ਰੂੜ ਸਿੰਘ ਚੂਹੜਚੱਕ, ਭਾਈ ਈਸ਼ਰ ਸਿੰਘ ਮਰਹਾਣਾ, ਪੰਡਤ ਜਗਤ ਰਾਮ ਹਰਿਆਣਾ, ਭਾਈ ਪਿਰਥੀ ਸਿੰਘ ਲਾਲੜੂ, ਭਾਈ ਪਿਆਰਾ ਸਿੰਘ ਲੰਗੇਰੀ ਆਦਿ ਲੀਡਰ ਤੇ ਵਰਕਰ ਸ਼ਾਮਲ ਸਨ।[5]

ਪਰਧਾਨ ਭਾਈ ਸੋਹਣ ਸਿੰਘ ਭਕਨਾ ਫੈਸਲਾ ਪੁੱਜਦਿਆਂ ਹੀ ਜਾਪਾਨ ਤੋਂ ਤੁਰ ਪਏ।

---

1. 'ਜੀਵਨ ਦਾ ਸੰਖੇਪ ਖ਼ਾਕਾ'
2. ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ ਤੇ 'ਜੀਵਨ ਦਾ ਸੰਖੇਪ ਖ਼ਾਕਾ'
3. ਘਾਟ (ਅ) ਅਕਤੂਬਰ, 1914 ਕਾਰਵਾਈ ਨੰ. 29
4. 'ਗ਼ਦਰ ਸਾਜ਼ਸ਼ ਦੀ ਵਿਥਿਆ' ਸਫਾ 45
5. ਬਾਬਾ ਕੇਸਰ ਸਿੰਘ ਮੀਤ ਪਰਧਾਨ ਦਾ ਬਿਆਨ ਤੇ ਲਾਹੌਰ ਦੇ ਪਹਿਲੇ ਮੁਕਦਮੇ ਦਾ ਬਿਆਨ ਸਫਾ 33

ਬਾਕੀ ਦੇ ਲੀਡਰ ਤੇ ਵਰਕਰ ਵੀ ਸਮਾਂ ਪਾ ਕੇ ਤੁਰ ਪਏ। ਇਸ ਤੁਰੋ ਤੁਰੀ ਤੋਂ ਬਾਅਦ ਕੇਵਲ ਰਾਮ ਚੰਦ ਹੀ ਪੁਰਾਣਾ ਆਦਮੀ ਯੁਗੰਤਰ ਆਸ਼ਰਮ ਵਿਚ ਪਿੱਛੇ ਰਹਿ ਗਿਆ। ਅਖ਼ਬਾਰ ਤੇ ਪਾਰਟੀ ਦਾ ਸਾਰਾ ਕੰਮ ਆਪਣੇ ਆਪ ਹੀ ਉਸ ਪਾਸ ਆ ਗਿਆ। ਉਸ ਨਾਲ ਕੰਮ ਕਰਨ ਵਾਲੇ ਸਾਰੇ ਨਵੇਂ ਆਦਮੀ ਹੀ ਲੈਣੇ ਪਏ। ਉਸ ਉੱਤੇ ਨਾਲ ਦੇ ਸਾਥੀਆਂ ਦਾ ਜੋ ਉਸਦੀਆਂ ਕਚਿਆਈਆਂ ਨੂੰ ਜਾਣਦੇ ਸਨ ਕੋਈ ਕੁੰਡਾ ਨਾ ਰਹਿ ਗਿਆ। ਇਸ ਵਜਾਹ ਕਰਕੇ ਮਗਰੋਂ ਬਹੁਤ ਖ਼ਰਾਬੀਆਂ ਪੈਦਾ ਹੋਈਆਂ।

ਪਾਰਟੀ ਦੇ ਇਸ ਐਲਾਨ ਨੇ ਅਮਰੀਕਾ, ਕੈਨੇਡਾ, ਚੀਨ ਦੇ ਘਾਟਾਂ, ਫਿਲਪਾਈਨ, ਸਿੰਘਾਪੁਰ, ਮਲਾਯਾ, ਸਮਾਟਰਾ ਤੇ ਹਾਂਗਕਾਂਗਦੇ ਹਿੰਦੀਆਂ ਵਿਚ ਧਾਂਕਾਂ ਪਾ ਦਿਤੀਆਂ। ਹਰ ਥਾਂ ਦੇ ਹਿੰਦੀਆਂ ਵਿਚ ਤੜਥੱਲ ਮੱਚ ਗਈ। ਸਭ ਡੇਰਿਆਂ, ਇਕੱਠਾਂ ਤੇ ਦੀਵਾਨਾਂ ਵਿਚ ਇਸ ਦੀਆਂ ਗੱਲਾਂ ਤੇ ਵਿਚਾਰਾਂ ਹੋਣ ਲੱਗ ਪਈਆਂ।

ਹਿੰਦ ਵਰਗੇ ਗ਼ੁਲਾਮ ਦੇਸ਼ ਵਿਚੋਂ ਗਏ ਹੋਏ ਹਿੰਦੀ ਕਿਸਾਨਾਂ ਦੇ ਦਿਲਾਂ ਅੰਦਰ ਅਮਰੀਕਾ ਕੈਨੇਡਾ ਤੇ ਦੱਖਣ ਪੂਰਬੀ ਏਸ਼ੀਆ ਦੇ ਘਾਟਾਂ ਉਤੇ ਪਰਚੱਲਤ ਸਰਮਾਏਦਾਰ ਹਾਲਤ ਅੰਦਰ ਮਜ਼ਦੂਰੀ ਕਰਦਿਆਂ, ਜੋ ਏਕਤਾ ਦੀ ਸੂਝ ਪੈਦਾ ਹੋਈ, ਉਹ ਇਹਨਾਂ ਟਾਪੂਆਂ ਵਿੱਚ ਆਪਣੇ ਨਾਲ ਵਾਪਰ ਰਹੇ ਆਰਥਕ ਤੇ ਜਮਾਤੀ ਵਿਤਕਰੇ ਤੇ ਧੱਕਿਆਂ ਦੀ ਮਾਰੀ ਆਪਣੇ ਦੇਸ਼ ਨੂੰ ਗ਼ੁਲਾਮ ਰੱਖਣ ਵਾਲੇ, ਅੰਗਰੇਜ਼ੀ ਸਾਮਰਾਜ ਵਿਰੁੱਧ ਆਜ਼ਾਦੀ ਲੈਣ ਦੀ ਕੌਮੀ ਸੂਝ ਬਣ ਗਈ। ਜੰਗ ਛਿੜਦਿਆਂ ਹੀ ਆਜ਼ਾਦੀ ਲੈਣ ਦੀ ਤਾਂਘ ਇਹਨਾਂ ਮਜ਼ਦੂਰਾਂ ਦੇ ਦਿਲਾਂ ਵਿਚੋਂ ਉਭਰ ਕੇ ਇਨਕਲਾਬ ਦੀ ਜੰਗੀ ਤਾਕਤ ਬਣ ਗਈ। ਗ਼ੁਲਾਮੀ ਨਾਲ ਨਿਢਾਲ ਹੋ ਚੁੱਕੇ ਇਹਨਾਂ ਹਿੰਦੀਆਂ ਦੇ ਡੌਲੇ ਫੜਕ ਉਠੇ ਤੇ ਉਹ ਹਿੰਦ ਉਤੇ ਬਿਜੂ ਵਾਂਗੂੰ ਚਿਮੜੇ ਹੋਏ ਅੰਗਰੇਜ਼ੀ ਸਾਮਰਾਜ ਨੂੰ ਵਲੂੰਦਰ ਕੇ ਦੇਸ਼ੋਂ ਬਾਹਰ ਮਾਰ ਲਈ ਮੈਦਾਨ ਵਿਚ ਦੋ ਦੋ ਹੱਥ ਕਰਨ ਤੁਰ ਪਏ।

ਜੰਗ ਛਿੜ ਪਈ ਤੇ ਦੁਨੀਆਂ ਦੇ ਹਰ ਪਾਸੇ ਜਿਥੇ ਅੰਗਰੇਜ਼ੀ ਰਾਜ ਸੀ, ਜਰਮਨ ਸੱਟਾਂ ਮਾਰਨ ਲੱਗ ਪਿਆ। ਉਸ ਨੇ ਅੰਗਰੇਜ਼ੀ ਵਪਾਰ ਤੇ ਫੌਜਾਂ ਦੀ ਅਗਵਾਈ ਤੇ ਰਸਤ ਪੁਚਾਉਣ ਦੇ ਸਿਲਸਿਲੇ ਨੂੰ ਸੱਟ ਮਾਰਨ ਲਈ ਹਿੰਦ ਸਾਗਰ ਵਿਚ ਐਮਡਨ ਨਾਮੀ ਜਹਾਜ਼ ਭੇਜ ਦਿਤਾ, ਜਿਸ ਨੇ ਬੜੇ ਹੀ ਅੰਗਰੇਜ਼ੀ ਜਹਾਜ਼ ਆ ਡੋਬੇ। ਸ਼ਾਂਤ ਸਾਗਰ ਤੇ ਹਿੰਦ ਸਾਗਰ ਵਿਚ ਇਸ ਜਹਾਜ਼ ਦਾ ਬੜਾ ਦਬਕਾ ਸੀ ਤੇ ਸਮੁੰਦਰੀ ਸਫਰ ਮੌਤ ਮੁੱਲ ਲੈਣ ਦੇ ਬਰਾਬਰ ਸੀ। ਇਹਨਾਂ ਗ਼ਦਰੀ ਸੂਰਬੀਰਾਂ ਨੂੰ ਇਸ ਅਨਿਆਈ ਮੌਤ ਦਾ ਵਾਲ ਜਿੰਨਾ ਵੀ ਡਰ ਨਹੀਂ ਸੀ ਜਦ ਕਿ ਬੜੇ ਖੱਬੀ ਖਾਂ ਬਣੇ ਹੋਏ ਅੰਗਰੇਜ਼ ਵੀ ਇਸ ਖ਼ਤਰੇ ਤੋਂ ਡਰਦੇ ਇਹਨਾਂ ਪਾਣੀਆਂ ਵਿਚ ਜਹਾਜ਼ ਲੈ ਜਾਣੋ ਠਠੰਬਰ ਗਏ ਸਨ।

ਗ਼ਦਰ ਪਾਰਟੀ ਜਰਮਨ ਜੰਗ ਨੂੰ ਆਪਣੀ ਕਾਮਯਾਬੀ ਦਾ ਅਦੁੱਤੀ ਸਾਧਨ ਤੇ ਜਰਮਨ ਜਿੱਤਾਂ ਤੇ ਅੰਗਰੇਜ਼ਾਂ ਨਾਲ ਟੱਕਰਾਂ ਨੂੰ ਆਪਣੀ ਲਹਿਰ ਦੀ ਸਹਾਇਤਾ ਸਮਝਦੀ ਸੀ। ਇਸ ਲਈ ਪਰਧਾਨ ਭਾਈ ਸੋਹਣ ਸਿੰਘ ਕੌਮਾਗਾਟਾ ਮਾਰੂ ਦੇ ਪਰਬੰਧਕਾਂ ਨਾਲ ਗੱਲ ਮੁਕਾਉਣ ਤੋਂ ਬਾਅਦ ਟੋਕਯੋ ਵਿਚ ਜਾ ਕੇ ਰਾਤ ਨੂੰ ਚੋਰੀ ਜਰਮਨ ਕੌਂਸਲ ਨੂੰ ਮਿਲੇ। ਉਸ ਨੂੰ ਇਕ ਤਾਂ ਇਹ ਗੱਲ ਮਨਾਈ ਕਿ ਐਮਡਨ ਜਹਾਜ਼ "ਕੌਮਾਗਾਟਾ ਮਾਰੂ" ਉਤੇ ਹਮਲਾ ਨਾ ਕਰੇ ਤੇ ਨਾ ਹੀ ਉਹਨਾਂ ਜਹਾਜ਼ਾਂ ਉਤੇ ਸੱਟ ਮਾਰੇ, ਜਿਨਾਂ ਵਿਚ ਹਿੰਦੀ ਦੇਸ਼ ਨੂੰ ਜਾ ਰਹੇ ਹੋਣ। ਜੇ ਕਿਤੇ ਅਜੇਹੇ ਜਹਾਜ਼ ਉਤੇ ਹਮਲਾ ਵੀ ਹੋ ਜਾਏ ਤਾਂ ਐਮਡਨ ਹਿੰਦੀਆਂ ਦੀ ਜਾਨ ਬਚਾ ਦੇਵੇ। ਦੂਸਰੇ ਕੀ ਜਰਮਨ ਸਰਕਾਰ ਗ਼ਦਰ ਪਾਰਟੀ ਦੀ ਹਥਿਆਰ ਪੱਤੇ ਵਿਚ ਸਹਾਇਤਾ ਕਰੇਗੀ? ਜਰਮਨ ਕੌਂਸਲ ਨੇ ਐਮਡਨ ਦੇ ਹਮਲੇ ਵੱਲੋਂ ਤਾਂ

ਪੱਕਾ ਯਕੀਨ ਦਿਵਾਇਆ ਤੇ ਸਹਾਇਤਾ ਕਰਨ ਦੀ ਵੀ ਹਾਮੀ ਭਰੀ।[1]

ਅਗਸਤ ਦੇ ਚੌਥੇ ਹਫਤੇ ਸੋਹਣ ਸਿੰਘ ਯੋਕੋਹਾਮਾ ਤੋਂ ਕੋਬੀ ਹੁੰਦੇ ਹੋਏ ਸ਼ੰਘਾਈ ਆਏ। ਸ਼ੰਘਾਈ ਦੇ ਦੀਵਾਨ ਵਿਚ ਕੌਮਾਗਾਟਾ ਮਾਰੂ ਦੀ ਵਾਰਤਾ ਤੇ ਪਾਰਟੀ ਦਾ ਪਰੋਗਾਮ ਦੱਸਿਆ ਤੇ ਹਿੰਦੀਆਂ ਨੂੰ ਦੇਸ਼ ਜਾਣ ਲਈ ਅਪੀਲ ਕੀਤੀ। ਭਾਈ ਗੁੱਜਰ ਸਿੰਘ ਭਕਨਾ ਨੇ ਦੇਸ਼ ਨੂੰ ਜਾਣ ਵਾਸਤੇ ਆਪਣੀ ਪਾਰਟੀ ਤਿਆਰ ਕਰ ਲਈ ਤੇ ਉਹ ਪਰਧਾਨ ਨਾਲ ਹੋ ਤੁਰੇ। ਪਰਧਾਨ 50 ਪਿਸਤੌਲ ਆਪਣੇ ਨਾਲ ਲਿਆ ਸੀ ਤੇ 30 ਸ਼ੰਘਾਈ ਵਾਲਿਆਂ ਨੇ ਲਏ। ਅੱਗੇ ਹਾਂਗਕਾਂਗ ਆਏ ਤੇ ਇੱਥੇ ਉਹਨਾਂ ਨੂੰ ਹੀਰਾ ਸਿੰਘ ਚਰੜ ਤੇ ਡਾਕਟਰ ਮਥਰਾ ਸਿੰਘ ਮਿਲੇ। ਪਿਸਤੌਲ ਤੇ ਦਾਰੂ ਸਿੱਕਾ ਬਚਾਕੇ ਦੇਸ਼ ਲੈ ਜਾਣ ਦਾ ਸਵਾਲ ਸੀ। ਇਕ ਗੋਰਾ ਪਲਟਨ ਪੀਕਿੰਗ ਤੋਂ ਕਲਕੱਤੇ ਜਾ ਰਹੀ ਸੀ, ਉਸ ਵਿਚ ਇਕ ਅੰਗਰੇਜ਼ ਅਫਸਰ ਦਾ ਅਰਦਲੀ ਇਕ ਸਿੱਖ ਸਿਪਾਹੀ ਡਾਕਟਰ ਮਥਰਾ ਸਿੰਘ ਦਾ ਯਾਰ ਸੀ। ਡਾਕਟਰ ਨੇ ਇਹ ਸਾਰੇ 80 ਪਿਸੌਤਲ ਤੇ ਗੋਲੀਆਂ ਇਸ ਦੇ ਹਵਾਲੇ ਕੀਤੀਆਂ ਤੇ ਉਸ ਕੋਲੋਂ ਕਲਕੱਤੇ ਜਾ ਕੇ ਲੈਣ ਦੀ ਗੱਲ ਪੱਕੀ ਕੀਤੀ। ਪੀਨਾਂਗ ਤੱਕ ਇਹ ਜਹਾਜ਼ ਪਰਧਾਨ ਵਾਲੇ ਜਹਾਜ਼ ਦੇ ਨਾਲ ਨਾਲ ਹੀ ਆਇਆ। ਪੀਨਾਂਗ ਆ ਕੇ ਪਰਧਾਨ ਵਾਲਾ ਜਹਾਜ਼ ਡੱਕ ਲਿਆ ਗਿਆ ਤੇ ਇਸ ਜਹਾਜ਼ ਨੂੰ ਕਲਕੱਤੇ ਦੀ ਥਾਂ ਸਿੱਧਾ ਫਰਾਂਸ ਜਾਣ ਦਾ ਹੁਕਮ ਆ ਗਿਆ। ਸਾਰੇ ਹਥਿਆਰ ਇਸ ਜਹਾਜ਼ ਨਾਲ ਹੀ ਫਰਾਂਸ ਚਲੇ ਗਏ।[2]

ਪਰਧਾਨ ਦੇ ਜਹਾਜ਼ 'ਨਾਮਸੰਗ' ਦੇ ਪਿੱਛੇ ਸਨਫਰਾਂਸਿਸਕੋ ਤੋਂ 60 ਗ਼ਦਰੀ ਲੀਡਰ ਤੇ ਵਰਕਰਾਂ ਨੂੰ ਲਈ 'ਕੋਰਯਾ' ਨਾਮੀ ਜਹਾਜ਼ ਆ ਰਿਹਾ ਸੀ। ਕੌਮੀ ਆਜ਼ਾਦੀ ਦੇ ਇਹਨਾਂ ਸਿਪਾਹੀਆਂ ਨੂੰ ਅੰਗਰੇਜ਼ੀ ਸਰਕਾਰ ਕੋਲੋਂ ਦੇਸ਼ ਨੂੰ ਛੁਡਾਉਣ ਦੀ ਲਗਨ ਦਾ ਐਨਾ ਚਾਅ ਚੜ੍ਹਿਆ ਹੋਇਆ ਸੀ ਕਿ ਉਹ ਇਸ ਦੀ ਤਾਕਤ ਨੂੰ ਲਲਕਾਰਦੇ ਤੇ ਵੰਗਾਰਦੇ ਆ ਰਹੇ ਸਨ। ਉਹਨਾਂ ਦੀ ਖਲੜੀ ਵਿਚ ਸਾਮਰਾਜੀ ਤਾਕਤ ਦਾ ਰਤੀ ਮਾਸ਼ਾ ਭੈ ਨਹੀਂ ਸੀ। ਉਹ ਚੁੱਪ ਚੁਪੀਤੇ ਜਾਂ ਲੁੱਕ ਛੁਪ ਕੇ ਦਾਅ ਮਾਰਨ ਵਾਸਤੇ ਨਹੀਂ ਜਾ ਰਹੇ ਸਨ। ਜਹਾਜ਼ ਵਿਚ ਜਲਸੇ ਹੁੰਦੇ, ਗ਼ਦਰ ਗੂੰਜਾਂ ਪੜ੍ਹੀਦੀਆਂ ਤੇ ਬਗ਼ਾਵਤ ਦਾ ਪਰਚਾਰ ਹੁੰਦਾ। ਜਿਸ ਘਾਟ ਉਤੇ ਜਹਾਜ਼ ਲੱਗਦਾ ਇਹ ਸਭ ਉੱਤਰ ਜਾਂਦੇ, ਦੀਵਾਨ ਲੱਗ ਜਾਂਦੇ, ਹਿੰਦੀਆਂ ਨੂੰ ਅੰਗਰੇਜ਼ੀ ਹਕੂਮਤ ਨਾਲ ਟੱਕਰ ਲੈਣ ਲਈ ਦੇਸ਼ ਜਾਣ ਵਾਸਤੇ ਉਪਦੇਸ਼ਿਆ ਤੇ ਵੰਗਾਰਿਆ ਜਾਂਦਾ। ਇਹਨਾਂ ਘਾਟਾਂ ਉਤੇ ਸਭ ਹਿੰਦੀ ਭਾਵੇਂ ਪੁਲਸੀਏ ਹੋਣ ਤੇ ਭਾਵੇਂ ਫੌਜੀ, ਇਹਨਾਂ ਜਲਸਿਆਂ ਵਿਚ ਸ਼ਾਮਲ ਹੁੰਦੇ। ਯੋਕੋਹਾਮਾ ਤੋਂ ਸ਼੍ਰੀ ਪਰਮਾ ਨੰਦ ਝਾਂਸੀ, ਜੋ ਅਮਰੀਕਾ ਪੜ੍ਹਨ ਜਾ ਰਹੇ ਸਨ, ਇਹਨਾਂ ਦੇ ਪਰਚਾਰ ਤੋਂ ਪਰਭਾਵਤ ਹੋਕੇ ਅਮਰੀਕਾ ਜਾਣੋ ਹਟ ਗਏ ਤੇ ਇਹਨਾਂ ਨਾਲ ਮਿਲਕੇ ਪਿਛਾਂਹ ਦੇਸ਼ ਨੂੰ ਤੁਰ ਪਏ।[3] ਨਾਗਾਸਾਕੀ ਤੋਂ ਇਹ ਜਹਾਜ਼ ਮਨੀਲਾ ਨੂੰ ਚਲਿਆ ਗਿਆ ਤੇ ਇਸ ਵਿਚੋਂ ਉੱਤਰਕੇ ਭਾਈ ਨਿਧਾਨ ਸਿੰਘ ਚੁੱਘਾ ਤੇ ਭਾਈ ਪਿਆਰਾ ਸਿੰਘ ਕਿਸੇ ਦੂਸਰੇ ਜਹਾਜ਼ ਵਿਚ ਸ਼ੰਘਾਈ ਨੂੰ ਚਲੇ ਗਏ। ਮਨੀਲੇ ਸ਼ਹੀਦ ਹਾਫਿਜ਼ ਅਬਦੁੱਲਾ ਗ਼ਦਰ ਪਾਰਟੀ ਦੇ ਪਰਧਾਨ ਸਨ।[4]

---

1. ਬਾਬਾ ਸੋਹਣ ਸਿੰਘ ਭਕਨਾ ਬਿਆਨ
2. ਉਤਲਿਖਤ
3. ਉਤਲਿਖਤ
4. 'ਗ਼ਦਰ ਸਾਜ਼ਸ਼ ਦੀ ਵਿਥਿਆ', ਸਫਾ 45

ਮਨੀਲਾ ਤੋਂ ਭਾਈ ਜੀਵਨ ਸਿੰਘ (ਦੌਲੇ ਸਿੰਘ ਵਾਲਾ), ਭਾਈ ਹਾਫਜ਼ ਅਬਦੁਲਾ (ਜਗਰਾਉਂ), ਭਾਈ ਰਹਿਮਤ ਅਲੀ (ਵਜ਼ੀਦਕੇ), ਬੀਬੀ ਗੁਲਾਬ ਕੌਰ (ਬਖ਼ਸ਼ੀ ਵਾਲਾ), ਭਾਈ ਬਖਸ਼ੀਸ਼ ਸਿੰਘ (ਖ਼ਾਨਪੁਰ), ਭਾਈ ਲਾਲ ਸਿੰਘ (ਸਹਿਬਾਣਾ), ਭਾਈ ਜਗਤ ਸਿੰਘ (ਬਿੰਝਲ), ਧਿਆਨ ਸਿੰਘ (ਉਮਰਪੁਰਾ), ਧਿਆਨ ਸਿੰਘ (ਬੰਗਸੀਪੁਰਾ), ਚੰਦਾ ਸਿੰਘ (ਵੜੈਚ) ਤੇ ਹੋਰ 40-50 ਗ਼ਦਰੀ ਵਰਕਰ ਇਸ ਜਥੇ ਨਾਲ ਆ ਗਏ।[1] ਜਹਾਜ਼ ਹਾਂਗਕਾਂਗ ਆ ਲੱਗਾ। ਹਾਂਗਕਾਂਗ ਆ ਕੇ ਅਮਰੀਕਾ, ਕੈਨੇਡਾ ਤੇ ਜਾਪਾਨ ਤੋਂ ਆਉਣ ਵਾਲੇ ਜਹਾਜ਼ ਖਲੋ ਜਾਂਦੇ ਹਨ। ਇਥੋਂ ਅਗਾਂਹ ਜਾਣ ਵਾਲੇ ਹੋਰ ਜਹਾਜ਼ ਮਿਲਦੇ ਸਨ। ਇਥੇ ਅਮਰੀਕਾ, ਕੈਨੇਡਾ, ਜਾਪਾਨ, ਚੀਨ ਤੇ ਮਨੀਲੇ ਤੋਂ ਆਉਣ ਵਾਲੇ ਹਿੰਦੀ ਸਭ ਉਤਰੇ ਹੋਏ ਸਨ। ਗੁਰਦਵਾਰਾ ਭਰਿਆ ਪਿਆ ਸੀ। ਇਥੇ ਰੋਜ਼ ਲੈਕਚਰ ਹੁੰਦੇ, ਆਮ ਹਿੰਦੀਆਂ ਤੋਂ ਇਲਾਵਾ ਹਿੰਦੀ ਫੌਜੀ ਤੇ ਪੁਲਸੀਏ ਵੀ ਇਹਨਾਂ ਜਲਸਿਆਂ ਦੇ ਦੀਵਾਨਾਂ ਵਿਚ ਸ਼ਾਮਲ ਹੁੰਦੇ। 26 ਨੰਬਰ ਪਲਟਨ ਦੇ ਸਿਪਾਹੀ ਤਾਂ ਖ਼ਾਸ ਦਿਲਚਸਪੀ ਲੈਂਦੇ ਸਨ।[2] ਕੈਨੇਡਾ ਤੋਂ ਦੋ ਹੋਰ ਜਹਾਜ਼ ਦੋ ਜਥੇ ਲੈ ਕੇ ਆ ਗਏ। ਇਕ ਦਾ ਜਥੇਦਾਰ ਭਾਈ ਸ਼ੇਰ ਸਿੰਘ ਵੇਈਂ ਪੋਈਂ ਤੇ ਦੂਸਰੇ ਦਾ ਭਾਈ ਸੱਜਣ ਸਿੰਘ ਬੀਲ੍ਹਾ ਸੀ। ਭਾਈ ਕੇਸਰ ਸਿੰਘ, ਭਾਈ ਜਵਾਲਾ ਸਿੰਘ, ਭਾਈ ਸ਼ੇਰ ਸਿੰਘ, ਬੀਬੀ ਗੁਲਾਬ ਕੌਰ, ਸ੍ਰੀ ਪਰਮਾ ਨੰਦ ਝਾਂਸੀ ਆਦਿ ਬੜੇ ਜੋਸ਼ੀਲੇ ਪਰਚਾਰਕ ਸਨ।[3] ਬੀਬੀ ਗੁਲਾਬ ਕੌਰ ਤਾਂ ਚੂੜੀਆਂ ਲਾਹ ਲਾਹ ਸੁੱਟਦੀ ਤੇ ਆਖਦੀ, "ਕਿ ਜੋ ਕਾਇਰ ਆਪਣੇ ਦੇਸ਼ ਦੀ ਆਜ਼ਾਦੀ ਲਈ ਹੱਥ ਆਏ ਇਸ ਵੇਲੇ ਉਤੇ ਲੜਨ ਤੋਂ ਪਿਛਾਂਹ ਹਟਦਾ ਹੈ, ਉਹ ਚੂੜੀਆਂ ਪਾ ਕੇ ਬੈਠ ਜਾਏ। ਅਸੀਂ ਤੀਵੀਆਂ ਉਹਨਾਂ ਦੀ ਥਾਂ ਲੜਾਂਗੀਆਂ।"[4]

ਹਾਂਗਕਾਂਗ ਆਕੇ ਪਿਛਲੇ ਜਹਾਜ਼ ਛੱਡਣੇ ਤੇ ਹੋਰ ਲੈਣੇ ਪੈਂਦੇ ਸਨ, ਇਥੋਂ ਹਿੰਦ ਦੇ ਘਾਟਾਂ ਨੂੰ ਜਾਣ ਵਾਲੇ ਜਹਾਜ਼ਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਲੇਟ ਕੀਤਾ ਗਿਆ। ਉਤਲੀ ਵਜ੍ਹਾ ਤਾਂ ਐਮਡਨ ਦਾ ਡਰ ਦੱਸੀ ਜਾਂਦੀ ਸੀ, ਪਰ ਵਿਚੋਂ ਹਿੰਦ ਸਰਕਾਰ ਇਹਨਾਂ ਗ਼ਦਰੀਆਂ ਨੂੰ ਕਾਬੂ ਕਰਨ ਦੇ ਬਾਨ੍ਹਣੂ ਬੰਨ੍ਹ ਰਹੀ ਸੀ। ਇਸ ਲਈ ਜਹਾਜ਼ਾਂ ਦੀ ਰਵਾਨਗੀ ਵਿੱਚ ਦੇਰ ਕੀਤੀ ਜਾ ਰਹੀ ਸੀ।

ਇਸੇ ਤਰ੍ਹਾਂ ਇਹ ਜਹਾਜ਼ ਅਗਾਂਹ ਸਿੰਘਾਪੁਰ ਤੇ ਪੀਨਾਂਗ ਕਈ ਕਈ ਦਿਨ ਜ਼ਰੂਰਤ ਤੋਂ ਜ਼ਿਆਦਾ ਠਹਿਰਾ ਕੇ ਕਲਕੱਤੇ ਦੇ ਘਾਟ ਨੂੰ ਲਿਜਾਏ ਗਏ। ਇਹਨੀਂ ਥਾਈਂ ਵੀ ਪਰਚਾਰ ਹੋਇਆ। ਖ਼ਾਸ ਕਰ ਸਿੰਘਾਪੁਰ ਵਿਚ ਤਾਂ ਫੌਜੀਆਂ ਵਿਚ ਦਬੱਲ ਪਰਚਾਰ ਕੀਤਾ ਗਿਆ। ਇਥੇ ਗ਼ਦਰੀ ਲੀਡਰ ਰੋਜ਼ ਜਲਸੇ ਕਰਦੇ ਤੇ ਹਿੰਦੀਆਂ ਨੂੰ ਗ਼ਦਰ ਕਰਨ ਵਾਸਤੇ ਦੇਸ਼ ਜਾਣ ਲਈ ਵੰਗਾਰਦੇ ਸਨ, ਭਾਈ ਕੇਸਰ ਸਿੰਘ, ਭਾਈ ਹਾਫਿਜ਼ ਅਬਦੁੱਲਾ, ਸ੍ਰੀ ਪਰਮਾ ਨੰਦ ਝਾਂਸੀ ਤੇ ਬੀਬੀ ਗੁਲਾਬ ਕੌਰ ਦੀਆਂ ਤਕਰੀਰਾਂ ਬੜੀ ਧੱੜਲੇਦਾਰ ਤੇ ਪਰੇਰਵੀਆਂ ਹੁੰਦੀਆਂ ਸਨ। ਇਸ ਪਰਚਾਰ ਦਾ ਮਲਾਇਆ

---

1. ਉਤਲਿਖਤ ਸਫਾ 45 ਤੇ ਘੱਲਾਂ ਦਾ ਮੁਕੱਦਮਾ, (ਫੈਸਲਾ) 10 ਜੁਲਾਈ, 1915, ਸੈਸ਼ਨ ਜੱਜ, ਫੀਰੋਜ਼ਪੁਰ
2. ਉਤਲਿਖਤ ਸਫਾ 59
3. ਬਾਬਾ ਕੇਸਰ ਸਿੰਘ ਦਾ ਬਿਆਨ
4. ਹੋਮ (ਪੋਲੀਟੀਕਲ) ੳ, ਅਕਤੂਬਰ 1915, ਕਾਰਵਾਈ ਨੰ. 671-84, ਘਲਾਂ ਦਾ ਮੁਕੱਦਮਾ ਸੈਸ਼ਨ ਜੱਜ, ਫੀਰੋਜ਼ਪੁਰ

ਸਟੇਟ ਗਾਈਡਜ਼ ਤੇ ਪੰਜ ਨੰਬਰ ਛੋਟੇ ਤੋਪਖਾਨੇ ਤੇ ਹਿੰਦੀ ਸਿਪਾਹੀਆਂ ਉਤੇ ਬਹੁਤ ਅਸਰ ਹੋਇਆ।[1]

'ਗ਼ਦਰ' ਅਖ਼ਬਾਰ ਦੇ ਪਰਚਾਰ ਨੇ ਇਹਨਾਂ ਰਾਹ ਦੇ ਟਾਪੂਆਂ ਵਿਚ ਜੋ ਹਿੰਦ ਦੀ ਕੌਮੀ ਜਾਗਰਤਾਂ ਦੀ ਲਹਿਰ ਪੈਦਾ ਕੀਤੀ ਸੀ, ਉਹ ਅਮਰੀਕਾ ਤੋਂ ਕੈਨੇਡਾ ਤੋਂ ਆ ਰਹੇ ਜਥਿਆਂ ਨੇ ਹੋਰ ਉਤਾਂਹ ਚੁੱਕੀ ਤੇ ਇਨਕਲਾਬੀ ਜ਼ੋਸ਼ ਵਿਚ ਪਲਟ ਕੇ ਆਪਣੇ ਨਾਲ ਲੈ ਲਈ। ਜਿਸ ਕਰਕੇ ਇਹਨਾਂ ਟਾਪੂਆਂ ਵਿਚੋਂ ਵੀ ਅਮਰੀਕਾ ਤੇ ਕੈਨੇਡਾ ਵਾਂਗ ਹੀ ਹਿੰਦੀ ਧੜਾ ਧੜ ਦੇਸ਼ ਨੂੰ ਜਾਣੇ ਸ਼ੁਰੂ ਹੋਏ। ਸਰਕਾਰੀ ਮਿਸਲਾਂ ਵਿਚ ਇਹਨਾਂ ਬਾਹਰੋਂ ਆਏ ਹਿੰਦੀਆਂ ਦਾ ਜ਼ਿਕਰ ਤੇ ਵੇਰਵਾ ਮੌਜੂਦ ਹੈ ਕਿ ਕਿਹੜਾ ਜਹਾਜ਼ ਕਿਹੜੀ ਤਾਰੀਖ਼ ਨੂੰ ਕਿਥੋਂ ਤੁਰਿਆ, ਕਿਥੇ ਕਿੱਥੇ ਆ ਕੇ ਲੱਗਾ, ਇਹਨਾਂ ਵਿਚ ਕੌਣ ਕੌਣ ਚੜ੍ਹਿਆ ਤੇ ਇਹਨਾਂ ਵਿਚੋਂ ਕੌਣ ਕੌਣ ਸਾਮਰਾਜੀ ਹਕੂਮਤ ਵਾਸਤੇ ਖ਼ਤਰਨਾਕ ਸੀ। ਸਾਰੀਆਂ ਮਿਸਲਾਂ ਤਾਂ ਨਹੀਂ ਮਿਲੀਆਂ, ਪਰ ਜੋ ਇਕ ਦੋ ਮਿਲੀਆਂ ਹਨ, ਇਹਨਾਂ ਨੂੰ ਫੋਲਕੇ ਜੋੜਿਆ ਗਿਆ ਹਿਸਾਬ ਇਸ ਲਹਿਰ ਦੇ ਇਸ ਹਿੱਸੇ ਨੂੰ ਪਰਗਟ ਕਰਦਾ ਹੈ।

ਕੌਮਾਗਾਟਾ ਮਾਰੂ ਤੋਂ ਬਾਅਦ 13 ਅਕਤੂਬਰ, 1914 ਤੋਂ 25 ਫ਼ਰਵਰੀ, 1915 ਤੱਕ 2312 ਹਿੰਦੀ ਦੇਸ਼ ਨੂੰ ਆਏ ਸਰਕਾਰੀ ਕਾਗ਼ਜ਼ਾਂ ਵਿਚ ਨੋਟ ਕੀਤੇ ਗਏ ਮਿਲੇ ਹਨ। ਇਹਨਾਂ ਵਿਚੋਂ 305 ਅਮਰੀਕਾ, 235 ਕੈਨੇਡਾ, 6 ਪਨਾਮਾ ਤੇ ਬਾਕੀ 1473 ਚੀਨ, ਮਲਾਯਾ, ਹਾਂਗਕਾਂਗ, ਸਿੰਘਾਪੁਰ ਤੇ ਮਨੀਲਾ ਤੋਂ ਸਨ।[2] ਇਸ ਮਾੜੀ ਜਿਹੀ ਵੰਨਗੀ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਦੱਖਣੀ ਪੂਰਬੀ ਏਸ਼ੀਆ ਦੇ ਟਾਪੂਆਂ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦੀ ਤਾਂਘ ਅਮਰੀਕਾ ਨਾਲੋਂ ਘੱਟ ਨਹੀਂ ਸੀ। ਇੱਥੋਂ ਦੇ ਹਿੰਦੀਆਂ ਨੇ ਇਸ ਲਹਿਰ ਵਿਚ ਬਹੁਤ ਵਧ ਚੜ੍ਹਕੇ ਹਿੱਸਾ ਪਾਇਆ। ਇਹ ਗ਼ਦਰੀ 1916 ਤੱਕ ਹਿੰਦ ਨੂੰ ਆਉਂਦੇ ਰਹੇ, ਜੋ ਸਰਕਾਰ ਦੇ ਕਾਗਜ਼ਾਂ ਉਤੇ ਚੜ੍ਹ ਸਕੇ ਹਨ, ਉਹਨਾਂ ਦੀ ਗਿਣਤੀ 8000[3] ਤੋਂ ਵੱਧ ਦੱਸੀਦੀ ਹੈ। ਪਰ ਹਿੰਦੀ ਇਸ ਤੋਂ ਵਧੇਰੇ ਆਏ। ਕੋਲੰਬੂ ਥਾਣੀਂ ਹਿੰਦੀਆਂ ਦੇ ਆਉਣ ਦਾ ਅਕਤੂਬਰ ਦੇ ਚੌਥੇ ਹਫਤੇ ਪਤਾ ਲੱਗਾ। ਉਸ ਤੋਂ ਪਹਿਲਾਂ ਸੈਂਕੜੇ ਗ਼ਦਰੀ ਏਧਰ ਦੀ ਲੰਘ ਆਏ ਸਨ।[4]

## ਸਾਮਰਾਜੀ ਬੌਰਾਂ

ਅਮਰੀਕਾ ਤੋਂ 'ਗ਼ਦਰ' ਅਖ਼ਬਾਰ ਪਾਰਟੀ ਛਪਤਾਂ ਤੇ ਆਪਣੇ ਯਾਰਾਂ ਦੋਸਤਾਂ ਦੇ ਨਾਂ ਆ ਰਹੀਆਂ ਚਿੱਠੀਆਂ ਵਿਚ ਅੰਗਰੇਜ਼ੀ ਰਾਜ ਵਿਰੁੱਧ ਗ਼ਦਰ ਕਰਨ ਦੇ ਲੋਕਾਂ ਨੂੰ ਦਿਤੇ ਜਾ ਰਹੇ ਸੱਦਿਆਂ ਤੋਂ ਪੰਜਾਬ ਦੀ ਅੰਗਰੇਜ਼ੀ ਸਰਕਾਰ ਬਹੁਤ ਘਾਬਰੀ। ਪੰਜਾਬ ਵਿਚ ਹੋ ਰਹੀ ਸਾਮਰਾਜੀ ਲੁੱਟ ਖੋਹ ਦੇ ਪਰਬੰਧ ਤੇ ਇਸ ਦਾ ਰਾਜ ਕਾਜ ਤੋਂ ਫਾਇਦਾ ਉਠਾ ਰਹੇ ਬੰਦਿਆਂ ਨੂੰ ਤਾਂ ਆਪਣੇ ਸਵਾਮੀਆਂ ਨਾਲੋਂ ਜ਼ਿਆਦਾ ਫ਼ਿਕਰ ਪਿਆ। ਉਹ ਲੱਗੇ ਸਰਕਾਰ ਦਰਬਾਰੇ ਜਾ ਕੇ ਪਿੱਟਣ। ਸਭ ਤੋਂ

---

1. 'ਗ਼ਦਰ ਸਾਜ਼ਸ਼ ਦੀ ਵਿਥਿਆ', ਸਫਾ 59
2. ਹੋਮ (ਪੋਲੀਟੀਕਲ) ਓ ਮਾਰਚ 1915 ਨੰ. 282-316
3. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 196 ਤੇ ਹਿੰਦ ਸਰਕਾਰ ਦੀ ਹਿੰਦੀ ਵਿਧਾਨਕ ਸੁਧਾਰਾਂ ਉੱਤੇ ਰਪੋਰਟ, 1918 ਸਫਾ 12
4. ਨਿਰੰਜਨ ਸਿੰਘ ਪੰਡੋਰੀ ਲੱਧਾ ਸਿੰਘ, ਕਰਤਾਰ ਸਿੰਘ ਦੁਕੀ ਲਤਾਲਾ ਤੇ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ

ਪਹਿਲਾਂ ਲੁਧਿਆਣੇ ਦੇ ਸਰਦਾਰ ਗੱਜਣ ਸਿੰਘ ਨੇ 'ਗ਼ਦਰ' ਅਖ਼ਬਾਰ ਦੀ ਆਈ ਪਹਿਲੀ ਕਾਪੀ ਲੋਕਾਂ ਨੂੰ ਪੜ੍ਹਾਉਣ ਦੀ ਥਾਂ 7 ਦਸੰਬਰ, 1913 ਨੂੰ ਪੁਲਸ ਦੇ ਹਵਾਲੇ ਜਾ ਕੀਤੀ।[1]

ਪੰਜਾਬ ਉਤੇ ਉਹਨਾਂ ਦਿਨਾਂ ਵਿਚ ਕੌਮੀ ਲਹਿਰ ਨੂੰ ਫ਼ਿਹਣ ਲਈ ਮੜ੍ਹਿਆ ਹੋਇਆ ਲੈਫਟੀਨੈਂਟ ਗਵਰਨਰ ਓਡਵਾਇਰ,ਜਿਸ ਨੇ ਸਾਮਰਾਜੀ ਲਾਭਾਂ ਲਈ ਹਿੰਦੀਆਂ ਦਾ ਖ਼ੂਨ ਵਗਾਉਣੋਂ ਕਦੇ ਵੀ ਸੰਕੋਚ ਨਹੀਂ ਕੀਤਾ, ਲਿਖਦਾ ਹੈ:-

"ਆਗਿਆਕਾਰ ਸਿੱਖ ਸਾਨੂੰ, ਗ਼ਦਰ ਪਰਚਾਰ ਦੇ ਫੈਲਣ ਦੀਆਂ ਤੌਖ਼ਲੇ ਭਰੀਆਂ ਰਪੋਰਟਾਂ ਦੇ ਰਹੇ ਸਨ। ਪੁੱਛਗਿੱਛ ਤੋਂ ਪਤਾ ਲੱਗਦਾ ਰਿਹਾ ਕਿ ਇਹ ਮਸਾਂ ਥੋਹੜੇ ਜਿਹੇ ਸਿੱਖਾਂ ਵਿੱਚ ਹੀ ਫ਼ੈਲ ਰਿਹਾ ਹੈ। ਪਰ ਇਹ ਜਾਣਕੇ ਸਾਡੀ ਖਾਨਿਓਂ ਹੀ ਕਿ ਜੰਗ ਛਿੜਦਿਆਂ ਹੀ ਪਰਦੇਸ਼ ਗਏ ਹਿੰਦੀ ਅਮਰੀਕਾ ਤੇ ਦੂਰ ਪੂਰਬ ਤੋਂ ਦੇਸ਼ ਨੂੰ ਤੁਰੇ ਆ ਰਹੇ ਸਨ।[2]"

ਇਸ ਲਈ ਸਾਮਰਾਜ ਨੇ ਇਹਨਾਂ ਬਾਹਰੋਂ ਆ ਰਹੇ ਇਨਕਲਾਬੀਆਂ ਨੂੰ ਬੋਚਣ ਲਈ ਪਹਿਲੋਂ ਹੀ ਤਿਆਰੀਆਂ ਕਰ ਲਈਆਂ ਸਨ। ਸਭ ਤੋਂ ਅੱਗੇ 'ਕੌਮਾਗਾਟਾ ਮਾਰੂ' ਆ ਰਿਹਾ ਸੀ, ਜਿਸ ਵਿਚ ਅੰਗਰੇਜ਼ੀ ਸਾਮਰਾਜ ਦੇ ਕੈਨੇਡਾ ਵਿੱਚ ਭੈੜੇ ਸਲੂਕ ਤੋਂ ਲੋਹੇ ਲਾਖੇ ਹੋਏ 400 ਤੋਂ ਵੱਧ ਹਿੰਦੀ ਆ ਰਹੇ ਸਨ। ਇਸ ਦੇ ਪਿੱਛੇ ਹੋਰ ਜਹਾਜ਼ ਆ ਰਹੇ ਸਨ, ਜੋ ਅਮਰੀਕਾ, ਕੈਨੇਡਾ, ਫਿਲਪਾਈਨ, ਜਾਪਾਨ, ਚੀਨ, ਹਾਂਗਕਾਂਗ, ਸਿੰਘਾਪੁਰ, ਮਲਾਯਾ ਤੇ ਜਾਵਾ ਸਮਾਟਰਾ ਤੋਂ ਹਜ਼ਾਰਾਂ ਗ਼ਦਰੀ ਹਿੰਦੀਆਂ ਨੂੰ ਲਿਆ ਰਹੇ ਸਨ। ਇਹਨਾਂ ਆ ਰਹੇ ਗ਼ਦਰੀਆਂ ਨੂੰ ਫਾਹੁਣ ਲਈ ਓਡਵਾਇਰ ਨੇ ਹਿੰਦ ਦੀ ਅੰਗਰੇਜ਼ੀ ਸਰਕਾਰ ਨੂੰ ਤੱਦੀ ਦੇ ਕੇ 'ਹਿੰਦ ਵਿਚ ਦਾਖ਼ਲ ਹੋਣ ਦਾ ਫੁਰਮਾਨ' (1914 ਦਾ ਪੰਜਵਾਂ ਫੁਰਮਾਨ) 5 ਸਤੰਬਰ,1914 ਨੂੰ ਜਾਰੀ ਕਰਵਾ ਲਿਆ।[3]

ਇਸ ਫੁਰਮਾਨ ਰਾਹੀਂ ਹਿੰਦ ਸਰਕਾਰੀ ਸੂਬਾਈ ਸਰਕਾਰਾਂ ਨੂੰ ਅਖ਼ਤਿਆਰ ਦੇ ਸਕਦੀ ਸੀ ਕਿ ਉਹ ਹਿੰਦ ਤੋਂ ਬਾਹਰੋਂ ਦਾਖ਼ਲ ਹੋਣ ਵਾਲੇ ਬੰਦਿਆਂ ਨੂੰ, ਭਾਵੇਂ ਉਹ ਹਿੰਦ ਦੇ ਹੀ ਵਸਨੀਕ ਹੋਣ, ਕਿਸੇ ਖ਼ਾਸ ਥਾਂ ਤੋਂ ਨਿਕਲ ਜਾਣ, ਜਾਂ ਕਿਸੇ ਖ਼ਾਸ ਥਾਂ ਚਲੇ ਜਾਣ, ਜਾਂ ਪਿੰਡ ਬੰਦ ਰਹਿਣ ਦਾ ਹੁਕਮ ਦੇਣਾ; ਹੁਕਮ ਤੋੜਨ ਵਾਲਿਆਂ ਨੂੰ ਸਜ਼ਾਵਾਂ ਦੇਣ, ਜਾਂ ਪੁੱਛ ਪੜਤਾਲ ਲਈ ਗਰਿਫਤਾਰ ਕਰਕੇ ਪੁਲਸ ਦੇ ਹਵਾਲੇ ਕਰ ਦੇਣ ਅਤੇ ਜੇ ਖ਼ਤਰਨਾਕ ਜਾਪਣ ਤਾਂ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਬੰਦ ਕਰ ਦੇਣ। ਬਾਹਰੋਂ ਆਉਣ ਵਾਲੇ ਗ਼ਦਰੀ ਪੰਜਾਬੀ ਸਨ ਤੇ ਸਰਕਾਰ ਹਿੰਦ ਉਹਨਾਂ ਦੇ ਕਲਕੱਤੇ ਥਾਣੀ ਆਉਣ ਦੀ ਤਾੜ ਲਾਈ ਬੈਠੀ ਸੀ। ਇਸ ਲਈ ਇਸ ਫੁਰਮਾਨ ਦੇ ਅਖ਼ਤਿਆਰ ਪਹਿਲਾਂ ਪੰਜਾਬ ਤੇ ਬੰਗਾਲ ਦੀਆਂ ਸੂਬਾਈ ਹਕੂਮਤਾਂ ਨੂੰ ਦਿੱਤੇ ਗਏ।

ਇਸ ਫੁਰਮਾਨ ਹੇਠ ਇਸ ਮਾਮਲੇ ਬਾਰੇ ਪੁੱਛ ਪੜਤਾਲ ਕਰਨ ਦੇ ਲਈ ਲੁਧਿਆਣੇ ਦੇ ਜ਼ੇਲਘਰ ਨੂੰ ਅੱਡਾ ਬਣਾਇਆ ਗਿਆ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੂੰ ਪੰਜਾਬ ਸਰਕਾਰ ਦੇ ਫੁਰਮਾਨ ਦੇ ਤਹਿਤ ਹੁਕਮ ਜਾਰੀ ਕਰਨ ਵਾਲਾ ਹਾਕਮ ਥਾਪਿਆ ਗਿਆ ਤੇ ਪੰਜਾਬ ਦੀ ਸੀ.ਆਈ.ਡੀ. ਦੇ ਆਲ੍ਹਾ ਅੰਗਰੇਜ਼ ਅਫਸਰਾਂ ਨੂੰ ਪੁਛ ਪੜਤਾਲ ਉਤੇ ਲਾਇਆ ਗਿਆ। ਬੰਗਾਲ ਦੀ ਸਰਕਾਰ, ਪੰਜਾਬ ਪੁਲਸ ਦੀ ਸਹਾਇਤਾ ਨਾਲ ਕਲਕੱਤੇ ਆਏ ਹਿੰਦੀਆਂ ਨੂੰ ਜਹਾਜ਼ ਉਤੇ ਹੀ

---

1. 'ਗ਼ਦਰ ਸਾਜ਼ਸ਼ ਦੀ ਵਿਥਿਆ' ਸਫਾ 18
2. 'ਜਿਵੇਂ ਮੈਂ ਹਿੰਦ ਨੂੰ ਜਾਤਾ' ਸਫਾ 192
3. 'ਜਿਵੇਂ ਮੈਂ ਹਿੰਦ ਨੂੰ ਜਾਤਾ' ਸਫਾ 192 ਤੇ 'ਰੌਲਟ ਰਪੋਰਟ' ਸਫਾ 150

ਘੇਰ ਲੈਂਦੀ, ਹਰ ਮੁਸਾਫਰ ਦਾ ਆਉਣ ਤੇ ਜਾਣ ਦਾ ਥਾਂ ਟਿਕਾਣਾ ਪੁੱਛਦੀ, ਨੋਟ ਕਰਦੀ, ਤਲਾਸ਼ੀਆਂ ਲੈਂਦੀ ਤੇ ਪੰਜਾਬ ਪੁਲਸ ਦੇ ਦੱਸੇ ਗ਼ਦਰੀਆਂ ਨੂੰ ਇਸ ਫੁਰਮਾਨ ਰਾਹੀਂ ਜਾਂ ਤਾਂ ਪੁਲਸ ਦੇ ਪਹਿਰੇ ਵਿਚ ਰੇਲ ਦੇ ਕੈਦੀ ਡੱਬਿਆਂ ਵਿਚ ਚੜ੍ਹ ਕੇ ਲੁਧਿਆਣੇ ਭੇਜ ਦਿੰਦੀ, ਜਾਂ ਕਈਆਂ ਨੂੰ ਆਪਣੇ ਆਪ ਲੁਧਿਆਣੇ ਹਾਜ਼ਰ ਹੋਣ ਦਾ ਹੁਕਮ ਚਾਹੜ ਦਿੰਦੀ।

ਲਹਿਰ ਦਾ ਕੰਮ ਚਲਾਉਣ ਲਈ ਹਿੰਦ ਵਿਚ ਪਹਿਲਾਂ ਆ ਚੁੱਕੇ ਗ਼ਦਰੀਆਂ ਨੇ ਵੀ ਸਰਕਾਰ ਦੀਆਂ ਇਹਨਾਂ ਥੌਰਾਂ ਨੂੰ ਤਾੜਿਆ। ਉਹਨਾਂ ਵਿਚੋਂ ਭਾਈ ਜਗਤ ਸਿੰਘ ਕੱਚਰਭੰਨ, ਜ਼ਿਲ੍ਹਾ ਫੀਰੋਜ਼ਪੁਰ, ਜੋ 'ਗ਼ਦਰ' ਛਾਪਣ ਦਾ ਕੰਮ ਤੋਰਨ ਲਈ ਭਾਈ ਕਰਤਾਰ ਸਿੰਘ ਦੁਕੀ ਨਾਲ ਦੇਸ਼ ਆਇਆ ਹੋਇਆ ਸੀ, ਵਾਪਸ ਮੁੜ ਗਿਆ ਤੇ ਉਸ ਨੇ ਸ਼ੰਘਾਈ ਜਾ ਕੇ ਰਹੇ ਗ਼ਦਰੀ ਲੀਡਰਾਂ ਨੂੰ ਇਹਨਾਂ ਸਾਮਰਾਜੀ ਰੱਸੇ ਪੈੜਿਆਂ ਤੋਂ ਖ਼ਬਰਦਾਰ ਕਰ ਦਿਤਾ।[1] ਇਹ ਪਤਾ ਲੱਗਣ ਉਤੇ ਨਿਧਾਨ ਸਿੰਘ (ਚੁੱਘਾ) ਨੇ ਸਭ ਘਾਟਾਂ ਉਤੇ ਤਾਰਾਂ ਖੜਕਾ ਦਿਤੀਆਂ ਕਿ ਹਾਂਗਕਾਂਗ ਤਲਾਸ਼ੀ ਹੋ ਜਾਣੀ ਹੈ[2] ਤੇ ਕਲਕੱਤੇ ਪੁੱਛ ਪੜਤਾਲ ਹੋਵੇਗੀ। ਇਸ ਤੇ ਸਭ ਗ਼ਦਰੀ ਸਾਵਧਾਨ ਹੋ ਗਏ, ਹਥਿਆਰ ਪੱਤਾ ਤੇ ਹੋਰ ਲੋੜੀਂਦੀਆਂ ਚੀਜ਼ਾਂ ਮਲਾਹਾਂ ਨਾਲ ਰਲਕੇ ਲੁਕਾ ਛਿਪਾ ਲਈਆਂ, ਪਤੇ ਸਰਨਾਵੇਂ ਤੇ ਗ਼ਦਰ ਦੀਆਂ ਗੂੰਜਾਂ ਦੀਆਂ ਕਵਿਤਾਵਾਂ ਜ਼ਬਾਨੀ ਯਾਦ ਕਰ ਲਈਆਂ। ਵਾਧੂ ਸਾਮਾਨ, ਕਿਤਾਬਾਂ ਤੇ ਕਾਗ਼ਜ਼ ਪੱਤਰ ਸਮੁੰਦਰ ਵਿਚ ਸੁੱਟ ਦਿਤੇ। ਪੁਲਸ ਦੀ ਪੁੱਛ ਪੜਤਾਲ ਤੇ ਜਵਾਬ ਇਕ ਦੂਜੇ ਦੀ ਸਹਾਇਤਾ ਨਾਲ ਘੜ ਲਏ ਗਏ। ਬਹੁਤ ਸਾਰੇ ਗ਼ਦਰੀ ਲੀਡਰ ਇਹਨਾਂ ਜਵਾਬਾਂ ਦੀ ਚਾਤਰੀ ਕਰਕੇ ਗਰਿਫਤਾਰੀ ਤੇ ਨਜ਼ਰਬੰਦੀ ਤੋਂ ਬਚ ਗਏ।

ਕਈ ਗ਼ਦਰੀ ਕਲਕੱਤੇ ਦਾ ਰਾਹ ਛੱਡਕੇ ਲੰਕਾ ਨੂੰ ਚਲੇ ਗਏ। ਓਥੇ ਮਦਰਾਸ ਤੇ ਕੋਲੰਬੂ ਦੇ ਘਾਟ ਤੋਂ ਉਤਰ ਕੇ ਮਦਰਾਸ ਥਾਣੀਂ ਓਡਵਾਇਰ ਦਾ ਲਾਈ ਹੋਈ ਕੁੜਿੱਕੀ ਤੋਂ ਸੁੱਕੇ ਹੀ ਬਚਕੇ ਨਿਕਲ ਆਏ। ਭਾਈ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਨਾਲ ਤੁਰੇ ਹੋਏ ਹੋਰ ਕਈ ਸਾਥੀ 15-16 ਸਤੰਬਰ, 1914 ਨੂੰ ਏਥੇ ਉੱਤਰਕੇ ਸੁੱਖ ਸਾਂਦ ਨਾਲ ਪੰਜਾਬ ਪਹੁੰਚ ਗਏ। ਇਹਨਾਂ ਤੋਂ ਇਲਾਵਾ ਅਨੇਕਾ ਗ਼ਦਰੀ ਇਸ ਰਸਤਿਓਂ ਆਏ। ਹਿੰਦ ਸਰਕਾਰ ਨੂੰ ਪਤਾ ਲੱਗਣ ਉਤੇ ਅਕਤੂਬਰ ਦੇ ਤੀਸਰੇ ਹਫਤੇ ਜਾ ਕੇ ਲੰਕਾ ਤੇ ਮਦਰਾਸ ਦੀਆਂ ਸਰਕਾਰਾਂ ਨੂੰ ਇਸ ਫੁਰਮਾਨ ਦੇ ਅਖਤਿਆਰ ਦਿੱਤੇ ਗਏ।

ਇਸ ਫੁਰਮਾਨ ਦੀ ਸਾੜ੍ਹਸਤੀ ਪਹਿਲਾਂ 'ਕੌਮਾਗਾਟਾ ਮਾਰੂ' ਦੇ ਮੁਸਾਫਰਾਂ ਉੱਤੇ ਆਈ। ਬੱਜ ਬੱਜ ਘਾਟ ਦੇ ਖ਼ੂਨੀ ਸਾਕੇ ਤੋਂ ਬਾਅਦ ਦੇ ਹਾਲਾਤ ਨਾਲ ਸਿੱਝਣ ਲਈ ਸਮਾਂ ਕੱਢਣ ਤੇ ਨਵੇਂ ਆ ਰਿਹਾਂ ਨੂੰ ਬੋਚਣ ਲਈ ਤਿਆਰੀਆਂ ਕਰਨ ਵਾਸਤੇ ਪਿੱਛੇ ਆ ਰਹੇ ਜਹਾਜ਼ਾਂ ਨੂੰ ਅੱਜੀਂ ਪੱਜੀਂ ਕਈ ਕਈ ਦਿਨ ਹਾਂਗਕਾਂਗ, ਸਿੰਘਾਪੁਰ ਤੇ ਪੀਨਾਂਗ ਦੇ ਘਾਟਾਂ ਉਤੇ ਰੋਕ ਛੱਡਿਆ ਗਿਆ। ਪਰ ਇਹ ਦਰਿੜ ਇਨਕਲਾਬੀ, ਪਹਿਲਾਂ ਤਾਂ ਨਹੀਂ, ਪਰ ਪੀਨਾਂਗ ਆ ਕੇ ਬਹੁਤ ਕਾਹਲੇ ਪੈ ਗਏ। ਪਹਿਲਾਂ ਪਰਧਾਨ ਭਾਈ ਸੋਹਣ ਸਿੰਘ ਭਕਨਾ ਜੋ 'ਨਾਮਸੰਗ' ਜਹਾਜ਼ ਉਤੇ ਸਨ, ਪੀਨਾਂਗ ਦੇ ਗਵਰਨਰ ਨੂੰ ਮਿਲੇ। ਫੇਰ ਅਮਰੀਕਾ ਤੋਂ ਆਏ ਗ਼ਦਰੀ ਲੀਡਰ ਬਾਬਾ ਕੇਸਰ ਸਿੰਘ ਮੀਤ ਪਰਧਾਨ, ਭਾਈ ਰੂੜ ਸਿੰਘ ਚੂਹੜਚੱਕ, ਭਾਈ ਸ਼ੇਰ ਸਿੰਘ ਵੇਈਂ ਪੋਈਂ ਤੇ ਭਾਈ ਈਸ਼ਰ ਸਿੰਘ ਮਰਹਾਣਾ, ਜੋ

---

1. ਕਰਤਾਰ ਸਿੰਘ ਦੁਕੀ ਲਤਾਲਾ ਦਾ ਬਿਆਨ
2. 'ਗ਼ਦਰ ਸਾਜ਼ਸ਼ ਦੀ ਵਿਥਿਆ' ਸਫਾ 45

ਪਿੱਛੇ ਆ ਰਹੇ 'ਤੋਸ਼ਾ ਮਾਰੂ" ਜਹਾਜ਼ ਵਿੱਚ ਸਨ, ਪੀਨਾਂਗ ਦੇ ਗਵਰਨਰ ਨੂੰ ਮਿਲੇ ਤੇ ਉਸ ਉਤੇ ਦਬਾ ਪਾ ਕੇ ਜਹਾਜ਼ਾਂ ਨੂੰ ਅਗਾਂਹ ਤੁਰਵਾਇਆ ਅਤੇ ਮੁਸਾਫਰਾਂ ਲਈ ਰਸਤੇ ਦਾ ਰਾਸ਼ਨ ਪਾਣੀ ਵਸੂਲਿਆ।[1]

## ਜਹਾਜ਼ਾਂ ਦੀ ਆਮਦ

'ਕੌਮਾਗਾਟਾ ਮਾਰੂ' ਤੋਂ ਬਾਅਦ ਗ਼ਦਰੀਆਂ ਨੂੰ ਲੈ ਕੇ ਸਭ ਤੋਂ ਪਹਿਲਾ ਜਹਾਜ਼ 12 ਅਕਤੂਬਰ, 1914 ਨੂੰ ਕਲਕੱਤੇ ਆ ਕੇ ਲੱਗਾ, ਜਿਸ ਵਿਚ 57 ਹਿੰਦੀ ਸਨ।

'ਨਾਮਸੰਗ' ਨਾਮ ਦਾ ਦੂਸਰਾ ਜਹਾਜ਼ 13 ਅਕਤੂਬਰ ਨੂੰ ਆਇਆ, ਜਿਸ ਵਿਚ ਭਾਈ ਸੋਹਣ ਭਕਨਾ ਅਮਰੀਕਾ ਤੋਂ ਸਨ, ਬਾਕੀ ਭਾਈ ਜਵੰਦ ਸਿੰਘ ਨੰਗਲ, ਭਾਈ ਬੀਰ ਸਿੰਘ ਬਾਹੋਵਾਲ ਤੇ ਹੋਰ 80 ਗ਼ਦਰੀ ਕੈਨੇਡਾ ਵਿਚੋਂ ਸਨ, ਜਿਨ੍ਹਾਂ ਬਾਰੇ ਕੈਨੇਡਾ ਸਰਕਾਰ ਦੀ ਰਪੋਰਟ ਸੀ ਕਿ 17 ਆਦਮੀ (ਸਾਮਰਾਜ ਵਾਸਤੇ) ਖ਼ਤਰਨਾਕ ਸਨ।[2] ਇਹਨਾਂ ਜਹਾਜ਼ਾਂ ਨੂੰ "ਹਿੰਦ ਵਿਚ ਦਾਖਲ ਹੋਣ ਦੇ 1914 ਦੇ ਪੰਜਵੇਂ ਫ਼ੁਰਮਾਨ" ਰਾਹੀਂ ਕਲਕੱਤੇ ਰੋਕ ਲਿਆ, ਤਲਾਸ਼ੀਆਂ ਲਈਆਂ ਤੇ ਲੁਧਿਆਣੇ ਹਾਜ਼ਰ ਹੋਣ ਦਾ ਹੁਕਮ ਚਾਹੜਕੇ ਪੰਜਾਬ ਜਾਣ ਵਾਲੀਆਂ ਗੱਡੀਆਂ ਵਿਚ ਚੜ੍ਹਾ ਦਿਤਾ ਗਿਆ।

ਦੂਸਰੇ ਜਹਾਜ਼ 'ਨਾਮਸੰਗ' ਵਿਚੋਂ ਭਾਈ ਸੋਹਣ ਸਿੰਘ ਭਕਨਾ ਪਰਧਾਨ ਤੇ ਦੋ ਹੋਰ ਸਾਥੀਆਂ ਨੂੰ, ਦੋ ਰਾਹ ਵਿਚ ਕਪਤਾਨ ਨਾਲ ਝਗੜੇ ਸਨ, ਗਰਿਫਤਾਰ ਕਰਕੇ ਲੁਧਿਆਣੇ ਲਿਜਾਇਆ ਗਿਆ। ਲੁਧਿਆਣੇ ਲਿਆ ਕੇ ਪਹਿਲੇ ਤਿੰਨ ਦਿਨ ਤਾਂ ਖੁਲ੍ਹਾ ਹੀ ਪੁਲਸ ਦੀ ਨਿਗਰਾਨੀ ਵਿਚ ਰੱਖਿਆ ਗਿਆ। ਪਹਿਲਾਂ ਇਕ ਦਿਨ ਭਾਈ ਸੋਹਣ ਸਿੰਘ ਪੁਲਸ ਦੀ ਨਿਗਰਾਨੀ ਵਾਲੇ ਸਿਪਾਹੀ ਨੂੰ ਨਾਲ ਲੈ ਕੇ ਬਾਜ਼ਾਰ ਵਿਚ ਫਿਰ ਰਹੇ ਸਨ, ਕਿ ਭਾਈ ਕਰਤਾਰ ਸਿੰਘ ਸਰਾਭਾ ਭਾਈ ਜੀ ਨੂੰ ਮਿਲਿਆ ਤੇ ਪੰਜਾਬ ਵਿਚ ਕੰਮ ਚਲਾਉਣ ਬਾਰੇ ਗੱਲਾਂ ਬਾਤਾਂ ਕੀਤੀਆਂ। ਚੌਥੇ ਦਿਨ ਬਾਕੀ ਦੋਂਹ ਨੂੰ ਤਾਂ ਛੱਡ ਦਿਤਾ ਤੇ ਇਹਨਾਂ ਨੂੰ ਲੁਧਿਆਣੇ ਜੇਹਲ ਵਿਚ ਬੰਦ ਕਰ ਦਿਤਾ। ਅੱਠ ਦਿਨ ਹੋਰ ਏਥੇ ਰੱਖਕੇ ਉਹਨਾਂ ਨੂੰ ਮੁਲਤਾਨ ਜੇਹਲ ਵਿਚ ਲਿਜਾ ਕੇ ਫ਼ਾਂਸੀ ਕੋਠੜੀਆਂ ਵਿਚ ਬੰਦ ਕਰ ਦਿਤਾ ਗਿਆ। ਜਦ ਇਹਨਾਂ ਨੂੰ ਬੰਦ ਘੋੜਾ ਗੱਡੀ ਵਿੱਚ ਪੁਲਸ ਦੇ ਸਖ਼ਤ ਪਹਿਰੇ ਹੇਠ ਸਟੇਸ਼ਨ ਨੂੰ ਲਿਜਾਇਆ ਜਾ ਰਿਹਾ ਸੀ ਤਾਂ ਭਾਈ ਕਰਤਾਰ ਸਿੰਘ ਸਰਾਭਾ ਉਨ੍ਹਾਂ ਨੂੰ ਫੇਰ ਮਿਲਿਆ ਤੇ ਸਟੇਸ਼ਨ ਉਤੇ ਦੋਵੇਂ ਗੱਲਾਂ ਬਾਤਾਂ ਕਰਦੇ ਰਹੇ।[3]

ਕੁਝ ਹੋਰ ਜਹਾਜ਼ਾਂ ਤੋਂ ਬਾਅਦ 29 ਅਕਤੂਬਰ, 1914 ਨੂੰ 'ਤੋਸ਼ਾ ਮਾਰੂ' ਜਹਾਜ਼ ਕਲਕੱਤੇ ਆ ਕੇ ਲੱਗਾ। ਇਸ ਵਿਚ 173[4] ਮੁਸਾਫਰ ਸਨ। ਗ਼ਦਰ ਲਹਿਰ ਦੇ ਲੀਡਰ ਇਸੇ ਜਹਾਜ਼ ਵਿਚ ਸਨ। ਇਹ ਸਾਰੇ ਦੇ ਸਾਰੇ ਕਲਕੱਤਿਓਂ ਇੱਕ ਗੱਡੀ ਵਿੱਚ ਚਾਹੜ ਕੇ ਰਾਏਵਿੰਡ ਲੈ ਆਂਦੇ। ਇਥੇ ਆ ਕੇ ਸਭ ਨੂੰ ਉਤਾਰ ਲਿਆ। ਸੀ.ਆਈ.ਡੀ. ਦਾ ਇਕ ਅਫਸਰ ਦਸਖ਼ਤਾਂ ਵਾਲੇ ਖ਼ਾਲੀ

---

1. ਭਾਈ ਸੋਹਣ ਸਿੰਘ ਭਕਨਾ ਤੇ ਭਾਈ ਕਸੇਰ ਸਿੰਘ ਠੱਠਗੜ੍ਹ ਦੇ ਬਿਆਨ
2. ਘਾਟ (ਅ) ਅਕਤੂਬਰ, 1914 ਕਾਰਵਾਈ ਨੰ. 39
3. ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ ਤੇ ਕਝ 'ਗ਼ਦਰ ਸਾਜ਼ਸ਼ ਦੀ ਵਿਥਿਆ' ਸਫਾ 61 ਵਿਚੋਂ
4. ਹੋਮ (ਪੋਲੀਟੀਕਲ) ੳ, ਜੂਨ 1915 ਕਾਰਵਾਈ 345-69, ਸਫਾ 39-44

ਵਾਰੰਟ ਲੈ ਕੇ ਆਇਆ। ਇਕ ਸੌ ਆਦਮੀਆਂ ਦੇ ਨਾਂ ਭਰ ਲਏ ਗਏ। ਓਡਵਾਇਰ ਲਿਖਦਾ ਹੈ—

"ਇਨਸਪੈਕਟਰ ਜਨਰਲ ਪੁਲਸ ਤੇ ਆਪਣੇ ਸਲਾਹਕਾਰਾਂ ਦੀ ਰਾਏ ਦੇ ਉਲਟ ਮੈਂ ਇਹਨਾਂ ਨੂੰ ਜੇਹਲ ਬੰਦ ਕਰਨ ਦਾ ਹੁਕਮ ਦੇ ਦਿਤਾ।"

ਇਹਨਾਂ ਨੂੰ ਮੁਲਤਾਨ ਤੇ ਮਿੰਟਗੁਮਰੀ ਦੀਆਂ ਜੇਹਲਾਂ ਵਿਚ ਬੰਦ ਕਰ ਦਿੱਤਾ ਗਿਆ। ਫੇਰ 9 ਮਿੰਟਗੁਮਰੀਓਂ ਤੇ 13 ਮੁਲਤਾਨ ਤੋਂ (ਸਾਮਰਾਜ ਵਾਸਤੇ) ਖ਼ਤਰਨਾਕ ਸਮਝਕੇ ਦੂਸਰਿਆਂ ਤੋਂ ਅਲੱਗ ਕਰ ਲਏ ਗਏ[1] ਬਾਕੀਆਂ ਵਿਚੋਂ 65 ਨੂੰ ਪਹਿਲਾਂ 1914 ਦੇ ਚੌਥੇ ਫੁਰਮਾਨ ਹੇਠ ਤੇ ਫੇਰ 'ਹਿੰਦ ਦੀ ਰਾਖੀ' ਦੇ ਕਾਨੂੰਨ ਹੇਠ ਜੇਹਲਾਂ ਵਿਚ ਬੰਦ ਕਰ ਦਿਤਾ ਗਿਆ 10। ਅਠਾਰਾਂ ਪਿੰਡਾਂ ਵਿਚ ਬੰਦ ਕਰ ਦਿੱਤੇ ਗਏ। ਅੰਗਰੇਜ਼ੀ ਸਾਮਰਾਜ ਵੱਲੋਂ ਇਸ ਨੂੰ ਸਿੱਖਾਂ ਦੇ ਲਹਿਰ ਸਮਝ ਕੇ ਕਈ ਹਿੰਦੂ, ਮੁਸਲਮਾਨ ਤੇ ਮੋਨੇ ਗ਼ਦਰੀ ਛੱਡ ਦਿਤੇ ਜਾਂਦੇ ਰਹੇ ਤੇ ਬਾਹਲਾ ਕੇਸਾਂ ਵਾਲਿਆਂ ਨੂੰ ਹੀ ਡੱਕਿਆ ਜਾਂਦਾ ਰਿਹਾ। ਇਸ ਤਰ੍ਹਾਂ ਪੰਡਤ ਜਗਤ ਰਾਮ, ਭਾਈ ਪਿਰਥੀ ਸਿੰਘ ਆਜ਼ਾਦ, ਸ੍ਰੀ ਪਰਮਾਨੰਦ ਝਾਂਸੀ ਤੇ ਅਨੇਕਾਂ ਵਰਕਰ ਜੇਹਲ ਜਾਣੋਂ ਤੇ ਪਿੰਡ ਬੰਦ ਹੋਣੋਂ ਬਚ ਗਏ।

ਇਸੇ ਤਰ੍ਹਾਂ ਕਲਕੱਤੇ ਤੇ ਕੋਲੰਬੂ ਦੇ ਘਾਟਾਂ ਉਤੇ ਜੋ ਹਿੰਦੀ ਆਉਂਦੇ, ਉਹਨਾਂ ਨਾਲ ਵੀ ਇਸ ਫੁਰਮਾਨ ਰਾਹੀਂ ਇਹੀ ਹਾਲ ਹੁੰਦਾ, ਕੁਝ ਜੇਹਲੀਂ ਬੰਦ, ਕੁਝ ਪਿੰਡੀਂ ਡੱਕੇ ਤੇ ਬਾਕੀ ਛੱਡ ਦਿਤੇ ਜਾਂਦੇ। ਸਰਕਾਰੀ ਮਿਸਲਾਂ ਫੋਲਿਆਂ ਤੇ ਸਰਕਾਰੀ ਲਿਖਤਾਂ ਪੜ੍ਹਿਆਂ ਇਹ ਪਤਾ ਲੱਗਦਾ ਹੈ ਕਿ 16 ਫ਼ਰਵਰੀ, 1915 ਤੱਕ ਕਲਕੱਤੇ ਤੇ ਲੁਧਿਆਣੇ 3125 ਬਾਹਰੋਂ ਆਏ ਹਿੰਦੀ ਪੰਜਾਬ ਦੀ ਪੁਲਸ ਦੇ ਹੱਥ ਵਿਚ ਦੀ ਲੰਘੇ। ਇਹਨਾਂ ਵਿੱਚੋਂ 189 ਜੇਹਲਾਂ ਤੇ 704 ਪਿੰਡਾਂ ਵਿਚ ਬੰਦ ਕੀਤੇ ਅਤੇ 2211 ਛੱਡ ਦਿੱਤੇ ਗਏ। (ਫੇਰ) ਇਸ 'ਫੁਰਮਾਨ' ਹੇਠ 19 ਅਕਤੂਬਰ, 1914 ਤੋਂ ਲੈ ਕੇ ਦਸੰਬਰ, 1917 ਤੱਕ 331 ਆਦਮੀ ਜੇਹਲ ਬੰਦ ਤੇ 2576 ਪਿੰਡਾਂ ਵਿਚ ਬੰਦ ਕੀਤੇ ਗਏ।[2] ਇਕ ਹੋਰ ਲਿਖਤ ਅਨੁਸਾਰ 1 ਸਤੰਬਰ, 1914 ਤੋਂ ਲੈ ਕੇ 1918 ਦੇ ਅਖ਼ੀਰ ਤੱਕ 1908 ਪਿੰਡ ਬੰਦੀਆਂ ਹਟਾਈਆਂ ਗਈਆਂ ਤੇ 259 ਜੇਹਲ ਬੰਦੀਆਂ ਅਤੇ 1919 ਵਿਚ ਅਤੇ 547 ਆਦਮੀ ਪਿੰਡਾਂ ਵਿਚ ਤੇ 16 ਜੇਹਲੀਂ ਬੰਦ ਸਨ।[3] ਉਹ ਗ਼ਦਰੀ ਇਸ ਹਿਸਾਬ ਤੋਂ ਵਖਰੇ ਹਨ ਜਿਨ੍ਹਾਂ ਉਤੇ ਬੰਦੀਆਂ ਵਿਚੋਂ ਕੱਢਕੇ ਮੁਕੱਦਮੇ ਚਲਾ ਦਿਤੇ ਗਏ। ਇਸ ਹਿਸਾਬ ਨਾਲ 2455 ਪਿੰਡਾਂ ਵਿਚ ਤੇ 275 ਜੇਹਲਾਂ ਵਿਚ ਬੰਦ ਕੀਤੇ। ਕੁਲ 2730 ਆਦਮੀ ਪੁਲਸ, ਪਿੰਡਾਂ ਦੇ ਨੰਬਰਦਾਰ, ਚੌਕੀਦਾਰ ਤੇ ਹੋਰ ਸਰਕਾਰੀ ਚਾਟੜੇ ਪੁੱਛ ਪੜਤਾਲ ਤੇ ਨਿਗਰਾਨੀ ਰੱਖਦੇ ਸਨ।[4]

ਲਾਰਡ ਹਾਰਡਿੰਗ ਆਪਣੀ ਕਿਤਾਬ, 'ਮੇਰੇ ਹਿੰਦੀ ਸਾਲ (1910-16)' ਸਫ਼ਾ 116 ਉਤੇ ਲਿਖਦਾ ਹੈ :

"ਓਡਵਾਇਰ ਦੀ ਦਰਖ਼ਾਸਤ ਉਤੇ ਮੈਂ 300 ਤੋਂ ਵਧ ਸਿੱਖ ਇਨਕਲਾਬੀਆਂ ਨੂੰ ਬੰਗਾਲ ਦੇ 1818 ਵਾਲੇ ਤੀਜੇ ਰੈਗੂਲੇਸ਼ਨ (ਨਿਯਮ ਪੱਤਰ) ਹੇਠ ਗਰਿਫਤਾਰ ਕਰਕੇ ਜੇਹਲਾਂ ਵਿਚ ਬੰਦ ਕਰਨ ਤੇ ਇਸ ਤੋਂ ਕਿਤੇ ਵੱਧ ਤੋਂ ਪੁਲਸ ਦੀ ਨਿਗਰਾਨੀ ਹੇਠ ਰੱਖਣ ਦੇ ਅਖਤਿਆਰ ਦਿੱਤੇ।"

---

1. 'ਗ਼ਦਰ ਸਾਜ਼ਸ਼ ਦੀ ਵਿਥਿਆ' ਸਫਾ 63, 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 195
2. ਰੌਲਟ ਰਿਪੋਰਟ', ਸਫਾ 156 ਤੇ 160
3. 'ਗਦਰ ਸਾਜ਼ਸ਼ ਦੀ ਵਿਥਿਆ' ਸਫਾ 147
4. ਮਿਲਖਾ ਸਿੰਘ ਢੁਡੀਕੇ ਦਾ ਬਿਆਨ

ਗੱਲ ਕੀ ਸਾਮਰਾਜ ਨੇ ਬਾਹਰੋਂ ਦੇਸ਼ ਵਿਚ ਆ ਰਹੀ ਇਸ ਲਹਿਰ ਨੂੰ ਦੇਸ਼ ਵਿਚ ਵੜਦਿਆਂ ਹੀ ਨੱਪਣ ਦਾ ਜਤਨ ਕੀਤਾ। ਲੀਡਰਸ਼ਿਪ ਤਕਰੀਬਨ ਆਉਂਦਿਆਂ ਹੀ ਸਾਰੀ ਫੜ ਲਈ। ਪਰਧਾਨ ਭਾਈ ਸੋਹਣ ਸਿੰਘ ਭਕਨਾ, ਦੋਵੇਂ ਮੀਤ ਪਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ ਤੇ ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸ਼ੇਰ ਸਿੰਘ ਵੇਈਂ ਪੋਈਂ, ਭਾਈ ਈਸ਼ਰ ਸਿੰਘ ਮਰਹਾਣਾ, ਮਾਸਟਰ ਊਧਮ ਸਿੰਘ ਕਸੇਲ ਆਦਿ ਆਗੂ ਜਿਹਲ ਵਿਚ ਬੰਦ ਕਰਕੇ ਲਹਿਰ ਵਿਚ ਨਾ ਰਲਣ ਦਿੱਤੇ ਗਏ। ਲਹਿਰ ਦੀ ਅਗਵਾਈ ਦੀ ਗੁੱਲੀ ਕਮਜ਼ੋਰ ਕਰ ਦਿਤਾ। ਸਾਮਰਾਜ ਪਹਿਲੀ ਚੋਟ ਵਿਚ ਹੀ ਕਾਫੀ ਸਫਲ ਹੋ ਗਿਆ।

ਅੱਠਵਾਂ ਕਾਂਡ

# ਇਨਕਲਾਬ ਦੀ ਤਿਆਰੀ

## ਜਥੇਬੰਦੀ

ਅੰਗਰੇਜ਼ੀ ਸਾਮਰਾਜ ਵਿਰੁੱਧ ਜੰਗ ਦੀ ਮੋਟੀ ਮੋਟੀ ਵਿਉਂਤ ਗ਼ਦਰ ਲਹਿਰ ਦੀ ਲੀਡਰਸ਼ਿਪ ਨੇ 'ਯੁਗੰਤਰ ਆਸ਼ਰਮ' ਵਿੱਚ ਹੀ ਬਣਾ ਲਈ ਸੀ। ਦੇਸ਼ ਜਾਕੇ ਕੰਮ ਕਰਨ ਵਾਲੇ ਲੀਡਰ ਤੇ ਵਰਕਰ ਭੇਜ ਦਿਤੇ ਸਨ। ਪਾਰਟੀ ਦੀ ਪਰੇਰਨਾ ਨਾਲ ਹੋਰ ਹਜ਼ਾਰਾਂ ਹਿੰਦੀ ਆਪਣੇ ਕੰਮਾਂ ਕਾਰਾਂ ਨੂੰ ਛੱਡਕੇ ਦੇਸ਼ ਤੁਰ ਜਾਂਦੇ ਸਨ। ਕਈ ਹਿੰਦੀ ਆਪਣੇ ਨਾਲ ਲਹਿਰ ਵਿਚ ਆਉਣ ਲਈ ਪੈਸਾ ਤੇ ਹਥਿਆਰ ਵੀ ਲੈ ਗਏ। ਮਗਰੋਂ ਹੋਰ ਪੈਸਾ ਤੇ ਹਥਿਆਰ ਭੇਜਣ ਦੀਆਂ ਡਿਊਟੀਆਂ ਲਾਈਆਂ ਗਈਆਂ। ਦੇਸ਼ ਤੇ ਪਰਦੇਸ਼ ਦੀ ਲਹਿਰ ਨੂੰ ਜੋੜੀ ਰੱਖਣ ਲਈ ਅਮਰੀਕਾ ਤੇ ਕੈਨੇਡਾ ਤੋਂ ਇਲਾਵਾ ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਬੰਕਾਕ ਤੇ ਰੰਗੂਨ ਵਿੱਚ ਅੱਡੇ ਬਣਾ ਕੇ ਵਰਕਰ ਥਾਪੇ ਗਏ। ਜਿਸ ਤਰ੍ਹਾਂ ਭਾਈ ਭਗਵਾਨ ਸਿੰਘ ਦਾ ਜਾਪਾਨ, ਚੀਨ ਦੇ ਘਾਟਾਂ ਤੇ ਮਨੀਲਾ ਆਦਿ ਥਾਂਵਾਂ ਤੋਂ ਵਰਕਰ ਦੇਸ਼ ਨੂੰ ਭੇਜਣੇ ਤੇ ਖ਼ਾਸ ਕਰ ਬਰਮਾ ਤੇ ਬੰਕਾਕ ਦੇ ਮੋਰਚੇ ਦੀ ਸਹਾਇਤਾ ਪੁਚਾਉਣੀ, ਭਾਈ ਸੰਤੋਖ ਸਿੰਘ ਦਾ ਸਿਆਮ, ਸਿੰਘਾਪੁਰ ਤੇ ਮਲਾਯਾ ਦੇ ਮੋਰਚੇ ਨੂੰ ਚਲਾਉਣ ਜਾਣਾ ਤੇ ਪੰਡਤ ਸੋਹਣ ਲਾਲ ਪਾਠਕ ਰੰਗੂਨ ਤੇ ਬਰਮਾ। ਪੰਡਤ ਕਾਂਸ਼ੀ ਰਾਮ ਮੜੌਲੀ ਨੇ ਰੁਪਿਆ ਤੇ ਕੁਝ ਹਥਿਆਰ ਪੰਜਾਬ ਨੂੰ ਨਾਲ ਲੈ ਜਾਣੇ ਸਨ, ਜਿਸ ਕਰਕੇ ਉਹ ਜ਼ਰਾ ਪਛੜਕੇ ਗਏ।

ਦੇਸ਼ ਨੂੰ ਆ ਰਹੇ ਲੀਡਰਾਂ ਨੇ ਰਸਤੇ ਵਿਚ ਜਹਾਜ਼ ਉਤੇ ਆਉਂਦਿਆਂ ਆਪਣੇ ਕੰਮ ਦੀ ਅਗਾਂਹ ਹੋਰ ਵੰਡ ਕਰ ਲਈ, ਕਿਉਂਕਿ ਕਈ ਵਰਕਰ ਕੈਨੇਡਾ ਤੇ ਪੂਰਬੀ ਟਾਪੂਆਂ ਤੋਂ ਨਾਲ ਆ ਰਲੇ ਸਨ, ਇਹਨਾਂ ਨੂੰ ਕੰਮ ਦੀ ਸਕੀਮ ਵਿਚ ਲੈਣਾ ਸੀ। ਚੰਗੇ ਲੰਮੇ ਚੌੜੇ ਸਲਾਹ ਮਸ਼ਵਰੇ ਤੋਂ ਬਾਅਦ 'ਤੋਸ਼ਾ ਮਾਰੂ' ਜਹਾਜ਼ ਵਿਚ ਇਕ ਹਾਈ ਕਮਾਂਡ ਕਮੇਟੀ ਚੁਣੀ ਗਈ, ਜਿਸ ਦੇ ਆਗੂ ਭਾਈ ਕੇਸਰ ਸਿੰਘ ਠੱਠਗੜ੍ਹ, ਮੀਤ ਪਰਧਾਨ ਗ਼ਦਰ ਪਾਰਟੀ ਥਾਪੇ ਗਏ। ਇਹਨਾਂ ਤੋਂ ਇਲਾਵਾ ਇਸ ਕਮੇਟੀ ਵਿਚ ਭਾਈ ਜਵਾਲਾ ਸਿੰਘ ਠੱਠੀਆਂ ਮੀਤ ਪਰਧਾਨ, ਭਾਈ ਨਿਧਾਨ ਸਿੰਘ ਚੁੱਘਾ, ਪੰਡਤ ਜਗਤ ਰਾਮ ਹਰਿਆਣਾ, ਭਾਈ ਅਰੂੜ ਸਿੰਘ ਚੂਹੜਚੱਕ, ਭਾਈ ਸ਼ੇਰ ਸਿੰਘ ਵੇਈਂ ਪੋਈਂ ਤੇ ਦੋ ਅਮਰ ਸਿੰਘ ਮੋਰਾਂਵਾਲੀ ਜਲੰਧਰ ਤੇ ਮੂਲਾ ਸਿੰਘ ਮੀਰਾਂਕੋਟ ਅੰਮ੍ਰਿਤਸਰ (ਦੋਵੇਂ ਪਿੱਛੋਂ ਗੰਦੇ ਨਿਕਲੇ) ਲਏ ਗਏ।[1]

ਕੰਮ ਦੀ ਵਿਉਂਤ ਇਹ ਬਣੀ ਕਿ—

1. ਦੇਸ਼ ਜਾ ਕੇ ਅੰਗਰੇਜ਼ੀ ਰਾਜ ਦੇ ਖ਼ਿਲਾਫ਼ ਚੱਲ ਰਹੀਆਂ ਸੰਪਰਦਾਇਕ ਲਹਿਰਾਂ ਤੇ ਇਨਕਲਾਬੀ ਗਰੁੱਪਾਂ ਦੇ ਲੀਡਰਾਂ ਨੂੰ ਮਿਲਿਆ ਜਾਏ ਤੇ ਆਪਣੇ ਨਾਲ ਜੋੜਿਆ ਜਾਏ।
2. ਹੱਠਲ ਵਰਕਰ ਪਿੰਡਾਂ ਵਿੱਚ ਫਿਰ ਕੇ ਪਰਚਾਰ ਕਰਨ ਤੇ ਲੋਕਾਂ ਨੂੰ ਅੰਗਰੇਜ਼ੀ ਸਾਮਰਾਜ

---

1. ਭਾਈ ਕੇਸਰ ਸਿੰਘ ਠੱਠਗੜ੍ਹ ਤੇ ਭਾਈ ਸ਼ੇਰ ਸਿੰਘ ਵੇਈਂ ਪੋਈਂ ਦੇ ਬਿਆਨ ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 67

ਤੋਂ ਆਜ਼ਾਦੀ ਹਾਸਲ ਕਰਨ ਲਈ ਇਸ ਲੜਾਈ ਵਿਚ ਸ਼ਾਮਲ ਹੋਣ ਲਈ ਤਿਆਰ ਕਰਨ।

3. ਇਕ ਕਮੇਟੀ ਮੈਂਬਰ ਤੇ ਮਾਤਹਿਤ ਕੁਝ ਵਰਕਰ ਲਾਏ ਜਾਣ ਜੋ ਛਾਉਣੀਆਂ ਵਿਚ ਜਾ ਕੇ ਪਰਚਾਰ ਕਰਨ ਤੇ ਫੌਜੀਆਂ ਨੂੰ ਆਪਣੇ ਨਾਲ ਰਲਾਉਣ।

4. ਹਥਿਆਰ ਪਰਾਪਤ ਕਰਨਾ ਤਾਂ ਹਰ ਗ਼ਦਰੀ ਵਾਸਤੇ ਇੱਕ ਜ਼ਰੂਰੀ ਕੰਮ ਸੀ, ਪਰ ਫੇਰ ਵੀ ਇਸ ਕੰਮ ਉਤੇ ਖ਼ਾਸ ਆਦਮੀ ਲਾਏ ਜਾਣ।

5. ਲੋਕਾਂ ਤੇ ਫੌਜਾਂ ਵਿਚ ਕੰਮ ਕਰਨ ਲਈ ਗ਼ਦਰੀ ਲਿਖਤਾਂ ਛਾਪੀਆਂ ਤੇ ਵੰਡੀਆਂ ਜਾਣ। ਇਹਨਾਂ ਨੂੰ ਛਾਪਣ ਤੇ ਵੰਡਣ ਦਾ ਖ਼ਾਸ ਇੰਤਜ਼ਾਮ ਕੀਤਾ ਜਾਵੇ।[1]

6. ਆਪਣੀ ਆਜ਼ਾਦੀ ਲਈ ਲੜ ਰਹੀਆਂ, ਦੂਸਰੇ ਦੇਸ਼ਾਂ ਦੀਆਂ ਲਹਿਰਾਂ ਨਾਲ ਜੋੜ ਜੋੜਿਆ ਤੇ ਉਹਨਾਂ ਤੋਂ ਸਹਾਇਤਾ ਲਈ ਜਾਏ।

7. ਅੰਗਰੇਜ਼ੀ ਸਾਮਰਾਜ ਵਿਰੁੱਧ ਜੰਗ ਲੜ ਰਹੀਆਂ ਤਾਕਤਾਂ (ਜਰਮਨੀ ਤੇ ਤੁਰਕੀ) ਦੀਆਂ ਅੰਗਰੇਜ਼ੀ ਤਾਕਤਾਂ ਉਤੇ ਵੱਜ ਰਹੀਆਂ ਸੱਟਾਂ ਤੋਂ ਫਾਇਦਾ ਉਠਾਇਆ ਜਾਏ ਤੇ ਹੋ ਸਕੇ ਤਾਂ ਉਹਨਾਂ ਤੋਂ ਆਪਣੇ ਕੰਮ ਵਿਚ ਸਹਾਇਤਾ ਲਈ ਜਾਵੇ।[2]

ਛੇਵੀਂ ਤੇ ਸੱਤਵੀਂ ਤਜਵੀਜ਼ ਅਨੁਸਾਰ ਮੌਲਵੀ ਬਰਕਤ ਉੱਲਾ ਨੂੰ ਪਹਿਲਾਂ ਹੀ ਜਰਮਨੀ ਤੇ ਤੁਰਕੀ ਥਾਣੀ ਕਾਬਲ ਭੇਜ ਦਿੱਤਾ ਗਿਆ ਸੀ ਕਿ ਉਹ ਜਰਮਨੀ ਤੇ ਤੁਰਕੀ ਨੂੰ ਟੋਹਵੇ ਤੇ ਸ਼ਾਹ ਅਫ਼ਗਾਨਿਸਤਾਨ ਨੂੰ ਗ਼ਦਰ ਲਹਿਰ ਦੀ ਸਹਾਇਤਾ ਕਰਨ ਵਾਸਤੇ ਮਨਾਏ ਤੇ ਸਰਹੱਦੀ ਪਠਾਣਾਂ ਦੀ ਲਹਿਰ ਨੂੰ ਗ਼ਦਰ ਲਹਿਰ ਨਾਲ ਜੋੜੇ। ਬਾਬੂ ਹਰਨਾਮ ਸਿੰਘ ਸਾਹਰੀ, ਜੋ ਸਿਆਟਲ ਰਹਿੰਦੇ ਸਨ, ਭਾਈ ਹਰਦਿੱਤ ਸਿੰਘ ਲੰਮੇ ਅਤੇ ਭਾਈ ਕਪੂਰ ਸਿੰਘ ਮੋਹੀ ਟੋਕੀਓ ਵਿਚ ਪਨਾਹਗੀਰ ਚੀਨ ਦੀ ਕੌਮੀ ਲਹਿਰ ਦੇ ਲੀਡਰ ਡਾਕਟਰ ਸਨਯਾਤ ਸੇਨ ਨੂੰ ਮਿਲੇ ਤੇ ਉਸ ਨਾਲ ਹਿੰਦ ਦੀ ਆਜ਼ਾਦੀ ਦੀ ਲਹਿਰ ਲਈ ਸਹਾਇਤਾ ਲੈਣ ਵਾਸਤੇ ਗੱਲਬਾਤ ਕੀਤੀ। ਸਨਯਾਤ ਸੇਨ ਨੇ ਕਿਹਾ—

"ਮੈਂ ਤਨੋਂ ਮਨੋਂ ਹਿੰਦੁਸਤਾਨ ਦੀ ਆਜ਼ਾਦੀ ਦਾ ਹਾਮੀ ਹਾਂ। ਜਿਥੋਂ ਤੱਕ ਚੀਨ ਵੱਲੋਂ ਮਦਦ ਦਾ ਸਵਾਲ ਹੈ। ਉਹ ਤਿੰਨ ਕੁ ਮਹੀਨੇ ਬਾਅਦ ਹੋ ਸਕੇਗੀ। ਮਾਰਚ 1915 ਨੂੰ ਚੀਨ ਦਾ ਰਾਜਸੀ ਤਖ਼ਤਾ ਉਲਟ ਜਾਏਗਾ, ਮੇਰੀ ਪਾਰਟੀ ਜਿੱਤ ਜਾਏਗੀ। ਫਿਰ ਮੈਂ ਹਰ ਤਰ੍ਹਾਂ ਤੁਹਾਡੀ ਮਦਦ ਕਰਾਂਗਾ।"[3]

ਡਾਕਟਰ ਸਨਯਾਤ ਸੇਨ ਨੇ ਬਾਬੂ ਹਰਨਾਮ ਸਿੰਘ ਦੀ ਜਾਪਾਨ ਦੇ ਪਰਧਾਨ ਮੰਤਰੀ ਨਾਲ ਮੁਲਾਕਾਤ ਕਰਵਾਈ। ਪਰ ਇਹ ਰੋਕ ਲਾਕੇ ਕਿ—

"ਜਾਪਾਨ ਜੰਗ ਵਿਚ ਅੰਗਰੇਜ਼ਾਂ ਦਾ ਯਾਰ ਹੈ, ਇਸ ਲਈ ਉਸ ਨਾਲ ਗ਼ਦਰ ਦੀ ਗੱਲ ਨਹੀਂ ਕਰਨੀ।"

ਇਹ ਵਾਕਫ਼ੀ ਅਗਾਂਹ ਦੇ ਕੰਮ ਵਿਚ ਸਹਾਇਤਾ ਕਰਾਉਣ ਲਈ ਕਾਰਵਾਈ ਗਈ

---

1. ਲਾਹੌਰ ਸਾਜ਼ਿਸ਼ ਦਾ ਪਹਿਲਾ ਮੁਕੱਦਮਾ, (ਫੈਸਲਾ) ਸਫਾ 24
2. ਜੀਵਨ ਦੀ ਸੰਖੇਪ ਖ਼ਾਕਾ
3. ਬਾਬਾ ਹਰਦਿੱਤ ਸਿੰਘ ਲੰਮੇ ਜੱਟਪੁਰਾ ਦਾ ਬਿਆਨ

ਸੀ।[1]

ਹਿੰਦੀਆਂ ਦੀ ਸਵਾਰੀ ਲੈ ਜਾ ਰਹੇ ਜਹਾਜ਼ਾਂ ਨੂੰ ਜਰਮਨ ਦੇ ਮਾਰੂ ਜਹਾਜ਼ ਐਮਡਨ ਤੋਂ ਬਚਾਉਣ ਲਈ ਗ਼ਦਰ ਪਾਰਟੀ ਦੇ ਪਰਧਾਨ ਭਾਈ ਸੋਹਣ ਸਿੰਘ ਟੋਕੀਓ ਦੇ ਜਰਮਨ ਸਫ਼ੀਰ ਨੂੰ ਮਿਲੇ, ਫੇਰ ਹਾਂਗਕਾਂਗ ਵਿਚ ਅਟਕੇ ਹੋਏ ਗ਼ਦਰੀ ਲੀਡਰ ਭਾਈ ਕੇਸਰ ਸਿੰਘ ਆਦਿ ਕੈਨਟਨ ਵਿਚ ਸਥਾਪਤ ਜਰਮਨ ਕੌਂਸਲ ਨੂੰ ਜਾ ਕੇ ਮਿਲੇ ਤੇ ਉਹਨਾਂ ਤੋਂ ਆਪਣੀ ਲਹਿਰ ਵਾਸਤੇ ਸਹਾਇਤਾ ਦੀ ਮੰਗ ਕੀਤੀ। ਇਨ੍ਹਾਂ ਨੇ ਲੋੜ ਪੈਣ ਉਤੇ ਸਹਾਇਤਾ ਕਰਨ ਦਾ ਯਕੀਨ ਦਿਵਾਇਆ।[2] ਇਹਨਾਂ ਮੁਲਾਕਾਤਾਂ ਦਾ ਹੀ ਨਤੀਜਾ ਸੀ, ਕਿ ਕਿਸੇ ਉਸ ਜਹਾਜ਼ ਉਤੇ ਐਮਡਨ ਨੇ ਹਮਲਾ ਨਹੀਂ ਕੀਤਾ, ਜਿਸ ਵਿਚ ਹਿੰਦੀ ਗ਼ਦਰੀ ਜਾ ਰਹੇ ਹੋਣ।

ਪੰਡਤ ਕਾਂਸ਼ੀ ਰਾਮ ਮੜੌਲੀ, ਖ਼ਜ਼ਾਨਚੀ ਗ਼ਦਰ ਪਾਰਟੀ ਆਪਣੇ ਜ਼ੁਮੇ ਲਗੇ ਕੰਮ ਦਾ ਬੰਦੋਬਸਤ ਕਰਕੇ 12 ਨਵੰਬਰ 1914 ਨੂੰ 'ਲਾਮਾ' ਜਹਾਜ਼ ਵਿੱਚੋਂ ਕਲਕੱਤੇ ਉੱਤਰੇ। ਉਹਨਾਂ ਰੁਪਿਆ ਵੀ ਆਂਦਾ ਤੇ ਕੁਝ ਪੇਟੀਆਂ ਹਥਿਆਰ ਪਤੇ ਦੀਆਂ ਵੀ ਦੇਸ਼ ਨੂੰ ਬੁੱਕ ਕਰਵਾਈਆਂ। ਪਰ ਅੰਗਰੇਜ਼ੀ ਸਾਮਰਾਜ ਵੱਲੋਂ ਹਿੰਦੀਆਂ ਨੂੰ ਲਿਆ ਰਹੇ ਜਹਾਜ਼ਾਂ ਦੇ ਆਉਣ ਵਿਚ ਪਾਏ ਜਾ ਰਹੇ ਅਟਕਾ ਤੇ ਸਾਮਰਾਜੀ ਪੁਲਸ ਵੱਲੋਂ ਘਾਟਾਂ ਉਤੇ ਆਏ ਆਦਮੀਆਂ ਅਤੇ ਮਾਲ ਦੀ ਛਾਨ ਬੀਨ ਦੇ ਕਾਰਨ ਇਹ ਪੇਟੀਆਂ ਆਸ ਤੋਂ ਬਹੁਤ ਪਛੜ ਕੇ ਕਲਕੱਤੇ ਪਹੁੰਚੀਆਂ। ਕਲਕੱਤੇ ਦੀ ਪੁਲਸ ਨੇ ਇਹਨਾਂ ਵਿੱਚੋਂ 27 ਮਾਰਚ, 1914 ਨੂੰ ਦੋ ਪੇਟੀਆਂ 'ਕਵਾਚਾ ਮਾਰੂ' ਜਹਾਜ਼ ਉਤੋਂ ਫੜੀਆਂ, ਜਿਹਨਾਂ ਉਤੇ ਅੰਗਰੇਜ਼ੀ ਵਿਚ ਕ.ਰ.ਮ. ਤੇ ਕ. ਰਾਮ ਲਿਖਿਆ ਹੋਇਆ ਸੀ। ਇਹਨਾਂ ਵਿੱਚ ਉਤੇ ਹੋਰ ਮਾਲ ਭਰਿਆ ਹੋਇਆ ਸੀ, ਪਰ ਹੇਠਾਂ ਦੂਹਰੇ ਥੱਲੇ ਲਾਕੇ ਦੋ ਰਫਲਾਂ, ਇਕ ਮੌਜ਼ਰ ਪਿਸਤੌਲ, 1500 ਰਫਲਾਂ ਦੀਆਂ ਗੋਲੀਆਂ ਤੇ 300 ਪਿਸਤੌਲਾਂ ਦੇ ਤੇ ਕਾਰਤੂਸ ਲੁਕਾਏ ਹੋਏ ਲੱਭੇ।[3]

ਬਾਹਰੋਂ ਆਇਆਂ ਹਿੰਦੀਆਂ ਨੂੰ ਫੜਨ ਲਈ ਲਾਈਆਂ ਥੌਰਾਂ ਵਿਚ ਕਈ ਗ਼ਦਰੀ ਲੀਡਰ ਤੇ ਅਨੇਕਾਂ ਵਰਕਰ ਨਾ ਫਸੇ ਤੇ ਕਈ ਫਸੇ ਹੋਏ ਵੀ ਨਿਕਲ ਗਏ।[4] ਭਾਈ ਕਰਤਾਰ ਸਿੰਘ ਸਰਾਭਾ ਤਾਂ ਪਹਿਲਾਂ ਹੀ ਕੋਲੰਬੂ ਥਾਣੀ ਆ ਗਿਆ ਸੀ। ਭਾਈ ਨਿਧਾਨ ਸਿੰਘ ਚੁੱਘਾ, ਹਰਨਾਮ ਸਿੰਘ ਟੁੰਡੀਲਾਟ, ਭਾਈ ਭਗਤ ਸਿੰਘ ਉਰਫ ਗਾਂਧਾ ਸਿੰਘ ਕੱਚਰਭੰਨ ਕੋਲੰਬੂ ਆ ਗਏ। ਸ੍ਰੀ ਪਰਮਾਨੰਦ ਝਾਂਸੀ, ਪੰਡਤ ਜਗਤ ਰਾਮ ਤੇ ਭਾਈ ਪਿਰਥੀ ਸਿੰਘ ਲਾਲੜੂ ਕਲਕੱਤਿਓਂ ਲੁਧਿਆਣੇ ਨੂੰ ਗੱਡੀ ਉਤੋਂ ਰਾਹੋਂ ਹੀ ਉੱਤਰ ਗਏ ਤੇ ਗਾਰਦ ਨੇ ਗ਼ੈਰ ਸਿੱਖ ਸਮਝ ਕੇ ਇਸ ਗੱਲ ਨੂੰ ਨਾ ਗੌਲਿਆ। ਭਾਈ ਗੁੱਜਰ ਸਿੰਘ ਭਕਨਾ, ਭਾਈ ਪਰੇਮ ਸਿੰਘ ਤੇ ਭਾਈ ਜਗਤ ਸਿੰਘ ਸੁਰਸਿੰਘੀਏ ਵੀ ਪੁਲਸੀ ਨਿਗਾਹ ਵਿਚ ਨਾ ਆਏ। ਭਾਈ ਜੀਵਨ ਸਿੰਘ ਦੌਲੇ ਸਿੰਘ ਵਾਲਾ, ਭਾਈ ਰਹਿਮਤ ਅਲੀ, ਭਾਈ ਹਾਫਜ਼ ਅਬਦੁੱਲਾ ਤੇ ਬੀਬੀ ਗੁਲਾਬ ਕੌਰ ਬਖਸ਼ੀਵਾਲਾ ਵੀ ਲੁਧਿਆਣੇ ਪੁਲਸ ਦੀ ਪੁੱਛ ਪੜਤਾਲ ਵਿਚੋਂ ਬਚਕੇ ਨਿਕਲ ਆਏ।[5]

---

1. ਉਤਲਿਖਤ
2. ਬਾਬਾ ਕੇਸਰ ਸਿੰਘ ਠੱਠਗੜ੍ਹ
3. ਲਾਹੌਰ ਸਾਜ਼ਿਸ਼ ਕੇਸ, (ਫੈਸਲਾ) ਸਫਾ 162
4. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 194
5. ਅਮਰ ਸਿੰਘ ਕੋਟਲਾ ਨੌਧ ਸਿੰਘ ਦਾ ਬਿਆਨ

ਸਭ ਤੋਂ ਪਹਿਲਾਂ ਭਾਈ ਕਰਤਾਰ ਸਿੰਘ ਸਰਾਭਾ ਤੇ ਉਸ ਨਾਲ ਦੇ ਕੁਝ ਸਾਥੀ ਆਏ। ਭਾਈ ਕਰਤਾਰ ਸਿੰਘ 18 ਸਾਲ ਉਮਰ ਦਾ ਲੰਮਾ ਪਤਲਾ ਜਵਾਨ ਸੀ। ਉਹ ਬੜਾ ਮਨਚਲਾ, ਨਿੱਡਰ ਤੇ ਅਣਥੱਕ ਵਰਕਰ ਸੀ। ਉਹ ਲੁਧਿਆਣੇ ਦੇ ਗ਼ਦਰੀਆਂ ਨੂੰ ਫੜਕੇ ਲਿਆਕੇ ਰੱਖਣ ਵਾਲੇ ਜ਼ੇਲ-ਘਰ ਦੇ ਦਰਵਾਜ਼ੇ ਅੱਗੇ, ਰੇਲ ਦੇ ਸਟੇਸ਼ਨ ਉਤੇ ਤੇ ਬਜ਼ਾਰਾਂ ਵਿਚ ਖੁੱਲ੍ਹਾ ਫਿਰਦਾ। ਸਭ ਤੋਂ ਪਹਿਲਾਂ ਉਹ ਭਾਈ ਸੋਹਣ ਸਿੰਘ ਭਕਨਾ ਪਰਧਾਨ ਗ਼ਦਰ ਪਾਰਟੀ ਨੂੰ ਲੁਧਿਆਣੇ ਬਾਜ਼ਾਰ ਵਿਚ ਮਿਲਿਆ। ਪਰਧਾਨ ਨਾਲ ਗੱਲਾਂ ਬਾਤਾਂ ਕਰਕੇ ਇਹ ਸਲਾਹ ਹੋਈ ਕਿ ਦੇਸ਼ ਦੇ ਲੀਡਰਾਂ ਨੂੰ ਮਿਲਿਆ ਜਾਵੇ ਤੇ ਉਹਨਾਂ ਨੂੰ ਲਹਿਰ ਵਿਚ ਲਿਆਂਦਾ ਜਾਂ ਆਪਣਾ ਹਮਦਰਦ ਤੇ ਇਮਦਾਦੀ ਬਣਾਇਆ ਜਾਏ।[1]

ਅੰਗਰੇਜ਼ੀ ਹਕੂਮਤ ਦੇ ਇਨਕਲਾਬੀ ਲੀਡਰਾਂ ਨੂੰ ਘਾਟਾਂ ਉਤੇ ਉੱਤਰਦੀਆਂ ਹੀ ਫੜ ਲੈਣ ਨਾਲ ਪਹਿਲੀ ਬਣੀ ਜਥੇਬੰਦੀ ਦਾ ਢਾਂਚਾ ਟੁੱਟ ਗਿਆ। ਬਾਕੀ ਬਚੇ ਹੋਏ ਲੀਡਰਾਂ ਤੇ ਵਰਕਰਾਂ ਨੂੰ ਨਵੇਂ ਸਿਰਿਓਂ ਜਥੇਬੰਦੀ ਖੜੀ ਕਰਨੀ ਪਈ। ਭਾਈ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਪੰਡਤ ਜਗਤ ਰਾਮ, ਭਾਈ ਪਿਰਥੀ ਸਿੰਘ ਲਾਲੜੂ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਰੂੜ ਸਿੰਘ ਚੂਹੜਚੱਕ ਤੇ ਦੋ ਕੁ ਹੋਰ ਸਾਥੀਆਂ ਦੀ ਉਤਲੀ ਕਮੇਟੀ ਬਣਾਈ ਗਈ। ਨਵੰਬਰ ਦੇ ਦੂਸਰੇ ਹਫਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਤੇ ਤੀਸਰੇ ਹਫਤੇ ਸ਼੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਵੀ ਆ ਮਿਲੇ।[2]

ਇਸ ਦਾ ਪਹਿਲਾ ਕੰਮ ਬਾਹਰੋਂ ਆਏ ਤੇ ਆ ਰਹੇ ਆਦਮੀਆਂ ਨੂੰ ਮਿਲਣਾ, ਇਕੱਠਾ ਕਰਨਾ ਤੇ ਲਹਿਰ ਨਾਲ ਜੋੜਨਾ ਸੀ। ਪਹਿਲਾਂ ਤਾਂ ਭਾਈ ਕਰਤਾਰ ਸਿੰਘ ਤੇ ਭਾਈ ਨਿਧਾਨ ਸਿੰਘ ਚੁੱਘਾ ਪੁਲਸ ਦੇ ਲੁਧਿਆਣੇ ਫੜ ਕੇ ਲਿਆਂਦੇ ਬੰਦਿਆਂ ਨੂੰ ਮਿਲਦੇ, ਗੱਲਾਂ ਬਾਤਾਂ ਕਰਕੇ ਉਹਨਾਂ ਦਾ ਥਾਂ ਟਿਕਾਣਾ ਨੋਟ ਕਰਦੇ। ਇਸ ਤੋਂ ਇਲਾਵਾ ਇਹਨਾਂ ਇਨਕਲਾਬੀਆਂ ਨੇ ਜਹਾਜ਼ਾਂ ਵਿੱਚ ਹੀ ਦੇਸ਼ ਜਾਕੇ ਮਿਲਣ ਦੇ ਥਾਂ ਟਿਕਾਣੇ ਨਿਯਤ ਕਰ ਲਏ ਸਨ। ਮਾਲਵੇ ਵਾਲਿਆਂ ਨੂੰ ਮੋਗਾ ਤੇ ਜਗਰਾਉਂ, ਮਾਝੇ ਵਾਲਿਆਂ ਨੂੰ ਦਿਵਾਲੀ ਉਤੇ ਅੰਮਰਿਤਸਰ ਘੰਟੇ ਘਰ ਮਿਲਣ ਵਾਸਤੇ ਕਹਿ ਦਿਤਾ ਗਿਆ ਸੀ। ਅਜੇਹੀ ਪਹਿਲੀ ਮੀਟਿੰਗ ਕੋਲੰਬੂ ਥਾਣੀਂ ਅਗਾਊਂ ਲੰਘ ਆਏ ਹੋਏ ਵਰਕਰਾਂ ਨੇ ਸਤੰਬਰ 1914 ਦੇ ਅਖ਼ੀਰ ਉਤੇ ਧੰਨੇ ਜ਼ਿਲ੍ਹਾ ਲੁਧਿਆਣੇ ਵਿੱਚ ਕੀਤੀ। ਦੂਸਰੀ ਅਜੇਹੀ ਮੀਟਿੰਗ ਅੰਮਰਿਤਸਰ ਦਿਵਾਲੀ ਦੇ ਮੌਕੇ 16-17 ਅਕਤੂਬਰ 1914 ਨੂੰ ਘੰਟੇ ਘਰ ਇਕੱਠੇ ਹੋ ਕੇ ਭਾਈ ਨਾਨਕ ਸਿੰਘ ਦੇ ਚੁਬਾਰੇ ਉਤੇ ਹੋਈ। ਇਸ ਵਿਚ ਡਾਕਟਰ ਮਥਰਾ ਸਿੰਘ, ਭਾਈ ਹਰਨਾਮ ਸਿੰਘ ਸਿਆਲਕੋਟੀ,ਚੰਨਣ ਸਿੰਘ ਬੂੜਚੰਦ, ਕਾਲਾ ਸਿੰਘ ਜਗਤਪੁਰ, ਪਿਆਰਾ ਸਿੰਘ ਲੰਗੇਰੀ, ਇੰਦਰ ਸਿੰਘ, ਬੁੱਢਾ ਸਿੰਘ, ਗੰਡਾ ਸਿੰਘ ਤੇ ਸਾਧੂ ਸਿੰਘ ਸੁਰਸਿੰਘੀਏ, ਬਿਸ਼ਨ ਸਿੰਘ ਤੇ ਅਜੈਬ ਸਿੰਘ ਵਰਪਾਲ, ਗੁੱਜਰ ਸਿੰਘ ਭਕਨਾ, ਹਰਨਾਮ ਸਿੰਘ ਰਸੂਲਪੁਰੀ, ਸੁੰਦਰ ਸਿੰਘ ਦੌਲੋਨੰਗਲ, ਸੁਜਾ ਸਿੰਘ ਵਲਟੋਹਾ, ਤੇਜਾ ਸਿੰਘ ਭਿਖੀਵਿੰਡ, ਠਾਕਰ ਸਿੰਘ ਠੱਠੀਆਂ ਤੇ ਵਸਾਖਾ ਸਿੰਘ ਦਦੇਹਰ (ਸੰਤ ਨਹੀਂ) ਆਦਿ ਵਰਕਰ ਹਾਜ਼ਰ ਸਨ। ਫੈਸਲਾ ਹੋਇਆ ਕਿ ਹਾਲਾਂ ਪਿੰਡਾਂ ਵਿਚ ਫਿਰ ਕੇ ਪਰਚਾਰ ਕੀਤਾ ਜਾਏ। 'ਕੌਮਾਗਾਟਾ ਮਾਰੂ' ਦੇ ਮੁਸਾਫਰਾਂ ਤੇ ਹੋਰ ਬਾਹਰੋਂ ਟਾਪੂਆਂ ਤੋਂ ਆ ਰਹੇ

---

1. ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ
2. ਹੋਮ, ਪੋਲੀਟੀਕਲ (ੳ) ਜੂਨ, 1915 ਕਾਰਵਾਈ ਨੰ. 345-68

ਗ਼ਦਰੀਆਂ ਨੂੰ ਮਿਲਿਆ ਜਾਏ। ਬਾਹਰੋਂ ਆਏ ਲੀਡਰਾਂ ਤੇ ਵਰਕਰਾਂ ਨੂੰ ਮਿਲ ਕੇ ਤੇ ਉਹਨਾਂ ਨਾਲ ਗ਼ਦਰ ਕਰਨ ਦੀ ਤਾਰੀਖ਼ ਮਿਥ ਕੇ ਸਭ ਨੂੰ ਪਤਾ ਦੇ ਦਿਤਾ ਜਾਏ। ਇਸੇ ਤਰ੍ਹਾਂ ਦੀਆਂ ਪਹਿਲੀਆਂ ਮੀਟਿੰਗਾਂ ਮੋਗੇ ਤੇ ਲੁਧਿਆਣੇ ਵੀ ਹੋਈਆਂ।[1]

ਇਹਨਾਂ ਮੀਟਿੰਗਾਂ ਉਤੇ ਆਪਣੇ-ਆਪ ਇਲਾਕਿਆਂ ਵਿੱਚ ਜ਼ਿਲੇਵਾਰ ਵਰਕਰਾਂ ਦੀਆਂ ਡੀਊਟੀਆਂ ਲਾ ਦਿਤੀਆਂ ਗਈਆਂ, ਜੋ ਬਾਹਰੋਂ ਆਏ ਬੰਦਿਆਂ ਨੂੰ ਘਰੀਂ ਜਾ ਕੇ ਮਿਲਦੇ ਤੇ ਪਾਰਟੀ ਵਲੋਂ ਛਾਪਿਆ ਹੋਇਆ "ਐਲਾਨੇ-ਜੰਗ" ਤੇ ਹੋਰ ਪਾਰਟੀ ਛਪਤਾਂ ਪੜ੍ਹਨ ਤੇ ਵੰਡਣ ਨੂੰ ਦਿੰਦੇ। ਅਜੇਹੇ ਵਰਕਰ ਲਾਹੌਰ ਜ਼ਿਲ੍ਹੇ ਵਿਚ ਭਾਈ ਪਰੇਮ ਸਿੰਘ ਸੁਰਸਿੰਘੀਆਂ, ਅੰਮਿਰਤਸਰ ਵਿਚ ਭਾਈ ਗੁੱਜਰ ਸਿੰਘ ਭਕਨਾ, ਹੁਸ਼ਿਆਰਪੁਰ ਵਿਚ ਭਾਈ ਜਵੰਦ ਸਿੰਘ ਨੰਗਲ, ਜਾਲੰਧਰ ਵਿਚ ਭਾਈ ਰੰਗਾ ਸਿੰਘ ਖੁਰਦਪੁਰੀ, ਲੁਧਿਆਣੇ ਵਿਚ ਭਾਈ ਉੱਤਮ ਸਿੰਘ ਹਾਂਸ ਤੇ ਫ਼ੀਰੋਜ਼ਪੁਰ ਵਿਚ ਭਾਈ ਈਸ਼ਰ ਸਿੰਘ ਢੁੱਡੀਕੇ ਸਨ। ਇਨ੍ਹਾਂ ਉਤੇ ਇਲਾਕੇ ਵਾਰ ਲੀਡਰਾਂ ਦੀਆਂ ਡੀਊਟੀਆਂ ਸਨ, ਮਾਲਵੇ ਵਿਚ ਭਾਈ ਗਾਂਧਾ ਸਿੰਘ ਦੂਜਾ ਨਾਂ ਭਗਤ ਸਿੰਘ ਕੱਚਰਭੰਨ, ਦੁਆਬੇ ਵਿਚ ਭਾਈ ਬੰਤਾ ਸਿੰਘ ਸੰਘਵਾਲ, ਮਾਝੇ ਵਿਚ ਭਾਈ ਗੁੱਜਰ ਸਿੰਘ ਭਕਨਾ ਆਦਿ। ਇਹ ਵਰਕਰ ਆਇਆਂ ਬੰਦਿਆਂ ਦਾ ਪਤਾ ਕਰਨ ਤੇ ਲਹਿਰ ਨਾਲ ਜੋੜਨ ਤੋਂ ਇਲਾਵਾ ਪਿੰਡਾਂ ਵਿਚ ਪਰਚਾਰ ਕਰਦੇ, ਪਾਰਟੀ ਦਿਆਂ ਮੋਰਚਿਆਂ ਤੇ ਆਪ ਜਾਂਦੇ ਤੇ ਹੋਰ ਬੰਦਿਆਂ ਨੂੰ ਲੈ ਜਾਂਦੇ ਤੇ ਇਲਾਕੇ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋ ਕੇ ਪਾਰਟੀ ਦੇ ਕੰਮਾਂ ਦਾ ਰਾਹ ਕੱਢਣ ਵਿਚ ਸਹਾਈ ਹੁੰਦੇ, ਪਾਰਟੀ ਦੀਆਂ ਖਪਤਾਂ ਵੰਡਦੇ ਤੇ ਅਗਾਂਹ ਹੋਰ ਵੰਡਣ ਲਈ ਵਰਕਰਾਂ ਨੂੰ ਪੁਚਾਉਂਦੇ।[2]

## ਪਾਰਟੀ ਦੀ ਨਵੀਂ ਲੀਹ

ਸਰਮਾਏਦਾਰੀ ਸਮਾਜ ਦਾ ਜਮਾਂਦਰੂ ਖ਼ਾਸਾ ਹੈ ਕਿ ਇਸ ਦੀ ਤਰੱਕੀ ਹਰ ਥਾਂ ਇਕੋ ਜਿਹੀ ਨਹੀਂ ਹੁੰਦੀ। ਖ਼ਾਸ ਕਰ ਗੁਲਾਮ ਦੇਸ਼ਾਂ ਵਿੱਚ, ਜਿਥੇ ਇਹ ਤਰੱਕੀ ਉਹਨਾਂ ਲੋਕਾਂ ਦੇ ਆਪਣੇ ਵੱਸ ਦੀ ਗੱਲ ਨਹੀਂ ਹੁੰਦੀ। ਓਥੇ ਤਾਂ ਉਹ ਬਹੁਤ ਉਗੜੀ ਦੁਗੜੀ ਹੁੰਦੀ ਹੈ ਤੇ ਦੇਸ਼ ਦੇ ਕਈ ਇਲਾਕੇ ਤੇ ਵਸੋਂ ਦੇ ਕਈ ਹਿੱਸੇ ਪਹਿਲਾਂ ਤਰੱਕੀ ਕਰ ਜਾਂਦੇ ਹਨ। ਫਾਡੀ ਅਗਾਂਹ ਵਧਣ ਲਈ ਚਾਰਾ ਕਰਦੇ ਹਨ ਤੇ ਅਗਾਂਹ ਵਧੇ ਹੋਏ ਫਾਡੀਆਂ ਨੂੰ ਨੱਪੀ ਰਖਣ ਤੇ ਥੋੜੇ ਬਹੁਤ ਵਧਿਆਂ ਨੂੰ ਪਿੱਛੇ ਸੁੱਟਣ ਲੱਗ ਪੈਂਦੇ ਹਨ। ਇਹ ਖਿਚਮ ਖਿੱਚੀ ਵਿਚ ਉਹ ਇਕ ਪਾਸੇ ਤਾਂ ਆਪਸ ਵਿਚ ਈਰਖਾ ਕਰਦੇ ਹਨ, ਦੂਸਰੇ ਪਾਸੇ ਲੋਕਾਂ ਨੂੰ ਪਾੜਕੇ ਆਪਣੇ ਆਪਣੇ ਮਗਰ ਲਾਉਂਦੇ ਹਨ ਤੇ ਤੀਸਰੇ ਪਾਸੇ ਉਹ ਹੁਕਮਰਾਨ ਜਮਾਤ ਜਾਂ ਬਦੇਸ਼ੀ ਰਾਜ ਦੀ ਸਹਾਇਤਾ ਲੈਣ ਲਈ ਉਸ ਨੂੰ ਖ਼ੁਸ਼ਾਮਦ ਤੇ ਸੇਵਾਦਾਰੀ ਕਰਕੇ ਖੁਸ਼ ਕਰਦੇ ਹਨ। ਪਰ ਜਿਵੇਂ ਜਿਵੇਂ ਤਰੱਕੀ ਦੀ ਪੱਧਰ ਵਧਦੀ ਹੈ, ਇਹ ਸੋਚਣੀ ਮੰਦੀ ਪੈਂਦੀ ਜਾਂਦੀ ਹੈ। ਹੁਕਮਰਾਨ ਜਮਾਤ ਜਾਂ ਬਦੇਸ਼ੀ ਰਾਜ ਆਪਣੀ ਹੁਕਮਰਾਨੀ ਨੂੰ ਪੱਕਿਆਂ ਤੇ ਚਿਰੰਜੀਵ ਕਰਨ ਲਈ ਇਹਨਾਂ ਦੇ ਇਸ ਪਾੜੇ ਨੂੰ ਅਮਿੱਟ ਰੱਖਣ ਦੀ ਕੋਸ਼ਿਸ਼ ਵਿਚ ਕਦੇ ਇਕ ਨੂੰ ਤੇ ਕਦੇ ਦੂਸਰੇ ਨੂੰ ਰਿਆਇਤਾਂ ਦੇਣ ਦੀ ਨੀਤੀ ਚਲਾਉਂਦਾ ਹੈ। ਇਸ ਤਰ੍ਹਾਂ ਇਹਨਾਂ ਦੋਂਹ ਧਿਰਾਂ ਨੂੰ

---

1. ਦੂਸਰਾ ਸਾਜ਼ਿਸ਼ ਮੁਕੱਦਮਾ, ਸਫਾ 30
2. ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ

ਰਿਆਇਤਾਂ ਦਾ ਟੁੱਕ ਪਾ ਕੇ ਲੜਾਉਂਦਾ ਤੇ ਆਪਣਾ ਉੱਲੂ ਸਿੱਧਾ ਰੱਖਦਾ ਹੈ। ਅੰਗਰੇਜ਼ੀ ਸਾਮਰਾਜ ਨੇ ਹਿੰਦੁਸਤਾਨ ਦੀ ਹੋ ਰਹੀ ਦੇਸ਼ੀ ਤਰੱਕੀ ਦੀ ਇਸ ਹਾਲਤ ਤੋਂ ਬਹੁਤ ਫਾਇਦਾ ਉਠਾਇਆ।

ਇਹੀ ਕਾਰਨ ਸੀ, ਕਿ ਉਹਨਾਂ ਦਿਨਾਂ ਵਿਚ ਹਿੰਦੀ ਹੋਣ ਦੀ ਕੌਮੀ ਸੂਝ ਤੇ ਕੌਮੀ ਏਕੇ ਲਈ ਜਾਗਰਤਾ ਅਜੇ ਐਨੀ ਉਜਾਗਰ ਨਹੀਂ ਸੀ। ਲੋਕਾਂ ਵਿਚ ਏਕੇ ਦੀ ਸੂਝ ਤਾਂ ਆ ਰਹੀ ਸੀ, ਪਰ ਇਹ ਅਜੇ ਹੇਠਲੀ ਪੱਧਰ ਤੇ ਸੀ। ਜੋ ਗੋਤਾਂ ਤੇ ਬਰਾਦਰੀਆਂ ਦੀਆਂ ਸੋਚਣੀਆਂ ਤੋਂ ਉਤਾਂਹ ਉਠ ਉਠ ਮਜ਼ਹਬੀ ਏਕੇ ਦੀ ਜਾਗਰਤਾ ਦਾ ਰੂਪ ਧਾਰ ਰਹੀ ਸੀ। ਇਹਨਾਂ ਸੋਚਣੀਆਂ ਦੇ ਆਗੂ ਉਹ ਉੱਠ ਚੁੱਕੇ ਜਾਂ ਉੱਠ ਰਹੇ ਸਮਰਾਏਦਾਰ ਗਰੋਹ ਸਨ, ਜੋ ਮਜ਼ਹਬੀ ਸੁਧਾਰਾਂ ਦੇ ਪੱਜ ਜਿਸ ਤੋਂ ਸਾਮਰਾਜ ਨੂੰ ਕੋਈ ਡਰ ਨਾ ਜਾਪੇ, ਆਪਣੇ ਮਜ਼ਹਬ ਦੇ ਲੋਕਾਂ ਨੂੰ ਆਪਣੇ ਮਗਰ ਲਾਉਂਦੇ ਤੇ ਇਸ ਏਕੇ ਦੇ ਬਲ ਉਤੇ ਅੰਗਰੇਜ਼ੀ ਸਾਮਰਾਜੀ ਪਰਬੰਧ ਸਦਕਾ ਦੇਸ਼ ਦੀ ਬਦਲ ਰਹੀ ਆਰਥਕਤਾ ਵਿਚ ਦੂਸਰੇ ਨਾਲੋਂ ਆਪਣੀ ਚੰਗੀ ਥਾਂ ਬਨਾਉਣ ਲਈ ਦੂਜੇ ਗਰੋਹ ਦੇ ਖ਼ਿਲਾਫ ਫਿਰਕੇਦਾਰ ਲੀਹਾਂ ਉਤੇ ਖਹਿੰਦੇ। ਇਹਨਾਂ ਦੀਆਂ ਉਠਾਈਆਂ ਤੇ ਚਲਾਈਆਂ ਲਹਿਰਾਂ ਦੀ ਤਰੱਕੀ ਅੰਗਰੇਜ਼ੀ ਸਾਮਰਾਜ ਦੇ ਰਹਿਮ ਉਤੇ ਸੀ। ਇਸ ਲਈ ਇਹਨਾਂ ਨੂੰ ਅੰਗਰੇਜ਼ੀ ਰਾਜ ਬਾਰੇ ਵੀ ਕੁਝ ਸੋਚਣਾ ਤੇ ਕਰਨਾ ਪੈਂਦਾ ਸੀ। ਬਦੇਸ਼ੀ ਰਾਜ ਦਾ ਇਹਸਾਸ ਹੀ ਕੌਮੀ ਸੋਚ ਹੁੰਦਾ ਹੈ। ਇਸ ਲਈ ਇਹ ਸਭ ਮਜ਼ਹਬੀ ਗਰੋਹ ਆਪਣੇ ਆਪ ਨੂੰ 'ਕੌਮ' ਦੱਸਦੇ ਹਨ। ਅੰਗਰੇਜ਼ੀ ਸਾਮਰਾਜ ਦੇ ਖਿਲਾਫ ਹਰ ਘੋਲ, ਭਾਵੇਂ ਉਹ ਇਨਕਲਾਬੀ ਲੀਹਾਂ ਉਤੇ ਹੋਵੇ ਤੇ ਭਾਵੇਂ ਸੁਧਾਰਕ, ਦੇਸ਼ੀ ਸਰਮਾਏਦਾਰਾਂ ਦਾ ਹਿੰਦ ਉਤੇ ਥੱਪੇ ਹੋਏ ਸਾਮਰਾਜੀ ਅਰਥਚਾਰੇ ਵਿਚ ਹੱਥ ਡੂੰਘਾ ਕਰਦਾ ਸੀ, ਇਸ ਲਈ ਇਹ ਗਰੋਹ ਨਰੋਲ ਕੌਮੀ ਘੋਲਾਂ ਵਿਚ ਥੋੜ੍ਹੀ ਕੁ ਦਿਲਚਸਪੀ ਰੱਖਦੇ ਤੇ ਕੌਮੀ ਘੋਲਾਂ ਦੀ ਵੇਲਾ ਆਉਣ ਉਤੇ ਮਾੜੀ ਸਹਾਇਤਾ ਵੀ ਕਰ ਜਾਂਦੇ।

ਇਹ ਮਜ਼ਹਬੀ ਸੁਧਾਰ ਦੀਆਂ ਲਹਿਰਾਂ, ਜਿੱਦਾਂ ਦੇਸ਼ ਵਿਚ ਆਰਯਾ ਸਮਾਜ ਤੇ ਪੰਜਾਬ ਵਿਚ ਸਿੰਘ ਸਭਾ, ਨਵੇਂ ਪੈਦਾ ਹੋ ਰਹੇ ਛੋਟੇ ਸਰਮਾਏਦਾਰਾਂ ਦੀ ਅਗਵਾਈ ਹੇਠ ਚੱਲ ਰਹੀਆਂ ਸਨ। ਮੁਸਲਮਾਨਾਂ ਵਿੱਚ ਇਸ ਫਿਰਕਾਦਾਰ ਏਕੇ ਦੀ ਸੂਝ ਅਜੇ ਬਹੁਤ ਪਿੱਛੇ ਸੀ, ਪਰ ਉਭਰ ਰਹੀ ਸੀ। ਵੱਡੇ ਸਰਮਾਏਦਾਰਾਂ ਦੀ ਅਗਵਾਈ ਹਿੰਦ ਦੀ ਕੌਮੀ ਕਾਂਗਰਸ ਕਰਦੀ ਸੀ, ਜੋ ਉਦੋਂ ਉਤਲੇ ਚੋਟੀ ਦੇ ਮੋਟੇ ਮੋਟੇ ਬੰਦਿਆਂ ਦੀ ਹੀ ਹੁੰਦੀ ਸੀ ਤੇ ਉਸ ਨੇ ਅਜੇ ਜਨਤਕ ਜਥੇਬੰਦੀ ਜਾਂ ਲਹਿਰ ਦਾ ਰੂਪ ਨਹੀਂ ਸੀ ਧਾਰਿਆ। ਉਹ ਅੰਗਰੇਜ਼ੀ ਰਾਜ ਨਾਲ ਮਿਲ ਵਰਤਕੇ ਚੱਲਦੀ ਤੇ ਮਤਿਆਂ, ਅਰਜ਼ੀਆਂ ਤੇ ਮੇਲ-ਮੁਲਾਕਾਤਾਂ ਨਾਲ ਮਾੜੀਆਂ ਮੋਟੀਆਂ ਆਰਥਕ ਤੇ ਸਿਆਸੀ ਸਹੂਲਤਾਂ ਮੰਗਦੀ ਤੇ ਲੈਂਦੀ ਰਹਿੰਦੀ। ਜਦੋਂ ਗ਼ਦਰੀ ਆਏ ਇਹ ਅੰਗਰੇਜ਼ੀ ਸਾਮਰਾਜ ਨੂੰ ਜੰਗ ਜਿੱਤਕੇ ਦੇਣ ਦੇ ਬਦਲੇ ਵਿੱਚ ਹਕੂਮਤ ਨਾਲ ਪੂਰਾ ਮਿਲਵਰਤਨ ਤੇ ਜੰਗ ਵਿੱਚ ਇਸਦੀ ਪੁਜ ਕੇ ਸਹਾਇਤਾ ਕਰ ਰਹੀ ਸੀ। ਇਸ ਲਈ ਗ਼ਦਰ ਪਾਰਟੀ ਦਾ ਕਾਂਗਰਸ ਤੋਂ ਸਹਾਇਤਾ ਲੈਣ ਜਾਂ ਇਸ ਨੂੰ ਆਪਣੇ ਨਾਲ ਰਲਾਕੇ ਚਲਾਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੋਇਆ।

ਗ਼ਦਰ ਪਾਰਟੀ ਦਾ ਆਦਰਸ਼ ਤੇ ਇਸ ਦੀ ਜਥੇਬੰਦੀ ਭਾਵੇਂ ਨਿਰੋਲ ਕੌਮੀ ਲੀਹਾਂ ਉਤੇ ਸੀ ਤੇ ਉਹ ਮਜ਼ਹਬੀ ਫਿਰਕੇਦਾਰ ਤੇ ਇਲਾਕੇਵਾਰ ਸੋਚਣੀਆਂ ਤੋਂ ਉਤਾਂਹ ਉੱਠਕੇ ਕੌਮੀ ਪੱਧਰ ਉਤੇ ਚੱਲ ਰਹੀ ਸੀ। ਪਰ ਦੇਸ਼ ਵਿੱਚ ਲੋਕਾਂ ਦੀ ਜਾਗਰਤਾ ਤੇ ਏਕੇ ਦੀ ਨੀਵੀਂ ਪੱਧਰ ਤੋਂ ਉਹ ਭਲੀ ਭਾਂਤ ਜਾਣੂ ਸੀ। ਉਸ ਨੂੰ ਪਤਾ ਸੀ ਕਿ ਜਗੀਰਦਾਰ ਸਮਾਜ ਵਿੱਚੋਂ ਉਭਰ ਰਹੇ ਲੋਕ ਪਹਿਲੋਂ ਪਹਿਲ ਬਾਹਲਾ ਮਜ਼ਹਬੀ ਲੀਹਾਂ ਵਿਚ ਸੋਚਦੇ ਤੇ ਮਜ਼ਹਬੀ ਏਕੇ ਵਿਚ ਜੁੜਦੇ ਹਨ। ਪਾਰਟੀ ਨੇ ਇਹਨਾਂ

ਦੇ ਮਜ਼ਹਬੀ ਰੂਪ ਦੀ ਪਰਵਾਹ ਨਾ ਕਰਦਿਆਂ ਹੋਇਆਂ ਇਹਨਾਂ ਵਿਚ ਅੰਗਰੇਜ਼ੀ ਰਾਜ ਦੇ ਵਿਰੁੱਧ ਰੋਸ ਨੂੰ ਤਾੜਿਆ। ਪਾਰਟੀ ਜਿੱਥੇ ਨਿਰੋਲ ਕੌਮੀ ਘਟਨਾਵਾਂ, ਸਾਕਿਆਂ ਤੇ ਸੂਰਮਗਤੀਆਂ ਦੇ ਨਾਂ ਉਤੇ ਲੋਕਾਂ ਨੂੰ ਕੌਮੀ ਅਪੀਲ ਕਰਦੀ, ਉਥੇ ਅੰਗਰੇਜ਼ੀ ਸਾਮਰਾਜ ਵਲੋਂ ਮਜ਼ਹਬੀ ਵਿਚਾਰਾਂ ਵਿੱਚ ਦਿੱਤੇ ਜਾ ਰਹੇ ਦਖ਼ਲ ਨੂੰ ਉਸ ਮਜ਼ਹਬ ਦੇ ਲੋਕਾਂ ਵਿੱਚ ਚਿਤਾਰਦੀ ਤੇ ਮਜ਼ਹਬ ਦੇ ਹੀ ਨਾਂ ਉਤੇ ਅਪੀਲ ਕਰਦੀ। ਜਿੱਦਾਂ ਸਿੱਖਾਂ ਨੂੰ 'ਉਹਨਾਂ' ਦਾ ਖੁਸਿਆ ਹੋਇਆ ਰਾਜ ਚਿਤਾਰਦੀ ਤੇ ਨਵੀਂ ਦਿੱਲੀ ਵਿਚ ਰਕਾਬਗੰਜ ਗੁਰਦੁਆਰੇ ਦੀ ਕੰਧ ਢਾਉਣ ਦੇ ਵਿਰੁੱਧ ਉਭਾਰਦੀ, ਮੁਸਲਮਾਨਾਂ ਨੂੰ ਉਹਨਾਂ ਦੇ ਖੁੱਸੇ ਹੋਏ ਰਾਜ ਭਾਗ ਦੇ ਜ਼ਖਮ ਫੋਲ ਕੇ ਦੱਸਦੀ, ਕਾਹਨਪੁਰ ਦਾ ਢਾਈ ਹੋਈ ਮਸਜਿਦ ਚੇਤੇ ਕਰਵਾਉਂਦੀ ਅਤੇ ਤੁਰਕੀ ਦੀ ਖ਼ਿਲਾਫ਼ਤ ਵਿਰੁੱਧ ਅੰਗਰੇਜ਼ੀ ਹਮਲੇ ਨੂੰ ਬੁਰਿਆਰਦੀ।

ਇਸ ਵੱਡੀ ਜੰਗ ਵਿਚ ਤੁਰਕੀ ਦੇ ਅੰਗਰੇਜ਼ ਦੇ ਵਿਰੁੱਧ ਖਲੋ ਜਾਣ ਨੇ ਹਿੰਦੋਸਤਾਨ ਦੀ ਮੁਸਲਿਮ ਵਸੋਂ ਵਿਚ ਅੰਗਰੇਜ਼ ਵਿਰੋਧੀ ਸੋਚਣੀ ਨੂੰ ਬਹੁਤ ਪਰਚੰਡ ਕਰ ਦਿੱਤਾ ਸੀ। ਪਾਰਟੀ ਨੇ ਮੁਸਲਮਾਨਾਂ ਵਿੱਚ ਆ ਰਹੀ ਇਸ ਸੋਚਣੀ ਨੂੰ ਕਾਂਗਰਸ ਦੇ ਗਾਂਧੀ ਤੇ ਅਲੀਭਾਈਆਂ ਦੇ ਮਿਲਣ ਤੋਂ ਕਿਤੇ ਪਹਿਲਾਂ ਤੇ ਹੋਰ ਰਾਜਸੀ ਪਾਰਟੀਆਂ ਨਾਲੋਂ ਵੀ ਅਗੋਂ ਜਾਚਿਆ ਤੇ ਇਸ ਨੂੰ ਆਪਣੀ ਸਿਆਸਤ ਦਾ ਉਸੇ ਤਰ੍ਹਾਂ ਅੰਗ ਬਣਾ ਲਿਆ ਜਿਸ ਤਰ੍ਹਾਂ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਉਣ ਵਿਰੁੱਧ ਸਿੱਖਾਂ ਵਿਚ ਚਲ ਰਹੀ ਲਹਿਰ ਨੂੰ। ਇਸ ਤਰ੍ਹਾਂ ਕਰਨ ਨਾਲ ਪਾਰਟੀ ਦੀ ਅੰਗਰੇਜ਼ ਵਿਰੁੱਧ ਦਿੱਤੀ ਇਨਕਲਾਬ ਦੀ ਸੱਦ ਉਤੇ ਇਸ ਮੁਸਲਿਮ ਲਹਿਰ ਦਾ ਸਰਗਰਮ ਹਿੱਸਾ ਪਾਰਟੀ ਦਾ ਸਾਥ ਦੇਣ ਲਈ ਤਿਆਰ ਹੋ ਗਿਆ। ਸਭ ਤੋਂ ਪਹਿਲਾਂ ਮੁਸਲਿਮ ਇਨਕਲਾਬੀ ਲੀਡਰ ਮੌਲਵੀ ਬਰਕਤ ਉੱਲਾ ਭੋਪਾਲੀ ਗ਼ਦਰ ਪਾਰਟੀ ਵਿਚ ਆਏ, ਜੋ ਇਸਲਾਮ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਵੇਖਣ ਦਾ ਨਜ਼ਰੀਆ ਰੱਖਦੇ ਸਨ ਤੇ ਆਪਣੇ ਜਾਪਾਨ ਵਿਚੋਂ ਕੱਢੇ ਅਖ਼ਬਾਰ 'ਇਸਲਾਮੀ ਭਾਈਚਾਰੇ' ਵਿਚ ਇਸਦਾ ਪਰਚਾਰ ਕਰਦੇ ਸਨ। ਮੌਲਵੀ ਬਰਕਤ ਉੱਲਾ ਦੀ ਮੁਸਲਿਮ ਕੌਮਪਰਸਤੀ ਨੇ ਨਹੀਂ ਬਲਕਿ ਅੰਗਰੇਜ਼ ਵਿਰੋਧੀ ਭਾਵਨਾ ਨੇ ਉਸ ਦੀ ਪਾਰਟੀ ਵਿੱਚ ਕਦਰ ਪਵਾਈ। ਫੇਰ ਮਨੀਲਾ, ਰੰਗੂਨ, ਸਿੰਘਾਪੁਰ ਤੇ ਫੌਜਾਂ ਵਿਚ ਇਸੇ ਅੰਗਰੇਜ਼ ਵਿਰੋਧੀ ਸੋਚਣੀ ਨੇ ਮੁਸਲਮਾਨਾਂ ਨੂੰ ਪਾਰਟੀ ਨਾਲ ਲਿਆ ਖੜਾ ਕੀਤਾ।

ਉਹਨਾਂ ਦਿਨਾਂ ਵਿਚ ਸਿੱਖਾਂ ਦੇ ਸੂਝਵਾਨ ਤਬਕੇ (ਖਾਸ ਕਰ ਮਾਸਟਰਾਂ ਅਤੇ ਪਰੋਫੈਸਰਾਂ) ਅੰਦਰ ਵੀ ਅੰਗਰੇਜ਼ ਵਿਰੋਧੀ ਰੋਸ ਦੀ ਇਕ ਧਾਰ ਚੱਲ ਰਹੀ ਸੀ। ਅੰਗਰੇਜ਼ੀ ਰਾਜ ਨੇ ਖਾਲਸਾ ਕਾਲਜ ਅੰਮਰਿਤਸਰ ਉਤੇ ਕਬਜ਼ਾ ਜਮਾਇਆ ਹੋਇਆ ਸੀ। ਜਿਸ ਦੇ ਨਾਂ ਕੇਵਲ ਪਰਿੰਸੀਪਲ ਤੇ ਵਿਦਿਅਕ ਮਹਿਕਮਿਆਂ ਦੇ ਇਨਚਾਰਜ ਹੀ ਅੰਗਰੇਜ਼ ਸਨ, ਸਗੋਂ ਇਸ ਦੀ ਪਰਬੰਧਕ ਕਮੇਟੀ ਵਿੱਚ ਵੀ ਅੰਗਰੇਜ਼ ਅਫਸਰ ਠੋਸੇ ਹੋਏ ਸਨ। ਸਿੱਖ ਐਜੂਕੇਸ਼ਨ ਕਾਨਫਰੰਸਾਂ ਤੇ ਉਤਲੇ ਤਬਕੇ ਦੇ ਸਮਾਜੀ ਸਮਾਗਮਾਂ ਵਿਚ ਇਸ ਸਭਯਾਚਾਰਕ ਧੱਕੜਸ਼ਾਹੀ ਵਿਰੁੱਧ ਆਵਾਜ਼ ਉਠਾਈ ਜਾਂਦੀ ਸੀ। ਮਾਸਟਰਾਂ ਵਿਚ ਤਾਂ ਇਹ ਰੋਸ ਬਹੁਤ ਪਰਬਲ ਸੀ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਇਸ ਰੋਸ ਦੇ ਸਿਰਕੱਢ ਆਗੂ ਸਨ। ਗ਼ਦਰ ਪਾਰਟੀ ਨੇ ਇਸ ਰੋਸ ਨੂੰ ਹੋਰ ਚਮਕਾਇਆ। ਇਸ ਰੋਸ ਦੇ ਬਹਾਦਰ ਮਾਸਟਰ ਚੱਤਰ ਸਿੰਘ ਸਾਂਗਲਾ ਹੋਏ ਹਨ। 1914 ਵਿੱਚ ਡਾਕਟਰ ਮਥਰਾ ਸਿੰਘ ਤੇ ਹੋਰ ਗ਼ਦਰੀ ਵਰਕਰ ਇਹਨਾਂ ਨੂੰ ਸਾਂਗਲੇ ਜਾ ਕੇ ਮਿਲੇ ਤੇ ਗ਼ਦਰ ਪਾਰਟੀ ਵਿਚ ਲਿਆਂਦਾ। ਵਿਦਿਅਕ ਮਹਿਕਮੇ ਵਿੱਚ ਹੋਣ ਕਰਕੇ ਇਹਨਾਂ ਅੰਦਰ ਵਿਦਿਅਕ ਗੁਲਾਮੀ ਵਿਰੁੱਧ ਬਹੁਤ ਹੀ ਜ਼ਿਆਦਾ ਰੋਸ ਸੀ। ਇਸ ਰੋਸ ਨੂੰ ਗ਼ਦਰ ਪਾਰਟੀ ਦੇ ਮੇਲ ਮਿਲਾਪ ਨੇ ਹੋਰ ਗਰਮਾ ਦਿਤਾ।

ਇਸ ਵਿਦਿਅਕ ਗੁਲਾਮੀ ਦੀ ਦੁਰਦਸ਼ਾ ਵਿਰੁੱਧ ਸਿੱਖਾਂ ਦੇ ਰੋਸ ਦਾ ਪਰਗਟਾਵਾ ਕਰਨ ਲਈ ਮਾਸਟਰ ਚੱਤਰ ਸਿੰਘ ਨੇ ਜ਼ਰੂਰੀ ਸਮਝਿਆ ਕਿ ਜੇ ਖ਼ਾਲਸਾ ਕਾਲਜ ਅੰਮਿ੍ਤਸਰ ਦੇ ਪਰਿੰਸੀਪਲ ਨੂੰ ਜਾਨੋਂ ਮਾਰ ਕੇ ਖ਼ਤਮ ਕਰ ਦਿਤਾ ਜਾਵੇ ਤਦ ਹੀ ਅੰਗਰੇਜ਼ੀ ਰਾਜ ਨੂੰ ਇਸ ਰੋਸ ਦਾ ਪਤਾ ਲੱਗੇਗਾ। ਮਾਸਟਰ ਨੇ ਅੰਮਿ੍ਤਸਰ ਜਾਣ ਤੋਂ ਪਹਿਲਾਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਇੱਕ ਚਿੱਠੀ ਲਿਖ ਕੇ ਦੱਸ ਦਿਤਾ ਕਿ ਖਾਲਸਾ ਕਾਲਜ ਅੰਮਿ੍ਤਸਰ ਉਤੇ ਅੰਗਰੇਜ਼ੀ ਕਬਜ਼ੇ ਵਿਰੁੱਧ ਧੁੱਖ ਰਹੀ ਅੱਗ ਨੂੰ ਮਚਾਉਣ ਲਈ, ਉਹ ਉਥੋਂ ਦੇ ਅੰਗਰੇਜ਼ ਪਰਿੰਸੀਪਲ ਦੀ ਜਾਨ ਲੈਣ ਜਾ ਰਹੇ ਸਨ। ਜਾਣ ਲੱਗਿਆਂ ਉਹਨਾਂ ਨੂੰ ਕੋਈ ਪਿਸਤੌਲ ਤਾਂ ਨਾ ਲੱਭਾ, ਉਹ ਛਵੀ ਲੈ ਕੇ ਤੁਰ ਪਏ। ਡਾਕਟਰ ਮਥਰਾ ਸਿੰਘ ਪਾਸੋਂ ਜ਼ਹਿਰ ਦੀਆਂ ਕੁਝ ਗੋਲੀਆਂ ਲੈ ਲਈਆਂ, ਜੋ ਕਾਰਾ ਕਰਨ ਤੋਂ ਬਾਅਦ ਖਾ ਕੇ ਆਪਣਾ ਅੰਤ ਕਰਨ ਲਈ ਜ਼ਰੂਰੀ ਸਮਝੀਆਂ ਗਈਆਂ। ਉਹ 15-16 ਦਸੰਬਰ, 1914 ਨੂੰ ਖਾਲਸਾ ਕਾਲਜ ਆਏ ਤੇ ਪਰਿੰਸੀਪਲ ਨੂੰ ਪਾਰ ਬੁਲਾਉਣ ਲਈ ਉਸ ਦੀ ਕੋਠੀ ਦੇ ਬਾਗ ਵਿਚ ਜਾ ਲੁਕੇ। ਦਿਨ ਡੁੱਬਣ ਤੋਂ ਬਾਅਦ ਇਕ ਅੰਗਰੇਜ਼ ਘੋੜਾ ਗੱਡੀ ਵਿੱਚ ਸਵਾਰ ਬਾਹਰੋਂ ਆਇਆ। ਮਾਸਟਰ ਨੇ ਪਰਿੰਸੀਪਲ ਸਮਝ ਕੇ ਉਸ ਉਤੇ ਵਾਰ ਕੀਤਾ। ਤਿੰਨ ਚਾਰ ਛਵੀਆਂ ਮਾਰ ਕੇ ਉਸਨੂੰ ਸੁੱਟ ਲਿਆ। ਸਮਝਿਆ ਕਿ ਮਰ ਗਿਆ। ਨੌਕਰਾਂ ਨੇ ਰੌਲਾ ਪਾ ਕੇ ਉਹਨਾਂ ਨੂੰ ਫੜ ਲਿਆ। ਪੁਲਸ ਆ ਗਈ। ਜ਼ਹਿਰ ਦੀਆਂ ਗੋਲੀਆਂ ਖਾ ਲਈਆਂ। ਪਰ ਦਸਤ ਤੇ ਕੈਆਂ ਲੱਗ ਗਈਆਂ, ਜ਼ਹਿਰ ਦਾ ਅਸਰ ਮਾਰਿਆ ਗਿਆ। ਵੱਢਿਆ ਫਟਿਆ ਅੰਗਰੇਜ਼ ਪਰਿੰਸੀਪਲ ਨਹੀਂ ਸੀ। ਪਰੋਫੈਸਰ ਡੁਨੀਕਲਿਫ ਸੀ, ਜੋ ਮਰਨੋਂ ਬਚਾ ਲਿਆ ਗਿਆ।

ਮੁਕੱਦਮਾ ਚੱਲਿਆ। ਮਾਸਟਰ ਦੇ ਬਿਆਨ ਦੇ ਮੋਟੇ ਨੁਕਤੇ ਇਹ ਸਨ।

ਅੰਗਰੇਜ਼ਾਂ ਨੇ ਸਾਡਾ (ਸਿੱਖਾਂ ਦਾ) ਪੰਜਾਬ ਮੱਲਿਆ, ਦੇਸ਼ੀ ਤੇ ਗੋਰਾ ਫੌਜਾਂ ਵਿਚ ਨਾਬਰਾਬਰੀ, ਬਾਰਾਂ ਵਿਚ ਜ਼ਮੀਨਾਂ ਕਿਸਾਨ ਹੱਥੀਂ ਪੁੱਟਣ ਤੇ ਸਾਫ ਕਰਨ ਤੇ ਕੀਮਤ ਸਰਕਾਰ ਵੱਟੇ, ਕੈਨੇਡਾ ਵਿਚ ਹਿੰਦੀਆਂ ਨਾਲ ਵਿਤਕਰਾ, ਬਜ ਬਜ ਘਾਟ ਦੇ ਸਾਕੇ ਵਿਰੁੱਧ ਗੁੱਸਾ, ਕੌਮੀ ਅਖ਼ਬਾਰਾਂ ਉਤੇ ਪਾਬੰਦੀਆਂ ਤੇ ਹਥਿਆਰ ਰੱਖਣ ਦੀ ਮਨਾਹੀ ਵਿਰੁੱਧ ਨਾਰਾਜ਼ਗੀ, ਵਿਦਿਅਕ ਗ਼ੁਲਾਮੀ ਵਿਰੁੱਧ ਰੋਸ ਪਰਗਟ ਕਰਨ ਲਈ ਇਹ ਕਾਰਾ ਕਰਨਾ ਆਦਿ। ਆਪ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਹੋਈ ਤੇ ਗ਼ਦਰੀ ਸੂਰਬੀਰਾਂ ਨਾਲ ਕਾਲੇ ਪਾਣੀ ਭੇਜਿਆ ਗਿਆ।[1]

ਇਹਨਾਂ ਲੀਹਾਂ ਉਤੇ ਪਾਰਟੀ ਨੇ ਦੇਸ਼ ਵਿਚ ਪਰਚੱਲਤ ਦੂਸਰੀਆਂ ਸੁਧਾਰਕ ਤੇ ਇਨਕਲਾਬੀ ਲਹਿਰਾਂ ਵੱਲ ਧਿਆਨ ਕੀਤਾ। ਆਰੀਯਾ ਸਮਾਜ ਤੇ ਸਿੰਘ ਸਭਾ ਦੇ ਲੀਡਰਾਂ ਨਾਲ ਗਲਾਂ ਬਾਤਾਂ ਕੀਤੀਆਂ। ਭਾਈ ਪਰਮਾ ਨੰਦ ਤੇ ਉਸ ਦੇ ਆਰੀਯਾ ਸਮਾਜੀ ਸਾਥੀ ਪਾਰਟੀ ਦੀ ਸਹਾਇਤਾ ਕਰਨ ਲਈ ਤਿਆਰ ਹੋ ਪਏ। ਪੰਜਾਬ ਦੇ ਸਿੱਖਾਂ ਵਿੱਚ ਉਦੋਂ ਦਿੱਲੀ ਦੇ ਰਕਾਬ ਗੰਜ ਗੁਰਦੁਆਰੇ ਦੀ ਕੰਧ ਢਾਉਣ ਦੇ ਖ਼ਿਲਾਫ ਖੜੀ ਐਜੀਟੇਸ਼ਨ ਚੱਲ ਰਹੀ ਸੀ, ਜੋ ਅੰਗਰੇਜ਼ੀ ਸਰਕਾਰ ਨੇ ਨਵੀਂ ਦਿੱਲੀ ਵਾਇਸਰਾਏ ਦੇ ਮਹੱਲ ਤੋਂ ਕੱਢੀ ਜਾ ਰਹੀ ਸੜਕ ਨੂੰ ਸਿਧਿਆਂ ਕਰਨ ਲਈ ਢਾਹ ਦਿੱਤੀ ਸੀ। ਇਸ ਅੰਗਰੇਜ਼ ਵਿਰੋਧੀ ਸਿੱਖ ਲਹਿਰ ਦੇ ਲੀਡਰ ਸ੍ਰ. ਹਰਚੰਦ ਸਿੰਘ ਲਾਇਲਪੁਰੀ ਸਨ।

---

1. ਮਾਸਟਰ ਚੱਤਰ ਸਿੰਘ ਦਾ ਆਪਣਾ ਬਿਆਨ ਤੇ ਹੋਮ (ਪੁਲਸ) (ਅ) ਫਰਵਰੀ 1915, ਕਾਰਵਾਈ ਨੰ. 77-79 ਤੇ (ਅ) ਅਪਰੈਲ 1915, ਕਾਰਵਾਈ ਨੰ. 1-3

ਇਸ ਐਜੀਟੇਸ਼ਨ ਦਾ ਮਾਲਵੇ ਵਿੱਚ ਜ਼ਿਆਦਾ ਜ਼ੋਰ ਸੀ। ਏਥੇ ਇਸ ਦੇ ਆਗੂ ਸੰਤ ਰਣਧੀਰ ਸਿੰਘ ਨਾਰੰਗਵਾਲ[1] ਤੇ ਲੋਹਟ ਬਧੀ ਵਾਲੇ ਭਸੌੜੀਏ ਸਨ। ਇਹ ਦੋਹਵੇਂ ਗਰੋਹ ਤਾਂ ਸਮੁੱਚੇ ਹੀ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਏ।

## ਲਹਿਰ ਦਾ ਫੈਲਾਅ

ਭਾਈ ਪਰਮਾਨੰਦ ਨਾਲ ਭਾਈ ਕਰਤਾਰ ਸਿੰਘ ਸਰਾਭਾ ਆਦਿ ਦੀ ਅਮਰੀਕਾ ਵਿੱਚ ਵਾਕਫ਼ੀ ਸੀ। ਇਸ ਲਈ ਇਹ ਲੀਡਰ ਆਉਂਦੇ ਹੀ ਉਸ ਦੀ ਮਛੀ ਹਟੇ ਅੰਦਰ ਦੁਕਾਨ ਉਤੇ ਜਾਣ ਆਉਣ ਲੱਗ ਪਏ। ਭਾਈ ਪਰਮਾਨੰਦ ਤੋਂ ਪਤਾ ਲੱਗਾ, ਕਿ ਪੰਜਾਬ ਵਿੱਚ ਅੰਗਰੇਜ਼ ਰਾਜ ਵਿਰੁੱਧ 1907 ਵਿੱਚ ਬਣੀ "ਭਾਰਤ ਮਾਤਾ ਸੋਸਾਇਟੀ" ਦੇ ਲਾਲਾ ਰਾਮ ਸਰਨ ਦਾਸ ਤਲਵਾੜ ਕਪੂਰਥਲਾ, ਮਹਿਤਾ ਆਨੰਦ ਕਿਸ਼ੋਰ ਤੇ ਲਾਲਾ ਕਿਦਾਰ ਨਾਥ ਸਹਿਗਲ ਆਦਿ ਵਰਕਰ ਅਜੇ ਮੌਜੂਦ ਸਨ। ਇਨ੍ਹਾਂ ਨੂੰ ਬੰਗਾਲ ਵਿਚਲੇ ਇਨਕਲਾਬੀ ਗਰੋਹ ਦਾ ਵੀ ਪਤਾ ਸੀ ਤੇ ਉਹ ਮਸ਼ਹੂਰ ਇਨਕਲਾਬੀ ਲੀਡਰ ਸ੍ਰੀ ਰਾਮ ਬਿਹਾਰੀ ਬੋਸ ਦੇ ਇਨਕਲਾਬੀ ਗਰੋਹ ਦੀ ਲਾਹੌਰ ਵਿੱਚ ਇਕ ਬਰਾਂਚ ਸਨ। ਇਸ ਲਈ ਗ਼ਦਰ ਪਾਰਟੀ ਨੇ ਇਹਨਾਂ ਦੇ ਰਾਹੀਂ ਬੰਗਾਲ ਦੇ ਇਨਕਲਾਬੀ ਗਰੋਹਾਂ ਨਾਲ ਮੇਲ ਮਿਲਾਪ ਪੈਦਾ ਕਰਨ ਦੀ ਸਲਾਹ ਪਕਾਈ।[2] ਭਾਈ ਕਰਤਾਰ ਸਿੰਘ ਸਰਾਭਾ ਦੱਸੇ ਹੋਏ ਪਤਿਆਂ ਉਤੇ ਆਪ ਬੰਗਾਲ ਤੇ ਬਨਾਰਸ ਗਏ। ਸ੍ਰੀ ਰਾਸ ਬਿਹਾਰੀ ਬੋਸ, ਜਿਸ ਦਾ 23 ਦਸੰਬਰ, 1912 ਨੂੰ ਲਾਰਡ ਹਾਰਡਿੰਗ ਉਤੇ ਬੰਬ ਸੁਟੱਣ ਦੀ ਵਿਉਂਤ ਵਿਚ ਉਘਾ ਹੱਥ ਸੀ ਤੇ ਜੋ ਸਰਕਾਪ ਅੰਗੇਰਜ਼ੀ ਦੇ ਹੱਥ ਨਹੀਂ ਆਇਆ ਸੀ, ਤੇ ਉਹਨਾਂ ਦਾ ਗਰੋਹ ਬਨਾਰਸ ਰਹਿੰਦੇ ਸਨ। ਭਾਈ ਕਰਤਾਰ ਸਿੰਘ ਦੀ ਉਹਨਾਂ ਨਾਲ ਆਪਣੀ ਵਾਕਫੀ ਨਾ ਹੋਣ ਕਰਕੇ ਗੱਲ ਬਾਤ ਪੱਕੀ ਨਾ ਹੋਈ। ਸ੍ਰੀ ਪਰਮਾਨੰਦ ਝਾਂਸੀ ਵੀ ਬੰਗਾਲ ਦੇ ਇਹਨਾਂ ਗਰੋਹਾਂ ਨੂੰ ਜਾਣਦੇ ਸਨ। ਫੇਰ ਉਹ ਗਏ। ਉਹਨਾਂ ਢਾਕੇ ਦੇ ਇਕ ਹੋਰ ਬੰਗਾਲੀ ਗਰੋਹ ਨਾਲ ਹਥਿਆਰ ਲੈਣ ਤੇ ਪੰਜਾਬ ਵਿੱਚ ਇਨਕਲਾਬ ਫੁੱਟ ਪੈਣ ਉਤੇ ਬੰਗਾਲ ਵਿੱਚ ਵੀ ਗ਼ਦਰ ਮਚਾ ਦੇਣ ਲਈ ਉਹਨਾਂ ਨੂੰ ਮਨਾਇਆ। ਪਰ ਫੇਰ ਵੀ ਸ੍ਰੀ ਰਾਸ ਬਿਹਾਰੀ ਬੋਸ ਨੂੰ ਪੰਜਾਬ ਸਦਕੇ ਉਸ ਤੋਂ ਲਹਿਰ ਚਲਾਉਣ ਵਿੱਚ ਸਲਾਹ ਮਸ਼ਵਰਾ ਲੈਣ ਦੀ ਵਿਚਾਰ ਪੱਕੀ ਹੋਈ। ਭਾਈ ਪਰਮਾਨੰਦ ਲਾਹੌਰ ਦੀ ਦੱਸ ਉਤ੍ਹੇ ਕਪੂਰਥਲੇ ਤੋਂ ਸ੍ਰੀ ਰਾਮ ਸਰਨ ਦਾਸ ਨੂੰ ਸੱਦਿਆ ਗਿਆ। ਉਸ ਦਾ ਮਈ, 1913 ਨੂੰ ਲਾਹੌਰ ਦੇ ਲਾਰੰਸ ਬਾਗ਼ ਵਿੱਚ ਬੰਬ ਫੱਟਣ ਤੇ ਦਿੱਲੀ ਲਾਰਡ ਹਾਰਡਿੰਗ ਉਤੇ ਹਮਲਾ ਕਰਨ ਦੇ ਕੰਮਾਂ ਨਾਲ ਸੰਬੰਧ ਸੀ। ਉਹ ਰਾਸ ਬਿਹਾਰੀ ਬੋਸ ਤੇ ਇਸ ਦੇ ਬਨਾਰਸੀ ਅੱਡੇ ਤੋਂ ਜਾਣੂ ਸੀ। ਉਸ ਨੂੰ ਇਸ ਕੰਮ ਲਈ ਬਨਾਰਸ ਭੇਜਿਆ ਗਿਆ।[3]

ਭਾਈ ਕਰਤਾਰ ਸਿੰਘ ਤੇ ਭਾਈ ਨਿਧਾਨ ਸਿੰਘ ਚੁੱਘਾ ਨੇ ਇਸਲਾਮੀਆ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀਆਂ ਵਿੱਚ ਵੀ ਕੰਮ ਕੀਤਾ। ਉਥੋਂ ਬਹੁਤ ਸਾਰੇ ਵਿਦਿਆਰਥੀ ਪਾਰਟੀ

---

1. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 89
2. 'ਮੇਰੀ ਆਪ ਬੀਤੀ' (ਭਾਈ ਪਰਮਾ ਨੰਦ) ਸਫਾ 70, ਲਾਹੌਰ ਸਾਜ਼ਿਸ਼ ਮੁਕੱਦਮਾ (ਫੈਸਲਾ) ਸਫਾ 46 ਤੇ ਰਾਮ ਸਰਨ ਦਾਸ ਕਪੂਰਥਲਾ ਦਾ ਬਿਆਨ
3. ਰਾਮ ਸਰਨ ਦਾਸ ਦਾ ਬਿਆਨ ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ', 74-75

ਦੇ ਕੰਮ ਵਿਚ ਆਏ, ਜੋ ਪਾਰਟੀ ਦੀਆਂ ਲਿਖਤਾਂ ਛਾਪਣ, ਵੰਡਣ ਵਾਲੇ ਥਾਵਾਂ ਉਤੇ ਪੁਚਾਉਣ ਅਤੇ ਸੁਨੇਹੇ ਪੱਤੇ ਲੈ ਜਾਣ ਵਿਚ ਪਾਰਟੀ ਨੂੰ ਬੜਾ ਕੰਮ ਦਿੰਦੇ ਰਹੇ। ਇਹਨਾਂ ਵਿਚੋਂ ਪੂਰਨ ਸਿੰਘ, ਕਿਰਪਾਲ ਸਿੰਘ ਬੋਪਰਾਏ, ਖੜਕ ਸਿੰਘ ਬੋਪਾਰਾਏ, ਸੱਜਣ ਸਿੰਘ ਨਾਰੰਗਵਾਲ ਖਾਸ ਵਰਨਣਯੋਗ ਹਨ। ਖੜਕ ਸਿੰਘ ਤੇ ਸੱਜਣ ਸਿੰਘ ਨੇ ਹੈੱਡ ਕਵਾਰਟਰ ਵਿੱਚ ਵੀ ਬੜਾ ਕੰਮ ਕੀਤਾ।

ਪਾਰਟੀ ਨੇ ਸਭ ਵਰਕਰਾਂ ਨੂੰ ਹਿਦਾਇਤ ਕੀਤੀ ਕਿ ਉਹ ਫੌਜਾਂ ਵਿਚ ਜਾ ਕੇ ਆਪੋ ਆਪਣੇ ਜਾਣ ਪਛਾਣ ਦੇ ਸਪਾਹੀਆਂ ਨੂੰ ਮਿਲਣ ਤੇ ਉਹਨਾਂ ਦੀ ਦੇਸ਼ ਭਗਤੀ ਜਗਾ ਕੇ ਉਹਨਾਂ ਨੂੰ ਆਪਣੀ ਲਹਿਰ ਵਿਚ ਲਿਆਉਣ ਤੇ ਇਹ ਫੌਜੀ ਅਗਾਂਹ ਨਾਲ ਦੇ ਸਪਾਹੀਆਂ ਤੇ ਪਲਟਣਾਂ ਨੂੰ ਗ਼ਦਰ ਲਈ ਤਿਆਰ ਕਰਨ, ਜੋ ਗ਼ਦਰ ਤਕ ਨਹੀਂ ਜਾ ਸਕਦੇ ਉਹਨਾਂ ਤੋਂ ਜੰਗ ਵਿਚ ਸ਼ਾਮਲ ਹੋਣ ਲਈ ਸਮੁੰਦਰ ਪਾਰ ਜਾਣ ਤੋਂ ਇਨਕਾਰ ਕਰਵਾਉਣ। ਪਾਰਟੀ ਦੇ ਇਸ ਹੁਕਮ ਉਤੇ ਕਈ ਵਰਕਰ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਆਪ ਵੀ ਫੌਜਾਂ ਵਿਚ ਭਰਤੀ ਹੋ ਗਏ, ਜਿੱਦਾਂ ਕਾਲਾ ਸਿੰਘ ਜਗਤਪੁਰੀਆ ਤੇ ਬਲਵੰਤ ਸਿੰਘ ਮਾਦੋਕੀ ਬਰਾੜ ਆਦਿ। ਫੌਜਾਂ ਵਿੱਚ ਕੰਮ ਕਰਨ ਦੀਆਂ ਖ਼ਾਸ ਡਿਊਟੀਆਂ ਲਾਈਆਂ ਗਈਆਂ। ਭਾਈ ਪਰੇਮ ਸਿੰਘ ਸੁਰ ਸਿੰਘੀਏ ਨੂੰ ਮੀਆਂ ਮੀਰ (ਲਾਹੌਰ) ਦੀ ਛਾਉਣੀ ਤੇ ਲਾਇਆ ਗਿਆ। ਸ੍ਰੀ ਹਿਰਦੇ ਰਾਮ ਨੂੰ ਜਲੰਧਰ, ਭਾਈ ਕਰਤਾਰ ਸਿੰਘ ਸਰਾਭਾ ਫੀਰੋਜ਼ਪੁਰ, ਭਾਈ ਹਰਨਾਮ ਸਿੰਘ ਕਹੂਟਾ ਜੇਹਲਮ, ਰਾਵਲਪਿੰਡੀ, ਪੇਸ਼ਾਵਰ ਤੇ ਮਰਦਾਨ ਭੇਜਿਆ ਗਿਆ। ਭਾਈ ਪਿਆਰਾ ਸਿੰਘ ਲੰਗੇਰੀ ਬੰਨੂੰ ਤੇ ਕੋਹਾਟ ਦੀਆਂ ਛਾਉਣੀਆਂ ਵਿੱਚ ਆ ਗਿਆ। ਭਾਈ ਕਰਤਾਰ ਸਿੰਘ ਪਹਿਲਾਂ ਇਕ ਵਿਦਿਆਰਥੀ ਨੂੰ ਨਾਲ ਲੈ ਕੇ ਅੰਬਾਲੇ, ਮੇਰਠ, ਕਾਹਨਪੁਰ, ਆਗਰਾ, ਅਲਾਹਬਾਦ, ਦੀਨਾਪੁਰ, ਬਨਾਰਸ, ਲਖਨਊ, ਫੈਜ਼ਾਬਾਦ ਆਦਿ ਛਾਉਣੀਆਂ ਵਿੱਚ ਘੁੰਮਿਆ, ਮਗਰੋਂ ਇਹਨੀਂ ਥਾਈਂ ਉਹ ਵਿਦਿਆਰਥੀ ਹੀ ਜਾਂਦਾ ਰਿਹਾ। ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਮੇਰਠ ਦੀ ਛਾਉਣੀ ਦਿੱਤੀ ਗਈ। ਗ਼ਦਰੀ ਫੌਜੀਆਂ ਵਿੱਚ ਇਨਕਲਾਬ ਦਾ ਪਰਚਾਰ ਆਮ ਖੁੱਲ੍ਹੇ ਅਤੇ ਚਿਟੇ ਦਿਨ ਨਾਲ ਬਿਨਾਂ ਕਿਸੇ ਡਰ ਭੁਕਰ ਦੇ ਕਰਦੇ ਸਨ। ਉਹ ਕਿਸੇ ਵੀ ਸਿਪਾਹੀ ਤੋਂ ਸੰਗਦੇ ਨਹੀਂ ਸਨ।[1]

ਇਸੇ ਤਰ੍ਹਾਂ ਪਾਰਟੀ ਦੇ ਸਭ ਵਰਕਰਾਂ ਤੇ ਹਮਦਰਦਾਂ ਨੂੰ ਉਪਦੇਸ਼ ਦਿੱਤਾ ਗਿਆ ਕਿ ਉਹ ਜਿਥੋਂ ਤੇ ਜਿਸ ਤਰ੍ਹਾਂ ਵੀ ਮਿਲਣ ਹਥਿਆਰ ਪਰਾਪਤ ਕਰਨ, ਕਿਉਂਕਿ ਹਥਿਆਰਾਂ ਤੋਂ ਬਿਨਾਂ ਐਲਾਨੀਆਂ ਛੇੜਿਆ ਹੋਇਆ ਹਥਿਆਰਬੰਦ ਇਨਕਲਾਬ ਜਿੱਤਣਾ ਤਾਂ ਕਿਤੇ ਰਿਹਾ ਤੋਰਿਆ ਵੀ ਨਹੀਂ ਜਾ ਸਕਦਾ। ਕੰਮ ਦੀ ਵਿਉਂਤ ਸੀ, ਪੁਲਸ ਪਾਸੋਂ ਬੰਦੂਕਾਂ ਅਤੇ ਫ਼ੌਜੀ ਪਹਿਰੇਦਾਰਾਂ ਪਾਸੋਂ ਰਫ਼ਲਾਂ ਖੋਹਣੀਆਂ, ਪਿਸਤੌਲ ਖ਼ਰੀਦਣੇ ਜਾਂ ਖੋਹ ਖਿੰਜ ਕੇ ਪਰਾਪਤ ਕਰਨੇ, ਬੰਬ ਬਨਾਉਣੇ ਅਤੇ ਦੇਸ਼ੀ ਫੌਜਾਂ ਨੂੰ ਹਥਿਆਰਾਂ ਸਣੇ ਇਨਕਲਾਬ ਦਾ ਸਾਥ ਦੇਣ ਲਈ ਤਿਆਰ ਕਰਨਾ। ਇਸ ਕੰਮ ਦਾ ਇਨਚਾਰਜ ਪੰਡਤ ਜਗਤ ਰਾਮ ਹਰਿਆਣਾ ਨੂੰ ਲਾਇਆ ਗਿਆ। ਉਹ ਪੱਛਮੀ ਸਰਹੱਦੀ ਸੂਬੇ ਦੇ ਆਜ਼ਾਦ ਇਲਾਕੇ ਵਿੱਚ ਬਣਾਈਆਂ ਜਾ ਰਹੀਆਂ ਰਫਲਾਂ ਤੇ ਪਿਸਤੌਲ ਆਦਿ ਖ਼ਰੀਦਣ ਦਾ ਬੰਦੋਬਸਤ ਕਰਨ ਗਿਆ। ਉਹ ਜਾਂਦਿਆਂ ਹੀ 23 ਨਵੰਬਰ, 1914 ਨੂੰ ਪੇਸ਼ਾਵਰ ਛਾਉਣੀ ਵਿੱਚ ਫੜਿਆ ਗਿਆ।[2] ਉੱਤਰ ਪੱਛਮੀ ਸਰਹੱਦੀ ਸੂਬੇ ਦੀ ਇੰਤਜ਼ਾਮੀਆ ਰਪੋਰਟ ਸੀ.ਆਈ.ਡੀ. ਦੇ

---

1. ਸਭ 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 75,79,96,105 ਅਤੇ 109
2. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 76

ਕੰਮ ਬਾਰੇ ਲਿਖਦੀ ਹੈ।

"ਉਹ ਪੇਸ਼ਾਵਰ ਵਿੱਚ ਲਾਲ ਚੰਦ, ਅਮੀਰ ਚੰਦ ਤੇ ਕੇਸ਼ੋ ਰਾਮ ਨੂੰ ਮਿਲਿਆ ਸੀ। ਇਹਨਾਂ ਤਿੰਨਾਂ ਨੂੰ ਫੜ ਕੇ ਸਰਹੱਦੀ ਜੁਰਮਾਂ ਤੇ ਕਾਇਦਿਆਂ ਅਨੁਸਾਰ ਸਜ਼ਾ ਦਿਤੀ ਗਈ।"

ਇਥੋਂ ਇਹ ਸਿੱਧ ਹੁੰਦਾ ਹੈ ਕਿ ਹਕੂਮਤ ਗ਼ਦਰ ਪਾਰਟੀ ਨਾਲ ਛੋਹਣ ਵਾਲਿਆਂ ਨਾਲ ਵੀ ਜ਼ਾਲਮਾਨਾ ਸਲੂਕ ਕਰਦੀ ਸੀ।

ਪਾਰਟੀ ਨੇ ਨਾਂ ਸਿਰਫ ਪਿੰਡਾਂ ਤੇ ਫੌਜਾਂ ਵਿੱਚ ਵਰਕਰ ਭੇਜ ਕੇ ਜ਼ਬਾਨੀ ਪਰਚਾਰ ਕੀਤਾ, ਸਗੋਂ ਇਸ ਪਰਚਾਰ ਨੂੰ ਛਾਪ ਛਾਪ ਕੇ ਵੰਡਿਆ। ਪਾਰਟੀ ਨੇ ਆਪਣਾ ਪਰੈਸ ਲਾਉਣ ਦੀ ਬੜੀ ਕੋਸ਼ਿਸ਼ ਕੀਤੀ। ਭਾਈ ਕਰਤਾਰ ਸਿੰਘ ਸਰਾਭਾ ਨੇ ਲਾਲਾ ਰਾਮ ਸਰਨ ਦਾਸ ਕਪੂਰਥਲਾ ਨਾਲ ਵੀ ਪਰੈਸ ਚਾਲੂ ਕਰਨ ਦਾ ਚਾਰਾ ਕੀਤਾ, ਫੇਰ ਆਸਾ ਮਾਜਰਾ ਪਿੰਡ ਵਿੱਚ ਭਾਈ ਗਾਂਧਾ ਸਿੰਘ ਤੇ ਭਾਈ ਬੂਟਾ ਸਿੰਘ ਨੇ ਪਰੈਸ ਲਾਉਣ ਦੀ ਵਿਚਾਰ ਕੀਤੀ ਪਰ ਅਮਲ ਨਾ ਹੋ ਸਕਿਆ। ਪਹਿਲਾਂ ਲੁਧਿਆਣੇ ਤੇ ਫੇਰ ਲਾਹੌਰ ਤੋਂ ਭੜਥੂ ਪਰੈਸ (ਸਾਈਕਲੋ ਸਟਾਈਲ) ਉਤੇ 'ਗ਼ਦਰ ਦੀ ਗੂੰਜ' ਦੀਆਂ ਜੰਗੀ ਰੋਹ ਚੜ੍ਹਾਉਣ ਵਾਲੀਆਂ ਕਵਿਤਾਵਾਂ ਛਾਪੀਆਂ ਗਈਆਂ। 4 ਅਗਸਤ, 1914 ਨੂੰ ਅਮਰੀਕਾ ਵਿਚ ਗ਼ਦਰ ਪਾਰਟੀ ਵੱਲੋਂ ਕੀਤਾ "ਐਲਾਨਿ ਜੰਗ" ਹਜ਼ਾਰਾਂ ਗਿਣਤੀ ਵਿਚ ਛਾਪਕੇ ਫੌਜਾਂ, ਪਿੰਡਾਂ ਤੇ ਸ਼ਹਿਰਾਂ ਵਿੱਚ ਵੰਡਿਆ ਗਿਆ। ਇਹ ਕੰਮ ਭਾਈ ਕਰਤਾਰ ਸਿੰਘ ਸਰਾਭਾ ਦੀ ਨਿਗਰਾਨੀ ਵਿੱਚ ਹੁੰਦਾ ਰਿਹਾ ਤੇ ਲੁਧਿਆਣੇ ਦੇ ਵਿਦਿਆਰਥੀਆਂ ਨੇ ਇਸ ਵਿਚ ਪਾਰਟੀ ਦਾ ਬੜਾ ਹੱਥ ਵਟਾਇਆ।

ਪਾਰਟੀ ਦੀ ਪਰਾਪੋਗੰਡੇ ਦੀ ਲੀਹ ਇਹ ਸੀ। ਅੰਗਰੇਜ਼ੀ ਰਾਜ ਵੱਲੋਂ ਹਿੰਦ ਦੀ ਕੀਤੀ ਜਾ ਰਹੀ ਆਰਥਕ ਤੇ ਸਿਆਸੀ ਦੁਰਦਸ਼ਾ, ਜ਼ਮੀਨੀ ਮਾਮਲੇ ਦੀ ਕੜਕੁਟ, ਪੁਲਸੀ ਜ਼ੁਲਮ, ਅਮਰੀਕਾ ਤੇ ਬਾਹਰਲੇ ਦੇਸ਼ਾਂ ਵਿੱਚ ਹਿੰਦੀਆਂ ਨਾਲ ਗੋਰੇ ਸਾਮਰਾਜੀਆਂ ਦਾ ਵਿਤਕਰੇ ਤੇ ਈਰਖਾ ਭਰਿਆ ਸਲੂਕ, ਕੌਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਬੇਇਜ਼ਤੀ, ਬਜ ਬਜ ਘਾਟ ਦਾ ਖ਼ੂਨੀ ਸਾਕਾ, ਆਜ਼ਾਦ ਕੌਮਾਂ ਦੇ ਬੰਦਿਆਂ ਵੱਲੋਂ ਦਿੱਤੇ ਜਾ ਰਹੇ ਤਾਅਨੇ, 'ਗ਼ਦਰ' ਤੇ 'ਗ਼ਦਰ ਗੂੰਜ' ਦਾ ਇਨਕਲਾਬੀ ਪਰਚਾਰ, ਅੰਗਰੇਜ਼ੀ ਰਾਜ ਵਿਰੁੱਧ ਹਥਿਆਰ ਲੈ ਕੇ ਉਠਣ ਤੇ ਇਸ ਨੂੰ ਫੌਜਾਂ ਨਾਲ ਲੈਕੇ ਦੇਸ਼ ਵਿਚੋਂ ਹਿੱਕ ਦੇ ਜ਼ੋਰ ਨਾਲ ਬਾਹਰ ਕੱਢ ਮਾਰਨ ਦੀ ਅਪੀਲ, ਕੱਚੀ ਜਿਹੀ ਸੋਸ਼ਲਿਜ਼ਮ, ਜਿਸ ਵਿਚ ਸਬਸ ਦੀ ਬਰਾਬਰੀ ਤੇ ਆਜ਼ਾਦੀ ਦਾ ਵਰਨਣ ਹੁੰਦਾ ਸੀ।[1] ਇਸ ਪਰਚਾਰ ਦਾ ਬਹੁਤ ਅਸਰ ਹੋਇਆ।

"ਕੈਨੇਡਾ ਤੇ ਅਮਰੀਕਾ ਤੋਂ ਸਿੱਖਾਂ ਦੇ ਆਉਣ ਤੇ ਕੌਮਾਗਾਟੂ ਮਾਰੂ ਤੇ ਬਜ ਬਜ ਘਾਟ ਵਾਲੇ ਸਾਕੇ ਦਾ ਸਿੱਖਾਂ ਵਿੱਚ ਬਹੁਤ ਅਸਰ ਸੀ। ਇਸ ਨੇ ਸਿੱਖਾਂ ਦੀ ਸਰਕਾਰੀ ਆਗਿਆਕਾਰੀ ਨੂੰ ਬਹੁਤ ਗੰਭੀਰ ਹੱਦ ਤੱਕ ਹਿਲਾ ਦਿੱਤਾ ਸੀ।"[2]

ਇਹ ਗੱਲ ਪੰਜਾਬ ਵਿਚ ਮਸ਼ਹੂਰ ਸੀ, ਕਿ ਭਾਈ ਪਰੇਮ ਸਿੰਘ ਸੁਰਸਿੰਘੀ ਨੇ ਲੁਧਿਆਣੇ ਤੋਂ ਚਾਰ ਖੋਤੇ ਪਾਰਟੀ ਛਪਤਾਂ ਦੇ ਭਰ ਲਏ ਤੇ ਉਹ ਦਿੱਲੀ ਤੱਕ ਪੈਦਲ ਹੀ ਪਿੰਡਾਂ ਵਿਚ ਵੰਡਦਾ ਤੁਰਿਆ ਗਿਆ।

---

1. ਲਾਹੌਰ ਦਾ ਦੂਸਰਾ ਮੁਕੱਦਮਾ, ਸਫਾ 69
2. 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ (88) ਏ ਉਤਲਿਖਤ ਸਫਾ 48

# ਅੰਗਰੇਜ਼ੀ ਹਕੂਮਤ ਦੀ ਕਰੜਾਈ

ਜਿਸ ਤਰ੍ਹਾਂ ਅਸੀਂ ਉਪਰ ਦੱਸ ਆਏ ਹਾਂ, ਕਿ ਅੰਗਰੇਜ਼ੀ ਹਕੂਮਤ ਨੂੰ ਹਿੰਦ ਵਿਚ ਆ ਵੜੇ ਇਸ ਇਨਕਲਾਬੀ ਤੂਫਾਨ ਦਾ ਪਤਾ ਲੱਗ ਚੁੱਕਾ ਸੀ। ਉਸ ਨੇ ਇਹਨਾਂ ਇਨਕਲਾਬੀਆਂ ਨੂੰ ਕਾਬੂ ਕਰਨ ਲਈ ਨਾ ਸਿਰਫ ਸਮੁੰਦਰਾਂ ਦੇ ਘਾਟਾਂ ਉਤੇ ਹੀ ਪੁਲਸੀ ਤੇ ਫੌਜੀ ਬੌਰਾਂ ਲਾਈਆਂ ਹੋਈਆਂ ਸਨ, ਸਗੋਂ ਉਸ ਨੇ ਸਾਰੇ ਕੇਂਦਰੀ ਪੰਜਾਬ ਨੂੰ ਹੀ ਮੈਦਾਨਿ-ਜੰਗ ਬਣਾ ਛੌਡਿਆ ਸੀ। ਇਹਨਾਂ ਇਨਕਲਾਬੀਆਂ ਦੀ ਆਵਾਜਾਈ ਤਾੜਨ, ਰੋਕਣ ਤੇ ਬੰਦ ਕਰਨ ਲਈ ਰੇਲ ਦੇ ਸ਼ਹਿਰੀ ਸਟੇਸ਼ਨਾਂ ਤੇ ਜੰਕਸ਼ਨਾਂ ਉਤੇ ਸੀ.ਆਈ.ਡੀ. ਛੱਡੀ ਤੇ ਪੁਲਸੀ ਗਾਰਦਾਂ ਲਾਈਆਂ ਹੋਈਆਂ ਸਨ। ਸ਼ਹਿਰਾਂ ਵਿੱਚ ਤਾਂਗਿਆਂ ਦੇ ਔਡਿਆਂ, ਆਵਾਜਾਈ ਦੇ ਮੋੜਾਂ ਤੇ ਚੌਕਾਂ ਦੀ ਵੀ ਨਿਗਰਾਨੀ ਕੀਤੀ ਜਾ ਰਹੀ ਸੀ। ਦਰਿਆਵਾਂ, ਨਦੀਆਂ ਤੇ ਨਹਿਰਾਂ ਦੇ ਪੁਲਾਂ ਉਤੇ ਫੌਜੀ ਗਾਰਦਾਂ ਦੇ ਪਹਿਰੇ ਜੜੇ ਹੋਏ ਸਨ। ਜਿਨ੍ਹਾਂ ਇਲਾਕਿਆਂ ਵਿੱਚ ਬਹੁਤੇ ਗ਼ਦਰੀ ਆਏ ਤੇ ਨਜ਼ਰਬੰਦ ਸਨ, ਉਥੇ ਘੋੜ ਸਵਾਰ ਪੁਲਸ ਰਾਤ ਦਿਨ ਚੱਕਰ ਕੱਟਦੀ ਰਹਿੰਦੀ ਸੀ। ਇਸ ਤੋਂ ਇਲਾਵਾ ਥਾਣਿਆਂ ਦੀ ਪੁਲਸ, ਜ਼ੈਲਾਂ ਦੇ ਜ਼ੈਲਦਾਰ ਅਤੇ ਪਿੰਡਾਂ ਦੇ ਨੰਬਰਦਾਰ ਤੇ ਰਪਟੀਏ ਖ਼ਬਰਦਾਰ ਕੀਤੇ ਹੋਏ ਸਨ।

ਪਿੰਡਾਂ ਵਿੱਚ ਧਨੀ ਕਿਸਾਨਾਂ ਦੀ ਚੌਧਰ ਸੀ ਤੇ ਇਹਨਾਂ ਧਨੀ ਕਿਸਾਨਾਂ ਉਤੇ ਜਾਗੀਰਦਾਰ ਛਾਏ ਹੋਏ ਸਨ। ਅੰਗਰੇਜ਼ੀ ਸਾਮਰਾਜ ਇਕ ਤਰ੍ਹਾਂ ਦਾ ਇਹਨਾਂ ਜਾਗੀਰਦਾਰਾਂ ਦਾ ਰਿਜ਼ਕਦਾਤਾ ਸੀ। ਇਸ ਲਈ ਜ਼ਮੀਨ ਦੇ ਮਾਲਕਾਂ ਦੇ ਇਹ ਦੋ ਤਬਕੇ ਉਹਨਾਂ ਦਿਨਾਂ ਵਿੱਚ ਅੰਗਰੇਜ਼ੀ ਸਾਮਰਾਜ ਦੇ ਨਿਰੇ ਇਹਿਸਾਨਮੰਦ ਹੀ ਨਹੀਂ ਸਨ, ਸਗੋਂ ਉਸ ਨੂੰ ਆਪਣਾ ਰਿਜ਼ਕਦਾਤਾ ਸਮਝਦੇ ਸਨ। ਇਸ ਲਈ ਉਹ ਅੰਗਰੇਜ਼ੀ ਰਾਜ ਨੂੰ ਪੇਸ਼ ਆ ਰਹੇ ਜਾਂ ਆਉਣ ਵਾਲੇ ਹਰ ਖ਼ਤਰੇ ਨੂੰ ਆਪਣੀ ਜਾਨ ਦਾ ਖਤਰਾ ਗਿਣਦੇ ਸਨ ਤੇ ਕੌਮੀ ਲਹਿਰ ਦੇ ਅੰਗਰੇਜ਼ ਵਿਰੋਧੀ ਉਭਾਰ ਤੋਂ ਉਹ ਅੰਗਰੇਜ਼ੀ ਹਕੂਮਤ ਨਾਲੋਂ ਵੀ ਜ਼ਿਆਦਾ ਡਰਦੇ ਤੇ ਇਸ ਨਾਲ ਧਰੋਹ ਕਮਾਉਣ ਨੂੰ ਆਪਣੀ 'ਖ਼ਾਨਦਾਨੀ' ਇਜ਼ਤ ਸਮਝਦੇ ਸਨ। ਅੰਗਰੇਜ਼ੀ ਹਕੂਮਤ ਇਹਨਾਂ ਵਿੱਚੋਂ ਹੀ ਆਪਣੇ ਰਾਜ ਕਾਜ ਲਈ ਦੇਸ਼ੀ ਅਫਸਰ ਭਰਤੀ ਕੀਤਾ ਕਰਦੀ ਸੀ। ਬਾਹਲੇ ਇਹਨਾਂ ਤੇ ਧਨੀ ਕਿਸਾਨਾਂ ਵਿਚੋਂ ਹੀ ਪਿੰਡਾਂ ਦੇ ਜ਼ੈਲਦਾਰ ਤੇ ਨੰਬਰਦਾਰ ਹੁੰਦੇ ਸਨ। ਇਹ ਲੋਕ ਸਰਕਾਰ ਅੰਗਰੇਜ਼ੀ ਦਾ ਦਿੱਤਾ ਖਾ ਕੇ ਮੋਟੇ, ਧਨੀ ਤੇ ਚੌਧਰੀ ਹੁੰਦੇ ਜਾਂਦੇ ਸਨ। ਇਸ ਲਈ ਅੰਗਰੇਜ਼ੀ ਰਾਜ ਦੀ ਸੇਵਾ ਤੇ ਕੌਮ ਨਾਲ ਧਰੋਹ ਕਮਾਉਣਾ ਉਹਨਾਂ ਦਾ ਜੀਵਨ ਆਧਾਰ ਬਣ ਚੁੱਕਾ ਸੀ। ਗ਼ਰੀਬ ਕਿਸਾਨ ਤੇ ਹੋਰ ਹੇਠਲੀਆਂ ਜਮਾਤਾਂ ਦਬਾ ਹੇਠ ਦੱਬੀਆਂ ਹੋਈਆਂ ਪਿਛਾੜ ਦੀ ਨੀਂਦੇ ਸੁੱਤੀਆਂ ਆਪਣੀ ਛਿੱਲ ਲੁਹਾ ਰਹੀਆਂ ਸਨ।

ਇਸ ਲਈ ਇਨਕਲਾਬੀ ਲਹਿਰ ਤੋਂ ਇਹ ਲੋਕ ਅੰਗਰੇਜ਼ੀ ਹਕੂਮਤ ਨਾਲੋਂ ਵੀ ਬਹੁਤ ਡਰੇ ਤੇ ਅੰਗਰੇਜ਼ੀ ਹਕੂਮਤ ਨੂੰ ਬਚਾਉਣ ਲਈ ਕੌਮੀ ਲਹਿਰ ਨਾਲ ਦੁਸ਼ਮਣੀ ਕਮਾਉਣ ਲਈ ਤਿਆਰ ਹੋ ਗਏ। ਇਹਨਾਂ ਇਨਕਲਾਬੀਆਂ ਦੀ ਮੁਖ਼ਬਰੀ ਕਰਨ, ਇਹਨਾਂ ਨੂੰ ਗਿਰਫਤਾਰ ਕਰਾਉਣ ਤੇ ਇਹਨਾਂ ਬਾਰੇ ਲੋਕਾਂ ਵਿਚ ਗ਼ਲਤ ਪਰਚਾਰ ਕਰਕੇ ਭਰਮ ਭੁਲੇਖੇ ਪਾਉਣ ਲਈ ਉਹ ਸੀ.ਆਈ.ਡੀ. ਤੇ ਪੁਲਸ ਨਾਲੋਂ ਵੀ ਮੋਹਰਲੀ ਕਿੱਲੀ ਉਤੇ ਹੋ ਕੇ ਵਗਦੇ ਰਹੇ। ਅੰਗਰੇਜ਼ੀ ਹਕੂਮਤ ਨੇ ਇਹਨਾਂ ਦੀ ਹਿਰਸ ਨੂੰ ਹੋਰ ਵਧਾਉਣ ਲਈ ਮੁਰੱਬੇ, ਇਨਾਮ ਤੇ ਜਗੀਰਾਂ ਦੇਣ ਦੇ ਐਲਾਨ ਕੀਤੇ ਤਾਂ ਜੋ ਇਹ ਲੋਕ ਲਾਲਚ ਵਿਚ ਆਕੇ ਚਿੱਟੇ ਨੰਗੇ ਹੋ ਕੇ ਕੌਮੀ ਲਹਿਰ ਨਾਲ ਧਰੋਹ ਕਮਾਉਣ ਤੇ ਇਨਕਲਾਬੀਆਂ ਤੋਂ ਨਿੱਡਰ ਹੋ ਕੇ ਅੰਗਰੇਜ਼ੀ ਹਕੂਮਤ ਦੀ ਸਹਾਇਤਾ ਕਰਨ। ਇਹਨਾਂ ਲੋਕਾਂ

ਵਿਚੋਂ ਕਈ ਜ਼ੈਲਦਾਰ, ਨੰਬਰਦਾਰ ਤੇ ਚਿਟਪੋਸ਼ੀਏ ਗ਼ਦਰੀ ਵੀਰਾਂ ਦੀਆਂ ਪਹਿਲਾਂ ਮੁਖਬਰੀਆਂ ਕਰਨ ਤੇ ਫੇਰ ਗਰਿਫ਼ਤਾਰੀਆਂ ਕਰਾਉਣ ਵਿੱਚ ਬੇਹਯਾਈ ਨਾਲ ਹਿੱਸਾ ਲੈਂਦੇ ਰਹੇ।[1]

ਇਸ ਤਰ੍ਹਾਂ ਅੰਗਰੇਜ਼ੀ ਸਰਕਾਰ ਨੇ ਇਸ ਲਹਿਰ ਨੂੰਨੇਪਰੇ ਚੜ੍ਹਨੋ ਰੋਕਣ ਲਈ ਕੇਂਦਰੀ ਪੰਜਾਬ ਦੇ ਸ਼ਹਿਰਾਂ, ਪਿੰਡਾਂ ਤੇ ਆਵਾਜਾਈ ਦੇ ਥਾਵਾਂ ਉਤੇ ਮੁਖ਼ਬਰੀ, ਨਿਗਰਾਨੀ, ਫੜੋ ਫੜੀ, ਵਿਰੋਧਤਾ ਤੇ ਦੁਸ਼ਮਣੀ ਦਾ ਤਾਣਾ ਤਣ ਲਿਆ ਸੀ। ਪਰ ਅੰਗਰੇਜ਼ੀ ਹਕੂਮਤ ਦੀਆਂ ਇਹਨਾਂ ਤਕੜਾਈਆਂ ਤੇ ਬਾਨ੍ਹਣੂਆਂ ਦੇ ਬਾਵਜੂਦ ਆਪਣੀ ਮਾਤਭੂਮੀ ਨੂੰ ਅੰਗਰੇਜ਼ੀ ਗ਼ੁਲਾਮੀ ਤੇ ਸਰਦਾਰਾਂ ਦੇ ਦੇਸ਼-ਧਰੋਹ ਦੇ ਕਲੰਕ ਤੋਂ ਆਜ਼ਾਦ ਕਰਵਾਉਣ ਲਈ ਇਹ ਸੂਰਮੇ ਗ਼ਦਰੀ ਰਤਾ ਨਹੀਂ ਘਬਰਾਏ, ਝਿਜਕੇ ਤੇ ਡਰਕੇ ਘਰ ਬੈਠੇ। ਜਾਗੀਰਦਾਰ, ਸਰਦਾਰ ਤੇ ਧਨੀ ਕਿਸਾਨੀ ਦੇ ਕੁਝ ਲਾਲਚੀ ਬੰਦੇ ਹੁੰਦੇ ਤਾਂ ਬੇਸ਼ੱਕ ਧਰੋਂਹ ਗਏ ਸਨ, ਬਾਕੀ ਦੁਨੀਆਂ ਵੀ ਤਾਂ ਪਈ ਸੀ। ਗ਼ਰੀਬ ਕਿਸਾਨ ਤੇ ਹੇਠਲੀ ਜਨਤਾ ਭਾਵੇਂ ਸਿਆਸੀ ਤੇ ਆਰਥਕ ਪਛੜੇਵੇਂ ਦੀ ਮਾਰੀ ਸੁੱਤੀ ਪਈ ਸੀ, ਭਾਵੇਂ ਉਹਨਾਂ ਨੂੰ ਅੰਗਰੇਜ਼ੀ ਰਾਜ ਹੱਥੋਂ ਹੋ ਰਹੀ ਆਪਣੀ ਲੁੱਟ-ਖਸੁੱਟ ਦੀ ਐਨੀ ਸੋਝੀ ਨਹੀਂ ਸੀ ਪਈ, ਪਰ ਉਹ ਅੰਗਰੇਜ਼ ਪੱਖੀ ਨਹੀਂ ਸਨ ਤੇ ਨਾਂ ਕੌਮੀ ਲਹਿਰ ਦੇ ਵਿਰੋਧੀ। ਉਹ ਪਿੰਡਾਂ ਵਿੱਚ ਇਕੱਠੇ ਹੋ ਕੇ ਇਹਨਾਂ ਇਨਕਲਾਬੀਆਂ ਦੀਆਂ ਗੱਲਾਂ ਤੇ ਤਕਰੀਰਾਂ ਸੁਣਦੇ, ਵੰਡੀਆਂ ਛਪਤਾਂ ਪੜ੍ਹਦੇ ਤੇ ਇਹਨਾਂ ਨੂੰ ਰਾਤ ਬਰਾਤੇ ਆਸਰਾ ਦਿੰਦੇ। ਸਾਥ ਦੇਣ ਦਾ ਤਾਂ ਅਜੇ ਸਵਾਲ ਨਹੀਂ ਸੀ ਪੈਦਾ ਹੋਇਆ, ਪਰ ਇਹ ਗੱਲ ਪੱਕੀ ਹੈ ਕਿ ਇਹਨਾਂ ਲੋਕਾਂ ਦੀ ਲਹਿਰ ਨਾਲ ਆਮ ਹਮਦਰਦੀ ਸੀ। ਇਸ ਬਾਰੇ ਅੰਮਰਿਤਸਰ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਪੈਰੱਟ ਆਪਣੀ ਰਪੋਰਟ ਵਿੱਚ ਲਿਖਦਾ ਹੈ :-

"ਪੁਲਸ ਝਾੜ ਸਾਹਿਬ ਦੇ ਲਾਗੇ ਫੌਜਾਂ ਵਾਂਗ ਫੇਰੀ ਗਈ, ਪਰ ਹਥਿਆਰਬੰਦ ਇਨਕਲਾਬੀਆਂ ਨੂੰ ਇਸ ਕਰਕੇ ਗਰਿਫਤਾਰ ਨਾ ਕੀਤਾ ਜਾ ਸਕਿਆ, ਕਿ ਉਦਾਲੇ ਪੁਦਾਲੇ ਦੇ ਲੋਕ ਉਹਨਾਂ ਨਾਲ ਹਮਦਰਦੀ ਰੱਖਦੇ ਸਨ।"[2]

ਇਹ ਲੋਕ ਇਨਕਲਾਬੀਆਂ ਦਾ ਆਸਰਾ ਸਨ, ਵਿਰੋਧੀ ਨਹੀਂ ਸਨ।

## ਪਿੰਡਾਂ ਵਿਚ ਪਰਚਾਰ

ਅੰਗਰੇਜ਼ੀ ਹਕੂਮਤ ਬਾਹਰੋਂ ਆਏ ਇਨਕਲਾਬੀਆਂ ਵਿੱਚੋਂ ਬਾਹਲਿਆਂ ਨੂੰ ਜੇਲ੍ਹਾਂ ਜਾਂ ਪਿੰਡਾਂ ਵਿੱਚ ਡੱਕ ਦਿੰਦੀ। ਪਿੰਡ ਬੰਦਾਂ ਦੀਆਂ ਜ਼ਮਾਨਤਾਂ ਲੈਂਦੀ, ਖੁੱਲ੍ਹੇ ਛਡਿਆਂ ਉਤੇ ਵੀ ਨਜ਼ਰ ਰੱਖੀ ਜਾਂਦੀ, ਥਾਣੇ ਦੀ ਪੁਲਸ, ਜ਼ੈਲ ਦਾ ਜ਼ੈਲਦਾਰ ਤੇ ਪਿੰਡਾਂ ਦੇ ਨੰਬਰਦਾਰ ਤੇ ਰਪਟੀਏ ਇਹਨਾਂ ਦੀ ਦੇਖਭਾਲ ਕਰਦੇ ਰਹਿੰਦੇ, ਪੁਲਸ ਅਫਸਰਾਂ ਦੇ ਦੌਰਿਆਂ ਉਤੇ ਇਹਨਾਂ ਨੂੰ ਬਦਮਾਸ਼ਾਂ ਵਾਂਗ ਸਦਿਆ ਜਾਂਦਾ, ਐਨੀ ਕਰੜਾਈ, ਮਾਰੋ ਮਾਰੀ, ਪਕੜ ਧਕੜ ਤੇ ਮੁਖ਼ਬਰੀ ਦੀ ਝੁਲ ਰਹੀ ਹਨੇਰੀ ਵਿੱਚ ਵੀ ਇਹ ਸਿਰਲੱਥ ਇਨਕਲਾਬੀ ਨਿੱਡਰ ਹੋ ਕੇ ਆਪਣੇ ਕੰਮਾਂ ਵਿੱਚ ਜੁਟੇ ਰਹੇ। ਲੀਡਰ ਤਾਂ ਆਪਣਾ ਕੰਮ ਕਰੀ ਜਾਂਦੇ ਤੇ ਵਰਕਰ ਹੇਠਾਂ ਪਿੰਡਾਂ ਵਿੱਚ ਆਮ ਫਿਰ ਕੇ ਖੁੱਲ੍ਹਾ ਪਰਚਾਰ ਕਰਦੇ। ਇਹ ਸੂਰਮੇ ਤਰਕਾਲਾਂ ਨੂੰ ਪਿੰਡਾਂ ਵਿਚ ਜਾਕੇ ਚੌਕੀਦਾਰ ਕੋਲੋਂ ਇਕੱਠੇ ਹੋਣ ਦਾ ਘੜਿਆਲ ਮਰਵਾ ਦਿੰਦੇ ਤੇ ਲੋਕਾਂ ਨੂੰ ਇਕੱਠਿਆਂ ਕਰਕੇ ਇਨਕਲਾਬ ਕਰਨ ਦਾ ਤਿਆਰ ਹੋ ਜਾਣ ਵਾਸਤੇ ਆਖਦੇ।

---

1. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫੇ 198-99, 204-5
2. ਦੂਸਰਾ ਲਾਹੌਰ ਸਾਜ਼ਿਸ਼ ਕੇਸ, ਸਫਾ 37

ਪਰਚਾਰ ਕਰਕੇ ਰਾਤ ਨੂੰ ਬਿਨਾਂ ਦਸਿਆ ਖਿਸਕ ਜਾਂਦੇ ਤੇ ਹੋਰ ਦੂਰ ਨੇੜੇ ਦੇ ਪਿੰਡ ਜਾ ਸਉਂਦੇ।[1]

ਇਹਨਾਂ ਪਰਚਾਰ ਵਾਲਿਆਂ ਵਿਚੋਂ ਕੁਝ ਦਾ ਪਤਾ ਲੱਗਾ ਹੈ। ਬੰਤਾ ਸਿੰਘ ਸੰਘਵਾਲ, ਰੂੜ ਸਿੰਘ ਸੰਘਵਾਲ ਤੇ ਹਰਨਾਮ ਸਿੰਘ ਟੁੰਡੀਲਾਟ, ਤਿੰਨੇ ਰਲ ਕੇ ਕਪੂਰਥਲਾ ਰਿਆਸਤ ਤੇ ਪਿੰਡਾਂ ਕਾਲਾ ਸੰਘਾ, ਨੂਸੀ, ਰਮੀਦੀ, ਲਖਣਕੇ, ਮਕਸੂਦਪੁਰ, ਪਿਰਥੀਪੁਰ, ਵਡਾਲਾ, ਧਾਲੀਵਾਲ, ਜਾਤੀਕੇ, ਭੰਡਾਲ ਤੇ ਹੋਰ ਕਈ ਪਿੰਡਾਂ ਵਿਚ ਪਰਚਾਰ ਕਰਦੇ ਫਿਰਦੇ ਰਹੇ। ਬੀਬੀ ਗੁਲਾਬ ਕੌਰ ਹਰਿਆਣੇ (ਹੋਸ਼ਿਆਰਪੁਰ) ਦੇ ਪਿੰਡਾਂ ਵਿਚ ਘੁੰਮਕੇ ਲੋਕਾਂ ਨੂੰ ਗ਼ਦਰ ਕਰਨ ਲਈ ਆਖਦੀ ਰਹੀ।[2] ਭਾਈ ਪਿਆਰਾ ਸਿੰਘ ਲੰਗੇਰੀ ਮਾਹਲਪੁਰ ਦੇ ਥਾਣੇ ਵਿੱਚ ਫਿਰ ਕੇ ਗ਼ਦਰ ਸੁਨੇਹੇ ਦਿੰਦੇ ਰਹੇ। ਧਿਆਨ ਸਿੰਘ ਚੁੱਘਾ ਲੁਧਿਆਣੇ ਦੇ ਪਿੰਡਾਂ ਵਿਚ ਲੱਗੇ ਦੀਵਾਨਾਂ ਵਿਚ ਜਾ ਕੇ ਬੋਲਦੇ ਸਨ।

ਉਧਰ ਲੁਧਿਆਣੇ ਵਿੱਚ ਸੰਤ ਰਣਧੀਰ ਸਿੰਘ ਨਾਰੰਗਵਾਲ ਆਪਣੇ ਦੀਵਾਨਾਂ ਤੇ ਅਖੰਡ ਪਾਠਾਂ ਦੇ ਜੋੜ-ਮੇਲਿਆਂ ਉਤੇ ਗੁਰਦੁਆਰਾ ਰਕਾਬਗੰਜ ਦਿੱਲੀ ਦੀ ਕੰਧ ਢਾਉਣ ਵਿਰੁੱਧ ਰੋਸ ਪਰਗਟ ਕਰਦੇ ਹੋਏ ਸੰਗਤਾਂ ਨੂੰ ਗ਼ਦਰ ਪਾਰਟੀ ਦਾ ਉਦੇਸ਼ ਦਿੰਦੇ। ਅਜੇਹੇ ਦੀਵਾਨ ਲੋਹਟ-ਬੱਧੀ, 20 ਤੇ 29 ਜਨਵਰੀ 1915, ਗੁਜਰਵਾਲ 14 ਫਰਵਰੀ 1915, ਖੰਨੇ ਤੇ ਚਮਕੌਰ ਸਾਹਿਬ 19 ਦਸੰਬਰ 1914 ਨੂੰ ਹੋਏ ਤੇ ਇਹਨਾਂ ਦੀਵਾਨਾਂ ਵਿੱਚ ਸੰਤ ਰਣਧੀਰ ਸਿੰਘ ਤੇ ਭਾਈ ਕਰਮ ਸਿੰਘ ਕੋਟਲਾ ਅਜਨੇਰ ਦੀਆਂ ਤਕਰੀਰਾਂ ਬਾਰੇ ਲਾਹੌਰ ਮੁਕੱਦਮਿਆਂ ਦੀਆਂ ਗਵਾਹੀਆਂ ਵਿੱਚ ਜ਼ਿਕਰ ਆਉਂਦਾ ਹੈ। ਇਹਨਾਂ ਮੀਟਿੰਗਾਂ ਵਿੱਚ ਸੰਤ ਰਣਧੀਰ ਸਿੰਘ ਦੇ ਜਥੇ ਦੇ ਮੈਂਬਰ ਅਤਰ ਸਿੰਘ ਸਲੀਮਪੁਰ, ਨਾਹਰ ਸਿੰਘ (ਗਿਆਨੀ), ਸਰਵਣ ਸਿੰਘ, ਹਰਨਾਮ ਸਿੰਘ (ਕੌਮਾਗਾਟਾ ਮਾਰੂ) ਤੇ ਜਗਤ ਸਿੰਘ ਗੁਜਰਵਾਲ, ਦਲੀਪ ਸਿੰਘ ਤੇ ਰਾਮ ਸਿੰਘ ਫੂਲੇਵਾਲ, ਲਾਭ ਸਿੰਘ ਤੇ ਮਸਤਾਨ ਸਿੰਘ ਨਾਰੰਗਵਾਲ, ਮਹਿੰਦਰ ਸਿੰਘ ਮਾਜਰੀ, ਸੰਤਾ ਸਿੰਘ ਨੰਦਪੁਰ ਕਲੌਰ ਆਦਿ ਨੇ ਤਕਰੀਰਾਂ ਕੀਤੀਆਂ। ਇਹਨਾਂ ਤੋਂ ਇਲਾਵਾ ਭਾਈ ਗਾਂਧਾ ਸਿੰਘ ਕੱਚਰਭੰਨ ਤੇ ਭਾਈ ਅਰਜਨ ਸਿੰਘ (ਤੱਤ ਖ਼ਾਲਸਾ), ਜਗਰਾਉਂ ਪਿੰਡਾਂ ਵਿੱਚ ਫਿਰਕੇ ਖੁਲ੍ਹਾ ਪਰਚਾਰ ਕਰਦੇ। ਅਜੇਹਾ ਪਰਚਾਰ ਉਨ੍ਹਾਂ ਨੇ ਤਲਵੰਡੀ, ਗ਼ਾਲਬ, ਅਜਿਤਵਾਲ, ਰੂਮੀ, ਗੁਰੂ ਸਰ ਕਾਉਂਕੇ, ਕਲੇਰੋਂ ਤੇ ਕਿੱਲੀ ਆਦਿ ਪਿੰਡਾਂ ਵਿੱਚ ਕੀਤਾ। ਭਾਈ ਠਾਕਰ ਸਿੰਘ ਠੱਠੀਆਂ (ਅੰਮਰਿਤਸਰ) ਲਾਇਲਪੁਰ ਦੀ ਬਾਰ ਵਿੱਚ ਪਰਚਾਰ ਕਰਨ ਗਿਆ।

ਸਰਹਾਲੀ (ਅੰਮਰਿਤਸਰ) ਦੇ ਇਲਾਕੇ ਵਿੱਚ ਅਜੇਹਾ ਪਰਚਾਰ ਆਮ ਸੀ। ਫ਼ੀਰੋਜ਼ਪੁਰ ਵਿਚ ਢੁੱਡੀਕੇ (ਮੋਗਾ) ਇਨਕਲਾਬੀਆਂ ਦਾ ਤਕੜਾ ਗੜ੍ਹ ਸੀ। ਏਸ ਪਿੰਡ ਦੇ ਆਪਣੇ ਕਈ ਇਨਕਲਾਬੀ ਸਨ, ਜਿਸ ਤਰ੍ਹਾਂ ਭਾਈ ਈਸ਼ਰ ਸਿੰਘ (ਜੋ ਫਾਂਸੀ ਆਏ), ਮਹਿੰਦਰ ਸਿੰਘ, ਸ਼ਾਮ ਸਿੰਘ, ਪਾਖਰ ਸਿੰਘ, ਪਾਲਾ ਸਿੰਘ ਸਪੁੱਤਰ ਕਾਲਾ ਸਿੰਘ, ਪਾਲਾ ਸਿੰਘ ਸਪੁੱਤਰ ਬੱਗਾ ਸਿੰਘ ਤੇ ਮਾਸਟਰ ਫੇਰਾ ਸਿੰਘ ਸਨ। ਇਹ ਗ਼ਦਰੀ ਇਰਦ ਗਿਰਦ ਦੇ ਦਾਉਧਰ, ਚੂਹੜਚੱਕ, ਅਜਿਤਵਾਲ ਆਦਿ ਅਨੇਕਾਂ ਪਿੰਡਾਂ ਵਿੱਚ ਘੁੰਮਕੇ ਲੋਕਾਂ ਨੂੰ ਗ਼ਦਰ ਕਰਨ ਵਾਸਤੇ ਆਖਦੇ। ਇਹ ਅੱਡਾ ਇਨਕਲਾਬੀਆਂ ਦੀ ਪਨਾਹ ਦਾ ਵੀ ਕੰਮ ਦਿੰਦਾ ਸੀ। ਜਿਥੇ ਉੱਤਮ ਸਿੰਘ ਹਾਂਸ ਅਤੇ ਗਾਂਧਾ ਸਿੰਘ

---

1. ਹਰਨਾਮ ਸਿੰਘ ਟੁੰਡੀਲਾਟ, ਭਾਈ ਪਿਆਰਾ ਸਿੰਘ ਲੰਗੇਰੀ, ਮਿਲਖਾ ਸਿੰਘ ਢੁਡੀਕੇ ਤੇ ਹੋਰ ਗ਼ਦਰੀਆਂ ਦੇ ਬਿਆਨ ਅਤੇ ਪਹਿਲਾ ਲਾਹੌਰ ਸਾਜ਼ਿਸ਼ ਕੇਸ, (ਫੈਸਲਾ) ਸਫਾ 87-88
2. ਅਮਰ ਸਿੰਘ ਕੋਟਲਾ ਨੌਧ ਸਿੰਘ ਦਾ ਬਿਆਨ

ਕੱਚਰਭੰਨ ਵਰਗੇ ਮਨਚਲੇ ਗ਼ਦਰੀ ਆ ਕੇ ਸਸਤਾ ਜਾਂਦੇ।

ਇਸੇ ਤਰ੍ਹਾਂ ਜ਼ਿਲਾ ਜਲੰਧਰ ਦੇ ਕਰਤਾਰਪੁਰ ਥਾਣੇ ਵਿੱਚ ਸੰਘਵਾਲ ਪਿੰਡ ਵਿੱਚ ਭਾ: ਬੰਤਾ ਸਿੰਘ ਤੇ ਭਾ: ਰੂੜ ਸਿੰਘ ਦਾ ਅੱਡਾ ਸੀ। ਇਹ ਅੱਡਾ ਵੀ ਆਪਣੇ ਪਿੰਡ ਤੇ ਲਾਗੇ ਚਾਗੇ ਦੇ ਪਿੰਡਾਂ ਵਿਚ ਪਰਚਾਰ ਕਰਦਾ, ਇਸ ਨੇ ਅਦਾਲਤਾਂ ਦਾ ਬਾਈਕਾਟ ਕਰਕੇ ਪਿੰਡ ਦੀ ਆਪਣੀ ਆਜ਼ਾਦ ਪੰਚਾਇਤ ਬਣਾਈ ਹੋਈ ਸੀ। ਧਰਮ ਸਾਲਾ ਵਿੱਚ ਕੌਮੀ ਸਕੂਲ ਖੋਹਲਿਆ ਹੋਇਆ ਸੀ। ਜਿਸ ਵਿੱਚ ਪੜ੍ਹਨ ਵਾਲਿਆਂ ਨੂੰ ਕੌਮੀ ਇਨਕਲਾਬੀ ਵਿਦਿਆ ਦਿੱਤੀ ਜਾਂਦੀ ਸੀ। ਇਸ ਪਰਚਾਰ ਦਾ ਸਿੱਟਾ ਸੀ, ਕਿ ਭਾ: ਰੂੜ ਸਿੰਘ ਦੀ ਅਗਵਾਈ ਵਿੱਚ ਇਹਨਾਂ ਪਿੰਡਾਂ ਦਾ ਇਕ ਇਨਕਲਾਬੀ ਜਥਾ ਬਣ ਗਿਆ ਹੋਇਆ ਸੀ, ਜੋ ਪਾਰਟੀ ਦਿਆਂ ਮੋਰਚਿਆਂ ਉਤੇ ਜਾਂਦਾ ਰਿਹਾ।

ਸੁਰ ਸਿੰਘ ਜ਼ਿਲਾ ਲਾਹੌਰ ਵੀ ਗ਼ਦਰੀਆਂ ਦਾ ਬੜਾ ਵੱਡਾ ਗੜ੍ਹ ਸੀ। ਦੋ ਵੱਡੇ ਲੀਡਰ ਭਾਈ ਜਗਤ ਸਿੰਘ ਤੇ ਭਾਈ ਪਰੇਮ ਸਿੰਘ, ਭਾਈ ਬੁਢਾ ਸਿੰਘ, ਗੰਡਾ ਸਿੰਘ, ਹਰਨਾਮ ਸਿੰਘ, ਕੇਸਰ ਸਿੰਘ, ਮੰਗਲ ਸਿੰਘ, ਸਾਧੂ ਸਿੰਘ, ਗੁਰਦਿੱਤ ਸਿੰਘ, ਇੰਦਰ ਸਿੰਘ, ਜਵੰਦ ਸਿੰਘ, ਕਾਲਾ ਸਿੰਘ, ਹਿੰਮਤ ਸਿੰਘ ਆਦਿ ਵਰਕਰ ਸੁਰ ਸਿੰਘ ਦੇ ਹੀ ਸਨ। ਇਹਨਾਂ ਦਾ ਆਪਣੇ ਤੇ ਨਾਲ ਦੇ ਪਿੰਡਾਂ ਵਿੱਚ ਦੂਰ ਦੂਰ ਅਸਰ ਸੀ। ਕਕੜਾਂ ਵਿਚਲਾ ਅੱਡਾ ਵੀ ਇਹਨਾਂ ਦੇ ਅਸਰ ਹੇਠ ਸੀ, ਜਿਸ ਵਿੱਚ ਭਾਈ ਗੰਡਾ ਸਿੰਘ ਜਾਂਦਾ ਤੇ ਪਰਚਾਰ ਕਰਦਾ ਸੀ। ਸ਼ੰਘਾਈ ਦਾ ਮਸ਼ਹੂਰ ਲੀਡਰ ਹਰੀ ਸਿੰਘ ਵੀ ਕਕੜਾਂ ਦਾ ਹੀ ਸੀ। ਇਹ ਮਾਦੋਕੀ ਬਰਾੜ ਦੇ ਇਰਦ ਗਿਰਦ ਦੇ ਪਿੰਡਾਂ ਵਿੱਚ ਪਰਚਾਰ ਦਾ ਕੰਮ ਦਿੰਦਾ ਸੀ।

ਗੁਰਦਾਸਪੁਰ ਵਿੱਚ ਠੀਕਰੀ ਵਾਲਾ ਕਾਹ੍ਨੂਵਾਲ ਦੇ ਥਾਣੇ ਦਾ ਪਿੰਡ ਵੀ ਗ਼ਦਰੀ ਗੜ੍ਹ ਸੀ। ਇਸ ਦੇ ਗਿਰਦ ਵੀ ਉਦਾਲੇ ਪੁਦਾਲੇ ਦੇ ਪਿੰਡਾਂ ਦੇ ਹਮਦਰਦਾਂ ਦਾ ਘੇਰਾ ਸੀ। ਇਹਨਾਂ ਦੇ ਆਗੂ ਸ਼ੰਘਾਈ ਤੋਂ ਆਏ ਭਾਈ ਸ਼ੇਰ ਸਿੰਘ ਤੇ ਤਾਰਾ ਸਿੰਘ ਸਨ। ਇਹਨਾਂ ਨੇ ਵੀ ਆਪਣਾ ਇਕ ਗ਼ਦਰੀ ਜਥਾ ਬਣਾਇਆ ਹੋਇਆ ਸੀ।

ਇਹਨਾਂ ਤਕਰੀਰਾਂ ਵਿੱਚ ਮਾਲੀਏ ਦੇ ਭਾਰੀ ਬੋਝ, ਕੌਮਾਗਾਟਾ ਮਾਰੂ ਦੇ ਕੈਨੇਡਾ ਦੇ ਬਜ ਬਜ ਦੇ ਸਾਕੇ ਦੀ ਵਾਰਤਾ, ਰਕਾਬ ਗੰਜ ਦੀ ਕੰਧ, ਸਿਪਾਹੀਆਂ ਦੀ ਥੋੜ੍ਹੀ ਤਨਖਾਹ, ਅਦਾਲਤਾਂ ਦਾ ਬਾਈਕਾਟ, ਮਾਲੀਆ ਦੇਣ ਤੋਂ ਇਨਕਾਰ ਤੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ ਵਿਰੁੱਧ ਸ਼ੁਰੂ ਕੀਤੇ ਪਾਰਟੀ ਦੇ ਘੋਲ ਵਿੱਚ ਸ਼ਾਮਲ ਹੋਣ ਦੀ ਅਪੀਲ ਤੇ ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਹੋਇਆ ਕਰਦੀਆਂ ਸਨ। ਛੁੱਟੀ ਆਏ ਫੌਜੀਆਂ ਨੂੰ ਵਾਪਸ ਜਾਣ ਤੇ ਗ਼ਦਰ ਲਹਿਰ ਵਿੱਚ ਸ਼ਾਮਲ ਹੋਣ ਦੀ ਪੁਕਾਰ ਹੁੰਦੀ।[1]

## ਮੈਗਜ਼ੀਨਾਂ ਉਤੇ ਹਮਲੇ ਦੀਆਂ ਤਿਆਰੀਆਂ

ਸਰਕਾਰ ਅੰਗਰੇਜ਼ੀ ਦੀ ਐਨੀ ਕਰੜਾਈ ਤੇ ਲਹਿਰ ਨੂੰ ਕਾਬੂ ਕਰਨ ਲਈ ਬੰਨ੍ਹੇ ਬਾਨ੍ਹਣੂਆਂ ਨੇ ਗ਼ਦਰ ਪਾਰਟੀ ਨੂੰ ਬੇਹਿੰਮਤ ਨਹੀਂ ਕੀਤਾ। ਗ਼ਦਰ ਪਾਰਟੀ ਦੇ ਲੀਡਰ ਬੇਖਟਕ, ਬੇਡਰ ਤੇ ਬੇਧੜਕ ਹੋਕੇ ਆਪਣੇ ਕੰਮਾਂ ਵਿਚ ਵਿੱਚ ਜੁਟ ਪਏ। ਪਾਰਟੀ ਨੂੰ ਸਰਕਾਰ ਹਿੰਦ ਦੀ ਸਿਆਸੀ ਤੇ

---

1. ਲਾਹੌਰ ਦਾ ਪਹਿਲਾ ਮੁਕੱਦਮਾ (ਫੈਸਲਾ) ਸਫਾ 87-88 ਅਤੇ ਦੂਸਰਾ ਮੁਕੱਦਮਾ ਸਫਾ 48-51

ਉਸ ਵੇਲੇ ਦੀ ਫੌਜੀ ਕਮਜ਼ੋਰੀ ਦਾ ਪਤਾ ਸੀ। ਲੋਕਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਜਾਗਰਤਾ ਆ ਰਹੀ ਸੀ।[1] ਅੰਗਰੇਜ਼ੀ ਫੌਜਾਂ ਦਾ ਬਹੁਤ ਸਾਰਾ ਹਿੱਸਾ ਜੰਗ ਵਿਚ ਵਰਤੇ ਜਾਣ ਲਈ ਯੋਰਪ ਭੇਜ ਦਿੱਤਾ ਗਿਆ ਸੀ। ਬਰਬਾਦ ਹੋ ਰਹੀਆਂ ਦੇਸ਼ੀ ਫੌਜਾਂ ਦੀ ਘਾਟ ਪੂਰੀ ਕਰਨ ਲਈ ਭਰਤੀ ਕੋਈ ਚੰਗਾ ਨਹੀਂ ਚਲ ਰਹੀ, ਖ਼ਾਸ ਕਰਕੇ ਸਿੱਖ ਕਿਸਾਨਾਂ ਵਿੱਚ।[2]

ਪਾਰਟੀ ਨੂੰ ਆਉਂਦਿਆਂ ਹੀ ਪੰਜਾਬ ਵਿੱਚ ਇਕ ਸਾਕਾ ਕਰਨਾ ਪੈ ਗਿਆ। ਅਕਤੂਬਰ 1914 ਦੇ ਦੂਸਰੇ ਹਫਤੇ ਫੀਰੋਜ਼ਪੁਰ–ਲੁਧਿਆਣਾ ਰੇਲ ਦੀ ਲਾਈਨ ਦੇ ਚੌਕੀ ਮਾਨ ਸਟੇਸ਼ਨ ਉਤੇ ਪਾਰਟੀ ਦੀ ਕਿਸੇ ਨਾਂ ਉਤੇ ਸਾਮਾਨ ਦੀ ਬਿਲਟੀ ਆਉਂਦੀ ਸੀ। ਜਦ ਪਾਰਟੀ ਵਾਲੇ ਬਿਲਟੀ ਲੈਣ ਗਏ ਤਾਂ ਅਗੇ ਸਟੇਸ਼ਨ ਉਤੇ ਇਕ ਬਾਵਰਦੀ ਪੁਲਸੀਆ ਲੱਗਾ ਖੜਾ ਸੀ। ਪਾਰਟੀ ਵਾਲਿਆਂ ਜਾਤਾ ਕਿ ਸਟੇਸ਼ਨ ਨੇ ਗ਼ਦਰੀਆਂ ਨੂੰ ਫੜਾਉਣ ਲਈ ਇਸ ਨੂੰ ਸੱਦ ਲਿਆ ਹੈ। ਗ਼ਦਰੀ ਪੁਲਸੀਏ ਨੂੰ ਵੇਖਕੇ ਪਰਤ ਗਏ। ਕੁਝ ਦਿਨ ਪਾਕੇ ਉਹ 16 ਅਕਤੂਬਰ, 1914 ਨੂੰ ਮੁੜ ਆਏ ਤੇ ਮੁਖ਼ਬਰੀ ਕਰਨ ਦੀ ਸਜ਼ਾ ਦੇਣ ਲਈ ਸਟੇਸ਼ਨ ਮਾਸਟਰ ਉਤੇ ਵਾਰ ਕੀਤਾ। ਸਟੇਸ਼ਨ ਮਾਸਟਰ ਪਿਸਤੌਲ ਦੀ ਗੋਲੀ ਖਾ ਕੇ ਡਿਗ ਪਿਆ। ਗ਼ਦਰੀ ਇਹੀ ਸਜ਼ਾ ਕਾਫੀ ਸਮਝ ਕੇ ਚਲੇ ਗਏ। ਫੇਰ ਜਦ ਅਗਲੇ ਸਾਲ ਫੜਾ ਫੜਾਈਆਂ ਸ਼ੁਰੂ ਹੋਈਆਂ ਤਾਂ ਵਾਇਦਾ ਮਾਫਾਂ ਪਾਸੋਂ ਪਤਾ ਲੱਗਾ ਕਿ ਇਹ ਸਟੇਸ਼ਨ ਮਾਸਟਰ ਨੂੰ ਸਜ਼ਾ ਦੇਣ ਵਾਲੇ ਭਾਈ ਚੰਦਾ ਸਿੰਘ ਵੜਾਇਚ (ਲੁਧਿਆਣਾ), ਭਾਈ ਜਗਤ ਸਿੰਘ ਸੁਰ ਸਿੰਘ, ਤੇ ਭਾ: ਜੀਵਨ ਸਿੰਘ ਪਿੰਡ ਘੁਮਾਰਾ (ਫਰੀਦਕੋਟ) ਸਨ।

ਪਰ ਪਾਰਟੀ ਤਾਂ ਅਮਰੀਕਾ ਤੋਂ ਇਹ ਸੋਚ ਕੇ ਚੱਲੀ ਸੀ ਕਿ ਦੇਸ਼ੀ ਫੌਜਾਂ ਕੇਵਲ ਗ਼ਦਰੀ ਪਰਚਾਰ ਨਾਲ ਹੀ ਇਨਕਲਾਬ ਵਿੱਚ ਆ ਰਲਣਗੀਆਂ ਤੇ ਅੰਗਰੇਜ਼ੀ ਰਾਜ ਫਾਸਤਾ ਸੌਖਾ ਹੀ ਵਢਿਆ ਜਾਊ। ਪਰ ਜਦ ਪਾਰਟੀ ਦੇ ਵਰਕਰ ਤੇ ਲੀਡਰ ਫੌਜਾਂ ਵਿੱਚ ਗਏ, ਫੌਜੀਆਂ ਨੇ ਇਹਨਾਂ ਦੀਆਂ ਗੱਲਾਂ ਤੇ ਪਰਚਾਰ ਬੜੇ ਧਿਆਨ ਨਾਲ ਸੁਣਿਆ, ਕਬੂਲ ਕੀਤਾ, ਨਾਲ ਮਿਲਣ ਲਈ ਤਿਆਰ ਹੋ ਗਏ, ਪਰ ਇੱਕ ਗੱਲ ਆਖੀ, ਜੋ ਪਾਰਟੀ ਲਈ ਇਕ ਵਜ਼ਨੀ ਪੱਥਰ ਬਣ ਗਈ। ਉਹ ਇਹ ਕਿ ਪਾਰਟੀ ਆਪਣੇ ਜਥੇ ਲੈ ਕੇ ਪਹਿਲਾਂ ਛਾਉਣੀ ਦੇ ਮੈਗਜ਼ੀਨਾਂ ਉਤੇ, ਜੋ ਗੋਰੇ ਫੌਜੀਆਂ ਦੇ ਪਹਿਰੇ ਹੇਠ ਰੱਖੇ ਹੋਏ ਸਨ, ਕਬਜ਼ੇ ਕਰੇ, ਫੇਰ ਉਹ ਨਾਲ ਹੋ ਜਾਣਗੇ।[3]

ਇਸ ਲਈ ਪਾਰਟੀ ਮੂਹਰੇ, ਮੁੱਖ ਕੰਮ ਇਹ ਆ ਪਿਆ ਕਿ ਉਹ ਮੈਗਜ਼ੀਨਾਂ ਉਤੇ ਹਮਲੇ ਕਰਨ ਲਈ ਆਪਣੇ ਬੰਦੇ ਜੋੜੇ ਤੇ ਉਹਨਾਂ ਨੂੰ ਹਥਿਆਰਬੰਦ ਕਰੇ। ਪਾਰਟੀ ਨੇ ਸੋਚ ਵਿਚਾਰਾਂ ਤੋਂ ਬਾਅਦ ਬਾਕੀ ਛੱਡਕੇ ਹਾਲਾਂ ਦੋ ਵੱਡੀਆਂ ਤੇ ਫੌਜੀ ਨੁਕਤੇ ਤੋਂ ਬਹੁਤ ਵਿਸ਼ੇਸ਼ ਛਾਉਣੀਆਂ ਹਮਲਾ ਕਰਕੇ ਕਾਬੂ ਕਰਨ ਦਾ ਫੈਸਲਾ ਕੀਤਾ। ਇਕ ਲਾਹੌਰ ਦੀ ਮੀਆਂ ਮੀਰ ਛਾਉਣੀ ਚੁਣੀ ਗਈ ਜੋ ਉਦੋਂ ਦੇ ਅੰਗਰੇਜ਼ੀ ਫੌਜ ਦੇ ਨੌ ਡਵਿਜ਼ਿਨਾਂ ਵਿੱਚੋਂ ਇਕ ਡਵੀਜ਼ਨਲ ਹੈਡ ਕਵਾਰਟਰ ਸੀ ਤੇ ਪੰਜਾਬ ਦੀਆਂ ਸਾਰੀਆਂ ਛਾਉਣੀਆਂ ਇਸ ਤੇ ਮਾਤਹਿਤ ਸਨ। ਜਿਸ ਉਤੇ ਕਬਜ਼ਾ ਕਰਕੇ ਸੂਬੇ ਦੀ ਸਰਕਾਰ ਉਲਟਾਈ ਜਾ ਸਕਦੀ ਸੀ। ਦੂਸਰੀ ਫੀਰੋਜ਼ਪੁਰ ਦੀ ਛਾਉਣੀ (ਕਿਲਾ) ਜਿੱਥੇ ਉੱਤਰੀ

---

1. 'ਜਿਵੇਂ ਮੈਂ ਹਿੰਦ ਨੂੰ ਜਾਤਾ' ਸਫਾ 192
2. ਮੇਰੇ ਹਿੰਦੀ ਸਾਲ, 1910–16', ਸਫਾ 116–117 ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫ਼ਾ 88
3. ਹੋਮ (ਪੋਲੀ) ੳ. ਅਕਤੂਬਰ 1915,671–84 ਅਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫ਼ਾ 73

ਕਮਾਂਡ ਦਾ ਮੈਗਜ਼ੀਨ ਸੀ ਤੇ ਜਿਸ ਉਤੇ ਕਬਜ਼ਾ ਕਰਕੇ ਸਾਰੀ ਉੱਤਰੀ ਫੌਜ ਲਈ ਜਮ੍ਹਾ ਕੀਤਾ ਗੋਲੀ ਗੱਠਾ ਤੇ ਹਥਿਆਰ ਪੱਤਾ ਹੱਥ ਆ ਸਕਦਾ ਸੀ। ਜਿਸ ਦੀ ਵਰਤੋਂ ਨਾਲ ਜੰਗ ਲੜਕੇ ਅੰਗਰੇਜ਼ੀ ਫੌਜਾਂ ਨੂੰ ਸ਼ਿਕਸਤ ਦਿੱਤੀ ਜਾ ਸਕਦੀ ਸੀ।

ਓਦੋਂ ਦੇਸ਼ ਦੀ ਫੌਜੀ ਹਾਲਤ ਇਹ ਸੀ ਤਕਰੀਬਨ ਸਾਰੀਆਂ ਗੋਰਾ ਫੌਜਾਂ ਜੰਗ ਵਿੱਚ ਹਿੱਸਾ ਲੈਣ ਲਈ ਯੋਰਪ ਨੂੰ ਭੇਜੀਆਂ ਜਾ ਚੁੱਕੀਆਂ ਸਨ। ਛਾਉਣੀਆਂ ਵਿੱਚ ਕੇਵਲ ਵੱਡੀ ਉਮਰ ਦੇ ਫੌਜੀ ਗੋਰੇ ਸਿਪਾਹੀ ਤੇ ਅਫਸਰ ਹੀ ਬਾਕੀ ਸਨ, ਜੋ ਮਸਾਂ ਕਿਸੇ ਛਾਉਣੀ ਵਿੱਚ ਸੌ ਦੋ ਸੌ ਦੇ ਕਰੀਬ ਹੀ ਸਨ। ਇਹ ਕੇਵਲ ਮੈਗਜ਼ੀਨਾਂ ਦੀ ਰਾਖੀ ਤੇ ਹਕੂਮਤ ਦੇ ਦਬਦਬੇ ਵਾਸਤੇ ਹੀ ਰੱਖੇ ਹੋਏ ਸਨ। ਪਾਰਟੀ ਦਾ ਵਿਚਾਰ ਸੀ, ਕਿ ਜੇ ਉਹ ਆਪਣੇ ਥੋੜ੍ਹੇ ਕੁ ਬੰਦੇ ਹਥਿਆਰਬੰਦ ਕਰਕੇ ਚੁੱਪਚਪੀਤੇ ਇਹਨਾਂ ਛਾਉਣੀਆਂ ਦੇ ਮੈਗਜ਼ੀਨਾਂ ਦੇ ਪਹਿਰੇਦਾਰ ਗੋਰਿਆਂ ਨੂੰ ਕਾਬੂ ਕਰ ਲਵੇ ਤਾਂ ਨਾਲ ਰਲੇ ਹੋਏ ਦੇਸ਼ੀ ਫੌਜੀਆਂ ਦੀ ਸਹਾਇਤਾ ਨਾਲ ਲਾਹੌਰ ਤੇ ਫੀਰੋਜ਼ਪੁਰ ਦੀਆਂ ਛਾਉਣੀਆਂ ਉਤੇ ਕਬਜ਼ਾ ਕਰ ਲੈਣਾ ਆਸਾਨ ਸੀ। ਇਹਨਾਂ ਦੋਂਹ ਸਰ ਕਰ ਲਈਆਂ ਗਈਆਂ ਛਾਉਣੀਆਂ ਦੇ ਫੌਜੀਆਂ ਤੇ ਦਾਰੂ ਸਿੱਕੇ ਨਾਲ ਇਕ ਕੌਮੀ ਗ਼ਦਰੀ ਫੌਜ ਬਣ ਜਾਣੀ ਸੀ ਤੇ ਹੋਰਨਾਂ ਛਾਉਣੀਆਂ ਵਿੱਚ ਨਾਲ ਰਲੀਆਂ ਫੌਜਾਂ ਲਈ ਗ਼ਦਰ ਕਰਨਾ ਤੇ ਇਸ ਫੌਜ ਨਾਲ ਰਲਣਾ ਸੌਖਾ ਹੋ ਜਾਣਾ ਸੀ। ਫੇਰ ਇਕ ਫੌਜ ਤੇ ਗ਼ਦਰ ਦੇ ਜ਼ੋਰ ਨਾਲ ਸਾਰੇ ਹਿੰਦੁਸਤਾਨ ਵਿੱਚੋਂ ਅੰਗਰੇਜ਼ੀ ਰਾਜ ਨੂੰ ਉਖੇੜ ਦੇਣਾ ਇਨਕਲਾਬੀਆਂ ਲਈ ਕੋਈ ਵੱਡੀ ਗੱਲ ਨਹੀਂ ਸੀ।

ਪਾਰਟੀ ਅਮਰੀਕਾ ਤੋਂ ਹੀ ਫੌਜਾਂ ਨੂੰ ਲੈ ਕੇ ਤੇ ਇਕ ਦਿਨ ਮਿਥਕੇ ਇਨਕਲਾਬੀ ਹਮਲਾ ਕਰਨ ਦੀ ਸਲਾਹ ਬਣਾਕੇ ਆਈ ਸੀ। ਉਸ ਦੇ ਵਰਕਰ ਇਸ ਕੰਮ ਲਈ ਬੜੇ ਉਤਾਵਲੇ ਸਨ। ਜਿਥੇ ਉਹ ਆਉਂਦੇ ਹੀ ਇਨਕਲਾਬ ਦੇ ਬਾਕੀ ਸਾਰੇ ਕੰਮਾਂ ਵਿੱਚ ਪੈ ਗਏ, ਉਥੇ ਉਹ ਇਕ ਦਿਨ ਮਿਥਕੇ ਯੁੱਧ ਮਚਾਉਣ ਲਈ ਵੀ ਬੜੀ ਵਾਹ ਲਾ ਰਹੇ ਸਨ। ਪਰ ਹਾਲਾਤ ਨੇ ਪਹਿਲਾਂ ਮੈਗਜ਼ੀਨਾਂ ਉਤੇ ਕਬਜ਼ਾ ਕਰਨ ਦੀ ਅਣੌੜੀ ਪਾ ਦਿੱਤੀ, ਜਿਸ ਨੂੰ ਕੱਢਣ ਲਈ ਪਾਰਟੀ ਨੂੰ ਹੋਰ ਤਿਆਰੀਆਂ ਕਰਨੀਆਂ ਪਈਆਂ। ਇਹਨਾਂ ਦੋਹਾਂ ਛਾਉਣੀਆਂ ਉਤੇ ਹਮਲਾ ਕਰਨ ਲਈ ਬੰਦੇ ਜੋੜਨੇ ਤੇ ਇਹਨਾਂ ਬੰਦਿਆਂ ਨੂੰ ਲੋੜੀਂਦੇ ਹਥਿਆਰਾਂ ਨਾਲ ਲੈਸ ਕਰਨਾ ਪਾਰਟੀ ਲਈ ਇਕ ਉਚੇਚਾ ਕੰਮ ਉਠ ਪਿਆ।

26 ਪੰਜਾਬੀ ਰਜਮੈਂਟ ਦਾ ਡੀਪੂ ਜੋ ਹਾਂਗਕਾਂਗ ਵਿੱਚ ਗ਼ਦਰੀਆਂ ਨਾਲ ਰਲ ਚੁੱਕਾ ਸੀ, ਕਰਾਚੀ ਤੋਂ ਅਕਤੂਬਰ ਦੇ ਮਹੀਨੇ ਬਦਲਕੇ ਸਬੱਬੀਂ ਫ਼ੀਰੋਜ਼ਪੁਰ ਆ ਗਿਆ। ਇਸ ਵਿਚ ਹਰਨਾਮ ਸਿੰਘ ਕਾਲਾ ਸੰਘਾ ਆਦਿ ਅੱਠ ਸਿਪਾਹੀ ਗ਼ਦਰੀਆਂ ਦੇ ਵਾਕਿਫ ਤੇ ਹਮਾਇਤੀ ਸਨ। ਇਹਨਾਂ ਨਾਲ ਗ਼ਦਰੀਆਂ ਦੀ ਮੁਲਾਕਾਤ ਨੇ ਫ਼ੀਰੋਜ਼ਪੁਰ ਦੀਆਂ ਦੇਸ਼ੀ ਫੌਜਾਂ ਵਿੱਚ ਪਾਰਟੀ ਦਾ ਹੱਥ ਪਵਾ ਦਿੱਤਾ।[1]

ਮੀਆਂ ਮੀਰ ਵਿੱਚ 23ਵਾਂ ਰਸਾਲਾ ਸੀ। ਇਸਦੇ ਸਵਾਰ ਜ਼ਿਆਦਾ ਮਾਝੇ ਦੇ ਲੋਕ ਸਨ, ਇਹਨਾਂ ਸਵਾਰਾਂ ਉਤੇ ਮਾਝੇ ਦੇ ਪਿੰਡਾਂ ਵਿੱਚ ਚੱਲ ਰਹੇ ਪਾਰਟੀ ਪਰਚਾਰ ਦਾ ਅਸਰ ਸੀ।[2] ਇਸ ਬਾਰੇ ਇਕ ਛੁੱਟੀ ਕੱਟਕੇ ਗਏ ਸਵਾਰ ਨੇ ਆਪਣੇ ਯਾਰ ਸਵਾਰਾਂ ਨਾਲ ਗੱਲਾਂ ਬਾਤਾਂ ਕੀਤੀਆਂ। ਫੇਰ

1. ਹਰਨਾਮ ਸਿੰਘ ਕਾਲੇ ਸੰਘਾ ਦਾ ਬਿਆਨ
2. ਲਾਹੌਰ ਸਾਜ਼ਿਸ਼ ਦਾ ਮੁਕੱਦਮਾ, ਸਫਾ 50

ਇਕ ਹੋਰ ਸਵਾਰ ਛੁੱਟੀ ਗਿਆ, ਜੋ ਭਾਈ ਪਰੇਮ ਸਿੰਘ ਸੁਰਸਿੰਘੀਏ ਨਾਲ ਗੱਲ ਕਥ ਕਰ ਗਿਆ।[1] ਭਾਈ ਪਰੇਮ ਸਿੰਘ ਮੀਆਂਮੀਰ ਆਇਆ ਤੇ ਦਫੇਦਾਰ ਲਛਮਣ ਸਿੰਘ ਤੇ ਉਸਦੇ ਸਵਾਰਾਂ ਨੂੰ ਮਿਲਿਆ। ਪਾਰਟੀ ਦਾ ਪਰੋਗਰਾਮ ਦੱਸਿਆ ਤੇ ਸਮਝਾਇਆ। ਉਹ ਸਾਰੇ ਪਾਰਟੀ ਨਾਲ ਸਹਿਮਤ ਹੋ ਗਏ ਤੇ ਇਕਰਾਰ ਕੀਤਾ ਕਿ "ਤੁਸੀਂ ਪਹਿਲਾਂ ਆ ਕੇ ਮੈਗਜ਼ੀਨ ਤੇ ਕਬਜ਼ਾ ਕਰ ਲਉ, ਕਬਜ਼ਾ ਕਰਨ ਵਿੱਚ ਭੀ ਅਸੀਂ ਇਮਦਾਦ ਦੇ ਸਕਦੇ ਹਾਂ, ਪਰ ਅੱਗੇ ਪਾਰਟੀ ਦਾ ਜੱਥਾ ਹੀ ਲੱਗੇਗਾ।"

## ਤਿਆਰੀਆਂ ਦੀਆਂ ਕਚਿਆਈਆਂ

ਇਧਰ ਵਰਕਰਾਂ ਨੇ ਫ਼ੌਜਾਂ ਵਿੱਚ ਕੰਮ ਸ਼ੁਰੂ ਕਰ ਦਿਤਾ, ਉਧਰ ਪਾਰਟੀ ਲੀਡਰ ਗ਼ਦਰ ਮਿਥਣ ਤੇ ਉਸ ਲਈ ਵਰਕਰ ਤੇ ਹਥਿਆਰ ਇਕੱਠੇ ਕਰਨ ਦੇ ਕੰਮ ਵਿੱਚ ਜੁਟ ਪਏ। ਅੰਮਰਿਤਸਰ ਦੀ ਮੀਟਿੰਗ ਤੋਂ ਭਾਈ ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ ਸੁਰ ਸਿੰਘ, ਭਾਈ ਚੰਨਣ ਸਿੰਘ ਬੂੜ ਚੰਦ, ਭਾਈ ਕਾਲਾ ਸਿੰਘ ਜਗਤਪੁਰ ਤੇ ਭਾਈ ਪਿਆਰਾ ਸਿੰਘ ਲੰਗੇਰੀ ਨਨਕਾਣੇ ਦੇ ਮੇਲੇ ਉਤੇ 2 ਨਵੰਬਰ, 1914 ਨੂੰ ਇਕੱਠੇ ਹੋਏ। ਭਾਈ ਗੁਜਰ ਸਿੰਘ ਭਕਨਾ ਨਹੀਂ ਸਨ ਜਾ ਸਕੇ। ਇਸ ਲਈ ਫੇਰ ਉਥੋਂ ਆਕੇ ਖਾਸੇ (ਅੰਮਰਿਤਸਰ) ਮੀਟਿੰਗ ਹੋਈ, ਜਿਸ ਵਿੱਚ ਗੁਜਰ ਸਿੰਘ ਤੇ ਉਹਨਾਂ ਨੇ ਸ਼ੰਘਾਈ ਵਾਲੇ ਜਥੇ ਦੇ ਵਰਕਰ ਵੀ ਸ਼ਾਮਲ ਹੋਏ। ਕਾਫ਼ੀ ਵਿਚਾਰਾਂ ਤੋਂ ਬਾਅਦ ਦੋਹਾਂ ਛਾਉਣੀਆਂ ਉਤੇ ਹਮਲੇ ਦੀ ਸਕੀਮ ਲਈ ਕੰਮ ਵੰਡ ਕੀਤੀ ਗਈ। ਫੈਸਲਾ ਹੋਇਆ ਕਿ ਬਿਆਸ ਤੋਂ ਉਤਲੇ ਲਾਹੌਰ ਅੰਮਰਿਤਸਰ ਆਦਿ ਜ਼ਿਲਿਆਂ ਦੇ ਵਰਕਰ ਮੀਆਂ ਮੀਰ ਲਈ ਕੰਮ ਕਰਨ ਤੇ ਬਿਆਸ ਤੋਂ ਹੇਠਲੇ ਦੁਆਬੇ ਤੇ ਮਾਲਵੇ ਦੇ ਫ਼ੀਰੋਜ਼ਪੁਰ ਵਾਸਤੇ। ਫੇਰ ਪਾਰਟੀ ਦੇ ਕੰਮ ਨੂੰ ਇਕੇਂਦਰਤ ਕਰਨ ਲਈ ਇਕ ਕੇਂਦਰੀ ਕਮੇਟੀ ਚੁਣੀ ਗਈ, ਜਿਸ ਵਿੱਚ ਭਾਈ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਡਾਕਟਰ ਮਥਰਾ ਸਿੰਘ ਢੁਡਿਆਲਾ, ਭਾਈ ਗੁਜਰ ਸਿੰਘ ਭਕਨਾ, ਭਾਈ ਵਸਾਖਾ ਸਿੰਘ ਦਦੇਹਰ (ਸੰਤ ਨਹੀਂ), ਪੰਡਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਭਾਈ ਪਿਆਰਾ ਸਿੰਘ ਲੰਗੇਰੀ ਤੇ ਭਾਈ ਵੀਰ ਸਿੰਘ ਬਾਹੋਵਾਲ ਮੈਂਬਰ ਲਏ ਗਏ। ਵਰਕਰ ਇਕੱਠੇ ਕਰਨ ਲਈ 15 ਨਵੰਬਰ ਦੀਆਂ ਮੀਟਿੰਗਾਂ ਰੱਖੀਆਂ ਗਈਆਂ। ਬਿਆਸ ਤੋਂ ਹੇਠਾਂ 17 ਨਵੰਬਰ ਨੂੰ ਲੋਂਡੂਵਾਲ ਤੇ 19 ਨੂੰ ਮੋਗੇ ਵਿੱਚ ਮੀਟਿੰਗਾਂ ਹੋਈਆਂ ਤੇ ਬਿਆਸ ਤੋਂ ਉਤੇ 17 ਨਵੰਬਰ ਨੂੰ ਤਰਨਤਾਰਨ ਮਸਿਆ ਉਤੇ ਮੀਟਿੰਗ ਹੋਈ। ਇਹਨਾਂ ਮੀਟਿੰਗਾਂ ਵਿੱਚ ਪਾਸ ਹੋਇਆ ਕਿ ਇਹਨਾਂ ਛਾਉਣੀਆਂ ਉਤੇ ਹਮਲੇ ਲਈ ਬੰਦੇ ਇਕੱਠੇ ਕਰਨ ਵਾਸਤੇ 23 ਤਰੀਕ ਨੂੰ ਇਕ ਪਾਸੇ ਬਦੋਵਾਲ (ਲੁਧਿਆਣੇ) ਤੇ ਦੂਸਰੇ ਪਾਸੇ ਝਾੜ ਸਾਹਿਬ (ਅੰਮਰਿਤਸਰ) ਮੀਟਿੰਗਾਂ ਰੱਖੀਆਂ ਜਾਣ। ਤਰਨਤਾਰਨ ਦੀ ਮੀਟਿੰਗ ਵਿੱਚ ਇਕ ਪਾਸੇ ਵਾਸਤੇ ਇਕ ਮਾਤਹਿਤ ਕਮੇਟੀ ਬਣਾਈ ਗਈ, ਜਿਸ ਵਿੱਚ ਭਾਈ ਹਰਨਾਮ ਸਿੰਘ ਸਿਆਲਕੋਟੀ, ਭਾਈ ਕਾਲਾ ਸਿੰਘ ਜਗਤਪੁਰੀਆ, ਸੁੰਦਰ ਸਿੰਘ ਦੌਲੋਨੰਗਲ, ਭਾਈ ਵਸਾਖਾ ਸਿੰਘ ਦਦੇਹਰ, ਭਾਈ ਗੰਡਾ ਸਿੰਘ ਖਾਪੜ ਖੇੜੀ, ਭਾਈ ਸੁੰਦਰ ਸਿੰਘ ਜਥੋਵਾਲ ਚੁਣੇ ਗਏ। ਭਾਈ ਗੁਜਰ ਸਿੰਘ ਮੀਟਿੰਗ ਉਤੇ ਆਉਂਦੇ ਗੱਡੀ ਵਿੱਚੋਂ ਗਰਿਫਤਾਰ ਕਰ ਲਏ ਗਏ।

---

1. ਹੋਮ (ਪੋਲੀਟੀਕਲ) (ਓ) ਅਕਤੂਬਰ 1915, ਕਾਰਵਾਈ ਨੰ. 671-84 ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' 71-72

ਫੇਰ 23 ਨਵੰਬਰ ਨੂੰ ਬਦੋਵਾਲ ਤੇ ਝਾੜ ਸਾਹਿਬ ਬੜੇ ਇਕੱਠ ਹੋਏ। ਜਿਨ੍ਹਾਂ ਵਿੱਚ 26 ਨਵੰਬਰ ਹਮਲੇ ਦੀ ਤਾਰੀਖ਼ ਰੱਖੀ ਗਈ। 26 ਨੂੰ ਝਾੜ ਸਾਹਿਬ ਵਾਲੀ ਮੀਟਿੰਗ ਵਿੱਚ 23 ਨੰਬਰ ਰਸਾਲੇ ਦੇ ਫੌਜੀ ਭੀ ਆਉਂਣੇ ਸਨ, ਉਹਨਾਂ ਦੀ ਅਗਵਾਈ ਵਿੱਚ ਮੀਆਂਮੀਰ ਉਤੇ ਹੱਲਾ ਬੋਲਣਾ ਸੀ। ਇਸ ਵਿਚ ਭਾਈ ਨਿਧਾਨ ਸਿੰਘ ਚੁੱਘਾ, ਭਾਈ ਹਰਨਾਮ ਸਿੰਘ ਸਿਆਲਕੋਟੀ ਤੇ ਭਾਈ ਵਸਾਖਾ ਸਿੰਘ ਦਦੇਹਰ ਕੇਂਦਰੀ ਕਮੇਟੀ ਵੱਲੋਂ ਕਮੇਟੀ ਦੀ ਅਗਵਾਈ ਕਰ ਰਹੇ ਸਨ। ਬਾਕੀ ਭਾਈ ਜਗਤ ਸਿੰਘ, ਭਾਈ ਪਰੇਮ ਸਿੰਘ, ਭਾਈ ਇੰਦਰ ਸਿੰਘ, ਭਾਈ ਬੁਢਾ ਸਿੰਘ, ਗੰਡਾ ਸਿੰਘ, ਮੰਗਲ ਸਿੰਘ, ਸਾਧੂ ਸਿੰਘ ਤੇ ਕੇਸਰ ਸਿੰਘ ਸੁਰਸਿੰਘੀਏ, ਲਾਭ ਸਿੰਘ, ਸੂਜਾ ਸਿੰਘ, ਮੰਗਲ ਸਿੰਘ, ਠਾਕਰ ਸਿੰਘ ਤੇ ਜਮੂੰ ਮਾਸ਼ਕੀ ਵਲਟੋਹੀਏ, ਬਿਸ਼ਨ ਸਿੰਘ ਤੇ ਅਜੈਬ ਸਿੰਘ ਵਰਪਾਲੀਏ, ਤੇਜਾ ਸਿੰਘ ਤੇ ਸੁਲਤਾਨ ਸ਼ਾਹ ਫ਼ਕੀਰ ਭਿੱਖੀਵਿੰਡੀਏ, ਜਿੰਦਰ ਸਿੰਘ ਨੌਸ਼ਹਿਰਾ ਪਨੂਆਂ, ਹਰਨਾਮ ਸਿੰਘ ਰਸੂਲਪੁਰ (ਤਰਨਤਾਰਨ), ਗੰਡਾ ਸਿੰਘ ਖਾਪੜਖੇੜੀ, ਲਾਲ ਸਿੰਘ ਭੂਰੇ, ਤੇਜਾ ਸਿੰਘ ਸੰਦਪੁਰ, ਠਾਕਰ ਸਿੰਘ ਠੱਠੀਆਂ, ਊਧਮ ਸਿੰਘ ਲਾਦੂਪੁਰਾ, ਸੁੰਦਰ ਸਿੰਘ ਦੌਲੋਨੰਗਲ ਆਦਿ ਵਰਕਰ ਤੇ ਹੋਰ ਬਹੁਤ ਸਾਰੇ ਬੰਦੇ ਸ਼ਾਮਲ ਹੋਏ। 23 ਨੰਬਰ ਰਸਾਲੇ ਦੇ ਮੂਲ ਸਿੰਘ ਗਰੰਥੀ ਵੱਲੋਂ ਭੁਚਲਾਏ ਜਾ ਕੇ ਰਸਾਲੇ ਵਾਲੇ ਆਉਣੋਂ ਝਿਜਕ ਗਏ, ਪਰ ਰਾਤ ਨੂੰ ਚਾਰ ਸਵਾਰ ਸੁੱਚਾ ਸਿੰਘ ਚੋਹਲਾ ਦੀ ਅਗਵਾਈ ਹੇਠ ਘੋੜੇ ਤੇ ਕਿਰਚਾਂ ਲੈਕੇ ਚੱਲ ਪਏ। ਪਰ ਜਾਂਦਿਆਂ ਨੂੰ ਮੀਟਿੰਗ ਮੁਕ ਚੁੱਕੀ ਸੀ ਤੇ ਸਭ ਉਥੋਂ ਚਲੇ ਗਏ ਸਨ। ਰਸਾਲੇ ਵਾਲਿਆਂ ਦੇ ਵੇਲੇ ਸਿਰ ਨਾ ਆਉਣ ਨਾਲ 26 ਨਵੰਬਰ ਦੀ ਗੱਲ ਰਹਿ ਗਈ।

27 ਨਵੰਬਰ ਨੂੰ ਕੈਰੋਂ ਦੇ ਥੇਹ ਉਤੇ ਫੇਰ ਇਕੱਠ ਹੋਇਆ। ਜਿਥੇ ਇਸ ਮੀਟਿੰਗ ਨਾਲੋਂ ਭੀ ਜ਼ਿਆਦਾ ਬੰਦੇ ਜਮ੍ਹਾ ਹੋਏ। ਬੰਦੇ ਤਾਂ ਬਹੁਤ ਆ ਗਏ ਪਰ ਹਥਿਆਰ ਕਿਸੇ ਪਾਸ ਭੀ ਨਹੀਂ ਸਨ। ਦੋ ਤਿੰਨ ਪਿਸਤੌਲ ਹੋਣਗੇ, ਪਰ ਪਿਸਤੌਲਾਂ ਨਾਲ ਮੈਗਜ਼ੀਨਾਂ ਉਤੇ ਥੋੜਾ ਕਬਜ਼ਾ ਹੁੰਦਾ ਹੈ? ਖ਼ਾਲੀ ਹੱਥੀਂ ਛਾਉਣੀ ਉਤੇ ਹਮਲਾ ਕਿਸ ਤਰ੍ਹਾਂ ਹੋਵੇ? ਫੈਸਲਾ ਹੋਇਆ ਕਿ ਹਾਲਾਂ ਹਮਲੇ ਨੂੰ ਰਹਿਣ ਦਿੱਤਾ ਜਾਵੇ ਤੇ ਹਥਿਆਰ ਪਰਾਪਤ ਕਰਨ ਵਾਸਤੇ ਕੋਈ ਚਾਰਾ ਕੀਤਾ ਜਾਵੇ।

ਹਥਿਆਰਾਂ ਲਈ ਚਾਰਾ ਕਰਨ ਵਾਸਤੇ 28 ਤਰੀਕ ਨੂੰ ਇਕ ਜਥਾ ਜੁੜਕੇ ਸਰਹਾਲੀ ਗਿਆ, ਕਿ ਉਥੇ ਥਾਣੇ ਉਤੇ ਹਮਲਾ ਕਰਕੇ ਰਫਲਾਂ ਤੇ ਦਾਰੂ ਸਿੱਕਾ ਖੋਹਿਆ ਜਾਵੇ, ਪਰ ਇਨਕਲਾਬੀਆਂ ਤੋਂ ਡਰਦਿਆਂ ਉਹਨੀਂ ਦਿਨੀਂ ਥਾਣਿਆਂ ਦੇ ਬੂਹੇ ਬੰਦ ਰੱਖੇ ਜਾਂਦੇ ਸਨ। ਦਦੇਹਰ ਦੇ ਇਕ ਬਦਮਾਸ਼ ਨੂੰ ਨਾਲ ਗੰਢਕੇ ਲਿਆਉਣ ਦੀ ਸਲਾਹ ਹੋਈ, ਕਿ ਉਹ ਥਾਣੇ ਦਾ ਬੂਹਾ ਖੁਲਵਾ ਦੇਵੇ, ਪਰ ਉਹ ਪਿੰਡ ਵਿੱਚ ਨਹੀਂ ਮਿਲਿਆ। ਸਾਰਾ ਦਿਨ ਥਾਣੇ ਦਾ ਬੂਹਾ ਖੁਲ੍ਹਣ ਉਤੇ ਤਾਕ ਲਾ ਛੱਡੀ, ਪਰ ਬੂਹਾ ਕੋਈ ਨਾ ਖੁੱਲ੍ਹਾ। ਹਾਰ ਹੰਭਕੇ ਜਥਾ ਖਿੰਡ-ਪੁੰਡ ਗਿਆ।[1]

ਇਸ ਝਾੜ ਸਾਹਿਬ ਵਾਲੀ ਮੀਟਿੰਗ ਦੀ ਸੂੰਦਕ ਝੋਲੀ ਚੁਕਾਂ ਨੂੰ ਲੱਗ ਗਈ। ਸਭ ਤੋਂ ਪਹਿਲਾਂ ਕਪੂਰ ਸਿੰਘ ਪਿੰਡ ਪੱਧਰੀ ਨੇ ਪੁਲਸ ਨੂੰ ਦੱਸਿਆ।[2] ਡਿਪਟੀ ਕਮਿਸ਼ਨਰ ਅੰਮਿਰਤਸਰ ਨੇ ਦੋ ਡੋਗਰਿਆਂ ਤੇ ਦੋ ਪਠਾਣਾਂ ਦੇ ਤੁਰਪ ਸਰਹਾਲੀ ਇਲਾਕੇ ਵਿਚ ਤੇ ਖ਼ਾਸ ਕਰ ਝਾੜ ਸਾਹਿਬ ਦੇ ਲਾਗੇ ਚਾਗੇ ਪੱਕੀ ਗਸ਼ਤ ਉਤੇ ਲਾ ਦਿਤੇ। 23 ਨੰਬਰ ਰਸਾਲੇ ਦੇ ਮੀਆਂਮੀਰ ਤੋਂ ਨਿਕਲ ਆਏ ਚਾਰ ਸਵਾਰ ਵੀ ਗ਼ਦਰੀਆਂ ਦਾ ਪਤਾ ਸੁਰ ਕੱਢਣ ਵਾਸਤੇ ਝਾੜ ਸਾਹਿਬ ਦੇ ਉਦਾਲੇ ਦੇ ਪਿੰਡਾਂ

---

1. ਦੂਸਰਾ ਲਾਹੌਰ ਸਾਜ਼ਿਸ਼ ਕੇਸ, ਸਫੇ 30-43 ਤੇ ਪਹਿਲਾ ਮੁਕੱਦਮਾ ਸਫ਼ਾ 167
2. ਦੂਸਰਾ ਲਾਹੌਰ ਸਾਜ਼ਿਸ਼ ਕੇਸ, ਸਫਾ 85

ਵਿਚ ਘੁੰਮਣ ਲਗ ਪਏ, ਦਫੇਦਾਰ ਲਛਮਣ ਸਿੰਘ ਨੇ ਗਰੰਥੀ ਮੂਲ ਸਿੰਘ ਨੂੰ ਝਾੜ ਸਾਹਿਬ ਦੇ ਮਹੰਤ ਪਾਸ ਕਹਿ ਭੇਜਿਆ, ਕਿ ਗ਼ਦਰੀ ਇਹਨਾਂ ਤੁਰਪਾਂ ਦੇ ਹਥਿਆਰ ਖੋਹ ਲੈਣ। ਪਰ ਗਰੰਥੀ ਡਰਦਾ ਮਾਰਿਆ ਝਾੜ ਸਾਹਿਬ ਹੀ ਨਾ ਆਇਆ। ਮੀਟਿੰਗਾਂ ਹੋ ਕੇ ਹਵਾਕੇ ਹਟ ਗਈਆਂ। ਉਹਨਾਂ ਸਵਾਰਾਂ ਵਿੱਚੋਂ ਇਕ ਪਿਛਾਂਹ ਰਸਾਲੇ ਨੂੰ ਮੁੜ ਗਿਆ ਤੇ ਬਾਕੀ ਪਿੰਡਾਂ ਵਿੱਚ ਘੁੰਮ ਕੇ ਗ਼ਦਰੀਆਂ ਨੂੰ ਭਾਲਣ ਲੱਗ ਪਏ। ਇਹ ਤਿੰਨੇ ਇਸੇ ਤਰ੍ਹਾਂ ਫਿਰਦੇ ਪੁਲਸ ਨੇ ਫੜ ਲਏ। ਪੁਲਸ ਤੋਂ ਧਮਕਾਏ ਜਾਣ ਦੇ ਬਾਵਜੂਦ ਸਵਾਰਾਂ ਨੇ ਕੁਝ ਨਾ ਦੱਸਿਆ ਅਤੇ ਉਹਨਾਂ ਨੂੰ ਗੈਰਹਾਜ਼ਰ ਹੋਣ ਦੇ ਦੋਸ਼ ਵਿੱਚ ਕਵਾਰਟਰ ਗਾਰਦ ਦੀ ਮਾਮੂਲੀ ਸਜ਼ਾ ਹੋ ਗਈ। ਇਸ ਤਰ੍ਹਾਂ ਗ਼ਦਰੀਆਂ ਨਾਲ ਰਸਾਲੇ ਦਾ ਮੇਲ ਢਕਿਆ ਰਹਿ ਗਿਆ।[1]

## ਫੇਰੂ ਸ਼ਹਿਰ ਦਾ ਸਾਕਾ

ਉਧਰ ਫੀਰੋਜ਼ਪੁਰ ਉਤੇ ਹਮਲੇ ਦੀ ਕੋਸ਼ਿਸ਼ ਬਹੁਤ ਮਹਿੰਗੀ ਪਈ। 26 ਨਵੰਬਰ ਨੂੰ ਫੀਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਉਤੇ ਗ਼ਦਰੀਆਂ ਦਾ ਇਕੱਠ ਹੋਇਆ, ਜਿਸ ਵਿਚ ਪੰਡਤ ਕਾਂਸ਼ੀ ਰਾਮ, ਭਾਈ ਰਹਿਮਤ ਅਲੀ, ਭਾਈ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਭਾਈ ਗਾਂਧਾ ਸਿੰਘ ਕੱਚਰਭੰਨ, ਭਾ: ਜਗਤ ਸਿੰਘ ਬਿਝੱਲ, ਭਾਈ ਜੀਊਣ ਸਿੰਘ ਦੌਲੇ ਸਿੰਘ ਵਾਲਾ, ਭਾਈ ਜਗਤ ਸਿੰਘ ਸੁਰ ਸਿੰਘ, ਭਾਈ ਹਰੀ ਸਿੰਘ ਨਥਾਣਾ, ਭਾਈ ਵਰਿਆਮ ਸਿੰਘ ਅਮਲੀ ਦਰਾਜ (ਨਾਭਾ) ਭਾਈ ਸੁਰਜਨ ਸਿੰਘ ਫਤਿਹਗੜ੍ਹ (ਹੋਸ਼ਿਆਰਪੁਰ) ਤੇ ਹੋਰ ਅਨੇਕਾਂ ਵਰਕਰ ਹਾਜ਼ਰ ਸਨ। ਅੰਮਰਿਤਸਰੋਂ ਸੁਨੇਹਾ ਆ ਗਿਆ ਕਿ ਮੀਆਂ ਮੀਰ ਉਤੇ ਹਮਲਾ ਨਹੀਂ ਹੋ ਸਕਿਆ। ਦੂਸਰੇ ਭਾਈ ਨਿਧਾਨ ਸਿੰਘ ਨੇ ਦੱਸਿਆ ਕਿ ਫੀਰੋਜ਼ਪੁਰ ਦੀ ਇਕ ਪਠਾਨ ਰਜਮੈਂਟ ਤੋਂ 30 ਨਵੰਬਰ ਨੂੰ ਹਥਿਆਰ ਲੈਣ ਦਾ ਬੰਦੋਬਸਤ ਕੀਤਾ ਗਿਆ ਹੈ ਤੇ 30 ਤੋਂ ਬਾਅਦ ਹੀ ਕੋਈ ਦਿਨ ਮਿਥਿਆ ਜਾ ਸਕਦਾ ਹੈ। ਇਸ ਲਈ ਉਹ ਵੀ ਟਲ ਗਏ। 27 ਨੂੰ ਬਹੁਤ ਸਾਰੇ ਗ਼ਦਰੀ ਵਾਪਸ ਮੋਗੇ ਤੇ ਲੁਧਿਆਣੇ ਨੂੰ ਗੱਡੀ ਚੜ੍ਹ ਗਏ ਤੇ ਕੋਈ 18-20 ਗੱਡੀਓਂ ਰਹਿ ਗਏ। ਇਹਨਾਂ ਨੇ ਤਿੰਨ ਚਾਰ ਟਾਂਗੇ ਕਰ ਲਏ ਤੇ ਮੋਗੇ ਨੂੰ ਟੁਰ ਪਏ। ਫੇਰੂ ਸ਼ਹਿਰ ਲਾਗੇ ਨਹਿਰ ਤੇ ਮਿਸਰੀਵਾਲੇ ਦੇ ਪੁਲ ਉਤੇ ਕਪਤਾਨ ਨੇ ਆਉਣਾ ਸੀ। ਇਲਾਕੇ ਦੇ ਥਾਣੇਦਾਰ, ਜ਼ੈਲਦਾਰ, ਨੰਬਰਦਾਰ ਤੇ ਹੋਰ ਲੋਕ ਵੀ ਇਕੱਠੇ ਹੋਏ ਹੋਏ ਸਨ। ਇਹਨਾਂ ਟਾਂਗਿਆਂ ਨੂੰ ਪੁਲਸ ਵਾਲਿਆਂ ਨੇ ਰੋਕ ਲਿਆ ਤੇ ਸਵਾਰੀਆਂ ਨੂੰ ਲਾਹ ਕੇ ਬਿਠਾ ਲਿਆ। ਥਾਣੇਦਾਰ ਨੇ ਰੋਹਬ ਜਮਾਉਣ ਲਈ ਭਾਈ ਰਹਿਮਤ ਅਲੀ ਸ਼ਾਹ ਵਜੀਦਕੇ ਨੂੰ, ਜੋ ਮਨੀਲੇ ਤੋਂ ਆਇਆ ਸੀ, ਚਪੇੜ ਕੱਢ ਮਾਰੀ। ਇਸ ਨਾਲ ਗ਼ਦਰੀਆਂ ਵਿੱਚ ਬੜਾ ਹਰਖ ਪੈਦਾ ਹੋਇਆ। ਭਾਈ ਭਗਤ ਸਿੰਘ ਕੱਚਰਭੰਨ ਉਠਿਆ ਤੇ ਬੁੱਕਲ ਵਿਚੋਂ ਪਿਸਤੌਲ ਕੱਢਕੇ ਗੋਲੀ ਥਾਣੇਦਾਰ ਦੇ ਕੰਨਾਂ ਵਿੱਚ ਦੀ ਲੰਘਾ ਦਿਤੀ। ਉਹ ਇਕੋ ਹੀ ਗੋਲੀ ਨਾਲ ਜਹੱਨਮ ਨੂੰ ਚਲਿਆ ਗਿਆ। ਦੂਸਰੀ ਗੋਲੀ ਜ਼ੈਲਦਾਰ ਦੀ ਛਾਤੀ ਵਿੱਚ ਠੋਕੀ, ਉਹ ਵੀ ਪਿਛਲੇ ਪੈਰੀਂ ਚੁਫਾਲ ਡਿੱਗ ਪਿਆ ਤੇ ਕੁਝ ਦੇਰ ਅੱਡੀਆਂ ਮਾਰ ਮਾਰ ਖ਼ਤਮ ਹੋ ਗਿਆ। ਬਾਕੀ ਲੋਕ ਭਜ ਤੁਰੇ। ਬਹੁਤ ਸਾਰੇ ਗ਼ਦਰੀ ਤਾਂ ਲੋਕਾਂ ਦੇ ਨਾਲ ਹੀ ਖਿਸਕ ਗਏ, ਪਰ ਨੌਂ ਜਣੇ ਨਹਿਰ ਦੇ ਕੰਢੇ

1. ਹੋਮ (ਪੋਲੀਟੀਕਲ) ( ੳ) 1915, ਨੰ. 671-84 ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ'

ਉਤਲੇ ਝੱਲ ਵਿੱਚ ਵੜ ਗਏ। ਇਹ ਗ਼ਲਤੀ ਸੀ।

ਬਾਕੀ ਪੁਲਸ ਵਾਲਿਆਂ ਨੇ ਝਟਪਟ ਲੋਕਾਂ ਨੂੰ ਮੁੜ ਇਕੱਠੇ ਕਰਕੇ ਝੱਲ ਨੂੰ ਘੇਰ ਲਿਆ। ਲਾਗੇ ਥਾਣਿਓਂ ਹੋਰ ਪੁਲਸ ਮੰਗਵਾ ਲਈ। ਝੱਲ ਵਿੱਚ ਲੁਕੇ ਗ਼ਦਰੀਆਂ ਨੂੰ ਲਲਕਾਰਿਆ ਗਿਆ। ਉਹ ਅੱਗੋਂ ਕਿਹੜੇ ਵੰਗਾਂ ਪਾਕੇ ਬੈਠੇ ਸਨ। ਗੋਲੀਆਂ ਦਾ ਜਵਾਬ ਗੋਲੀਆਂ ਨਾਲ ਆਇਆ, ਪਰ ਗ਼ਦਰੀਆਂ ਪਾਸ ਪਿਸਤੌਲ ਤੇ ਪੁਲਸ ਪਾਸ ਰਫਲਾਂ ਸਨ। ਜਦ ਸੂਰਮੇ ਗ਼ਦਰੀਆਂ ਨੇ ਈਨ ਨਾ ਮੰਗੀ ਤਾਂ ਝੱਲ ਨੂੰ ਅੱਗ ਲਾ ਦਿੱਤੀ ਗਈ। ਹੁਣ ਤਾਂ ਗ਼ਦਰੀਆਂ ਦੀ ਵਾਹ ਨਾ ਗਈ ਤੇ ਉਹ ਬਾਹਰ ਨਿਕਲ ਦੌੜੇ। ਪੰਡਤ ਕਾਂਸ਼ੀ ਰਾਮ ਮੜੌਲੀ (ਅੰਬਾਲਾ) ਖਜ਼ਾਨਚੀ ਗ਼ਦਰ ਪਾਰਟੀ, ਭਾ: ਜੀਵਨ ਸਿੰਘ ਦੌਲੇਸਿੰਘ ਵਾਲਾ (ਸੰਗਰੂਰ), ਭਾਈ ਰਹਿਮਤ ਅਲੀ ਵਜੀਦਕੇ (ਪਟਿਆਲਾ), ਭਾਈ ਬਖ਼ਸ਼ੀਸ਼ ਸਿੰਘ ਖਾਨਪੁਰ, ਭਾਈ ਲਾਲ ਸਿੰਘ ਸਾਹਿਬਾਣਾ, ਭਾਈ ਜਗਤ ਸਿੰਘ ਬਿੰਝਲ ਜ਼ਿਲਾ ਲੁਧਿਆਣੇ ਦੇ ਤੇ ਭਾਈ ਧਿਆਨ ਸਿੰਘ ਉਮਰ ਪੁਰੀਆ ਜ਼ਿਲਾ ਅੰਮਿਰਤਸਰ ਫੜੇ ਗਏ। ਦੋ ਧਿਆਨ ਸਿੰਘ (ਬੰਗਸੀਪੁਰਾ) ਤੇ ਚੰਦਾ ਸਿੰਘ ਵੜਾਇਚ ਜ਼ਿਲਾ ਲੁਧਿਆਣਾ ਝੱਲ ਵਿੱਚ ਪੁਲਸ ਦੀਆਂ ਨਿਰਦਈ ਗੋਲੀਆਂ ਨਾਲ ਸ਼ਹੀਦ ਹੋ ਗਏ। ਉਤਲੇ ਸਤਾਂ ਸੂਰਮਿਆਂ ਨੂੰ ਸੈਸ਼ਨ ਜੱਜ ਫੀਰੋਜ਼ਪੁਰ ਦੀ ਅਦਾਲਤ ਵਿਚੋਂ ਮੌਤ ਦੀ ਸਜ਼ਾ ਦਿਵਾਕੇ ਫਾਂਸੀ ਚਾੜ੍ਹਕੇ ਸ਼ਹੀਦ ਕਰ ਦਿਤਾ ਗਿਆ।[1] ਬਾਕੀ ਛੇ ਗ਼ਦਰੀ ਵਰਿਆਮ ਸਿੰਘ ਮੱਟੂ ਭਾਈਕੇ (ਗੁਜਰਾਂਵਾਲਾ), ਜੋ ਜਬਰੂ ਦੇ ਨਾਂ ਨਾਲ ਪ੍ਰਸਿੱਧ ਸਨ, ਸਰਦਾਰਾ ਸਿੰਘ ਵਾਲਾ (ਮੋਗਾ), ਈਸ਼ਰ ਸਿੰਘ ਬੋਈਂਵਾਲਾ (ਜ਼ੀਰਾ), ਕਰਤਾਰ ਸਿੰਘ (ਦੁਕੀ) ਲਤਾਲਾ ਤੇ ਵਰਿਆਮ ਸਿੰਘ ਤੇ ਬਚਨ ਸਿੰਘ ਭਿੱਖੀ (ਬਠਿੰਡਾ) ਬਾਅਦ ਵਿਚ ਫੜੇ ਗਏ। ਦੁਕੀ ਨੂੰ ਤਿੰਨ ਸਾਲ ਤੇ ਬਾਕੀਆਂ ਨੂੰ ਪੰਜ ਪੰਜ ਸਾਲ ਕੈਦ ਸਖ਼ਤ ਹੋਈ। ਭਾਈ ਭਗਤ ਸਿੰਘ ਕੱਚਰਭੰਨ, ਵਰਿਆਮ ਸਿੰਘ (ਨਾਭਾ) ਜਿਸ ਨੂੰ ਬਾਹਲਾ ਅਮਲੀ ਆਖਿਆ ਜਾਂਦਾ ਸੀ, ਕਿਹਰ ਸਿੰਘ ਸੈਦੋ (ਮੋਗਾ), ਦਲੀਪ ਸਿੰਘ, ਜਿਸ ਦੇ ਪਤੇ ਦਾ ਸਰਦਾਰ ਨੂੰ ਪਤਾ ਨਹੀਂ ਲੱਗਾ ਤੇ ਸੁਰਜਨ ਸਿੰਘ ਮਫਰੂਰ ਕਰਾਰ ਦਿਤੇ ਗਏ।[2]

## ਫੇਰ ਚੜ੍ਹਦੀਆਂ ਕਲਾਂ ਵਿੱਚ

ਪਾਰਟੀ ਨੇ ਆਪਣੀ ਕਾਹਲ ਤੇ ਕਚਿਆਈ ਨੂੰ ਵਾਚਿਆ ਤੇ ਇਸ ਤੋਂ ਸਬਕ ਲੈਕੇ ਅਗਾਂਹ ਸਿਆਣਪ ਨਾਲ ਪੈਰ ਪੁੱਟਣ ਦੀ ਵਿਉਂਤ ਬਣਾਈ। ਪਾਰਟੀ ਨੇ ਬੰਦਿਆਂ ਤੋਂ ਪਹਿਲਾਂ ਹਥਿਆਰ ਜੋੜਨ, ਕੰਮ ਦੀ ਜਥੇਬੰਦੀ ਨੂੰ ਵਧਾਉਣ ਤੇ ਫੁਰਤੀਲਾ ਕਰਨ ਦਾ ਮਤਾ ਪਕਾਇਆ। ਡਾਕਟਰ ਮਥਰਾ ਸਿੰਘ ਕੋਹਲੀ (ਢੁਡਿਆਲ, ਜ਼ਿਲਾ ਜਿਹਲਮ) ਬੰਬ ਬਨਾਉਣ ਦੇ ਇੰਚਾਰਜ ਬਣਾਏ ਗਏ।

ਡਾਕਟਰ ਮਥਰਾ ਸਿੰਘ ਦੀ ਨਿਗਰਾਨੀ ਹੇਠ ਭਾਈ ਪਰਮਾਨੰਦ ਝਾਂਸੀ ਬੰਬ ਬਣਾਉਂਦਾ ਤੇ ਪੰਡਤ ਰਾਮ ਰਖਾ ਸਾਹਿਬਾ ਸੜੋਆ ਤੇ ਸ੍ਰੀ ਹਿਰਦੇ ਰਾਮ ਮੰਡੀ ਬੰਬਾਂ ਲਈ ਸਾਮਾਨ ਖ਼ਰੀਦਕੇ

---

1. ਉਤਲਿਖਤ
2. 'ਉਤਲਿਖਤ' ਕਾਰਵਾਈ, ਘੱਲਾਂ ਦਾ ਦੂਸਰਾ ਮੁਕੱਦਮਾ' ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 71-76

ਲਿਆਉਂਦੇ। ਇਹ ਬੰਬ ਸ਼ੀਸ਼ੇ ਤੇ ਪਿੱਤਲ ਦੀਆਂ ਵਲਾਂ ਵਾਲੇ ਢੱਕਨਾਂ ਦੀਆਂ ਦਵਾਤਾਂ ਵਿਚ ਬਣਾਏ ਜਾਂਦੇ। ਇਹ ਬੰਬ ਪਹਿਲਾਂ ਲੁਧਿਆਣੇ ਦੇ ਲਾਗੇ ਪਿੰਡ ਝਬੇਵਾਲ ਤੇ ਫੇਰ ਨਾਭੇ ਦੀ ਰਿਆਸਤ ਅੰਦਰ ਲੋਹਟਬੱਧੀ ਵਿੱਚ ਬਣਦੇ ਰਹੇ।[1] ਇਹਨਾਂ ਹੀ ਦਿਨਾਂ ਵਿਚ ਪੰਜਾਬ ਆਇਆ ਸਚਿੰਦਰ ਨਾਥ ਸਾਨਿਆਲ ਵੀ, ਆਪਣੇ ਪੰਜਾਬ ਵਿਚ ਰੱਖੇ ਹੋਏ ਕੁਝ ਬੰਬ ਦੇ ਗਿਆ। ਬੰਗਾਲੀ ਬੰਬ ਪੰਜਾਬੀ ਬੰਬਾਂ ਨਾਲੋਂ ਜ਼ਿਆਦਾ ਚੰਗੇ ਤੇ ਮਾਰੂ ਸਨ।[2]

ਪਾਰਟੀ ਨੇ ਜਨਤਾ ਨਾਲ ਤੇ ਜਥੇਬੰਦ ਸੰਸਥਾਵਾਂ ਨਾਲ ਸਬੰਧ ਹੋਰ ਨੇੜੇ ਤੇ ਪੱਕੇ ਕਰਨ ਦਾ ਕਦਮ ਤੇਜ਼ ਕਰ ਦਿੱਤਾ। ਸ੍ਰੀ ਨਾਮ੍ਹੋ ਤੇ ਸ੍ਰੀ ਬਾਬੂ ਫ਼ਤਿਹਗੜ੍ਹ ਰਾਹੀਂ, ਜੋ ਕੈਨੇਡਾ ਤੋਂ ਆਏ ਸਨ, ਮੰਡੀ ਰਿਆਸਤ ਦੇ ਠਾਕਰਾਂ ਨਾਲ ਲਹਿਰ ਦਾ ਜੋੜ ਜੋੜਿਆ ਗਿਆ। ਉਹ ਭਾਈ ਨਿਧਾਨ ਸਿੰਘ ਚੁੱਘਾ ਨੂੰ ਨਾਲ ਲੈਕੇ ਸੈਣੀ ਮੋਰੀ ਦੇ ਠਾਕਰ ਜਵਾਹਰ ਸਿੰਘ ਤੇ ਸਰਜੂ ਦੇ ਸ੍ਰੀ ਸਿੱਧ ਨੂੰ ਮਿਲੇ। ਠਾਕਰ ਪਾਰਟੀ ਵਿੱਚ ਸ਼ਾਮਲ ਹੋਕੇ ਇਨਕਲਾਬ ਲਈ ਲੜਨ ਵਾਸਤੇ ਤਿਆਰ ਹੋ ਗਏ ਤੇ ਆਪਣੇ ਇਲਾਕੇ ਵਿਚ ਪਾਰਟੀ ਦਾ ਇਕ ਜਥਾ ਬਣਾਕੇ ਤੁਰ ਪਏ।[3] ਠਾਕਰ ਜਵਾਹਰ ਸਿੰਘ ਮੰਡੀ ਦੇ ਰਾਜੇ ਦਾ ਭਤੀਜਾ ਸੀ ਤੇ ਉਸਨੂੰ ਮੰਡੀ ਰਿਆਸਤ ਦੀ ਗੱਦੀ ਦੀ ਵਿਰਾਸਤ ਉਤੇ ਇਤਰਾਜ਼ ਸੀ। ਫਤਹਿਗੜ੍ਹ ਵਾਲੇ ਗ਼ਦਰੀ ਇਸ ਵਿਰੋਧ ਨੂੰ ਜਾਣਦੇ ਸਨ, ਇਸ ਲਈ ਉਹਨਾਂ ਨੇ ਠਾਕਰਾਂ ਨੂੰ ਪਾਰਟੀ ਨਾਲ ਮਿਲਾਇਆ ਤੇ ਉਹ ਪਾਰਟੀ ਵਰਕਰ ਹੋ ਗਏ।

ਬੰਗਾਲ ਦੇ ਇਨਕਲਾਬੀ ਗਰੋਹਾਂ ਨਾਲ ਗੱਲਾਂ ਬਾਤਾਂ ਹੋ ਚੁੱਕੀਆਂ ਸਨ। ਪਾਰਟੀ ਦੀ ਆਸ਼ਾ ਦੇ ਨਮਿਤ ਸ੍ਰੀ ਰਾਸ ਬਿਹਾਰੀ ਬੋਸ ਦਾ ਆਪਣਾ ਨਿਕਟਵਰਤੀ ਇਨਕਲਾਬੀ ਵਰਕਰ ਸ੍ਰੀ ਸਚਿੰਦਰ ਨਾਥ ਸਾਨਿਆਲ ਪੰਜਾਬ ਦੇ ਹਾਲਾਤ ਟੋਹਣ ਤੇ ਲਹਿਰ ਦਾ ਪਤਾ ਸੁਰ ਕਰਨ ਜਲੰਧਰ ਆਇਆ। ਪੰਜਾਂ ਚਹੁੰ ਦਿਨਾਂ ਦੀ ਗੱਲ ਬਾਤ ਤੇ ਦੇਖਭਾਲ ਤੋਂ ਪਿੱਛੋਂ ਫੈਸਲਾ ਹੋਇਆ ਕਿ ਭਾਈ ਪਿਰਥੀ ਸਿੰਘ ਲਾਲੜੂ ਇਹਨਾਂ ਦੇ ਨਾਲ ਜਾ ਕੇ ਸ੍ਰੀ ਰਾਸ ਬਿਹਾਰੀ ਨੂੰ ਲੈ ਆਉਣ। ਪਰ ਭਾਈ ਪਿਰਥੀ ਸਿੰਘ ਜਾਣ ਤੋਂ ਪਹਿਲਾਂ ਹੀ 8 ਦਸੰਬਰ ਨੂੰ ਗਰਿਫਤਾਰ ਕਰ ਲਏ ਗਏ।[4]

ਸ੍ਰੀ ਸਚਿੰਦਰ ਨਾਥ ਸਾਨਿਆਲ ਨੇ ਪੰਜਾਬ ਦੇ ਹਾਲਾਤ ਵੇਖਕੇ ਪਾਰਟੀ ਨੂੰ ਉਸ ਦੀ ਇਕ ਮੁਖ ਕਮਜ਼ੋਰੀ ਦੱਸੀ। ਉਸ ਸੀ ਪਾਰਟੀ ਦਾ ਕੋਈ ਹੈਡ ਕਵਾਰਟਰ ਨਾ ਹੋਣਾ। ਪਾਰਟੀ ਦਾ ਨਾਂ ਕੋਈ ਪੱਕਾ ਠਿਕਾਣਾ ਤੇ ਨਾ ਬਹਿਕੇ ਕੰਮ ਸੋਚਣ, ਸਲਾਹਵਾਂ ਕਰਨ ਤੇ ਵਰਕਰਾਂ ਨੂੰ ਹਿਦਾਇਤਾਂ ਦੇਣ ਲਈ ਕੋਈ ਥਾਂ ਸੀ। ਪਾਰਟੀ ਦੇ ਲੀਡਰ ਤੇ ਕੰਮ ਉਤੇ ਜਾਣ ਆਉਣ ਵਾਲੇ ਵਰਕਰ ਤੁਰਨ ਵੇਲੇ ਹੀ ਵਰਕਰਾਂ ਜਾਂ ਹਮਦਰਦਾਂ ਦਾ ਪਤਾ ਦੇ ਕੇ ਮਿਲਣ ਮਿਲਾਉਣ ਦਾ ਥਾਂ ਟਿਕਾਣਾ ਮਿਥ ਲੈਂਦੇ ਤੇ ਉਥੇ ਹੀ ਮਿਲ ਲੈਂਦੇ ਤੇ ਬਾਗਾਂ ਜਾਂ ਖੇਤਾਂ ਵਿਚ ਜਾ ਕੇ ਮੀਟਿੰਗਾਂ ਕਰ ਲੈਂਦੇ ਸਨ। ਜਦ ਸ੍ਰੀ ਸਾਨਿਆਲ ਪੰਜਾਬ ਆਇਆ ਤਾਂ ਉਸ ਨੂੰ ਭਾਈ ਕਰਤਾਰ ਸਿੰਘ ਲੁਧਿਆਣੇ ਸਟੇਸ਼ਨ ਉਤੇ ਮਿਲਿਆ ਤੇ ਉਹਨੂੰ ਨਾਲ ਲੈ ਕੇ ਜਲੰਧਰ ਆਇਆ। ਜਲੰਧਰ ਸਟੇਸ਼ਨ ਦੇ ਸਾਹਮਣੇ ਬਾਗ਼ ਵਿੱਚ ਹੋਰਨਾਂ ਲੀਡਰਾਂ ਨਾਲ ਗੱਲਾਂ ਬਾਤਾਂ ਹੋਈਆਂ। ਸ਼ਹਿਰਾਂ ਵਿੱਚ ਠਿਕਾਣੇ ਨਾ ਹੋਣ ਕਰਕੇ ਪਾਰਟੀ

---

1. 'ਲਾਹੌਰ ਸਾਜ਼ਿਸ਼ ਦਾ ਪਹਿਲਾ ਮੁਕੱਦਮਾ' ਸਫਾ 138 ਤੇ 147
2. 'ਬੰਦੀ ਜੀਵਨ' (ਪਹਿਲਾ ਭਾਗ) ਸਫਾ 44
3. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਅੰਤਕਾ ਨੰ. 3
4. ਬੰਦੀ ਜੀਵਨ (ਪਹਿਲਾ ਭਾਗ) ਸਫਾ 40-41

ਸਾਨਿਆਲ ਨੂੰ ਜਲੰਧਰ ਜਾਂ ਅੰਮਰਿਤਸਰ ਵਿਚ ਠਹਿਰਾਉਣ ਲਈ ਕੋਈ ਬੰਦੋਬਸਤ ਨਾ ਕਰ ਸੀ। ਸਾਨਿਆਲ ਦੇ ਜਾਣ ਤੋਂ ਬਾਅਦ ਉਸ ਦੀਆਂ ਹਦਾਇਤਾਂ ਉਤੇ ਪਾਰਟੀ ਨੇ ਅੰਮਰਿਤਸਰ ਆਪਣਾ ਅੱਡਾ ਬਨਾਉਣਾ ਨਿਸ਼ਚਿਤ ਕੀਤਾ ਤੇ ਉਥੇ ਇਸ ਕੰਮ ਲਈ ਦੋ ਤਿੰਨ ਮਕਾਨ ਕਰਾਏ ਤੇ ਲਏ। ਜਿਥੇ ਲੀਡਰ ਆਪ ਟਿਕਦੇ ਤੇ ਇਨਕਲਾਬੀ ਗੀਤ ਅਨੁਸਾਰ ਇਹਨਾਂ ਮਕਾਨਾਂ ਨੂੰ ਆਮ ਪਤਾ ਲੱਗਣ ਤੋਂ ਬਚਾਉਣ ਤੋਂ ਬਾਹਰੋਂ ਆਏ ਮਿਲਣ ਵਾਲੇ ਵਰਕਰਾਂ ਨੂੰ ਵਰਪਾਲਾਂ ਦੀ ਧਰਮਸਾਲਾ ਜਾਂ ਸੰਤ ਗੁਲਾਬ ਸਿੰਘ ਦੀ ਧਰਮਸਾਲਾ ਵਿੱਚ ਜਾਕੇ ਮਿਲਦੇ। ਬਾਹਰੋਂ ਕੰਮਾਂ ਲਈ ਸੱਦੇ ਜਾਂ ਆਏ ਵਰਕਰ ਇਹਨਾਂ ਧਰਮਸਾਲਾਂ ਵਿੱਚ ਆਉਂਦੇ ਤੇ ਠਹਿਰਦੇ। ਇਸ ਤਰ੍ਹਾਂ ਅੰਮਰਿਤਸਰ ਵਿੱਚ ਪਾਰਟੀ ਦਾ ਹੈਡ ਕਵਾਰਟਰ ਕਾਇਮ ਹੋ ਗਿਆ।[1]

ਪਾਰਟੀ ਦੇ ਬਾਹਰੋਂ ਕੰਮਾਂ ਤੋਂ ਆਉਣ ਵਾਲੇ ਲੀਡਰਾਂ ਤੇ ਵਰਕਰਾਂ ਲਈ ਇਹ ਪਤਾ ਕਰਨ ਵਾਸਤੇ, ਕੌਣ ਕੌਣ ਕਿਥੇ ਮਿਲ ਸਕਦਾ ਹੈ ਤੇ ਅੱਡਿਆਂ ਉਤੇ ਕੋਈ ਖ਼ਤਰਾ ਤਾਂ ਨਹੀਂ ਅੰਮਰਿਤਸਰ ਵਿੱਚ ਦੋ ਪੁੱਛ ਦੇ ਅੱਡੇ ਸਨ। ਇਕ ਭਾਈ ਨੌਰੰਗ ਸਿੰਘ ਤਾਂਘੀ (ਦਰਜ਼ੀ) ਦੀ ਦੁਕਾਨ ਤੇ ਦੂਸਰੀ ਡਾਕਟਰ ਹਰਦਿੱਤ ਸਿੰਘ ਘਣੂਪੁਰ ਕਾਲੇ ਦੀ। ਇਥੋਂ ਪਤਾ ਲੈਕੇ ਵਰਕਰ ਫੇਰ ਅਗਾਂਹ ਅੱਡਿਆਂ ਵਿੱਚ ਜਾਂਦੇ ਤੇ ਇਥੋਂ ਹੀ ਲੀਡਰਾਂ ਦੇ ਥਾਂ ਟਿਕਾਣਿਆਂ ਦਾ ਪਤਾ ਮਿਲਦਾ।[2]

ਜਿਵੇਂ ਅਸੀਂ ਉਪਰ ਦੱਸ ਆਏ ਹਾਂ, ਕਿ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ 20 ਨਵੰਬਰ, 1914 ਨੂੰ 'ਸਲਾਮਿਸ' ਜਹਾਜ਼ ਤੋਂ ਕਲਕੱਤੇ ਉਤਰਿਆ। ਉਹ ਅਮਰੀਕਾ ਪੜ੍ਹਨ ਜਾਣ ਤੋਂ ਪਹਿਲਾਂ ਸਾਧੂ ਬਣਕੇ ਸਾਰੇ ਹਿੰਦੁਸਤਾਨ ਵਿੱਚ ਘੁੰਮਿਆ ਹੋਇਆ ਸੀ ਅਤੇ ਕਈ ਰਾਜਸੀ ਤੇ ਇਨਕਲਾਬੀ ਬੰਦਿਆਂ ਤੇ ਜਥੇਬੰਦੀਆਂ ਤੋਂ ਜਾਣੂ ਸੀ। ਉਹ ਬੰਗਾਲ ਵਿੱਚ ਇਨਕਲਾਬੀ ਗਰੋਹਾਂ ਨੂੰ ਮਿਲਿਆ। ਗ਼ਦਰ ਪਾਰਟੀ ਨਾਲ ਰਲਕੇ ਕੰਮ ਕਰਨ ਬਾਰੇ ਉਹਨਾਂ ਨਾਲ ਵਿਚਾਰਾਂ ਕੀਤੀਆਂ। ਇਸ ਕੰਮ ਵਿੱਚ ਇਕ ਦੂਸਰੇ ਦੀ ਸਲਾਹ ਲੈਣ ਤੇ ਸਹਾਇਤਾ ਕਰਨ ਦੇ ਇਕਰਾਰ ਹੋਏ। ਇਸ ਨਾਲ ਪੰਜਾਬ ਵਿੱਚ ਕੀਤੇ ਜਾ ਰਹੇ ਗ਼ਦਰ ਦੀਆਂ ਸੋਆਂ ਸਾਰੇ ਬੰਗਾਲ ਵਿੱਚ ਫੈਲ ਗਈਆਂ ਤੇ ਚਰਚਾ ਹੋਣ ਲੱਗ ਪਈ। ਕਲਕੱਤੇ ਤੋਂ ਉਸ ਨੂੰ ਸ੍ਰੀ ਰਾਸ ਬਿਹਾਰੀ ਬੋਸ ਦੇ ਦਲ ਦੀ ਬਨਾਰਸ ਵਿੱਚ ਹੋਣ ਦੀ ਸੂਹ ਲੱਗੀ। ਉਹ ਬਨਾਰਸ ਆ ਗਿਆ। ਟੁੱਟਾ ਹੋਇਆ ਧਾਗਾ ਫੇਰ ਗੰਢਿਆ ਗਿਆ। ਪਿੰਗਲੇ ਨੇ ਸ੍ਰੀ ਰਾਸ ਬਿਹਾਰੀ ਬੋਸ ਨੂੰ ਪੰਜਾਬ ਵਿਚ ਇਨਕਲਾਬੀ ਲਹਿਰ ਦੀ ਦਬੱਲ ਕੇ ਬੰਬ ਦੇ ਕੇ ਸਹਾਇਤਾ ਕਰਨ ਵਾਸਤੇ ਆਖਿਆ। ਬੰਬਾਂ ਦੇ ਬਣਾਉਣ ਉਤੇ ਲੋੜੀਂਦਾ ਖ਼ਰਚ ਲੈ ਕੇ ਪੰਜਾਬ ਲਹਿਰ ਨੂੰ ਬੰਬ ਦੇਣ ਦੀ ਗੱਲ ਬਨਾਰਸ ਵਾਲੇ ਗਰੁੱਪ ਨਾਲ ਪੱਕੀ ਹੋ ਗਈ। ਪਿੰਗਲੇ ਆਪਣੇ ਸਾਥੀਆਂ ਨਾਲ ਗੱਲ ਬਾਤ ਕਰਨ ਲਈ ਪੰਜਾਬ ਆ ਗਿਆ। ਕਪੂਰਥਲੇ ਉਸ ਨੇ ਸ੍ਰੀ ਰਾਮ ਸਰਨ ਦਾਸ ਦੇ ਰਾਹੀਂ ਨਿਧਾਨ ਸਿੰਘ ਚੁੱਘਾ, ਭਾਈ ਕਰਤਾਰ ਸਿੰਘ ਸਰਾਭਾ ਤੇ ਸ੍ਰੀ ਪਰਮਾਨੰਦ ਝਾਂਸੀ ਨੂੰ ਸੱਦਕੇ ਸਲਾਹ ਮਸ਼ਵਰਾ ਕੀਤਾ। ਆਪਣੀ ਰਪੋਰਟ ਸੁਣਾਈ ਤੇ ਫੈਸਲਾ ਹੋਇਆ ਕਿ ਸ੍ਰੀ ਰਾਸ ਬਿਹਾਰੀ ਬੋਸ ਨੂੰ ਸੱਦ ਲਿਆ ਜਾਏ। ਇਹ ਦਸੰਬਰ ਦਾ ਤੀਸਰਾ ਹਫ਼ਤਾ ਸੀ। ਪਿੰਗਲੇ ਇਹ ਗੱਲ ਬਾਤ ਕਰਕੇ ਛੇਤੀ ਹੀ ਬਨਾਰਸ ਮੁੜ ਗਿਆ। ਹੁਣ ਪਿੰਗਲੇ ਨਾਲ ਫੇਰ ਸਚਿੰਦਰ ਨਾਥ ਸਨਿਆਲ ਹੀ ਆਇਆ ਤਾਂ ਜੋ ਸ੍ਰੀ ਬਿਹਾਰੀ ਬੋਸ ਦੇ ਛੁਪ ਕੇ ਰਹਿਣ ਲਈ ਅੰਮਰਿਤਸਰ ਮਕਾਨਾਂ ਦਾ ਤਸੱਲੀਬਖ਼ਸ਼ ਬੰਦੋਬਸਤ ਕਰ ਲਿਆ

---

1. ਉਤਲਿਖਤ ਤੇ ਲਾਹੌਰ ਸਾਜ਼ਿਸ਼ ਦਾ ਪਹਿਲਾ ਮੁਕੱਦਮਾ, ਸਫੇ 64-66
2. ਉਤਲਿਖਤ ਮੁਕੱਦਮਾ ਸਫਾ 60-64

ਜਾਏ। ਕੇਂਦਰ ਦਾ ਬੰਦੋਬਸਤ ਪਾਰਟੀ ਨੇ ਪਹਿਲਾਂ ਹੀ ਕਰ ਛੱਡਿਆ ਸੀ। ਸਾਨਿਆਲ ਨੇ ਸਾਰਾ ਹਾਲ ਚਾਲ ਵੇਖਕੇ, ਪੰਜਾਬ ਦੇ ਕੀਤੇ ਤੇ ਕਰਨ ਵਾਲੇ ਕੰਮ ਤੋਂ ਜਾਣੂ ਹੋ ਕੇ ਸੰਤੁਸ਼ਟਤਾ ਪਰਗਟ ਕੀਤੀ[1] ਤੇ ਉਹ 12 ਜਨਵਰੀ, 1915 ਪਿੰਗਲੇ ਨੂੰ ਨਾਲ ਲੈ ਕੇ ਬਨਾਰਸ ਚਲਿਆ ਗਿਆ। ਪਿੰਗਲੇ 25 ਜਨਵਰੀ ਨੂੰ ਸ੍ਰੀ ਰਾਸ ਬਿਹਾਰੀ ਬੋਸ ਨੂੰ ਲੈ ਕੇ ਅੰਮਰਿਤਸਰ ਆ ਗਿਆ।[2]

## ਕੇਂਦਰ ਦੀ ਸਥਾਪਨਾ

ਬੰਗਾਲ ਦੇ ਇਨਕਲਾਬੀ ਗਰੋਹਾਂ ਨਾਲ ਮੇਲ ਮਿਲਾਪ ਹੋ ਜਾਣ ਨੇ ਦੇਸ਼ ਵਿੱਚ ਇਨਕਲਾਬੀ ਲਹਿਰ ਦੀ ਤਾਕਤ ਮਜ਼ਬੂਤ ਕਰ ਦਿੱਤੀ। ਜਿਥੋਂ ਪੰਜਾਬ ਦੀ ਗ਼ਦਰੀ ਲਹਿਰ ਨੇ ਬੰਗਾਲ ਤੋਂ ਕੇਂਦਰ ਨਿਯਤ ਕਰਨ ਦੀ ਸਿੱਖਿਆ ਲਈ, ਉਥੇ ਬੰਗਾਲੀ ਇਨਕਲਾਬੀ ਗਰੋਹਾਂ ਨੇ ਪੰਜਾਬ ਲਹਿਰ ਤੋਂ ਫੌਜਾਂ ਵਿੱਚ ਕੰਮ ਕਰਨ ਦਾ ਰਾਹ ਸਿੱਖਿਆ। ਬੰਗਾਲੀ ਵੀ ਫੌਜਾਂ ਵਿੱਚ ਕੰਮ ਕਰਨ ਤੇ ਫੌਜੀਆਂ ਨੂੰ ਆਪਣੇ ਨਾਲ ਲੈਣ ਲਈ ਸੋਚਣ ਲੱਗ ਪਏ। ਦੂਸਰੇ ਬੰਗਾਲ ਦੇ ਇਨਕਲਾਬੀ ਗਰੋਹਾਂ ਵਿਚ ਆਪਸ ਦਾ ਮੇਲ ਮਿਲਾਪ ਨਹੀਂ ਸੀ। ਸਗੋਂ ਕਈ ਹਾਲਤਾਂ ਵਿਚ ਇਕ ਗਰੋਹ ਦੂਸਰੇ ਨਾਲ ਈਰਖਾ ਕਰਦਾ ਸੀ। ਬੜੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਹਨਾਂ ਵਿੱਚ ਏਕਤਾ ਨਹੀਂ ਆਈ ਸੀ। ਪੰਜਾਬ ਵਿਚ ਮੇਲ ਮਿਲਾਪ ਤੇ ਪੰਜਾਬ ਦੀ ਇਨਕਲਾਬੀ ਲਹਿਰ ਦੀ ਇਕਮੁੱਠਤਾ ਤੇ ਇਸ ਦੇ ਬਲ ਨੇ ਬੰਗਾਲੀ ਇਨਕਲਾਬੀ ਗਰੋਹਾਂ ਉਤੇ ਅਸਰ ਪਾਇਆ। ਤੇ ਉਹ ਸਭ ਇਕ ਦੂਸਰੇ ਨਾਲ ਰਲਕੇ ਕੰਮ ਕਰਨ ਲਈ ਇਕ ਥਾਂ ਹੋ ਗਏ। ਕਈਆਂ ਸਾਲਾਂ ਦੀ ਬੇਇਤਫਾਕੀ ਛੱਡ ਗਏ ਤੇ ਪੰਜਾਬ ਦੇ ਨਾਲ ਹੀ ਉਠਕੇ ਇਨਕਲਾਬ ਮਚਾਉਣ ਲਈ ਤਿਆਰ ਹੋ ਗਏ।[3]

ਪਾਰਟੀ ਦਾ ਹੈਡਕਵਾਰਟਰ ਬਣ ਜਾਣ ਨਾਲ ਹੁਣ ਸਭੇ ਕੰਮ ਕੇਂਦਰ ਤੋਂ ਹੋਣ ਲੱਗ ਪਏ। ਕੇਂਦਰ ਤੋਂ ਡਿਊਟੀਆਂ ਲੱਗਣ ਲੱਗ ਪਈਆਂ। ਪਰਚਾਰ ਦਾ ਕੰਮ ਵੀ ਕੇਂਦਰੋਂ ਚਲਣ ਲੱਗ ਪਿਆ। ਪਰੈਸ ਲਾਉਣ ਦੀਆਂ ਸਲਾਹਵਾਂ ਹੋਈਆਂ। ਪਹਿਲਾਂ ਤਾਂ ਲੁਧਿਆਣੇ ਦੇ ਵਿਦਿਆਰਥੀ ਪਾਰਟੀ ਪਰਚਾਰ ਦੀਆਂ ਲਿਖਤਾਂ ਕਾਰਬਨ ਕਾਪੀਆਂ ਕੱਢਕੇ ਛਾਪਦੇ, ਜਿਨ੍ਹਾਂ ਨੂੰ ਗ਼ਦਰੀ ਪਰਚਾਰਕ ਆਪਣੇ ਪਾਸ ਰੱਖਦੇ ਤੇ ਲੋਕਾਂ ਨੂੰ ਇਕੱਠੇ ਕਰਕੇ ਜੇਬ ਵਿੱਚੋਂ ਕੱਢਕੇ ਪੜ੍ਹਕੇ ਸੁਣਾਉਂਦੇ। ਜਾਂ ਸ਼ਹਿਰਾਂ ਵਿੱਚ ਸਰਕਾਰ ਨੂੰ ਯਰਕਾਉਣ ਲਈ ਕੰਧਾਂ ਉਤੇ ਲਾ ਦਿਤੇ ਜਾਂਦੇ। ਫੌਜਾਂ ਵਿਚ ਇਕ ਕਾਪੀ ਪੁਚਾ ਦਿਤੀ ਜਾਂਦੀ। ਪਰ ਗ਼ਦਰੀ ਲਹਿਰ ਨੂੰ ਜਨਤਾ ਤੱਕ ਪੁਚਾਉਣ ਲਈ ਪਰਚਾਰ ਵਾਸਤੇ ਪਾਰਟੀ ਛਪਤਾਂ ਦੀਆਂ ਬਾਹਲੀਆਂ ਕਾਪੀਆਂ ਦੀ ਲੋੜ ਸੀ। ਜੋ ਜਨਤਾ ਵਿੱਚ ਆਮ ਵੰਡੀਆਂ ਜਾਣ ਤੇ ਜਿਨ੍ਹਾਂ ਨੂੰ ਜਨਤਾ ਆਪ ਪੜ੍ਹੇ। ਇਸ ਕੰਮ ਲਈ ਛੇ ਸਾਈਕਲੋਸਟਾਈਲ (ਡੁਪਲੀਕੇਟਰ) ਮਸ਼ੀਨਾਂ ਖ਼ਰੀਦੀਆਂ ਗਈਆਂ, ਜਿਨ੍ਹਾਂ ਉਤੇ ਪਾਰਟੀ ਦੇ ਐਲਾਨ ਤੇ ਪਰਚਾਰ ਦੀਆਂ ਚੀਜ਼ਾਂ ਛਾਪੀਆਂ ਜਾਂਦੀਆਂ। ਜ਼ਿਲਾ ਲੁਧਿਆਣੇ ਦੇ ਵਿਦਿਆਰਥੀ ਪੂਰਨ ਸਿੰਘ ਈਸੇਵਾਲ ਤੇ ਖੜਕ ਸਿੰਘ ਬੋਪਾਰਾਏ ਨਾਮੀ ਇਸ ਕੰਮ ਲਾਏ ਗਏ। ਪਾਰਟੀ ਨੇ 'ਗ਼ਦਰ ਸੰਦੇਸ਼ਾ' 'ਐਲਾਨਿ-ਜੰਗ', 'ਤਿਲਕ', 'ਨਾਦਰ ਮੌਕਾ', 'ਰਕਾਬ ਗੰਜ', 'ਕੈਨੇਡਾ ਦਾ ਦੁਖੜਾ', 'ਨੌਜਵਾਨੋ ਉਠੋ', 'ਸੱਚੀ ਪੁਕਾਰ' ਆਦਿ

---

1. ਬੰਦੀ ਜੀਵਨ (ਪਹਿਲਾ ਭਾਗ) ਸਫ਼ਾ 77-84 ਤੇ 106
2. ਲਾਹੌਰ ਸਾਜ਼ਿਸ਼ ਮੁਕੱਦਮਾ (ਪਹਿਲਾ) ਸਫਾ 126
3. ਬੰਦੀ ਜੀਵਨ (ਪਹਿਲਾ ਭਾਗ) ਸਫਾ 47 ਤੇ 93

ਕਿਤਾਬੜੀਆਂ ਫੌਜਾਂ ਤੇ ਲੋਕਾਂ ਵਿੱਚ ਵੰਡਣ ਲਈ ਉਰਦੂ, ਗੁਰਮੁਖੀ ਤੇ ਭਾਸ਼ਾ (ਹਿੰਦੀ) ਵਿਚ ਛਾਪੀਆਂ।[1]

ਅੱਗੇ ਤਾਂ ਪਾਰਟੀ ਦੀ ਜਥੇਬੰਦੀ ਪੁਰਾਣੇ ਢੰਗ ਦੀ ਸੀ। ਇਕ ਇਕ ਸਿਆਣੇ ਵਰਕਰ ਦੀ ਉਸ ਦੇ ਇਲਾਕੇ ਦੇ 25-30 ਵਰਕਰਾਂ ਉਤੇ ਡਿਊਟੀ ਹੁੰਦੀ ਸੀ। ਜੋ ਉਹਨਾਂ ਨੂੰ ਜਾ ਜਾ ਕੰਮ ਦੱਸਦਾ ਤੇ ਕਿਸੇ ਲੋੜ ਵੇਲੇ ਉਹਨਾਂ ਨੂੰ ਨਾਲ ਲੈ ਤੁਰਦਾ। ਉਹ ਸਿਆਣਾ ਵਰਕਰ ਆਪ ਵੀ ਉਹਨਾਂ ਦੇ ਇਰਦ ਗਿਰਦ ਹੀ ਪਿੰਡਾਂ ਵਿਚ ਘੁੰਮਦਾ। ਇਹਨਾਂ ਵਰਕਰਾਂ ਉਤੇ ਲੀਡਰ ਫਿਰਦੇ। ਇਸ ਤਰ੍ਹਾਂ ਖ਼ਰਚ ਤਾਂ ਘੱਟ ਆਉਂਦਾ ਪਰ ਜਥੇਬੰਦੀ ਤੇ ਕੰਮ ਦੀ ਰਫਤਾਰ ਬਹੁਤ ਢਿੱਲੀ ਰਹਿੰਦੀ ਸੀ।[2] ਲੋੜ ਵੇਲੇ ਕਈ ਵਰਕਰ ਛੇਤੀ ਮਿਲਦੇ ਨਹੀਂ ਸਨ। ਲੀਡਰਾਂ ਨੂੰ ਵੀ ਆਪਸ ਵਿੱਚ ਮਿਲਣ ਲਈ ਇਕ ਦੋ ਦਿਨ ਕਿਤੇ ਬੈਠਣਾ ਜਾਂ ਮਗਰ ਭੌਣਾ ਪੈਂਦਾ ਸੀ। ਹੁਣ ਪਾਰਟੀ ਨੇ ਜਿਥੇ ਕੇਂਦਰੀ ਅੱਡਾ ਬਣਾਇਆ ਉਥੇ ਇਲਾਕਿਆਂ ਵਿੱਚ ਵੀ ਅੱਡੇ ਬਣਾ ਲਏ। ਮਾਝੇ ਵਿੱਚ ਦਦੇਹਰ, ਝਾੜ ਸਾਹਿਬ, ਸੁਰ ਸਿੰਘ ਤੇ ਵਲਟੋਹਾ, ਮਾਲਵੇ ਵਿਚ ਲੋਹਟਬੱਧੀ ਤੇ ਢੁੱਡੀਕੇ ਅਤੇ ਦੁਆਬੇ ਵਿਚ ਸੰਘਵਾਲ ਤੇ ਪੰਡੋਰੀ ਲਧਾ ਸਿੰਘ ਦੇ ਲਾਗੇ ਬਿੰਝੋ ਸਾਧ ਦਾ ਡੇਰਾ, ਲਾਹੌਰ ਵਿਚ ਭਾਈ ਪਰਮਾਨੰਦ ਦੀ ਦੁਕਾਨ ਤੇ ਫੌਜੀਆਂ ਨੂੰ ਮਿਲਣ ਲਈ ਮੀਆਂ ਮੀਰ ਵਿੱਚ ਮਦਨ ਸਿੰਘ ਗਾਗੇ ਦੀ ਤਰਖਾਣੇ ਦੀ ਦੁਕਾਨ ਆਦਿ ਅਜਿਹੇ ਅੱਡੇ ਸਨ।

## ਪਾਰਟੀ ਫੰਡ

ਪਾਰਟੀ ਨੂੰ ਅਮਰੀਕਾ ਤੇ ਬਾਹਰਲੇ ਟਾਪੂਆਂ ਵਿੱਚ ਕੰਮ ਚਲਾਉਣ ਵਾਸਤੇ ਪੈਸੇ ਦੀ ਕਦੀ ਟੋਟ ਨਹੀਂ ਆਈ, ਪਰ ਦੇਸ਼ ਵਿੱਚ ਇਹ ਹਾਲਤ ਨਹੀਂ ਸੀ। ਅੰਗਰੇਜ਼ੀ ਸਾਮਾਰਾਜ ਦੇ ਕਾਮਯਾਬ ਵਾਰ ਨੇ ਪਾਰਟੀ ਦਾ ਪਿਛਾਂਹ ਅਮਰੀਕਾ ਜਾਂ ਟਾਪੂਆਂ ਨਾਲੋਂ ਨਾੜੂਆ ਤੋੜ ਦਿਤਾ। ਪਾਰਟੀ ਨੇ ਹੁਣ ਆਪਣੇ ਲਈ ਮਾਲੀ ਤੇ ਮਾਦੀ ਸਹਾਇਤਾ ਸਭ ਦੇਸ਼ ਤੋਂ ਹੀ ਲੈਣੀ ਸੀ। ਬਾਹਰੋਂ ਤਾਂ ਪੈਸਾ ਆਉਂਦਾ ਨਹੀਂ ਸੀ। ਤੇ ਦੇਸ਼ ਵਿਚ ਉਸ ਨੂੰ ਬੇਅੰਤ ਪੈਸਾ ਚਾਹੀਦਾ ਸੀ।

ਪਹਿਲਾਂ ਪਹਿਲ ਤੇ ਬਾਅਦ ਵਿੱਚ ਵੀ ਬਹੁਤ ਸਾਰਾ ਖ਼ਰਚ ਪਾਰਟੀ ਨੇ ਆਪਣੇ ਖੂੰਜੇ ਖਰਲੇ ਹੂੰਝਕੇ ਤੋਰਿਆ। ਪਾਰਟੀ ਨੇ ਫੰਡ ਵਾਸਤੇ ਵਰਕਰਾਂ ਤੇ ਲੋਕਾਂ ਪਾਸ ਅਪੀਲਾਂ ਕੀਤੀਆਂ। ਪਾਰਟੀ ਨੂੰ ਫੰਡ ਆਏ ਸੀ। ਜਿਨ੍ਹਾਂ ਦਾ ਕੁਝ ਪਤਾ ਸਰਕਾਰੀ ਕਾਗਜ਼ਾਂ ਤੋਂ ਚੱਲਦਾ ਹੈ। ਪਾਰਟੀ ਨੇ ਸੋਨੇ ਦੇ 7 ਡਾਲੇ ਜਿਨ੍ਹਾਂ ਵਿਚ 437 ਰੁਪੈ 8 ਆਨੇ ਬਣਦੇ ਹਨ, ਭਾਈ ਪਰਮਾਨੰਦ ਲਾਹੌਰੀਏ ਦੇ ਰਾਹੀਂ ਤੁੜਵਾਏ। ਪੰਡਤ ਜਗਤ ਰਾਮ ਨੇ 40 ਪੌਂਡ ਸੋਨੇ ਦੇ ਤੇ ਇਕ ਡਾਲਾ (ਸੋਨਾ) ਹੋਰ ਵਟਾਏ। ਜਦ 11-12 ਜਨਵਰੀ ਨੂੰ ਬਾਘ ਸਿੰਘ, ਬਿਸ਼ਨ ਸਿੰਘ ਤੇ ਹਜ਼ਾਰਾ ਸਿੰਘ ਦਦੇਹਰ, ਕੇਹਰ ਸਿੰਘ ਮਹਾਰਾਣਾ ਤੇ ਵਸਾਵਾ ਸਿੰਘ ਗਿਲਵਾਲੀ ਆਏ ਤਾਂ ਸ੍ਰੀ ਨਿਧਾਨ ਸਿੰਘ ਦੀ ਅਪੀਲ ਉਤੇ ਉਹਨਾਂ 8-9 ਸੌ ਰੁਪਿਆ ਦਿੱਤਾ। ਸੰਤ ਵਸਾਖਾ ਸਿੰਘ ਦਦੇਹਰ ਨੇ ਇਕ ਹਜ਼ਾਰ ਰੁਪਿਆ ਨਕਦ 20-22 ਸੋਨੇ ਦੇ ਡਾਲੇ ਭੇਟ ਕੀਤੇ। ਇਸ ਤਰ੍ਹਾਂ ਪਾਰਟੀ ਨੇ ਆਪਣੇ ਲੀਡਰਾਂ ਤੇ ਵਰਕਰਾਂ ਪਾਸੋਂ ਪਾਰਟੀ ਫ਼ੰਡ

---

1. ਉਤਲਿਖਤ ਮੁਕੱਦਮਾ ਸਫ਼ਾ 110 ਦੂਸਰਾ ਮੁਕੱਦਮਾ ਸਫ਼ਾ 18-19 ਅਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫ਼ਾ 104
2. ਬੰਦੀ ਜੀਵਨ (ਪਹਿਲਾ ਭਾਗ) ਸਫ਼ਾ 25 ਤੇ ਉਤਲਿਖਤ ਪਹਿਲਾ ਮੁਕੱਦਮਾ ਸਫ਼ਾ 186

ਲਿਆ। ਪਾਰਟੀ ਸਹਾਇਕਾਂ ਦੀ ਵੀ ਵੰਨਗੀ ਸਰਕਾਰੀ ਕਾਗਜ਼ਾਂ ਵਿੱਚ ਮਿਲਦੀ ਹੈ। ਸ੍ਰ: ਕਿਸ਼ਨ ਸਿੰਘ (ਸ਼ਹੀਦ ਭਗਤ ਸਿੰਘ ਦੇ ਪਿਤਾ) ਨੇ ਇਕ ਹਜ਼ਾਰ, ਸ੍ਰੀ ਰਾਮ ਸਰਨ ਦਾਸ ਕਪੂਰਥਲਾ ਨੇ 200 ਰੁਪਏ ਦਿਤੇ। ਸ੍ਰ: ਅਜੀਤ ਸਿੰਘ ਜੰਡਿਆਲਾ ਗੁਰੂ ਨੇ ਭਾ: ਕਰਤਾਰ ਸਿੰਘ ਸਰਾਭਾ ਨੂੰ ਅਪੀਲ ਕਰਨ ਉਤੇ 25 ਰੁਪਏ ਨਕਦ ਤੇ ਇਕ ਸ਼ਾਲ ਦੀ ਚਾਦਰ ਦਿੱਤੀ। ਇਹਨਾਂ ਤੋਂ ਇਲਾਵਾ ਅਨੇਕਾਂ ਪਾਰਟੀ ਵਰਕਰ ਤੇ ਸਹਾਇਕ ਸਨ, ਜਿਨ੍ਹਾਂ ਨੇ ਪਾਰਟੀ ਨੂੰ ਸਹਾਇਤਾ ਦਿੱਤੀ।

ਸ਼ਹਿਰਾਂ ਵਿੱਚ ਕੇਂਦਰ ਬਨਣ ਤੇ ਕੰਮ ਵਧਣ ਨਾਲ ਖਰਚ ਹੋਰ ਭੀ ਵਧ ਗਏ। ਮਕਾਨਾਂ ਦਾ ਕਰਾਇਆ, ਵਰਕਰਾਂ ਦੇ ਸਫਰ ਕਰਨ ਦੇ ਭਾੜੇ, ਡੁਪਲੀਕੇਟਰਾਂ ਦੇ ਕਾਗਜ਼ਾਂ ਦਾ ਖ਼ਰਚ, ਸ਼ਹਿਰਾਂ ਵਿੱਚ ਵਰਕਰਾਂ ਦੀ ਖਾਧ ਖ਼ੁਰਾਕ, ਪਿਸਤੌਲਾਂ ਲਈ ਗੋਲੀਆਂ ਤੇ ਬੰਬਾਂ ਲਈ ਮਸਾਲੇ ਖਰੀਦਣ ਆਦਿ ਉਤੇ ਖ਼ਰਚ ਲਈ ਬਹੁਤ ਪੈਸੇ ਦੀ ਲੋੜ ਸੀ ਜੋ ਚੰਦਿਆਂ ਤੇ ਦਾਨਾਂ ਦੀ ਆਮਦਨੀ ਤੋਂ ਪੂਰਾ ਨਹੀਂ ਸੀ ਹੁੰਦਾ। ਪਾਰਟੀ ਦਾ ਇਹ ਕੋਈ ਪਰੋਗਰਾਮ ਨਹੀਂ ਸੀ ਤੇ ਪਾਰਟੀ ਅੰਦਰ ਇਸ ਉਤੇ ਮਤ ਭੇਦ ਸਨ, ਪਰ ਫੇਰ ਵੀ ਪਾਰਟੀ ਦੇ ਬੰਦਿਆਂ ਨੂੰ ਫੰਡ ਬਨਾਉਣ ਲਈ ਬੜੀਆਂ ਹਿਚਕਚਾਹਟਾਂ ਤੋਂ ਜਕੋ ਤਕਿਆਂ ਤੋਂ ਬਾਅਦ ਕੁਝ ਡਾਕੇ ਮਾਰਨੇ ਪਏ। ਭਾ: ਜਵੰਦ ਸਿੰਘ ਨੰਗਲ, ਭਾ: ਬੰਤਾ ਸਿੰਘ ਸੰਘਵਾਲ, ਭਾਈ ਅਰਜਨ ਸਿੰਘ ਖੁਖਰਾਣਾ, ਭਾ: ਗੁਰਮੁਖ ਸਿੰਘ ਲਲਤੋਂ, ਪੰਡਤ ਰਾਮ ਰਖਾ ਸਾਹਿਬਾ ਸੜੋਆ (ਹੁਸ਼ਿਆਰਪੁਰ), ਭਾ: ਵਰਿਆਮ ਸਿੰਘ ਅਮਲੀ, ਭਾ: ਗਾਂਧਾ ਸਿੰਘ, ਭਾ: ਜਗਤ ਸਿੰਘ ਤੇ ਪਰੇਮ ਸਿੰਘ ਸੁਰਸਿੰਘੀਏ ਆਦਿ ਇਸ ਕੰਮ ਦੇ ਮੋਹਰੀ ਸਨ। ਸਵਾਏ ਇਕ ਦੋਂਹ ਥਾਵਾਂ ਤੋਂ ਪਾਰਟੀ ਵਰਕਰ ਡਾਕੇ ਵਾਲੇ ਘਰੋਂ ਰਕਮ ਗਿਣਕੇ ਲੈਂਦੇ ਤੇ ਸਫਲਤਾ ਤੋਂ ਬਾਅਦ ਇਹ ਰਕਮ ਮੋੜ ਦੇਣ ਦਾ ਇਕਰਾਰ ਕਰਦੇ। ਚਬੇ ਦੇ ਡਾਕੇ ਤੋਂ ਬਗੈਰ ਹੋਰ ਕਿਤੇ ਵੀ ਕਿਸੇ ਨੂੰ ਜਸਮਾਨੀ ਨੁਕਸਾਨ ਨਹੀਂ ਪੁਚਾਇਆ ਗਿਆ। ਚਬੇ ਵਾਲੇ ਘਰ ਦਾ ਇਲਾਕੇ ਦੇ ਪਿੰਡਾਂ ਵਿੱਚ ਬੜਾ ਸ਼ਾਹੂਕਾਰਾ ਸੀ। ਇਹ ਅਸਾਮੀਆਂ ਨੂੰ ਬਹੁਤ ਤੰਗ ਕਰਦਾ ਤੇ ਬੇਅੰਤ ਸੂਦ ਲੈਂਦਾ ਸੀ। ਇਸ ਡਾਕੇ ਵਿੱਚ ਇਸ ਦੀਆਂ ਕੁਝ ਅਸਾਮੀਆਂ ਵੀ ਸ਼ਾਮਲ ਸਨ। ਇਸ ਲਈ ਉਹ ਅਸਾਮੀਆਂ ਦੇ ਗੁੱਸੇ ਦਾ ਸ਼ਿਕਾਰ ਹੋਕੇ ਮਰ ਗਿਆ। ਉਸ ਦਾ ਵਹੀ ਖਾਤਾ ਸਾੜ ਸੁੱਟਿਆ ਗਿਆ। ਪਰ ਇਸ ਡਾਕੇ ਵਿੱਚ ਪਾਰਟੀ ਦਾ ਬੜਾ ਨੁਕਸਾਨ ਹੋਇਆ। ਦਰਅਸਲ ਇਹ ਡਾਕਾ ਹੀ ਪਾਰਟੀ ਨੂੰ ਲੈ ਲੱਥਾ। ਪਾਰਟੀ ਨੂੰ ਏਥੇ ਬੰਬ ਤੇ ਪਿਸਤੌਲ ਵਰਤਣੇ ਪਏ। ਸ੍ਰੀ ਰਾਮ ਰਖਾ ਤਾਂ ਬੰਬ ਸੁਟਣ ਵਿੱਚ ਆਪ ਜ਼ਖਮੀ ਹੋ ਗਿਆ ਤੇ ਚੁੱਕ ਕੇ ਲਿਜਾਣਾ ਪਿਆ। ਜੋ ਬਾਅਦ ਵਿਚ ਸ਼ਹੀਦ ਹੋ ਗਿਆ, ਪਰ ਉਸ ਦਾ ਅੰਗਰੇਜ਼ੀ ਸਰਕਾਰ ਨੂੰ ਮੁੜ ਪਤਾ ਨਹੀਂ ਲੱਗਾ ਕਿ ਕਿਥੇ ਗਿਆ। ਵਰਿਆਮ ਸਿੰਘ ਅਮਲੀ ਪੌੜੀਆਂ ਉਤਰਦਾ ਡਿਗ ਪਿਆ ਤੇ ਉਸ ਦੇ ਪਾਸ ਜੋ ਬੰਬ ਸੀ, ਡਿਗਦਿਆਂ ਹੀ ਚੱਲ ਗਿਆ ਤੇ ਉਹ ਉਥੇ ਹੀ ਪੂਰਾ ਹੋ ਗਿਆ। ਲੋਕਾਂ ਨੇ ਇਹਨਾਂ ਨੂੰ ਪਿੰਡੋਂ ਬਾਹਰ ਨਿਕਲਦਿਆਂ ਨੂੰ ਘੇਰ ਲਿਆ। ਪਰ ਬਹਾਦਰ ਗ਼ਦਰੀ ਓਧਰ ਜ਼ਖਮੀ ਰਾਮ ਰੱਖਾ ਨੂੰ ਚੁੱਕੀ ਲਈ ਜਾਂਦੇ ਸਨ ਤੇ ਓਧਰ ਪਿੰਡ ਵਾਲਿਆਂ ਨਾਲ ਲੜਦੇ ਪਿਛਾਂ ਹਟਦੇ ਜਾਂਦੇ ਸਨ। ਭਾਈ ਬੀਰ ਸਿੰਘ ਬਾਹੋਵਾਲ ਤੇ ਡਾ: ਪਰੇਮ ਸਿੰਘ ਸੁਰ ਸਿੰਘ ਨੇ ਪਿੰਡ ਦੀ ਵਾਹਰ ਦਾ ਸਾਰਾ ਭਾਰ ਝਲਿਆ। ਅਖ਼ੀਰ ਪਿੰਡ ਨੂੰ ਪਿਛਾਂ ਛੱਡਕੇ ਇਹ ਬਹਾਦਰ ਨਿਕਲ ਗਏ। ਭਾਈ ਬੀਰ ਸਿੰਘ ਬਾਹੋਵਾਲ ਤੇ ਭਾਈ ਪਰੇਮ ਸਿੰਘ ਸੁਰ ਸਿੰਘ ਨੂੰ ਵੀ ਸਖ਼ਤ ਸੱਟਾਂ ਲੱਗੀਆਂ। ਕਾਲਾ ਸਿੰਘ ਲੋਹਾਰ (ਅੰਮਰਿਤਸਰ) ਨੂੰ ਪਿੰਡ ਵਾਲਿਆਂ ਫੜ ਲਿਆ।[1]

ਡਾਕਿਆਂ ਨੇ ਪਾਰਟੀ ਦੇ ਹੱਥ ਕੁਝ ਮਾਇਆ ਦੇ ਦਿੱਤੀ। ਮਾਲਵੇ ਦੇ ਡਾਕਿਆਂ ਤੋਂ

---

1. ਉਤਲਿਖਤ ਮੁਕੱਦਮਾ, ਸਫ਼ੇ 186-260

1500 ਰੁਪਿਆ, ਇਤਨਾ ਹੀ ਚਬੇ ਦੇ ਡਾਕੇ ਤੋਂ। ਦੁਆਬੇ ਵਿੱਚ ਸ਼ੇਖ਼ੂਪੁਰੇ ਦਾ ਡਾਕਾ 9130 ਰੁਪਏ ਅਤੇ ਅਲਾਵਲਪੁਰ ਦਾ 1400 ਰੁਪਏ ਲਿਆਇਆ। ਗੁਰਦਾਸਪੁਰ ਦੇ ਡਾਕਿਆਂ ਵਿੱਚ ਕੋਈ ਖ਼ਾਸ ਰਕਮ ਹੱਥ ਨਾ ਲੱਗੀ।[1]

## ਆਖ਼ਰੀ ਤਿਆਰੀਆਂ

ਪਾਰਟੀ ਨੇ ਆਪਣੇ ਆਖ਼ਰੀ ਨਿਸ਼ਾਨੇ ਵੱਲ ਵਧਣ ਲਈ ਬੜੇ ਜ਼ੋਰ ਸ਼ੋਰ ਨਾਲ ਤਿਆਰੀਆਂ ਸ਼ੁਰੂ ਕਰ ਦਿਤੀਆਂ। ਸ੍ਰੀ ਰਾਸ ਬਿਹਾਰੀ ਬੋਸ ਦੇ ਆਉਣ ਨਾਲ ਕੇਂਦਰ ਕੰਮ ਕਰਨ ਲੱਗ ਪਿਆ। ਫੌਜਾਂ ਵਿੱਚ ਫਿਰਨ ਤੁਰਨ ਤੇ ਹਥਿਆਰ ਪੱਤਾ ਜਮ੍ਹਾ ਕਰਨ ਉਤੇ ਜ਼ੋਰ ਦਿਤਾ ਗਿਆ। ਭਾਈ ਹਰਨਾਮ ਸਿੰਘ ਕਹੂਟਾ ਰਾਵਲਪਿੰਡੀ, ਬੰਨੂ, ਨੌਸ਼ਹਿਰਾ ਤੇ ਪਸ਼ਾਵਰ ਨੂੰ ਗਿਆ। ਭਾਈ ਪਿਆਰਾ ਸਿੰਘ ਲੰਗੇਰੀ ਕੁਹਾਟ, ਭਾਈ ਗੁਰਮੁਖ ਸਿੰਘ ਲਲਤੋਂ ਤੇ ਭਾਈ ਊਧਮ ਸਿੰਘ ਵਿੜਿੰਗ ਰਾਵਲਪਿੰਡੀ, ਜੇਹਲਮ ਹੋਤੀ ਮਰਦਾਨ ਤੇ ਪਸ਼ਾਵਰ ਨੂੰ ਫੌਜੀਆਂ ਨੂੰ ਟੋਹਣ ਗਏ।[2] ਛਾਉਣੀਆਂ ਦੀਆਂ ਆਈਆਂ ਰਪੋਰਟਾਂ ਤੋਂ ਪਤਾ ਲੱਗਾ ਕਿ ਸਭ ਫੌਜਾਂ ਗ਼ਦਰ ਪੈਣ ਉਤੇ ਇਨਕਲਾਬ ਦਾ ਸਾਥ ਦੇਣਗੀਆਂ ਤੇ ਗ਼ਦਰ ਦੀ ਪਹਿਲੀ ਸੱਟ ਪਹਿਲਾਂ ਵਾਂਗ ਹੀ ਲਾਹੌਰ ਦੀ ਮੀਆਂਮੀਰ ਤੇ ਫੀਰੋਜ਼ਪੁਰ ਦੇ ਗੋਲੀ ਸਿਕਾ ਤੇ ਹਥਿਆਰ ਬਨਾਉਣ ਵਾਲੇ ਕਿਲੇ ਉਤੇ ਮਾਰੀ ਜਾਵੇਗੀ। ਇਹਨਾਂ ਛਾਉਣੀਆਂ ਉਤੇ ਕਾਮਯਾਬੀ ਹੋ ਜਾਣ ਤੇ ਬਾਕੀ ਫੌਜਾਂ ਥਾਉਂ ਥਾਈਂ ਉਠ ਪੈਣਗੀਆਂ। ਇਹ ਕੰਮ ਐਨਾ ਖੁਫੀਆ ਹੋ ਰਿਹਾ ਸੀ ਕਿ ਫਰਵਰੀ ਦੀ 15 ਤੋਂ ਪਹਿਲਾਂ ਅੰਗਰੇਜ਼ੀ ਸਰਕਾਰ ਤੇ ਉਸ ਦੀ ਬੜੀ ਤਾਕ ਤੇ ਚਾਤਰ ਸੀ.ਆਈ.ਡੀ. ਨੂੰ ਇਸ ਦੀ ਬੋ ਤੱਕ ਨਹੀਂ ਆਈ।[3]

ਬੰਗਾਲੀ ਇਨਕਾਲਬੀ ਗਰੋਹਾਂ ਨਾਲ ਜੋੜ ਜੋੜਨ ਨਾਲ ਬੰਗਾਲ ਵਾਲੇ ਪਾਸੇ ਵੀ ਇਨਕਲਾਬੀ ਕੰਮ ਤੁਰ ਪਿਆ। ਬੰਗਾਲੀ ਇਨਕਲਾਬੀਆਂ ਨੇ ਆਪਣਾ ਇਹ ਨਿਸ਼ਚਾ ਬਦਲ ਲਿਆ ਕਿ ਕੇਵਲ ਪੜ੍ਹੇ ਲਿਖੇ ਤੇ ਸੂਝਵਾਨ ਨੌਜਵਾਨ ਹੀ ਆਪਣੀਆਂ ਕੁਰਾਬਨੀਆਂ ਦੇਕੇ ਦੇਸ਼ ਨੂੰ ਜਗਾ ਸਕਦੇ ਹਨ। ਉਨ੍ਹਾਂ ਨੂੰ ਪਤਾ ਲੱਗਾ ਕਿ ਲੋਕਾਂ ਨੂੰ ਨਾਲ ਲਿਆਂ ਬਗੈਰ ਇਨਕਲਾਬ ਨਹੀਂ ਹੁੰਦਾ ਤੇ ਲੋਕਾਂ ਤੋਂ ਉਪਰਾਂਤ ਰਹਿ ਕੇ ਉਹਨਾਂ ਨੂੰ ਨਾਲ ਨਹੀਂ ਲਿਆ ਜਾ ਸਕਦਾ। ਉਨ੍ਹਾਂ ਨੇ ਵੀ ਗ਼ਦਰ ਪਾਰਟੀ ਦੀਆਂ ਲੀਹਾਂ ਉਤੇ ਕੰਮ ਕਰਨਾ ਸ਼ੁਰੂ ਕੀਤਾ। ਉਹ ਇਨਕਲਾਬੀ ਸਾਹਿਤ ਛਾਪਕੇ ਵੰਡਣ, ਲੋਕਾਂ ਵਿਚ ਫਿਰ ਕੇ ਪਰਚਾਰ ਕਰਨ ਤੇ ਛਾਉਣੀਆਂ ਵਿੱਚ ਜਾ ਕੇ ਫੌਜੀਆਂ ਵਿੱਚ ਕੰਮ ਕਰਨ ਲੱਗ ਪਏ। ਉਹ ਪੂਰਬੀ ਯੂ.ਪੀ., ਬਿਹਾਰ ਤੇ ਬੰਗਾਲ ਵਿੱਚ ਰੱਖੀਆਂ ਹੋਈਆਂ ਰਾਜਪੂਤ ਰਜਮੈਂਟਾਂ ਵਿੱਚ ਗਏ ਤੇ ਖਾਸਕਰ ਬਨਾਰਸ ਦੀ ਛਾਉਣੀ ਵਿੱਚ ਦੇਸ਼ੀ ਸਿਪਾਹੀਆਂ ਦੇ ਬਗਾਵਤ ਲਈ ਉੱਠ ਪੈਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ।[4]

ਇਸ ਇਨਕਲਾਬ ਨੂੰ ਆਮ ਜਨਤਾ ਤਕ ਪੁਚਾ ਕੇ ਲੋਕਾਂ ਨੂੰ ਨਾਲ ਲੈਣ ਲਈ ਪਿੰਡਾਂ ਵਿਚ ਜਾ ਕੇ ਪਰਚਾਰ ਨੂੰ ਤਿਖੀਆਂ ਕੀਤਾ ਗਿਆ। ਪਾਰਟੀ ਦਾ ਹੈਡਕਵਾਰਟਰ 6 ਫਰਵਰੀ ਤੋਂ

---

1. ਉਤਲਿਖਤ
2. ਉਤਲਿਖਤ ਮੁਕੱਦਮਾ ਸਫਾ 96–7
3. ਉਤਲਿਖਤ ਮੁਕੱਦਮਾ ਸਫ਼ਾ 283–87
4. 'ਬੰਦੀ ਜੀਵਨ' ਪਹਿਲਾ ਭਾਗ, ਸਫਾ 47–57, 59, 92–3

ਅੰਮ੍ਰਿਤਸਰੋਂ ਲਾਹੌਰ ਬਦਲ ਦਿਤਾ ਗਿਆ। ਉਹਨਾਂ ਦਿਨਾਂ ਵਿਚ ਸ਼ਹਿਰਾਂ ਵਿਖੇ ਛੜਿਆਂ ਨੂੰ ਮਕਾਨ ਮਿਲਣੇ ਬਹੁਤ ਹੀ ਔਖੇ ਸਨ। ਇਸ ਲਈ ਮਕਾਨ ਲੈਣ ਵਿਚ ਲਾਲਾ ਰਾਮ ਸਰਨ ਦਾਸ ਕਪੂਰਥਲਾ ਤੇ ਇਹਨਾਂ ਨੂੰ ਰੱਖਣ ਵਿੱਚ ਉਹਨਾਂ ਦੀ ਸੁਪਤਨੀ ਸ੍ਰੀਮਤੀ ਸਤਿਆਵਤੀ ਨੇ ਬੜਾ ਕੰਮ ਦਿਤਾ, ਜੋ ਦੇਸ਼ ਦੀ ਸੇਵਾ ਖ਼ਾਤਰ ਉਸ ਜ਼ਮਾਨੇ ਦੀ ਲੋਕ ਲੱਜ ਤਿਆਗਕੇ ਪਰਾਏ ਬੰਦਿਆਂ ਵਿਚ ਰਹਿਣ ਲਈ ਤਿਆਰ ਹੋ ਗਈ। ਓਥੇ ਕਈ ਮਕਾਨ, ਰਿਹਾਇਸ਼ ਲਈ ਅੱਡ ਤੇ ਕੰਮ ਲਈ ਅੱਡ ਲੈਕੇ, ਕੰਮ ਲੁਕਵਾਂ ਤੇ ਚੰਗਾ ਤੁਰਨ ਲੱਗ ਪਿਆ। 'ਗ਼ਦਰ ਸੰਦੇਸਾ' ਤੇ 'ਐਲਾਨਿ ਜੰਗ' ਹਜ਼ਾਰਾਂ ਦੀ ਗਿਣਤੀ ਵਿਚ ਛਾਪੇ ਤੇ ਬਾਹਰ ਪਿੰਡਾਂ ਤੇ ਫੌਜੀ ਛਾਉਣੀਆਂ ਵਿੱਚ ਵੰਡੇ ਜਾਣ ਲੱਗ ਪਏ। ਇਕ ਮਕਾਨ ਮੂਲ ਚੰਦ ਦੀ ਸਰਾਂ ਵਿੱਚ ਲੈ ਕੇ ਬੀਬੀ ਗੁਲਾਬ ਕੌਰ ਨੂੰ ਦਿਤਾ ਗਿਆ, ਜੋ ਲਾਹੌਰ ਵਿੱਚ ਪਾਰਟੀ ਅੱਡਿਆਂ ਦਾ ਪਤਾ ਸੁਰ ਰੱਖਦੀ। ਬਾਹਰੋਂ ਅੱਡਿਆਂ ਉਤੇ ਆਉਣ ਵਾਲੇ ਵਰਕਰ ਬੀਬੀ ਪਾਸੋਂ ਸੁਖ ਸਾਂਦ ਦਾ ਪਤਾ ਕਰਕੇ ਅੱਡਿਆਂ ਉਤੇ ਜਾਂਦੇ।[1]

ਕੰਮ ਕਰ ਰਹੇ ਵਰਕਰਾਂ ਦੇ ਮਨ, ਕੰਮ ਦੇ ਸਮੇਂ ਵਿੱਚ ਦੇਣੀਆਂ ਪਈਆਂ ਕੁਰਬਾਨੀਆਂ, ਫੜੇ ਗਏ ਲੀਡਰਾਂ ਦੇ ਨੁਕਸਾਨ, ਅੰਗਰੇਜ਼ੀ ਸਰਕਾਰ ਦੀਆਂ ਤਕੜਾਈਆਂ ਤੇ ਮਾਰ ਲੌ, ਫੜ ਲੌ ਦੀ ਫੂੰ ਫਾਂ ਤੋਂ ਜ਼ਰਾ ਜਿੰਨੇ ਵੀ ਨਹੀਂ ਡੋਲੇ। ਸਗੋਂ ਆਪਣੀ ਸਫਲਤਾ ਵਿਚ ਉਹਨਾਂ ਦਾ ਨਿਸ਼ਚਾ ਹੋਰ ਪੱਕਾ ਹੁੰਦਾ ਗਿਆ ਤੇ ਉਹ ਰਾਤ ਦਿਨ ਮਾਰੋ ਮਾਰ ਕਰਕੇ ਅੰਗਰੇਜ਼ੀ ਸਰਕਾਰ ਨੂੰ ਸੱਟ ਮਾਰਕੇ ਖ਼ਤਮ ਕਰਨ ਦੇ ਕੰਮ ਦੀਆਂ ਤਿਆਰੀਆਂ ਵਿੱਚ ਜੁਟ ਗਏ।

## 21 ਫਰਵਰੀ ਇਨਕਲਾਬ ਦਾ ਦਿਨ

ਬਾਹਰੋਂ ਤੇ ਫੌਜਾਂ ਤੋਂ ਆਈਆਂ ਰਪੋਰਟਾਂ ਦੀ ਬਿਨਾਅ ਉਤੇ ਪਾਰਟੀ ਨੇ 12 ਫਰਵਰੀ, 1915 ਨੂੰ ਫੈਸਲਾ ਕੀਤਾ ਕਿ 21 ਫਰਵਰੀ ਨੂੰ ਗ਼ਦਰ ਮਚਾ ਦਿੱਤਾ ਜਾਵੇ। ਪਲੈਨ ਇਹ ਸੀ ਕਿ 21 ਰਾਤ ਨੂੰ ਮੀਆਂ ਮੀਰ ਤੇ ਫੀਰਜ਼ੋਪੁਰ ਦੀਆਂ ਛਾਉਣੀਆਂ ਉਤੇ ਕਬਜ਼ਾ ਕਰ ਲਿਆ ਜਾਵੇ। ਇਸੇ ਦਿਨ ਮੇਰਠ ਵਿੱਚ ਭਾਈ ਫੂਲਾ ਸਿੰਘ ਦੀ ਅਗਵਾਈ ਹੇਠ 128ਵੀਂ ਪਾਇਓਨੀਅਰ ਰਜਮੰਟ ਤੇ ਭਾਈ ਈਸ਼ਰ ਸਿੰਘ ਦੀ ਕਮਾਨ ਹੇਠਾਂ 12ਵਾਂ ਰਸਾਲਾ ਉਠ ਖੜੇ ਹੋਣ ਤੇ ਮੇਰਠ ਉਤੇ ਕਬਜ਼ਾ ਕਰ ਲੈਣ। ਓਥੋਂ 100 ਆਦਮੀ ਲਾਹੌਰ ਭੇਜ ਦੇਣ ਤੇ ਬਾਕੀ ਦਿੱਲੀ ਉਤੇ ਚਾੜ੍ਹਕੇ ਰੀਪਬਲਿਕ ਦਾ ਐਲਾਨ ਕਰ ਦੇਣ।[2] ਫੇਰ ਬਨੂੰ ਕੋਹਾਟ ਤੋਂ ਲੈਕੇ ਚੜ੍ਹਦੇ ਵੱਲ ਦੀਨਾਪੁਰ ਤਕ ਸਭ ਫੌਜਾਂ ਆਪੋ ਆਪਣੇ ਥਾਂ ਉਠ ਪੈਣ। ਭਾਈ ਕਰਤਾਰ ਸਿੰਘ ਫੀਰੋਜ਼ਪੁਰ ਨੂੰ ਜਾਵੇ ਤੇ ਪਿੰਗਲੇ ਮੇਰਠ ਜਾਕੇ ਉਥੋਂ 128ਵੀਂ ਪਾਇਓਨੀਅਰ ਤੇ 12ਵੇਂ ਰਸਾਲੇ ਨੂੰ ਲੈਕੇ ਦਿੱਲੀ ਉਤੇ ਜਾ ਪਵੇ।

ਡਾਕਟਰ ਮਥਰਾ ਸਿੰਘ ਸਰਹੱਦੀ ਸੂਬੇ ਨੂੰ ਗਿਆ ਤਾਂ ਜੋ ਉਹ ਆਜ਼ਾਦ ਇਲਾਕੇ ਦੇ ਆਫਰੀਦੀਆਂ ਨੂੰ ਮਿਲੇ। ਉਹਨਾਂ ਪਾਸੋਂ ਗ਼ਦਰ ਵਾਸਤੇ ਹਥਿਆਰ ਲੈਣ ਤੇ ਉਹਨਾਂ ਨੂੰ ਗ਼ਦਰ ਦੀ ਸਹਾਇਤਾ ਲਈ ਏਧਰੋਂ ਉਠਣ ਲਈ ਆਖੇ।[3] ਭਾਈ ਨਿਧਾਨ ਸਿੰਘ ਚੁੱਘਾ, ਭਾਈ ਗੁਰਮੁਖ ਸਿੰਘ ਲਲਤੋਂ ਤੇ ਭਾਈ ਹਰਨਾਮ ਸਿੰਘ ਕਹੂਟਾ ਜੇਹਲਮ, ਰਾਵਲਪਿੰਡੀ ਤੇ ਹੋਤੀ ਮਰਦਾਨ ਗ਼ਦਰ ਦੀ

---

1. ਹਰਨਾਮ ਸਿੰਘ ਕਹੂਟਾ ਦਾ ਬਿਆਨ
2. ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 110
3. ਉਤਲਿਖਤ ਸਫਾ 105

ਮਿਥੀ ਤਾਰੀਖ ਦਾ ਪਤਾ ਦਸਣ ਤੇ ਫੌਜੀਆਂ ਨੂੰ ਤਿਆਰ ਰਹਿਣ ਲਈ ਆਖਣ ਗਏ। ਸ੍ਰੀ ਪਰਮਾਨੰਦ ਝਾਂਸੀ ਪਸ਼ਾਵਰ ਗਿਆ। ਭਾਈ ਕਰਤਾਰ ਸਿੰਘ ਸਰਾਭਾ ਸ੍ਰੀ ਵਿਸਨੂੰ ਗਣੇਸ਼ ਪਿੰਗਲੇ ਨੂੰ ਨਾਲ ਲੈ ਕੇ ਅੰਬਾਲੇ, ਮੇਰਠ, ਲਖਨਊ, ਅਲਾਹਬਾਦ, ਬਨਾਰਸ, ਦੀਨਾਪੁਰ ਤੇ ਫੈਜ਼ਾਬਾਦ ਗਏ। ਇਹਨਾਂ ਵਿਚੋਂ ਕਈ ਥਾਈਂ ਇਕ ਵਿਦਿਆਰਥੀ ਸੁੱਚਾ ਸਿੰਘ ਨੂੰ ਭੇਜਿਆ ਗਿਆ। ਭਾਈ ਜਵੰਦ ਸਿੰਘ ਨੰਗਲ ਕਪੂਰਥਲੇ ਰਸਾਲੇ ਦਾ ਪਤਾ ਕਰਨ ਲਈ ਗਿਆ, ਕਿ ਉਥੋਂ ਕਿੰਨੇ ਬੰਦੇ ਆਉਣਗੇ। ਭਾਈ ਖੜਕ ਸਿੰਘ ਤੇ ਭਾਈ ਜਗਤ ਸਿੰਘ ਸੁਰਸਿੰਘੀਆ ਭਸੀਨ ਤੇ ਸੁਰਸਿੰਘ ਦੇ ਪਿੰਡਾਂ ਨੂੰ ਬੰਦੇ ਲਿਆਉਣ ਲਈ ਗਏ।[1] ਭਾਈ ਭਗਤ ਸਿੰਘ ਕੱਚਰਭੰਨ, ਭਾਈ ਉੱਤਮ ਸਿੰਘ ਹਾਂਸ, ਭਾਈ ਪਰੇਮ ਸਿਘ ਸੁਰਸਿੰਘ, ਭਾਈ ਬੰਤਾ ਸਿੰਘ ਸੰਘਵਾਲ ਤੇ ਹੋਰ ਸਿਰਲੱਥ ਵਰਕਰ ਫੀਰੋਜ਼ਪੁਰ ਤੇ ਲਾਹੌਰ ਦੀਆਂ ਛਾਉਣੀਆਂ ਲਈ ਬੰਦੇ ਲਿਆਉਣ ਵਾਸਤੇ ਤੇ ਲੋੜੀਂਦੇਂ ਹਥਿਆਰ ਪੱਤੇ ਦਾ ਬੰਦੋਬਸਤ ਕਰਨ ਵਾਸਤੇ ਪਿੰਡਾਂ ਵਿਚ ਰਾਤ ਦਿਨ ਘੁੰਮ ਰਹੇ ਸਨ।

ਪਾਰਟੀ ਨੇ ਇਹਨਾਂ ਵਰਕਰਾਂ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ 'ਗ਼ਦਰ ਸੰਦੇਸ਼ਾ' ਤੇ 'ਐਲਾਨਿ ਜੰਗ' ਛਾਪ ਕੇ ਫੌਜਾਂ ਵਿੱਚ ਵੰਡਣ ਲਈ ਦਿੱਤੇ।[2] ਤਾਂ ਜੋ ਫੌਜੀਆਂ ਨੂੰ ਪਤਾ ਹੋਵੇ ਕਿ ਉਹ ਆਜ਼ਾਦੀ ਤੋਂ ਬਾਅਦ ਕੀ ਹਾਸਲ ਕਰਨ ਲਈ ਲੜ ਰਹੇ ਹਨ। 'ਗ਼ਦਰ ਸੰਦੇਸ਼ਾ' ਲੋਕਾਂ ਨੂੰ ਲੁਟ-ਖਸੁਟ ਤੇ ਗ਼ੁਲਾਮੀ ਦੀ ਦੁਰਦਸ਼ਾ ਸਮਝਾਉਂਦਾ ਸੀ ਤੇ 'ਐਲਾਨਿ ਜੰਗ' ਜਿਥੇ ਅੰਗਰੇਜ਼ੀ ਰਾਜ ਦੇ ਵਿਰੁੱਧ ਜੰਗ ਦਾ ਐਲਾਨ ਕਰਦਾ ਸੀ, ਉਥੇ ਦੇਸ਼ ਵਿੱਚ ਜਮਹੂਰੀ ਲੋਕ ਰਾਜ, ਭਰਾਤਰੀ ਭਾਵ ਤੇ ਬਰਾਬਰੀ ਕਾਇਮ ਕਰਨ ਲਈ ਲੋਕਾਂ ਨੂੰ ਉਭਾਰਦਾ ਸੀ।

ਪਾਰਟੀ ਨੇ ਜਦ ਅੰਗਰੇਜ਼ੀ ਸਾਮਰਾਜ ਵਿਰੁੱਧ ਜੰਗ ਦਾ ਐਲਾਨ ਕੀਤਾ ਤਾਂ ਇਸ ਨੂੰ ਕੌਮੀ ਝੰਡੇ ਦੀ ਲੋੜ ਪਈ। ਪਾਰਟੀ ਨੇ ਅਮਰੀਕਾ ਵਿੱਚ ਏਕੇ ਦੀਆਂ ਦੋ ਹੀ ਸੋਚਣੀਆਂ ਨੂੰ ਮੁਖ ਮੰਨਿਆ ਸੀ, ਹਿੰਦੂ ਤੇ ਮੁਸਲਮਾਨ। ਇਸ ਲਈ ਉਸ ਨੇ ਅਮਰੀਕਾ ਵਿਚੋਂ ਤੁਰਨ ਲੱਗਿਆ ਨੀਲੇ ਤੇ ਪੀਲੇ ਰੰਗ ਦਾ ਝੰਡਾ ਸਾਜਿਆ ਸੀ। ਨੀਲਾ ਮੁਸਲਮਾਨਾਂ ਦਾ ਤੇ ਪੀਲਾ ਹਿੰਦੂਆਂ ਦਾ। ਜਿਸ ਨੂੰ ਗ਼ਦਰ ਆਸ਼ਰਮ ਉਤੇ ਲਹਿਰਾ ਕੇ ਉਸਦੇ ਹੇਠਾਂ ਖੜੇ ਹੋਕੇ ਤੁਰਨ ਲੱਗਿਆਂ ਆਜ਼ਾਦੀ ਜਿੱਤਣ ਲਈ ਮਾਰਨ ਤੇ ਮਰਨ ਦੀਆਂ ਕਸਮਾਂ ਖਾਧੀਆਂ ਸਨ। ਪਰ ਦੇਸ਼ ਆ ਕੇ ਇਸ ਵਿਚ ਇਕ ਹੋਰ ਜ਼ਬਰਦਸਤ ਸੋਚਣੀ ਦਾ ਪਤਾ ਲੱਗਾ, ਉਹ ਸੀ ਸਿੱਖ ਸੋਚਣੀ, ਇਸ ਲਈ ਵਿਚ ਹੋਰ ਵਾਧਾ ਕੀਤਾ ਗਿਆ ਤੇ 21 ਫਰਵਰੀ ਨੂੰ ਅਜ਼ਾਦੀ ਦੀ ਜੰਗ ਕਰਨ ਲਈ ਦਿਨ ਮਿਥਣ ਦੇ ਫੈਸਲੇ ਨਾਲ ਹੀ ਝੰਡੇ ਦਾ ਵੀ ਮਤਾ ਪਾਸ ਕੀਤਾ ਕਿ ਇਹ ਲਾਲ, ਪੀਲੇ ਤੇ ਹਰੇ ਰੰਗ ਦਾ ਹੋਵੇ। ਇਹ ਤਿੰਨ ਰੰਗ ਉਸ ਵੇਲੇ ਦੇਸ਼ ਵਿੱਚ ਚਲ ਰਹੀਆਂ ਅੱਡੋ ਅੱਡ ਮਜ਼ਹਬਾਂ ਦੇ ਨਾਂ ਹੇਠਾਂ ਏਕੇ ਦੀਆਂ ਵਿਚਾਰਧਾਰਾਂ ਨੂੰ ਪਰਗਟ ਕਰਦੇ ਸਨ; ਲਾਲ ਹਿੰਦੂਆਂ, ਪੀਲਾ ਸਿੱਖਾਂ ਤੇ ਹਰਾ ਮੁਸਲਮਾਨਾਂ ਨੂੰ।[3] ਹਿੰਦੁਸਤਾਨ ਦੇ ਇਤਿਹਾਸ ਵਿੱਚ ਝੰਡੇ ਦੀ ਸਭ ਤੋਂ ਪਹਿਲੀ ਕਾਢ ਮਸ਼ਹੂਰ ਹਿੰਦੀ ਇਨਕਲਾਬਨ ਸ੍ਰੀਮਤੀ ਭੀਖਮਜੀ

---

1. ਉਤਲਿਖਤ ਮੁਕੱਦਮਾ ਸਫ਼ਾ 97
2. ਉਤਲਿਖਤ ਮੁਕੱਦਮਾ ਸਫਾ 119-121
3. ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ, ਉਤਲਿਖਤ ਮੁਕੱਦਮਾ ਸਫ਼ਾ 271-72 ਤੇ ਹੋਮ (ਪੋਲੀਟੀਕਲ) ੳ. ਅਕਤੂਬਰ 1915, ਨੰ. 671-84

ਕਾਮਾ ਨੇ ਕਢੀ ਸੀ,ਪਰ ਹਿੰਦੁਸਤਾਨ ਦੀ ਧਰਤੀ ਉਤੇ ਇਸ ਨੂੰ ਸਭ ਤੋਂ ਪਹਿਲਾਂ ਝੁਲਾਉਣ ਤੇ ਇਸ ਦੇ ਹੇਠਾਂ ਪੂਰਨ ਅਜ਼ਾਦੀ ਦੀ ਲੜਾਈ ਦਾ ਮਾਣ ਗ਼ਦਰ ਪਾਰਟੀ ਨੂੰ ਪਰਾਪਤ ਹੈ। ਪਾਰਟੀ ਨੇ ਲੋਕਾਂ ਤੇ ਫੌਜਾਂ ਵਿੱਚ ਵਰਕਰਾਂ ਦੇ ਹੱਥੀਂ ਇਹ ਝੰਡੇ ਵੀ ਭੇਜੇ।[1]

ਅੰਗਰੇਜ਼ੀ ਸਾਮਰਾਜ ਨੂੰ ਹਿੰਦੁਸਤਾਨ ਵਰਗੀ ਮਾਰੀ ਹੋਈ ਮਲ ਵਾਸਤੇ ਪੂਰਬ ਵਾਲੇ ਪਾਸਿਓਂ ਕੋਈ ਖਤਰਾ ਨਹੀਂ ਸੀ ਕਿਉਂਕਿ ਏਧਰ ਦੇ ਸਾਰੇ ਦੇਸ਼ ਪਛਾੜੇ ਦੇ ਮਾਰੇ ਕਿਸੇ ਨਾ ਕਿਸੇ ਸਾਮਰਾਜੀ ਤਾਕਤ ਦੇ ਗੁਲਾਮ ਸਨ। ਉਹਨਾਂ ਨੂੰ ਬਹੁਤਾ ਖ਼ਤਰਾ ਪੱਛਮ ਵਾਲੇ ਪਾਸਿਓਂ ਰਹਿੰਦਾ ਸੀ। ਏਧਰ ਯੋਰਪ ਵਿੱਚ ਸ਼ਰੀਕੇ ਤੇ ਮੁਕਾਬਲੇ ਦੀਆਂ ਸਾਮਰਾਜੀ ਤਾਕਤਾਂ ਅੰਗਰੇਜ਼ੀ ਸਾਮਰਾਜ ਨਾਲ ਸ਼ਰੀਕਾ ਰੱਖਦੀਆਂ ਤੇ ਇਸ ਦੀ ਕਮਜ਼ੋਰੀ ਤੋਂ ਫਾਇਦਾ ਉਠਾਣ ਦੇ ਮੌਕੇ ਦੀ ਤਾਕ ਵਿੱਚ ਰਹਿੰਦੀਆਂ ਸਨ। ਜਿਸ ਤਰ੍ਹਾਂ ਜ਼ਰਮਨੀ, ਫ਼ਰਾਂਸ ਤੇ ਜ਼ਾਰ ਰੂਸ ਆਦਿ। ਇਸ ਲਈ ਹਿੰਦੁਸਤਾਨ ਵਿੱਚ ਉਦੋਂ ਦੀ ਸਾਮਰਾਜੀ ਯੁਧ ਨੀਤੀ ਦੇ ਮੁਤਾਬਕ ਅੰਗਰੇਜ਼ੀ ਫੌਜਾਂ ਬਹੁਤੀਆਂ ਉਤਰ ਪੱਛਮੀ ਸਰਹੱਦ ਤੇ ਉਸਦੇ ਨਾਲ ਲੱਗਦੇ ਪਿਛਲੇ ਇਲਾਕੇ (ਪੰਜਾਬ) ਵਿੱਚ ਰੱਖੀਆਂ ਜਾਂਦੀਆਂ ਸਨ। ਫੇਰ ਓਦੂੰ ਹਟਕੇ ਵੱਡੀਆਂ-ਵੱਡੀਆਂ ਰਿਆਸਤਾਂ ਦੀ ਸਰਹੱਦੀ ਥਾਵਾਂ ਉਤੇ, ਜਿਨ੍ਹਾਂ ਰਾਜਿਆਂ ਉਤੇ, ਉਸ ਦਾ ਰੋਹਬ ਸੀ ਤੇ ਜਿਹਨਾਂ ਦੀ ਪਰਜਾ ਉਠ ਪੈਣ ਵਾਲੀ ਬਗਾਵਤ ਨੂੰ ਨੱਪੀ ਰੱਖਣਾ ਸੀ। ਪੂਰਬ ਦੇ ਦੱਖਣ ਵਿੱਚ ਬਹੁਤ ਹੀ ਫੌਜਾਂ ਹੁੰਦੀਆਂ ਸਨ। ਪਾਰਟੀ ਅੰਗਰੇਜ਼ੀ ਸਾਮਰਾਜ ਦੀ ਇਸ ਯੁੱਧ ਨੀਤੀ ਤੋਂ ਜਾਣੂ ਸੀ, ਇਸ ਲਈ ਇਸ ਨੇ ਆਪਣਾ ਕੰਮ ਪੱਛਮ ਉਤਰੀ ਸਰਹੱਦ ਦੀਆਂ ਛਾਉਣੀਆਂ ਵਿੱਚ ਚਾਲੂ ਕੀਤਾ। ਇਹਨਾਂ ਛਾਉਣੀਆਂ ਦੀ ਫਤਹ ਇਨਕਲਾਬ ਨੂੰ ਜ਼ੋਰਾਵਰ ਬਣਾਕੇ ਬਾਕੀ ਹਿੰਦੁਸਤਾਨ ਵਿੱਚੋਂ ਅੰਗਰੇਜ਼ੀ ਰਾਜ ਨੂੰ ਪੁਟ ਕੇ ਬਾਹਰ ਮਾਰ ਸਕਦੀ ਸੀ। ਉਦੋਂ ਦੀ ਫੌਜ ਦੇ ਨਵਾਂ ਡਵੀਜ਼ਨਾਂ ਵਿਚੋਂ ਲਾਹੌਰ, ਰਾਵਲਪਿੰਡੀ, ਮੇਰਠ, ਲਖਨਊ, ਪਸ਼ਾਵਰ ਤੇ ਬੰਨੂੰ ਵਿਚ ਰਖੀਆਂ ਹੋਈਆਂ ਦੇਸ਼ੀ ਫੌਜਾਂ ਨਾਲ ਪਾਰਟੀ ਦਾ ਮੇਲ ਮਿਲਾਪ ਸੀ। ਪਹਿਲ ਲਾਹੌਰ ਡਵੀਜ਼ਨ ਨੇ ਕਰਨੀ ਸੀ। ਲਖਨਊ ਡਵੀਜ਼ਨ ਦੀਆਂ ਬੰਗਾਲ ਤੇ ਬਿਹਾਰ ਵੱਲ ਦੀਆਂ ਪੂਰਬੀ ਛਾਉਣੀਆਂ ਵਿੱਚ ਬੰਗਾਲੀ ਇਨਕਲਾਬੀਆਂ ਨੇ ਕੰਮ ਕਰ ਲਿਆ ਸੀ। ਹਿੰਦ ਤੋਂ ਬਾਹਰ ਹਾਂਗਕਾਂਗ, ਸਿੰਘਾਪੁਰ, ਪੀਨਾਂਗ, ਰੰਗੂਨ ਤੇ ਬਰਮਾ ਆਦਿ ਵਿੱਚ ਸੁੱਟੀਆਂ ਹੋਈਆਂ ਹਿੰਦੀ ਫੌਜਾਂ ਵਿੱਚ ਵੀ ਪਾਰਟੀ ਆਪਣੀ ਥਾਂ ਬਣਾ ਚੁੱਕੀ ਸੀ। ਪੰਜਾਬ ਵਿਚ ਇਨਕਲਾਬ ਦਾ ਬਲਿਆ ਭਾਂਬੜ ਪਸ਼ਾਵਰੋਂ ਤੁਰਕੇ ਹਾਂਗਕਾਂਗ ਤੱਕ ਬਲ ਉਠਣਾ ਸੀ। ਅੰਗਰੇਜ਼ੀ ਸਾਮਰਾਜ ਨੂੰ ਢਾਹਕੇ ਸੁੱਟਣ ਲਈ ਅਣਡਿੱਠ ਭੁਚਾਲ ਤਿਆਰ ਹੋ ਖੜ੍ਹੋਤਾ ਸੀ। ਜਿਸ ਨੂੰ ਲਾਰਡ ਹਾਰਡਿੰਗ ਨੇ ਮੰਨਿਆ ਹੈ।

"ਇਹਨਾਂ ਮਹੀਨਿਆਂ ਵਿੱਚ ਅੰਦਰੂਨੀ ਹਾਲਤ ਬਹੁਤ ਖ਼ਤਰਨਾਕ ਹੋਣੀ ਸ਼ੁਰੂ ਹੋ ਗਈ ਕਿਉਂਕਿ ਇਨਕਲਾਬੀਆਂ ਨੂੰ ਸਾਡੀ ਉਸ (ਫੌਜੀ) ਕਮਜ਼ੋਰੀ ਦਾ ਪਤਾ ਲੱਗ ਚੁੱਕਾ ਸੀ, ਜੋ ਫੌਜਾਂ ਨੂੰ ਬਾਹਰ ਭੇਜਣ ਤੋਂ (ਸਾਡੀ ਤਾਕਤ ਵਿੱਚ) ਆ ਗਈ ਸੀ।[2]"

ਸ੍ਰੀ ਰਾਸ ਬਿਹਾਰੀ ਬੋਸ ਦਾ ਬੰਗਾਲੀ ਗਰੋਹ ਰਾਜਸਥਾਨ ਵਿਚ ਕਰੂਰਾ ਦੇ ਠਾਕਰ ਗੋਪਾਲ ਸਿੰਘ ਨਾਲ ਸਬੰਧ ਰਖਦਾ ਸੀ। ਇਸ ਠਾਕਰ ਪਾਸ ਬਹੁਤ ਸਾਰਾ ਅਸਲਾਹ ਸੀ। ਇਹ ਠਾਕਰ ਵੀ ਗ਼ਦਰ ਕਰਨ ਲਈ ਪਾਰਟੀ ਨੂੰ ਆਪਣੇ ਬੰਦੇ ਤੇ ਅਸਲਾਹ ਦੇਣ ਲਈ ਤਿਆਰ ਹੋ ਗਿਆ।

---

1. ਉਤਲਿਖਤ ਮੁਕੱਦਮਾ ਸਫ਼ਾ 272-73 ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫ਼ਾ 106
2. 'ਮੇਰੇ ਹਿੰਦੀ ਸਾਲ (1910-16)' ਸਫਾ 116

ਪਾਰਟੀ ਨੇ ਆਪਣੀ ਤਾਕਤ ਬਨਾਉਣ ਲਈ ਕਾਫੀ ਤਿਆਰੀਆਂ ਕਰ ਲਈਆਂ ਸਨ। ਪਿੰਡਾਂ ਦੇ ਲੋਕਾਂ ਵਿੱਚ ਪਰਚਾਰ ਕਰਕੇ ਕਾਫ਼ੀ ਦੇਸ਼ੀ ਵਰਕਰ ਨਾਲ ਲੈ ਲਏ ਸਨ, ਇਸ ਦੀਆਂ ਇਨਕਲਾਬੀ ਲਹਿਰਾਂ ਨੂੰ ਨਾਲ ਮਿਲਾ ਲਿਆ ਸੀ, ਪੰਜਾਬ ਦੀਆਂ ਸੁਧਾਰਕ ਲਹਿਰਾਂ ਦੀ ਸੰਮਤੀ ਵੀ ਪਰਾਪਤ ਕਰ ਲਈ ਸੀ, ਫੌਜਾਂ ਨਾਲ ਵੀ ਸਬੰਧ ਵਧਾ ਤੇ ਪਕੇ ਕਰ ਲਏ ਸਨ। ਇਹਨਾਂ ਤਿਆਰੀਆਂ ਨੂੰ ਲਮਕਾਉਣਾ ਸਭ ਕੁਝ ਰੋੜ੍ਹ ਬਹਿਣ ਦੇ ਬਰਾਬਰ ਸੀ। ਪਾਰਟੀ ਦੇ ਨਵੰਬਰ 1914 ਦੇ ਮਹੀਨੇ ਇਨਕਲਾਬ ਛੇੜਨ ਦੇ ਤਿੰਨ ਯਤਨ ਐਵੇਂ ਜਾਂਦੇ ਰਹੇ। ਉਦੋਂ ਕਾਹਲ ਨੇ ਕੰਮ ਵਿਗਾੜਿਆ ਹੁਣ ਦੇਰੀ ਨੇ ਵਿਗਾੜਨਾ ਸੀ। ਪਾਰਟੀ ਦੇ ਇਨਕਲਾਬ ਦਾ ਮੁੱਖ ਆਸਰਾ ਹੀ ਫੌਜਾਂ ਸਨ। ਡਰ ਸੀ, ਕਿ ਪਾਰਟੀ ਨਾਲ ਸੰਮਤੀ ਰੱਖਣ ਵਾਲੀਆਂ ਫੌਜਾਂ ਮਤੇ ਬਾਹਰ ਜੰਗ ਵਿਚ ਭੇਜ ਦਿਤੀਆਂ ਜਾਣ। ਇਸ ਲਈ ਪਾਰਟੀ ਨੂੰ ਆਪਣੀ ਤਿਆਰੀ ਤੇਜ਼ ਕਰਕੇ ਨੇੜੇ ਦਾ ਦਿਨ ਹੀ ਨਿਯਤ ਕਰਨਾ ਪਿਆ। ਇਹ ਸੀ 21 ਫਰਵਰੀ, 1915। ਇਹ ਦਿਨ ਮਿਥਕੇ ਵਰਕਰਾਂ ਨੂੰ ਫੌਜਾਂ ਤੇ ਪਿੰਡਾਂ ਵਿੱਚ ਖ਼ਬਰਾਂ ਦੇਣ ਤੇ ਉਹਨਾਂ ਦੀਆਂ ਡਿਊਟੀਆਂ ਲਾਉਣ ਲਈ ਭੇਜ ਦਿੱਤਾ ਗਿਆ।

ਦਾਅ ਉਹੀ ਪੁਰਾਣਾ ਸੀ, ਕਿ ਮੀਆਂ ਮੀਰ ਤੇ ਗੋਲੀ ਗੱਠਾ ਚਲਾਉਣ ਤੇ ਜਮ੍ਹਾ ਰੱਖਣ ਵਾਲੇ ਫੀਰਜ਼ਪੋਰ ਦੇ ਕਿਲੇ ਉਤੇ ਪਹਿਲਾਂ ਹਮਲਾ ਕੀਤਾ ਜਾਵੇ। ਜਿਸ ਦੀ ਕਾਮਯਾਬੀ ਦੀ ਖ਼ਬਰ ਸੁਣਕੇ ਪਾਰਟੀ ਨਾਲ ਸਹਿਮਤ ਫੌਜਾਂ ਪੱਛਮੀ ਸਰਹੱਦ ਤੋਂ ਲੈ ਕੇ ਬੰਗਾਲ ਤਕ ਸਾਰੇ ਉਤਰੀ ਤੇ ਪੂਰਬੀ ਹਿੰਦ ਦੀਆਂ ਛਾਉਣੀਆਂ ਵਿੱਚ ਗ਼ਦਰ ਕਰ ਦੇਣ।[1]

ਮੀਆ ਮੀਰ ਵਾਸਤੇ ਐਨੇ ਜ਼ਿਆਦਾ ਬੰਦਿਆਂ ਦੀ ਲੋੜ ਨਹੀਂ ਸੀ। 23 ਨੰਬਰ ਰਸਾਲੇ ਦੇ ਜਵਾਨ ਖੁੱਲਮਖੁੱਲਾ ਸਾਥ ਦੇਣ ਲਈ ਤਿਆਰ ਸਨ। ਇਸ ਲਈ ਥੋੜੇ ਕੁ ਬੰਦੇ ਤੁਰਦੇ ਪਿੰਡਾਂ ਵਿਚੋਂ ਹੀ ਚਾਹੀਦੇ ਸਨ। 16 ਫਰਵਰੀ ਨੂੰ ਸੁਰਸਿੰਘ, ਭਸੀਨ, ਦਦੇਹਰ ਤੇ ਮਰਹਾਣੇ ਸੁਨੇਹਾ ਭੇਜਿਆ ਗਿਆ ਤੇ ਨਾਲ ਹੀ ਗ਼ਦਰ ਦੇ ਐਲਾਨ ਛਾਪਕੇ ਤੇ ਝੰਡੇ ਭੇਜੇ ਗਏ ਜੋ ਉਥੋਂ ਦੇ ਵਰਕਰ ਲੋਕਾਂ ਵਿਚ ਤਕਸੀਮ ਕਰਨ। ਦਦੇਹਰ ਤੋਂ ਸੰਤ ਵਸਾਖਾ ਸਿੰਘ, ਭਾਈ ਹਜ਼ਾਰਾ ਸਿੰਘ, ਭਾਈ ਬਿਸ਼ਨ ਸਿੰਘ ਤੇ ਭਲਵਾਨ ਬਿਸ਼ਨ ਸਿੰਘ ਤੇ ਮਰਹਾਣੇ ਤੋਂ ਭਾਈ ਕੇਹਰ ਸਿੰਘ, ਸੁਰਸਿੰਘ ਤੋਂ ਭਾਈ ਇੰਦਰ ਸਿੰਘ, ਜਵੰਦ ਸਿੰਘ ਤੇ ਕਾਲਾ ਸਿੰਘ ਨੂੰ ਅਤੇ ਭਸੀਣ ਤੋਂ ਭਾਈ ਇੰਦਰ ਸਿੰਘ ਨੂੰ ਆਖਿਆ ਗਿਆ ਕਿ ਉਹ ਆਪਣੇ ਚੋਣਵੇਂ ਬੰਦੇ ਲੈ ਕੇ ਆਉਣ। ਪਹਿਲਾਂ 20 ਤਰੀਕ ਨੂੰ ਲੋਪੋਕੀ ਥਾਣੇ ਉਤੇ ਹਮਲਾ ਕਰਕੇ ਹਥਿਆਰ ਖੋਹ ਲਿਆਉਣ ਤੇ 21 ਨੂੰ ਲਾਹੌਰ ਪਹੁੰਚ ਜਾਣ।[2]

ਮਾਲਵੇ ਦੇ ਲੀਡਰ ਤੇ ਵਰਕਰ 14 ਫਰਵਰੀ ਨੂੰ ਗੁਜਰਵਾਲ ਇਕ ਅਖੰਡ ਪਾਠ ਉਤੇ ਇਕੱਠੇ ਹੋਏ। ਇਸ ਦੀਵਾਨ ਵਿੱਚ ਲੋਕਾਂ ਨੂੰ ਗ਼ਦਰ ਲਹਿਰ ਦੀ ਸਹਾਇਤਾ ਕਰਨ ਲਈ ਆਖਿਆ ਗਿਆ। ਅਖੰਡਪਾਠ ਤੋਂ ਬਾਅਦ ਭਾਈ ਗਾਂਧਾ ਸਿੰਘ ਕੱਚਰਭੰਨ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਉਤਮ ਸਿੰਘ ਹਾਂਸ, ਭਾਈ ਇੰਦਰ ਸਿੰਘ ਪਦਰੀ, ਸੰਤ ਰਣਧੀਰ ਸਿੰਘ, ਮਸਤਾਨ ਸਿੰਘ ਤੇ ਲਾਭ ਸਿੰਘ ਨਾਰੰਗਵਾਲ, ਸੰਤਾ ਸਿੰਘ ਨੰਦਪੁਰ ਕਲੌਰ, ਅਤਰ ਸਿੰਘ ਸਕੀਮਪੁਰ (ਚਕਵਾਲ), ਹਰਨਾਮ ਸਿੰਘ ਕੌਮਾਗਾਟਾ ਮਾਰੂ, ਜਗਤ ਸਿੰਘ ਗੁਜਰਵਾਲ, ਕਰਮ ਸਿੰਘ ਕੋਟਲਾ ਅਜਨੇਰ ਆਦਿ ਆਗੂ ਵਰਕਰਾਂ ਤੋਂ ਅਲੱਗ ਇਕੱਠੇ ਹੋਏ, ਜਿਸ ਵਿਚ ਵਿਚਾਰਾਂ ਹੋਕੇ ਫੈਸਲੇ ਹੋਏ ਕਿ

1. ਪਹਿਲਾ ਲਾਹੌਰ ਸਾਜ਼ਿਸ਼ ਕੇਸ ਸਫ਼ਾ 281
2. ਉਤਲਿਖਤ ਮੁਕੱਦਮਾ ਸਫ਼ਾ, 279-80

ਆਪਣਿਆਂ ਬੰਦਿਆਂ ਨੂੰ ਜੋੜ ਤੇ ਹਥਿਆਰਾਂ ਨਾਲ ਲੈਸ ਕਰਕੇ 21 ਫਰਵਰੀ, 1915 ਨੂੰ ਗ਼ਦਰ ਕਰਨ ਲਈ ਫ਼ੀਰੋਜ਼ਪੁਰ ਜਾਇਆ ਜਾਏ। ਵਰਕਰਾਂ ਤੇ ਲੀਡਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ।

ਇਸ ਸਕੀਮ ਨੂੰ ਚਾਲੂ ਕਰਨ, ਪਰ ਪੁਲਸ ਦੀਆਂ ਨਜ਼ਰਾਂ ਤੋਂ ਬਚਾਈ ਰਖਣ ਲਈ, 17 ਫਰਵਰੀ, 1915 ਨੂੰ ਲੁਧਿਆਣੇ ਦੇ ਲਾਗੇ ਪਿੰਡ ਢੰਡਾਰੀ ਵਿੱਚ ਆਖੰਡ ਪਾਠ ਰੱਖਿਆ ਗਿਆ। ਜਿਥੇ ਸੰਤ ਰਣਧੀਰ ਸਿੰਘ ਨੇ ਆਪਣੇ ਜਥੇ ਦੇ ਤੇ ਹਮਾਇਤੀ ਬੰਦੇ ਇਕੱਠੇ ਕਰਨੇ ਸਨ ਤੇ ਸਭ ਨੂੰ ਨਾਲ ਲੈ ਕੇ ਫੀਰੋਜ਼ਪੁਰ ਜਾਣਾ ਸੀ।[1]

ਭਾਈ ਸਜਨ ਸਿੰਘ ਨਾਰੰਗਵਾਲ ਛੋਟੇ ਵਿਦਿਆਰਥੀ ਨੂੰ, ਲਾਹੌਰ ਹੈਡ ਕਵਾਰਟਰ ਵਿਚ ਸ੍ਰੀ ਰਾਸ ਬਿਹਾਰੀ ਬੋਸ ਤੇ ਗ਼ਦਰੀ ਲੀਡਰਾਂ ਵਿਚ ਸੁਨੇਹੇ ਪਤੇ ਦੀ ਡਿਊਟੀ ਉਤੇ ਸੀ, 23ਵੇਂ ਰਸਾਲੇ ਨੂੰ ਖ਼ਬਰ ਦੇਣ ਲਈ ਭੇਜਿਆ ਗਿਆ ਜੋ ਪਤਾ ਲਿਆਇਆ ਕਿ ਸਭ ਰਸਾਲਾ ਤਿਆਰ ਹੈ। ਫੇਰ ਸਜਨ ਸਿੰਘ, ਭਾਈ ਕਰਤਾਰ ਸਿੰਘ ਸਰਾਭੇ ਨਾਲ ਫੀਰੋਜ਼ਪੁਰ ਗਿਆ। ਉਥੇ ਵੀ 26ਵੀਂ ਪੰਜਾਬੀ ਪਲਟਨ ਸੀ।[2]

ਇਸ ਤਰ੍ਹਾਂ ਪਾਰਟੀ ਅੰਦਰੋ ਅੰਦਰੀ 21 ਫਰਵਰੀ ਨੂੰ ਇਨਕਲਾਬ ਦੀ ਸੱਟ ਮਾਰਨ ਦੀਆਂ ਤਿਆਰੀਆਂ ਕਰ ਰਹੀ ਸੀ।

---

1. ਦੂਸਰਾ ਸਾਜ਼ਿਸ਼ ਮੁਕੱਦਮਾ, ਸਫ਼ਾ 50-51
2. ਪਹਿਲਾ ਸਾਜ਼ਿਸ਼ ਮੁਕੱਦਮਾ, ਸਫਾ 96 ਤੇ 98

ਨੌਵਾਂ ਕਾਂਡ

# ਇਨਕਲਾਬ ਰਹਿ ਗਿਆ

2 ਫਰਵਰੀ, 1915 ਦੀ ਰਾਤ ਨੂੰ ਚਬੇ ਪਿੰਡ ਵਿਚ ਮਾਰਿਆ ਡਾਕਾ ਪਾਰਟੀ ਦਾ ਸਾਰਾ ਕੰਮ ਵਿਗਾੜਨ ਦਾ ਕਾਰਨ ਬਣਿਆ। ਡਾਕੇ ਵਿਚ ਫੜੇ ਕਾਕਾ ਸਿੰਘ ਲੁਹਾਰ ਨੇ ਸਭ ਕੁਝ ਦੱਸ ਦਿਤਾ। ਪੁਲਸ ਨੂੰ ਪਤਾ ਲੱਗਾ ਗਿਆ ਕਿ ਇਹ ਡਾਕਾ ਬਾਹਰੋਂ ਆਏ ਗ਼ਦਰੀਆਂ ਨੇ ਮਾਰਿਆ ਹੈ ਤੇ ਅੰਮਰਿਤਸਰ ਵਿੱਚ ਪਾਰਟੀ ਦਾ ਮੋਢੀ ਮੂਲਾ ਸਿੰਘ ਮੀਰਾਂ ਕੋਟੀਆਂ ਹੈ।

## ਮੁਖ਼ਬਰ ਮਾਰ ਗਿਆ

ਪੁਲਸ ਦੇ ਆਲਾ ਅਫਸਰਾਂ ਨੇ ਅੰਮਰਿਤਸਰ ਸੀ.ਆਈ.ਡੀ. ਦੇ ਡਿਪਟੀ ਸੁਪਰਡੰਟ ਲਿਆਕਤ ਹਯਾਤ ਖਾਂ ਨੂੰ ਗ਼ਦਰ ਪਾਰਟੀ ਵਿੱਚ ਸਰਕਾਰੀ ਜਾਸੂਸ ਵਾੜਨ ਵਾਸਤੇ ਆਖਿਆ। ਉਸ ਨੇ ਚੜ੍ਹਦੀ ਫਰਵਰੀ ਨੂੰ ਮਾਦੋਕੇ ਬਰਾੜ ਜ਼ਿਲ੍ਹਾ ਅੰਮਰਿਤਸਰ ਦੇ ਜ਼ੈਲਦਾਰ ਬੇਲਾ ਸਿੰਘ ਨੂੰ ਸੱਦ ਕੇ ਸਲਾਹ ਕੀਤੀ ਤੇ ਕਿਹਾ ਕਿ ਉਹ ਕੋਈ ਅਜਿਹਾ ਬੰਦਾ ਦੇਵੇ, ਜੋ ਸਾਡਾ ਹੋਕੇ ਗ਼ਦਰ ਪਾਰਟੀ ਵਿਚ ਜਾਵੇ ਤੇ ਉਹਨਾਂ ਦੇ ਭੇਤ ਸਾਨੂੰ ਦੱਸੇ। ਬੇਲਾ ਸਿੰਘ 9 ਫਰਵਰੀ ਨੂੰ ਆਪਣੇ ਪਿੰਡ ਦੇ ਇਕ ਨਜ਼ਦੀਕੀ ਕਿਰਪਾਲ ਸਿੰਘ ਨੂੰ ਤਿਆਰ ਕਰਕੇ ਆਪਣੇ ਨਾਲ ਲਿਆਇਆ, ਜੋ ਸ਼ੰਘਾਈ ਤੋਂ ਗ਼ਦਰੀਆਂ ਦੇ ਨਾਲ ਆਇਆ ਸੀ, ਤੇ ਸਰਕਾਰ ਦੀ ਤਾਕਤ ਵੇਖਦਾ ਡਰਦਾ ਮਾਰਿਆ ਘਰ ਬੈਠਾ ਸੀ। ਕਿਰਪਾਲ ਸਿੰਘ ਦੇ ਤਾਏ ਦਾ ਪੁੱਤ ਬਲਵੰਤ ਸਿੰਘ ਵੀ ਸ਼ੰਘਾਈਓਂ ਆਇਆ ਤੇ ਪਾਰਟੀ ਦੇ ਕਹੇ ਉਤੇ ਫੌਜਾਂ ਵਿੱਚ ਕੰਮ ਕਰਨ ਲਈ 23 ਨੰਬਰ ਰਸਾਲੇ ਵਿੱਚ ਭਰਤੀ ਹੋ ਗਿਆ ਸੀ। ਕਿਰਪਾਲ ਸਿੰਘ ਨੇ ਉਸ ਦੇ ਰਾਹੀਂ ਗ਼ਦਰ ਪਾਰਟੀ ਵਿੱਚ ਧਸਣ ਦੀ ਸਲਾਹ ਬਣਾਈ ਤੇ ਉਹ ਲਾਹੌਰ ਜਾਕੇ ਬਲਵੰਤ ਸਿੰਘ ਨੂੰ ਮਿਲਿਆ ਤੇ ਆਖਿਆ ਕਿ ਪਾਰਟੀ ਦੇ ਕੰਮ ਕਰਨ ਲਈ ਉਹ ਉਸ ਨੂੰ ਗ਼ਦਰੀਆਂ ਨਾਲ ਮਿਲਾ ਦੇਵੇ। ਬਲਵੰਤ ਸਿੰਘ ਤੋਂ ਉਸ ਨੂੰ ਮੂਲਾ ਸਿੰਘ ਤੇ ਗ਼ਦਰ ਪਾਰਟੀ ਦਾ ਮਾੜਾ ਮੋਟਾ ਪਤਾ ਲੱਗਾ। ਬਲਵੰਤ ਸਿੰਘ ਨੂੰ ਰਸਾਲੇ ਵਿੱਚੋਂ ਛੁੱਟੀ ਨਾ ਮਿਲੀ। ਸੀ.ਆਈ.ਡੀ. ਦੇ ਡਿਪਟੀ ਇਨਸਪੈਕਟਰ ਜਨਰਲ ਨੇ ਕਮਾਨ ਅਫਸਰ ਨੂੰ ਚਿੱਠੀ ਲਿਖ ਕੇ ਬਲਵੰਤ ਸਿੰਘ ਨੂੰ ਛੁੱਟੀ ਦਵਾਈ। ਬਲਵੰਤ ਸਿੰਘ 12 ਫਰਵਰੀ ਨੂੰ ਕਿਰਪਾਲ ਸਿੰਘ ਨੂੰ ਲੈ ਕੇ ਮੂਲਾ ਸਿੰਘ ਨੂੰ ਭਾਲਣ ਵਾਸਤੇ ਪਹਿਲਾਂ ਅੰਮਰਿਤਸਰ ਤੇ ਫੇਰ ਮਦਨ ਸਿੰਘ ਗਾਗੇ ਦੀ ਦੁਕਾਨ ਉਤੇ ਮੀਆਂ ਮੀਰ ਗਿਆ ਤੇ ਉਸ ਤੋਂ ਪਤਾ ਲੱਗਾ ਕਿ ਮੂਲਾ ਸਿੰਘ ਅੰਮਰਿਤਸਰ ਚਲਾ ਗਿਆ ਹੈ। ਬਲਵੰਤ ਸਿੰਘ ਤੇ ਕਿਰਪਾਲ ਸਿੰਘ ਅੰਮਰਿਤਸਰ ਆ ਗਏ ਤੇ ਨੌਰੰਗ ਸਿੰਘ ਤਾਂਘੀ ਤੋਂ ਪੁੱਛਕੇ ਰਸੂਲਪੁਰੀਆਂ ਦੀ ਹਵੇਲੀ ਪਹੁੰਚ ਗਏ। ਮੂਲਾ ਸਿੰਘ ਨੂੰ ਪੁਲਸ ਨੇ 13 ਫਰਵਰੀ ਨੂੰ ਅੰਮਰਿਤਸਰ ਆਉਂਦੇ ਹੋਏ ਸਟੇਸ਼ਨ ਉਤੇ ਗਰਿਫ਼ਤਾਰ ਕਰ ਲਿਆ। ਰਸੂਲਪੁਰੀਆਂ ਦੀ ਹਵੇਲੀ ਭਾਈ ਨਿਧਾਨ ਸਿੰਘ ਚੁੱਘਾ, ਹਰਨਾਮ ਸਿੰਘ ਟੁੰਡੀਲਾਟ, ਵਸਾਵਾ ਸਿੰਘ ਗਿਲ ਵਾਲੀ ਤੇ ਕੇਹਰ ਸਿੰਘ ਮਰਹਾਣਾ ਆਏ ਹੋਏ ਸਨ। ਬਲਵੰਤ ਸਿੰਘ ਨੇ ਕਿਰਪਾਲ ਸਿੰਘ ਬਾਰੇ ਇਨ੍ਹਾਂ ਨੂੰ ਆਖਿਆ ਕਿ "ਇਹ ਨੌਜਵਾਨ ਮੇਰਾ ਭਰਾ ਹੈ ਤੇ ਪਾਰਟੀ ਵਿੱਚ ਕੰਮ ਕਰਨਾ ਮੰਗਦਾ ਹੈ।" ਭਾਈ ਨਿਧਾਨ ਸਿੰਘ ਕਿਰਪਾਲ ਸਿੰਘ ਨੂੰ ਸ਼ੰਘਾਈ ਵਿੱਚ ਜਾਣਦਾ ਸੀ। ਉਸਨੇ ਬਲਵੰਤ ਸਿੰਘ ਦੀ ਹਾਮੀ ਭਰੀ ਤੇ ਕਿਰਪਾਲ ਸਿੰਘ ਨੂੰ

ਪਾਰਟੀ ਵਿੱਚ ਲੈ ਲਿਆ ਗਿਆ। ਪੁਲਸ ਨੇ ਕਿਰਪਾਲ ਸਿੰਘ ਨੂੰ ਲਾਹੌਰ ਹੈਡਕਵਾਰਟਰ ਪਹੁੰਚਣ ਲਈ ਕਿਹਾ। ਮੂਲਾ ਸਿੰਘ ਗਰਿਫਤਾਰ ਹੋਕੇ ਭੈੜਾ ਪੈ ਗਿਆ ਤੇ ਪਿਛੋਂ ਵਾਇਦਾ ਮੁਆਫ਼ ਬਣ ਗਿਆ। ਕਿਰਪਾਲ ਸਿੰਘ ਨੂੰ ਮੂਲਾ ਸਿੰਘ ਦੀ ਥਾਂ ਉਤੇ ਲੈ ਗਿਆ ਤੇ ਉਸ ਨੇ ਪਾਰਟੀ ਨੂੰ ਆਪਣਾ ਇਤਬਾਰ ਜਤਾਉਣ ਲਈ ਲੋਪੋਕੀ ਦਾ ਥਾਣਾ ਲੁੱਟ ਕੇ ਹਥਿਆਰ ਕਾਬੂ ਕਰਨ ਦੀ ਸਲਾਹ ਦਿਤੀ। ਪਾਰਟੀ ਨੇ ਉਸ ਨੂੰ ਦਦੇਹਰ ਦੇ ਇਨਕਲਾਬੀਆਂ ਪਾਸ 21 ਤਰੀਕ ਦਾ ਸੁਨੇਹਾ ਦੇਕੇ ਭੇਜਿਆ। ਇਹ ਕੰਮ ਕਰਕੇ ਉਹ 14 ਫਰਵਰੀ, 1915 ਨੂੰ ਲਾਹੌਰ ਪਾਰਟੀ ਦੇ ਹੈਡਕਵਾਰਟਰ ਪਹੁੰਚ ਗਿਆ।

14 ਫਰਵਰੀ ਨੂੰ ਲਾਹੌਰ ਜਾ ਕੇ ਉਸ ਨੂੰ ਗ਼ਦਰ ਲਹਿਰ ਦੇ ਤਾਣੇ ਬਾਣੇ ਤੇ ਗ਼ਦਰ ਕਰਨ ਲਈ ਮਿਥੀ ਹੋਈ 21 ਫਰਵਰੀ ਦੀ ਤਾਰੀਖ਼ ਦਾ ਪਤਾ ਲੱਗਾ। ਇਸ ਮੁਹਿੰਮ ਨੂੰ ਛੋਹਣ ਤੇ ਲੜਨ ਲਈ ਪਾਰਟੀ ਦੀ ਬਹੁਤ ਸਾਰੀ ਲਿਡਰਸ਼ਿਪ ਮੋਚੀ ਦਰਵਾਜ਼ੇ ਦੇ ਇਕ ਮਕਾਨ ਵਿੱਚ ਜਮ੍ਹਾਂ ਹੋਈ ਹੋਈ ਸੀ। ਵਰਕਰਾਂ ਤੇ ਲੀਡਰਾਂ ਦੀਆਂ ਬਾਹਰ ਫੌਜਾਂ ਤੇ ਕੰਮਾਂ ਉੱਤੇ ਜਾਣ ਲਈ ਡਿਊਟੀਆਂ ਲੱਗ ਰਹੀਆਂ ਸਨ। ਇਹਨਾਂ ਇੱਕਠੇ ਹੋਏ ਸੂਰਬੀਰਾਂ ਵਿੱਚੋਂ ਭਾ: ਕਰਤਾਰ ਸਿੰਘ ਸਰਾਭਾ, ਭਾ: ਨਿਧਾਨ ਸਿੰਘ ਚੁੱਘਾ, ਡਾ: ਮਥਰਾ ਸਿੰਘ, ਭਾ: ਜਗਤ ਸਿੰਘ ਸੁਰ ਸਿੰਘ, ਭਾ: ਹਿਰਦੇ ਰਾਮ, ਭਾ:ਖੜਕ ਸਿੰਘ, ਭਾ: ਜਵੰਦ ਸਿੰਘ ਨੰਗਲ, ਭਾ: ਬਲਵੰਤ ਸਿੰਘ ਸਠਿਆਲਾ, ਭਾ: ਹਰਨਾਮ ਸਿੰਘ ਸਿਆਲਕੋਟੀਆ, ਭਾ: ਵਿਸ਼ਣੂੰ ਗਣੇਸ਼ ਪਿੰਗਲੇ, ਭਾ:ਪਰਮਾ ਨੰਦ ਝਾਂਸੀ, ਭਾ: ਅਰਜਨ ਸਿੰਘ ਖੁਖਰਾਣਾ, ਭਾ: ਸਜਣ ਸਿੰਘ ਨਾਰੰਗਵਾਲ, ਭਾ: ਕਿਰਪਾਲ ਸਿੰਘ ਬੋਪਾ ਰਾਏ, ਭਾ: ਗੁਰਮੁੱਖ ਸਿੰਘ ਲਲਤੋਂ, ਭਾ: ਹਰਨਾਮ ਸਿੰਘ ਟੁੰਡੀਲਾਟ, ਸ੍ਰੀ ਰਾਸ ਬਿਹਾਰੀ ਬੋਸ ਵਰਨਣ ਯੋਗ ਹਨ। ਇਹ ਸਭ ਡਿਊਟੀਆਂ ਲੱਗ ਕੇ ਆਪੋ ਆਪਣੇ ਕੰਮਾਂ ਤੇ ਠਿਕਾਣਿਆਂ ਤੇ ਚਲੇ ਗਏ।[1]

ਕਿਰਪਾਲ ਸਿੰਘ ਦਾ ਲਾਹੌਰ ਦੀ ਪੁਲਸ ਨਾਲ ਸੰਬੰਧ ਨਹੀਂ ਸੀ। ਉਹ ਅੰਮਰਿਤਸਰ ਦੀ ਪੁਲਸ ਦਾ ਮੁਖ਼ਬਰ ਸੀ। ਜਦ ਮੀਟਿੰਗ ਹੋ ਰਹੀ ਸੀ, ਉਸ ਨੇ ਰੇਲਵੇ ਸਟੇਸ਼ਨ ਤੇ ਜਾ ਕੇ ਅੰਮਰਿਤਸਰ ਦੀ ਪੁਲਸ ਨੂੰ ਝੱਬਦੇ ਆਉਣ ਲਈ ਤਾਰ ਦਿੱਤੀ। ਪਰ ਤਾਰ ਲੇਟ ਹੋ ਗਈ ਤੇ ਪੁਲਸ 14 ਨੂੰ ਨਾ ਆ ਸਕੀ। ਅਗਲੇ ਦਿਨ ਉਸ ਨੂੰ 23ਵੇਂ ਰਸਾਲੇ ਵਿੱਚ ਖ਼ਬਰ ਦੇਣ ਲਈ ਮਦਨ ਸਿੰਘ ਗਾਗੇ ਦੀ ਦੁਕਾਨ ਉੱਤੇ ਮੀਆਂ ਮੀਰ ਭੇਜਿਆ ਗਿਆ। ਉਹ ਮੀਆਂ ਮੀਰ ਵੱਲ ਜਾਣ ਦੀ ਥਾਂ ਤਾਰ ਦੇ ਕੇ ਸੱਦੀ ਹੋਈ ਪੁਲਸ ਦਾ ਪਤਾ ਲੈਣ ਵੱਡੇ ਸਟੇਸ਼ਨ ਉੱਤੇ ਚਲਾ ਗਿਆ। ਜਿਥੇ ਉਸ ਨੂੰ ਭਾ: ਨਿਧਾਨ ਸਿੰਘ ਤੇ ਡਾਕਟਰ ਮਥਰਾ ਸਿੰਘ ਨੇ ਦੇਖ ਲਿਆ। ਭਾ: ਹਰਨਾਮ ਸਿੰਘ ਕਹੂਟਾ ਨੇ ਵੀ ਉਸ ਨੂੰ ਸਟੇਸ਼ਨ ਤੇ ਫਿਰਦਿਆਂ ਤੱਕਿਆ, ਉਹਨਾਂ ਦਾ ਉਸ ਉੱਤੇ ਸ਼ੱਕ ਹੋ ਗਿਆ।[2] ਪੁਲਸ ਤਾਂ ਆ ਗਈ ਪਰ ਮਕਾਨ ਵਿੱਚ ਕੇਵਲ ਤਿੰਨ ਬੰਦੇ ਹੀ ਰਹਿ ਗਏ ਤੇ ਬਾਕੀ ਬਾਹਰ ਕੰਮਾਂ ਤੇ ਚਲੇ ਗਏ ਸਨ। ਪੁਲਸ ਨੇ ਏਨਿਆਂ ਬੰਦਿਆਂ ਤੇ ਛਾਪਾ ਮਾਰਨਾ ਮੁਨਾਸਿਬ ਨਾ ਸਮਝਿਆ।

ਇਸ ਮੁਖ਼ਬਰ ਨੂੰ ਇਸੇ ਹੀ ਇਕ ਮਕਾਨ ਦਾ ਪਤਾ ਸੀ। ਪਾਰਟੀ ਪਾਸ ਇਸ ਤਰ੍ਹਾਂ ਦੇ ਕਈ ਮਕਾਨ ਸਨ। ਇਕ ਹੋਰ ਮਕਾਨ ਵਿੱਚ ਵੀ ਵਰਕਰ ਇੱਕਠੇ ਹੋਏ ਤੇ ਡਿਊਟੀਆਂ ਉਤੇ ਚਲੇ

---

1. ਉਤਲਿਖਤ ਮੁਕੱਦਮਾ ਸਫਾ 283-87, ਦੂਸਰਾ ਮੁਕੱਦਮਾ, ਸਫਾ 89, ਤੇ ਕੁਝ ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ
2. ਉਤਲਿਖਤ ਮੁਕੱਦਮਾ ਸਫਾ 95 ਅਤੇ 281 ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਅਤੇ ਹਰਨਾਮ ਸਿੰਘ ਕਹੂਟਾ ਦੇ ਬਿਆਨ

ਗਏ। ਲੀਡਰਾਂ ਦੇ ਰਹਿਣ ਤੇ ਆ ਕੇ ਠਹਿਰਨ ਦੇ ਹੋਰ ਮਕਾਨ ਸਨ ਤੇ ਵਰਕਰਾਂ ਦੇ ਇੱਕਠੇ ਹੋਣ ਦੇ ਹੋਰ। ਮੁਖ਼ਬਰ ਨੇ ਲਿਆਕਤ ਨੂੰ ਸਾਰੀ ਰਿਪੋਰਟ ਦਿੱਤੀ। ਲਿਆਕਤ ਨੇ ਇਸ ਮਕਾਨ ਦੇ ਗਿਰਦ ਪੁਲਸ ਬੁਲਾ ਕੇ ਬਿਠਾ ਦਿੱਤੀ, ਲਾਹੌਰ ਦੇ ਬਾਜ਼ਾਰਾਂ ਤੇ ਲਾਂਘਿਆਂ ਉਤੇ ਨਿਗਰਾਨੀ ਕਰੜੀ ਤੇ ਵਧੇਰੇ ਕਰ ਦਿੱਤੀ, ਤਾਂ ਜੋ ਕਿਰਪਾਲ ਸਿੰਘ ਦੇ ਸੁਨੇਹਾ ਦੇਣ ਜਾਂ ਇਸ਼ਾਰਾ ਕਰਨ ਉੱਤੇ ਮਕਾਨ ਉੱਤੇ ਛਾਪਾ ਮਾਰਿਆ ਤੇ ਸ਼ਹਿਰ ਦੇ ਨਾਕਿਆਂ ਨੂੰ ਘੇਰ ਲਿਆ ਜਾਵੇ। ਲਿਆਕਤ ਨੇ ਲਾਹੌਰ ਹੀ ਡੇਰਾ ਲਾ ਲਿਆ। ਪੰਜਾਬ ਸਰਕਾਰ ਚੌਕੰਨੀ ਹੋ ਗਈ। ਉਸ ਨੇ ਕਿਰਪਾਲ ਸਿੰਘ ਦੇ ਦੱਸੇ 23ਵੇਂ ਰਸਾਲੇ ਤੇ ਫੀਰੋਜ਼ਪੁਰ ਵਿੱਚ 26ਵੀਂ ਪੰਜਾਬੀ ਦੀ ਨਿਗਰਾਨੀ ਆਰੰਭ ਦਿੱਤੀ। ਪਰ ਮਤਾਂ ਗ਼ਦਰੀਆਂ ਨੂੰ ਪਤਾ ਲੱਗੇ ਤੇ ਉਹ ਖਿਸਕ ਜਾਣ, ਉਸ ਨੇ ਅਜੇ ਪਰਤੱਖ ਕਦਮ ਪੁਟਣ ਤੋਂ ਜਾਣ ਬੁੱਝ ਕੇ ਸੰਕੋਚ ਕੀਤਾ।[1]

ਹੋਰ ਜ਼ਿਆਦਾ ਵਾਕਫੀ ਲੈਣ ਵਾਸਤੇ ਕਿਰਪਾਲ ਸਿੰਘ ਨੇ ਗ਼ਦਰੀਆਂ ਨੂੰ ਕਈ ਬੇਮਤਲਬੇ ਸਵਾਲ ਪੁੱਛੇ। ਜਿਸ ਕਰਕੇ ਉਸ ਉਤੇ ਸ਼ੱਕ ਹੋਰ ਵੀ ਪੱਕਾ ਹੋ ਗਿਆ। ਇਸ ਸ਼ੱਕ ਨੂੰ ਜਾਚਣ ਵਾਸਤੇ ਉਸਨੂੰ 17 ਫਰਵਰੀ ਨੂੰ ਦਦੇਹਰ ਦੇ ਵਰਕਰਾਂ ਨੂੰ ਤਾਰੀਖ਼ ਦੱਸਣ ਲਈ ਭੇਜਿਆ ਤੇ ਸਟੇਸ਼ਨ ਤੱਕ ਭਾ: ਸਜਨ ਸਿੰਘ ਨਾਰੰਗਵਾਲ, ਵਿਦਿਆਰਥੀ ਨੂੰ ਉਸ ਦੇ ਪਿੱਛੇ ਪਤਾ ਲਾਉਣ ਵਾਸਤੇ ਘਲਿਆ। ਉਸ ਨੇ ਕਿਰਪਾਲ ਸਿੰਘ ਨੂੰ ਸਟੇਸ਼ਨ ਉਤੇ ਜਾਣ ਤੋਂ ਪਹਿਲਾਂ ਸੀ.ਡੀ.ਆਈ. ਦੇ ਦਫਤਰ ਜਾਂਦਿਆਂ ਵੇਖ ਲਿਆ। ਹੁਣ ਤਾਂ ਪਾਰਟੀ ਨੂੰ ਉਸ ਦੇ ਮੁਖਬਰ ਹੋਣ ਦਾ ਯਕੀਨ ਹੋ ਗਿਆ। ਪਾਰਟੀ ਨੇ ਉਸ ਦੇ ਦਦੇਹਰੋਂ ਮੁੜਨ ਤੋਂ ਪਹਿਲਾਂ 21 ਤਰੀਕ ਬਦਲਕੇ 19 ਕਰ ਦਿਤੀ ਤੇ ਕਿਰਪਾਲ ਸਿੰਘ ਦੀ ਅਲਖ਼ ਮੁਕਾਉਣ ਦਾ ਫੈਸਲਾ ਕਰ ਲਿਆ।[2]

ਕਿਰਪਾਲ ਸਿੰਘ ਨੂੰ ਵੀ ਆਪਣਾ ਪਾਲਾ ਸੁਝ ਗਿਆ। ਸ਼ੱਕੀ ਨਿਗਾਹਵਾਂ ਹੇਠ ਉਸ ਦਾ ਐਡੀ ਦੂਰ ਆ ਕੇ ਰਪੋਰਟਾਂ ਦੇਣਾ ਮੁਸ਼ਕਲ ਹੋ ਗਿਆ। ਇਸ ਲਈ ਪੁਲਸ ਨੇ ਇਕ ਸਿਪਾਹੀ ਨੂੰ ਚਿਟਕਪੜੀਂ ਮਕਾਨ ਦੇ ਲਾਗੇ ਫਿਰਦੇ ਰਹਿਣ ਉਤੇ ਲਾ ਦਿਤਾ ਕਿ ਉਸ ਨੇ ਜਿਹੜੀ ਗੱਲ ਕਰਨੀ, ਸੁਨੇਹਾ ਦੇਣਾ ਜਾਂ ਇਸ਼ਾਰਾ ਕਰਨਾ ਹੋਵੇ ਤਾਂ ਉਸ ਨੂੰ ਕਰੇ ਤੇ ਉਹ ਪੁਲਸੀਆ ਅਗਾਂਹ ਲੁਕੀ ਹੋਈ ਪੁਲਸ ਨੂੰ ਦੱਸੇ। ਦਦੇਹਰੋਂ ਮੁੜਕੇ ਪੁਲਸ ਨਾਲ ਗੱਲਬਾਤ ਕਰਨ ਦਾ ਇਹ ਇੰਤਜ਼ਾਮ ਕਰਕੇ ਜਦ ਕਿਰਪਾਲ ਸਿੰਘ 19 ਦੀ ਸਵੇਰ ਨੂੰ ਮਕਾਨ ਉਤੇ ਆਇਆ ਤਾਂ ਉਹ ਆਪਣੀ ਸ਼ਾਮਤ ਆਈ ਤਾੜ ਗਿਆ। ਉਸ ਨੇ ਕੋਠੇ ਉਤੇ ਚੜ੍ਹਕੇ ਮਿਥੇ ਹੋਏ ਸਿਪਾਹੀ ਨੂੰ ਇਸ਼ਾਰਾ ਕਰ ਦਿਤਾ। ਇਸ਼ਾਰਾ ਮਿਲਦਿਆਂ ਹੀ ਪੁਲਸ ਮਕਾਨ ਤੇ ਜਾ ਪਈ।[3] ਭਾਈ ਹਿਰਦੇ ਰਾਮ ਮੰਡੀ, ਭਾ: ਬਲਵੰਤ ਸਿੰਘ ਸਠਿਆਲਾ, ਭਾ: ਖੜਕ ਸਿੰਘ ਬੋਪਾ ਰਾਏ (ਲੁਧਿਆਣਾ) ਤੇ ਸੁਰ ਸਿੰਘ, ਦੋ ਤ੍ਰਿੰਨ ਵਰਕਰ ਕਾਲਾ ਸਿੰਘ, ਜਵੰਦ ਸਿੰਘ ਤੇ ਗੁਰਦਿੱਤ ਸਿੰਘ ਮਕਾਨ ਤੋਂ ਗਰਿਫਤਾਰ ਕਰ ਲਏ।[4] ਗਰਿਫਤਾਰੀ ਤੋਂ ਬਾਅਦ ਪੁਲਸ ਫੇਰ ਲੁਕ ਕੇ ਬੈਠ ਗਈ ਤੇ ਅਗਲੇ ਦਿਨ 20 ਫਰਵਰੀ ਨੂੰ ਬਾਹਰੋਂ ਮਕਾਨ ਉਤੇ ਹੋਰ

---

1. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 202
2. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ ਅਤੇ ਪਹਿਲਾ ਮੁਕੱਦਮਾ ਸਫਾ 286, 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 107-8
3. ਦੋਵੇਂ ਉਤਲਿਖਤਾਂ
4. ਉਤਲਿਖਤ ਮੁਕੱਦਮਾ ਸਫਾ 280

ਆਏ ਵਰਕਰ ਭਾ: ਇੰਦਰ ਸਿੰਘ ਭਸੀਣ, ਭਾ: ਕਿਰਪਾਲ ਸਿੰਘ ਬੋਪਾਰਾਏ, ਸ਼੍ਰੀ ਪਰਮਾ ਨੰਦ ਝਾਂਸੀ, ਭਾ: ਗੁਰਮੁਖ ਸਿੰਘ ਲਲਤੋਂ ਤੇ ਸ੍ਰੀ ਰਾਸ ਬਿਹਾਰੀ ਦੇ ਰਸੋਈਏ ਜਮਨਾ ਦਾਸ ਨੂੰ ਕਾਬੂ ਕਰ ਲਿਆ।[1]

ਉਧਰ 23ਵੇਂ ਰਸਾਲੇ ਨੂੰ 19 ਫਰਵਰੀ 7 ਵਜੇ ਸਵੇਰੇ ਹੀ ਲਾਈਨ ਵਿੱਚ ਖਲਿਹਾਰ ਲਿਆ ਗਿਆ। ਇਹਨਾਂ ਰਸਾਲੇ ਵਾਲਿਆਂ ਨਾਲ ਇਹ ਗੱਲ ਮਿਥੀ ਗਈ ਸੀ ਕਿ ਗ਼ਦਰੀਆਂ ਦੇ ਦੋ ਜਥੇ ਆ ਕੇ ਰੇਲ ਦੀ ਲੀਹ ਉਤੇ ਖੜੇ ਹੋ ਜਾਣਗੇ। ਜਦੋਂ ਰਸਾਲੇ ਦੇ ਬੰਦਿਆਂ ਨੇ ਹਾਜ਼ਰੀ ਲਈ ਖੜੇ ਹੋਣਾ ਸੀ ਤੇ ਇਹਨਾਂ ਜਥਿਆਂ ਵਿੱਚੋਂ ਕੁਝ ਆਦਮੀਆਂ ਨੇ ਬਾਰਕਾਂ ਵਿੱਚ ਜਾ ਕੇ ਫੌਜੀਆਂ ਦੀਆਂ ਕਿਰਚਾਂ ਚੁੱਕ ਲੈਣੀਆਂ ਸਨ। ਉਹਨਾਂ ਦਿਨਾਂ ਵਿੱਚ ਰਸਾਲਿਆਂ ਪਾਸ ਕਿਰਚਾਂ ਹੀ ਹੁੰਦੀਆਂ ਸਨ। ਰਫ਼ਲਾਂ ਕੇਵਲ ਜੰਗ ਜਾਂ ਸਿਖਲਾਈ ਵੇਲੇ ਹੀ ਦਿੱਤੀਆਂ ਜਾਂਦੀਆਂ ਸਨ। ਕੋਰਟ ਗਾਰਦ ਉਤੇ ਹਮਲਾ ਹੋਣਾ ਸੀ ਤੇ ਰਸਾਲੇ ਵਾਲਿਆਂ ਨੇ ਨਾਲ ਮਿਲਣਾ ਸੀ। 19 ਤਰੀਕ ਨੂੰ ਮਿਥੇ ਹੋਏ ਸਮੇਂ ਉਤੇ ਬਹੁਤ ਸਾਰੇ ਆਦਮੀ ਭਾ: ਪਰੇਮ ਸਿੰਘ ਤੇ ਜਗਤ ਸਿੰਘ ਦੀ ਕਮਾਨ ਹੇਠ ਰੇਲ ਦੀ ਲਾਈਨ ਉਤੇ ਇਕੱਠੇ ਹੋਏ। ਜਦ ਉਹਨਾਂ ਨੇ ਸਾਰੇ ਰਸਾਲੇ ਨੂੰ ਮੈਦਾਨ ਵਿੱਚ ਬੇਹਥਿਆਰਾ ਅੰਗਰੇਜ਼ੀ ਫੌਜ ਦੇ ਪਹਿਰੇ ਹੇਠ ਲਾਈਨ ਬੱਧੀ ਖੜਾ ਵੇਖਿਆ ਤਾਂ ਉਹਨਾਂ ਦੀਆਂ ਆਸਾਂ ਹੀ ਟੁੱਟ ਗਈਆਂ। ਸਭ ਨੂੰ ਵਾਪਸ ਮੁੜਨਾ ਪਿਆ। ਇਹ ਰਸਾਲੇ ਵਾਲੀ ਗੱਲ ਵੀ ਰਹਿ ਗਈ।[2]

ਫੀਰੋਜ਼ਪੁਰ ਵਿੱਚ 8 ਸ਼ਕੀ ਸਿਪਾਹੀਆਂ ਨੂੰ ਇਕ ਦਿਨ ਪਹਿਲੋਂ 18 ਫਰਵਰੀ ਨੂੰ ਬਰਖ਼ਾਸਤ ਕਰਕੇ ਪਹਿਰੇ ਵਿੱਚ ਗੱਡੀ ਚੜ੍ਹਾ ਕੇ ਪਿੰਡਾਂ ਨੂੰ ਤੋਰ ਦਿੱਤਾ ਗਿਆ ਤੇ ਬਾਕੀ ਡਿਪੂ ਦੇ ਸਿਪਾਹੀਆਂ ਉਤੇ ਕਰੜਾਈ ਕਰ ਦਿੱਤੀ ਗਈ। 19 ਫਰਵਰੀ ਨੂੰ ਰਾਤ ਦੇ ਨੌਂ ਵਜੇ ਭਾਈ ਕਰਤਾਰ ਸਰਾਭਾ ਦੀ ਕਮਾਨ ਹੇਠ ਭਾਈ ਗਾਂਧਾ ਸਿੰਘ ਕੱਚਰਭੰਨ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਉਤਮ ਸਿੰਘ ਹਾਂਸ, ਅਰਜਨ ਸਿੰਘ ਖੁਖਰਾਣਾ ਆਦਿ ਕੁਝ ਗ਼ਦਰੀ ਲੀਡਰ ਤੇ ਭਾਈ ਰਣਧੀਰ ਸਿੰਘ ਦੇ ਜਥੇ ਦੇ 50-60 ਆਦਮੀ ਫੀਰੋਜ਼ਪੁਰ ਗੱਡੀਓਂ ਉਤਰੇ ਤੇ ਚਾਂਦਮਾਰੀ ਵੱਲ ਚਲੇ ਗਏ। ਇਹਨਾਂ ਪਾਸ ਢੋਲਕੀ ਤੇ ਹਾਰਮੋਨੀਅਮ ਸੀ, ਰਾਹ ਵਿੱਚ ਉਹ ਇਕ ਪਹਿਰੇ ਦੀ ਗਸ਼ਤੀ ਗਾਰਦ ਨੂੰ ਮਿਲੇ, ਜੋ ਛਾਉਣੀਆਂ ਨੂੰ ਚੌਕਸ ਕਰ ਦੇਣ ਕਰਕੇ ਗ਼ਦਰੀਆਂ ਦੀ ਤਾੜ ਵਿੱਚ ਘੁੰਮ ਰਹੀ ਸੀ। ਗਾਰਦ ਨੇ ਪੁੱਛਿਆ ਤਾਂ ਜਵਾਬ ਦਿੱਤਾ ਗਿਆ ਕਿ ਇਹ ਤਾਂ ਰਾਗੀ ਜੱਥਾ ਹੈ ਤੇ ਕਿਸੇ ਵਿਆਹ ਉਤੇ ਕੀਰਤਨ ਕਰਨ ਜਾ ਰਿਹਾ ਹੈ। ਕਿਰਪਾ ਸਿੰਘ ਸਿਪਾਹੀ ਨੂੰ, ਜੋ ਕਢੇ ਹੋਏ ਸਿਪਾਹੀਆਂ ਵਿੱਚੋਂ ਇਹਨਾਂ ਦੇ ਨਾਲ ਸੀ, ਬਾਰਕਾਂ ਵਿਚ ਭੇਜਿਆ ਕਿ ਪਤਾ ਲਿਆਵੇ। ਉਹ ਮੁੜਕੇ ਹੀ ਨਾ ਆਇਆ। ਸਾਰੀ ਰਾਤ ਉਡੀਕ ਕੇ ਸਵੇਰੇ ਸਭ ਮੁੜ ਆਏ। ਕਿਰਪਾ ਸਿੰਘ ਨੂੰ ਬਾਰਕਾਂ ਵਿੱਚ ਗਏ ਨੂੰ ਹੀ ਗਰਿਫਤਾਰ ਕਰ ਲਿਆ ਗਿਆ ਸੀ ਕਿ ਜਦ ਉਹ ਕੱਢ ਦਿਤਾ ਗਿਆ ਸੀ ਤਾਂ ਮੁੜਕੇ ਕਿਉਂ ਆਇਆ। ਸਵੇਰੇ ਉਸਦੀ ਪੇਸ਼ੀ ਉਤੇ ਉਸ ਨੇ ਕਿਹਾ ਕਿ ਉਹ ਤਾਂ ਆਪਣਾ ਹਿਸਾਬ ਕਰਨ ਲਈ ਆਇਆ ਸੀ। ਉਸ ਨੂੰ ਛੱਡ ਦਿਤਾ ਗਿਆ। ਭਾਈ ਕਰਤਾਰ ਸਿੰਘ ਸਰਾਭਾ, ਭਾਈ ਅਰਜਨ ਸਿੰਘ ਖੁਖਰਾਣਾ ਤੇ ਭਾਈ ਹਰਨਾਮ ਸਿੰਘ ਸਿਆਲਕੋਟੀਆ ਲਾਹੌਰ ਪਤਾ ਕਰਨ ਲਈ ਚਲੇ ਗਏ।[3]

ਸਭ ਛਾਉਣੀਆਂ ਵਿੱਚ ਦੇਸ਼ੀ ਫੌਜਾਂ ਉਤੇ ਕਰੜਾਈ ਕਰਕੇ ਹਥਿਆਰਾਂ ਦੀ ਸੰਭਾਲ ਕਰ

---

1. ਉਤਲਿਖਤ ਮੁਕੱਦਮਾ ਸਫਾ 281
2. 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 108-9
3. ਉਤਲਿਖਤ ਸਫਾ 111

ਲਈ ਗਈ ਸੀ।

ਸਾਰੀ ਸਕੀਮ ਰਹਿ ਗਈ। ਹੁਣ ਤਾਂ ਲਾਹੌਰ ਛੱਡਕੇ ਜਾਣ, ਪੁਲਸ ਦੀ ਗਰਿਫਤਾਰੀ ਤੋਂ ਬਚਣ ਤੇ ਵਧੇਰੇ ਲੁਕ ਛਿਪਕੇ ਕੰਮ ਕਰਨ ਦਾ ਸਵਾਲ ਪੈਦਾ ਹੋ ਗਿਆ। ਅਗਲੇ ਦਿਨ 20 ਤਰੀਕ ਨੂੰ ਭਾਈ ਅਰਜਨ ਸਿੰਘ ਖੁਖਰਾਣਾ, ਭਾਈ ਹਰਨਾਮ ਸਿੰਘ ਸਿਆਲਕੋਟੀਆ ਤੇ ਭਾਈ ਬੰਤ ਸਿੰਘ ਸੰਘਵਾਲ ਸਵੇਰੇ ਹੀ ਅੱਡੇ ਵਿਚੋਂ ਨਿਕਲਕੇ ਅਨਾਰਕਲੀ ਬਾਜ਼ਾਰ ਵਿੱਚ ਦੀ ਜਾ ਰਹੇ ਸਨ ਕਿ ਬਾਜ਼ਾਰ ਵਿੱਚ ਘੁੰਮ ਰਹੀ ਪੁਲਸ ਨੇ ਉਹਨਾਂ ਨੂੰ ਰੋਕਿਆ। ਮੁਹੰਮਦ ਮੂਸਾ ਥਾਣੇਦਾਰ ਤੇ ਇਕ ਹਵਾਲਦਾਰ ਮੋਹਸਮ ਅਲੀ ਸ਼ਾਹ ਨੇ ਉਹਨਾਂ ਨੂੰ ਫੜ ਲਿਆ। ਥਾਣੇਦਾਰ ਨੇ ਫਰਦ ਤਲਾਸ਼ੀ ਬਨਾਉਣ ਲਈ ਉਹਨਾਂ ਨੂੰ ਆਖਿਆ ਕਿ ਜੋ ਉਹਨਾਂ ਦੇ ਪਾਸ ਹੈ, ਉਹ ਦੇ ਦੇਣ। ਭਾਈ ਅਰਜਨ ਸਿੰਘ ਨੇ ਕੰਬਲ ਦੀ ਬੁੱਕਲ ਵਿਚੋਂ ਪਿਸਤੌਲ ਕੱਢਕੇ ਆਖਿਆ, "ਕੁਛ ਦੇਤਾ ਹੂੰ"। ਥਾਣੇਦਾਰ ਨੇ ਪਿਸਤੌਲ ਲੈਣ ਲਈ ਹੱਥ ਅਗਾਂਹ ਕੀਤਾ ਤਾਂ ਗ਼ਦਰੀ ਨੇ ਘੋੜਾ ਨੱਪ ਦਿਤਾ। ਗੋਲੀ ਥਾਣੇਦਾਰ ਦੇ ਸੱਜੇ ਮੋਢੇ ਉਤੇ ਵੱਜੀ। ਉਹ ਭੱਜਕੇ ਪਰੇ ਜਾ ਖੜੋਤਾ ਤੇ ਡੰਡ ਪਾਉਣ ਲੱਗ ਪਿਆ। ਦੂਸਰੀ ਗੋਲੀ ਹਵਾਲਦਾਰ ਦੇ ਛੱਡੀ, ਉਹ ਇਕੋ ਹੀ ਖਾਕੇ ਡਿਗਦੇ ਸਾਰ ਪਾਰ ਬੋਲ ਗਿਆ। ਇਹ ਤਿੰਨੇ ਗ਼ਦਰੀ ਭੱਜ ਉਠੇ। ਪੁਲਸ ਨੇ ਡਾਕੂ ਓਏ! ਚੋਰ ਓਏ! ਦਾ ਰੌਲਾ ਪਾ ਦਿਤਾ। ਇਹ ਤਿੰਨੇ ਭੱਜੀ ਗਏ। ਜਦ ਲੋਕ ਮਗਰੋਂ ਲਹਿ ਗਏ ਤਾਂ ਭਾਈ ਅਰਜਨ ਸਿੰਘ ਇਕ ਨਲਕੇ ਤੋਂ ਪਾਣੀ ਪੀਣ ਲੱਗ ਪਿਆ। ਉਹ ਪਾਣੀ ਪੀ ਰਿਹਾ ਸੀ ਤਾਂ ਇਕ ਗੁੰਡੇ ਨੇ ਪਿੱਛੋਂ ਲੱਤਾਂ ਖਿੱਚਕੇ ਉਸਨੂੰ ਮੂੰਹ ਦੇ ਭਾਰ ਸੁੱਟ ਲਿਆ। ਡਿਗੇ ਨੂੰ ਵੇਖਕੇ ਕੁਝ ਹੋਰ ਬੰਦੇ ਭੀ ਆ ਗਏ। ਭਾਈ ਅਰਜਨ ਸਿੰਘ ਫੜ ਲਿਆ ਗਿਆ। ਦੂਸਰੇ ਦੋ ਸੂਰਮੇ ਭਾਈ ਹਰਨਾਮ ਸਿੰਘ ਸਿਆਲਕੋਟੀ ਤੇ ਬੰਤਾ ਸਿੰਘ ਸੰਘਵਾਲ ਬੱਚਕੇ ਨਿਕਲ ਗਏ।[1]

## ਗਰਿਫਤਾਰੀਆਂ

ਪੁਲਸ ਲਾਹੌਰ ਵਿਚ ਆਦਮ ਬੋ! ਆਦਮ ਬੋ! ਕਰਦੀ ਫ਼ਿਰਨ ਲੱਗ ਪਈ। ਸਾਰੇ ਪੰਜਾਬ ਵਿੱਚ ਗਰਿਫਤਾਰੀਆਂ ਸ਼ੁਰੂ ਹੋ ਗਈਆਂ। ਗ਼ਦਰੀ ਲੀਡਰਾਂ ਨੂੰ ਫੜਨ ਲਈ ਲਾਹੌਰ ਦੇ ਨਾਕੇ ਘੇਰੇ ਹੋਏ ਸਨ। ਜ਼ਰਾ ਜਿੰਨਾ ਸ਼ੱਕ ਪੈਣ ਉਤੇ ਪੁਲਸ ਹਰ ਰਾਹ ਜਾਂਦੇ ਨੂੰ ਗਰਿਫਤਾਰ ਕਰ ਲੈਂਦੀ। ਸ੍ਰੀ ਰਾਸ ਬਿਹਾਰੀ ਬੋਸ ਦੀ ਗਰਿਫਤਾਰੀ ਲਈ ਤਾਂ ਬਹੁਤ ਹੀ ਭੱਜ ਦੌੜ ਕੀਤੀ ਜਾ ਰਹੀ ਸੀ। ਸ੍ਰੀ ਰਾਸ ਬਿਹਾਰੀ ਤੇ ਹੋਰ ਗ਼ਦਰੀ ਲੀਡਰਾਂ ਦਾ ਲਾਹੌਰ ਵਿੱਚ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। 19 ਦੀ ਰਾਤ ਨੂੰ ਫੀਰੋਜ਼ਪੁਰੋਂ ਨਾਕਾਮਯਾਬ ਹੋ ਕੇ ਭਾਈ ਕਰਤਾਰ ਸਿੰਘ ਸਰਾਭਾ 20 ਫਰਵਰੀ ਨੂੰ ਲਾਹੌਰ ਸ੍ਰੀ ਰਾਸ ਬਿਹਾਰੀ ਬੋਸ ਦੀ ਰਿਹਾਇਸ਼ ਵਾਲੀ ਥਾਂ ਉਤੇ ਆ ਗਿਆ। ਅੱਗੇ ਉਥੇ ਭਾਈ ਹਰਨਾਮ ਸਿੰਘ ਟੁੰਡੀਲਾਟ ਤੇ ਲਾਲਾ ਰਾਮ ਸਰਨ ਦਾਸ ਕਪੂਰਥਲਾ ਸਨ। ਫੈਸਲਾ ਹੋਇਆ ਕਿ ਸ੍ਰੀ ਰਾਸ ਬਿਹਾਰੀ ਬੋਸ ਅੱਜ ਹੀ ਰਾਤ ਲਾਹੌਰੋਂ ਤੁਰ ਜਾਣ ਤੇ ਲਾਲਾ ਰਾਮ ਸਰਨ ਦਾਸ ਵੀ ਵਾਪਸ ਕਪੂਰਥਲੇ ਚਲੇ ਜਾਣ। ਲਾਲਾ ਰਾਮ ਸਾਰਨ ਦਾਸ ਉਹਨਾਂ ਦਿਨਾਂ ਵਿਚ ਸਿਆਸੀ ਸਰਗਰਮੀਆਂ ਦੇ ਕਾਰਨ ਦੋ ਹਜ਼ਾਰ ਦੀ ਜ਼ਮਾਨਤ ਵਿਚ ਬੱਝੇ ਹੋਏ ਸਨ। ਭਾਈ ਕਰਤਾਰ ਸਿੰਘ ਤੇ ਭਾਈ ਟੁੰਡੀਲਾਟ ਇਕ ਰਾਤ

---

1. ਅਨਾਰਕਲੀ ਕਤਲ ਦਾ ਮੁਕੱਦਮਾ, ਹੋਮ (ਪੋਲੀਟੀਕਲ) ੳ, ਅਕਤੂਬਰ 1915, ਕਾਰਵਾਈ ਨੰ. 671-84 ਤੇ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ

ਹੋਰ ਲਾਹੌਰ ਵਿਚ ਰਹਿਣ। 20 ਦੀ ਰਾਤ ਨੂੰ ਭਾਈ ਕਰਤਾਰ ਸਿੰਘ ਸਰਾਭਾ ਸ੍ਰੀ ਰਾਸ ਬਿਹਾਰੀ ਬੋਸ ਨੂੰ ਪੰਜਾਬੀ ਲਿਬਾਸ ਪੁਵਾ ਕੇ ਲਾਹੌਰ ਸਟੇਸ਼ਨ ਤੋਂ ਬਨਾਰਸ ਦੀ ਗੱਡੀ ਚੜ੍ਹਾ ਆਇਆ ਤੇ ਉਹ ਸੁਖ ਸਾਂਦ ਨਾਲ ਬਨਾਰਸ ਪਹੁੰਚ ਗਏ।

ਰਾਤ ਨੂੰ ਭਾਈ ਕਰਤਾਰ ਸਿੰਘ ਤੇ ਭਾਈ ਟੁੰਡੀਲਾਟ ਇਸ ਮਕਾਨ ਵਿਚੋਂ ਨਿਕਲਕੇ ਮੱਛੀ ਹਟੇ ਦੇ ਮਕਾਨ ਵਿੱਚ, ਜਿਥੇ ਜਗਤ ਸਿੰਘ ਸੁਰਸਿੰਘੀਏ ਨੇ ਦਦੇਹਰ ਤੋਂ ਆਉਣਾ ਸੀ, ਜਾ ਸੁੱਤੇ। ਜਗਤ ਸਿੰਘ 21 ਨੂੰ ਦਿਨੇ ਆ ਗਿਆ। ਰਾਤ ਨੂੰ ਤਿੰਨਾਂ ਨੇ ਸਲਾਹ ਕੀਤੀ ਕਿ ਸਰਹੱਦ ਦੇ ਆਜ਼ਾਦ ਇਲਾਕੇ ਵਿਚ ਨਿਕਲ ਜਾਈਏ। ਫੇਰ ਜਦ ਠੰਢ ਠਰਾ ਹੋ ਜਾਏਗਾ ਤਾਂ ਆਕੇ ਕੰਮ ਸ਼ੁਰੂ ਕੀਤਾ ਜਾਏਗਾ। ਰਾਤ ਨੂੰ ਗੱਡੀ ਚੜ੍ਹਕੇ ਤਿੰਨੇ ਲਾਇਲਪੁਰ ਗਏ। ਉਥੇ ਸ: ਹਰਚੰਦ ਸਿੰਘ ਪਾਸੋਂ ਸੌ ਰੁਪਿਆ ਲੈਕੇ ਸਰਹੱਦ ਨੂੰ ਚਲੇ ਗਏ। ਪਸ਼ਾਵਰੋਂ ਅਫਗਾਨਸਤਾਨ ਦੀ ਸਰਹੱਦ ਦੇ ਲਾਗੇ ਮਿਚਨੀ ਪਹੁੰਚ ਗਏ। ਰਸਤੇ ਵਿਚ ਅਖ਼ਬਾਰਾਂ ਵਿੱਚ ਪੜ੍ਹਿਆ, ਕਿ ਕਾਬਲ ਦੀ ਹਕੂਮਤ ਨੇ ਲਾਹੌਰ ਤੋਂ ਨੱਠ ਕੇ ਗਏ ਮੁਸਲਿਮ ਵਿਦਿਆਰਥੀਆਂ ਨੂੰ ਹਿੰਦ ਦੀ ਅੰਗਰੇਜ਼ੀ ਸਰਕਾਰ ਦੇ ਕਹੇ ਉਤੇ ਗਰਿਫਤਾਰ ਕਰ ਕੇ ਜੇਹਲ ਬੰਦ ਕਰ ਦਿਤਾ ਹੈ। ਉਹਨਾਂ ਸੋਚਿਆਂ ਕਿ ਜੇ ਇਹਨਾਂ ਵਿਦਿਆਰਥੀਆਂ ਨਾਲ ਕਾਬਲ ਸਰਕਾਰ ਨੇ ਇਹ ਸਲੂਕ ਕੀਤਾ ਹੈ ਤਾਂ ਉਹਨਾਂ ਅੰਗਰੇਜ਼ੀ ਰਾਜ ਦੇ ਬਾਗ਼ੀਆਂ ਨੂੰ ਉਹ ਕਿਸ ਤਰ੍ਹਾਂ ਪਨਾਹ ਦੇ ਸਕਦੀ ਹੈ। ਫੇਰ ਵਿਚਾਰ ਕੀਤਾ ਕਿ "ਅਜੇ ਤਾਂ ਤਾਣੀ ਵਿਚੋਂ ਮਸਾਂ ਤੰਦ ਹੀ ਟੁੱਟਾ ਹੈ, ਉਂਗਲਾਂ ਤੇ ਗਿਨਣ ਜੋਗੇ ਬੰਦੇ ਹੀ ਗਰਿਫਤਾਰ ਹੋਏ ਹਨ, ਅਜੇ ਬੜੇ ਸਾਥੀ ਪੁਲਸ ਤੋਂ ਬਚੇ ਹੋਏ ਹਨ, ਅਨੇਕਾਂ ਪਿੰਡਾਂ ਵਿਚ ਮੌਜੂਦ ਹਨ, ਚਲੋ ਉਹਨਾਂ ਨੂੰ ਇਕੱਠਿਆਂ ਕਰੀਏ ਤੇ ਕੰਮ ਨੂੰ ਨਵੇਂ ਸਿਰੇ ਚਲਾਈਏ। ਅਮਰੀਕਾ ਤੋਂ ਤਾਂ ਇਨਕਲਾਬ ਕਰਨ ਤੁਰੇ ਸਾਂ, ਹੁਣ ਬਚ ਕੇ ਦੌੜ ਰਹੇ ਹਾਂ"। ਇਹ ਸੋਚਕੇ ਉਹਨਾਂ ਅਗਾਂਹ ਜਾਣ ਦਾ ਇਰਾਦਾ ਛੱਡ ਦਿਤਾ ਤੇ ਪਿਛਾਂਹ ਮੁੜ ਆਏ। ਉਥੋਂ ਉਹ 2 ਮਾਰਚ ਸਰਗੋਧੇ ਦੀ ਬਾਰ ਚੱਕ ਨੰ: 5 ਵਿਚ ਜਗਤ ਸਿੰਘ ਦੀ ਇਕ ਨਾਹਰ ਉਤੇ ਆ ਗਏ। 22 ਨੰਬਰ ਦੇ ਰਸਾਲੇ ਵਾਸਤੇ ਇਥੇ ਘੋੜੇ ਪਾਲੇ ਜਾਂਦੇ ਸਨ। ਰਾਜਿੰਦਰ ਸਿੰਘ ਨਾਮੀ ਪੈਨਸ਼ਨੀ ਸਿਪਾਹੀ ਭਾਈ ਜਗਤ ਸਿੰਘ ਦਾ ਵਾਕਿਫ ਸੀ। ਉਸ ਨੇ ਜਗਤ ਸਿੰਘ ਨੂੰ ਗ਼ਦਰ ਵਾਸਤੇ ਬੰਦੂਕਾਂ ਦੇਣ ਦਾ ਝਾਂਸਾ ਦਿੱਤਾ ਹੋਇਆ ਸੀ। ਇਹਨਾਂ ਦਾ ਏਥੇ ਆਉਣ ਦਾ ਮਕਸਦ ਉਹ ਬੰਦੂਕਾਂ ਲੈ ਕੇ ਜਾਣਾ ਸੀ। ਇਸ ਯਾਰ ਨੇ ਓਥੋਂ ਦੇ ਇਨਚਾਰਜ ਗੰਡਾ ਸਿੰਘ ਰਸਾਲਦਾਰ ਗੰਡੀਵਿੰਡ ਨੂੰ ਦੱਸ ਦਿਤਾ ਹੋਇਆ ਸੀ, ਕਿ ਜਗਤ ਸਿੰਘ ਨੇ ਏਥੇ ਕਿਤੇ ਨਾ ਕਿਤੇ ਆਉਣਾ ਹੈ। ਇਹਨਾਂ ਦੇ ਆਉਣ ਉਤੇ ਰਸਾਲਦਾਰ ਨੇ ਪੁਲਸ ਨੂੰ ਮੰਗਵਾ ਭੇਜਿਆ। ਉਸ ਮਕਾਨ ਦੇ ਅਹਾਤੇ ਅੰਦਰ ਇਕ ਮੰਜੇ ਉਤੇ ਬੈਠਾ ਕਰਤਾਰ ਸਿੰਘ ਜੇਬ ਵਿਚੋਂ ਗ਼ਦਰ ਦੀ ਗੂੰਜ ਕੱਢਕੇ ਉਦਾਲੇ ਇਕੱਠੇ ਹੋਏ ਲੋਕਾਂ ਨੂੰ ਸੁਨਾਉਣ ਲੱਗਾ ਹੋਇਆ ਸੀ ਕਿ ਰਸਾਲਦਾਰ ਦੀ ਸੱਦੀ ਹੋਈ ਪੁਲਸ ਆ ਗਈ ਤੇ ਤਿੰਨਾਂ ਨੂੰ ਗਰਿਫਤਾਰ ਕਰ ਲਿਆ।[1]

19 ਫਰਵਰੀ ਦੀਆਂ ਤਿਆਰੀਆਂ ਤੇ ਇਨਕਲਾਬ ਦੀ ਹਾਰ ਨੇ ਪਾਰਟੀ ਵਾਸਤੇ ਦੂਰਮਾਰ ਹਥਿਆਰਾਂ ਦੀ ਲੋੜ ਨੂੰ ਬਹੁਤ ਹੀ ਜ਼ਰੂਰੀ ਕਰ ਦਿਤਾ। ਪਾਰਟੀ ਪਾਸ ਪਿਸਤੌਲ, ਬੰਬ, ਛਵੀਆਂ, ਗੰਡਾਸੀਆਂ, ਕਿਰਪਾਨਾਂ ਤੇ ਟਕਵੇ ਆਦਿ ਤਾਂ ਸਨ। ਇਹ ਹਥਿਆਰ ਤਾਂ ਦੂਬਦੂ ਲੜਾਈ ਵਿੱਚ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ, 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 114, ਪਹਿਲਾ ਲਾਹੌਰ ਸਾਜ਼ਿਸ਼ ਮੁਕੱਦਮਾ, ਸਫਾ 106-7

ਕੰਮ ਆਉਣ ਵਾਲੇ ਸਨ। ਦੂਰੋਂ ਜਾਕੇ ਹਮਲੇ ਕਰਨ ਵਾਸਤੇ ਇਹ ਅਕਾਰਥ ਸਨ। ਇਸ ਕੰਮ ਲਈ ਤਾਂ ਰਫ਼ਲਾਂ ਦੀ ਲੋੜ ਸੀ। ਇਸ ਲੋੜ ਨੂੰ ਪਾਰਟੀ ਅਜੇ ਪੂਰਾ ਨਹੀਂ ਕਰ ਸਕੀ। ਇਸ ਕੰਮ ਲਈ ਸ੍ਰੀ ਗਾਂਧਾ ਸਿੰਘ ਕੱਚਰਭੰਨ ਤੇ ਭਾਈ ਉਤਮ ਸਿੰਘ ਹਾਂਸ ਨੇ ਫੀਰੋਜ਼ਪੁਰੋਂ ਮੁੜਨ ਲੱਗਿਆਂ ਹੀ ਵਰਕਰਾਂ ਦੀਆਂ ਡਿਊਟੀਆਂ ਲਾ ਦਿਤੀਆਂ ਕਿ 21 ਫਰਵਰੀ ਨੂੰ ਸਰਹੰਦ ਨਹਿਰ ਦੇ ਦੁਰਾਹੇ ਦੇ ਰੇਲ ਪੁਲ ਉਤੇ ਲੱਗੀ ਗਾਰਦ ਪਾਸੋਂ ਰਫਲਾਂ ਖੋਹੀਆਂ ਜਾਣਗੀਆਂ। ਇਹ ਫੈਸਲੇ ਮੁਜਬ ਭਾਈ ਗਾਂਧਾ ਸਿੰਘ, ਭਾਈ ਜਵੰਦ ਸਿੰਘ ਨੰਗਲ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਨੰਦ ਸਿੰਘ ਕੈਲੇ, ਭਾਈ ਗੁਰਮੁਖ ਸਿੰਘ ਲਲਤੋਂ, ਭਾਈ ਹਰਨਾਮ ਸਿੰਘ ਗੁਜਰਵਾਲ, ਭਾਈ ਅਰਜਨ ਸਿੰਘ ਜਗਰਾਉਂ, ਭਾਈ ਮਸਤਾਨ ਸਿੰਘ ਨਾਰੰਗਵਾਲ, ਭਾਈ ਸੇਵਾ ਸਿੰਘ ਆਦਿ 20 ਬੰਦੇ 21 ਫਰਵਰੀ, 1915 ਨੂੰ ਪੁੱਲ ਉਤੇ ਗਏ। ਇਹਨਾਂ ਪਾਸ ਗਾਰਦ ਉਤੇ ਸੁੱਟਣ ਲਈ 6 ਬੰਬ ਸਨ, ਪਰ ਗਾਰਦ ਰਫਲਾਂ ਸੂਤ ਚੌਕਨੀ ਹੋ ਕੇ ਖਲੋਤੀ ਹੋਈ ਸੀ। ਬੰਬ ਤਾਂ ਲਾਗੇ ਜਾ ਕੇ ਸੁੱਟੇ ਜਾਣ ਤਾਂ ਕੰਮ ਸਰਦਾ ਸੀ। ਇਸ ਲਈ ਸਲਾਹ ਕੀਤੀ ਕਿ ਫੇਰ ਕਿਸੇ ਦਿਨ ਦਬੱਲ ਤਿਆਰੀ ਕਰਕੇ ਆਇਆ ਜਾਏ। ਸਾਰੇ ਮੁੜ ਗਏ। ਫੇਰ ਇਹ ਕੰਮ ਵਿਚੇ ਹੀ ਗਿਆ।[1]

ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਮੇਰਠ ਸਨ। ਓਥੇ ਉਸ ਦਾ 128ਵੀਂ ਪਾਇਨੀਅਰ ਦੇ ਭਾਈ ਫੂਲਾ ਸਿੰਘ ਤੇ 12ਵੇਂ ਰਸਾਲੇ ਦੇ ਭਾਈ ਈਸ਼ਰ ਸਿੰਘ ਨਾਲ ਮੇਲ ਜੋਲ ਸੀ। ਲਾਹੌਰ ਵਿਚ ਇਨਕਲਾਬ ਦੇ ਨਾਕਾਮ ਹੋ ਜਾਣ ਨਾਲ ਮੇਰਠ ਵਿਚ ਵੀ ਦੇਸ਼ੀ ਫੌਜਾਂ ਉਤੇ ਕਰੜਾਈ ਹੋ ਗਈ। ਇਸ ਕਰੜਾਈ ਤੇ ਗ਼ਦਰ ਦੀ ਹਾਰ ਤੋਂ ਨਾਦਰ ਖਾਂ ਦਫੇਦਾਰ, ਜੋ ਈਸ਼ਰ ਸਿੰਘ ਹੋਰਾਂ ਦਾ ਸਾਥ ਦੇ ਰਿਹਾ ਸੀ, ਡੋਲ ਗਿਆ ਤੇ ਵਿਚੋਂ ਅਫਸਰਾਂ ਨਾਲ ਮਿਲ ਗਿਆ। ਸ੍ਰੀ ਪਿੰਗਲੇ ਨੇ ਇਨਕਲਾਬ ਦੀ ਅੱਗ ਨੂੰ ਮੁੜ ਸੁਲਗਾਉਣ ਤੋਂ ਦਿਲ ਨਾ ਛੱਡਿਆ। ਉਹ ਇਹਨਾਂ ਹੀ ਫੌਜਾਂ ਨੂੰ ਨਾਲ ਲੈ ਕੇ ਦਿੱਲੀ ਉਤੇ ਧਾਈ ਕਰਨ ਲਈ ਸੋਚਣ ਲੱਗਾ। ਪਿੰਗਲੇ 16 ਜਾਂ 18 ਮਾਰਚ ਨੂੰ ਮੇਰਠ ਗਿਆ। ਉਥੋਂ ਨਾਦਰ ਖਾਂ ਨਾਲ ਸਲਾਹ ਕੀਤੀ, ਕਿ ਬੰਗਾਲੀਆਂ ਤੋਂ ਬੰਬ ਲਿਆ ਕੇ ਮੈਗਜ਼ੀਨ ਦੇ ਪਹਿਰੇਦਾਰਾਂ ਨੂੰ ਉਡਾ ਦਿੱਤਾ ਜਾਵੇ। ਨਾਦਰ ਖਾਂ ਪਿੰਗਲੇ ਨਾਲ ਆਪ ਬਨਾਰਸ ਗਿਆ ਤੇ ਉਥੋਂ ਬਹੁਤ ਹੀ ਖ਼ਤਰਨਾਕ ਬੰਬ ਝੋਲੀ ਭਰਕੇ ਲਿਆਂਦੇ। ਜਦ 23 ਮਾਰਚ ਨੂੰ ਪਿੰਗਲੇ ਬੈਰਕ ਵਿਚ ਸੁਤਾ ਪਿਆ ਸੀ ਤਾਂ ਨਾਦਰ ਖਾਂ ਨੇ ਉਸ ਨੂੰ ਗਰਿਫਤਾਰ ਕਰਵਾ ਦਿਤਾ।[2]

ਭਾਈ ਨਿਧਾਨ ਸਿੰਘ ਚੁੱਘਾ ਮੰਡੀ ਰਿਆਸਤ ਨੂੰ ਜਾਂਦੇ ਫੜਾ ਦਿਤੇ ਗਏ ਤੇ ਭਾਈ ਰੂੜ ਸਿੰਘ ਚੂਹੜਚੱਕ ਜਗਰਾਵਾਂ ਤੋਂ ਰਾਏਕੋਟ ਨੂੰ ਜਾਣ ਵਾਲੀ ਸੜਕ ਉਤੇ ਕਮਾਲ ਪੁਰ (ਚੀਮਾਂ) ਦੇ ਅੱਡੇ ਤੋਂ ਪੁਲਸ ਨੇ ਕਿਸੇ ਮੁਖ਼ਬਰ ਦੇ ਦੱਸਣ ਉਤੇ ਫੜ ਲਏ।[3]

## ਲਾਹੌਰ ਦੇ ਸਾਜ਼ਿਸ਼ ਕੇਸ

ਇਹਨਾਂ ਫੜੇ ਗਏ ਬੰਦਿਆਂ ਵਿਚੋਂ ਕੁਝ ਕੁ ਭੈੜੇ ਪੈ ਗਏ ਤੇ ਉਹ ਗ਼ਦਰੀਆਂ ਉਤੇ ਚਲੇ

---

1. ਪਹਿਲਾ ਲਾਹੌਰ ਸਾਜ਼ਿਸ਼ ਕੇਸ, ਸਫਾ 161, ਦੂਸਰਾ ਮੁਕੱਦਮਾ ਸਫੇ 97–98 ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 112–13
2. ਉਤਲਿਖਤ ਸਫਾ 114 ਤੇ ਬਨਾਰਸ ਦਾ ਮੁਕੱਦਮਾ, ਭਿਬੂਤੀ ਦੀ ਗਵਾਹੀ, ਸਫਾ 8–16
3. 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 114

ਮੁਕੱਦਮਿਆਂ ਵਿਚ ਵਾਇਦਾ ਮਾਫ਼ ਬਣਕੇ ਸਰਕਾਰੀ ਗਵਾਹ ਬਣ ਗਏ। ਇਹਨਾਂ ਦੇ ਬੱਕਣ ਉਤੇ ਪੰਜਾਬ ਭਰ ਵਿਚ ਗਰਿਫਤਾਰੀਆਂ ਹੋਣ ਲੱਗ ਪਈਆਂ। ਇਹਨਾਂ ਗਰਿਫਤਾਰ ਹੋਏ ਪਹਿਲੇ ਗਰੁੱਪ ਨੂੰ ਲਾਹੌਰ ਜਿਹਲ ਵਿਚ ਇਕੱਠਾ ਕੀਤਾ ਗਿਆ। ਇਹਨਾਂ ਨਾਲ ਜਹਾਜ਼ੋਂ ਉਤਰਦੇ ਪੰਜਾਬ ਨੂੰ ਵਲਕੇ ਲਿਆਂਦੇ ਤੇ ਜਿਹਲਾਂ ਵਿੱਚ ਡੱਕੇ ਹੋਏ ਗ਼ਦਰੀ ਲੀਡਰ ਭਾਈ ਸੋਹਣ ਸਿੰਘ ਭਕਨਾ ਪਰਧਾਨ ਗ਼ਦਰ ਪਾਰਟੀ, ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪਰਧਾਨ, ਭਾਈ ਜਵਾਲਾ ਸਿੰਘ ਠੱਠੀਆਂ ਦੂਸਰੇ ਮੀਤ ਪਰਧਾਨ, ਭਾਈ ਸ਼ੇਰ ਸਿੰਘ ਵੇਈਂ ਪੋਈਂ, ਮਾਸਟਰ ਊਧਮ ਸਿੰਘ ਕਸੇਲ ਤੇ ਮੰਗਲ ਸਿੰਘ ਭੰਗਾੜ ਲਾਲਪੁਰ ਢੋਟੀਆਂ; ਇਹਨਾਂ ਗਰਿਫਤਾਰੀਆਂ ਤੋਂ ਪਹਿਲੋਂ ਫੜੇ ਹੋਏ ਪੰਡਤ ਜਗਤ ਰਾਮ ਹਰਿਆਣਾ (ਹੋਸ਼ਿਆਰਪੁਰ), ਸ੍ਰੀ ਪਿਰਥੀ ਸਿੰਘ ਆਜ਼ਾਦ, ਭਾਈ ਗੁਜਰ ਸਿੰਘ ਭਕਨਾ ਆਦਿ ਅਤੇ ਆਰਯਾ ਸਮਾਜੀ ਲੀਡਰ ਭਾਈ ਪਰਮਾਨੰਦ ਤੇ ਸ੍ਰੀ ਕਿਦਾਰ ਨਾਥ ਸਹਿਗਲ ਰਲਾ ਲਏ। ਇਹਨਾਂ ਸਾਰਿਆਂ ਤੇ ਕੁਝ ਹੋਰਨਾਂ ਨੂੰ ਜੋ ਅਜੇ ਗਰਿਫਤਾਰ ਨਹੀਂ ਹੋਏ ਸਨ, ਮਿਲਾਕੇ 82 ਆਦਮੀਆਂ ਉਤੇ ਲਾਹੌਰ ਸਾਜ਼ਿਸ਼ ਨਾਮ ਦਾ ਮੁਕੱਦਮਾ 26 ਅਪਰੈਲ, 1915 ਨੂੰ ਚਲਾ ਦਿੱਤਾ ਗਿਆ। ਇਹ ਮੁਕੱਦਮਾ ਲਾਹੌਰ ਸੈਂਟਰਲ ਜੇਹਲ ਵਿਚ ਹੀ ਚਲਾਇਆ ਗਿਆ। ਇਹਨਾਂ ਵਿਚ 17 ਗ਼ਦਰੀ ਭਾਈ ਪਰੇਮ ਸਿੰਘ ਸੁਰਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਜਵੰਦ ਸਿੰਘ ਨੰਗਲ, ਸ੍ਰੀ ਰਾਮ ਰਖਾ ਸਾਹਿਬਾ ਸੜੋਆ, ਭਾਈ ਬੂਟਾ ਸਿੰਘ ਅਕਾਲ ਗੜ੍ਹ, ਭਾਈ ਸਜਨ ਸਿੰਘ ਨਾਰੰਗਵਾਲ, ਭਾਈ ਉਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕੱਚਰਭੰਨ, ਡਾਕਟਰ ਮਥਰਾ ਸਿੰਘ, ਭਾਈ ਹਰਨਾਮ ਸਿੰਘ ਕਹੂਟਾ, ਸ੍ਰੀ ਵਿਨਾਇਕ ਰਾਉ (ਬੰਗਾਲੀ) ਤੇ ਸ੍ਰੀ ਰਾਸ ਬਿਹਾਰੀ ਬੋਸ, ਭਾਈ ਅਰਜਨ ਸਿੰਘ ਲੋਹਟਬਧੀ, ਭਾਈ ਕਰਮ ਸਿੰਘ ਕੋਟਲਾ ਅਜਨੇਰ ਤੇ ਭਾਈ ਕੇਹਰ ਸਿੰਘ ਸੈਦੋ ਮੋਗਾ ਤੇ ਅਨੋਖ ਸਿੰਘ ਜੋ ਅਗਲੇ ਮੁਕੱਦਮੇ ਵਿਚ ਵਾਇਦਾ ਮੁਆਫ ਹੋ ਗਿਆ, ਮਫਰੂਰ ਕਰਾਰ ਦਿਤੇ ਗਏ। ਇਹਨਾਂ ਮਫਰੂਰਾਂ ਵਿਚੋਂ ਸ੍ਰੀ ਰਾਮ ਰਖਾ ਤਾਂ ਚਬੇ ਦੇ ਡਾਕੇ ਵਿਚ ਫਟੜ ਹੋ ਕੇ ਸ਼ਹੀਦ ਹੋ ਗਏ, ਸ੍ਰੀ ਬੰਤਾ ਸਿੰਘ ਤੇ ਸ੍ਰੀ ਬੂਟਾ ਸਿੰਘ ਨੂੰ ਹੋਰਨਾਂ ਮੁਕੱਦਮਿਆਂ ਵਿਚ ਫਾਂਸੀ ਦੇਕੇ ਸ਼ਹੀਦ ਕਰ ਦਿਤਾ ਗਿਆ। ਇਸ ਨੂੰ ਲਾਹੌਰ ਦਾ ਪਹਿਲਾ ਮੁਕੱਦਮਾ ਵੀ ਆਖਦੇ ਹਨ।[1]

ਹਿੰਦੁਸਤਾਨ ਦੀ ਸਾਮਰਾਜੀ ਹਕੂਮਤ ਇਸ ਲਹਿਰ ਤੋਂ ਬਹੁਤ ਘਬਰਾਈ ਤੇ ਛਿੱਥੀ ਪਈ। ਓਡਵਾਇਰ ਨੇ 'ਜਿਵੇਂ ਮੈਂ ਹਿੰਦ ਨੂੰ ਜਾਤਾ' ਵਿਚ ਲਿਖਿਆ ਹੈ :-

"ਗ਼ਦਰ ਲਹਿਰ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਰਾਜ ਨੂੰ ਉਲਟਾਉਣ ਦਾ ਕਿਤੇ ਹੀ ਜ਼ਿਆਦਾ ਖ਼ਤਰਨਾਕ ਜਤਨ ਸੀ।" ਸਫਾ 189।

ਓਡਵਾਇਰ ਦੇ ਤਾਂ ਸਤ ਕਪੜੀਂ ਅੱਗ ਲੱਗ ਪਈ। ਉਸ ਨੇ ਕੇਂਦਰੀ ਅੰਗਰੇਜ਼ੀ ਹਕੂਮਤ ਨੂੰ ਦਸੰਬਰ 1914 ਵਿਚ ਹੀ ਲਿਖਿਆ ਸੀ ਕਿ ਗ਼ਦਰੀਆਂ ਦੇ ਮੁਕੱਦਮਿਆਂ ਨੂੰ ਛੇਤੀ ਤੋਂ ਛੇਤੀ ਨਬੇੜਨ ਲਈ ਸਾਮਰਾਜੀ ਕਾਨੂੰਨ ਵਿਚ, ਜੋ ਦੋਸ਼ੀਆਂ ਦੇ ਹਿੱਤਾਂ ਦੀ ਰਾਖੀ ਲਈ ਕਾਇਦਾ ਹੈ, ਉਹ ਵਾਪਸ ਲੈ ਲਿਆ ਜਾਵੇ। ਮੁਕੱਦਮਿਆਂ ਨੂੰ ਪਹਿਲਾਂ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕਰਨ, ਫੇਰ ਸੈਸ਼ਨ ਸਪੁਰਦ ਕਰਨ ਤੇ ਪਿਛੋਂ ਅਪੀਲਾਂ ਕਰਨ ਦੀ ਰਵਾਇਤ ਨੂੰ ਚੁਕਾ ਲਿਆ ਜਾਏ ਤੇ ਇਕੋ ਹੀ ਅਦਾਲਤ ਮਿਥਕੇ ਇਕੋ ਵਾਰ ਹੀ ਮੁਕੱਦਮਾ ਕੀਤਾ ਜਾਵੇ, ਜਿਸ ਦਾ ਫੈਸਲਾ ਆਖ਼ਰੀ ਹੋਵੇ। ਅਪੀਲਾਂ ਬਿਲਕੁਲ ਬੰਦ ਕਰ ਦਿਤੀਆਂ ਜਾਣ। ਇਹਨਾਂ ਲੀਹਾਂ ਉਤੇ ਉਸ ਨੇ ਇਕ

---

1. ਲਾਹੌਰ ਸਾਜ਼ਿਸ਼ ਦਾ ਮੁਕੱਦਮਾ (ਫੈਸਲਾ) ਸਫਾ 1–5

ਆਰਡੀਨੈਂਨਸ ਦਾ ਖਰੜਾ ਬਣਾ ਕੇ ਹਿੰਦ ਸਰਕਾਰ ਨੂੰ ਭੇਜਿਆ।[1] ਸਰਕਾਰ ਹਿੰਦ ਉਤੇ ਆਪਣੀ ਤਜਵੀਜ਼ ਦਾ ਜ਼ੋਰ ਵਧਾਉਣ ਲਈ ਉਸ ਨੇ 27 ਫਰਵਰੀ, 1915 ਨੂੰ ਸਿੱਖ ਸਰਦਾਰਾਂ (ਝੋਲੀਚੁਕ ਜਾਗੀਰਦਾਰਾਂ) ਦੀ ਇਕ ਮੀਟਿੰਗ ਸੱਦੀ, ਸਰਦਾਰਾਂ ਨੇ ਸਭ ਗ਼ਦਰੀਆਂ ਨੂੰ ਇਕਦੂ ਵਢੋਂ ਫੜਕੇ ਜੇਹਲਾਂ ਵਿਚ ਬੰਦ ਕਰਨ ਦੀ ਸਲਾਹ ਦਿਤੀ। ਲੁਧਿਆਣੇ ਦੇ ਗਜਨ ਸਿੰਘ ਨੇ ਤਾਂ ਇਸ ਗੱਲ ਉਤੇ ਜ਼ੋਰ ਦਿਤਾ ਕਿ ਜੇ ਇਨਕਲਾਬੀਆਂ ਦੇ ਵਿਰੁੱਧ ਚੱਲ ਰਹੇ ਮੁਕੱਦਮੇ ਲੰਮੇ ਹੋ ਗਏ ਤਾਂ ਇਹ ਲੋਕਾਂ ਵਿਚ ਬੜਾ ਭੈੜਾ ਅਸਰ ਪਾਉਣਗੇ। ਇਸ ਲਈ ਇਹਨਾਂ ਉਤੇ ਸਮਰੀ ਟਰਾਇਲ (ਪੁਲਸ ਦੀ ਰਪੋਰਟ ਉਤੇ ਹੀ) ਮੁਕੱਦਮੇ ਕੀਤੇ ਜਾਣ। ਇਸ ਸਲਾਹ ਨਾਲ ਸਾਰੇ ਟੋਡੀ ਸਰਦਾਰ ਮੁਤਫਿਕ ਸਨ। ਪੰਜਾਬ ਸਰਕਾਰ ਨੇ ਸਰਦਾਰਾਂ ਦੀ ਇਸ ਸਲਾਹ ਨੂੰ ਹਿੰਦ ਸਰਕਾਰ ਪਾਸੋਂ 'ਹਿੰਦੁਸਤਾਨ ਦੀ ਰਖ਼ਸ਼ਾ' ਨਾਮੀਂ ਕਾਨੂੰਨ ਪਾਸ ਕਰਵਾਉਣ ਲਈ ਦਬਾ ਪਾਉਣ ਵਾਸਤੇ ਵਰਤਿਆ।[2]

ਆਖ਼ਰ ਹਿੰਦ ਸਰਕਾਰ ਨੇ ਓਡਵਾਇਰ ਦੇ ਆਪ ਦਿੱਲੀ ਜਾ ਕੇ ਜ਼ੋਰ ਦੇਣ ਉਤੇ ਇਹ ਸਖ਼ਤ ਕਾਨੂੰਨ ਪਾਸ ਕਰ ਦਿਤਾ। ਪਹਿਲੇ ਹਿੰਦ ਅੰਦਰ ਆਉਣ ਦੇ ਕਾਨੂੰਨ ਅਨੁਸਾਰ ਕੇਵਲ ਬਾਹਰੋਂ ਹਿੰਦ ਵਿਚ ਦਾਖਲ ਹੋਣ ਵਾਲਿਆਂ ਨੂੰ ਹੀ ਫੜਿਆ ਤੇ ਬੰਦ ਕੀਤਾ ਜਾ ਸਕਦਾ ਸੀ। ਇਸ ਕਾਨੂੰਨ ਰਾਹੀਂ ਹਿੰਦ ਵਿਚ ਵਸ ਰਹੇ ਕਿਸੇ ਵੀ ਬੰਦੇ ਨੂੰ ਬਿਨਾਂ ਵਾਰੰਟ ਫੜਿਆ ਤੇ ਜੇਹਲ ਵਿਚ ਬੰਦ ਕੀਤਾ, ਕਿਸੇ ਇਲਾਕੇ ਵਿਚੋਂ ਦੇਸ਼ ਨਿਕਾਲਾ ਦਿਤਾ ਜਾਂ ਕਿਸੇ ਖ਼ਾਸ ਥਾਂ ਨਜ਼ਰਬੰਦ ਕੀਤਾ ਜਾ ਸਕਦਾ ਸੀ।

ਗ਼ਦਰੀ ਮੁਕੱਦਮਿਆਂ ਵਾਸਤੇ ਖ਼ਾਸ ਅਦਾਲਤਾਂ (ਟਰਿਬੂਨਲ) ਸਥਾਪਤ ਕੀਤੀਆਂ ਜਾ ਸਕਦੀਆਂ ਸਨ, ਜੋ ਇਹਨਾਂ ਨੂੰ ਮੌਤ ਦੀ ਸਜ਼ਾ ਤੱਕ ਦੇ ਸਕਦੀਆਂ ਸਨ। ਪਹਿਲਾਂ ਮੈਜਿਸਟਰੇਟਾਂ ਅੱਗੇ ਕੱਚਾ ਮੁਕੱਦਮਾ ਹੋਣ ਤੇ ਪਿਛੋਂ ਅਪੀਲਾਂ ਕਰਨ ਦੀ ਸਾਮਰਾਜੀ ਰਿਆਇਤ ਗ਼ਦਰੀਆਂ ਤੋਂ ਖੋਹ ਲਈ ਗਈ। ਇਸ ਨੇ ਓਡਵਾਇਰ ਨੂੰ ਗ਼ਦਰੀਆਂ ਦੇ ਖ਼ੂਨ ਨਹਾਉਣ ਦੇ ਉਹ ਸਾਰੇ ਅਖ਼ਤਿਆਰ ਦੇ ਦਿਤੇ, ਜਿਨ੍ਹਾਂ ਲਈ ਉਹ ਤਰਲੋਮੱਛੀ ਹੋ ਰਿਹਾ ਸੀ।[3]

ਇਸ ਕਾਨੂੰਨ ਦੀ ਹਿੰਦੁਸਤਾਨ ਦੀਆਂ ਅਖ਼ਬਾਰਾਂ ਵਿਚ ਬੜੀ ਵਿਰੋਧਤਾ ਹੋਈ, ਇਥੋਂ ਤੱਕ ਕਿ ਵਾਇਸਰਾਏ ਦੀ ਵਿਧਾਨ ਕੌਂਸਲ ਦੇ ਹਿੰਦੀ ਮੈਂਬਰਾਂ ਨੇ ਵਾਇਸਰਾਏ ਨੂੰ ਸਾਫ ਆਖ ਦਿਤਾ ਕਿ ਉਹ ਇਸ ਦੀਆਂ ਸਖ਼ਤ ਦਫਾਵਾਂ ਦੇ ਵਿਰੁੱਧ ਹਨ। ਜਦ ਇਹ ਕਾਨੂੰਨ ਵਾਇਸਰਾਏ ਦੀ ਵਿਧਾਨ ਕੌਂਸਲ ਵਿਚ ਪੇਸ਼ ਹੋਇਆ ਤਾਂ ਹਿੰਦੀ ਮੈਂਬਰ ਕਈਆਂ ਦਫਾਵਾਂ ਦੇ ਵਿਰੁੱਧ ਲੜੇ।[4] ਉਹਨਾਂ ਨੇ ਅਪੀਲ ਦਾ ਹੱਕ ਕਾਇਮ ਰਹਿਣ ਦੀ ਤਰਮੀਮ ਪੇਸ਼ ਕੀਤੀ। ਇਸ ਤਰਮੀਮ ਦੇ ਹੱਕ ਵਿਚ ਇਕ ਦੂ ਵਢੋਂ ਸਭ ਹਿੰਦੀ ਮੈਂਬਰਾਂ, ਇਥੋਂ ਤੱਕ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ ਵੀ, ਇਸ ਦੇ ਹੱਕ ਵਿਚ ਵੋਟ ਕੀਤਾ ਤੇ ਸਾਰੇ ਗੋਰੇ ਮੈਂਬਰਾਂ ਨੇ ਇਸ ਦੀ ਵਿਰੋਧਤਾ

---

1. 'ਜਿਵੇਂ ਮੈਂ ਹਿੰਦ ਨੂੰ ਜਾਤਾ' ਸਫਾ 199-200
2. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 66
3. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 201
4. 'ਮੇਰੇ ਹਿੰਦੀ ਸਾਲ 1910-16' ਸਫਾ 116-17

ਕੀਤੀ। ਗੋਰਿਆਂ ਦੀ ਕੌਂਸਲ ਵਿਚ ਬਹੁਸੰਮਤੀ ਸੀ। ਇਸ ਲਈ ਤਰਮੀਮ ਡਿੱਗ ਪਈ।[1] ਇਸ ਤੋਂ ਹਿੰਦੀ ਰਾਜਸੀ ਰਾਏ ਦਾ ਪਤਾ ਚਲਦਾ ਹੈ ਕਿ ਜਦ ਉਹਨਾਂ ਦਿਨਾਂ ਵਿਚ ਸਰਕਾਰ ਪਰਸਤ ਲੋਕਾਂ ਦੀ ਇਹ ਰਾਏ ਸੀ ਤਾਂ ਬਾਹਰ ਆਮ ਅਖ਼ਬਾਰਾਂ ਤੇ ਲੋਕਾਂ ਹੀ ਹਵਾ ਕਿੱਧਰ ਵਗਦੀ ਹੋਊ।

ਇਸ ਜਾਬਰ ਕਾਨੂੰਨ ਨੂੰ ਓਡਵਾਇਰ ਨੇ ਬੜੀ ਬੇਦਰੇਗੀ ਨਾਲ ਵਰਤਿਆ। ਕਾਨੂੰਨ ਦੀਆਂ ਆਮ ਦੋਸ਼ੀਆਂ ਨੂੰ ਦਿਤੀਆਂ ਜਾ ਰਹੀਆਂ ਰਿਆਇਤਾਂ ਖੋਹ ਲਈਆਂ। ਲਾਹੌਰ ਵਿਚ ਇਕ ਸਪੈਸ਼ਲ ਟਰਿਬੂਨਲ (ਤਿੰਨ ਜੱਜੀ ਅਦਾਲਤ) ਥਾਪੀ ਗਈ, ਜਿਸ ਦਾ ਪਰਧਾਨ ਅ. ਅ. ਇਰਵਿਨ, ਤੇ ਮੈਂਬਰ ਟ.ਪ. ਐਲਿਸ ਤੇ ਸ਼ਿਵ ਨਾਰਾਇਣ ਸਨ। ਆਪਣੀ ਕਾਰਵਾਈ ਨੂੰ ਲੋਕਾਂ ਤੋਂ ਲੁਕਾਉਣ ਲਈ ਇਹ ਲਾਹੌਰ ਸੈਂਟਰਲ ਜੇਹਲ ਅੰਦਰ ਹੀ ਬੈਠਦੀ ਰਹੀ। ਇਸ ਦੀ ਕਾਰਵਾਈ ਅਖ਼ਬਾਰਾਂ ਵਾਲਿਆਂ ਨੂੰ ਨੋਟ ਕਰਨ ਨਹੀਂ ਦਿਤੀ ਜਾਂਦੀ ਸੀ, ਪੁਲਸ ਦੀ ਇਕ ਮਾੜੀ ਮੋਟੀ ਕਹਾਣੀ ਜਿਹੀ ਬਣਾਕੇ ਪਰੈਸ ਨੂੰ ਖ਼ਬਰ ਦਿੰਦੀ ਸੀ, ਜੋ ਅਖ਼ਬਾਰਾਂ ਵਿਚ ਛਾਪੀ ਜਾਂਦੀ।

ਇਸ ਅਦਾਲਤ ਵਿਚ ਸੀ.ਆਈ.ਡੀ ਦੇ ਸੁਪਰਡੰਟ ਹ.ਵ.ਥ. ਹੇਅਰ ਸਕਾਟ ਨੇ 81 ਮੁਲਜ਼ਮਾਂ ਦੇ ਖਿਲਾਫ਼ ਸ਼ਕਾਇਤ ਪੇਸ਼ ਕੀਤੀ ਤੇ ਸਮਰੀ ਟਰਾਇਲ ਵਾਂਗੂ ਇਸ ਸ਼ਕਾਇਤ ਦੀ ਪਰੋੜ੍ਹਤਾ ਲਈ ਉਗਾਹੀਆਂ ਭੁਗਤਾਈਆਂ। ਇਸੇ ਅਦਾਲਤ ਨੇ ਲਾਹੌਰ ਸਾਜ਼ਿਸ਼ ਦੇ ਪੰਜ ਮੁਕੱਦਮੇ ਤੇ ਝੋਲੀ ਚੁਕਾਂ ਦੇ ਕਤਲਾਂ, ਵਲਾ ਪੁਲ ਤੇ ਫੇਰੂ ਸ਼ਹਿਰ ਦੇ ਰਹਿੰਦੇ ਮੁਕੱਦਮੇ ਕੀਤੇ। ਓਡਵਾਇਰ ਦੇ ਮਾਤਹਿਤ ਇਹ ਅਦਾਲਤ ਸਾਮਰਾਜੀ ਕਹਿਰ ਤੇ ਜ਼ੁਲਮ ਦਾ ਸਾਕਾਰ ਨਮੂਨਾ ਬਣ ਗਈ। ਇਸ ਅਦਾਲਤ ਨੇ ਸਾਮਰਾਜੀ ਕਾਨੂੰਨ ਅਨੁਸਾਰ ਸ਼ਹਾਦਤਾਂ ਵਿਚ ਮਤ ਭੇਦ, ਜਾਂ ਸ਼ਨਾਖ਼ਤਾਂ ਵਿਚ ਕਚਿਆਈਆਂ ਜਾਂ ਗਵਾਹਾਂ ਦੀਆਂ ਮੁਲਜ਼ਮਾਂ ਨਾਲ ਦੁਸ਼ਮਣੀਆਂ ਨੂੰ ਤਰਜੀਹ ਦੇਣ ਤੇ ਇਸ ਦੀ ਰੌਸ਼ਨੀ ਵਿਚ ਫੈਸਲੇ ਕਰਨ ਦੇ ਢੰਗ ਨੂੰ ਤਲਾਂਜਲੀ ਦੇ ਦਿਤੀ। ਜੇ ਮੁਲਜ਼ਮਾਂ ਨੇ ਕੋਈ ਇਤਰਾਜ਼ ਵੀ ਉਠਾਇਆ ਤਾਂ ਨਿਰਾ ਮੁਲਾਜ਼ਮਾਂ ਦਾ ਇਤਰਾਜ਼ ਹੀ ਰੱਦ ਨਹੀਂ ਕੀਤਾ, ਸਗੋਂ ਉਹਨਾਂ ਨੂੰ ਸਜ਼ਾਵਾਂ ਦਿਤੀਆਂ।

ਇਕ ਗਵਾਹ ਇਕ ਮੁਲਜ਼ਮ ਨੂੰ ਸਿਆਣ ਨਾ ਸਕਿਆ। ਜਦ ਜੱਜ ਨੇ ਵਜ੍ਹਾ ਪੁੱਛੀ ਤਾਂ ਗਵਾਹ ਨੇ ਆਖਿਆ, ਕਿ ਮੁਲਜ਼ਮ ਨੇ ਪੱਗਾਂ ਉਲਟਾਕੇ ਬੱਧੀਆਂ ਹੋਈਆਂ ਹਨ ਇਸ ਲਈ ਪਛਾਣ ਨਹੀਂ ਹੁੰਦਾ। ਇਸ ਤੇ ਭਾਈ ਜਵਾਲਾ ਸਿੰਘ ਠਠੀਆਂ ਮੀਤ ਪਰਧਾਨ ਗ਼ਦਰ ਪਾਰਟੀ ਨੇ ਕਿਹਾ, ਕਿ ਪੱਗਾਂ ਹੀ ਬਦਲੀਆਂ ਹਨ, ਮੂੰਹ ਤਾਂ ਨਹੀਂ ਬਦਲੇ ਹੋਏ। ਸਾਮਰਾਜੀ ਜੱਜ ਲੋਹੇ ਲਾਖੇ ਹੋ ਗਏ ਤੇ ਇਸੇ ਗੱਲ ਉਤੇ ਹੀ ਭਾਈ ਜਵਾਲਾ ਸਿੰਘ ਨੂੰ ਤੀਹ ਬੈਂਤ ਮਾਰਨ ਦੀ ਸਜ਼ਾ ਦੇ ਦਿਤੀ। ਭਾਈ ਜੀ ਨੂੰ 30 ਬੈਂਤ ਮਾਰੇ ਗਏ।

ਇਕ ਦੋਸ਼ੀ ਭਾਈ ਹਰੀ ਸਿੰਘ ਦੀ ਸ਼ਨਾਖ਼ਤ ਹੋਣੀ ਸੀ। ਗਵਾਹ ਸਾਰੇ ਦੋਸ਼ੀਆਂ ਵਿਚ ਉਸ ਨੂੰ ਸ਼ਨਾਖਤ ਨਾ ਕਰ ਸਕਿਆ। ਅਖ਼ੀਰ ਜਦ ਜੱਜ ਨੇ ਜ਼ੋਰ ਦਿਤਾ, ਤਾਂ ਗਵਾਹ ਨੇ ਕਿਹਾ, ਕਿ "ਉਸ ਦੇ ਮਥੇ ਉਤੇ ਰਸੌਲੀ ਹੈ। ਪੱਗਾਂ ਲੁਹਾਕੇ ਵਖਾਉ, ਤਾਂ ਪਤਾ ਲੱਗੇਗਾ।" ਇਸ ਉਤੇ ਜੱਜਾਂ ਨੇ ਪੱਗਾਂ ਲੁਹਾ ਦਿਤੀਆਂ ਸ਼ਨਾਖਤ ਹੋ ਗਈ। ਭਾਈ ਹਰੀ ਸਿੰਘ ਨੇ ਮਥੇ ਉਤੇ ਪੱਗ ਅਗਾਂਹ ਕਰਕੇ ਰਸੌਲੀ ਲੁਕਾਈ ਹੋਈ ਸੀ।

ਭਾਈ ਬਲਵੰਤ ਸਿੰਘ ਖ਼ੁਰਦਪੁਰੀ (ਕੈਨੇਡਾ ਲਹਿਰ ਦੇ ਲੀਡਰ), ਸ੍ਰੀ ਹਾਫਿਜ਼ ਅਬਦੁਲਾ

---

1. ਹਿੰਦ ਦੇ ਗਵਰਨਰ ਜਨਰਲ ਦੀ ਵਿਧਾਨ ਕੌਂਸਲ ਦੀ ਕਾਰਵਾਈ, ਮਾਰਚ, 1915

ਜਗਰਾਓਂ, ਬਾਬੂ ਤੇ ਨਾਮ੍ਹੇ ਦੀ ਮਿਸਾਲ ਪੇਸ਼ ਕੀਤੀ ਜਾਂਦੀ ਹੈ। ਇਹਨਾਂ ਦਾ ਹਿੰਦੁਸਤਾਨ ਵਿਚ ਕੋਈ ਗ਼ਦਰੀ ਕੰਮ ਨਹੀਂ ਸੀ। ਆਖਿਆ ਜਾਂਦਾ ਹੈ ਕਿ ਓਡਵਾਇਰ ਦੇ ਭਾਈ ਬਲਵੰਤ ਸਿੰਘ ਬਾਰੇ ਖ਼ੁਦ ਇਹ ਲਿਖਕੇ ਦੇਣ ਉਤੇ ਕਿ "ਇਹ ਬਹੁਤ ਦੀ ਭੈੜਾ ਗ਼ਦਰੀ ਹੈ", ਉਸ ਨੂੰ ਫਾਂਸੀ ਦੇਕੇ ਸ਼ਹੀਦ ਕਰ ਦਿਤਾ ਗਿਆ।

ਇਸ ਅਦਲਾਤ ਦੀ ਗੋਰੇ ਸ਼ਾਹੀ ਇਸ ਹਕੀਕਤ ਤੋਂ ਪਰਗਟ ਹੁੰਦੀ ਹੈ, ਕਿ ਕਈਆਂ ਗ਼ਦਰੀਆਂ ਬਾਰੇ ਜਦ ਜੱਜਾਂ ਵਿਚ ਸਮਤੀ ਦੀ ਵਿਰੋਧਤਾ ਦਾ ਸਵਾਲ ਆਇਆ ਤਾਂ ਦੋਵੇਂ ਗੋਰੇ ਜੱਜ ਹਮੇਸ਼ਾਂ ਇਕ ਬੰਨੇ ਹੁੰਦੇ ਰਹੇ ਤੇ ਦੇਸ਼ੀ ਜੱਜ ਇਕੱਲਾ ਇਕ ਬੰਨੇ।

ਗ਼ਦਰੀ ਬੀਰਾਂ ਦੇ ਹੱਡਾਂ ਵਿਚ ਇਸ ਸਾਮਰਾਜੀ ਦਹਿਸ਼ਤ ਤੇ ਸਜ਼ਾਵਾਂ ਦਾ ਜ਼ਰਾ ਜਿੰਨਾਂ ਵੀ ਡਰ ਨਹੀਂ ਸੀ। ਬਾਬਾ ਸੋਹਣ ਸਿੰਘ ਭਕਨਾ ਦੱਸਦੇ ਹਨ, ਕਿ ਜਦ ਅਨਾਰਕਲੀ ਬਾਜ਼ਾਰ ਵਿਚ ਦੋ ਪੁਲਸੀ ਅਫਸਰਾਂ ਨੂੰ ਮਾਰਨ ਦੇ ਦੋਸ਼ ਵਿਚ ਭਾਈ ਅਰਜਨ ਸਿੰਘ ਖੁਖਰਾਣਾ ਨੂੰ, ਜਿਸ ਨੂੰ ਗ਼ਦਰ ਪਾਰਟੀ ਵਿਚੋਂ ਲਾਹੌਰ ਜੇਹਲ ਵਿਚ ਸਭ ਤੋਂ ਪਹਿਲਾਂ ਫਾਂਸੀ ਲੱਗਣ ਦਾ ਫ਼ਖ਼ਰ ਹਾਸਲ ਹੈ, ਫਾਂਸੀ ਲਈ ਲੈ ਜਾ ਰਹੇ ਸਨ ਤਾਂ ਉਹ ਉਚੀ ਉਚੀ ਪਾਠੀਆਂ ਵਾਂਗ 'ਗ਼ਦਰ ਗੂੰਜ' ਦੀਆਂ ਕਵਿਤਾਵਾਂ ਪੜ੍ਹਦੇ ਜਾ ਰਹੇ ਸਨ।

ਭਾਈ ਕਰਤਾਰ ਸਿੰਘ ਸਰਾਭਾ ਨੂੰ ਕਿਹਾ ਗਿਆ, ਕਿ ਉਹ ਅਜੇ ਬੱਚਾ ਹੈ ਤੇ ਇਕਬਾਲ ਨਾ ਕਰੇ ਤਾਂ ਭਾਈ ਜੀ ਨੇ ਜੱਜਾਂ ਨੂੰ ਉਤਰ ਦਿੱਤਾ, ਕਿ:

"ਮੈਂ ਇਸ ਦੁਸ਼ਟ ਬੇਗਾਨੀ ਹਕੂਮਤ ਨੂੰ ਉਲਟਾਉਣ ਲਈ ਕੀਤੇ ਹੋਏ ਕਾਰਨਾਵੇਂ ਲੁਕਾਕੇ ਆਪਣੀ ਚਮੜੀ ਨਹੀਂ ਬਚਾਉਣਾ ਚਾਹੁੰਦਾ।"

ਜੱਜਾਂ ਨੇ ਉਸ ਨੂੰ ਸੋਚਣ ਦਾ ਮੌਕਾ ਦੇਣ ਲਈ ਫੈਸਲਾ ਸੁਨਾਉਣਾ ਇਕ ਦਿਨ ਪਿਛੇ ਪਾ ਦਿਤਾ। ਪਰ ਭਾਈ ਕਰਤਾਰ ਸਿੰਘ ਨੇ ਅਗਲੇ ਦਿਨ ਵੀ ਇਹੀ ਬਿਆਨ ਦਿਤਾ। ਜਦ ਟਰਿਬੂਨਲ ਨੇ 13 ਸਤੰਬਰ, 1915 ਨੂੰ ਸਜ਼ਾਵਾਂ ਸੁਣਾਈਆਂ ਤੇ 24 ਗ਼ਦਰੀਆਂ ਨੂੰ ਫਾਂਸੀ ਦੇਕੇ ਮਾਰ ਦੇਣ ਦੀ ਸਜ਼ਾ ਦਿਤੀ ਤਾਂ ਸਾਰਿਆਂ ਨੇ ਹੀ ਜੱਜਾਂ ਦਾ ਸ਼ੁਕਰੀਆ ਅਦਾ ਕੀਤਾ। ਭਾਈ ਨਿਧਾਨ ਸਿੰਘ ਚੁੱਘਾ ਨੇ ਆਖਿਆ।

"ਬਸ? ਐਨਾ ਹੀ ਜ਼ੋਰ ਸੀ?"

ਭਾਈ ਜਵਾਲਾ ਸਿੰਘ ਨੂੰ ਉਮਰ ਕੈਦ ਹੋਈ ਤਾਂ ਉਹਨਾਂ ਨੇ ਕਿਹਾ ਕਿ ਉਹਨੂੰ ਫਾਂਸੀ ਦੀ ਸਜ਼ਾ ਕਿਉਂ ਨਹੀਂ ਦਿਤੀ ਗਈ।[1]

ਇਸ ਵਿਚ 24 ਗ਼ਦਰੀਆਂ ਦੀ ਮੌਤ ਦੀ ਸਜ਼ਾ ਦਿਤੀ ਗਈ, ਜਿਨ੍ਹਾਂ ਵਿੱਚੋਂ ਭਾਈ ਸੋਹਣ ਸਿੰਘ ਭਕਨਾ, ਪਰਧਾਨ ਗ਼ਦਰ ਪਾਰਟੀ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਨੂੰ ਮੌਤ ਦੀ ਸਜ਼ਾ ਤੇ ਭਾਈ ਜਵਾਲਾ ਸਿੰਘ ਠਠੀਆਂ, ਭਾਈ ਊਧਮ ਸਿੰਘ ਕਸੇਲ, ਭਾਈ ਸ਼ੇਰ ਸਿੰਘ ਵੇਈਂ ਪੋਈਂ ਤੇ ਭਾਈ ਮੰਗਲ ਸਿੰਘ ਲਾਲ ਪੁਰ ਢੋਟੀਆਂ ਨੂੰ ਉਮਰ ਕੈਦ ਦੀ ਸਜ਼ਾ ਦਿਤੀ ਗਈ। ਹਾਲਾਂਕਿ ਇਹਨਾਂ ਛਿਆਂ ਦਾ ਹਿੰਦ ਦੀ ਧਰਤੀ ਉਤੇ ਕੋਈ ਜੁਰਮ ਨਹੀਂ ਸੀ। ਇਹ ਤਾਂ ਆਉਂਦੇ ਹੀ ਜਹਾਜ਼ ਤੋਂ ਫੜਕੇ ਮਿੰਟਗੁਮਰੀ ਜੇਹਲ ਵਿਚ ਬੰਦ ਕਰ ਲਏ ਗਏ ਸਨ। ਦੂਸਰੇ ਇਹਨਾਂ ਤੋਂ ਇਲਾਵਾ ਬਾਕੀ ਦੇ ਯਾਰਾਂ ਅਜਿਹੇ ਗ਼ਦਰੀ ਸਨ, ਜਿਨ੍ਹਾਂ ਨੇ ਉਹਨਾਂ ਘਟਨਾਵਾਂ ਵਿੱਚ ਹਿੱਸਾ ਨਹੀਂ ਲਿਆ ਸੀ, ਜਿਨ੍ਹਾਂ ਦੀ

---

1. ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ

ਸਜ਼ਾ ਮੌਤ ਹੁੰਦੀ ਹੈ। ਇਹਨਾਂ ਗ਼ਦਰੀਆਂ ਨੂੰ ਰਹਿਮ ਦੀਆਂ ਦਰਖ਼ਾਸਤਾਂ ਦੇਣ ਵਾਸਤੇ ਆਖਿਆ ਗਿਆ, ਪਰ ਕਿਸੇ ਵੀ ਗ਼ਦਰੀ ਨੇ ਇਸ ਦੁਸ਼ਮਣ ਹਕੂਮਤ ਤੋਂ ਰਹਿਮ ਮੰਗਣਾ ਮੁਨਾਸਬ ਨਾ ਸਮਝਿਆ ਤੇ ਇਸ ਸਲਾਹ ਨੂੰ ਠੁਕਰਾ ਦਿਤਾ।[1] ਇਸ ਸਾਮਰਾਜੀ ਕਹਿਰ ਉਤੇ ਸਾਰੇ ਹਿੰਦੁਸਤਾਨ ਵਿਚ ਹਾਹਾਕਾਰ ਮੱਚ ਗਈ। ਗਲੀ ਮਹੱਲਿਆਂ ਤੇ ਕਲੱਬਾਂ ਵਿਚ ਚਰਚਾ ਛਿੜ ਪਈ। ਇਸ ਜਨਤਕ ਬੈਚੇਨੀ ਉਤੇ ਲਾਰਡ ਹਾਰਡਿੰਗ ਪਿੱਟ ਉਠਿਆ। ਜਦ ਉਸ ਨੂੰ ਇਹ ਵੀ ਪਤਾ ਲੱਗਾ ਕਿ ਕਲਕੱਤੇ ਦੇ ਵਕੀਲ ਇਸ ਫੈਸਲੇ ਦੀਆਂ ਕਮਜ਼ੋਰੀਆਂ ਜਾਣ ਗਏ ਸਨ ਤੇ ਉਡੀਕਦੇ ਸਨ ਕਿ ਰਹਿਮ ਦੀਆਂ ਦਰਖ਼ਾਸਤਾਂ ਦਾ ਸਮਾਂ ਲੰਘ ਜਾਏ ਤਾਂ ਉਹ ਸਪੈਸ਼ਲ ਅਦਾਲਤ ਤੇ 'ਹਿੰਦ ਰਖ਼ਸ਼ਾ' ਕਾਨੂੰਨ ਦੀ ਵਿਰੋਧਤਾ ਵਿਚ ਐਜੀਟੇਸ਼ਨ ਸ਼ੁਰੂ ਕਰਨ ਤਾਂ ਉਸ ਆਪ ਲਾਹੌਰ ਜਾਕੇ ਉਡਵਾਇਰ ਨੂੰ ਸਾਫ ਕਹਿ ਦਿਤਾ ਕਿ ਉਹ ਛਿਆਂ ਬੰਦਿਆਂ ਤੋਂ ਇਲਾਵਾ, ਜਿਨ੍ਹਾਂ ਨੇ ਖ਼ੁਦ ਕਤਲਾਂ ਤੇ ਡਾਕਿਆਂ ਵਿਚ ਹਿੱਸਾ ਲਿਆ ਹੈ, ਬਾਕੀਆਂ ਦੀ ਕੁਰਬਾਨੀ ਦੀ ਆਗਿਆ ਨਹੀਂ ਦੇ ਸਕਦਾ। ਅਪੀਲਾਂ ਤੇ ਹੈ ਹੀ ਨਹੀਂ ਸਨ, ਵਾਇਸਰਾਏ ਨੇ ਖ਼ੁਦ 17 ਗ਼ਦਰੀਆਂ ਦੀਆਂ ਮੌਤਾਂ ਦੀਆਂ ਸਜ਼ਾਵਾਂ ਤੋੜਕੇ ਉਮਰ ਕੈਦਾਂ ਕਰ ਦਿਤੀਆਂ ਤੇ 7 ਉਮਰ ਕੈਦੀਆਂ ਦੀਆਂ ਸਜ਼ਾਵਾਂ ਘਟਾ ਦਿਤੀਆਂ।[2]

ਇਸ ਮੁਕੱਦਮੇ ਵਿਚ 24 ਫਾਂਸੀ ਵਾਲਿਆਂ ਨੂੰ ਫਾਂਸੀ ਦੇਕੇ ਮਾਰ ਦੇਣ ਲਈ ਤਿਆਰ ਕੀਤਾ ਗਿਆ। ਉਹਨਾਂ ਨੇ ਘਰ ਵਾਲਿਆਂ ਦੀਆਂ ਆਖਰੀ ਮੁਲਾਕਾਤਾਂ ਕਰਵਾ ਦਿਤੀਆਂ ਗਈਆਂ। ਫਾਂਸੀ ਦੇ ਦਿਨ ਦੀ ਪਹਿਲੀ ਰਾਤ ਤਾਂ 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਪੜ੍ਹ ਦਿਆਂ ਤੇ ਗਾਉਂਦਿਆਂ ਹੀ ਲੰਘ ਗਈ। ਸਾਰਿਆਂ ਨੂੰ ਲਾੜਿਆਂ ਵਾਂਗ ਖੁਸ਼ੀਆਂ ਤੇ ਚਾਅ ਚੜ੍ਹੇ ਹੋਏ ਸਨ। ਸਵੇਰਾ ਹੋਇਆ ਤਾਂ ਜੇਹਲ ਹਾਕਮਾਂ ਨੇ ਆ ਕੇ ਕਿਹਾ, ਕਿ "ਫਾਂਸੀਆਂ ਮੁਲਤਵੀ ਹੋ ਗਈਆਂ ਹਨ।" ਸਿਰਲੱਥ ਗ਼ਦਰੀਆਂ ਨੇ ਸਾਰੇ ਚਾਅ ਮਾਰੇ ਗਏ। ਦਿਨ ਨੂੰ ਸਤਾਰਾਂ ਗ਼ਦਰੀਆਂ ਦੀਆਂ ਸਜ਼ਾਵਾਂ ਉਮਰ ਕੈਦ ਵਿਚ ਬਦਲੇ ਜਾਣ ਦਾ ਹੁਕਮ ਸੁਣਾਇਆ ਗਿਆ 10 ਤੇ ਅਗਲੇ ਦਿਨ ਭਾਈ ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ ਸੁਰਸਿੰਘ, ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਹਰਨਾਮ ਸਿੰਘ ਸਿਆਲਕੋਟੀ ਤੇ ਤਿੰਨ ਭਾਈ ਬਖਸ਼ੀਸ਼ ਸਿੰਘ, ਭਾਈ ਸੁਰਾਇਣ ਸਿੰਘ ਤੇ ਭਾਈ ਸੁਰਾਇਣ ਸਿੰਘ (ਦੂਸਰਾ) ਗਿਲਵਾਲੀ ਦੇ ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਹੋਈ। ਸਾਮਰਾਜੀ ਕਹਿਰ ਹਾਰਡਿੰਗ ਦੀ ਛਾਨਣੀ ਵਿਚੋਂ ਵੀ ਚੋਣੋਂ ਨਾ ਰਿਹਾ। ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਦੀ ਮੌਤ ਦੀ ਸਜ਼ਾ ਦਿਤੀ ਗਈ, ਹਾਲਾਂ ਕਿ ਉਹ ਕਿਸੇ ਕਤਲ ਜਾਂ ਡਾਕੇ ਵਿਚ ਸ਼ਾਮਲ ਨਹੀਂ ਸੀ। ਇਹਨਾਂ ਸੂਰਮੇ ਗ਼ਦਰੀਆਂ ਨੂੰ 16 ਨਵੰਬਰ ਨੂੰ ਲਾਹੌਰ ਸੈਂਟਰਲ ਜੇਹਲ ਵਿਚ ਸ਼ਹੀਦ ਕੀਤਾ ਗਿਆ।[3]

## ਬਨਾਰਸ ਵੀ ਗਿਆ

ਬਨਾਰਸ ਵਿਚ ਸ੍ਰੀ ਰਾਸ ਬਿਹਾਰੀ ਬੋਸ ਦੇ ਨਿਕਟਵਰਤੀ ਸ੍ਰੀ ਸਚਿੰਦਰ ਨਾਥ ਸਾਨਿਆਲ ਦੇ ਕੰਮ ਦਾ ਕੇਂਦਰ ਸੀ। ਇਥੋਂ ਹੀ ਉਹ ਆਪਣੇ ਸਾਰੇ ਕੰਮ ਨੂੰ ਚਲਾਉਂਦੇ ਤੇ ਗ਼ਦਰ ਲਹਿਰ ਨਾਲ

---

1. ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ
2. ਮੇਰੇ ਹਿੰਦੀ ਸਾਲ, 1910-16 ਸਫਾ 130
3. ਮੇਰੀ ਆਪ-ਬੀਤੀ (ਭਾਈ ਪਰਮਾਨੰਦ) ਸਫਾ 98 ਤੇ ਬਾਬਾ ਸੋਹਣ ਸਿੰਘ ਭਕਨਾ ਦਾ ਬਿਆਨ

ਤਾਲ ਮੇਲ ਰੱਖਦੇ ਸਨ। ਸਾਰੇ ਬੰਗਾਲੀ ਇਨਕਲਾਬੀ ਗਰੋਹਾਂ ਦੇ ਇਕੱਠਿਆਂ ਰਲ ਕੇ ਕੰਮ ਕਰਨ ਦਾ ਇਹ ਕੇਂਦਰ ਬਹੁਤ ਮਹਾਨਤਾ ਰੱਖਣ ਲੱਗ ਪਿਆ ਸੀ।

ਲਾਹੌਰ ਦੀਆਂ ਗਰਿਫਤਾਰੀਆਂ ਤੋਂ ਬਾਅਦ ਬਨਾਰਸ ਵਿਚ ਵੀ ਗਰਿਫਤਾਰੀਆਂ ਹੋਈਆਂ। ਲਾਹੌਰ ਦੀਆਂ ਗਰਿਫਤਾਰੀਆਂ ਸੁਣ ਕੇ ਇਥੋਂ ਦੇ ਇਨਕਲਾਬੀ ਗਰੋਹ ਨੇ ਪੁਰਾਣੇ ਮਕਾਨ ਛੱਡ ਦਿੱਤੇ। ਇਹਨਾਂ ਮਕਾਨਾਂ ਦਾ ਲਾਹੌਰੋਂ ਵਾਇਦਾ ਮਾਫਾਂ ਤੋਂ ਪਤਾ ਲੱਗ ਗਿਆ ਸੀ। ਪੁਲਸ ਨੇ ਇਹਨਾਂ ਥਾਵਾਂ ਦੀ ਨਿਗਰਾਨੀ ਸ਼ੁਰੂ ਕਰ ਦਿਤੀ ਤੇ ਉਸ ਨੇ ਗਰੋਹ ਦਾ ਇਕ ਭਿਬੂਤੀ ਚਰਨ ਛੱਡੇ ਹੋਏ ਮਕਾਨ ਉਤੇ ਆਪਣੇ ਰਹਿ ਗਏ ਹੋਏ ਕੱਪੜੇ ਲੈਣ ਗਿਆ, ਢਾਹ ਲਿਆ। ਇਹ ਭੈੜਾ ਪੈਕੇ ਪੁਲਸ ਨੂੰ ਸਭ ਕੁਝ ਦੱਸ ਬੈਠਾ ਤੇ ਮੁਕੱਦਮੇ ਵਿਚ ਵਾਇਦਾ ਮਾਫ ਬਣ ਗਿਆ। ਹਕੂਮਤ ਨੇ ਏਥੇ ਵੀ ਲਾਹੌਰ ਵਾਂਗ ਸਪੈਸ਼ਲ ਟਰਿਬੂਨਲ ਬਣਾਕੇ 25 ਬੰਦਿਆਂ ਦਾ ਚਲਾਨ ਪੇਸ਼ ਕੀਤਾ। 16 ਬੰਦੇ ਅਦਾਲਤ ਵਿਚ ਹਾਜ਼ਰ ਸਨ, ਜਿਨ੍ਹਾਂ ਵਿਚੋਂ ਦੋ ਧਰਮ ਸਿੰਘ ਤੇ ਜਾਦੂਨਾਥ ਸਿੰਘ ਫੌਜੀ ਸਨ। ਛੇ ਮਫਰੂਰ ਸਨ। ਰਾਓ ਗੋਪਾਲ ਸਿੰਘ ਕਰੂਰਾ ਤੋਂ ਜਿਸ ਨੇ ਰਾਸ ਬਿਹਾਰੀ ਦੇ ਆਖੇ ਗ਼ਦਰ ਲਈ ਹਥਿਆਰ ਦੇਣੇ ਕੀਤੇ ਸਨ, ਰਾਜਸੀ ਕਾਰਨਾਂ ਕਰਕੇ ਮੁਕੱਦਮਾ ਵਾਪਸ ਲੈ ਲਿਆ ਗਿਆ। ਇਹਨਾਂ ਉਤੇ ਭੜਕਾਊ ਸਾਹਿਤ ਵੰਡਣ, ਫੌਜਾਂ ਦੀ ਆਗਿਆਕਾਰੀ ਨੂੰ ਛੇੜਨ ਤੇ ਪੰਜਾਬ, ਦਿੱਲੀ ਤੇ ਮੇਰਠ ਵਰਗੀਆਂ ਥਾਵਾਂ ਨੂੰ ਬੰਬ ਤੇ ਗੋਲੀ ਬਾਰੂਦ ਪੁਚਾਉਣ ਦਾ ਡੀਪੋ ਹੋਣ ਦੇ ਇਲਜ਼ਾਮ ਲਾਏ। ਇਹਨਾਂ ਦੇ ਲੀਡਰ ਸ੍ਰੀ ਸਚਿੰਦਰ ਨਾਥ ਸਾਨਿਆਲ ਨੂੰ, ਜੋ ਪੰਜਾਬ ਆਉਂਦੇ ਰਹੇ, ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ। ਸ੍ਰੀ ਸਚਿੰਦਰ ਨਾਥ ਦੇ ਦੋ ਹੋਰ ਭਰਾ ਮੁਕੱਦਮੇ ਵਿਚ ਵਲ੍ਹੇਟੇ ਹੋਏ ਸਨ। ਇਕ ਨੂੰ ਬਰੀ ਕਰ ਦਿਤਾ ਗਿਆ ਤੇ ਦੂਸਰੇ ਜਤਿੰਦਰ ਨਾਥ ਨੂੰ ਦੋ ਸਾਲ ਦੀ ਸਜ਼ਾ ਦੇ ਦਿਤੀ। ਸ੍ਰੀ ਦਮੋਦਰ ਸਰੂਪ ਤੇ ਸ੍ਰੀ ਗਣੇਸ਼ੀ ਲਾਲ ਨੂੰ ਸਤ ਸਤ ਸਾਲ; ਸ੍ਰੀ ਲਛਮੀਨਾ ਰੈਣ, ਸ੍ਰੀ ਨਲਨੀ ਮੋਹਨ ਮੁਕਰਜੀ ਤੇ ਸ੍ਰੀ ਪਰਤਾਪ ਸਿੰਘ ਨੂੰ ਪੰਜ ਪੰਜ ਸਾਲ, ਸ੍ਰੀ ਗਿਰਜਾ ਬਾਬੂ ਦੂਸਰਾ ਨਾਂ ਨਰਿੰਦਰ ਨਾਥ ਦੱਤ ਨੂੰ ਪੰਜਾਂ ਸਾਲਾਂ ਨਾਲ 500 ਰੁਪਿਆ ਜੁਰਮਾਨਾ ਵੀ ਠੋਕਿਆ ਗਿਆ। ਸ੍ਰੀ ਅੱਨਾ ਦਾ, ਸ੍ਰੀ ਬੈਂਕਮ ਚੰਦਰ ਮਿਤਰ ਤੇ ਸ੍ਰੀ ਕਾਲੀ ਮਾਦੋ ਮੁਕਰਜੀ ਨੂੰ ਤਿੰਨ ਤਿੰਨ ਸਾਲ ਕੈਦ ਸਖ਼ਤ ਦੀਆਂ ਸਜ਼ਾਵਾਂ ਦਿਤੀਆਂ ਗਈਆਂ। ਦੋਵੇਂ ਫੌਜੀ ਸਪਾਹੀ ਬਰੀ ਕਰ ਦਿਤੇ ਗਏ। ਓਹਨਾਂ ਵਿਰੁੱਧ ਕੋਈ ਗਵਾਹੀ ਨਹੀਂ ਸੀ ਤੇ ਨਾ ਹੀ ਪੰਜਾਬ ਦੇ ਵਾਇਦਾ ਮਾਫਾਂ ਨੇ ਉਹਨਾਂ ਨੂੰ ਸ਼ਨਾਖਤ ਕੀਤਾ।

ਟਰਿਬੂਨਲ ਦੀ ਰਾਏ ਸੀ ਕਿ:-

"ਲਾਹੌਰ, ਦਿਲੀ ਤੇ ਬਨਾਰਸ ਦੀਆਂ ਸਾਜ਼ਿਸਾਂ ਇਕੋ ਹੀ ਵੱਡੀ ਲਹਿਰ ਦੇ ਹਿਸੇ ਸਨ, ਪਰ ਇਸ ਲਹਿਰ ਦਾ ਕੇਂਦਰ ਪੰਜਾਬ ਵਿਚ ਸੀ। ਜਿਥੋਂ ਦੇ ਜਿਸ ਮਾਲ ਨਾਲ ਸਾਨੂੰ ਨਜਿੱਠਣਾ ਪਿਆ, ਉਹ ਬੰਗਾਲ ਦੇ ਛੋਕਰਿਆਂ ਨਾਲੋਂ ਬਹੁਤ ਹੋਰ ਤਰ੍ਹਾਂ ਦਾ ਸੀ।[1]"

## ਨਵਾਂ ਕੰਮ

21 ਫਰਵਰੀ ਨੂੰ ਉਠਣ ਵਾਲਾ ਗ਼ਦਰ ਫੇਲ੍ਹ ਹੋ ਗਿਆ। ਪਾਰਟੀ ਨਾਲ ਸਬੰਧਤ ਦੇਸ਼ੀ ਫੌਜੀ ਅਫਸਰਾਂ ਨੂੰ ਜਦ ਪਤਾ ਲੱਗਾ ਤਾਂ ਉਹਨਾਂ ਨੇ ਮਥੇ ਉਤੇ ਹੱਥ ਮਾਰੇ ਤੇ "ਸੜ ਗਏ ਲੇਖ" ਦੀ

---

1. ਹੋਮ (ਪੋਲੀਟੀਕਲ) ਓ. ਅਪਰੈਲ 1916, ਕਾਰਵਾਈ ਨੰ. 471, ਬਨਾਰਸ ਸਾਜ਼ਿਸ਼ ਦਾ ਮੁਕੱਦਮਾ (ਫੈਸਲਾ)

ਹਾਅ ਮਾਰਕੇ ਸਿਰ ਸੁਟ ਦਿਤੇ।[1] ਕਈਆਂ ਸਾਲਾਂ ਦੀ ਮਿਹਨਤ, ਇਨਕਲਾਬੀਆਂ ਤੇ ਉਹਨਾਂ ਨਾਲ ਆਏ ਆਸਵੰਦ ਲੋਕਾਂ ਦੀਆਂ ਕੀਤੀਆਂ ਮਾਇਕ ਤੇ ਸ਼ਰੀਰਕ ਕੁਰਬਾਨੀਆਂ ਫਲ ਪਾਉਣੋ ਰਹਿ ਗਈਆਂ। ਅੰਗਰੇਜ਼ੀ ਹਕੂਮਤ ਆਪਣੇ ਟੁਕੜਿਆਂ ਉਤੇ ਲਾਈ ਹੋਈ ਜਾਗੀਰਦਾਰ ਜਮਾਤ ਦੀ ਸਹਾਇਤਾ ਨਾਲ ਗ਼ਦਰ ਨੂੰ ਫੁਟਣ ਤੋਂ ਪਹਿਲਾਂ ਹੀ ਨੱਪ ਲੈਣ ਵਿਚ ਸਫ਼ਲ ਹੋ ਗਈ। ਸਾਮ-ਰਾਜੀਆਂ ਦੇ ਘਰ ਘਿਓ ਦੇ ਦੀਵੇ ਬਲ ਉਠੇ। ਦੇਸ਼ ਦੀ ਇਨਕਲਾਬੀ ਲੋਅ ਵਾਸਤੇ ਬਾਲੀ ਜਾ ਰਹੀ ਇਹ ਚਵਾਤੀ ਮਲ ਸੁੱਟੀ ਗਈ। ਗ਼ਦਰੀਆਂ ਨਾਲੋਂ ਵੀ ਜ਼ਿਆਦਾ ਦੇਸ਼ ਦੀ ਲੋਕ ਰਾਏ ਨਿਰਾਸ਼ ਹੋਈ। ਫੌਜੀ ਜਿਥੇ ਸਨ, ਓਥੇ ਹੀ ਦੜ ਵੱਟ ਗਏ। ਅੰਗਰੇਜ਼ੀ ਸਾਮਰਾਜੀਆਂ ਦੀ ਉਸ ਵੇਲੇ ਹੀ ਜੰਗੀ ਲੋੜ ਨੇ ਫੌਜੀਆਂ ਵਿਰੁੱਧ ਅੰਗਰੇਜ਼ੀ ਹਕੂਮਤ ਨੂੰ ਫੌਜੀਆਂ ਉਤੇ ਅੰਨ੍ਹਾ ਜ਼ਬਰ ਜ਼ੋਰ ਵਰਤਣ ਤੋਂ ਹਟਕੀ ਰਖਿਆ। ਪਿੰਡੋ ਪਿੰਡ ਤਲਾਸ਼ੀਆਂ, ਗਰਿਫਤਾਰੀਆਂ ਅਤੇ ਪੁਲਸ ਤੇ ਫੌਜ ਦੇ ਮਾਰੋ ਮਾਰ ਕਰਦੇ ਫਿਰਨ ਨੇ ਲੋਕਾਂ ਵਿਚ ਤਰਾਸ ਪੈਦਾ ਕਰ ਦਿਤਾ। ਇਹ ਜ਼ਬਰ ਤੇ ਕਹਿਰ ਦੀ ਸਾਮਰਾਜੀ ਹਨੇਰੀ ਪੰਜਾਬ ਦੇ ਲੋਕਾਂ ਉਤੇ ਬਿੱਝ ਵਾਂਗ ਟੁੱਟ ਗਈ।

ਗ਼ਦਰੀਆਂ ਦੀਆਂ ਧੜਾਧੜ ਗਰਿਫਤਾਰੀਆਂ ਹੋ ਰਹੀਆਂ ਸਨ। ਪਰ ਲਹਿਰ ਦੇ ਬਚੇ ਰਹੇ ਲੀਡਰਾਂ ਤੇ ਵਰਕਰਾਂ ਦੀ ਖਲੜੀ ਵਿਚ ਡਰ ਨਹੀਂ ਆਇਆ। ਉਹ ਸਾਹ ਲੈਕੇ ਤਕੜੇ ਹੋ ਕੇ ਪੈਣ ਲਈ ਮੁੜ ਮੈਦਾਨ ਵਿਚ ਆ ਗਏ। ਉਹਨਾਂ ਨੇ ਆਪਣੇ ਕੀਤੇ ਤੇ ਨਾਲ ਵਾਪਰੀ ਉਤੇ ਵਿਚਾਰ ਕੀਤੀ ਤਾਂ ਸਹੀ, ਪਰ ਆਪਣੀ ਲਹਿਰ ਤੇ ਜਥੇਬੰਦੀ ਦੀਆਂ ਕਚਿਆਈਆਂ, ਕਮਜ਼ੋਰੀਆਂ ਤੇ ਗ਼ਲਤੀਆਂ ਨੂੰ ਬਾਹਲਾ ਨਹੀਂ ਦੇਖਿਆ, ਨਾ ਹੀ ਆਪਣੇ ਨਿਸ਼ਾਨੇ ਦੇ ਰਾਹ ਵਿਚਲੀਆਂ ਖਾਈਆਂ, ਅਟਕਾਂ, ਰੋੜੇ ਤੇ ਔਖਿਆਈਆਂ ਉਤੇ ਨਿਗਾਹ ਮਾਰੀ, ਜਿਸ ਲਈ ਉਹਨਾਂ ਨੇ ਆਪਣੇ ਪਰੋਗਰਾਮ ਦੇ ਦਾਉਪੇਚ ਤੇ ਅਮਲ ਵਿਚ ਕੋਈ ਤਬਦੀਲੀ ਨਹੀਂ ਕੀਤੀ। ਉਹ ਅੰਗਰੇਜ਼ੀ ਰਾਜ ਦੀ ਇਸ ਹਥ-ਚਲਾਕੀ ਨਾਲ ਗ਼ਦਰ ਲਹਿਰ ਨੂੰ ਅੰਦਰੋਂ ਹੋ ਕੇ ਨਾਸ਼ ਕਰਨ ਦੀ ਸਾਮਰਾਜੀ ਚਾਲ ਵਿਰੁੱਧ ਲੋਹੇ ਲਾਖੇ ਹੋ ਗਏ। ਉਹਨਾਂ ਨੇ ਆਪਣੇ ਮੂਹਰੇ ਅੰਗਰੇਜ਼ੀ ਰਾਜ ਨਾਲ ਆਪਣੇ ਬਲ ਬੋਤੇ ਉਤੇ ਹੀ ਲੜਨ ਦਾ ਨਿਸ਼ਾਨਾ ਰਖਿਆ ਤੇ ਸਿਧੇ ਉਸ ਨੂੰ ਹੀ ਇਕ ਟੱਕ ਦੇਖੀ ਗਏ। ਉਹਨਾਂ ਆਪਣੀ ਕਮਜ਼ੋਰੀ ਹਥਿਆਰਾਂ ਦੀ ਘਾਟ ਵਿਚ ਤੇ ਦੁਸ਼ਮਣ ਦੀ ਤਾਕਤ ਸਰਦਾਰਾਂ ਦੀ ਅੰਗਰੇਜ਼ ਪਰਸਤੀ ਤੇ ਕੌਮ-ਦੁਸ਼ਮਣੀ ਵਿਚ ਵੇਖੀ। ਉਹਨਾਂ ਨੇ ਇਸ ਝੋਲੀਚੁਕਾਂ ਦੀ ਪਰਥਾ ਨੂੰ ਅੰਗਰੇਜ਼ੀ ਰਾਜ ਦਾ ਆਪਣੀ ਲਹਿਰ ਦੇ ਖਿਲਾਫ਼ ਵੱਡਾ ਹਥਿਆਰ ਸਮਝਿਆ, ਜਿਸ ਨੂੰ ਵਰਤਕੇ ਅੰਗਰੇਜ਼ੀ ਹਕੂਮਤ ਗ਼ਦਰ ਲਹਿਰ ਨੂੰ ਮਾਰੂ ਸੱਟ ਮਾਰਨ ਵਿਚ ਕਾਮਯਾਬ ਹੋ ਗਈ। ਇਸ ਲਈ ਉਹਨਾਂ ਦੀ ਲਾਈਨ ਇਹ ਬਣੀ ਕਿ ਆਪਣੀ ਤਾਕਤ ਬਨਾਉਣ ਲਈ ਹਥਿਆਰ ਪਰਪਾਤ ਕੀਤੇ ਜਾਣ ਤੇ ਦੁਸ਼ਮਣ ਦੀ ਤਾਕਤ ਨੂੰ ਘਟਾਉਣ ਵਾਸਤੇ ਇਹ ਪਾਮਰ ਸੋਧੇ ਜਾਣ।

ਪਿੱਛੇ ਬਚ ਰਹੇ ਗ਼ਦਰੀ ਲੀਡਰਾਂ ਵਿਚ ਭਾਈ ਪਰੇਮ ਸਿੰਘ ਸੁਰਸਿੰਘੀਆ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਵੰਦ ਸਿੰਘ ਨੰਗਲ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਈਸ਼ਰ ਸਿੰਘ ਢੁਡੀਕੇ, ਭਾਈ ਗਾਂਧਾ ਸਿੰਘ ਜਾਂ ਭਗਤ ਸਿੰਘ ਕੱਚਰਭੰਨ, ਭਾਈ ਉਤਮ ਸਿੰਘ ਹਾਂਸ, ਭਾਈ ਬੂਟਾ ਸਿੰਘ ਅਕਾਲ ਗੜ੍ਹ ਆਦਿ ਵਰਗੇ ਸੂਰਮੇ ਵਰਨਣ ਯੋਗ ਹਨ। ਇਹਨਾਂ ਲੋਕਾਂ ਨੇ ਮਿਲਕੇ ਪਰੋਗਰਾਮ ਬਣਾਇਆ ਕਿ ਕੰਮ ਚਲਾਉਣ ਤੇ ਅਗਾਂਹ ਤੋਰਨ ਲਈ ਹਥਿਆਰ ਇਕੱਠੇ ਕੀਤੇ ਜਾਣ ਤੇ ਜਿਨ੍ਹਾਂ

1. ਹਰਨਾਮ ਸਿੰਘ ਕਹੂਟਾ ਦਾ ਬਿਆਨ

ਝੋਲੀਚੁਕ ਪਾਮਰਾਂ ਨੇ ਗ਼ਦਰ ਲਹਿਰ ਨੂੰ ਨਿਸਫਲ ਕਰਨ ਵਿਚ ਅੰਗਰੇਜ਼ੀ ਰਾਜ ਦੀ ਮੂੰਹ ਚੜ੍ਹਕੇ ਮਦਦ ਕੀਤੀ ਹੈ, ਉਹਨਾਂ ਗ਼ਦਾਰਾਂ ਨੂੰ ਪੰਜਾਬ ਦੀ ਪਵਿੱਤਰ ਧਰਤੀ ਤੋਂ ਚੁਕ ਦਿਤਾ ਜਾਏ, ਤਾਂ ਜੋ ਉਹ ਆਪਣੀ ਸੜਾਂਧ ਨਾਲ ਦੇਸ਼ ਦੀ ਨਿਰਮਲ ਹਵਾ ਨੂੰ ਗੰਦਾ ਨਾ ਕਰਨ। ਕਿਰਪਾਲ ਸਿੰਘ ਮੁਖਬਰ ਤੇ ਬੇਲਾ ਸਿੰਘ ਜ਼ੈਲਦਾਰ ਨੂੰ ਖਤਮ ਕਰ ਦੇਣ ਦਾ ਫੈਸਲਾ ਹੋਇਆ।[1] ਇਸ ਕੰਮ ਨੂੰ ਭਾਈ ਪਰੇਮ ਸਿੰਘ ਨੇ ਆਪਣੇ ਜ਼ਮੇ ਲਿਆ। ਭਾਈ ਪਰੇਮ ਸਿੰਘ ਨੇ 15 ਮਾਰਚ ਨੂੰ ਅਰੂੜ ਸਿੰਘ ਸੰਘਵਾਲ ਨੂੰ ਸੱਦਕੇ ਬੰਬ ਤੇ ਡਾਈਨਾਮੇਟ ਬਨਾਉਣ ਦੀ ਜਾਚ ਸਿੱਖੀ ਤੇ 27 ਮਾਰਚ, 1915 ਨੂੰ ਸ਼ਾਲਾਮਾਰ ਬਾਗ਼ ਦੇ ਮੇਲੇ ਵਿਚ ਗ਼ਦਰੀਆਂ ਦੀ ਗਰਿਫਤਾਰੀ ਲਈ ਮਾਰੋ ਮਾਰ ਕਰਦੇ ਫਿਰਦੇ ਰਹਿਣ ਵਾਲੇ ਸਾਵਨ ਮਲ ਥਾਣੇਦਾਰ ਉਤੇ ਬੰਬ ਸੁੱਟਿਆ, ਪਰ ਉਹ ਮਰਨੋ ਬਚ ਗਿਆ।[2]

ਭਾਈ ਪਿਆਰਾ ਸਿੰਘ ਲੰਗੇਰੀ, ਭਾਈ ਜਵੰਦ ਸਿੰਘ ਨੰਗਲ ਕਲਾਂ ਨਾਲ ਰਲ ਕੇ ਪਿੰਡਾਂ ਵਿਚ ਗ਼ਦਰ ਦਾ ਪਰਚਾਰ ਕਰਦਾ ਹੁੰਦਾ ਸੀ ਤੇ ਚੰਗਾ ਨਿਡਰ ਵਰਕਰ ਸੀ। ਬਿੰਝੋਂ ਦੇ ਇਕ ਸਾਧ ਦਾ ਡੇਰਾ ਉਸ ਦਾ ਅੱਡਾ ਸੀ। ਇਹ ਗੱਲ ਨੰਗਲ ਕਲਾਂ ਦੇ ਜ਼ੈਲਦਾਰ ਚੰਦਾ ਸਿੰਘ ਤੱਕ ਪਹੁੰਚ ਗਈ। ਉਸ ਨੇ 12 ਅਪਰੈਲ, 1915 ਨੂੰ ਭਾਈ ਪਿਆਰਾ ਸਿੰਘ ਨੂੰ ਫੜਾ ਦਿਤਾ। ਦੁਆਬੇ ਦੀ ਗ਼ਦਰੀ ਇਕਾਈ ਨੇ ਇਸ ਦੁਖੋਂ ਗੁੱਸਾ ਖਾ ਕੇ ਇਸ ਜ਼ੈਲਦਾਰ ਦੀ ਅਲਖ਼ ਮੁਕਾ ਦਿਤਾ। ਇਸ ਦੋਸ਼ ਵਿਚ ਭਾਈ ਬੰਤਾ ਸਿੰਘ ਸੰਘਵਾਲ, ਭਾਈ ਬੂਟਾ ਸਿੰਘ ਅਕਾਲਗੜ੍ਹ ਜ਼ਿਲਾ ਲੁਧਿਆਣਾ ਤੇ ਭਾਈ ਜਵੰਦ ਸਿੰਘ ਨੰਗਲ ਉਤੇ ਮੁਕਦਮੇ ਚਲੇ। ਭਾਈ ਜਵੰਦ ਸਿਘ ਮਫਰੂਰ ਕਰਾਰ ਦਿਤਾ ਗਿਆ। ਲਾਹੌਰ ਦੇ ਸਪੈਸ਼ਲ ਟਰਿਬੂਨਲ ਨੇ ਇਹਨਾਂ ਦੋਂਹ ਨੂੰ ਫ਼ਾਂਸੀ ਦੀ ਸਜ਼ਾ ਦਿਤੀ।[3] ਤੇ ਇਹਨਾਂ ਨੂੰ ਫਾਂਸੀ ਲਾਕੇ ਸ਼ਹੀਦ ਕਰ ਦਿਤਾ ਗਿਆ। ਇਸ ਮੁਕੱਦਮੇ ਵਿਚ ਬੜੀ ਕਚਿਆਈ ਸੀ ਅਤੇ ਜੇ ਅੰਗਰੇਜ਼ੀ ਰਾਜ ਉਦੋਂ ਕਰੋਪੀ ਦੀ ਹਾਲਾਤ ਵਿਚ ਨਾ ਹੁੰਦਾ ਤਾਂ ਇਹਨਾਂ ਗ਼ਦਰੀਆਂ ਨੂੰ ਕਦੇ ਵੀ ਸਜ਼ਾ ਨਾ ਹੁੰਦੀ। ਉਹ ਇਹ ਹੈ ਕਿ ਕਤਲ 25 ਅਪਰੈਲ, 1915 ਨੂੰ ਹੁੰਦਾ ਹੈ ਤੇ ਪੁਲਸ ਮੁਕੱਦਮਾ ਅਦਾਲਤ ਵਿਚ ਪੇਸ਼ ਕਰਨ ਦੀ 20 ਅਪਰੈਲ ਤਾਰੀਖ਼ ਪਾਉਂਦੀ ਹੈ[4] ਜਿਸ ਤੋਂ ਗ਼ਦਰੀਆਂ ਦਾ ਖ਼ੂਨ ਵਗਾਉਣ ਵਿਚ ਜ਼ੁਲਮ ਕਮਾਉਣ ਦੀ ਅੰਗਰੇਜ਼ੀ ਕਾਹਲ ਚੋ ਚੋ ਪੈਂਦੀ ਹੈ।

## ਕਪੂਰਥਲੇ ਉਤੇ ਸਲਾਹਵਾਂ

25 ਮਈ ਦੀ ਮੀਟਿੰਗ ਵਿਚ ਭਾਈ ਪਰੇਮ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਵੰਦ ਸਿੰਘ ਨੰਗਲ, ਭਾਈ ਈਸ਼ਰ ਸਿੰਘ ਢੁੱਡੀਕੇ ਤੇ ਹੋਰ ਗ਼ਦਰੀਆਂ ਨੇ ਫੈਸਲਾ ਕੀਤਾ ਕਿ ਕਪੂਰਥਲੇ ਦੇ ਅਸਲਾਹ ਖ਼ਾਨੇ ਉਤੇ ਹਮਲਾ ਕਰਕੇ ਹਥਿਆਰ ਖੋਹੇ ਜਾਣ।[5] ਭਾਈ ਨਿਰੰਜਣ ਸਿੰਘ ਪੰਡੋਰੀ ਲੱਧਾ ਸਿੰਘ ਤੇ ਅਮਰ ਸਿੰਘ ਉਸਮਾਨਪੁਰੀਏ ਨੂੰ 50-60 ਬੰਦੇ ਲੈ ਜਾਣ ਲਈ ਤਿਆਰ

---

1. 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 115
2. ਉਤਲਿਖਤ ਸਫਾ 116 ਤੇ ਲਾਹੌਰ ਸਾਜ਼ਿਸ਼ ਮੁਕੱਦਮਾ (ਦੂਸਰਾ), ਸਫਾ 71
3. ਨੰਗਲ ਕਤਲ ਦਾ ਮੁਕੱਦਮਾ (ਫੈਸਲਾ), ਹੋਮ (ਪੋਲੀਟੀਕਲ) ਓ. ਅਕਤੂਬਰ 1915, ਨੰ. 671-84 ਭਾਈ ਪਿਆਰਾ ਸਿੰਘ ਤੇ ਭਾਈ ਨਿਰੰਜਣ ਸਿੰਘ ਦਾ ਬਿਆਨ
4. ਉਤਲਿਖਤ ਫੈਸਲਾ
5. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 117

ਕਰਨ ਵਾਸਤੇ ਹੁਕਮ ਹੋਇਆ। ਇਹ ਬੰਦੇ ਅਮਰ ਸਿੰਘ ਨੇ ਹੀ ਤਿਆਰ ਕਰ ਲਏ। ਭਾਈ ਜਵੰਦ ਸਿੰਘ ਨੰਗਲ ਦਾ ਕਪੂਰਥਲਾ ਦੇ ਫੌਜੀਆਂ ਵਿਚ ਆਉਣ ਜਾਣ ਸੀ, ਉਸ ਦੀ ਸਲਾਹ ਨਾਲ ਅਸਲਾਹ ਖ਼ਾਨੇ ਨੇ ਇਨਚਾਰਜ ਭਗਵਾਨ ਸਿੰਘ ਹਵਾਲਦਾਰ ਨੇ ਕਹਿ ਦਿਤਾ ਸੀ ਕਿ ਗ਼ਦਰ ਪਾਰਟੀ ਦੇ ਬੰਦੇ ਆਉਂਦਿਆਂ ਹੀ ਉਹ ਅਸਲਾਹ ਖ਼ਾਨੇ ਦੀਆਂ ਕੁੰਜੀਆਂ ਉਹਨਾਂ ਨੇ ਹਵਾਲੇ ਕਰ ਦੇਵੇਗਾ ਤੇ ਸਾਮਾਨ ਲੈ ਜਾਣ ਵਾਸਤੇ ਖੱਚਰਾਂ ਵੀ ਤਿਆਰ ਮਿਲਣਗੀਆਂ। ਸੁਤੀ ਫੌਜ ਉਤੇ ਹਮਲਾ ਕਰਕੇ ਜੋ ਖੋਹ ਲਿਆ ਜਾਵੇ, ਉਹ ਵਾਧੇ ਦਾ। ਰੇਲ ਦੇ ਬਾਬੂ ਵੀ ਇਸ ਗੱਲ ਉਤੇ ਮੰਨ ਗਏ ਸਨ ਕਿ ਉਹ ਕਪੂਰਥਲਿਉਂ ਦਿਤੀਆਂ ਖ਼ਤਰੇ ਦੀਆਂ ਤਾਰਾਂ ਨੂੰ ਰੋਕ ਲੈਣਗੇ। ਪਰ ਮਿੱਥੀ ਹੋਈ ਤਰੀਕ ਉਤੇ ਬਹੁਤ ਹੀ ਘੱਟ ਬੰਦੇ ਇਕੱਠੇ ਹੋਏ। ਇਸ ਲਈ ਥੋੜੇ ਬੰਦੇ ਹੋਣ ਕਰਕੇ ਇਹ ਤਰੀਕ ਬਦਲ ਦਿਤੀ। ਫੇਰ 5 ਜੂਨ ਦਾ ਦਿਨ ਮੁਕਰਰ ਕੀਤਾ। ਇਸ ਹਮਲੇ ਵਾਸਤੇ 21 ਜਥੇਦਾਰ ਇਕੱਠੇ ਹੋਏ, ਜਿਨ੍ਹਾਂ ਵਿਚੋਂ ਭਾਈ ਪਰੇਮ ਸਿੰਘ ਸੁਰਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਉਤਮ ਸਿੰਘ ਹਾਂਸ, ਭਾਈ ਜਵੰਦ ਸਿੰਘ ਨੰਗਲ, ਭਾਈ ਬੂਟਾ ਸਿੰਘ ਅਕਾਲਗੜ੍ਹ, ਭਾਈ ਰੰਗਾ ਸਿੰਘ ਖੁਰਦਪੁਰ, ਭਾਈ ਕਾਲਾ ਸਿੰਘ ਜਗਤਪੁਰ, ਭਾਈ ਚੰਨਣ ਸਿੰਘ ਬੂੜ ਚੰਦ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ, ਭਾਈ ਬਿਸ਼ਨ ਸਿੰਘ ਵਰਪਾਲ, ਭਾਈ ਮਹਿੰਦਰ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਸ਼ਾਮ ਸਿੰਘ ਢੁੱਡੀਕੇ, ਭਾਈ ਰਾਮ ਸਿੰਘ ਫੂਲੇਵਾਲ, ਭਾਈ ਅਰਜਨ ਸਿੰਘ ਸਹਿਜ ਭਾਈ (ਜਗਰਾਉਂ), ਭਾਈ ਹਰਦਿੱਤ ਸਿੰਘ, ਭਾਈ ਅਰਜਨ ਸਿੰਘ ਸਲੋਤਰੀ ਕਪੂਰਥਲਾ ਆਦਿ ਦਾ ਸਰਕਾਰ ਨੂੰ ਪਤਾ ਲੱਗ ਸਕਿਆ ਹੈ। ਇਹਨਾਂ ਦੇ ਲਿਆਂਦੇ ਸਾਰੇ ਆਦਮੀ ਦੋ ਸੌ ਦੇ ਕਰੀਬ ਹੋਏ। ਏਨਿਆਂ ਬੰਦਿਆਂ ਨੂੰ ਜਦ ਇਹਨਾਂ ਪਾਸ ਹਮਲਾ ਕਰਨ ਵਾਸਤੇ ਯੋਗ ਹਥਿਆਰ (ਰਫ਼ਲਾਂ) ਵੀ ਨਹੀਂ ਸਨ, ਭਰੇ ਸ਼ਹਿਰ ਦੇ ਮੈਗਜ਼ੀਨ ਉਤੇ ਹਮਲਾ ਕਰਨ ਲਈ ਕਾਫੀ ਨਾ ਸਮਝਿਆ ਗਿਆ। ਇਸ ਕਰਕੇ ਇਹ ਤਰੀਕ ਵੀ ਮੁਲਤਵੀ ਕਰ ਦਿਤੀ ਗਈ। ਫੇਰ 12 ਜੂਨ ਦਾ ਦਿਨ ਨਿਯਤ ਹੋਇਆ।[1] ਫੈਸਲਾ ਕੀਤਾ ਗਿਆ ਕਿ ਉਸ ਸਮੇਂ ਤੱਕ ਅੰਮਰਿਤਸਰ ਵਾਲੀ ਨਹਿਰ ਦੇ ਵਾਲੇ ਰੇਲ ਦੇ ਪੁਲ ਉਤੇ ਜੋ ਅੰਗਰੇਜ਼ੀ ਸਰਕਾਰ ਨੇ ਗ਼ਦਰੀਆਂ ਨੂੰ ਰੋਕਣ ਵਾਲੀ ਫੌਜੀ ਗਾਰਦ ਲਾਈ ਹੋਈ ਹੈ, ਉਸ ਕੋਲੋਂ ਹਥਿਆਰ ਖੋਹੇ ਜਾਣ[2], ਜੋ ਕਪੂਰਥਲੇ ਵਿਚ ਵਰਤੇ ਜਾਣ।

ਅੰਗਰੇਜ਼ੀ ਹਕੂਮਤ ਹਰ ਜਗ੍ਹਾ ਚੌਕੰਨੀ ਹੋਈ ਹੋਈ ਸੀ। ਉਹ ਰਿਆਸਤਾਂ ਦੇ ਵੀ ਅਸਲਾਹ ਖ਼ਾਨਿਆਂ ਤੇ ਹੋਰ ਗ਼ਦਰੀਆਂ ਦੇ ਹੱਥ ਪੈਣ ਵਾਲੀਆਂ ਥਾਵਾਂ ਦਾ ਪਤਾ ਸੁਰ ਰਖਦੀ ਸੀ। ਕਪੂਰਥਲੇ ਦੇ ਹਾਕਮਾਂ ਨੂੰ ਗ਼ਦਰੀਆਂ ਦੇ ਬਾਰਕਾਂ ਵਿਚ ਆਉਣ ਦਾ ਪਤਾ ਲੱਗ ਗਿਆ। ਉਹਨਾਂ ਨੇ ਖੋਜੀ ਲਾ ਦਿਤੇ। ਖੋਜੀਆਂ ਨੇ ਸੱਤਾਂ ਬੰਦਿਆਂ ਦਾ ਖੁਰਾ ਕਰਤਾਰਪੁਰ ਨੂੰ ਤੋਰ ਲਿਆ, ਤਿੰਨਾਂ ਦਾ ਜਲੰਧਰ ਛਾਉਣੀ ਨੂੰ ਤੇ ਚੌਹਾਂ ਦਾ ਕਾਲੇ ਸੰਘਿਆਂ ਨੂੰ। ਪੁਲਸ ਕਾਲੇ ਸੰਘਿਆਂ ਦੇ ਖੁਰੇ ਪਿਛੇ ਹੋ ਤੁਰੀ ਤੇ ਕਾਲੇ ਸੰਘਿਆਂ ਤੋਂ ਲੰਘਕੇ ਚਿੱਟੀ ਪਿੰਡ ਦੇ ਗੁਰਦੁਆਰੇ ਵਿਚੋਂ ਚਾਰ ਗ਼ਦਰੀ ਫੜ ਲਏ। ਇਹ ਭਾਈ ਬੂਟਾ ਸਿੰਘ ਅਕਾਲਗੜ੍ਹੀਆ ਤੇ ਭਾਈ ਬੀਰ ਸਿੰਘ ਬਾਹੋਵਾਲੀਆ ਦੋ ਮਸ਼ਹੂਰ ਗ਼ਦਰੀ ਲੀਡਰ ਤੇ ਅਰਜਨ ਸਿੰਘ (ਸਹਿਜ ਭਾਈ) ਜਗਰਾਉਂ ਤੇ ਭਾਈ ਕਪੂਰ ਸਿੰਘ ਕਾਉਂਕੇ ਪਰਸਿੱਧ ਵਰਕਰ ਸਨ।[3]

---

1. ਨਿਰੰਜਣ ਸਿੰਘ ਪੰਡੋਰੀ ਦਾ ਬਿਆਨ ਤੇ ਦੂਸਰਾ ਸਾਜ਼ਿਸ਼ ਮੁਕੱਦਮਾ ਸਫ਼ਾ 98-101
2. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫ਼ਾ 118
3. ਦੂਸਰਾ ਸਾਜ਼ਿਸ਼ ਮੁਕੱਦਮਾ ਸਫ਼ਾ 101

5 ਜੂਨ, 1915 ਨੂੰ ਜਗਤਪੁਰ ਜ਼ਿਲਾ ਅੰਮਰਿਤਸਰ ਦੇ ਜ਼ੈਲਦਾਰ ਅੱਛਰ ਸਿੰਘ, ਜੋ ਇਨਕਲਾਬੀਆਂ ਦੇ ਖ਼ਿਲਾਫ ਪਰਚਾਰ ਕਰਦਾ ਤੇ ਸਰਕਾਰ ਦੀ ਬਹੁਤੀ ਹੀ ਝੋਲੀ ਚੁੱਕਦਾ ਸੀ, ਕਾਲਾ ਸਿੰਘ ਜਗਤਪੁਰੀਏ ਤੇ ਚੰਨਣ ਸਿੰਘ ਬੂੜਚੰਦੀਏ ਨੇ ਰਾਹੜ ਸੁੱਟਿਆ। ਉਹਨਾਂ ਦੋਹਾਂ ਗ਼ਦਰੀਆਂ ਨੂੰ, ਜੋ ਵੱਲੇ ਵਾਲੇ ਪੁਲ ਦੇ ਮੁਕੱਦਮੇ ਵਿਚ ਵੀ ਸਨ, ਲਾਹੌਰ ਸਪੈਸ਼ਲ ਟਰਿਬੂਨਲ ਨੇ 21 ਜੁਲਾਈ, 1915 ਨੂੰ ਮੌਤ ਦੀ ਸਜ਼ਾ ਦਿਤੀ।[1] ਤੇ ਉਹ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿਤੇ ਗਏ।

## ਵੱਲੇ ਪੁਲ ਦਾ ਸਾਕਾ

ਭਾਈ ਪਰੇਮ ਸਿੰਘ ਦੀ ਸਲਾਹ ਉਤੇ ਵੱਲੇ ਪਿੰਡ ਲਾਗੇ ਅੰਮਰਿਤਸਰ ਵਾਲੀ ਨਹਿਰ ਦੇ ਰੇਲ ਦੇ ਪੁਲ ਉਤੇ ਫੌਜੀਆਂ ਤੋਂ ਹਥਿਆਰ ਖੋਹਣ ਦਾ ਮਤਾ ਪਕਾਇਆ ਗਿਆ। ਇਥੇ 42 ਨੰਬਰ ਦਿਉਲੀ ਪਲਟਨ ਦਾ ਪਹਿਰਾ ਸੀ। ਕਪੂਰਥਲਿਓਂ ਗ਼ਦਰੀਆਂ ਦੀਆਂ ਦੋ ਟੋਲੀਆਂ ਹੋ ਗਈਆਂ। ਇਕ ਟੋਲੀ ਦੇ ਭਾਈ ਰੋਡਾ ਸਿੰਘ ਜਾਂ ਰੰਗਾ ਸਿੰਘ ਖੁਰਦਪੁਰ, ਭਾਈ ਕਾਲਾ ਸਿੰਘ ਜਗਤਪੁਰੀਆ ਅਤੇ ਚੰਨਣ ਸਿੰਘ ਬੂੜਚੰਦ, ਭਾਈ ਬੰਤਾ ਸਿੰਘ ਸੰਘਵਾਲ ਦੀ ਜਥੇਦਾਰੀ ਹੇਠਾਂ ਕਰਤਾਰਪੁਰ ਥਾਣੀਂ ਹੋ ਕੇ ਅੰਮਰਿਤਸਰ ਨੂੰ ਗਏ। ਬਚਨ ਸਿੰਘ ਢੁੱਡੀਕੇ, ਰੂੜ ਸਿੰਘ ਤਲਵੰਡੀ ਦੁਸਾਂਝ ਤੇ ਭਾਈ ਜਵੰਦ ਸਿੰਘ ਨੰਗਲ ਪਰੇਮ ਸਿੰਘ ਦੀ ਦੂਸਰੀ ਟੋਲੀ ਵਿਚ ਸਨ। ਭਾਈ ਪਰੇਮ ਸਿੰਘ ਦੀ ਟੋਲੀ ਗੋਂਦਵਾਲ ਤੇ ਤਰਨਤਾਰਨ ਥਾਣੀਂ ਹੋ ਕੇ ਪਿੰਡ ਠੱਠੀ ਖਾਰੇ ਪਹੁੰਚ ਗਈ। ਭਾਈ ਪਰੇਮ ਸਿੰਘ ਠੱਠੀ ਖਾਰੇ ਤੋਂ ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ ਨੂੰ ਲੈ ਆਇਆ, ਜੋ ਅਮਰੀਕਾ ਵਿਚੋਂ ਆਏ ਹੋਏ ਪਿੰਡ ਵਿਚ ਨਜ਼ਰਬੰਦ ਕੀਤੇ ਹੋਏ ਸਨ। ਪਰੇਮ ਸਿੰਘ ਉਹਨਾਂ ਨੂੰ ਹਮਲਾ ਕਰਨ ਵਾਸਤੇ ਜਾਣ ਲਈ ਤਿਆਰ ਕਰਕੇ ਆਪ ਬੰਤਾ ਸਿੰਘ ਸੰਘਵਾਲ ਦੀ ਟੋਲੀ ਨੂੰ ਲੈਣ ਲਈ ਅੰਮਰਿਤਸਰ ਨੂੰ ਗਿਆ। ਪਰ ਉਹ ਟੋਲੀ ਏਥੇ ਖਾਰੇ ਆ ਗਈ ਤੇ ਪਰੇਮ ਸਿੰਘ ਉਹਨਾਂ ਦੀ ਭਾਲ ਵਿਚ ਫਿਰਨ ਲੱਗ ਪਿਆ ਤੇ ਵੇਲੇ ਸਿਰ ਮੁੜ ਨਾ ਸਕਿਆ। ਹੁਣ ਇਹ ਕਾਲਾ ਸਿੰਘ, ਚੰਨਣ ਸਿੰਘ, ਬੰਤਾ ਸਿੰਘ, ਜਵੰਦ ਸਿੰਘ, ਰੰਗਾ ਸਿੰਘ, ਰੂੜ ਸਿੰਘ, ਹਰਨਾਮ ਸਿੰਘ, ਆਤਮਾ ਸਿੰਘ ਤੇ ਇਕ ਹੋਰ ਆਦਮੀ ਪਰੇਮ ਸਿੰਘ ਨੂੰ ਉਡੀਕੇ ਬਗੈਰ ਵੱਲੇ ਪੁਲ ਉਤੇ ਹਮਲਾ ਕਰਨ ਲਈ ਵੱਲੇ ਪੁਲ ਨੂੰ ਆ ਗਏ। ਪਰ ਗਾਰਦ ਨੂੰ ਚੌਕੰਨੀ ਵੇਖਕੇ ਪਿਛਾਂਹ ਹਟ ਗਏ। ਦਿਨ ਖ਼ਾਲੀ ਸਮਝ ਕੇ ਇਹ ਸਾਰੇ ਸਰਕਾਰੀ ਮੁਖ਼ਬਰ ਕਪੂਰ ਸਿੰਘ ਪੱਧਰੀ ਨੂੰ ਸੋਧਣ ਚਲੇ ਗਏ, ਪਰ ਉਹ ਮਿਲਿਆ ਨਹੀਂ ਪੱਧਰੀਓਂ ਆਉਂਦਿਆਂ ਦੇਰ ਹੋ ਗਈ। ਉਸ ਰਾਤ ਵੀ ਗਾਰਦ ਨੂੰ ਪਿਆ ਨਾ ਜਾ ਸਕਿਆ। ਫੇਰ ਪਿਛਾਂਹ ਹਟ ਗਏ ਤੇ ਅਗਲੀ ਰਾਤ 11 ਜੂਨ ਨੂੰ ਫੇਰ ਗਏ। ਉਡਕੀਦੇ ਉਡਕੀਦੇ ਰਾਤ ਦੇ ਬਾਰਾਂ ਵੱਜ ਗਏ। 11 ਤੋਂ 12 ਸ਼ੁਰੂ ਹੋ ਗਈ। ਅਖ਼ੀਰ ਦੋ ਵਜੇ ਤੱਕ ਉਹ ਨਹਿਰ ਦੀ ਪਟੜੀ ਦੇ ਘਾਹ ਬੂਟ ਵਿਚ ਸ਼ਹਿ ਲਾਕੇ ਬੈਠੇ ਰਹੇ। ਦਾਅ ਨਾ ਲੱਗੇ। ਪਹਿਰੇ ਉਤੇ ਖੜਾ ਸੰਤਰੀ ਨਾ ਸੰਵੇ ਤੇ ਨਾ ਬੈਠੇ। ਪਰ ਇਹਨਾਂ ਦਰਿੜ੍ਹ ਨਿਸਚਾ ਲਿਆ ਕਿ "ਅਜ ਰਾਤ ਕੁਝ ਨਾ ਕੁਝ ਕਰਕੇ ਹੀ ਜਾਣਾ ਹੈ।" ਉਹ ਹੌਲੀ ਹੌਲੀ ਲੰਮੇ ਪੈ ਕੇ ਘਾਹ ਵਿਚ ਗਾਰਦ ਵੱਲ ਨੂੰ ਖਿਸਕਦੇ ਗਏ ਤੇ ਸੰਤਰੀ ਦੇ ਲਾਗੇ ਪੁੱਜਕੇ ਘਾਹ ਵਿਚ ਹੀ ਬਹਿ ਗਏ। ਜਵੰਦ ਸਿੰਘ ਤੇ ਬੰਤਾ ਸਿੰਘ ਮੂਹਰੇ ਮੂਹਰੇ ਸਨ। 4 ਵਜੇ ਦੇ ਕਰੀਬ ਇਕ ਮਾਲ ਗੱਡੀ ਪੁਲ ਉਤੋਂ

---

1. ਜਗਤਪੁਰ ਕਤਲ ਦਾ ਮੁਕੱਦਮਾ, ਫੈਸਲਾ 21-7-1915 ਹੋਮ (ਪੋਲੀਟੀਕਲ) ਓ, ਅਕਤੂਬਰ 1915, ਕਾਰਵਾਈ ਨੰ. 671-84

ਲੰਘੀ। ਇਸ ਦੇ ਖੜਾਕ ਵਿਚ ਜਵੰਦ ਸਿੰਘ ਤੇ ਬੰਤਾ ਸਿੰਘ ਨੇ ਸੰਤਰੀ ਨੂੰ ਪਿਸਤੌਲਾਂ ਨਾਲ ਸ਼ੂਟ ਕਰਕੇ ਸੁੱਟ ਲਿਆ। ਗੱਡੀ ਲੰਘਦੀ ਦੇ ਖੜਾਕ ਵਿਚ ਬਾਕੀ ਗਾਰਦ ਨੂੰ ਕੋਈ ਪਤਾ ਨਾ ਲੱਗਾ। ਸੰਤਰੀ ਦੇ ਡਿਗਦਿਆਂ ਹੀ ਬਾਕੀ ਗ਼ਦਰੀ ਗਾਰਦ ਉਤੇ ਟੁੱਟਕੇ ਜਾ ਪਏ। ਕਾਲਾ ਸਿੰਘ ਨੇ ਭੱਜ ਕੇ ਸੰਤਰੀ ਦੀ ਰਫਲ ਚੁੱਕ ਲਈ। ਗਾਰਦ ਦੇ ਹਵਾਲਦਾਰ ਨੇ, ਜੋ ਭੱਜੇ ਆਉਂਦੇ ਗ਼ਦਰੀਆਂ ਦਾ ਖੜਾਕ ਸੁਣਕੇ ਤੰਬੂ ਵਿਚੋਂ ਬਾਹਰ ਨਿਕਲ ਆਇਆ ਸੀ, ਕਾਲਾ ਸਿੰਘ ਨੂੰ ਜੱਫਾ ਮਾਰ ਲਿਆ। ਕਾਲਾ ਸਿੰਘ ਨੇ ਝਟਕੇ ਨਾਲ ਉਸ ਨੂੰ ਪਰ੍ਹਾਂ ਸੁੱਟ ਦਿਤਾ ਤੇ ਰਫਲ ਦੀ ਗੋਲੀ ਨਾਲ ਪਾਰ ਬੁਲਾ ਦਿਤਾ। ਬਾਕੀ ਦੀ ਦੋ ਤਿੰਨ ਗਾਰਦ ਵਾਲੇ ਭੱਜ ਗਏ। ਕਾਲਾ ਸਿੰਘ ਤੇ ਬੰਤਾ ਸਿੰਘ ਨੇ ਫੌਜੀ ਵਰਦੀਆਂ ਪਾ ਲਈਆਂ। ਬਾਕੀ ਦੀਆਂ ਵਰਦੀਆਂ ਗੰਢੜੀ ਵਿਚ ਬੰਨ੍ਹ ਕੇ ਕਪੂਰਥਲੇ ਵਰਤਣ ਲਈ ਰੱਖ ਲਈਆਂ। ਗ਼ਦਰੀ ਗਾਰਦ ਦੀਆਂ ਖੋਹੀਆਂ ਹੋਈਆਂ ਰਫਲਾਂ ਫੌਜੀਆਂ ਵਾਂਗ ਮੋਢੇ ਉਤੇ ਪਾਕੇ ਤੁਰ ਪਏ। ਭਾਈ ਜਵੰਦ ਸਿੰਘ, ਭਾਈ ਆਤਮਾ ਸਿੰਘ, ਭਾਈ ਬੰਤਾ ਸਿੰਘ, ਭਾਈ ਹਰਨਾਮ ਸਿੰਘ, ਭਾਈ ਕਾਲਾ ਸਿੰਘ, ਭਾਈ ਚੰਨਣ ਸਿੰਘ, ਉਥੋਂ ਨਹਿਰੇ ਪੈ ਕੇ ਅਗਾਂਹ ਤਰਨਤਾਰਨ ਨੂੰ ਚਲੇ ਗਏ।

ਭਾਈ ਰੂੜ ਸਿੰਘ ਤੇ ਬਚਨ ਸਿੰਘ ਜੰਡਿਆਲੇ, ਬਿਆਸ ਤੇ ਕਰਤਾਰਪੁਰ ਥਾਣੀਂ ਹੋ ਕੇ ਕਪੂਰਥਲੇ ਆ ਗਏ। ਜਿਥੇ ਉਹ ਪਰੇਮ ਸਿੰਘ ਤੇ ਭਗਵਾਨ ਸਿੰਘ ਹਵਾਲਦਾਰ ਨੂੰ ਮਿਲੇ।

ਚਿੱਟੀ ਦੀਆਂ ਗਰਿਫਤਾਰੀਆਂ ਦੇ ਕਾਰਨ 12 ਜੂਨ ਨੂੰ ਕਪੂਰਥਲੇ ਦਾ ਹਮਲਾ ਵੀ ਰਹਿ ਗਿਆ।[1]

ਗਾਰਦ ਵਾਲਿਆਂ, ਜੋ ਨੱਠ ਗਏ ਸਨ, ਰੌਲਾ ਪਾ ਦਿਤਾ। ਵਾਹਰ ਇਕੱਠੀ ਕਰ ਲਈ ਤੇ ਪੁਲਸ ਨੂੰ ਇਤਲਾਹ ਦੇ ਦਿਤੀ। ਦੁਆਬੇ ਨੂੰ ਜਾਣ ਵਾਲੇ ਤਾਂ ਨਿਗਾਹ ਨਾ ਪਏ। ਵਾਹਰ ਕਾਲਾ ਸਿੰਘ ਜਗਤਪੁਰੀਏ, ਹਰਨਾਮ ਸਿੰਘ ਤੇ ਆਤਮਾ ਸਿੰਘ ਠੱਠੀਖਾਰੇ, ਚੰਨਣ ਸਿੰਘ ਬੂੜਚੰਦ, ਬੰਤਾ ਸਿੰਘ ਸੰਘਵਾਲ ਤੇ ਜਵੰਦ ਸਿੰਘ ਮਗਰ ਹੋ ਤੁਰੀ। ਪੁਲਸ ਪਿੰਡਾਂ ਵਿਚੋਂ ਝੋਲੀਚੁਕਾਂ ਨੂੰ ਇਕੱਠੇ ਕਰਕੇ ਜਾਂਦੇ ਗ਼ਦਰੀਆਂ ਉਤੇ ਹਮਲਾਵਰ ਹੋਈ। ਅੱਗੋਂ ਗ਼ਦਰੀ ਵੀ ਪੈ ਗਏ। ਉਹਨਾਂ ਪਾਸ ਵੀ ਹੁਣ ਰਫਲਾਂ ਸਨ ਤੇ ਗੋਲੀ ਗੱਠਾ ਬਹੁਤ ਸੀ। ਗ਼ਦਰੀ ਲੜਦੇ ਲੜਦੇ ਅਗਾਂਹ ਨੂੰ ਤੁਰੇ ਗਏ ਤੇ ਪੁਲਸ ਗੋਲੀਆਂ ਮਾਰਦੀ ਮਗਰ ਦੱਬੀ ਗਈ। ਪਹਿਲਾਂ ਗ਼ਦਰੀ ਤਰਨਤਾਰਨ ਲੰਘਦੇ ਮਾਝੇ ਵੱਲ ਨੂੰ ਵਧੇ ਤੇ ਪਲਾਸੌਰ ਤੱਕ ਲੜਦੇ ਮਾਰਦੇ ਚਲੇ ਗਏ। ਪਲਾਸੌਰੋਂ ਗ਼ਦਰੀ ਕਪੂਰਥਲੇ ਵੱਲ ਨੂੰ ਪਰਤੇ, ਕਿਉਂਕਿ ਪਲਾਸੌਰ ਵਲ ਪੁਲਸ ਮਗਰੋਂ ਲਹਿੰਦੀ ਨਾ ਜਾਪੀ, ਸਗੋਂ ਵਧੇਰੇ ਆਉਂਦੀ ਗਈ। ਪਲਾਸੌਰੋਂ ਲੜਦੇ ਮਾਰਦੇ ਉਹ ਬਿਆਸ ਗੋਂਦਵਾਲ ਦੇ ਪੱਤਨ ਉਤੇ ਆ ਗਏ। ਮਲਾਹਾਂ ਦੀ ਬੇੜੀ ਉਤੇ ਚੜ੍ਹਕੇ ਦਰਯਾ ਵਿਚ ਠਿਲ ਪਏ। ਪੁਲਸ ਦੀਆਂ ਗੋਲੀਆਂ ਮੀਂਹ ਵਾਂਗ ਆ ਰਹੀਆਂ ਸਨ। ਇਧਰੋਂ ਜਵਾਬ ਵਿਚ ਗ਼ਦਰੀ ਵੀ ਕੋਈ ਨਾ ਕੋਈ ਗੋਲੀ ਚਲਾ ਦਿੰਦੇ ਸਨ। ਪੁਲਸ ਦੀਆਂ ਗੋਲੀਆਂ ਨਾਲ ਇਕ ਮਲਾਹ ਮਰ ਗਿਆ (ਗ਼ਦਰੀਆਂ ਦਾ ਅਦਾਲਤ ਵਿਚ ਬਿਆਨ) ਇਹ ਸੂਰੇ 11 ਦੀ ਸ਼ਾਮ ਤੋਂ 24 ਘੰਟਿਆਂ ਦੀ ਮਾਰੋਂ ਮਾਰ ਤੋਂ ਬਾਅਦ 12 ਦੀ ਸ਼ਾਮ ਨੂੰ ਗੋਂਦਵਾਲ ਦਾ ਪੱਤਨ ਲੰਘਕੇ ਕਪੂਰਥਲੇ ਦੀ ਹੱਦ ਅੰਦਰ ਜਾ ਵੜੇ। ਇਹ ਗ਼ਦਰੀ ਸੂਰਮੇ ਜੰਗੀ ਤਵਾਰੀਖ ਵਿਚ ਬੇਮਿਸਾਲ ਬਹਾਦਰੀ, ਜੁਰਕੇ ਤੇ ਬਰਦਾਸ਼ਤ ਦੀ ਮਿਸਾਲ ਕਾਇਮ ਕਰ ਗਏ। ਕਿਸੇ ਵਿਰਲੀ ਹੀ ਫੌਜੀ ਟੋਲੀ ਨੇ ਲੜਦੇ ਐਨਾ ਲੰਮਾ

---

1. ਦੂਸਰਾ ਸਾਜ਼ਿਸ਼ ਮੁਕੱਦਮਾ, 81-83

ਜਫਰ ਜਾਲਿਆ ਹੋਵੇਗਾ, ਜਿੰਨਾਂ ਇਹਨਾਂ ਪੰਜਾਬ ਦੀ ਧਰਤੀ ਦੇ ਗ਼ਦਰੀ ਜਾਇਆਂ ਨੇ ਜਾਲਿਆ ਸੀ। ਵੱਲੋ ਪੁਲ ਤੋਂ ਜੇ ਪਲਾਸੌਰ ਤੇ ਪਲਾਸੌਰ ਤੋਂ ਗੋਂਦਵਾਲ ਦੇ ਪੱਤਣ ਨੂੰ ਸਿੱਧੀਆਂ ਲੀਕਾਂ ਨਾਲ ਮਿਲਾਈਏ ਤਾਂ 38 ਮੀਲ ਬਣਦੇ ਹਨ। ਪਰ ਲੜਾਈਆਂ ਵਿਚ ਇਹ ਪੈਂਡਾ ਅਸਲ ਨਾਲੋਂ ਲੰਮਾ ਹੋ ਜਾਂਦਾ ਹੈ। ਕਦੇ ਅਗਾਂਹ ਨੂੰ ਜਾਣਾ, ਕਦੇ ਪਿਛਾਂਹ ਨੂੰ, ਕਦੇ ਇਧਰ ਤੇ ਕਦੇ ਓਧਰ। ਭੁੱਖ ਤੇ ਤਰੇਹ ਨਾਲ ਵਿਆਕੁਲ ਹੋਇਆਂ ਵੀ ਇਹਨਾਂ ਪੈਂਡੇ ਦੇ ਥਕੇਵੇ ਦੀ ਪਰਵਾਹ ਨਹੀਂ ਕੀਤੀ। ਪੁਲਸ ਨੇ ਗੋਂਦਵਾਲ ਨੂੰ ਜਾਂਦਿਆਂ ਵੇਖਕੇ ਕਪੂਰਥਲੇ ਦੇ ਹਾਕਮਾਂ ਨੂੰ ਤਾਰਾਂ ਦੇਕੇ ਰਿਆਸਤ ਦੀ ਪੁਲਸ ਅੱਗੇ ਸੱਦੀ ਹੋਈ ਸੀ। ਪਰ ਇਹ ਸੂਰਮੇ ਰਾਤ ਨੂੰ ਬੇਲੇ ਦੇ ਸਰਾਂ ਵਿਚ ਵੜ ਗਏ ਤੇ ਪਿਛਲੀ ਵਾਹਰ ਤੋਂ ਥੋੜ੍ਹੇ ਚਿਰ ਲਈ ਦਮ ਲੈ ਲਿਆ।

ਸਾਹ ਲੈ ਕੇ ਉਹਨਾਂ ਨੇ ਰਫਲਾਂ ਤੇ ਗੋਲੀ ਗੱਠਾ ਝਲ ਵਿਚ ਦੱਬ ਦਿਤਾ ਤੇ ਆਪ ਸਵੇਰੇ ਲਾਗਦੇ ਪਿੰਡਾਂ ਵਿਚ ਰੋਟੀ ਪਾਣੀ ਲਈ ਜਾ ਵੜੇ। ਅਗੇ ਪੁਲਸ ਨੇ ਬੇਲਿਓਂ ਬਾਹਰਲੇ ਪਿੰਡਾਂ ਵਿਚ ਥੌਰਾਂ ਲਾਈਆਂ ਹੋਈ ਸਨ ਤੇ ਭਾਈ ਚੰਨਣ ਸਿੰਘ, ਭਾਈ ਕਾਲਾ ਸਿੰਘ, ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ ਤਾਂ ਝਲ ਦੇ ਕੰਢੇ ਦੇ ਇਕ ਪਿੰਡੋਂ ਫੜ ਗਏ। ਭਾਈ ਜਵੰਦ ਸਿੰਘ ਤੇ ਭਾਈ ਬੰਤਾ ਸਿੰਘ ਨਿਕਲ ਗਏ। ਭਾ: ਬੰਤਾ ਸਿੰਘ 25 ਜੂਨ ਨੂੰ ਜੌੜੇ ਜ਼ਿਲਾ ਹੁਸ਼ਿਆਰਪੁਰ ਤੋਂ ਫੜਿਆ ਗਿਆ। ਇਹਨਾਂ ਪੰਜਾਂ ਨੂੰ ਲਾਹੌਰ ਦੇ ਸਪੈਸ਼ਲ ਟਰਿਬੂਨਲ ਦੀ ਅਦਾਲਤ ਨੇ 21 ਜੁਲਾਈ, 1915 ਨੂੰ ਫਾਂਸੀ ਦੀ ਸਜ਼ਾ ਦਿਤੀ ਤੇ ਜੇਲ੍ਹ ਵਾਲਿਆਂ ਨੇ ਇਹਨਾਂ ਅਣਥੱਕ ਤੇ ਬਹਾਦਰੀ ਵਿਚ ਬੇਮਿਸਾਲ ਇਨਕਲਾਬੀ ਯੋਧਿਆਂ ਨੂੰ ਫਾਂਸੀ ਤੇ ਚਾੜ੍ਹਕੇ ਸ਼ਹੀਦ ਕਰ ਦਿਤਾ।[1]

19 ਜੂਨ, 1915 ਨੂੰ ਪਰੇਮ ਸਿੰਘ ਨੇ (ਘੁਕੇਵਾਲੀ ਦੇ ਖੁਸ਼ਹਾਲ ਸਿੰਘ ਤੇ ਸੈਹਿੰਸਰੇ ਦੇ ਪੰਡਤ ਜਗਨ ਨਾਥ ਨੂੰ ਜੋ, ਸਿੰਘਾਪੁਰ ਤੋਂ ਆਏ ਹੋਏ ਸਨ, ਨਾਲ ਲੈਕੇ) ਸੈਹਿੰਸਰੇ ਦੇ ਝੋਲੀਚੁਕ ਈਸ਼ਰ ਸਿੰਘ ਜ਼ੈਲਦਾਰ ਉਤੇ ਸ਼ਾਮ ਨੂੰ ਗੁਰਦਵਾਰਿਓਂ ਨਹਾ ਕੇ ਜਾਂਦਿਆਂ ਗੋਲੀਆਂ ਚਲਾਈਆਂ, ਪਰ ਜ਼ੈਲਦਾਰ ਬਚ ਗਿਆ।[2]

ਇਸ ਤੋਂ ਹਟ ਕੇ ਭਾਈ ਪਰੇਮ ਸਿੰਘ ਨੇ ਭਾਈ ਰੂੜ ਸਿੰਘ ਸੰਘਵਾਲ ਤੇ ਹੋਰ ਬੰਦੇ ਨਾਲ ਲੈਕੇ ਪੱਧਰੀ ਦੇ ਝੋਲੀ ਚੁੱਕ ਕਪੂਰ ਸਿੰਘ ਦੀ ਸ਼ਾਮ ਨੂੰ ਖੂਹ ਤੋਂ ਨਹਾ ਕੇ ਘਰ ਮੁੜਦੇ ਦੀ ਅਲਖ ਮੁਕਾ ਦਿਤੀ। ਇਸ ਦੇਸ਼ ਧਰੋਹੀ ਨੇ ਝਾੜ ਸਾਹਿਬ ਵਾਲੀ ਗ਼ਦਰੀਆਂ ਦੀ ਮੀਟਿੰਗ ਦੀ ਸਭ ਤੋਂ ਪਹਿਲਾਂ ਸਰਕਾਰੇ ਇਤਲਾਹ ਦਿਤੀ ਗਈ, ਭਾਈ ਲਾਲ ਸਿੰਘ ਭੂਰੇ ਨੂੰ ਗਰਿਫਤਾਰ ਕਰਵਾਇਆ ਸੀ, ਫੌਜੀ ਸਵਾਰ ਫੜਵਾਏ ਤੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਬਹੁਤ ਜ਼ਰੂਰੀ ਗਵਾਹ ਸੀ।[3] ਇਸ ਕਤਲ ਦੇ ਸਿਲਸਿਲੇ ਵਿਚ ਇੰਦਰ ਸਿੰਘ ਪੱਧਰੀ ਫੜਿਆ ਗਿਆ, ਜੋ ਭਾਈ ਪਰੇਮ ਸਿੰਘ ਦੇ ਥਾਂ ਟਿਕਾਣੇ ਜਾਣਦਾ ਸੀ। ਉਸ ਦੇ ਇਕਬਾਲ ਉਤੇ ਪਰੇਮ ਸਿੰਘ ਦੀਆਂ ਠਾਹਰਾਂ ਤੋਂ ਜਾਣੂ ਹੋ ਗਈ। ਅਖ਼ੀਰ ਬਲਵੰਤ ਸਿੰਘ ਦਦੇਹਰ ਤੇ ਭਾਈ ਲਾਲ ਸਿੰਘ ਭੂਰੇ ਦੇ ਕਪੁਤ, ਚੰਨਣ ਸਿੰਘ ਭੂਰੇ ਨੇ ਪੁਲਸ ਦੇ ਟੇਟੇ

---

1. ਹੋਮ (ਪੋਲੀਟੀਕਲ) ਓ. ਅਕਤੂਬਰ 1915 ਕਾਰਵਾਈ ਨੰ. 671-84 ਵੱਲੋ ਦਾ ਮੁਕੱਦਮਾ (ਫੈਸਲਾ) ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 118-19 ਤੇ ਦੂਸਰਾ ਲਾਹੌਰ ਸਾਜ਼ਿਸ਼ ਮੁਕੱਦਮਾ ਸਫਾ 80-82
2. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 120
3. ਉਤਲਿਖਤ, ਸਫਾ 120

ਚੜ੍ਹਕੇ ਭਾਈ ਨੂੰ ਗਰਿਫਤਾਰ ਕਰਵਾ ਦਿਤਾ। ਭਾਈ ਪਰੇਮ ਸਿੰਘ ਬਾਰੇ ਸੀ.ਆਈ.ਡੀ. ਦੇ ਅਫਸਰਾਂ, ਆਈਸਮੌਂਗਰ ਤੇ ਸਲੈਟਰੀ ਦੀ ਇਹ ਰਾਏ ਹੈ।

"ਪਰੇਮ ਸਿੰਘ ਤਲੀ ਤੇ ਸਿਰ ਰਖੀ ਫਿਰਦਾ ਬੰਦਾ ਸੀ। ਉਹ ਸਰਕਾਰ ਦੇ ਖਿਲਾਫ ਬੇਅੰਤ ਕੀਨਾ ਰੱਖਦਾ ਸੀ। ਭਾਵੇਂ ਉਸ ਦੇ ਲੀਡਰ ਤੇ ਨਾਲ ਦੇ ਸਾਥੀ ਫੜੇ ਗਏ ਜਾਂ ਘਰੀਂ ਬੈਠ ਗਏ ਸਨ, ਪਰ ਉਹ ਆਪਣੇ ਤੌਰ ਤਰੀਕਿਆਂ ਵਿਚ ਦਰਿੜਤਾ ਨਾਲ ਡਟਿਆ ਰਿਹਾ।[1]"

ਇਹਨਾਂ ਸਾਰੇ ਫੜੇ ਹੋਏ 102 ਗ਼ਦਰੀਆਂ ਉਤੇ ਲਾਹੌਰ ਸਾਜ਼ਿਸ ਦਾ ਦੂਸਰਾ (ਪਹਿਲਾ ਸਪਲੀਮੈਂਟਰੀ) ਮੁਕੱਦਮਾ ਚਲਾਇਆ ਗਿਆ। ਇਹ ਮੁਕੱਦਮਾ ਵੀ ਲਾਹੌਰ ਸੈਂਟਰਲ ਜੇਹਲ ਵਿਚ 25 ਅਕਤੂਬਰ, 1915 ਤੋਂ ਸ਼ੁਰੂ ਹੋਇਆ ਤੇ 30 ਮਾਰਚ, 1916 ਨੂੰ ਫੈਸਲਾ ਕਰਕੇ ਭਾਈ ਬੀਰ ਸਿੰਘ ਬਾਹੋਵਾਲ, ਭਾਈ ਹੀਰਾ ਸਿੰਘ ਚਰੜ, ਭਾਈ ਈਸ਼ਰ ਸਿੰਘ ਢੂਡੀਕੇ, ਭਾਈ ਰੰਗਾ ਸਿੰਘ ਖੁਰਦਪੁਰ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਤੇ ਭਾਈ ਉਤਮ ਸਿੰਘ ਹਾਂਸ ਨੂੰ ਮੌਤ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਸੁਣਾਈ ਗਈ। ਭਾਈ ਹੀਰਾ ਸਿੰਘ ਚਰੜ ਦੀ ਸਜ਼ਾ ਵਾਇਸਰਾਏ ਨੇ ਉਮਰ ਕੈਦ ਵਿਚ ਬਦਲ ਦਿਤੀ। 45 ਹੋਰਨਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਹੋਈ, 8 ਨੂੰ ਛੇ ਮਹੀਨੇ ਤੋਂ ਲੈ ਕੇ ਚਾਰ ਸਾਲ ਤੱਕ ਕੈਦ ਸਖ਼ਤ ਦੀ ਸਜ਼ਾ ਹੋਈ 11 । ਇਸ ਮੁਕੱਦਮੇ ਦੀ ਸਭ ਤੋਂ ਅਲੋਕਾਰ ਗਲ ਇਕ ਇਹ ਸੀ ਕਿ ਭਾਈ ਗੁੱਜਰ ਸਿੰਘ ਭਕਨਾ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚੋਂ ਬਰੀ ਹੋ ਗਏ ਸਨ। ਪਿੰਡ ਦੇ ਨੰਬਰਦਾਰ ਨੇ ਉਸ ਦੀ ਸਫਾਈ ਦਿਤੀ ਸੀ। ਇਸ ਮੁਕੱਦਮੇ ਵਿਚ ਉਸ ਨੂੰ ਫੇਰ ਧਰ ਲਿਆ ਗਿਆ ਤੇ ਉਮਰ ਕੈਦ ਕਰ ਦਿਤਾ ਗਿਆ। ਉਹੋ ਹੀ ਨੰਬਰਦਾਰ ਏਥੇ ਪੁਲਸ ਦਾ ਦਬਾਇਆ ਹੋਇਆ ਹੋਰ ਉਗਾਹੀ ਦੇ ਗਿਆ। ਜਦ ਜੱਜਾਂ ਨੇ ਉਸ ਨੂੰ ਇਸ ਦੀ ਵਜ੍ਹਾ ਪੁੱਛੀ ਤਾਂ ਨੰਬਰਦਾਰ ਕਹਿਣ ਲੱਗਾ, ਕਿ "ਜਿਸ ਤਰ੍ਹਾਂ ਮੈਨੂੰ ਪੁਲਸ ਨੇ ਆਖਿਆ ਹੈ, ਮੈਂ ਕਹਿ ਦਿਤਾ ਹੈ।" ਨੰਬਰਦਾਰ ਦੇ ਇਸ ਇਕਬਾਲ ਦੇ ਬਾਵਜੂਦ ਵੀ ਭਾਈ ਜੀ ਨੂੰ ਨੰਬਰਦਾਰ ਦੀ ਉਗਾਹੀ ਉਤੇ ਉਮਰ ਕੈਦ ਦੀ ਸਜ਼ਾ ਦੇ ਦਿਤੀ ਗਈ।[2]

ਦੂਸਰੀ ਅਲੋਕਾਰ ਗੱਲ ਹੈ ਕਿ ਪਹਿਲੇ ਲਾਹੌਰ ਸਾਜ਼ਿਸ ਕੇਸ ਵਿਚ ਭਾਈ ਗੁਰਮੁਖ ਸਿੰਘ ਲਲਤੋਂ ਦੀ ਗਰਿਫਤਾਰੀ 20 ਫਰਵਰੀ, 1915 ਲਾਹੌਰ ਦੇ ਗ਼ਦਰ ਪਾਰਟੀ ਵਾਲੇ ਮਕਾਨ ਉਤੇ ਪਾਈ ਹੋਈ ਹੈ ਤੇ ਉਸ ਦੇ ਦੋਸ਼ ਪੱਤਰ ਵਿਚ ਵੀ ਇਸ ਦਾ ਜ਼ਿਕਰ ਹੈ। ਇਸ ਦੂਸਰੇ ਮੁਕੱਦਮੇ ਵਿਚ ਭਾਈ ਜੀ ਨੂੰ 20-21 ਫਰਵਰੀ ਵਾਲੇ ਦਿਨ ਦੁਰਾਹੇ ਦੇ ਪੁਲ ਉਤੇ ਬੰਬ ਲਿਜਾਂਦਾ ਸਾਬਤ ਕੀਤਾ ਗਿਆ ਹੈ।[3] ਇਸ ਮੁਕੱਦਮੇ ਵਿਚ ਇੰਦਰ ਸਿੰਘ ਪੱਧਰੀ, ਕੇਹਰ ਸਿੰਘ ਸੈਦੋ, ਗਾਂਧਾ ਸਿੰਘ ਕੱਚਰਭੰਨ, ਹਰਦਿੱਤ ਸਿੰਘ, ਪਰੇਮ ਸਿੰਘ ਸੁਰਸਿੰਘ, ਅਰਜਨ ਸਿੰਘ ਸਲੋਤਰੀ ਤੇ ਦੋ ਹੋਰ ਗ਼ਦਰੀ ਮਫਰੂਰ ਸਨ। ਭਾਈ ਗਾਂਧਾ ਸਿੰਘ ਜਾਂ ਭਗਤ ਸਿੰਘ ਕੱਚਰਭੰਨ, ਭਾਈ ਉਤਮ ਸਿੰਘ ਜਾਂ ਰਾਘੋ ਸਿੰਘ ਹਾਂਸ, ਭਾਈ ਈਸ਼ਰ ਸਿੰਘ ਦੂਸਰਾ ਨਾਂ ਪੂਰਨ ਸਿੰਘ ਢੁੱਡੀਕੇ 19 ਸਤੰਬਰ, 1915 ਨੂੰ ਪਿੰਡ ਜਿਊਣਵਾਲਾ ਫਰੀਦਕੋਟ ਤੋਂ ਇਕ ਸਾਧੂ ਦੀ ਕੁਟੀਆ ਵਿਚੋਂ ਫੜੇ ਗਏ।[4] ਭਾਈ ਈਸ਼ਰ ਸਿੰਘ ਢੁੱਡੀਕੇ ਤੇ ਭਾਈ ਉਤਮ ਸਿੰਘ ਹਾਂਸ ਨੂੰ ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਰੱਖ ਲਿਆ ਗਿਆ।

---

1. ਉਤਲਿਖਤ ਸਫਾ 121
2. ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਗੁਜਰ ਸਿੰਘ ਭਕਨਾ ਦੇ ਬਿਆਨ
3. ਦੂਸਰਾ ਲਾਹੌਰ ਸਾਜ਼ਿਸ਼ ਮੁਕੱਦਮਾ
4. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 120, 121 ਅਤੇ 144

ਭਾਈ ਗਾਂਧਾ ਸਿੰਘ ਨੂੰ ਫੇਰੂ ਸ਼ਹਿਰ ਵਾਲੇ ਥਾਣੇਦਾਰ ਨੂੰ ਮਾਰਨ ਵਾਲੇ ਮੁਕੱਦਮੇ ਵਿਚ ਰੱਖਕੇ ਫਾਂਸੀ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਦਿਤੀ ਗਈ ਤੇ ਇਹ ਤਿੰਨੇ ਸੂਰਮੇ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ। ਇਹਨਾਂ ਦੇ ਮੁਕੱਦਮੇ ਤੋਂ ਮਗਰੋਂ ਫੜੇ ਹੋਏ 12 ਹੋਰ ਗ਼ਦਰੀਆਂ ਉਤੇ ਤੀਸਰਾ ਲਾਹੌਰ ਸਾਜ਼ਿਸ਼ ਕੇਸ 12 ਚਲਾਕੇ ਭਾਈ ਬਲਵੰਤ ਸਿੰਘ ਖ਼ੁਰਦਪੁਰ (ਕੈਨੇਡਾ ਲਹਿਰ ਦੇ ਆਗੂ), ਸ੍ਰੀ ਬਾਬੂ ਰਾਮ ਤੇ ਨਾਮ੍ਹਾ (ਹਰਨਾਮ ਸਿੰਘ) ਫਤਿਹਗੜ੍ਹ (ਹੋਸ਼ਿਆਰਪੁਰ), ਸ੍ਰੀ ਹਾਫਿਜ਼ ਅਬਦੁਲਾ ਜਗਰਾਉਂ (ਪਰਧਾਨ ਫਿਲਪਾਈਨ ਗ਼ਦਰ ਪਾਰਟੀ) ਤੇ ਭਾਈ ਰੂੜ ਸਿੰਘ ਸੰਘਵਾਲ ਨੂੰ ਫਾਂਸੀ ਤੇ ਘਰ ਘਾਟ ਜ਼ਬਤੀ ਦੀਆਂ ਸਜ਼ਾਵਾਂ ਦਿਤੀਆਂ ਗਈਆਂ ਤੇ ਇਹ ਸਾਰੇ ਫਾਂਸੀ ਦੇਕੇ ਸ਼ਹੀਦ ਕਰ ਦਿਤੇ। ਭਾਈ ਕਰਤਾਰ ਸਿੰਘ ਨਵੇਂ ਚੰਦ (ਮੋਗਾ) ਦੀ ਫਾਂਸੀ ਦੀ ਸਜ਼ਾ ਵਾਇਸਰਾਏ ਨੇ ਉਮਰ ਕੈਦ ਵਿਚ ਬਦਲ ਦਿਤੀ। ਹੋਰ ਪੰਜਾਂ ਨੂੰ ਉਮਰ ਕੈਦ ਤੇ ਭਾਈ ਅਮਰ ਸਿੰਘ ਕੋਟਲਾ ਨੌਧ ਸਿੰਘ ਨੂੰ ਇਸ ਮੁਕੱਦਮੇ ਵਿਚ ਦੋ ਸਾਲ ਦੀ ਸਖਤ ਕੈਦ ਦਿਤੀ ਗਈ, ਹਾਲਾਂਕਿ ਉਹ ਦੂਸਰੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚੋਂ ਬਰੀ ਕਰ ਦਿਤੇ ਗਏ ਸਨ।

ਭਾਈ ਬਲਵੰਤ ਸਿੰਘ ਨੂੰ ਇਸ ਕਰਕੇ ਮੌਤ ਦੀ ਸਜ਼ਾ ਦਿਤੀ ਗਈ ਕਿ ਉਹ ਕੈਨੇਡਾ ਦੀ ਹਿੰਦੀ ਲਹਿਰ ਦੇ ਆਗੂ ਸਨ ਤੇ ਉਹਨਾਂ ਨੂੰ ਕੈਨੇਡਾ ਵਿਚੋਂ ਗ਼ਦਰ ਲਹਿਰ ਵਿਚ ਹਿਸਾ ਲੈਣ ਵਾਸਤੇ ਆਉਣ ਵਾਲਿਆਂ ਨੂੰ ਭੇਜਣ ਦਾ ਜ਼ੁਮੇਵਾਰ ਠਹਿਰਾਇਆ ਗਿਆ ਹਾਲਾਂਕਿ ਉਹ ਸਿਆਮ ਵਿਚੋਂ ਫੜੇ ਗਏ ਸਨ ਤੇ ਹਿੰਦ ਦੀ ਧਰਤੀ ਉਤੇ ਉਹਨਾਂ ਨੇ ਕੋਈ ਅਜੇਹਾ ਕੰਮ ਨਹੀਂ ਸੀ ਕੀਤਾ, ਜੋ ਸਾਮਰਾਜੀ ਕਾਨੂੰਨ ਵਿਰੁੱਧ ਹੋਵੇ। ਹਾਫਿਜ਼ ਮੁਹੰਮਦ ਅਬਦੁਲਾ ਨੂੰ ਵੀ ਇਸੇ ਕਰਕੇ ਫਾਂਸੀ ਚਾਹੜਕੇ ਸ਼ਹੀਦ ਕਰ ਦਿਤਾ ਗਿਆ ਕਿ ਉਹ ਫਿਲਪਾਈਨ ਦੀ ਗ਼ਦਰ ਪਾਰਟੀ ਦੇ ਪਰਧਾਨ ਸਨ, ਜਿਥੋਂ ਕਈ ਸਿਰਲੱਥ ਤੇ ਸ਼ਹੀਦ ਹੋ ਚੁੱਕੇ ਗ਼ਦਰੀ ਅੰਗਰੇਜ਼ੀ ਰਾਜ ਨੂੰ ਉਲਟਾਉਣ ਲਈ ਦੇਸ਼ ਨੂੰ ਆਏ। ਸ੍ਰੀ ਨਾਮ੍ਹੇ ਤੇ ਬਾਬੂ ਨੂੰ ਜੋ ਕੈਨੇਡਾ ਤੋਂ ਆਏ ਸਨ, ਮੰਡੀ ਦੇ ਰਾਜੇ ਦੇ ਭਤੀਜੇ ਠਾਕਰ ਜਵਾਹਰ ਸਿੰਘ ਨੂੰ ਗ਼ਦਰ ਪਾਰਟੀ ਨਾਲ ਜੋੜਨ ਦੇ ਦੋਸ਼ ਵਿਚ ਇਸ ਕਰਕੇ ਫਾਂਸੀ ਟੰਗ ਦਿਤਾ ਗਿਆ ਕਿ ਅੰਗਰੇਜ਼ੀ ਹਾਕਮ ਨਹੀਂ ਸਨ ਬਰਦਾਸ਼ਤ ਕਰ ਸਕਦੇ ਕਿ ਪਾਰਟੀ ਰਾਜ ਘਰਾਣੇ ਦਿਆਂ ਬੰਦਿਆਂ ਨੂੰ ਆਪਣੇ ਨਾਲ ਰਲਾ ਲਵੇ ਤੇ ਇਸ ਤਰ੍ਹਾਂ ਅੰਗਰੇਜ਼ੀ ਦੀਆਂ ਕਠਪੁਤਲੀਆਂ (ਦੇਸ਼ੀ ਰਾਜ ਘਰਾਣਿਆਂ) ਵਿਚ ਵੀ ਅੰਗਰੇਜ਼ ਵਿਰੋਧੀ ਜਜ਼ਬਾ ਪੈਦਾ ਹੋ ਜਾਵੇ। ਇਸ ਲਈ ਸਾਮਰਾਜੀ ਹਕੂਮਤ ਨੇ ਭਾਵੇਂ ਠਾਕਰਾਂ ਨੂੰ ਉਮਰ ਕੈਦ ਦੀ ਸਜ਼ਾ ਹੀ ਦਿਤੀ ਪਰ ਇਹਨਾਂ ਗ਼ਦਰੀਆਂ ਨੂੰ ਫਾਂਸੀ ਲਾਕੇ ਹੀ ਦਮ ਲਿਆ। ਭਾਈ ਜਵੰਦ ਸਿੰਘ ਜਾਂ ਜਸਵੰਤ ਸਿੰਘ ਨੰਗਲ ਕਲਾਂ 28 ਮਾਰਚ, 1917 ਨੂੰ ਕਾਲੇਵਾਲ (ਹੋਸ਼ਿਆਰਪੁਰ) ਤੋਂ ਪੁਲਸ ਦੇ ਕਾਬੂ ਆ ਗਏ। 21 ਮਈ ਨੂੰ ਪੰਜਵੇਂ ਲਾਹੌਰ ਸਾਜ਼ਿਸ਼ ਕੇਸ ਵਿਚ ਰਖਕੇ 26 ਮਈ, 1917 ਨੂੰ ਫਾਂਸੀ ਤੇ ਘਰ ਘਾਟ ਜ਼ਬਤ ਕਰਨ ਦੀ ਸਜ਼ਾ ਦਿਤੀ ਗਈ ਤੇ ਫਾਂਸੀ ਲਾਕੇ ਸ਼ਹੀਦ ਕਰ ਦਿਤਾ ਗਿਆ। ਸ਼ਹੀਦ ਨਾਮ੍ਹੇ ਤੇ ਬਾਬੂ ਦੇ ਸਾਥੀ ਇਕ ਹੋਰ ਗ਼ਦਰੀ ਭਾਈ ਸੁਰਜਨ ਸਿੰਘ ਫਤਿਹਗੜ੍ਹ (ਹੋਸ਼ਿਆਰਪੁਰ) ਨੂੰ ਫੇਰੂ ਸ਼ਹਿਰ ਦੇ ਮੁਕੱਦਮੇ ਵਿਚ ਰਖਕੇ ਫਾਂਸੀ ਦੇਕੇ ਸ਼ਹੀਦ ਕਰ ਦਿਤਾ ਗਿਆ। ਇਹਨਾਂ ਤੋਂ ਇਲਾਵਾ ਗਰਿਫਤਾਰ ਹੋਏ ਗ਼ਦਰੀਆਂ ਨੂੰ ਕੁਝ ਟੁੱਟਵੇਂ ਮੁਕੱਦਮਿਆਂ 13 ਵਿਚ ਰੱਖਕੇ ਲੰਮੀਆਂ ਸਖ਼ਤ ਸਜ਼ਾਵਾਂ ਦਿਤੀਆਂ ਗਈਆਂ। ਜਿਸ ਤਰ੍ਹਾਂ ਮੰਡੀ ਰਿਆਸਤ ਦੇ ਦੋ ਮੁਕੱਦਮੇ, ਸੰਘਵਾਲ ਦੇ ਜਥੇ ਦੇ ਤਿੰਨ ਮੁਕੱਦਮੇ ਤੇ ਸ੍ਰੀ ਹਰਗੋਬਿੰਦਪੁਰ ਜਥੇ ਦੋ ਮੁਕੱਦਮੇ ਆਦਿ। ਇਹਨਾਂ ਗਰਿਫਤਾਰੀਆਂ ਤੇ ਸਜ਼ਾਵਾਂ ਨਾਲ ਪੰਜਾਬ ਵਿਚੋਂ ਗ਼ਦਰੀ ਲਹਿਰ ਦਾ ਕੰਮ ਖ਼ਤਮ ਹੋ ਗਿਆ।

## ਦਸਵਾਂ ਕਾਂਡ

# ਫੌਜਾਂ ਵਿਚ ਕੰਮ

ਗ਼ਦਰ ਪਾਰਟੀ ਦੇ ਇਨਕਲਾਬ ਦੀ ਅਸਫਲਤਾ ਨਾਲ ਪਾਰਟੀ ਦਾ ਫੌਜਾਂ ਵਿਚਲਾ ਕੰਮ ਵੀ ਠਪਿਆ ਗਿਆ, ਕਿਉਂਕਿ ਉਹ ਦੁਸ਼ਮਣਾਂ ਉਤੇ ਜ਼ਾਹਰ ਹੋਣ ਤੋਂ ਨਾ ਰਿਹਾ। ਇਨਕਲਾਬ ਦੇ ਫੇਹਲ ਹੋ ਜਾਣ ਉਤੇ ਫੌਜਾਂ ਦੇ ਸਿਪਾਹੀ ਤੇ ਸਵਾਰ ਜਿਥੇ ਸਨ, ਓਥੇ ਹੀ ਦੜ ਵਟ ਗਏ। ਅੰਗਰੇਜ਼ੀ ਹਾਕਮਾਂ ਨੂੰ ਆਪਣੇ ਆਪ ਉਹਨਾਂ ਦਾ ਕੋਈ ਪਤਾ ਨਾ ਲੱਗਾ, ਗ਼ਦਰ ਦੇ ਨਿਸਫਲ ਹੋ ਜਾਣ ਤੋਂ ਪਹਿਲਾਂ ਕਿਸੇ ਵੀ ਪਲਟਣ ਜਾਂ ਰਸਾਲੇ ਵਿਚ ਪਰਚਾਰ ਕਰਨ ਜਾਂ ਮਿਲਣ ਗਏ ਹੋਏ ਗ਼ਦਰੀਆਂ ਦੇ ਵਿਰੁੱਧ ਕੋਈ ਮੁਖ਼ਬਰੀ ਨਹੀਂ ਹੋਈ। ਹਾਲਾਂਕਿ ਗ਼ਦਰੀ ਖੁਲਮਖੁੱਲਾ ਬਾਰਕਾਂ ਵਿਚ ਜਾਂਦੇ ਤੇ ਫੌਜੀਆਂ ਦੀਆਂ ਚਿੱਟੇ ਦਿਨ ਮੀਟਿੰਗਾਂ ਲਾਉਂਦੇ ਸਨ।[1] ਜੇ ਪਿੰਗਲੇ ਨੂੰ ਨਾਦਰ ਖਾਂ ਜਮਾਦਾਰ ਨੇ ਮੇਰਠ ਛਾਉਣੀ ਦੀਆਂ ਬਾਰਕਾਂ ਵਿਚ 23 ਮਾਰਚ, 1915 ਨੂੰ ਫੜਵਾਇਆ ਤਾਂ ਇਹ ਗ਼ਦਰ ਦੇ ਦਬਾਏ ਜਾਣ ਬਾਅਦ ਦੀ ਗਲ ਸੀ, ਗ਼ਦਰ ਦੇ ਦਿਨ ਤੋਂ ਪਹਿਲਾਂ ਦੀ ਨਹੀਂ। ਜਿਸ ਤੋਂ ਸਿੱਧ ਹੁੰਦਾ ਹੈ ਕਿ ਪਾਰਟੀ ਦੀ ਪਰਚਾਰੀ ਹੋਈ ਕੌਮੀ ਆਜ਼ਾਦੀ ਲਈ ਇਨਕਲਾਬ ਕਰਨ ਦੀ ਲਹਿਰ ਸਿਪਾਹੀਆਂ ਤੇ ਸਵਾਰਾਂ ਵਿਚ ਮੰਨੀ ਤੇ ਸਤਕਾਰੀ ਜਾਂਦੀ ਸੀ ਅਤੇ ਉਹਨਾਂ ਦੀ ਸੰਮਤੀ ਹਾਸਲ ਕਰ ਚੁੱਕੀ ਸੀ।

ਗ਼ਦਰ ਪਾਰਟੀ ਦੇ ਕੰਮ ਤੇ ਪਰਚਾਰ ਨੇ ਦੇਸ਼ੀ ਫੌਜਾਂ ਵਿਚ ਅੰਗਰੇਜ਼ੀ ਗ਼ੁਲਾਮੀ ਵਿਰੁੱਧ ਇਹ ਹਵਾ ਬੰਨ੍ਹ ਦਿੱਤੀ ਸੀ ਤੇ ਫੌਜੀ ਬਗਾਵਤਾਂ ਰਾਹੀਂ ਦੇਸ਼ ਦੀ ਆਜ਼ਾਦੀ ਪਰਾਪਤ ਕਰਨ ਦਾ ਨਿਸਚਾ ਪੈਦਾ ਕਰ ਦਿਤਾ ਸੀ। ਇਸ ਦੇਸ਼ ਭਗਤੀ ਦੀ ਹਵਾ ਨੇ ਆਮ ਦੇਸ਼ੀ ਰਸਾਲਿਆਂ ਤੇ ਪਲਟਨਾਂ ਵਿਚ ਭਾਵੇਂ ਉਹਨਾਂ ਵਿਚ ਗ਼ਦਰ ਪਾਰਟੀ ਦਾ ਸਿੱਧਾ ਪਰਚਾਰ ਨਹੀਂ ਸੀ, ਅੰਗਰੇਜ਼ੀ ਰਾਜ ਵਿਰੁੱਧ ਧੂੰਆਂ ਧੁਖਾ ਦਿਤੀ, ਜੋ ਕਈ ਥਾਈਂ ਮਾੜਾ ਜੇਹਾ ਸੇਕ ਲੱਗਣ ਕਰਕੇ ਭਾਂਬੜ ਬਣਕੇ ਬਲ ਉਠਿਆ। ਇਹਨਾਂ ਫੌਜਾਂ ਵਿਚੋਂ ਕਈ ਗ਼ਦਰ ਪਾਰਟੀ ਨਾਲ ਰਲਣ ਤੇ ਉਸ ਦੀ ਅਗਵਾਈ ਹੇਠ ਤੇ ਪਰੋਗਰਾਮ ਉਤੇ ਚਲਣ ਲਈ ਤਿਆਰ ਹੋ ਗਈਆਂ। ਜਿਸ ਤਰ੍ਹਾਂ ਹਾਂਗਕਾਂਗ ਤੇ ਫੀਰੋਜ਼ਪੁਰ ਵਿਚ 26ਵੀਂ ਪੰਜਾਬੀ, ਮੀਆਂ-ਮੀਰ ਵਿਚ 23ਵਾਂ ਤੇ ਮੇਰਠ ਵਿਚ 12ਵਾਂ ਰਸਾਲਾ ਤੇ 128ਵੀਂ ਪਾਇਓਨੀਅਰ, ਲਖਨਊ ਵਿਚ 16ਵਾਂ ਰਸਾਲਾ, ਅੰਬਾਲੇ ਵਿਚ 9ਵਾਂ ਹਡਸਨ ਹਾਰਸ ਨਾਮੀ ਰਸਾਲਾ ਤੇ ਫੈਜ਼ਾਬਾਦ ਵਿਚ 9ਵੀਂ ਭੁਪਾਲ ਰੈਜਮੈਂਟ[2], ਬਨਾਰਸ ਵਿਚ 7ਵੀਂ ਰਾਜਪੂਤ (ਬਨਾਰਸ ਸਾਜ਼ਿਸ਼ ਕੇਸ), ਬੰਨੂ ਵਿਚ 35ਵੀਂ ਸਿੱਖ, ਜਲੰਧਰ ਵਿਚ ਡੋਗਰਾ ਰੈਜਮੈਂਟ (ਲਾਹੌਰ ਸਾਜ਼ਿਸ਼ ਦਾ ਪਹਿਲਾ ਮੁਕੱਦਮਾ, ਸਫਾ 166), ਦੀਨਾਪੁਰ ਵਿਚ 89ਵੇਂ ਪੰਜਾਬੀ (ਹੋਮ ਪੋਲੀਟੀਕਲ, ਓ. ਅਪਰੈਲ, 1916, ਕਾਰਵਾਈ ਨੰ: 417)। ਇਹਨਾਂ ਵਿਚੋਂ ਕੇਵਲ 26ਵੀਂ ਪੰਜਾਬੀ, 23ਵੇਂ ਤੇ 12ਵੇਂ ਰਸਾਲੇ, 128ਵੀਂ ਪਾਇਓਨੀਅਰ ਤੇ 7ਵੀਂ ਰਾਜਪੂਤ ਦੇ ਸਿਪਾਹੀ ਤੇ ਸਵਾਰ ਹੀ ਨੰਗੇ ਹੋਏ ਅਤੇ ਮੁਕੱਦਮਿਆਂ ਤੇ ਕੋਰਟ ਮਾਰਸ਼ਲਾਂ ਵਿਚ ਵਲ੍ਹੇਟੇ ਗਏ।

---

1. ਲਾਹੌਰ ਸਾਜ਼ਿਸ਼ ਦਾ ਪਹਿਲਾ ਮੁਕੱਦਮਾ, ਸਫਾ 104 ਅਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 115
2. ਉਤਲਿਖਤ ਵਿਥਿਆ 148

ਇਹਨਾਂ ਤੋਂ ਇਲਾਵਾ ਕਈ ਦੇਸ਼ੀ ਪਲਟਨਾਂ ਅਜੇਹੀਆਂ ਸਨ, ਜਿਨ੍ਹਾਂ ਵਿਚ ਗ਼ਦਰ ਪਾਰਟੀ ਦੇ ਪਰਚਾਰ ਨੇ ਹੀ ਅੰਗਰੇਜ਼ੀ ਰਾਜ ਵਿਰੁੱਧ ਘਿਰਨਾ ਤੇ ਆਜ਼ਾਦੀ ਲਈ ਮਾਰਨ ਮਰਨ ਦੀ ਤੜਪ ਪੈਦਾ ਕਰ ਦਿਤੀ। ਪਰ ਜਦ ਉਹ ਗ਼ਦਰ ਵਿਚ ਉਭਰੀਆਂ, ਤਾਂ ਉਹਨਾਂ ਨੂੰ ਉਸ ਵੇਲੇ ਪਾਰਟੀ ਦੀ ਅਗਵਾਈ ਪਰਾਪਤ ਨਾ ਹੋ ਸਕੀ, ਜਿਦਾਂ ਸਿੰਘਾਪੁਰ ਵਿਚ 5ਵੀਂ ਹੌਲੀ (ਲਾਈਟ) ਪਲਟਨ, ਮਲਾਈ ਸਟੇਟ ਗਾਈਡ, 26ਵੀਂ ਪੰਜਾਬੀ ਅਫਰੀਦੀ ਕੰਪਨੀ, ਮੇਮਿਉਂ ਬਰਮਾ ਵਿਚ 23ਵਾਂ ਤੋਪਖ਼ਾਨਾ (ਹੋਮ ਪੋਲੀਟੀਕਲ, 34 ਦਾਖਲ ਦਫਤਰ ਅਗਸਤ, 1915), 24 ਜਾਟ ਤੋਪਖ਼ਾਨੇ (ਪੀਨਾਂਗ) ਦੀ ਇਕ ਕੰਪਨੀ ਆਦਿ। ਕਈ ਪਲਟਨਾਂ ਉਹ ਸਨ, ਜਿਨ੍ਹਾਂ ਵਿਚ ਗ਼ਦਰ ਪਾਰਟੀ ਦਾ ਸਿੱਧਾ ਆਪਣਾ ਪਰਚਾਰ ਤਾਂ ਨਹੀਂ ਸੀ, ਪਰ ਉਹਨਾਂ ਨੂੰ ਪਾਰਟੀ ਦੇ ਪਰਚਾਰ ਨਾਲ ਦੇਸ਼ੀ ਫੌਜਾਂ ਅੰਦਰ ਅੰਗਰੇਜ਼ੀ ਰਾਜ ਵਿਰੁੱਧ ਉਠੀ ਹਵਾ ਜਾ ਲੱਗੀ। ਉਹਨਾਂ ਅੰਦਰ ਵੀ ਅੰਗਰੇਜ਼ੀ ਹਾਕਮਾਂ ਦੀ ਹੁਕਮ ਅਦੂਲੀ ਦਾ ਹੌਸਲਾ ਪੈਦਾ ਹੋਇਆ ਤੇ ਉਹ ਅੰਗਰੇਜ਼ ਵਿਰੁੱਧ ਉਭਰੀਆਂ। ਜਿਸ ਤਰ੍ਹਾਂ 15ਵੀਂ ਲਾਨਸਰ, 22ਵਾਂ ਪਹਾੜੀ ਤੋਪਖਾਨਾ, 130ਵੀਂ ਬਲੋਚ, 24ਵੀਂ ਤੇ 21ਵੀਂ ਪੰਜਾਬੀ ਪਲਟਨਾਂ ਸਨ। ਕਈਆਂ ਫੌਜਾਂ ਵਿਚ ਗ਼ਦਰੀ ਆਪ ਜਾ ਭਰਤੀ ਹੋਏ, ਜਿਦਾਂ ਭਾ: ਗੰਡਾ ਸਿੰਘ ਖਾਪੜ ਖੇੜੀ 47ਵੀਂ ਸਿੱਖ ਵਿਚ ਜਾ ਭਰਤੀ ਹੋਏ। ਬਲਵੰਤ ਸਿੰਘ ਤੇ ਬੰਤਾ ਸਿੰਘ 23ਵੇਂ ਰਸਾਲੇ, ਭਾ: ਠਾਕਰ ਸਿੰਘ ਠਠੀਆਂ 22ਵੇਂ ਰਸਾਲੇ, ਭਾ: ਕਾਲਾ ਸਿੰਘ ਵਾਲੇ ਵਾਲਾ (ਜਗਤਪੁਰੀਆ) ਰਫਲਾਂ ਪਰਾਪਤ ਕਰਨ ਲਈ ਮੀਆਂ ਮੀਰ ਫੌਜ ਵਿਚ ਜਾ ਰਲਿਆ, ਪਰ ਦਾਅ ਨਾ ਲੱਗਾ ਤੇ ਛੱਡਕੇ ਵਾਪਸ ਆ ਗਿਆ।[1]

## 26ਵੀਂ ਪੰਜਾਬੀ

26ਵੀਂ ਪੰਜਾਬੀ ਵਿਚ ਗ਼ਦਰ ਪਾਰਟੀ ਦਾ ਕੰਮ ਹਾਂਗਕਾਂਗ ਵਿਚ ਸ਼ੁਰੂ ਹੋਇਆ।[2] ਇਹ ਪਲਟਨ 1912 ਵਿਚ ਚੀਨੀ ਇਨਕਲਾਬ ਵਿਰੁੱਧ ਵਰਤਣ ਲਈ ਹਾਂਗਕਾਂਗ ਲਿਜਾਈ ਗਈ ਸੀ ਜੋ 1915 ਤਕ ਓਥੇ ਰਹੀ। ਪਰ ਇਸ ਦਾ ਡੀਪੂ ਪਿਛੇ ਕਰਾਚੀ ਵਿਚ ਸੀ। ਅੰਗਰੇਜ਼ੀ ਅਫਸਰਾਂ ਨੂੰ ਤਾਂ ਆਪਣੇ ਵਤਨ ਨੂੰ ਛੁੱਟੀ ਜਾਣ ਦਿੰਦੇ ਸਨ, ਪਰ ਹਿੰਦੀਆਂ ਨੂੰ ਛੁਟੀ ਨਹੀਂ ਸੀ ਮਿਲਦੀ। ਇਸ ਦਾ ਫੌਜੀਆਂ ਵਿਚ ਬਹੁਤ ਰੋਸ ਸੀ।[3] ਇਥੇ 26ਵੀਂ ਪੰਜਾਬੀ, 25ਵੀਂ ਪੰਜਾਬੀ, 126ਵੀਂ ਬਲੋਚੀ ਤੇ 50 ਨੰਬਰ ਤੋਪਖਾਨਾ ਸੀ। ਇਹਨਾਂ ਸਾਰਿਆਂ ਵਿਚ ਇਨਕਲਾਬੀ ਪਰਚਾਰ ਦਾ ਕਾਫੀ ਅਸਰ ਸੀ। ਖਾਸ ਕਰ ਕੌਮਾਗਾਟੂ ਮਾਰੂ ਦੇ ਸਾਕੇ ਨੇ ਫੌਜੀਆਂ ਵਿਚ ਅੰਗਰੇਜ਼ਾਂ ਵਿਰੁੱਧ ਘਿਰਨਾ ਤੇ ਦੇਸ਼ ਦੀ ਆਜ਼ਾਦੀ ਦੀ ਲਹਿਰ ਦੀ ਹਮਾਇਤ ਪੈਦਾ ਕਰ ਦਿਤੀ ਸੀ। ਟਾਪੂਆਂ ਵਿਚ ਗੁਰਦੁਆਰੇ ਰਾਜਸੀ ਪਰਚਾਰ ਤੇ ਜਥੇਬੰਦੀ ਦੇ ਕੇਂਦਰ ਸਨ। ਕਿਰਪਾ ਸਿੰਘ ਲੌਂਗ ਮਾਜਰੀ (ਹੋਸ਼ਿਆਰਪੁਰ) ਗ਼ਦਰ ਲਿਆ ਕੇ ਪਲਟਨ ਵਿਚ ਵੰਡਦਾ ਹੁੰਦਾ ਸੀ। 1914 ਦੇ ਸ਼ੁਰੂ ਵਿਚ ਫੌਜੀ ਕਮਾਨ ਅਫਸਰ ਨੇ ਫੌਜੀਆਂ ਦਾ ਗੁਰਦੁਆਰੇ ਜਾਣਾ ਬੰਦ ਕਰ ਦਿਤਾ। ਪਰ ਫੇਰ ਵੀ ਫੌਜੀ ਚੋਰੀ ਛੱਪੀ ਉਥੇ ਜਾਂਦੇ ਰਹੇ। ਅਖ਼ੀਰ ਜੂਨ, 1914 ਵਿਚ ਹਰਨਾਮ ਸਿੰਘ ਕਾਲਾ ਸੰਘਾ, ਭੁੰਮਣ ਸਿੰਘ ਕਲੇਰ, ਕਿਰਪਾਲ ਸਿੰਘ ਲੌਂਗ ਮਾਜਰੀ,

---

1. ਦੂਸਰਾ ਲਾਹੌਰ ਸਾਜ਼ਿਸ਼ ਮੁਕੱਦਮਾ, ਸਫਾ 74
2. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 59
3. '26ਵੀਂ ਪੰਜਾਬੀ ਦਾ ਪਲਟਨੀ ਇਤਿਹਾਸ' ਸਫਾ 30-33

ਲਾਭ ਸਿੰਘ ਚਕਵਾਲੀਆਂ, ਈਸ਼ਰ ਸਿੰਘ, ਖੁਸ਼ਹਾਲ ਸਿੰਘ, ਮਘਰ ਸਿੰਘ ਤੇ ਤੇਜਾ ਸਿੰਘ ਆਦਿ ਅੱਠ ਦਸ ਸਿਪਾਹੀ ਜਮਾਦਾਰ ਬੂਟਾ ਸਿੰਘ ਦੀ ਕਮਾਨ ਹੇਠ ਵਾਪਸ ਕਰਾਚੀ ਡੀਪੂ ਵਿਚ ਭੇਜ ਦਿਤੇ ਗਏ। ਇਹਨਾਂ ਉਤੇ ਗ਼ਦਰ ਲਹਿਰ ਨਾਲ ਮੇਲਜੋਲ ਰੱਖਣ ਦਾ ਦੋਸ਼ ਸੀ। ਇਹਨਾਂ ਨੂੰ ਕਰਾਚੀ ਡਿਸਚਾਰਜ ਕਰਨ ਵਾਸਤੇ ਲਿਆਂਦਾ ਗਿਆ ਸੀ, ਪਰ ਕਰਾਚੀ ਦੇ ਜਨਰਲ ਕਮਾਂਡਿੰਗ ਅਫਸਰ ਨੇ ਡਿਸਚਾਰਜ ਨਾ ਮਨਜ਼ੂਰ ਕਰ ਦਿਤਾ ਤੇ ਇਹਨਾਂ ਨੂੰ ਡਿਪੂ ਦੇ ਨਾਲ ਹੀ ਫੀਰੋਜ਼ਪੁਰ ਭੇਜ ਦਿਤਾ।[1] 25ਵੀਂ ਪੰਜਾਬੀ ਵਿਚੋਂ ਫੌਜਾ ਸਿੰਘ, ਵਰਯਾਮ ਸਿੰਘ ਤੇ ਹਰਨਾਮ ਸਿੰਘ ਰਾਨੀਮੇਲ ਨੂੰ ਗ਼ਦਰ ਅਖ਼ਬਾਰ ਵੰਡਣ ਉਤੇ ਛੇ ਛੇ ਮਹੀਨੇ ਕੈਦ ਦੀ ਸਜ਼ਾ ਹੋਈ ਤੇ ਨਾਂ ਕੱਟ ਦਿਤੇ ਗਏ।[2]

ਨਵੰਬਰ 1914 ਵਿਚ ਡੀਪੋ ਕਰਾਚੀ ਤੋਂ ਫੀਰੋਜ਼ਪੁਰ ਆ ਗਿਆ। ਇਥੇ ਜਰਮਨ ਜੰਗ ਦੇ ਕਾਰਨ ਫੌਜੀਆਂ ਵਿਚ ਬੜੀ ਬੈਚੇਨੀ ਸੀ। ਅੰਗਰੇਜ਼ਾਂ ਲਈ ਜਾਕੇ ਜੰਗ ਵਿਚ ਮਰਨ ਤੇ ਕਿਸੇ ਦਾ ਵੀ ਦਿਲ ਨਹੀਂ ਸੀ ਕਰਦਾ। ਇਥੇ ਫੌਜੀਆਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਆਉਣ ਜਾਣ ਸੀ। ਇਹ ਅੱਠ ਸਿਪਾਹੀ ਫੀਰੋਜ਼ਪੁਰ ਆ ਕੇ ਗ਼ਦਰ ਪਾਰਟੀ ਨੂੰ ਮਿਲੇ। ਹਰਨਾਮ ਸਿੰਘ ਕਾਲਾ ਸੰਘਾ ਇਹਨਾਂ ਦਾ ਆਗੂ ਸੀ। ਫਰਵਰੀ 1915 ਵਿਚ ਫੌਜੀ ਅਫਸਰਾਂ ਨੂੰ ਸ਼ੱਕ ਪਿਆ ਕਿ ਛਾਉਣੀ ਵਿਚ ਪਰਾਏ ਆਦਮੀ ਆਉਂਦੇ ਹਨ। ਜਦ ਲਾਹੌਰ ਤੋਂ ਸਰਕਾਰ ਨੂੰ ਗ਼ਦਰੀ ਤਿਆਰੀਆਂ ਦਾ ਪਤਾ ਲੱਗਾ ਤਾਂ ਫੀਰੋਜ਼ਪੁਰ ਵਿਚ ਵੀ ਰੋਕਥਾਮ ਵਾਸਤੇ ਬਾਨ੍ਹਣੂ ਬੰਨ੍ਹੇ ਗਏ। ਇਸ ਸਿਲਸਿਲੇ ਵਿਚ ਭਾ: ਹਰਨਾਮ ਸਿੰਘ ਕਾਲਾ ਸੰਘਾ ਤੇ ਭਾਈ ਤੇਜਾ ਸਿੰਘ ਲਹੁਕੇ ਨੂੰ ਅਫਸਰਾਂ ਨੇ ਪੰਦਰਾਂ ਦਿਨ ਦੀ ਜਬਰੀ ਛੁਟੀ ਭੇਜ ਦਿਤਾ। ਪਾਰਟੀ ਦੇ ਆਖੇ ਲੱਗ ਕੇ ਉਹ ਪਿੰਡਾਂ ਨੂੰ ਨਾ ਗਏ ਤੇ ਉਥੇ ਹੀ ਸ਼ਹਿਰ ਵਿਚ ਮਕਾਨ ਕਰਾਏ ਉਤੇ ਲੈਕੇ ਰਹਿਣ ਲੱਗ ਪਏ ਤੇ ਫੌਜੀਆਂ ਨੂੰ ਚੋਰੀ ਮਿਲਦੇ ਰਹੇ। ਇਥੇ 26,57 ਤੇ 58 ਨੰਬਰ ਪਲਟਨਾਂ ਸਨ। ਸਭਨਾਂ ਦੇ ਸਿਪਾਹੀ ਗ਼ਦਰ ਦੀ ਤਾਰੀਖ਼ ਦਾ ਇੰਤਜ਼ਾਰ ਕਰ ਰਹੇ ਸਨ।[3] 19 ਫਰਵਰੀ ਨੂੰ ਸਾਰੀ ਛਾਉਣੀ ਵਿਚ ਅੰਗਰੇਜ਼ੀ ਫੌਜ ਦੇ ਪਹਿਰੇ ਸਖਤ ਹੋ ਗਏ, ਦੇਸ਼ੀ ਫੌਜਾਂ ਬਾਹਰ ਫਾਲਿਨ ਕਰ ਲਈਆਂ ਗਈਆਂ। ਭਾਈ ਹਰਨਾਮ ਸਿੰਘ ਕਾਲਾਸੰਘਾ, ਲਾਭ ਸਿੰਘ, ਫੁੰਮਣ ਸਿੰਘ, ਤੇਜਾ ਸਿੰਘ, ਈਸ਼ਰ ਸਿੰਘ, ਖੁਸ਼ਹਾਲ ਸਿੰਘ ਤੇ ਮੱਘਰ ਸਿੰਘ ਨੂੰ ਬਰਖਾਸਤ ਕਰ ਦਿਤਾ ਗਿਆ ਤੇ ਇਕ ਸੂਬੇਦਾਰ ਦੇ ਪਹਿਰੇ ਵਿਚ ਉਹਨਾਂ ਨੂੰ ਫੀਰੋਜ਼ਪੁਰੋਂ ਪਿੰਡਾਂ ਨੂੰ ਗੱਡੀ ਚੜ੍ਹਾ ਦਿਤਾ ਗਿਆ। ਪਰ ਉਹ ਗ਼ਦਰੀਆਂ ਨਾਲ ਰਲਕੇ ਫੇਰ ਮੁੜ ਆਏ ਤੇ ਕਿਰਪਾ ਸਿੰਘ 19 ਰਾਤ ਨੂੰ ਭਾਈ ਕਰਤਾਰ ਸਿੰਘ ਦੇ ਜਥੇ ਨਾਲ ਆਇਆ ਹੋਇਆ ਲਾਈਨ ਵਿਚ ਫੜਿਆ ਗਿਆ। ਗ਼ਦਰੀਆਂ ਦੀਆਂ ਗਰਿਫਤਾਰੀਆਂ ਨਾਲ ਇਹਨਾਂ ਦੀਆਂ ਵੀ ਗਰਿਫਤਾਰੀਆਂ ਹੋਈਆਂ। ਇਹਨਾਂ ਵਿਚੋਂ ਚਾਰ ਤਾਂ ਗਵਾਹ ਬਣ ਗਏ ਤੇ ਬਾਕੀ ਚਾਰ ਹਰਨਾਮ ਸਿੰਘ ਕਾਲਾ ਸੰਘਾ, ਕਿਰਪਾ ਸਿੰਘ ਲਾਭ ਸਿੰਘ ਤੇ ਫੁੰਮਣ ਸਿੰਘ ਨੂੰ ਲਾਹੌਰ ਦੇ ਦੂਸਰੇ ਮੁਕੱਦਮੇ ਵਿਚ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿਤੀ ਗਈ।[4] ਅੱਠ ਸ਼ੱਕੀ ਸਿਪਾਹੀਆਂ ਤੇ ਕਿਰਪਾ ਸਿੰਘ ਲੈਸ ਨੂੰ ਬਰਖ਼ਾਸਤ ਕਰ ਦਿਤਾ ਗਿਆ।

---

1. ਹਰਨਾਮ ਸਿੰਘ ਕਾਲਾ ਸੰਘਾ ਦਾ ਬਿਆਨ ਤੇ ਲਾਹੌਰ ਸਾਜ਼ਿਸ਼ ਪਹਿਲਾ ਮੁਕੱਦਮਾ ਸਫਾ 98–99 ਤੇ ਦੂਸਰਾ ਮੁਕੱਦਮਾ ਸਫਾ 63
2. ਹਰਨਾਮ ਸਿੰਘ ਗੁਜਰਵਾਲ ਦਾ ਬਿਆਨ
3. ਉਤਲਿਖਤ ਬਿਆਨ
4. ਲਾਹੌਰ ਸਾਜ਼ਿਸ਼ ਦੂਸਰਾ ਮੁਕੱਦਮਾ

## 23ਵਾਂ ਰਸਾਲਾ

ਗ਼ਦਰ ਰਹਿ ਜਾਣ ਨਾਲ ਅੰਗਰੇਜ਼ੀ ਹਾਕਮਾਂ ਨੂੰ ਪਤਾ ਲੱਗ ਗਿਆ ਕਿ ਮੀਆਂ ਮੀਰ ਵਿਚ 23ਵੇਂ ਰਸਾਲੇ ਅੰਦਰ ਗ਼ਦਰੀਆਂ ਦਾ ਆਉਣ ਜਾਣਾ ਸੀ, ਪਰ ਇਹ ਪਤਾ ਨਹੀਂ ਲੱਗਾ ਕਿ ਗ਼ਦਰੀਆਂ ਦਾ ਕਿਹੜੇ ਕਿਹੜੇ ਸਿਪਾਹੀਆਂ ਨਾਲ ਮੇਲ ਮਿਲਾਪ ਸੀ। ਗਰਿਫਤਾਰ ਹੋਏ ਗ਼ਦਰੀਆਂ ਵਿਚੋਂ ਭੈੜੇ ਪੈਕੇ ਬਣ ਗਏ ਹੋਏ ਵਾਇਦਾ ਮਾਫ ਵੀ ਇਹ ਨਹੀਂ ਜਾਣਦੇ ਸਨ। ਇਸ ਦੀ ਵਜ੍ਹਾ ਇਹ ਹੈ ਕਿ 23ਵੇਂ ਰਸਾਲੇ ਨਾਲ ਕੇਵਲ ਸ਼ਹੀਦ ਪਰੇਮ ਸਿੰਘ ਸੁਰਸਿੰਘ ਦਾ ਹੀ ਮੇਲ ਜੋਲ ਸੀ। ਹੋਰ ਕੋਈ ਗ਼ਦਰੀ ਲੀਡਰ ਜਾਂ ਵਰਕਰ ਇਹਨਾਂ ਸਿਪਾਹੀਆਂ ਨੂੰ ਨਹੀਂ ਜਾਣਦਾ ਸੀ। ਇਸ ਲਈ ਇਹ ਬਚ ਗਏ ਪਰ ਇਕ ਅਚਾਨਕ ਘਟਨਾ ਵਾਪਰਨ ਨਾਲ 23ਵੇਂ ਰਸਾਲੇ ਦਾ ਭਾਂਡਾ ਇਸ ਰਸਾਲੇ ਦੇ ਆਪਣੇ ਹੀ ਸਵਾਰਾਂ ਹੱਥੋਂ ਆਪੇ ਹੀ ਭੱਜ ਗਿਆ।

19 ਫਰਵਰੀ, 1915 ਤੋਂ ਬਾਅਦ ਇਸ ਰਸਾਲੇ ਨੂੰ ਜੰਗ ਵਿਚ ਭੇਜ ਦਿਤਾ ਗਿਆ ਤੇ ਇਸਦੇ ਡੀਪੂ ਨੂੰ ਦੂਰ ਯੂ.ਪੀ. ਵਿਚ ਨੌਗਾਉਂ ਦੀ ਛਾਉਣੀ ਵਿਚ ਬਦਲ ਦਿਤਾ, ਜੋ ਹਰਪਾਲਪੁਰ ਦੇ ਰੇਲਵੇ ਸਟੇਸ਼ਨ ਤੋਂ ਬਹੁਤ ਦੂਰ ਸੀ। ਜਦੋਂ 13 ਮਈ, 1915 ਨੂੰ ਸਟੇਸ਼ਨ ਤੋਂ ਫੌਜੀਆਂ ਦਾ ਸਾਮਾਨ ਗੱਡਿਆਂ ਉਤੇ ਲਦਿਆ ਜਾ ਰਿਹਾ ਸੀ, ਤਾਂ ਇਕ ਦਫੇਦਾਰ ਵਸਾਵਾ ਸਿੰਘ ਦਾ ਬਕਸਾ ਡਿਗ ਪਿਆ। ਜਿਸ ਵਿਚ ਰਖਿਆ ਹੋਇਆ ਬੰਬ ਚੱਲ ਗਿਆ। ਸਾਰੇ ਸਾਮਾਨ ਦੀ ਤਲਾਸ਼ੀ ਲਈ ਗਈ ਤਾਂ ਦਫੇਦਾਰ ਪੂਰਨ ਸਿੰਘ ਦੇ ਬਕਸੇ ਵਿਚੋਂ ਇਕ ਹੋਰ ਬੰਬ ਨਿਕਲ ਪਿਆ। ਵਸਾਵਾ ਸਿੰਘ ਦਫੇਦਾਰ ਗਰਿਫਤਾਰ ਕਰ ਲਿਆ ਗਿਆ। ਉਸ ਕੋਲੋਂ ਸਾਰਾ ਪਤਾ ਚੱਲ ਗਿਆ। ਰਸਾਲੇ ਦੇ ਗ਼ਦਰੀਆਂ ਨਾਲ ਮਿਲਣ ਤੇ ਗ਼ਦਰ ਵਿਚ ਹਿੱਸਾ ਲੈਣ ਦੀ ਅਲਫੋਂ ਯੇ ਤੱਕ ਸਭ ਕਹਾਣੀ ਪੁਲਸ ਨੇ ਕੱਢ ਲਈ।[1] ਉਹਨਾਂ ਝਾੜ ਸਾਹਿਬ ਵਿਚ ਫੜੇ ਗਏ ਸੁੱਚਾ ਸਿੰਘ ਆਦਿ ਤਿੰਨਾਂ ਸਵਾਰਾਂ ਦਾ ਵੀ ਪਤਾ ਲੱਗ ਗਿਆ, ਜਿਨ੍ਹਾਂ ਨੂੰ ਪਹਿਲਾਂ ਕੇਵਲ ਗ਼ੈਰ ਹਾਜ਼ਰ ਹੋਣ ਵਿਚ ਹੀ ਪੰਦਰਾਂ ਦਿਨ ਕੋਰਟ ਗਾਰਦ ਦੀ ਸਜ਼ਾ ਹੋਈ ਸੀ ਤੇ ਨਾਂ ਕੱਟ ਦਿਤਾ ਗਿਆ ਸੀ। ਨਾਮ ਕਟੇ ਹੋ ਕੇ ਉਹ ਗ਼ਦਰੀ ਬਣ ਗਏ।

ਕਹਾਣੀ ਇਹ ਸੀ ਕਿ ਮਾਝੇ ਦੇ ਪਿੰਡਾਂ ਵਿਚ ਕੌਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਬੱਜ ਬੱਜ ਘਾਟ ਉਤੇ ਹੋਏ ਸਲੂਕ ਤੋਂ ਬੜਾ ਗੁੱਸਾ ਪੈਦਾ ਹੋਇਆ ਹੋਇਆ ਸੀ ਤੇ ਗ਼ਦਰ ਪਾਰਟੀ ਦੇ ਪਰਚਾਰ ਦਾ ਬਹੁਤ ਜ਼ੋਰ ਸੀ। ਇਕ ਛੁੱਟੀ ਗਿਆ ਸਵਾਰ ਸੁੱਚਾ ਸਿੰਘ ਚੋਹਲਾ ਇਹ ਖ਼ਬਰ ਲਿਆਇਆ ਕਿ ਪਿੰਡਾਂ ਵਿਚ ਅੰਗਰੇਜ਼ੀ ਦੇ ਰਾਜ ਵਿਰੁੱਧ ਪਰਚਾਰ ਹੋ ਰਿਹਾ ਹੈ ਤੇ ਹਕੂਮਤ ਦੇ ਖਿਲਾਫ ਇਨਕਲਾਬ ਉਠਣ ਵਾਲਾ ਹੈ। ਉਸ ਨੇ ਆਪਣੇ ਦਫੇਦਾਰ ਭਾਈ ਲਛਮਣ ਸਿੰਘ ਚੂਸਲੇਵੜ ਨੂੰ ਆਕੇ ਦੱਸਿਆ। ਦੇਸ਼ੀ ਪਲਟਨਾਂ ਵਿਚ ਅੰਗਰੇਜ਼ ਦੀ ਖਾਤਰ ਜੰਗ ਵਿਚ ਜਾਣ ਦੇ ਵਿਰੁੱਧ ਪਹਿਲਾਂ ਹੀ ਬਹੁਤ ਬੇ-ਦਿਲੀ ਜਿਹੀ ਪਾਈ ਜਾਂਦੀ ਸੀ। ਭਾਈ ਲਛਮਣ ਸਿੰਘ ਨੂੰ ਇਹ ਗੱਲ ਚੰਗੀ ਲੱਗੀ ਤੇ ਉਸ ਨੇ ਸੁੱਚਾ ਸਿੰਘ ਸਵਾਰ ਨੂੰ ਮੁੜ ਜਾਕੇ ਪਤਾ ਕਰਨ ਤੇ ਗ਼ਦਰੀਆਂ ਨਾਲ ਮਿਲਕੇ ਆਉਣ ਲਈ ਆਖਿਆ। ਉਹ ਸਿਪਾਹੀ ਜਾਕੇ ਗ਼ਦਰੀਆਂ ਨੂੰ ਮਿਲਿਆ ਤੇ ਆਉਂਦਾ ਹੋਇਆ ਭਾਈ ਪਰੇਮ ਸਿੰਘ ਸੁਰਸਿੰਘ ਨੂੰ ਨਾਲ ਲੈ ਆਇਆ। ਭਾਈ ਪਰੇਮ ਸਿੰਘ ਨੇ ਭਾਈ ਲਛਮਣ ਸਿੰਘ ਦਫੇਦਾਰ ਤੇ ਉਸ ਦੇ ਗਰੁੱਪ ਦੇ ਸਵਾਰਾਂ ਨੂੰ ਇਕੱਠਿਆਂ ਕਰਕੇ ਗ਼ਦਰ ਪਾਰਟੀ ਦਾ

---

1. ਉਤਲਿਖਤ ਮੁਕੱਦਮਾ ਸਫਾ 63

ਉਦੇਸ਼ ਤੇ ਪਰੋਗਰਾਮ ਦਸਿਆ, ਜਿਸ ਨੂੰ ਸਭ ਨੇ ਪਰਵਾਨ ਕੀਤਾ। ਇਕ ਦੂਸਰੇ ਤਰੁਪ ਵਿਚ ਦਫੇਦਾਰ ਵਧਾਵਾ ਸਿੰਘ ਰੂੜੀਵਾਲਾ ਸਨ। ਉਹਨਾਂ ਦੇ ਸਵਾਰ ਵੀ ਇਹਨਾਂ ਮੀਟਿੰਗਾਂ ਵਿਚ ਸ਼ਾਮਲ ਹੁੰਦੇ। ਭਾਈ ਪਰੇਮ ਸਿੰਘ ਨੇ ਇਸ ਰਸਾਲੇ ਹੇਠਲੇ ਅਫਸਰਾਂ ਤੇ ਸਵਾਰਾਂ ਨੂੰ ਗ਼ਦਰ ਪਾਰਟੀ ਦੀ ਲੜਾਈ ਵਿਚ ਹੋਣ ਲਈ ਤਿਆਰ ਕਰ ਲਿਆ। ਖ਼ਾਸ ਕਰ ਉਹ 25 ਤੇ 26 ਨਵੰਬਰ 1914 ਦੀਆਂ ਬੱਧੀਆਂ ਹੋਈਆਂ ਤਰੀਖਾਂ ਵਿਚ ਹਿੱਸਾ ਲੈਣ ਲਈ ਤਿਆਰ ਹੋ ਗਏ। ਜਦ 6 ਤਰੀਕ ਨੂੰ ਇਹ ਸਵਾਰ ਝਾੜ ਸਾਹਿਬ ਦੀ ਮੀਟਿੰਗ ਲਈ ਜਾਣ ਵਾਸਤੇ ਤਿਆਰ ਹੋਏ ਤਾਂ ਪਲਟਨ ਦੇ ਗਰੰਥੀ ਮੂਲਾ ਸਿੰਘ ਨੇ ਭਾਨੀ ਮਾਰ ਦਿਤੀ ਕਿ ਪਤਾ ਨਹੀਂ ਝਾੜ ਸਾਹਿਬ ਗ਼ਦਰੀ ਇਕੱਠੇ ਵੀ ਹੋਣ ਕਿ ਨਾਂ, ਐਵੇਂ ਅੰਨ੍ਹੇਵਾਹ ਨਹੀਂ ਤੁਰ ਪੈਣਾ ਚਾਹੀਦਾ। ਇਸ ਉਤੇ ਰਸਾਲੇ ਵਾਲੇ ਰੁਕ ਗਏ। ਪਰ ਸਵਾਰ ਸੁੱਚਾ ਸਿੰਘ ਚੋਹਲਾ, ਸਵਾਰ ਮਹਾਰਾਜ ਸਿੰਘ ਕਸੇਲ, ਸਵਾਰ ਚੰਨਣ ਸਿੰਘ ਤੇ ਸਵਾਰ ਸੁਰਾਇਣ ਸਿੰਘ ਬਦੋਬਦੀ ਚਲੇ ਗਏ। ਅਗੇ ਝਾੜ ਸਾਹਿਬ ਇਹਨਾਂ ਨੂੰ ਕੋਈ ਨਾ ਮਿਲਿਆ। ਚੰਨਣ ਸਿੰਘ ਤਾਂ ਮੁੜ ਆਇਆ ਪਰ ਬਾਕੀ ਤਿੰਨ ਗ਼ਦਰੀਆਂ ਨੂੰ ਲੱਭਣ ਚੜ੍ਹ ਪਏ, ਜੋ ਪੁਲਸ ਨੇ ਗਰਿਫਤਾਰ ਕਰ ਲਏ। ਇਹਨਾਂ ਤਿੰਨਾਂ ਨੂੰ ਗੈਰ ਹਾਜ਼ਰੀ ਵਿਚ ਕੋਰਟ ਗਾਰਦ ਦੀਆਂ ਸਜ਼ਾਵਾਂ ਹੋ ਗਈਆਂ।[1]

ਮੀਆਂ ਮੀਰ ਛਾਉਣੀ ਦੇ ਸਦਰ ਬਾਜ਼ਾਰ ਵਿਚ ਭਾਈ ਮਦਨ ਸਿੰਘ ਪਿੰਡ ਗਾਗਾ ਦੀ ਤਰਖਾਣੇ ਦੀ ਦੁਕਾਨ ਸੀ, ਜੋ ਗ਼ਦਰੀਆਂ ਤੇ ਫੌਜੀਆਂ ਵਿਚਕਾਰ ਸੁਨੇਹੇ ਪਤੇ ਤੇ ਸੁਖ ਸਾਂਦ ਪੁੱਛਣ ਦੱਸਣ ਦਾ ਕੰਮ ਦਿੰਦੀ।

ਇਸ ਰਸਾਲੇ ਦੇ ਇਕ ਹੋਰ ਤੁਰਪ ਵਿਚ ਮਾਦੋਕੇ ਬਰਾੜ ਤਸੀਲ ਅਜਨਾਲਾ ਦਾ ਬਲਵੰਤ ਸਿੰਘ ਗ਼ਦਰੀ, ਜੋ ਸ਼ੰਘਾਈ ਤੋਂ ਆਇਆ ਸੀ, ਭਰਤੀ ਸੀ। ਉਸ ਨੇ ਮਾਦੋਕੇ ਬਰਾੜਾਂ ਤੇ ਇਸ ਪਾਸੇ ਦੇ ਸਵਾਰਾਂ ਨੂੰ ਗ਼ਦਰ ਪਾਰਟੀ ਵੱਲ ਖਿਚਿਆ। ਉਹਨਾਂ ਦੀ ਭਾਈ ਪਰੇਮ ਸਿੰਘ ਸੁਰਸਿੰਘੀਏ ਨਾਲ ਜਾਣ ਪਛਾਣ ਕਾਰਵਾਈ। ਭਾਈ ਲਛਮਣ ਸਿੰਘ ਦਫੇਦਾਰ ਚੂਸਲੇਵੜ ਬੜਾ ਸਿਆਣਾ ਸੀ। ਉਸ ਨੇ ਭਾਈ ਪਰੇਮ ਸਿੰਘ ਨੂੰ ਬੜੀ ਵਾਰਾਂ ਆਖਿਆ ਕਿ ਉਸ ਨੂੰ ਬਰਾੜਾਂ ਵਾਲਿਆਂ ਤੇ ਇਤਬਾਰ ਨਹੀਂ, ਉਹਨਾਂ ਨਾਲ ਨਾ ਮਿਲਿਆ ਕਰੇ। ਪਰ ਭਾਈ ਪਰੇਮ ਸਿੰਘ ਨੂੰ ਕੋਈ ਸ਼ੱਕ ਨਾ ਪਿਆ। ਉਹ ਬਰਾੜਾਂ ਵਾਲਿਆਂ ਦੀਆਂ ਅਲੱਗ ਤੇ ਲਛਮਣ ਸਿੰਘ ਦੇ ਤੁਰਪ ਦੀਆਂ ਅਲੱਗ ਮੀਟਿੰਗਾਂ ਲਾਉਂਦਾ ਰਿਹਾ। ਭਾਈ ਲਛਮਣ ਸਿੰਘ ਦੀ ਗੱਲ ਬਾਅਦ ਵਿਚ ਸੱਚੀ ਨਿਕਲੀ। ਕਿਰਪਾਲ ਸਿੰਘ ਕਲਮੂਹਾਂ ਮੁਖ਼ਬਰ ਵੀ ਬਲਵੰਤ ਸਿੰਘ ਦੇ ਆਸਰੇ ਪਾਰਟੀ ਵਿਚ ਵੜਿਆ ਤੇ ਬੰਬ ਵੀ ਏਸੇ ਤੁਰਪ ਦੇ ਦਫੇਦਾਰਾਂ ਦੇ ਬਕਸੇ ਵਿਚੋਂ ਡਿਗਕੇ ਫਟਿਆ। ਬਰਾੜਾਂ ਦੇ ਤੁਰਪ ਦੇ ਬੰਦੇ ਸਭ ਦੇ ਸਭ ਸਰਕਾਰੀ ਗਵਾਹ ਬਣ ਗਏ ਤੇ ਲਛਮਣ ਸਿੰਘ ਤੇ ਵਧਾਵਾ ਸਿੰਘ ਦੇ ਤੁਰਪਾਂ ਦੇ ਬੰਦੇ ਸ਼ਹੀਦ ਕਰਵਾ ਦਿਤੇ।

ਇਹ ਬੰਬ ਮੈਗਜ਼ੀਨਾਂ ਉਤੇ ਕਬਜ਼ਾ ਕਰਨ ਵੇਲੇ ਵਰਤਣ ਲਈ ਇਹਨਾਂ ਤੁਰਪਾਂ ਨੂੰ ਦਿਤੇ ਗਏ ਸਨ, ਜੋ ਇਹਨਾਂ ਨੇ ਅਜੇ ਸੰਭਾਲਕੇ ਰਖੇ ਹੋਏ ਸਨ। ਦਫੇਦਾਰ ਲਛਮਣ ਸਿੰਘ ਤੇ ਦਫੇਦਾਰ ਵਧਾਵਾ ਸਿੰਘ ਰੂੜੀਵਾਲੇ ਦੇ ਤੁਰਪਾਂ ਦੇ 18 ਆਦਮੀਆਂ ਨੂੰ ਜੰਗ ਤੋਂ ਵਾਪਸ ਮੰਗਵਾਕੇ ਇਹਨਾਂ ਦਾ ਡਿਗਸ਼ਈ ਵਿਚ ਕੋਰਟ ਮਾਰਸ਼ਲ ਕੀਤਾ ਗਿਆ। ਬਲਵੰਤ ਸਿੰਘ ਤੇ ਬਰਾੜਾਂ ਦੇ ਹੋਰ ਸਵਾਰ ਗਵਾਹ ਬਣਕੇ ਬਚ ਗਏ। ਦਫੇਦਾਰ ਲਛਮਣ ਸਿੰਘ ਚੂਸਲੇਵੜ, ਦਫੇਦਾਰ ਵਧਾਵਾ ਸਿੰਘ ਰੂੜੀਵਾਲਾ ਤੇ ਸ੍ਰੀ ਭਾਗ ਸਿੰਘ, ਸ੍ਰੀ ਮੋਤਾ ਸਿੰਘ ਤੇ ਸ੍ਰੀ ਤਾਰਾ ਸਿੰਘ ਰੂੜੀਵਾਲੀਏ, ਸ੍ਰੀ ਇੰਦਰ

1. ਲਾਹੌਰ ਸਾਜ਼ਿਸ਼ ਮੁਕੱਦਮਾ ਦੂਸਰਾ, ਸਫਾ, 52-54

ਸਿੰਘ ਜੀਉਵਾਲਾ, ਸ੍ਰੀ ਇੰਦਰ ਸਿੰਘ ਸਬਾਜਪੁਰ, ਸ੍ਰੀ ਬੂਟਾ ਸਿੰਘ ਕਸੇਲ, ਸ੍ਰੀ ਗੁੱਜਰ ਸਿੰਘ ਲਹੁਕੇ, ਸ੍ਰੀ ਜੇਠਾ ਸਿੰਘ ਲਹੁਕੇ, ਸ੍ਰੀ ਬੁਧ ਸਿੰਘ ਢੋਟੀਆਂ, ਸ੍ਰੀ ਅਬਦੁਲ ਨਾਅਲਬੰਦ (ਲਾਹੌਰ) ਆਦਿ, 12 ਜਣਿਆਂ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ। ਢੋਟੀਆਂ ਦੇ ਸ੍ਰੀ ਬਿਸ਼ਨ ਸਿੰਘ, ਸ੍ਰੀ ਬਿਸ਼ਨ ਸਿੰਘ ਦੂਸਰਾ, ਸ੍ਰੀ ਨੱਥਾ ਸਿੰਘ ਤੇ ਸ੍ਰੀ ਕੇਹਰ ਸਿੰਘ, ਢੰਡ ਕਸੇਲ ਦੇ ਸ੍ਰੀ ਚੰਨਣ ਸਿੰਘ ਅਤੇ ਰਾਏਕੇ ਬੁਰਜਾਂ ਦੇ ਸ੍ਰੀ ਨੰਦ ਸਿੰਘ ਦੀਆਂ ਫਾਂਸੀ ਦੀਆਂ ਸਜ਼ਾਵਾਂ ਹਟਾ ਕੇ ਕਾਲੇ ਪਾਣੀ ਦੀ ਉਮਰ ਕੈਦ ਵਿਚ ਬਦਲ ਦਿਤੀਆਂ ਗਈਆਂ।[1]

ਦੋ ਹੋਰ ਸਵਾਰਾਂ ਭਾਈ ਸੁੱਚਾ ਸਿੰਘ ਚੋਹਲਾ ਤੇ ਭਾਈ ਮਹਾਰਾਜ ਸਿੰਘ ਨੂੰ ਦੂਸਰੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਵਲ੍ਹੇਟਕੇ ਉਮਰ ਕੈਦ ਕਾਲੇ ਪਾਣੀ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਦਿਤੀ ਗਈ।

## ਮੇਰਠ, ਫੈਜ਼ਾਬਾਦ, ਬਨਾਰਸ ਤੇ ਹੋਰ

ਮੇਰਠ ਵਿਚ ਪਹਿਲਾਂ ਭਾਈ ਕਰਤਾਰ ਸਿੰਘ ਸਰਾਭਾ ਗਿਆ ਤੇ ਫੇਰ ਇਥੋਂ ਦਾ ਕੰਮ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਦੇ ਸੁਪਰਦ ਕੀਤਾ ਗਿਆ। 128ਵੀਂ ਪਾਇਓਨੀਅਰ ਨਾਮੀ ਪਲਟਨ ਵਿਚ ਭਾਈ ਫੂਲਾ ਸਿੰਘ ਫੌਜੀਆਂ ਤੇ ਗ਼ਦਰੀਆਂ ਵਿਚ ਜਥੇਬੰਦਕ ਸੀ। 12ਵੇਂ ਰਸਾਲੇ ਵਿਚ ਈਸ਼ਰ ਸਿੰਘ ਸਵਾਰ ਗ਼ਦਰ ਪਾਰਟੀ ਦਾ ਮੋਢੀ ਸੀ। ਮੇਰਠ ਫੌਜੀ ਡਵਿਜ਼ਨ ਦਾ ਹੈਡਕਵਾਰਟਰ ਸੀ ਤੇ ਦਿੱਲੀ ਦੇ ਸਿਰ ਉਤੇ ਬੜੀ ਵਿਸ਼ੇਸ਼ ਫੌਜੀ ਪੋਜ਼ੀਸ਼ਨ ਰੱਖਦਾ ਸੀ। ਇਸ ਲਈ ਇਥੇ ਪਾਰਟੀ ਦਾ ਉਘਾ ਲੀਡਰ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਡਿਊਟੀ ਉਤੇ ਲਾਇਆ ਗਿਆ। ਪਰ ਇਹ ਗ਼ਦਰ ਦੀ ਨਾਕਾਮੀ ਤੋਂ ਬਾਅਦ ਨਾਦਰ ਖਾਂ ਜਮਾਦਾਰ ਤੋਂ ਠੱਗੀ ਖਾ ਗਿਆ ਤੇ 23 ਮਾਰਚ ਨੂੰ ਦਸ ਬੰਬਾਂ ਸਮੇਤ ਫੌਜੀ ਬਾਰਕਾਂ ਵਿਚੋਂ ਗਰਿਫਤਾਰ ਕਰਵਾ ਦਿਤਾ ਗਿਆ। ਭਾਈ ਫੂਲਾ ਸਿੰਘ ਨੇ ਸਾਰੀ ਆਪਣੇ ਸਿਰ ਤੇ ਲੈ ਲਈ। ਨਾਦਰ ਖਾਂ ਨੇ ਈਸ਼ਰ ਸਿੰਘ ਦੇ ਨਾਲ ਦੋ ਹੋਰ ਸਵਾਰ ਫਸਾ ਦਿਤੇ। ਇਹਨਾਂ ਚਹੁੰ ਭਾਈ ਫੂਲਾ ਸਿੰਘ ਤੇ 12ਵੇਂ ਰਾਸਲੇ ਦਾ ਭਾਈ ਭਗਵਾਨ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਜੋਗਿੰਦਰ ਸਿੰਘ ਸਵਾਰਾਂ ਵਿਚ ਜਤੋਗ ਦੀ ਛਾਉਣੀ ਵਿਚ ਕੋਰਟ ਮਾਰਸ਼ਲ ਹੋਇਆ ਤੇ ਇਹ ਸੂਰਮੇ 26 ਅਪਰੈਲ, 1915 ਨੂੰ ਮੇਰਠ ਜੇਲ੍ਹ ਵਿਚ ਲਿਆਕੇ ਫਾਂਸੀ ਦੇ ਕੇ ਸ਼ਹੀਦ ਕਰ ਦਿਤੇ ਗਏ।[2]

ਯੂ.ਪੀ. ਦੀ ਛਾਉਣੀ ਫੈਜ਼ਾਬਾਦ ਵਿਚ ਸ੍ਰੀ ਹਰਨਾਮ ਸਿੰਘ ਹਵਾਲਦਾਰ, ਜੋ ਸਦਰ ਬਾਜ਼ਾਰ ਵਿਚ ਚੌਧਰੀ ਵੀ ਸੀ, ਗ਼ਦਰ ਪਾਰਟੀ ਨਾਲ ਸੰਬੰਧ ਰੱਖਦਾ ਸੀ। ਉਹ ਪਾਰਟੀ ਦੀਆਂ ਛਪਤਾਂ ਸਿਪਾਹੀਆਂ ਵਿਚ ਵੰਡਦਾ ਤੇ ਉਹਨਾਂ ਨੂੰ ਪੜ੍ਹਕੇ ਸੁਣਾਉਂਦਾ। ਭਾਈ ਕਰਤਾਰ ਸਿੰਘ ਦੇ ਛਾਉਣੀਆਂ ਵਿਚ ਕੀਤੇ ਦੌਰੇ ਸਮੇਂ ਇਹ ਗ਼ਦਰੀ ਬਣਿਆ ਸੀ। ਏਥੇ 9ਵੀਂ ਭੂਪਾਲ ਪਲਟਨ ਸੀ, ਜਿਸ ਦੇ ਸਿਪਾਹੀ ਹਰਨਾਮ ਸਿੰਘ ਤੋਂ ਗ਼ਦਰ ਪਾਰਟੀ ਦਾ ਪਰੋਗਰਾਮ ਸੁਣਦੇ ਤੇ ਇਨਕਲਾਬ ਵਿਚ ਸ਼ਾਮਲ ਹੋਣ ਲਈ ਤਿਆਰ ਸਨ। ਕਿਸੇ ਵਾਇਦਾ ਮਾਫ ਦੇ ਬਿਆਨ ਉਤੇ 6 ਅਪਰੈਲ, 1915 ਨੂੰ

---

1. ਹੋਮ (ਪੋਲੀਟੀਕਲ), ੳ. ਅਕਤੂਬਰ 1915, ਨੰ. 671-84, 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 203
2. ਉਤਲਿਖਤ ਕਾਰਵਾਈ ਤੇ ਪਹਿਲਾ ਲਾਹੌਰ ਸਾਜ਼ਿਸ਼ ਮੁਕੱਦਮਾ ਸਫਾ 113

ਹਵਾਲਦਾਰ ਨੂੰ ਗਰਿਫਤਾਰ ਕੀਤਾ ਗਿਆ ਤੇ ਬਗ਼ਾਵਤ ਦਾ ਮੁਕੱਦਮਾ ਚਲਾਕੇ ਸੈਸ਼ਨ ਜੱਜ ਫੈਜ਼ਾਬਾਦ ਤੋਂ 4 ਅਕਤੂਬਰ, 1915 ਨੂੰ ਦਸ ਸਾਲ ਦੀ ਸਖ਼ਤ ਕੈਦ ਕਰਵਾ ਦਿਤਾ ਗਿਆ, ਜੋ ਬਾਅਦ ਵਿਚ ਵਾਇਸਰਾਏ ਨੇ ਪੰਜ ਸਾਲ ਕਰ ਦਿਤੀ।[1]

ਬਨਾਰਸ ਦੀ ਛਾਉਣੀ ਵਿਚ ਪਹਿਲਾਂ ਭਾਈ ਕਰਤਾਰ ਸਿੰਘ ਸਰਾਭਾ ਆਪ ਆਇਆ ਤੇ ਫੇਰ ਸ੍ਰੀ ਸਚਿੰਦਰ ਨਾਥ ਸਾਨਿਆਲ ਤੇ ਉਸ ਤੇ ਬਨਾਰਸੀ ਸਾਥੀ 7ਵੀਂ ਰਾਜਪੂਤ ਰਜਮੈਂਟ ਪਾਸ ਆਉਂਦੇ ਰਹੇ। ਇਸ ਪਲਟਨ ਵਿਚ ਗ਼ਦਰ ਪਾਰਟੀ ਦੇ ਕੰਮ ਨੂੰ ਵਾਇਦਾ ਮਾਫਾਂ ਨੇ ਹੀ ਨੰਗਿਆਂ ਕੀਤਾ। ਇਥੇ ਤਿੰਨਾਂ ਸਿਪਾਹੀਆਂ ਨੂੰ ਗਰਿਫਤਾਰ ਕੀਤਾ ਗਿਆ ਤੇ ਬਨਾਰਸ਼ ਸਾਜ਼ਿਸ਼ ਕੇਸ ਨਾਮ ਦੇ ਮੁਕੱਦਮੇ ਵਿਚ ਸਚਿੰਦਰ ਨਾਥ ਸਾਨਿਆਲ ਤੇ ਉਸ ਦੇ ਸਾਥੀਆਂ ਨਾਲ ਰੱਖਿਆ ਗਿਆ। ਵਾਇਦਾ ਮਾਫਾਂ ਦੇ ਸ਼ਨਾਖਤ ਨਾ ਕਰਨ ਉਤੇ ਇਹ ਤਿੰਨ ਸਿਪਾਹੀ ਬਰੀ ਹੋ ਗਏ।

ਦੀਨਾਪੁਰ ਦੀ ਛਾਉਣੀ ਵਿਚ 89ਵੇਂ ਪੰਜਾਬੀ ਰਜਮੈਂਟ ਵਿਚ ਵੀ ਪਹਿਲਾਂ ਭਾਈ ਕਰਤਾਰ ਸਿੰਘ ਸਰਾਭਾ ਤੇ ਫੇਰ ਬਨਾਰਸ ਵਾਲੇ ਇਨਕਲਾਬੀ ਗਰੋਹ ਦੇ ਗ਼ਦਰੀ ਜਾਂਦੇ ਰਹੇ।[2]

ਇਸੇ ਤਰ੍ਹਾਂ 35ਵੀਂ ਸਿੱਖ ਨੇ, ਜੋ ਬੰਨੂ ਤੋਂ ਬਦਲਕੇ ਰਾਵਲਪਿੰਡੀ ਆ ਗਈ ਸੀ, ਗ਼ਦਰ ਵਿਚ ਸ਼ਾਮਲ ਹੋਣ ਦਾ ਪੱਕ ਪਕਾਇਆ ਹੋਇਆ ਸੀ। ਇਸ ਰਜਮੈਂਟ ਦਾ ਸੂਬੇਦਾਰ ਜਵਾਲਾ ਸਿੰਘ ਤੇ ਨਾਲ ਹੀ ਰਹਿੰਦੀ ਇਕ ਗੋਰਖਾ ਪਲਟਣ ਦੇ ਸੂਬੇਦਾਰ ਗ਼ਦਰੀਆਂ ਦੇ ਨਾਲ ਸਨ।[3]

ਜਲੰਧਰ ਵਿਚ ਡੋਗਰਿਆਂ ਤੇ ਹੋਰ ਸਿਪਾਹੀਆਂ ਨੇ ਇਕਰਾਰ ਕੀਤੇ ਹੋਏ ਸਨ। ਇਹੀ ਹਾਲ ਬੰਨੂ, ਕੋਹਾਟ, ਜੇਹਲਮ, ਪਸ਼ਾਵਰ, ਹੋਤੀ ਮਰਦਾਨ ਤੇ ਨੌਸ਼ਹਿਰੇ ਦੀਆਂ ਛਾਉਣੀਆਂ ਦੇ ਫੌਜੀਆਂ ਦਾ ਸੀ। ਕਪੂਰਥਲੇ ਦੇ ਰਿਆਸਤੀ ਸਿਪਾਹੀਆਂ ਨਾਲ ਭਾਈ ਜਵੰਦ ਸਿਘ ਨੰਗਲ ਦਾ ਚੋਖਾ ਮੇਲ ਜੋਲ ਸੀ। ਕਾਹਨਪੁਰ, ਅਲਾਹਬਾਦ ਤੇ ਲਖਨਊ ਦੀਆਂ ਛਾਉਣੀਆਂ ਵਿਚ ਕਰਤਾਰ ਸਿੰਘ ਤੇ ਪਿੰਗਲੇ ਗਏ ਤੇ ਸਿਪਾਹੀਆਂ ਦੀਆਂ ਮੀਟਿੰਗਾਂ ਲਾ ਲਾ ਇਨਕਲਾਬ ਲਈ ਉੱਠਣ ਵਾਸਤੇ ਆਖਦੇ ਰਹੇ। ਅਲਾਹਬਾਦ ਵਿਚ ਇਕ ਹੌਲਦਾਰ ਗ਼ਦਰੀ ਬਣ ਗਿਆ। ਅੰਬਾਲੇ ਵਿਚ 9ਵੇਂ ਹਡਸਨ ਹਾਰਸ ਨਾਮੀ ਰਸਾਲੇ ਵਿਚ ਗ਼ਦਰੀਆਂ ਦਾ ਚੰਗਾ ਆਉਣ ਜਾਣ ਸੀ ਤੇ ਰਸਾਲੇ ਵਿਚੋਂ ਨਰਿੰਦਰ ਸਿੰਘ ਨਾਮ ਦਾ ਕਲਰਕ ਪਾਰਟੀ ਦੀ ਸਹਾਇਤਾ ਕਰਦਾ ਸੀ।[4]

## ਸਿੰਘਾਪੁਰ

ਉਪਰਲੀਆਂ ਫੌਜਾਂ ਵਿਚ ਕੰਮ ਗ਼ਦਰ ਪਾਰਟੀ ਦੀ ਜੰਗੀ ਸਕੀਮ ਵਿਚ ਬੱਧਾ ਹੋਇਆ ਸੀ, ਪਰ ਇਸ ਤੋਂ ਇਲਾਵਾ ਗ਼ਦਰ ਪਾਰਟੀ ਦਾ ਕੰਮ ਉਹਨਾਂ ਪਲਟਨਾਂ ਵਿਚ ਵੀ ਉਜਾਗਰ ਹੋਇਆ, ਜਿਨ੍ਹਾਂ ਵਿਚ ਗ਼ਦਰ ਪਾਰਟੀ ਨੇ ਸਿੱਧਾ ਪਰਚਾਰ ਕੀਤਾ ਜਾਂ ਜਿਨ੍ਹਾਂ ਤੱਕ ਗ਼ਦਰ ਪਾਰਟੀ ਦੇ ਪਰਚਾਰ ਦੀਆਂ ਸੋਆਂ ਪਹੁੰਚੀਆਂ। ਗ਼ਦਰ ਪਾਰਟੀ ਦੀ ਅੰਗਰੇਜ਼ ਦੀ ਗੁਲਾਮੀ ਵਿਰੁੱਧ ਆਪਣੀ ਆਜ਼ਾਦੀ ਲਈ ਲੜਨ ਦੀ ਪੈਦਾ ਕੀਤੀ ਹੋਈ ਹਵਾ ਤਕਰੀਬਨ ਸਾਰੀਆਂ ਫੌਜਾਂ ਵਿਚ ਫੈਲੀ ਹੋਈ

---

1. ਹੋਮ (ਪੋਲੀਟੀਕਲ) ੳ. ਅਪਰੈਲ 1916, ਕਾਰਵਾਈ ਨੰ. 47
2. ਹੋਮ (ਪੋਲੀਟੀਕਲ) ਅ. ਦਸੰਬਰ, 1915 ਕਾਰਵਾਈ ਨੰ. 463-66
3. ਹਰਨਾਮ ਸਿੰਘ ਕਹੂਟਾ ਦਾ ਬਿਆਨ
4. ਉਤਲਿਖਤ, ਮੁਕੱਦਮਾ ਸਫੇ 91-97 ਤੇ 101-2

ਸੀ। ਕਈਆਂ ਪਲਟਨਾਂ ਵਿਚ ਇਹ ਹਵਾ ਗ਼ਦਰ ਪਾਰਟੀ ਦੇ ਪਰਚਾਰ ਤੇ ਸਬੰਧਾਂ ਨਾਲ ਬਗ਼ਾਵਤ ਦੀ ਸ਼ਕਲ ਵਿਚ ਉਠ ਪਈ ਤੇ ਕਈਆਂ ਵਿਚ ਇਹ ਕੇਵਲ ਹੁਕਮ ਅਦੂਲੀ ਤਕ ਹੀ ਪਹੁੰਚ ਸਕੀ। ਇਹ ਸਾਫ ਹੋ ਗਿਆ ਹੈ ਕਿ ਇਹਨਾਂ ਪਲਟਨਾਂ ਵਿਚ ਅੰਗਰੇਜ਼ ਵਿਰੋਧੀ ਵਿਚਾਰਾਂ ਨੂੰ ਉਭਾਰ ਕੇ ਬਗ਼ਾਵਤ ਤੱਕ ਪੁਚਾਉਣ ਵਿਚ ਗ਼ਦਰ ਪਾਰਟੀ ਦਾ ਹੱਥ ਸੀ, ਪਰ ਬਗ਼ਾਵਤ ਦੇ ਸਮੇਂ ਇਹਨਾਂ ਨੂੰ ਪਾਰਟੀ ਦੀ ਅਗਵਾਈ ਨਸੀਬ ਨਾ ਹੋ ਸਕੀ ਤੇ ਇਹ ਮੌਕਾ ਪਾਕੇ ਸੁੱਤੇ ਸੁੱਧ ਹੀ ਉਭਰ ਪੈਂਦੀਆਂ ਰਹੀਆਂ, ਜਿਸ ਕਰਕੇ ਇਹ ਪਲਟਨਾਂ ਅਤੀ ਮਹਾਨ ਕੁਰਬਾਨੀਆਂ ਦੇਕੇ ਵੀ ਗ਼ਦਰ ਲਹਿਰ ਦੀ ਪਰੋਤੀ ਹੋਈ ਲੜੀ ਨਾ ਬਣੀਆਂ। ਪਰ ਇਸ ਤਰ੍ਹਾਂ ਦੀਆਂ ਸੁਤੇ ਸੁੱਧ ਬਗ਼ਾਵਤਾਂ ਇਹ ਜ਼ਰੂਰ ਦੱਸ ਗਈਆਂ ਕਿ ਗ਼ਦਰ ਲਹਿਰ ਕਿਸ ਹੱਦ ਤੱਕ ਫੈਲ ਚੁੱਕੀ ਸੀ ਤੇ ਜੇ ਪਾਰਟੀ ਪਾਸ ਇਸ ਸਾਰੀ ਜਾਗਰਤਾ ਨੂੰ ਆਪਣੇ ਉਦਾਲੇ ਵਲ੍ਹੇਟਣ ਦੇ ਵਸੀਲੇ ਦੇ ਸਮਰੱਥਾ ਹੁੰਦੀ ਤੇ ਉਹ ਸਭ ਨੂੰ ਇਕਠਿਆਂ ਕਰਕੇ ਇਕੋ ਦਿਨ ਹੀ ਬਗ਼ਾਵਤ ਦੀ ਲੜਾਈ ਛੇੜ ਸਕਦੀ ਤਾਂ ਹਾਰ ਜਿੱਤ ਤਾਂ ਇਨਕਲਾਬੀ ਤਾਕਤ ਦੇ ਜ਼ੋਰ ਉਤੇ ਨਿਰਭਰ ਹੋਣੀ ਸੀ, ਪਰ ਇਕ ਗੱਲ ਜ਼ਰੂਰ ਹੋ ਜਾਂਦੀ ਕਿ ਹਿੰਦੁਸਤਾਨ ਦੇ ਇਤਿਹਾਸ ਦੇ ਪਤਰੇ ਇਸ ਤਰ੍ਹਾਂ ਨਹੀਂ ਉਲੀਕੇ ਜਾਣ ਸਨ, ਜਿਸ ਤਰ੍ਹਾਂ ਕਾਂਗਰਸੀ ਹਕੂਮਤ ਅੱਜ ਲਿਖ ਜਾਂ ਲਿਖਵਾ ਰਹੀ ਹੈ।

ਇਹਨਾਂ ਸੁਤੇ ਸੁੱਧ ਬਗ਼ਾਵਤਾਂ ਵਿਚੋਂ ਸਿੰਘਾਪੁਰ ਵਿਚ ਪੰਜਵੀਂ ਹੌਲੀ (ਲਾਈਟ) ਪਲਟਣ ਦੀ ਬਗ਼ਾਵਤ ਬਹੁਤ ਹੀ ਪਰਸਿੱਧ ਹੈ, ਜੋ ਉਸ ਵੇਲੇ ਪਲਟਨਾਂ ਵਿਚ ਹੋਈਆਂ ਬਗ਼ਾਵਤਾਂ ਵਿਚੋਂ ਅੰਗਰੇਜ਼ ਦੀ ਫੌਜੀ ਤੇ ਸਿਆਸੀ ਤਾਕਤ ਨੂੰ ਸਭ ਤੋਂ ਜ਼ਿਆਦਾ ਸੱਟ ਮਾਰਵੀਂ ਬਗ਼ਾਵਤ ਸੀ। ਇਹ ਗੱਲ ਸਾਫ ਤੌਰ ਤੇ ਸਿੱਧ ਹੋ ਗਈ ਹੈ ਕਿ ਇਹ ਬਗ਼ਾਵਤ ਗ਼ਦਰ ਪਾਰਟੀ ਦੇ ਪਰਚਾਰ ਨਾਲ ਪਲਟਨ ਵਿਚ ਆਈ ਅੰਗਰੇਜ਼ ਵਿਰੋਧੀ ਘਿਰਨਾ ਦਾ ਸਿੱਧਾ ਸਿੱਟਾ ਸੀ।

ਸਿੰਘਾਪੁਰ ਸੁਟੀਆਂ ਹੋਈਆਂ ਦੋ ਦੇਸ਼ੀ ਪਲਟਨਾਂ, ਮਲਾਯਾ ਰਿਆਸਤੀ ਗਾਈਡ ਤੇ 5ਵੀਂ ਲਾਈਟ ਪਲਟਨ ਵਿਚ ਗ਼ਦਰ ਅਖ਼ਬਾਰ ਦੀ ਆਮ ਵੰਡ ਹੁੰਦੀ ਰਹੀ। ਭਾਈ ਚੇਤ ਸਿੰਘ ਇਥੇ ਗ਼ਦਰ ਅਖ਼ਬਾਰ ਵੰਡਦਾ ਰਿਹਾ। ਪੀਨਾਂਗ ਤੋਂ ਪੁਲਸ ਸਾਰਜੰਟ ਤਲੋਕ ਸਿੰਘ ਦਾ ਉਧਰ ਵੀ ਸਿੰਘਾਪੁਰ ਜਾਕੇ ਸ਼ਹਿਰ ਤੇ ਪਲਟਨ ਵਿਚ ਗ਼ਦਰ ਅਖ਼ਬਾਰ ਵੰਡ ਆਉਂਦਾ ਸੀ।[1] ਸੁੰਦਰ ਸਿੰਘ ਦੌਲੋਨੰਗਲ ਤੇ ਹਰਨਾਮ ਸਿੰਘ ਰਸੂਲਪੁਰ ਨੇ ਜਹਾਜ਼ ਤੋਂ ਉਤਰਕੇ ਸਿੰਘਾਪੁਰ ਵਿਚ 'ਗ਼ਦਰੀ' ਸਾਹਿਤ ਤਕਸੀਮ ਕੀਤਾ।[2] ਇਹ ਪਲਟਨਾਂ ਮੁਸਲਮਾਨਾਂ ਦੀਆਂ ਸਨ। ਇਹਨਾਂ ਦੋਂਹ ਪਲਟਨਾਂ ਵਿਚ ਤੁਰਕੀ ਦੀ ਹਮਾਇਤ ਵਿਚ ਇਸਲਾਮੀ ਰਿਸ਼ਤਾ ਕੰਮ ਕਰ ਰਿਹਾ ਸੀ ਜੋ ਤੁਰਕੀ ਦੇ ਅੰਗੇਰਜ਼ ਵਿਰੋਧੀ ਖੜੋ ਜਾਣ ਕਰਕੇ ਅੰਗਰੇਜ਼ ਵਿਰੋਧੀ ਹੋਣਾ ਜ਼ਰੂਰੀ ਸੀ। ਇਸ ਇਸਲਾਮੀ ਰਿਸ਼ਤੇ ਦੇ ਅੰਗਰੇਜ਼ ਵਿਰੋਧੀ ਖ਼ਾਸੇ ਨੂੰ ਗ਼ਦਰ ਪਾਰਟੀ ਦੇ ਪਰਚਾਰ ਨੇ ਉਭਾਰਿਆ ਤੇ ਬਗ਼ਾਵਤ ਦੀ ਨੌਬਤ ਤਕ ਪੁਚਾ ਦਿਤਾ। ਜਦ ਅਮਰੀਕਾ, ਕੈਨੇਡਾ, ਸ਼ੰਘਾਈ, ਮਨੀਲਾ ਤੇ ਹਾਂਗਕਾਂਗ ਤੋਂ ਸਤੰਬਰ ਤੇ ਅਕਤੂਬਰ, 1914 ਵਿਚ ਗ਼ਦਰੀ ਸਿੰਘਾਪੁਰ ਥਾਣੀਂ ਲੰਘਣੇ ਸ਼ੁਰੂ ਹੋਏ ਤਾਂ ਉਹ ਜਹਾਜ਼ਾਂ ਤੋਂ ਉਤਰਕੇ ਗੁਰਦਵਾਰੇ ਤੇ ਪਲਟਨਾਂ ਵਿਚ ਜਾਕੇ ਲੋਕਾਂ ਤੇ ਫੌਜੀਆਂ ਨੂੰ ਇਨਕਲਾਬ ਕਰਨ ਲਈ

---

1. ਹੋਮ (ਪੋਲੀਟੀਕਲ) ਅਪੈਰਲ 1915 ਕਾਰਵਾਈ ਨੰ. 24 (ਦਾਖਲ ਦਫਤਰ) ਤੇ ਗੇਂਦਾ ਸਿੰਘ ਦਾਉਧਰ ਦਾ ਬਿਆਨ
2. ਦੂਸਰਾ ਸਾਜ਼ਿਸ਼ ਮੁਕੱਦਮਾ ਸਫਾ 66

ਉਠਣ ਵਾਸਤੇ ਆਖਦੇ। ਸ੍ਰੀ ਮੁਜਤਬਾ ਹੁਸੈਨ ਜਿਸਦਾ ਦਾ ਗ਼ਦਰੀ ਨਾਂ ਮੂਲ ਚੰਦ ਸੀ, ਮਨੀਲਾ ਦੀ ਗ਼ਦਰ ਪਾਰਟੀ ਵਲੋਂ ਉਹਨਾਂ ਪਲਟਨਾਂ ਵਿਚ ਗਿਆ।[1] ਸਰਕਾਰੀ ਕਾਗ਼ਜ਼ਾਂ ਵਿਚ ਮਨੀਲਾ ਤੋਂ ਆਏ ਭਾਈ ਜੀਵਨ ਸਿੰਘ ਫੇਲੋਕੇ ਜ਼ਿਲਾ ਗੁਜਰਾਤ, ਜੋ ਬਰਮਾ ਦੇ ਮੁਕੱਦਮੇ ਵਿਚ ਕੈਦ ਕੀਤੇ ਗਏ, ਹਾਂਗਕਾਂਗ ਤੋਂ ਆਏ ਹੀਰਾ ਸਿੰਘ ਚਰੜ (ਲਾਹੌਰ) ਤੇ ਸ੍ਰੀ ਗਿਆਨ ਚੰਦ ਮੋਰੀ ਮਰਲ ਲਾਹੌਰ ਦਾ ਜ਼ਿਕਰ ਵੀ ਆਉਂਦਾ ਹੈ, ਕਿ ਇਹਨਾਂ ਨੇ ਸਿੰਘਾਪੁਰ ਦੀਆਂ ਪਲਟਨਾਂ ਵਿਚ ਪਰਚਾਰ ਕੀਤਾ। ਗ਼ਦਰੀਆਂ ਨਾਲ ਸਬੰਧ ਰੱਖਣ ਦੇ ਦੋਸ਼ ਵਿਚ ਭਾਈ ਮੇਵਾ ਸਿੰਘ ਗ਼ਦਰੀ ਨੂੰ, ਜਿਸ ਦਾ ਪੂਰਾ ਪਤਾ ਨਹੀਂ ਲੱਗਾ, ਸਿੰਘਾਪੁਰੋਂ ਲਿਆਕੇ ਪਿੰਡ ਬੰਦ ਕੀਤਾ ਗਿਆ।[2] ਸਾਕੇ ਤੋਂ ਤਿੰਨ ਹਫ਼ਤੇ ਬਾਅਦ ਬੰਕਾਕ ਤੋਂ ਇਕ ਜਰਮਨ ਨੇ ਸਿੰਘਾਪੁਰ ਦੇ ਇਕ ਅਖ਼ਬਾਰ ਨੂੰ ਲਿਖਿਆ ਕਿ ਉਸ ਨੂੰ ਬੰਕਾਕ ਵਿਚ ਇਕ ਪੜ੍ਹਿਆ ਲਿਖਿਆ ਇਨਕਲਾਬੀ ਲਹਿਰ ਦਾ ਲੀਡਰ ਮਿਲਿਆ, ਜਿਸ ਦੇ ਪਾਸ ਕਾਫੀ ਰੁਪਿਆ ਸੀ, ਤੇ ਜਿਸ ਨੇ ਉਸ ਨੂੰ ਦੱਸਿਆ ਕਿ ਉਹ ਸਿੰਘਾਪੁਰ ਗ਼ਦਰ ਕਰਵਾਉਣ ਜਾ ਰਿਹਾ ਹੈ।[3] ਜਨਰਲ ਡਾਇਰ (ਜਲ੍ਹਿਆਂ ਵਾਲੇ ਬਾਗ਼ ਦਾ ਅੰਗਰੇਜ਼ੀ ਜਲਾਦ) ਦੀ ਛਪੀ ਜੀਵਨੀ ਵਿਚ ਲਿਖਿਆ ਹੈ ਕਿ--

"ਇਹ ਮਾਮਲਾ (ਸਿੰਘਾਪੁਰ ਦਾ ਗ਼ਦਰ) ਸਰੀਹਣ ਉਸੇ ਗ਼ਦਰ ਸਾਜ਼ਿਸ਼ ਦਾ ਹੀ ਹਿੱਸਾ ਸੀ।[4]"

ਰੌਲਟ ਰਿਪੋਰਟ ਦੇ ਸਫਾ 170-71 ਉਤੇ ਲਿਖਿਆ ਹੈ—

"ਅਮਰੀਕਾ ਦੀ ਗ਼ਦਰ ਪਾਰਟੀ ਦੇ ਮੁਸਲਮਾਨ ਤੇ ਹਿੰਦੂ ਸਾਜ਼ਿਸ਼ੀਆਂ ਨੇ ਫੌਜੀਆਂ ਨੂੰ ਪਾਣ ਚਾਹੜੀ ਹੋਈ ਸੀ। ਇਸ ਲਈ ਇਸ (5ਵੀਂ ਪਲਟਨ) ਦੀ ਬਗ਼ਾਵਤ ਨੂੰ ਰੋਕਿਆ ਨਾ ਜਾ ਸਕਿਆ।"

ਜਦ ਸਿੰਘਾਪੁਰ ਵਿਚ ਦੀ ਗ਼ਦਰੀ ਲੰਘ ਰਹੇ ਸਨ ਤਾਂ ਉਥੇ ਫੌਜੀ ਪੋਜ਼ੀਸ਼ਨ ਇਹ ਸੀ। ਮਲਾਯਾ ਰਿਆਸਤੀ ਗਾਈਡ ਤੇ 5ਵੀਂ ਲਾਈਟ ਪਲਟਨ, ਇਕ ਟੁਕੜੀ 36ਵੀਂ ਸਿੱਖ ਦੀ, ਕੁਝ ਤੋਪਖਾਨੇ ਦੀਆਂ ਗੋਰਾ ਬੈਟਰੀਆਂ, ਇਕ ਗੋਰਾ ਪਲਟਨ, ਇਕ ਸਿੰਘਾਪੁਰ ਦੇ ਗੋਰਿਆਂ ਵਿਚੋਂ ਭਰਤੀ ਕੀਤੀ ਵਾਲੰਟੀਅਰ ਕੋਰ। ਗੋਰਾ ਪਲਟਨ ਤਾਂ ਜੰਗ ਵਿਚ ਝੋਕਣ ਲਈ ਫਰਾਂਸ ਨੂੰ ਭੇਜ ਦਿਤੀ ਗਈ।[5]

28 ਦਸੰਬਰ, 1914 ਨੂੰ ਸਿੰਘਾਪੁਰ ਤੋਂ ਇਕ ਗੁਜਰਾਤੀ ਸੌਦਾਗਰ ਮੀਆਂ ਕਾਸਮ ਮਨਸੂਰ ਦੀ ਰੰਗੂਨ ਵਿਚ ਆਪਣੇ ਪੁਤਰ ਦੇ ਨਾਮ ਆਈ ਚਿੱਠੀ ਸੈਂਸਰ ਨੇ ਫੜੀ, ਜਿਸ ਵਿਚ ਲਿਖਿਆ ਸੀ, ਕਿ ਮਲਾਯਾ ਰਿਆਸਤੀ ਗਾਈਡ ਨਾਂ ਦੀ ਮੁਸਲਮਾਨ ਪਲਟਨ ਗ਼ਦਰ ਕਰਕੇ ਤੁਰਕੀ ਨਾਲ ਰਲਣ ਵਾਸਤੇ ਤਿਆਰ ਹੈ ਤੇ ਕੌਂਸਲ ਪਾਸੋਂ ਮੰਗ ਕੀਤੀ ਗਈ ਸੀ ਕਿ ਉਹ ਇਸ ਪਲਟਨ ਨੂੰ ਲੈ ਜਾਣ ਵਾਸਤੇ ਇਕ ਤੁਰਕੀ ਜੰਗੀ ਜਹਾਜ਼ ਸਿੰਘਾਪੁਰ ਮੰਗਵਾ ਦੇਵੇ। ਹਾਕਮਾਂ ਨੂੰ

---

1. ਲਾਹੌਰ ਸਾਜ਼ਿਸ਼ ਮੁਕੱਦਮਾ ਤੇ ਰੌਲਟ ਰਪੋਰਟ ਸਫਾ 170-71
2. ਹੋਮ (ਪੋਲੀਟੀਕਲ) ਅ, ਮਈ 1915, ਕਾਰਵਾਈ ਨੰ. 236-38
3. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 132
4. 'ਜਨਰਲ ਡਾਇਰ ਦਾ ਜੀਵਨ', ਸਫਾ 64
5. 'ਹਿੰਦੁਸਤਾਨ ਵਿੱਚ ਹਲਚਲ ਤੇ ਦੁਰਘਟਨਾ', ਸਫਾ 106

ਪਤਾ ਲੱਗ ਜਾਣ ਤੇ ਇਸ ਪਲਟਨ ਨੂੰ ਸਿੰਘਾਪੁਰ ਤੋਂ (ਪੀਨਾਂਗ) ਬਦਲ ਗਿਆ ਦਿਤਾ।[1] ਮਲੂਮ ਹੁੰਦਾ ਹੈ ਕਿ ਇਹਤਿਆਤਨ ਸਿੱਖ ਟੁਕੜੀ ਦੇ ਹਥਿਆਰ ਲੈ ਗਏ ਸਨ ਕਿਉਂਕਿ ਜਦ ਗ਼ਦਰ ਫੁਟਦਾ ਹੈ ਤਾਂ ਜਾਰਜ ਮੈਕਮਨ ਸਿੱਖ ਟੁਕੜੀ ਨੂੰ ਬਿਨਾਂ ਹਥਿਆਰੋਂ ਹੋਣਾ ਵਰਨਣ ਕਰਦਾ ਹੈ, ਜੋ 300 ਜਰਮਨ ਕੈਦੀਆਂ ਦੇ ਕੈਂਪ ਦੀ ਨਿਗਰਾਨੀ ਉਤੇ ਲਾਈ ਹੋਈ ਸੀ। ਇਹ ਬਾਨ੍ਹਣੂੰ ਤਾਂ ਬੰਨ੍ਹ ਲਏ, ਪਰ ਫੌਜੀ ਹਾਕਮਾਂ ਨੂੰ ਇਹ ਸੁਫਨਾ ਵੀ ਨਾ ਆਇਆ ਕਿ 5ਵੀਂ ਪਲਟਨ ਵੀ ਗ਼ਦਰ ਕਰ ਦੇਵੇਗੀ।

ਇਸ ਪਲਟਨ ਨੇ ਗ਼ਦਰ ਪਾਰਟੀ ਦੇ ਪਲੈਨ ਦੀਆਂ ਲੀਹਾਂ ਉਤੇ ਆਪਣੇ ਉਠਣ ਦਾ ਦਿਨ ਨਿਯਤ ਕੀਤਾ ਹੋਇਆ ਸੀ। ਪਰ ਇਹ ਪਰੋਗਰਾਮ ਪੰਜਾਬ ਵਿਚ ਗ਼ਦਰ ਕਰਨ ਦੇ ਮਿਥੇ ਹੋਏ ਦਿਨ ਨਾਲ ਸਲਾਹ ਮਸ਼ਵਰਾ ਕਰਕੇ ਨਹੀਂ ਬਣਾਇਆ ਸਿੱਧ ਹੁੰਦਾ। ਇਹ ਇਤਫਾਕੀਆ ਜਾਪਦਾ ਹੈ। ਉਹਨਾਂ ਨੇ 15 ਫਰਵਰੀ, 1915 ਨੂੰ ਸ਼ਾਮ ਦੇ ਅੱਠ ਵਜੇ ਜਦੋਂ ਸਾਰੇ ਅਫਸਰ ਖਾਣੇ ਉਤੇ ਬੈਠ ਜਾਂਦੇ ਹਨ, ਗ਼ਦਰ ਕਰਨ ਦਾ ਸਮਾਂ ਨਿਯਤ ਕੀਤਾ ਸੀ, ਤਾਂ ਜੋ ਖਾਣਾ ਖਾ ਰਹੇ ਅਫਸਰਾਂ ਨੂੰ ਇਕੋ ਥਾਂ ਹੀ ਕਾਬੂ ਕਰ ਲਿਆ ਜਾਵੇ। ਪਰ ਅਚਾਨਕ ਉਹਨਾਂ ਨੂੰ 15 ਫਰਵਰੀ ਸਵੇਰ ਨੂੰ ਹੁਕਮ ਸੁਣਾਇਆ ਗਿਆ ਕਿ ਪਲਟਨ ਅਗਲੇ ਦਿਨ 16 ਤਰੀਕ ਨੂੰ ਹਾਂਗਕਾਂਗ ਜਾ ਰਹੀ ਹੈ, (ਜਿਥੋਂ 26ਵੀਂ ਪੰਜਾਬੀ ਦੇਸ਼ ਨੂੰ ਭੇਜੀ ਜਾ ਰਹੀ ਸੀ) ਤੇ 15 ਫਰਵਰੀ ਨੂੰ ਹੀ ਲੌਂਹਡੇ ਵੇਲੇ ਇਸ ਦਾ ਗੋਲੀ ਗੱਠਾ ਤੇ ਹਥਿਆਰ ਸਟੋਰ ਜਮਾਂ ਕਰਾਉਣੇ ਸਨ। ਸਿਪਾਹੀ ਜਾਣਦੇ ਸਨ ਕਿ ਉਹਨਾਂ ਦਾ ਗੋਲੀ ਗੱਠਾ ਸਟੋਰ ਵਿਚ ਚਲਿਆ ਗਿਆ ਤਾਂ ਉਹ ਗ਼ਦਰ ਨਹੀਂ ਕਰ ਸਕਣਗੇ। ਉਹਨਾਂ ਨੂੰ ਆਪਣੇ ਟੀਚੇ ਤੋਂ ਪਹਿਲਾਂ ਹੀ ਗ਼ਦਰ ਮਚਾਉਣ ਦਾ ਫੈਸਲਾ ਕਰਨਾ ਪਿਆ।[2]

ਗ਼ਦਰ ਦੇ ਮੌਕੇ ਉਤੇ ਸਿੰਘਾਪੁਰ ਵਿਚ ਕੇਵਲ ਇਹੀ ਵੱਡੀ ਨਫਰੀ ਦੀ ਹਥਿਆਰਬੰਦ ਤੇ ਸਿੱਖੀ ਸਿਖਾਈ ਪਲਟਨ ਸੀ। 36ਵੀਂ ਸਿੱਖ ਦੀ ਟੁਕੜੀ ਪਾਸ ਹਥਿਆਰ ਨਹੀਂ ਸਨ। ਸਮੁੰਦਰੀ ਘਾਟ ਤੇ 'ਕੈਡਮਸ' ਨਾਮ ਦਾ ਇਕੋ ਹੀ ਨਿੱਕਾ ਜਿਹਾ ਜੰਗੀ ਜਹਾਜ਼ ਸੀ, ਜਿਸ ਵਿਚ ਮਸਾਂ 80 ਕੁ ਲੜਾਈ ਯੋਗ ਆਦਮੀ ਸਨ। ਇਸ ਲਾਦੂ ਜਹਾਜ਼ ਇਸ 5ਵੀਂ ਪਲਟਨ ਨੂੰ ਲੈਣ ਵਾਸਤੇ ਆਇਆ ਹੋਇਆ ਸੀ। ਜਾਂ ਸਿੰਘਾਪੁਰ ਦੀ ਗੋਰੀ ਵਸੋਂ ਵਿਚੋਂ ਅਧ ਪਚੱਧਾ ਵਕਤ ਦੇਣ ਵਾਲੀ ਅਨਟਰੇਂਡ ਵਾਲੰਟੀਅਰ ਕੋਰ ਸੀ। ਇਸ ਪਲਟਨ ਦੀਆਂ ਬਾਰਕਾਂ ਸਿੰਘਾਪੁਰ ਤੋਂ ਚਾਰ ਮੀਲ ਲਹਿੰਦੇ ਵੱਲ ਸਨ।

ਲੌਂਢੇ ਵੇਲੇ ਜਦੋਂ ਗੋਲੀ ਗੱਠਾ ਇਕਠਾ ਕੀਤਾ ਜਾਣ ਲੱਗਾ, ਤਾਂ ਗ਼ਦਰ ਮਚ ਗਿਆ। ਅਸਲਾਹ ਇਕਠਾ ਕਰਵਾ ਰਹੇ ਅੰਗਰੇਜ਼ ਅਫਸਰ ਨੂੰ ਗੋਲੀ ਮਾਰਕੇ ਸੁਟ ਲਿਆ ਗਿਆ। ਫੇਰ ਤਾਂ ਸਿਪਾਹੀਆਂ ਨੇ ਹਥਿਆਰ ਦੇਣ ਤੋਂ ਨਾਂਹ ਕਰ ਦਿਤੀ, ਜਿਸ ਵੀ ਕਿਸੇ ਅਫਸਰ ਨੇ ਹੁਕਮ ਚਲਾਉਣ ਦੀ ਕੋਸ਼ਿਸ਼ ਕੀਤੀ, ਉਹ ਗੋਲੀ ਨਾਲ ਰਾਹੜ ਸੁੱਟਿਆ ਗਿਆ। ਬਾਰਕਾਂ ਉਤੇ ਕਬਜ਼ਾ ਕਰਕੇ ਪਲਟਨ ਦੀਆਂ ਤਿੰਨ ਟੁਕੜੀਆਂ ਹੋ ਗਈਆਂ। ਇਕ ਤਾਂ ਜਰਮਨ ਕੈਦੀਆਂ ਦੇ ਕੈਂਪ ਨੂੰ ਗਈ ਤਾਂ ਜੋ ਜਰਮਨ ਕੈਦੀਆਂ ਨੂੰ ਜੇਹਲੋਂ ਕੱਢਕੇ ਆਪਣੇ ਨਾਲ ਰਲਾਇਆ ਜਾਏ ਤੇ ਸਮੁੰਦਰੀ ਘਾਟ ਵੱਲ ਨੂੰ ਧਾਵਾ ਕਰਨ ਲਈ ਵਧਿਆ ਜਾਵੇ। ਦੂਸਰੀ ਕਮਾਨ ਅਫਸਰ ਦੇ ਬੰਗਲੇ ਨੂੰ ਗਈ, ਤਾਂ ਜੋ ਪਲਟਨ ਦੇ ਹੈਡ ਕਵਾਰਟਰ ਉਤੇ ਕਬਜ਼ਾ ਮੁਕੰਮਲ ਹੋ ਸਕੇ। ਤੀਸਰੀ ਸ਼ਹਿਰ ਦੀ ਸੜਕ ਪੈ ਗਈ,

---

1. 'ਰੌਲਟ ਰਪੋਰਟ', ਸਫਾ 170–171
2. 'ਸਿੰਘਾਪੁਰ ਦਾ ਇਤਿਹਾਸ', ਸਫਾ 167

ਜਿਸ ਦਾ ਇਕ ਮਕਸਦ ਸੀ ਸ਼ਹਿਰ ਵੱਲੋਂ ਆ ਰਹੀ ਗੋਰਿਆਂ ਦੀ ਵਾਲੰਟੀਅਰ ਕੋਰ ਨੂੰ ਰੋਕਣਾ ਤੇ ਦੂਸਰਾ ਸ਼ਹਿਰ ਦੀ ਕੋਤਾਵਲੀ ਉਤੇ ਧਾਵਾ ਕਰਕੇ ਸ਼ਹਿਰ ਦਾ ਰਾਜ ਕਾਜ ਸੰਭਾਲਣਾ।

ਗ਼ਦਰ ਫੁਟਦਿਆਂ ਹੀ ਵਾਲੰਟੀਅਰ ਕੋਰ ਦੇ ਦੋ ਗੋਰੇ ਅਫਸਰ ਦੌੜਕੇ ਜੋ ਇਹਨਾਂ ਬਾਰਕਾਂ ਵਿਚ ਸਨ, ਇਕ ਲਾਗੇ ਸਮੁੰਦਰ ਦੇ ਕੰਢੇ ਤੇ ਬੇੜੀ ਵਿਚ ਚੜ੍ਹਕੇ ਰੌਲਾ ਪਾਉਣ ਲੱਗ ਪਏ। ਉਹਨਾਂ ਦੀ ਇਤਲਾਹ ਉਤੇ ਵਾਲੰਟੀਅਰ ਕੋਰ ਦਾ ਅਫਸਰ 86 ਆਦਮੀ ਲੈ ਕੇ ਬਾਗ਼ੀਆਂ ਵੱਲ ਵਧਿਆ ਤੇ ਇਸ ਪਲਟਨ ਦੇ ਕਮਾਨ ਅਫਸਰ ਕਰਨਲ ਮਾਰਟਿਨ ਦੇ ਬੰਗਲੇ ਅੱਪੜ ਗਿਆ। ਗ਼ਦਰੀਆਂ ਨੇ ਗੋਰੇ ਵਲੰਟੀਅਰਾਂ ਉੱਤੇ ਗੋਲੀਆਂ ਚਲਾਈਆਂ, ਪਰ ਉਹ ਬੰਗਲੇ ਅੰਦਰ ਵੜਨ ਤੇ ਕਰਨਲ ਨਾਲ ਬੰਗਲੇ ਵਿਚ ਕਿਲ੍ਹਾ ਬੰਦ ਹੋਣ ਵਿਚ ਸਫਲ ਹੋ ਗਏ। ਗ਼ਦਰੀਆਂ ਨੇ ਬੰਗਲਾ ਘੇਰ ਲਿਆ। ਓਧਰੋ ਓਧਰੀ ਠੂ ਠਾਹ ਹੁੰਦੀ ਰਹੀ। ਗ਼ਦਰੀਆਂ ਦਾ ਮੁੱਖ ਤੇ ਪਹਿਲਾ ਮਕਸਦ ਸੀ, ਜਰਮਨ ਕੈਂਪ ਉਤੇ ਹਮਲਾ ਤੇ ਜਰਮਨ ਕੈਦੀਆਂ ਨੂੰ ਰਿਹਾ ਕਰਕੇ ਆਪਣੇ ਨਾਲ ਲੈਣਾ। ਇਸ ਲਈ ਕਰਨਲ ਦੇ ਬੰਗਲੇ ਉਤੇ ਐਨੀ ਤਾਕਤ ਨਹੀਂ ਸੁੱਟੀ ਤੇ ਲੜਾਈ ਦਾ ਜ਼ੋਰ ਗ਼ਦਰੀਆਂ ਦੀਆਂ ਬਾਰਕਾਂ ਤੋਂ ਇਕ ਮੀਲ ਲਹਿੰਦੇ ਵੱਲ ਟਾਂਗਲੀਨ ਬਾਰਕਾਂ ਉਤੇ ਚਲਿਆ ਗਿਆ, ਜਿਥੇ ਇਹ ਕੈਂਪ ਸੀ। ਸਿੰਘਾਪੁਰ ਦੇ ਸਟੇਸ਼ਨ ਕਮਾਂਡਰ ਮੇਜਰ ਜਨਰਲ ਰਿਡਾਊਟ ਦਾ ਬੰਗਲਾ ਵੀ ਏਥੇ ਹੀ ਸੀ। ਪਲਟਨ ਦੇ ਕਰਨਲ ਮਾਰਟਿਨ ਦਾ ਉਸ ਨੂੰ ਟੈਲੀਫੋਨ ਆਇਆ ਕਿ:

"ਪਲਟਨ ਗ਼ਦਰ ਕਰ ਗਈ ਤੇ ਉਹ ਵਾਲੰਟੀਆਂ ਸਣੇ ਆਪਣੇ ਬੰਗਲੇ ਵਿਚ ਘਿਰਿਆ ਹੋਇਆ ਹੈ। ਪਰ ਰਾਤ ਨਿਕਲ ਜਾਵੇਗੀ।"

ਰਿਡਾਊਟ ਗ਼ਦਰ ਸੁਣਦਿਆਂ ਹੀ ਵਰਦੀ ਪਾਕੇ ਕਾਰ ਲੈਕੇ ਸਿੰਘਾਪੁਰ ਨੂੰ ਦੌੜ ਗਿਆ। ਓਥੋਂ ਗਵਰਨਰ ਨੂੰ ਫੋਨ ਕੀਤਾ।

ਜਰਮਨ ਕੈਂਪ ਉਤੇ ਕਬਜ਼ਾ ਹੋ ਗਿਆ। ਇਸ ਲੜਾਈ ਵਿਚ ਕੈਂਪ ਕਮਾਂਡਰ, ਕਪਤਾਨ ਜੈਰਰਡ, ਤਿੰਨ ਵਡੇ ਅਫ਼ਸਰ, ਸਤ ਨਿਕੇ ਗੋਰੇ ਅਫਸਰ ਤੇ ਇਕ ਜਰਮਨ ਕੈਦੀ ਮਾਰੇ ਗਏ। ਕੈਂਪ ਤਾਰਾਂ ਸੁਣੇ ਪੁਟ ਸੁਟਿਆ ਤੇ ਕੈਦੀ ਆਜ਼ਾਦ ਕਰ ਦਿਤੇ ਗਏ। ਪਰ ਜਰਮਨ ਕੈਦੀਆਂ ਨੇ ਬਾਗੀਆਂ ਨਾਲ ਰਲਣ ਤੋਂ ਨਾਂਹ ਕਰ ਦਿਤੀ। 5 ਵਜੇ ਸ਼ਾਮ ਨੂੰ ਬਾਗ਼ੀ ਨਿਰਾਸ ਹੋਕੇ ਏਥੋਂ ਚਲੇ ਗਏ। ਇਸ ਨਾਂਹ ਤੋਂ ਗ਼ਦਰੀਆਂ ਦੇ ਹੌਂਸਲੇ ਟੁਟ ਗਏ। ਉਹ ਬਹੁਤੇ ਏਸੇ ਹੀ ਆਸ ਉਤੇ ਉਠੇ ਤੇ ਮਾਰਨ ਮਰਨ ਲਈ ਤਿਆਰ ਹੋ ਗਈਆਂ ਸਨ। ਇਸ ਮਾਯੂਸੀ ਦਾ ਉਹਨਾਂ ਦੀ ਬਾਕੀ ਲੜਾਈ ਉਤੇ ਵੀ ਅਸਰ ਪਿਆ।

ਕਰਨਲ ਦੀ ਕੋਠੀ ਵਿਚ ਵੀ ਬਾਗ਼ੀ ਸਫਲ ਨਾ ਹੋਏ। ਕਰਨਲ ਤੇ ਉਸ ਦੇ ਨਾਲ ਦੇ ਵਾਲੰਟੀਅਰਾਂ ਨੇ ਹਥਿਆਰ ਨਾ ਸੁੱਟੇ। ਸਾਰੀ ਰਾਤ ਗੋਲੀ ਚਲਦੀ ਰਹੀ। ਗੋਲੀ ਅੰਦਰੋਂ ਵੀ ਆਉਂਦੀ ਰਹੀ, ਜਿਸ ਕਰਕੇ ਬੰਗਲੇ ਅੰਦਰ ਨਹੀਂ ਵੜੇ, ਦੂਰ ਹੀ ਘੇਰਾ ਪਾਈ ਗੋਲੀਆਂ ਮਾਰਦੇ ਰਹੇ।

ਸ਼ਹਿਰ ਨੂੰ ਜਾ ਰਹੀ ਟੋਲੀ ਨੇ ਰਾਹ ਵਿਚ ਮਿਲੀ ਗੋਰਿਆਂ ਦੀ ਇਕ ਕਾਰ ਨੂੰ ਰੋਕ ਲਿਆ। ਉਸ ਵਿਚ ਬੈਠੇ ਗੋਰੇ ਡਿਸਟਰਿਕਟ ਜੱਜ ਤੇ ਇਕ ਵਪਾਰੀ ਨੂੰ ਪਾਰ ਬੁਲਾਇਆ। ਇਸੇ ਤਰ੍ਹਾਂ ਅੱਗੇ ਜਾ ਕੇ ਚਾਰ ਹੋਰ ਕਾਰਾਂ ਵਾਲੇ ਅੰਗਰੇਜ਼ ਗੋਲੀਆਂ ਨਾਲ ਫੁੰਡ ਲਏ ਤੇ ਉਹਨਾਂ ਦੀ ਹੀ ਪਲਟਨ ਦਾ ਕਪਤਾਨ ਬੋਇਸ ਤੇ ਰਿਆਸਤੀ ਗਾਈਡ ਦਾ ਕਪਤਾਨ ਮਕਲੀਨ ਰਾੜ੍ਹ ਸੁੱਟੇ। ਅਗਾਂਹ ਉਹਨਾਂ ਹੋਰ ਮਿਲੇ ਗੋਰੇ ਮਾਰ ਮੁਕਾਏ। ਪਰ ਉਹਨਾਂ ਦੀਆਂ ਇਸਤੀਆਂ ਛੱਡ ਦਿਤੀਆਂ। ਸ਼ਹਿਰ ਵਿਚ ਜਾਕੇ ਇਸ ਟੋਲੀ ਦੀਆਂ ਟੁਕੜੀਆਂ ਬਣ ਗਈਆਂ। ਫੇਰ ਇਕ ਟੁਕੜੀ ਦੇ ਬੰਦੇ ਥਾਣੇ ਨੂੰ ਗਏ

ਤੇ ਥਾਣੇ ਉਤੇ ਕਬਜ਼ਾ ਕਰ ਲਿਆ। ਇਕ ਹੋਰ ਟੁਕੜੀ ਨੇ ਇਕ ਗੋਰੇ ਲਫਟੈਣ ਅਤੇ ਪੰਜ ਗੋਰ ਗੋਰਿਆਂ ਦੀ ਅਲਖ ਲਾਹ ਸੁਟੀ।

ਗ਼ਦਰੀਆਂ ਦੀ ਕੋਈ ਵੀ ਟੁਕੜੀ ਘਾਟ ਅਤੇ ਘਾਟ ਉਤਲੇ ਸਮੁੰਦਰੀ ਕਿਲ੍ਹੇ ਉਤੇ ਹਮਲਾਵਰ ਨਹੀਂ ਹੋਈ। ਉਹ ਐਧਰ ਓਧਰ ਦੇ ਉਪਰਲਿਆਂ ਕੰਮਾਂ ਵਿਚ ਹੀ ਲੱਗੀ ਰਹੀ। ਇਸ ਸਮੇਂ ਵਿਚ ਗਵਰਨਰ, ਜਨਰਲ ਰਿਡਾਊਟ ਤੇ ਜੰਗੀ ਬੇੜੇ ਦੇ ਐਡਮਿਰਿਲ ਮਾਰਟੀਨ ਜੈਰਮ ਨੇ ਵਾਇਰਲੈਸਾਂ ਨਾਲ ਲਾਗਦੇ ਸਮੰਦਰਾਂ ਤੇ ਘਾਟਾਂ ਤੋਂ ਜੰਗੀ ਜਹਾਜ਼ਾਂ ਨੂੰ ਸੱਦਣਾ ਸ਼ੁਰੂ ਕਰ ਦਿਤਾ। ਇਕ ਜਾਪਾਨੀ ਜੰਗੀ ਜਹਾਜ਼ ਵਾਇਰਲੈਸ ਸੁਣਕੇ ਆ ਗਿਆ, ਮਲਾਇਆ ਦੀ ਰਿਆਸਤ ਜੌਹੋਰ ਦੇ ਸੁਲਤਾਨ ਨੇ ਵੀ ਵਾਇਰਲੈਸ ਆਉਣ ਉਤੇ 150 ਹਥਿਆਰਬੰਦ ਫੌਜੀ ਸਿੰਘਾਪੁਰ ਭੇਜ ਦਿਤੇ। ਛੋਟੇ ਜਿਹੇ ਅੰਗਰੇਜ਼ੀ ਜੰਗੀ ਜਹਾਜ਼ ਨੂੰ, ਜੋ ਸਮੁੰਦਰ ਵਿਚ ਅੱਗੇ ਹੀ ਖੜਾ ਸੀ, ਆਪਣੇ ਲੜਨ ਯੋਗ ਸਿਪਾਹੀ ਭੋਂਏ ਉਤਾਰਨ ਵਾਸਤੇ ਹੁਕਮ ਦਿਤਾ ਗਿਆ। ਬਹੁਤ ਸਾਰੇ ਗੋਰਿਆਂ ਨੂੰ ਸਪੈਸ਼ਲ ਪੁਲਸੀਏ ਭਰਤੀ ਕਰਕੇ ਹਥਿਆਰਬੰਦ ਕਰ ਲਿਆ ਤੇ ਟਾਪੂ ਉਤੇ ਮਾਰਸ਼ਲ ਲਾ ਜੜਕੇ ਇਕ ਪਰੋਵੋਸਟ ਜਨਰਲ (ਫੌਜੀ ਪੁਲਸ ਦਾ ਸਰਦਾਰ ਅਫਸਰ) ਥਾਪ ਦਿਤਾ ਗਿਆ। ਰਾਤ ਪੈ ਗਈ, ਗੱਲ ਸਵੇਰ ਉਤੇ ਜਾ ਪਈ।

16 ਤਰੀਕ ਸਵੇਰੇ 80 ਆਦਮੀ ਸ਼ਾਹੀ ਬੇੜੇ ਦੇ, 21 ਸ਼ਾਹੀ ਤੋਪਖਾਨੇ ਦੇ, 50 ਸਿੰਘਾਪੁਰ ਦੇ ਵਾਲੰਟੀਅਰ ਅਤੇ 25 ਚੁਣੇ ਹੋਏ ਸਿਵਲੀਅਨ ਗੋਰੇ ਜੋੜਕੇ ਸ਼ਾਹੀ ਤੋਪਖਾਨੇ ਦੇ ਕਰਨਲ ਬਰੋਨਲੋ ਦੀ ਕਮਾਨ ਹੇਠਾਂ ਤੁਰੇ। ਇਹ ਕਾਰਾਂ ਵਿਚ ਬੈਠਕੇ ਗ਼ਦਰੀਆਂ ਦੀਆਂ ਬਾਰਕਾਂ ਨੂੰ ਗਏ। ਗ਼ਦਰੀ ਸਭ ਕੁਝ ਜਿੱਤ ਲਿਆ ਸਮਝਕੇ ਛੋਟੀਆਂ ਛੋਟੀਆਂ ਟੋਲੀਆਂ ਵਿਚ ਹੋ ਗਏ ਸਨ। ਇਹ ਟੋਲੀਆਂ ਬਾਰਕਾਂ ਤੋਂ ਬਾਹਰ ਘੁੰਮ ਰਹੀਆਂ ਸਨ। ਇਹਨਾਂ ਕਾਰਾਂ ਨੂੰ ਵੇਖਕੇ ਬਾਰਕਾਂ ਵਿਚਲੇ ਕੁਝ ਗ਼ਦਰੀਆਂ ਨੇ ਅੱਗੋ ਗੋਲੀਆਂ ਮਾਰੀਆਂ। ਪਰ ਬਾਰਕਾਂ ਵਿਚ ਥੋੜ੍ਹੇ ਹੀ ਗ਼ਦਰੀ ਸਨ। ਬਾਰਕਾਂ ਉਤੇ ਮੁੜ ਗੋਰਿਆਂ ਦਾ ਕਬਜ਼ਾ ਹੋ ਗਿਆ। ਗ਼ਦਰੀ ਬਹੁਤੇ ਬਾਰਕਾਂ ਲਾਗੇ ਖੱਬੇ ਹੱਥ ਦੀ ਪਹਾੜੀ ਉਤੇ ਸਨ, ਜਿਥੋਂ ਉਹ ਗੋਲੀਆਂ ਚਲਾ ਰਹੇ ਸਨ। ਕਰਨਲ ਮਾਰਟਿਨ ਨੂੰ ਭੀ ਬਚਾ ਲਿਆ ਗਿਆ। ਗ਼ਦਰੀ ਘੇਰਾ ਛੱਡ ਕੇ ਪਿਛਾਂਹ ਹਟ ਗਏ। ਬੰਗਲੇ ਵਿਚ ਘਿਰੇ ਗੋਰਿਆਂ ਵਿਚੋਂ ਕੇਵਲ ਦੋ ਮਰੇ ਤੇ ਤਿੰਨ ਜ਼ਖਮੀ ਹੋਏ।

ਏਧਰ ਜਦ ਇਹ ਕੁਝ ਹੋ ਰਿਹਾ ਸੀ ਓਧਰ ਦੋ ਸੌ ਸ਼ਹਿਰੀ ਗੋਰਿਆਂ ਨੂੰ ਸਪੈਸ਼ਲ ਪੁਲਸੀਏ ਬਣਾਕੇ ਹਥਿਆਰਬੰਦ ਕਰ ਲਿਆ ਹੋਇਆ ਸੀ। ਜਾਪਾਨੀਆਂ ਦੀ ਇਕ ਟੁਕੜੀ ਵੀ ਸਪੈਸ਼ਲ ਪੁਲਸ ਵਿਚ ਲੈ ਲਈ ਗਈ ਸੀ। ਉਸ ਰਾਤ ਇਕ ਅੰਗਰੇਜ਼ ਅਫਸਰ ਤੇ ਇਕ ਤੋਪਚੀ ਗ਼ਦਰੀਆਂ ਨੇ ਹੋਰ ਲੈ ਲਏ।

ਅਗਲੇ ਦਿਨ 17 ਤਰੀਕ ਨੂੰ ਅੰਗਰੇਜ਼ਾਂ ਦਾ ਇਕ ਹੋਰ ਜੰਗੀ ਜਹਾਜ਼ ਪਹੁੰਚ ਗਿਆ। ਜਿਸ ਨੇ 190 ਸਮੁੰਦਰੀ ਸਿਪਾਹੀ, 76 ਜਾਪਾਨੀ ਫੌਜੀ ਤੇ ਦੋ ਮਸ਼ੀਨ ਗੱਨਾਂ ਕੰਢੇ ਉਤੇ ਉਤਾਰੀਆਂ। ਇਸ ਸਮੇਂ ਵਿਚ ਇਕੱਲੇ ਦੁਕੱਲੇ ਗ਼ਦਰੀ ਟੋਲਿਆਂ ਨੂੰ ਵਲਣਾ ਸ਼ੁਰੂ ਕਰ ਦਿਤਾ ਗਿਆ ਸੀ। 17 ਦੀ ਸ਼ਾਮ ਤੱਕ 422 ਬਾਗ਼ੀ ਗਰਿਫਤਾਰ ਕੀਤੇ ਗਏ। ਹੁਣ ਪਿਛੇ ਥੋੜੇ ਜਿਹੇ ਗ਼ਦਰੀ ਹੀ ਰਹਿ ਗਏ ਸਨ। ਜਿਨ੍ਹਾਂ ਵਿਚ ਬਹੁਤੇ ਲੀਡਰ ਹੀ ਸਨ।

18 ਦੀ ਸਵੇਰ ਨੂੰ ਜਨਰਲ ਰਿਡਾਊਟ ਪਾਸ ਗ਼ਦਰੀਆਂ ਨਾਲ ਨਿਪਟਨ ਲਈ ਕਾਫੀ ਫੌਜ ਸੀ। ਬਾਗ਼ੀ ਹੁਣ ਟੁਟਕੇ ਛੋਟੀਆਂ ਛੋਟੀਆਂ ਟੋਲੀਆਂ ਵਿਚ ਹੋ ਤੁਰੇ। ਕਈ ਤਾਂ ਭੁੱਖੇ ਤੇ ਤੇਹ ਦੇ

ਮਾਰੇ ਕਾਬੂ ਆ ਗਏ। 300 ਬਾਗ਼ੀ ਅਜੇ ਫੜਨ ਵਾਲਾ ਰਹਿ ਗਿਆ। ਓਧਰ ਗ਼ਦਰੀ ਟੋਲਿਆਂ ਨੂੰ ਘੇਰਣ ਦਾ ਕੰਮ ਹੋ ਰਿਹਾ ਸੀ। ਏਧਰ ਕਚਹਿਰੀਆਂ ਖੜੀਆਂ ਕਰ ਦਿਤੀਆਂ ਗਈਆਂ। ਲੀਡਰਾਂ ਵਿਚੋਂ ਦੋ ਫਾਂਸੀ ਦਿਤੇ ਗਏ ਤੇ 38 ਨੂੰ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ। ਇਹ ਸਾਰਾ ਸਾਮਰਾਜੀ ਕਹਿਰ ਆਮ ਲੋਕਾਂ ਨੂੰ ਬਾਹਰ ਮੈਦਾਨ ਵਿਚ ਸੱਦਕੇ ਉਹਨਾਂ ਦੇ ਸਾਹਮਣੇ ਕਮਾਇਆ ਗਿਆ ਤਾਂ ਜੋ ਲੋਕਾਂ ਉਤੇ ਦਹਿਸ਼ਤ ਪਾਈ ਜਾਵੇ ਤੇ ਉਹਨਾਂ ਨੂੰ ਕੌਮੀ ਲਹਿਰਾਂ ਵਿਚ ਹਿੱਸਾ ਲੈਣ ਤੋਂ ਡਰਾਇਆ ਜਾਵੇ। ਗੋਰਿਆਂ ਦਾ ਨੁਕਸਾਨ 8 ਅਫਸਰ, 9 ਸਿਪਾਹੀ ਤੇ 17 ਸਿਵਲੀਅਨ ਮਾਰੇ ਗਏ ਤੇ ਕਈ ਜ਼ਖਮੀ ਹੋਏ।[1]

ਅੰਗਰੇਜ਼ੀ ਸਾਮਰਾਜੀਆਂ ਦੇ ਜ਼ੁਲਮ, ਅਤਿਆਚਾਰ ਤੇ ਨਿਰਲੱਜਤਾ ਦੀਆਂ ਬਹੁਤ ਹੀ ਭੈੜੀਆਂ ਕਰਤੂਤਾਂ ਹੋਣਗੀਆਂ, ਪਰ ਸਿੰਘਾਪੁਰ ਦੇ ਇਹਨਾਂ ਫੌਜੀਆਂ ਨਾਲ ਜੋ ਅਨਰਥ ਅੰਗਰੇਜ਼ੀ ਹਾਕਮਾਂ ਨੇ ਕੀਤਾ ਉਹ ਅੰਗਰੇਜ਼ੀ ਰਾਜ ਦੀ ਨਿਰਦੈਤਾ, ਨਿਰਲੱਜਤਾ, ਕਠੋਰਤਾ, ਜ਼ੁਲਮਾਂ ਤੇ ਇਨਸਾਨੀਅਨ ਤੋਂ ਗਿਰਾਵਟ ਦੀ ਘਟ ਮਿਸਾਲ ਨਹੀਂ। ਇਹਨਾਂ ਗ਼ਦਰੀ ਫੌਜੀਆਂ ਨੂੰ ਕੋਹਣ ਉਤੇ ਸ਼ਰੋਪ ਸ਼ਾਇਰ ਰਜਮੈਂਟ ਨੂੰ ਲਾਇਆ ਗਿਆ ਸੀ। ਉਸ ਦੇ ਸਿਪਾਹੀ ਹੀ ਗਰਿਫਤਾਰ ਕਰਕੇ ਲਿਆਂਦੇ ਗ਼ਦਰੀ ਲੀਡਰਾਂ ਦੇ ਵਰਕਰਾਂ ਦੀ ਨਿਗਰਾਨੀ ਰੱਖਦੇ ਤੇ ਜੇਹਲ ਵਾਰਡਰ ਸਨ। ਇਸ ਪਲਟਨ ਦੀ ਗਾਰਦ ਦੇ ਗੋਰੇ ਸਿਪਾਹੀਆਂ ਨੂੰ ਭਾਈ ਬਲਵੰਤ ਸਿੰਘ ਤੇ ਉਸ ਦੇ ਸਾਥੀਆਂ ਨੂੰ, ਜੋ ਇਹਨਾਂ ਗੋਰਿਆਂ ਦੇ ਪਹਿਰੇ ਹੇਠ ਜਹਾਜ਼ ਵਿਚ ਹਿੰਦੁਸਤਾਨ ਜਾ ਰਹੇ ਸਨ, ਜਹਾਜ਼ ਵਿਚ ਲਿਜਾਂਦਿਆਂ ਗ਼ਦਰੀ ਫੌਜੀਆਂ ਉਤੇ ਕੀਤੇ ਜ਼ੁਲਮਾਂ ਵਿਚੋਂ ਇਕ ਦੀ ਵਾਰਤਾ ਸੁਣਾਈ।

"ਇਸ ਗ਼ਦਰੀ ਰਜਮੈਂਟ ਦਾ ਇਕ ਜਮਾਂਦਾਰ ਸੀ, ਜੋ ਨਿਰਪੱਖ ਰਿਹਾ, ਨਾ ਤਾਂ ਉਸ ਨੇ ਗ਼ਦਰ ਨੂੰ ਰੋਕਿਆ ਤੇ ਨਾ ਗ਼ਦਰੀਆਂ ਨਾਲ ਸ਼ਾਮਿਲ ਹੋਇਆ ਅਤੇ ਨਾ ਹੀ ਜਾਪਾਨੀਆਂ ਦੇ ਸਿੰਘਾਪੁਰ ਨੂੰ ਅੰਗਰੇਜ਼ੀ ਫੌਜਾਂ ਦੇ ਹਵਾਲੇ ਕਰ ਦੇਣ ਉੱਤੇ ਉਹ ਉਹ ਕਿਧਰੇ ਦੌੜਿਆ। ਉਸ ਨੂੰ ਵੀ ਗੋਲੀ ਨਾਲ ਮਾਰਨ ਦਾ ਹੁਕਮ ਹੋਇਆ। ਇਹ ਜਮਾਂਦਾਰ ਬੜਾ ਉੱਚਾ ਤੇ ਮੋਟਾ ਜਵਾਨ ਸੀ, ਜਿਸ ਦਾ ਭਾਰ ਸ਼ਰੋਪ ਸ਼ਾਇਰ ਰਜਮੈਂਟ ਦੇ ਸਿਪਾਹੀ ਛੇ ਮਣ ਦੇ ਕਰੀਬ ਦੱਸਦੇ ਸਨ। ਉਸ ਨੂੰ ਛੇ ਸੰਗਲ ਮਾਰੇ ਹੁੰਦੇ ਸਨ ਤੇ ਛੇ ਸਤ ਸਿਪਾਹੀ ਸੰਗਲਾਂ ਨੂੰ ਫੜੀ ਕੋਠੀ ਵਿਚੋਂ ਬਾਹਰ ਕੱਢਦੇ ਹੁੰਦੇ ਸਨ। ਕੋਰਟ ਮਾਰਸ਼ਲ ਨੇ ਉਸ ਜਮਾਂਦਾਰ ਨੂੰ ਗੋਲੀ ਮਾਰਕੇ ਮਾਰਨ ਦਾ ਹੁਕਮ ਦਿਤਾ।

ਉਸ ਨੂੰ ਗੋਲੀ ਮਾਰਨ ਲਈ ਨਿਯਤ ਹੋਈ ਬਚੂੰਗੜੇ ਜਿਹੇ ਗੋਰੇ ਸਿਪਾਹੀਆਂ ਦੀ ਜਲਾਦ ਜੁੰਡੀ ਬੜੀ ਘਬਰਾਈ ਹੋਈ ਸੀ ਕਿ ਉਹ ਐਡੇ ਦੈਂਤ ਨੂੰ ਕਿਸ ਤਰ੍ਹਾਂ ਮਾਰਨਗੇ। ਇਹ ਘਬਰਾਹਟ ਵੇਖਕੇ ਉਹਨਾਂ ਨੂੰ ਵਾਪਸ ਮੋੜ ਦਿਤਾ ਗਿਆ। ਫੇਰ ਮੇਜਰ ਨੇ ਸਾਰੀ ਪਲਟਨ ਨੂੰ ਵੰਗਾਰਿਆ, ਕਿ ਕੋਈ ਨਿਤਰੇ ਜੋ ਇਸ ਗ਼ਦਰੀ ਜਮਾਂਦਾਰ ਨੂੰ ਸ਼ੂਟ ਕਰੇ। ਫੇਰ ਬੁੱਢੇ ਜਿਹੇ ਸਿਪਾਹੀ ਆਏ, ਜਿਨ੍ਹਾਂ ਨੇ ਉਸ ਨੂੰ ਗੋਲੀਆਂ ਮਾਰੀਆਂ, ਪਰ ਉਹ ਮਰਿਆ ਨਾ। ਫੇਰ ਮੇਜਰ ਨੇ ਆਪ ਅਗਾਂਹ ਹੋਕੇ ਪਿਸਤੌਲ ਉਸ ਦੇ ਦਿਲ ਉਤੇ ਰੱਖਕੇ ਚਲਾ ਦਿਤਾ, ਜਮਾਂਦਾਰ ਡਿੱਗ ਤਾਂ ਪਿਆ ਪਰ ਖ਼ਤਮ ਨਾ ਹੋਇਆ। ਉਸ ਨੂੰ ਦਸ ਗੋਲੀਆਂ ਵੱਜ ਚੁੱਕੀਆਂ ਸਨ। ਅੰਤ ਮੇਜਰ ਡਿੱਗੇ ਹੋਏ ਜਮਾਂਦਰ ਦੀ ਛਾਤੀ ਉਤੇ ਬੂਟਾਂ ਸਣੇ ਚੜ੍ਹ ਗਿਆ ਤੇ ਉਸ ਦੇ ਫੇਫੜਿਆਂ ਵਿਚੋਂ ਬੂਟਾਂ ਦੀਆਂ ਅੱਡੀਆਂ ਮਾਰ ਮਾਰਕੇ ਹਵਾ ਕੱਢੀ ਤਦ ਕਿਤੇ ਜਾ ਕੇ ਜਮਾਂਦਰ ਦੇ ਪਰਾਣ ਨਿਕਲੇ।[2]"

---

1. ਇਹ ਸਭ 'ਹਿੰਦੁਸਤਾਨ ਵਿੱਚ ਹਲਚਲ ਤੇ ਦੁਰਘਟਨਾ' ਵਿੱਚੋਂ ਸਫਾ 106-12
2. ਚੈਨਚੈਈਆ ਦਾ ਬਿਆਨ, ਸਫਾ 52-53

ਇਸ ਤਰ੍ਹਾਂ ਬਰਤਾਨਵੀ ਰਾਜ ਦੀਆਂ ਜ਼ੁਲਮੀ ਨਿਰਦੈਤਾ ਦੀਆਂ ਕਾਲੀਆਂ ਕਰਤੂਤਾਂ ਵਿਚ ਇਕ ਹੋਰ ਭਿਆਨਕ ਕਰਤੂਤ ਦਾ ਵਾਧਾ ਹੋ ਗਿਆ।

ਜੇ ਬਾਗ਼ੀਆਂ ਦੀ ਵਿਉਂਤ ਚੰਗੀ ਤਰ੍ਹਾਂ ਕੰਮ ਕਰ ਜਾਂਦੀ ਤਾਂ ਉਹਨਾਂ ਸਿੰਘਾਪੁਰ ਉਤੇ ਕਬਜ਼ਾ ਕਰ ਲੈਣਾ ਸੀ। ਉਹਨਾਂ ਕੋਤਵਾਲੀ ਤੇ ਕਬਜ਼ੇ ਨੂੰ ਹੀ ਸਿੰਘਾਪੁਰ ਉਤੇ ਕਬਜ਼ਾ ਸਮਝਿਆ। ਉਹਨਾਂ ਨਾ ਗਵਰਨਮੈਂਟ ਹਾਊਸ ਤੇ ਕਬਜ਼ਾ ਕੀਤਾ ਤੇ ਨਾ ਉਹ ਘਾਟ ਨੂੰ ਗਏ, ਜਿਥੇ ਸਮੁੰਦਰ ਥਾਣੀਂ ਆਈ ਸੈਨਕ ਧਾੜ ਨੂੰ ਆਸਾਨੀ ਨਾਲ ਰੋਕਿਆ ਜਾ ਸਕਦਾ ਸੀ। ਉਹ ਨਿਰੇ ਕਰਨਲ ਦੇ ਬੰਗਲੇ ਵਿਚ ਅੜੇ ਹੋਏ ਅਫਸਰਾਂ ਉਦਾਲੇ ਘੇਰਾ ਪਾਕੇ ਬੈਠੇ ਰਹੇ, ਜਦ ਕਿ ਛਾਉਣੀ ਦੇ ਹੋਰਨਾਂ ਅਫ਼ਸਰਾਂ ਨੂੰ ਬਾਗੀਆਂ ਨੂੰ ਕਾਬੂ ਕਰਨ ਦੀਆਂ ਵਿਉਂਤਾਂ ਬਨਾਉਣ ਤੇ ਬਾਹਵਾਂ ਇਕੱਠੀਆਂ ਕਰਨ ਦਾ ਮੌਕਾ ਮਿਲ ਗਿਆ। ਜਿਸ ਕਰਕੇ ਸਾਮਰਾਜੀ ਹਾਕਮਾਂ ਨੇ ਘਾਟ ਉਤੇ ਖੜੇ ਜਹਾਜ਼ਾਂ ਤੋਂ ਸਿਪਾਹੀ ਉਤਾਰ ਲਏ ਗਏ ਤੇ ਜੌਹੋਰ ਦਾ ਸੁਲਤਾਨ ਆਪਣੇ ਸਿਪਾਹੀ ਲੈ ਕੇ ਡਾਕ ਗੱਡੀ ਉਤੇ ਚੜ੍ਹ ਆਇਆ। ਵਾਇਰਲੈਸਾਂ ਸੁਣਕੇ ਰੰਗੂਨ ਤੱਕ ਦੇ ਅੰਗਰੇਜ਼ੀ ਜੰਗੀ ਜਹਾਜ਼ ਸਿੰਘਾਪੁਰ ਨੂੰ ਤੁਰ ਪਏ। 15 ਫਰਵਰੀ ਦੀ ਰਾਤ ਨੂੰ ਹਾਲਤ ਬਹੁਤ ਹੀ ਗੰਭੀਰ ਸੀ। 16 ਤਰੀਕ ਸਵੇਰੇ ਛਾਉਣੀ ਦੇ ਗੋਰੇ ਵਾਲੰਟੀਅਰ ਸਿਪਾਹੀ ਤੇ ਤੁਰਪ ਗ਼ਦਰੀਆਂ ਦੇ ਮੁਕਾਬਲੇ ਵਿਚ ਆ ਖੜੇ ਹੋਏ। ਗ਼ਦਰੀਆਂ ਦਾ ਵੱਡਾ ਦਲ ਟੁਟਕੇ ਛੋਟੀਆਂ ਟੋਲੀਆਂ ਵਿਚ ਹੋਕੇ ਜੰਗਲਾਂ ਵਿਚ ਘੁੰਮਣ ਲੱਗ ਪਿਆ। 18 ਤਰੀਕ ਨੂੰ ਸ਼ਹਿਰ ਵਿਚ ਅਮਨ ਬਹਾਲ ਹੋ ਗਿਆ।[1]

ਸਿੰਘਾਪੁਰ ਗ਼ਦਰ ਦੀ ਇਹ ਵਿਥਿਆ ਇਕ ਪੱਖੀ ਹੈ ਤੇ ਗ਼ਦਰ ਦੇ ਦੁਸ਼ਮਣਾਂ ਦੀ ਬਿਆਨ ਕੀਤੀ ਹੋਈ ਹੈ। ਗ਼ਦਰੀਆਂ ਦਾ ਆਪਣਾ ਬਿਆਨ ਕੋਈ ਨਹੀਂ ਮਿਲਿਆ। ਸਰਕਾਰੀ ਮਿਸਲ ਖ਼ਾਨੇ ਵਿਚੋਂ ਵੀ ਸਿੰਘਾਪੁਰ ਗ਼ਦਰ ਦੀਆਂ ਰਪੋਰਟਾਂ ਤੇ ਮਿਸਲਾਂ ਚੁੱਕਕੇ ਕਿਤੇ ਲੁਕਾਈਆਂ ਹੋਈਆਂ ਸਨ, ਜਿਸ ਕਰਕੇ ਇਸ ਗ਼ਦਰ ਦੇ ਅਸਲੀ ਹਾਲ ਦਾ ਪਤਾ ਨਹੀਂ ਲਗਦਾ, ਤੇ ਨਾ ਇਹਨਾਂ ਸੂਰਮਿਆਂ ਦੇ ਨਾਂ ਥੇਹ ਹੀ ਲਭਦੇ ਹਨ। ਕਿਤਾਬਾਂ ਛਾਪਣ ਵਾਲਿਆਂ ਨੇ ਗ਼ਦਰੀਆਂ ਦੀਆਂ ਫਾਂਸੀਆਂ ਤੇ ਸਜ਼ਾਵਾਂ ਤਾਂ ਲਿਖ ਦਿਤੀਆਂ ਹਨ, ਪਰ ਇਹ ਨਹੀਂ ਦੱਸਿਆ ਕਿ ਸਾਮਰਾਜੀ ਬਦਲੇ ਤੇ ਗੁੱਸੇ ਦਾ ਕਿੰਨੇ ਕੁ ਗ਼ਦਰੀ ਸ਼ਿਕਾਰ ਬਣਾਏ ਗਏ, ਭਾਵ ਲੜਾਈ ਵਿਚ ਮਾਰ ਸੁਟੇ ਗਏ। ਸਰਕਾਰ ਨੇ ਇਸ ਗ਼ਦਰ ਦਾ ਕਾਰਨ ਲੱਭਣ ਲਈ ਇਕ ਕਮਿਸ਼ਨ ਬਠਾਇਆ ਸੀ, ਪਰ ਇਸ ਦੀ ਰਪੋਰਟ ਨਾ ਛਾਪੀ ਤੇ ਨਾ ਪਰਗਟ ਕੀਤੀ ਗਈ ਹੈ। ਆਮ ਖ਼ਿਆਲ ਹੈ ਕਿ ਇਸ ਗ਼ਦਰ ਦੇ ਲਾਪਤਾ ਮੋਢੀਆਂ ਦੇ ਨਾਲ ਹੀ ਇਕ ਮਸ਼ਹੂਰ ਹਿੰਦੀ ਸੁਦਾਗਰ ਦੇ ਖ਼ਿਲਾਫ "ਉਚ ਪਾਏ ਦੀ ਗ਼ਦਾਰੀ" ਕਰਨ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਗਿਆ।[2] ਇਹ ਸੀ ਸੂਰਤ ਸ਼ਹਿਰ ਦਾ ਜਮਾਂਦਰ ਮੀਆਂ ਕਾਸਮ ਇਸਮਾਈਲ ਮਨਸੂਰ, ਜੋ ਸਿੰਘਾਪੁਰ ਤੇ ਰੰਗੂਨ ਵਿਚ ਬੜਾ ਭਾਰੀ ਸੁਦਾਗਰ ਸੀ। ਇਸ ਨੂੰ ਮੌਤ ਦੀ ਸਜ਼ਾ ਦਿਤੀ ਗਈ।[3] ਵਿਰਜੀਨੀਆ ਥਾਮਪਸਨ ਇਸ ਨੂੰ ਗਿਣਕੇ ਹੀ ਕੋਰਟ ਮਾਰਸ਼ਲ ਰਾਹੀਂ ਸ਼ਹੀਦ ਕੀਤੇ ਗਏ ਆਜ਼ਾਦੀ ਦੇ ਯੋਧਿਆਂ ਦੀ ਗਿਣਤੀ 41 ਦਸਦੀ ਹੈ, ਜਿਥੇ ਕੇਵਲ ਮੈਕਮਨ 40 ਆਖਦਾ ਹੈ। ਉਹ ਕੈਦ ਕੀਤੇ ਗ਼ਦਰੀਆਂ ਦੀ ਗਿਣਤੀ 125 ਲਿਖਦੀ ਹੈ। ਮੈਕਮਨ ਗੋਰਿਆਂ ਦਾ ਨੁਕਸਾਨ 34 ਦਸਦਾ ਤੇ ਵਿਰਜੀਨੀਆ 37 ਲਿਖਦੀ ਹੈ।

---

1. ਸਿੰਘਾਪੁਰ ਦਾ ਇਤਿਹਾਸ, ਸਫੇ 167-169
2. 'ਮਲਾਯਾ ਦਾ ਪੋਸਟ ਮਾਰਟਮ', ਸਫਾ 241
3. ਹੋਮ (ਪੋਲੀਟੀਕਲ) ਅ. ਦਸੰਬਰ, 1916, ਕਾਰਵਾਈ ਨੰ. 855-58

ਇਹ ਗ਼ਦਰ ਫੌਜੀ ਯੁੱਧ ਚਾਲ ਦੀ ਕਮਜ਼ੋਰੀ ਨਾਲ ਤੋੜ ਨਾ ਚੜ੍ਹਿਆ। ਸਿਆਸੀ ਅਗਵਾਈ ਤੋਂ ਹੀਣਾ ਰਹਿਣ ਕਰਕੇ ਉਹ ਰਾਜਸੀ ਮਹਾਨਤਾ ਦੇ ਟਿਕਾਣਿਆਂ-ਕਚਹਿਰੀਆਂ ਤੇ ਸਮੁੰਦਰੀ ਘਾਟ-ਉਤੇ ਕਬਜ਼ੇ ਵੱਲ ਨਾ ਵਧਿਆ ਤੇ ਆਮ ਗ਼ਦਰੀ ਲਹਿਰ ਤੋਂ ਨਿਖੜਿਆ ਤੇ ਨਿਵੇਕਲਾ ਰਿਹਾ, ਜਿਸ ਕਰਕੇ ਇਸ ਇਕੱਲੀ ਜਿੰਦ ਦਾ ਸਾਮਰਾਜੀ ਮਾਰੂ ਸ਼ਕਤੀ ਅੱਗੇ ਆਕੀ ਰਹਿਣਾ ਨਾਮੁਮਕਿਨ ਸੀ। ਪਰ ਇਹ ਗ਼ਦਰ ਪੰਜਾਬ ਦੀ ਗ਼ਦਰੀ ਲਹਿਰ ਵਾਂਗ ਅੰਗਰੇਜ਼ੀ ਸਾਮਰਾਜ ਨੂੰ ਹਿੰਦੁਸਤਾਨ ਦੀ ਰਾਜਸੀ ਲਹਿਰ ਦੀ ਹਵਾ ਦਾ ਰੁਖ਼ ਦੱਸ ਗਿਆ। ਅੰਗਰੇਜ਼ੀ ਸਾਮਾਰਾਜ ਇਸ ਗ਼ਦਰ ਦੀਆਂ ਸੋਆਂ ਤੇ ਨਿਸ਼ਾਨਾਂ ਨੂੰ ਉਸੇ ਵੇਲੇ ਹਿੰਦੁਸਤਾਨ ਵਿਚ ਕੌਮੀ ਲਹਿਰ ਦੀ ਨੀਵੀਂ ਪੱਧਰ ਹੋਣ ਦੇ ਸਦਕਾ, ਲੋਕਾਂ ਤਕ ਜਾਣੋ ਰੋਕਣ ਵਿਚ ਬਹੁਤ ਹੱਦ ਤੱਕ ਸਫਲ ਰਿਹਾ। ਇਹੀ ਕਾਰਨ ਹੈ ਕਿ ਅੱਜ ਵੀ ਇਤਿਹਾਸ ਦੇ ਖੋਜੀਆਂ ਨੂੰ ਇਸ ਅੰਗਰੇਜ਼ ਵਿਰੋਧੀ ਆਜ਼ਾਦੀ ਦੀ ਜੰਗ ਦੀ ਲੜਾਈ ਬਾਰੇ ਕੋਈ ਪੂਰੀ ਵਾਕਫੀ ਤੇ ਆਜ਼ਾਦੀ ਦੇ ਸੂਰਮਿਆਂ ਦੇ ਤੇ ਖ਼ਾਸ ਕਰ ਸ਼ਹੀਦ ਤੇ ਕੈਦ ਹੋਏ ਯੋਧਿਆਂ ਦੇ ਨਾਵਾਂ ਤੇ ਕੁਲ ਗਿਣਤੀ ਦਾ ਪਤਾ ਨਹੀਂ ਲੱਗਦਾ।

## ਹੋਰ ਪਲਟਣਾਂ

ਸਿੰਘਾਪੁਰ ਵਾਂਗ ਹੀ 130ਵੀਂ ਬਲੋਚ ਰਜਮੈਂਟ ਨੇ ਰੰਗੂਨ ਵਿਚ ਗ਼ਦਰ ਪਾਰਟੀ ਦੀ ਸੰਗਤ ਵਿਚ ਆ ਕੇ ਗ਼ਦਰ ਕੀਤਾ। ਇਸ ਪਲਟਨ ਵਿਚ ਜ਼ਿਆਦਾ ਮਹੰਮਦ ਸਨ, ਜੋ ਸਰਹੱਦੀ ਸੂਬੇ ਦੇ ਮਲਾਕੰਡ ਤੋਂ ਉਤੇ ਆਜ਼ਾਦ ਇਲਾਕੇ ਦੇ ਮੁਹੰਮਦ ਜ਼ਈ ਪਠਾਣਾ ਵਿਚੋਂ ਸਨ। ਇਹ ਰਜਮੈਂਟ ਜਦ ਨਵੰਬਰ, 1914 ਦੇ ਮਹੀਨੇ ਜੰਗ ਨੂੰ ਭੇਜਣ ਵਾਸਤੇ ਜਹਾਜ਼ ਚੜ੍ਹਾਉਣ ਲਈ ਬੰਬਈ ਲਿਆਂਦੀ ਗਈ ਤਾਂ ਇਹਨਾਂ ਮਹੰਮਦਾਂ ਨੇ ਜੰਗ ਨੂੰ ਜਾਣੋਂ ਨਾਂਹ ਕਰ ਦਿਤੀ ਤੇ ਹੁਕਮ ਚਲਾਉਣ ਵਾਲੇ ਇਕ ਗੋਰੇ ਅਫਸਰ ਨੂੰ ਮਾਰ ਦਿਤਾ। ਇਸ ਪਲਟਨ ਨੂੰ ਬੰਬਈ ਤੋਂ ਹਟਾਕੇ ਫੌਜੀ ਪਹਿਰੇ ਵਿਚ ਰੰਗੂਨ ਲੈ ਆਂਦਾ ਗਿਆ। ਇਸ ਵਿਚ ਰੰਗੂਨ ਦੀ ਗ਼ਦਰ ਪਾਰਟੀ ਦੇ ਮੁਸਲਮਾਨ ਮੈਂਬਰਾਂ ਨੇ 'ਗ਼ਦਰ' ਦੇ ਪਰਚੇ ਵੰਡੇ। ਇਹ ਪਲਟਨ ਜਨਵਰੀ 1915 ਤਕ ਬਿਲਕੁਲ ਵਿਗੜ ਗਈ ਤੇ ਗ਼ਦਰ ਵਾਸਤੇ ਤਿਆਰ ਹੋ ਗਈ। ਪਰ 16 ਜਨਵਰੀ ਨੂੰ ਇਹਨਾਂ ਦਾ ਕੋਰਟ ਮਾਰਸ਼ਲ ਹੋਇਆ ਤੇ 200 ਆਦਮੀਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ। ਜਿਨ੍ਹਾਂ ਵਿਚੋਂ ਚਾਰ ਫਾਂਸੀ ਤੇ 69 ਉਮਰ ਕੈਦ ਕੀਤੇ, ਬਾਕੀ 126 ਨੂੰ ਘੱਟ ਸਜ਼ਾਵਾਂ ਹੋਈਆਂ। ਇਹਨਾਂ ਤੋਂ ਇਲਾਕਾ ਬਾਕੀ ਪਲਟਨੀਏ "ਹਿੰਦ ਅੰਦਰ ਆਉਣ ਦੇ 1914 ਦੇ ਪੰਜਵੇਂ ਫ਼ੁਰਮਾਨ" ਹੇਠ ਗਰਿਫਤਾਰ ਕਰਕੇ ਪੰਜਾਬ ਦੀਆਂ ਜੇਲ੍ਹਾਂ ਵਿਚ ਕੁਝ ਚਿਰ ਡਕ ਰੱਖਣ ਤੋਂ ਬਾਅਦ ਦੇਸ਼ ਬਦਰ ਕਰਕੇ ਮਹੰਮਦ ਜ਼ਈ ਨੂੰ ਭੇਜ ਦਿਤੇ ਗਏ।[1]

ਮਲਾਯਾ ਰਿਆਸਤੀ ਗਾਈਡ ਸਿੰਘਾਪੁਰ ਤੋਂ ਪੀਨਾਂਗ ਲੈ ਆਂਦੀ ਗਈ। ਏਥੇ ਭਾਈ ਤੇਜਾ ਸਿੰਘ ਸਿਪਾਹੀ ਪਿੰਡ ਸੈਦੋ ਇਸ ਵਿਚ ਕੰਮ ਕਰਦਾ ਤੇ 'ਗ਼ਦਰ' ਅਖ਼ਬਾਰ ਵੰਡਦਾ ਰਿਹਾ। ਫੌਜੀ ਕਮਾਨ ਨੂੰ ਪਤਾ ਲੱਗਣ ਉਤੇ ਤੇਜਾ ਸਿੰਘ ਸੈਦੋ ਨੂੰ ਤਾਂ ਮਲਾਯਾ ਬਦਰ ਕਰ ਦਿਤਾ ਗਿਆ ਤੇ ਪਲਟਨ ਨੂੰ ਅਸਤੀਫੇ ਦੇਕੇ ਘਰ ਜਾਣ ਦੀ ਆਗਿਆ ਦੇ ਦਿਤੀ ਗਈ।[2]

ਪੀਨਾਂਗ ਵਿਚ ਗ਼ਦਰ ਪਾਰਟੀ ਦਾ ਪਰਚਾਰ ਬਹੁਤ ਜ਼ੋਰਾਂ ਉਤੇ ਸੀ।[3] ਜੋ ਨਿਰਾ ਦੇਸ਼ੀ

---

1. 'ਰੌਲਟ ਰਪੋਰਟ', ਸਫਾ 170 ਤੇ ਹੋਮ (ਪੋਲੀਟੀਕਲ) ੳ. ਅਪਰੈਲ 1915 ਕਾਰਵਾਈ ਨੰ. 481-534, ਅ. ਨੰ. 324-25 ਤੇ ਨਵੰਬਰ 1915 ਕਾਰਵਾਈ ਨੰਬਰ 15 ਦਾਖਲ ਦਫਤਰ
2. ਹੋਮ (ਪੋਲੀਟੀਕਲ) ਅ. ਮਈ 1915, ਕਾਰਵਾਈ ਨੰ. 323-323. ੳ. ਤੇ ਅ. ਮਾਰਚ 1915 ਕਾਰਵਾਈ ਨੰ. 398
3. ਦੂਸਰਾ ਸਾਜ਼ਿਸ਼ ਮੁਕੱਦਮਾ, ਸਫਾ 66

ਫੌਜਾਂ ਵਿਚ ਹੀ ਨਹੀਂ ਸੀ, ਸਗੋਂ ਪੀਨਾਂਗ ਦੀ ਹਿੰਦੀ ਪੁਲਸ ਵਿਚ ਵੀ ਸੀ। ਤਲੋਕ ਸਿੰਘ ਸਾਰਜੰਟ ਪਿੰਡ ਦਾਉਧਰ (ਫੀਰੋਜ਼ਪੁਰ) ਗ਼ਦਰ ਲਹਿਰ ਦਾ ਪੀਨਾਂਗ ਵਿਚ ਆਗੂ ਸੀ। ਇਥੋਂ ਦਾ 24 ਜਾਟ ਤੋਪਖ਼ਾਨਾ ਜੰਗ ਵਿਚ ਜਾਣ ਤੋਂ ਇਨਕਾਰੀ ਹੋ ਗਿਆ। ਹਿੰਦ ਸਰਕਾਰ ਦੀ ਸ਼ਕਾਇਤ ਉਤੇ ਮਲਾਯਾ ਦੀ ਹਕੂਮਤ ਨੇ 40 ਪੰਜਾਬੀ ਪੁਲਸੀਏ ਬਰਖ਼ਾਸਤ ਕਰਕੇ ਜਲਾਵਤਨ ਕਰ ਦਿਤੇ। ਤਲੋਕ ਸਿੰਘ ਨੂੰ ਪੰਜਾਬ ਵਿਚੋਂ ਪਿੰਡੋਂ ਗਰਿਫਤਾਰ ਕਰਕੇ ਤਿੰਨ ਸਾਲ ਲਈ ਸਾਹੀਵਾਲ (ਮਿੰਟਗੁਮਰੀ) ਦੀ ਜਿਹਲ ਵਿਚ ਬੰਦ ਕਰ ਦਿਤਾ ਤੇ ਬਾਅਦ ਵਿਚ ਰਿਹਾ ਕਰਕੇ ਫੇਰ ਪੰਜ ਸਾਲ ਪਿੰਡ ਵਿਚ ਬੰਦ ਰੱਖਿਆ।[1]

ਹਾਂਗਕਾਂਗ ਵਿਚ 26ਵੀਂ ਪੰਜਾਬੀ ਦਾ ਜ਼ਿਕਰ ਹੋ ਚੁੱਕਾ ਹੈ, ਜਿਸ ਦੇ ਹਾਂਗਕਾਂਗੋਂ ਕਢੇ ਹੋਏ ਜਵਾਨ ਫੀਰੋਜ਼ਪੁਰ ਦੀ ਛਾਉਣੀ ਵਿਚ ਗ਼ਦਰੀਆਂ ਨਾਲ ਮਿਲ ਗਏ ਸਨ। ਬਾਕੀ ਦੀ ਪਲਟਨ ਮਾਰਚ 1915 ਵਿਚ ਹਿੰਦੁਸਤਾਨ ਲਿਆਂਦੀ ਗਈ ਤੇ 22 ਅਪਰੈਲ, 1915 ਨੂੰ ਸਣੇ ਡੀਪੂ ਦੇ, ਜੋ ਫੀਰੋਜ਼ਪੁਰ ਵਿਚ ਸੀ, ਬੰਨੂ ਲਿਜਾਈ ਗਈ। ਰਜਮੈਂਟ ਵਿਚ ਗ਼ਦਰ ਨਾਲ ਰਲਣ ਤੇ ਅੰਗਰੇਜ਼ਾਂ ਲਈ ਲੜਨ ਵਾਸਤੇ ਨਾ ਜਾਣ ਦਾ ਆਮ ਪਰਚਾਰ ਸੀ। ਇਸ ਲਈ ਜਦ ਰਜਮੈਂਟ ਦੇ ਦੇਸ਼ੀ ਸਿਪਾਹੀਆਂ ਨੂੰ ਬੰਨੂ ਆਕੇ ਇਕ ਮਹੀਨੇ ਦੀ ਛੁਟੀ ਦਿਤੀ ਗਈ ਤਾਂ ਇਸ ਪਲਟਨ ਦੇ 160 ਅਫਰੀਦੀ ਛੁਟੀਓਂ ਮੁੜਕੇ ਹੀ ਨਾ ਆਏ ਤੇ ਆਕੀ ਹੋ ਗਏ।[2] ਹਾਂਗਕਾਂਗ ਵਿਚ 25ਵੀਂ ਪੰਜਾਬੀ ਪਲਟਨ ਵਿਚ ਵੀ ਗ਼ਦਰ ਪਾਰਟੀ ਦਾ ਕੰਮ ਸੀ।[3]

'ਗ਼ਦਰ' ਦਾ ਪਰਚਾ ਚੀਨ ਥਾਣੀ ਰੂਸ ਤੇ ਰੂਸੋਂ ਈਰਾਨ ਆਉਂਦਾ ਰਿਹਾ। ਓਥੇ ਇਹ ਡਾਕਟਰ ਅਸਦੁਲਾ ਦੇ ਪਾਸ ਇਸਫਹਾਨ ਪਹੁੰਚਦਾ। ਜੋ ਇਸ ਨੂੰ ਈਰਾਨ ਤੇ ਮੈਸੋਪੋਟੀਮੀਆ (ਇਰਾਕ) ਵਿਚ ਗਈਆਂ ਹਿੰਦੀ ਫੌਜਾਂ ਵਿਚ ਵੰਡਦਾ।[4] ਫੌਜਾਂ ਵਿਚ ਇਸ 'ਗ਼ਦਰ' ਦੇ ਪਰਚਾਰ ਨੇ ਆਪਣਾ ਅਸਰ ਛੇਤੀ ਹੀ ਦੱਸ ਦਿਤਾ। ਬਸਰੇ ਵਿਚ 15ਵੀਂ ਲਾਨਸਰ ਨੇ ਬਗ਼ਾਵਤ ਕਰ ਦਿਤੀ, ਜਿਸ ਦੇ 64 ਦੇਸ਼ੀ ਸਿਪਾਹੀਆਂ ਨੂੰ ਕੋਰਟ ਮਾਰਸ਼ਲ ਕੀਤਾ ਗਿਆ।[5] ਇਸੇ ਤਰ੍ਹਾਂ 24ਵੀਂ ਪੰਜਾਬੀ ਦੇ ਅਮੀਰ ਖਾਂ ਸਿਪਾਹੀ ਨੂੰ ਬਾਗ਼ੀਆਨਾ ਰੁਚੀਆਂ ਰੱਖਣ ਦੇ ਦੋਸ਼ ਵਿਚ ਮੈਦਾਨ ਜੰਗ ਤੋਂ ਹਿੰਦੁਸਤਾਨ ਲਿਆਕੇ ਜੇਲ੍ਹ ਵਿਚ ਬੰਦ ਕੀਤਾ ਗਿਆ[6] ਅਤੇ 22ਵੇਂ ਪਹਾੜੀ ਤੋਪਖ਼ਾਨੇ ਦੇ ਹਰੀ ਸਿੰਘ ਸਿਪਾਹੀ ਦੇ ਖਿਲਾਫ਼ ਹੁਕਮ ਅਦੂਲੀ ਕਰਨ ਦੇ ਦੋਸ਼ ਵਿਚ ਕਾਰਵਾਈ ਕੀਤੀ ਗਈ।[7] 21ਵੀਂ ਪੰਜਾਬੀ ਦੇ ਛੇ ਸਿਪਾਹੀ ਹੁਕਮ ਅਦੂਲੀ ਵਿਚ ਪਸ਼ਾਵਰ ਦੀ ਜੇਲ੍ਹ ਵਿਚ ਡਕੇ ਗਏ।[8]

ਜੇਹਲਮ ਵਿਚ 36ਵੀਂ ਸਿਖ ਪਲਟਨ ਦੇ ਗ਼ਦਰੀ ਸਿਪਾਹੀ ਭਾਈ ਪਾਲਾ ਸਿੰਘ ਢੁਡੀਕੇ ਨੂੰ ਗ਼ਦਰੀ ਕੰਮਾਂ ਵਿਚ ਹਿੱਸਾ ਲੈਣ ਦੇ ਦੋਸ਼ ਵਿਚ ਲਾਹੌਰ ਦੇ ਦੂਸਰੇ ਸਾਜ਼ਿਸ਼ ਮੁਕੱਦਮੇ ਵਿਚ ਰਖਕੇ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿਤੀ ਗਈ।

---

1. ਗੇਂਦਾ ਸਿੰਘ ਦਾਉਧਰ ਦਾ ਬਿਆਨ।
2. '26ਵੀਂ ਪੰਜਾਬੀ ਦਾ ਪਲਟਨੀ ਇਤਿਹਾਸ' ਸਫਾ 36
3. ਦੂਸਰਾ ਲਾਹੌਰ ਸਾਜ਼ਿਸ਼ ਕੇਸ।
4. ਹੋਮ (ਪੋਲੀਟੀਕਲ) ਅ. ਮਈ 1915. ਕਾਰਵਾਈ ਨੰ. 122–23
5. ਹੋਮ (ਪੋਲੀਟੀਕਲ) ਅ. ਜੂਨ 1916, ਕਾਰਵਾਈ ਨੰ. 400–401
6. ਹੋਮ (ਪੋਲੀਟੀਕਲ) ਅ. ਦਸੰਬਰ 1915, ਕਾਰਵਾਈ ਨੰ. 210
7. ਹੋਮ (ਪੋਲੀਟੀਕਲ) ਅ. ਅਗਸਤ 1915, ਕਾਰਵਾਈ ਨੰ. 220
8. ਹੋਮ (ਪੋਲੀਟੀਕਲ) ਅ. ਅਕਤੂਬਰ 1916, ਕਾਰਵਾਈ ਨੰ. 137–39

ਯਾਰਵਾਂ ਕਾਂਡ

# ਦੂਸਰਾ ਚਾਰਾ-ਸਿਆਮ ਥਾਣੀ ਬਰਮਾ

## ਬਰਮਾ ਦੀ ਮੁਹਿੰਮ

ਬਰਮਾ ਦੀ ਗ਼ਦਰ ਲਹਿਰ ਦੀ ਮੁਹਿੰਮ ਬਾਰੇ ਰੌਲਟ ਰਪੋਰਟ ਦੇ ਸਫਾ 176 ਉਤੇ ਲਿਖਿਆ ਹੈ :

"..........ਅਮਰੀਕਾ ਤੋਂ ਚਲੀ, ਬੰਕਾਕ ਵਿਚ ਪਕੀ, ਬਰਮਾਂ ਵਿਚ ਮਚੀ"

ਸਾਨਫਰਾਂਸਿਸਕੋ ਵਿਚ ਗ਼ਦਰ ਪਾਰਟੀ ਦੇ ਐਗਜ਼ੈਕਟਿਵ ਕਮੇਟੀ ਦੇ ਫੈਸਲੇ ਅਨੁਸਾਰ ਪੰਡਤ ਸੋਹਣ ਲਾਲ ਪਾਠਕ (ਪੱਟੀ) ਦੀ ਡਿਊਟੀ ਸਿਆਮ ਥਾਣੀ ਹੋ ਕੇ ਬਰਮਾ ਜਾਣ ਦੀ ਲੱਗੀ, ਕਿਉਂਕਿ ਸਿਆਮ ਵਿਚ ਉਹਨਾਂ ਦੀ ਵਾਕਫੀ ਸੀ। ਭਾਈ ਸੰਤੋਖ ਸਿੰਘ ਜਨਰਲ ਸਕੱਤਰ ਗ਼ਦਰ ਪਾਰਟੀ ਦੇ ਜ਼ੁਮੇ ਸਿਆਮ, ਸਿੰਘਾਪੁਰ, ਮਲਾਇਆ ਤੇ ਬਰਮਾ ਦੇ ਕੰਮ ਦੀ ਦੇਖ ਭਾਲ ਤੇ ਸਹਾਇਤਾ ਕਰਨ ਤੇ ਸਲਾਹ ਮਸ਼ਵਰਾ ਤੇ ਅਗਵਾਈ ਦੇਣੀ ਸੀ। ਭਾਈ ਭਗਵਾਨ ਸਿੰਘ ਪਰਧਾਨ ਗ਼ਦਰ ਪਾਰਟੀ ਨੇ, ਚੀਨ, ਜਾਪਾਨ ਤੇ ਮਨੀਲਾ ਆਦਿ ਵਿਚੋਂ ਵਰਕਰ ਤੇ ਫੰਡ ਇਕੱਠਾ ਕਰਕੇ ਭਾਈ ਸੰਤੋਖ ਸਿੰਘ ਦੀ ਸਹਾਇਤਾ ਵਾਸਤੇ ਭੇਜਣੇ ਸਨ। ਦੇਸ਼ ਵਾਸਤੇ ਗ਼ਦਰ ਕਰਨ ਜਾਣ ਵਾਲਿਆਂ ਨੂੰ ਭੇਜਕੇ ਇਹ ਤਿੰਨੇ ਆਗੂ ਵੀ ਆਪੋ ਆਪਣੇ ਕੰਮਾਂ ਉਤੇ ਤੁਰ ਗਏ। ਪੰਡਤ ਸੋਹਣ ਲਾਲ ਸਤੰਬਰ 1914 ਵਿਚ ਬੰਕਾਕ ਪੁਜ ਗਏ। ਅਗਲੇ ਮਹੀਨੇ ਭਾਈ ਸੰਤੋਖ ਸਿੰਘ ਵੀ ਪੰਡਤ ਆਤਮਾ ਰਾਮ ਜਾਹਮਣ (ਲਾਹੌਰ) ਤੇ ਸ੍ਰੀ ਸ਼ਿਵਦਿਆਲ ਕਪੂਰ ਘਣੂਪੁਰ ਕਾਲੇ ਨੂੰ ਸ਼ੰਘਾਈ ਤੋਂ ਨਾਲ ਲੈ ਕੇ ਬੰਕਾਕ ਆ ਗਏ।[1]

ਭਾਈ ਸੰਤੋਖ ਸਿੰਘ ਤੇ ਪੰਡਤ ਸੋਹਣ ਲਾਲ ਨੇ ਸਿਆਮ ਵਿਚ ਪਾਰਟੀ ਦੇ ਕੰਮ ਨੂੰ ਬੜਾ ਉਤਸ਼ਾਹ ਦਿਤਾ ਤੇ ਪਾਰਟੀ ਵਰਕਰਾਂ ਦੇ ਹੌਸਲੇ ਹੋਰ ਵਧਾ ਦਿਤੇ। ਪਾਰਟੀ ਦਾ ਕੰਮ ਬਹੁਤ ਵਧਿਆ। ਏਥੋਂ ਬਰਮਾ ਵਿਚ ਕੰਮ ਕਰਨ ਲਈ ਵਰਕਰ ਤਿਆਰ ਕੀਤੇ ਗਏ।

ਸਿਆਮ ਤੋਂ ਗ਼ਦਰੀ ਲੀਡਰ ਫਰਵਰੀ 1915 ਨੂੰ ਬਰਮਾ ਜਾਣੇ ਸ਼ੁਰੂ ਹੋਏ। ਜਨਵਰੀ ਦੇ ਅਖ਼ੀਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਭੀ ਬੰਕਾਕ ਆ ਗਏ। ਪਹਿਲਾਂ ਸ੍ਰੀ ਹੁਸੈਨ ਖਾਂ (ਪੰਜਲਸਾ, ਜ਼ਿਲਾ ਅੰਬਾਲਾ) ਤੇ ਸ੍ਰੀ ਚੇਤਰਾਮ ਵੈਰੋਵਾਲ (ਸਿਆਲਕੋਟ) ਨੂੰ ਰੰਗੂਨ ਵਿਚ ਪਾਰਟੀ ਦੇ ਕੰਮ ਵਾਸਤੇ ਕੋਈ ਮਕਾਨ ਲੈਣ ਲਈ ਭੇਜਿਆ, ਉਹਨਾਂ ਨੂੰ ਰੰਗੂਨ ਦੇ ਗੁਰਦਵਾਰੇ ਹਾਂਗਕਾਂਗ ਵਿਚ ਗ਼ਦਰੀ ਲੀਡਰ ਭਾਈ ਹੀਰਾ ਸਿੰਘ ਚਰੜ ਮਿਲ ਪਿਆ, ਜੋ ਸਿਆਮ ਤੋਂ ਪੰਜਾਬ ਨੂੰ ਜਾ ਰਿਹਾ ਸੀ। ਸਿੰਘਾਪੁਰ ਤੋਂ ਮੁੜ ਤੇ ਬੰਕਾਕ ਥਾਣੀ ਹੋ ਕੇ ਮਨੀਲਾ ਦੇ ਗ਼ਦਰੀ ਲੀਡਰ ਸ੍ਰੀ ਮੁਜਤਬਾ ਹੁਸੈਨ ਵੀ ਰੰਗੂਨ ਆ ਗਏ। ਭਾਈ ਹੀਰਾ ਸਿੰਘ ਇਹਨਾਂ ਨੂੰ ਜਾਣਦਾ ਸੀ ਤੇ ਉਸ ਦੀ ਸ੍ਰੀ ਚੇਤ ਰਾਮ ਹੋਰਾਂ ਨਾਲ ਜਾਣ ਪਛਾਣ ਕਰਵਾ ਦਿਤੀ।[2]

---

1. 'ਗ਼ਦਰ ਢੰਡੋਰਾ', ਸ਼ੰਘਾਈ, ਜਿਲਦ ਪਹਿਲੀ, ਨੰਬਰ 5, ਜੁਲਾਈ 15, 1930, ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ' ਸਫਾ 133-136
2. ਮਾਂਡਲੇ ਦਾ ਮੁਕੱਦਮਾ, ਜਿਊਣ ਸਿੰਘ ਦਾ ਇਕਬਾਲੀਆ ਬਿਆਨ

ਉਹਨਾਂ ਨੇ ਰੰਗੂਨ ਦੇ ਡਫਰਿਨ ਸਟਰੀਟ ਵਿਚ 16 ਨੰਬਰ ਦਾ ਮਕਾਨ ਕਰਾਏ ਉਤੇ ਲਿਆ ਤੇ 360 ਨੰਬਰ ਦਾ ਡਾਕ ਬਕਸਾ ਭਾੜੇ ਕਰ ਲਿਆ। ਪਹਿਲਾਂ ਪੰਡਤ ਸੋਹਣ ਲਾਲ ਪਾਠਕ ਤੇ ਬਾਬੂ ਹਰਨਾਮ ਸਿੰਘ ਸਾਹਰੀ (ਗ਼ਦਰੀ ਨਾਂ ਈਸ਼ਰ ਦਾਸ) ਬੈਂਕਾਕ ਤੋਂ ਫਰਵਰੀ 1915 ਵਿਚ ਸਿਆਮ ਬਰਮਾ ਦੀ ਹੱਦ ਲਾਗੇ ਰਾਹੇਂਗ ਗਏ। ਓਥੋਂ ਸਿਆਮ ਹੀ ਹੱਦ ਪਾਰ ਕਰਕੇ ਬਰਮਾ ਦੇ ਮੈਸੋਰਟ ਤੇ ਮਾਇਆਵਾਦੀ ਨਗਰਾਂ ਥਾਣੀ ਹੋਕੇ ਮਾਰਚ 1915 ਵਿਚ ਰੰਗੂਨ ਆ ਗਏ।[1]

ਰੰਗੂਨ ਵਿਚ ਸਰਬ ਇਸਲਾਮੀ (ਪੈਨ ਇਸਲਾਮੀ) ਏਕੇ ਵਿਚ ਨਿਸਚਾ ਰੱਖਣ ਵਾਲੇ ਬੰਦਿਆਂ ਦਾ ਇਕ ਗਰੁੱਪ ਸੀ, ਜਿਸ ਵਿਚ ਸ੍ਰੀ ਅਬੂ ਸਈਦ ਨਾਂ ਦਾ ਇਕ ਪੰਜਾਬੀ ਸਕੂਲ ਮਾਸਟਰ ਚੰਗਾ ਤੁਰਦਾ ਵਰਕਰ ਸੀ। ਇਸ ਨੂੰ 'ਗ਼ਦਰ' ਅਖ਼ਬਾਰ ਦੇ ਬੰਡਲਾਂ ਵਿਚ ਤੁਰਕੀ ਦੇ ਵਜ਼ੀਰ ਅਨਵਰ ਪਾਸ਼ਾ ਦਾ ਪਰਸਿੱਧ ਐਲਾਨ 'ਜਹਾਨਿ ਇਸਲਾਮ' ਆਇਆ। ਜਿਸ ਵਿਚ ਦੁਨੀਆਂ ਭਰ ਦੇ ਮੁਸਲਮਾਨਾਂ ਨੂੰ ਖ਼ਿਲਾਫਤ ਦੀ ਰਾਖੀ ਵਿਚ ਅੰਗਰੇਜ਼ਾਂ ਦੇ ਖਿਲਾਫ ਲੜਨ ਤੇ ਤੁਰਕੀ ਦੀ ਮਦਦ ਕਰਨ ਦੀ ਅਪੀਲ ਕੀਤੀ ਹੋਈ ਸੀ। ਇਸ ਐਲਾਨ ਨੂੰ 'ਗ਼ਦਰ' ਅਖ਼ਬਾਰ ਦੇ ਨਾਲ ਹੀ ਲੋਕਾਂ ਤੇ ਫੌਜਾਂ ਵਿਚ ਵੰਡਿਆ ਗਿਆ। 1914 ਦੇ ਅਖੀਰ ਵਿਚ ਦੋ ਹੋਰ ਹਿੰਦੁਸਤਾਨੀ, ਹਕੀਮ ਫਾਇਮ ਅਲੀ ਅਤੇ ਅਲੀ ਅਹਿਮਦ ਸਦੀਕੀ ਸ਼ਾਹਜ਼ਾਦਪੁਰ (ਯੂ.ਪੀ.) ਰੰਗੂਨ ਆਏ। ਇਹ ਇਕ ਤਕੜਾ ਮੁਸਲਮ ਸਿਆਸੀ ਗਰੁੱਪ ਬਣ ਗਿਆ। ਇਸ ਗਰੁੱਪ ਨੇ 130ਵੀਂ ਬਲੋਚ ਪਲਟਨ ਵਿਚ ਜਿਸ ਦਾ ਜ਼ਿਕਰ ਉਤੇ ਕਰ ਆਏ ਹਾਂ, 'ਗ਼ਦਰ' ਅਖ਼ਬਾਰ ਦੇ ਪਰਚੇ ਵੰਡੇ।[2] ਪੰਡਤ ਸੋਹਣ ਲਾਲ ਪਾਠਕ ਨੇ ਮੁਜਤਬਾ ਹੁਸੈਨ ਦੇ ਰਾਹੀਂ, ਇਸ ਗਰੁੱਪ ਨੂੰ ਗ਼ਦਰ ਪਾਰਟੀ ਨਾਲ ਜੋੜਿਆ।

ਕੁਝ ਚਿਰ ਬਾਅਦ ਭਾਈ ਸੰਤੋਖ ਸਿੰਘ ਵੀ ਰੰਗੂਨ ਆ ਗਏ। ਇਥੋਂ ਦੀ ਪਾਰਟੀ ਇਕਾਈ ਨੂੰ ਸਰਗਰਮ ਤੇ ਮਜ਼ਬੂਤ ਕਰਕੇ ਭਾਈ ਸੰਤੋਖ ਸਿੰਘ, ਪੰਡਤ ਸੋਹਣ ਲਾਲ ਤੇ ਬਾਬੂ ਹਰਨਾਮ ਸਿੰਘ ਸਾਹਰੀ ਉਤਰ ਬਰਮਾ ਵਿਚ ਚਲੇ ਗਏ। ਉਹਨਾਂ ਨੇ ਮਾਂਡਲੇ, ਮੇਮਿਉ, ਪਯਾਬੋਈ ਤੇ ਹੋਰਨਾਂ ਸ਼ਹਿਰਾਂ ਦੀਆਂ ਛਾਉਣੀਆਂ ਤੇ ਫੌਜੀ ਪੁਲਸ ਵਿਚ ਪਰਚਾਰ ਕਰਨਾ ਆਰੰਭ ਕਰ ਦਿਤਾ ਤੇ ਚੰਗਾ ਕੰਮ ਤੋਰ ਲਿਆ।

ਬਰਮਾ ਵਿਚ ਅੰਗਰੇਜ਼ ਵਿਰੋਧੀ ਜਜ਼ਬਾ ਬਹੁਤ ਸੀ। ਇਸ ਅੰਗਰੇਜ਼ ਵਿਰੋਧੀ ਜਜ਼ਬੇ ਨੂੰ ਦੱਬੀ ਰਖਣ ਲਈ ਤੇ ਸਾਮਰਾਜੀ ਰੋਹਬ ਜਮਾਉਣ ਵਾਸਤੇ ਪੁਲਸ ਨੂੰ ਫੌਜੀ ਹਥਿਆਰ ਦੇਕੇ ਫੌਜੀ ਪੁਲਸ ਬਣਾਇਆ ਹੋਇਆ ਸੀ ਤੇ ਇਸ ਵਿਚ ਪੰਜਾਬੀ ਜਟ ਭਰਤੀ ਕੀਤੇ ਹੋਏ ਸਨ, ਜੋ ਮਜ਼ਹਬੋਂ ਸਿਖ ਜਾਂ ਮੁਸਲਮਾਨ ਸਨ। ਇਸ ਫੌਜੀ ਪੁਲਸ ਵਿਚ ਪੰਡਤ ਸੋਹਣ ਲਾਲ ਨੇ ਥਾਂ ਬਣਾ ਲਿਆ ਸੀ। ਉਸ ਦਾ 23ਵੇਂ ਪਹਾੜੀ ਤੋਪਖਾਨੇ ਵਿਚ ਆਉਣਾ ਜਾਣ ਬਣ ਗਿਆ ਸੀ। ਪਯਾਬੋਈ ਦੀ ਬਰਮਾ ਫੌਜੀ ਪੁਲਸ ਵਿਚ ਸ੍ਰੀ ਕਿਰਪਾ ਰਾਮ ਮਾਂਗਟ ਸਿਪਾਹੀਆਂ ਨੂੰ ਪੜ੍ਹਾਉਣ ਉਤੇ ਲਗਾ ਹੋਇਆ ਸੀ। ਉਹ ਪੰਡਤ ਸੋਹਣ ਲਾਲ ਦਾ ਹਮ ਸਕੂਲ ਸੀ ਤੇ ਪੰਡਤ ਦੀ ਸੰਗਤ ਨਾਲ ਗ਼ਦਰ ਪਾਰਟੀ ਦਾ ਮੈਂਬਰ ਬਣ ਗਿਆ ਸੀ।[3] ਉਸਨੇ ਫੌਜੀਆਂ ਤੇ ਸਥਾਨਕ ਲੋਕਾਂ ਵਿਚ ਪਾਰਟੀ ਦਾ ਪਰਚਾਰ ਕਰਨ ਵਿਚ ਬੜਾ ਕੰਮ ਕੀਤਾ।

---

1. 'ਗ਼ਦਰ ਸਾਜ਼ਿਸ਼ ਦੀ ਵਿਥਿਆ, ਸਫਾ 132 ਤੇ ਰੌਲਟ ਰਿਪੋਰਟ ਸਫਾ 171
2. ਰੌਲਟ ਰਪੋਰਟ, ਸਫਾ 170-171
3. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 135

ਏਨੇ ਨੂੰ ਪੰਜਾਬ ਵਿਚ ਗ਼ਦਰ ਫੇਹਲ ਹੋ ਜਾਣ ਦੀਆਂ ਖ਼ਬਰਾਂ ਆ ਗਈਆਂ। ਇਹਨਾਂ ਗ਼ਦਰੀ ਆਗੂਆਂ ਨੇ ਆਪਸ ਵਿਚ ਵਿਚਾਰ ਕੀਤੀ ਤੇ ਇਨਕਲਾਬ ਦੇ ਕੰਮ ਨੂੰ ਮੁੜ ਜਥੇਬੰਦ ਕਰਨ ਤੇ ਇਸ ਦੇ ਮੋਰਚੇ ਨੂੰ ਜ਼ਿਆਦਾ ਵਿਸ਼ਾਲ ਤੇ ਪੁਰਅਸਰ ਬਨਾਉਣ ਲਈ ਭਾਈ ਸੰਤੋਖ ਸਿੰਘ ਤੇ ਪੰਡਤ ਸੋਹਣ ਲਾਲ ਮੁੜ ਸਿਆਮ ਨੂੰ ਚਲੇ ਗਏ ਤੇ ਬਾਬੂ ਹਰਨਾਮ ਸਿੰਘ ਨੂੰ ਰੰਗੂਨ ਦੀ ਪਾਰਟੀ ਦੀ ਅਗਵਾਈ ਕਰਨ ਤੇ ਨਵੇਂ ਕੰਮ ਨੂੰ ਸੰਭਾਲ ਲੈਣ ਯੋਗ ਬਨਾਉਣ ਲਈ ਰੰਗੂਨ ਭੇਜਿਆ ਗਿਆ।[1]

ਗ਼ਦਰ ਪਾਰਟੀ ਦੀ ਇਨਕਲਾਬੀ ਸੱਦ ਉਤੇ ਆਉਣ ਵਾਲੇ ਬਾਹਲੇ ਇਨਕਲਾਬੀ 1914 ਵਿਚ ਹੀ ਦੇਸ਼ ਨੂੰ ਆ ਗਏ ਸਨ। ਇਹਨਾਂ ਨੂੰ ਸਮੁੰਦਰੀ ਘਾਟਾਂ ਉਤੇ ਉਤਰਦਿਆਂ ਹੀ ਪੁਲਸ ਪੈ ਜਾਂਦੀ ਤੇ ਹਰ ਇਕ ਦੀ ਪੁੱਛ ਪੜਤਾਲ ਕਰਦੀ। ਅੰਗਰੇਜ਼ੀ ਹਾਕਮਾਂ ਦੀ ਗ਼ਦਰੀਆਂ ਦੇ ਹਿੰਦੁਸਤਾਨ ਵਿਚ ਵੜਨ ਦੇ ਦਿਨਾਂ ਤੋਂ ਹੀ ਸਮੁੰਦਰੀ ਘਾਟਾਂ ਉਤੇ ਕਰ ਲਈ ਹੋਈ ਇਸ ਤਕੜਾਈ ਨੇ ਪੰਜਾਬ ਦੀ ਗ਼ਦਰੀ ਲਹਿਰ ਨੂੰ ਇਸ ਦੇ ਸੋਮੇ, ਅਮਰੀਕਾ ਨਾਲੋਂ ਕਟ ਦਿਤਾ। ਬਾਹਰੋਂ ਤਾਂ ਪਾਰਟੀ ਬੰਦਿਆਂ ਨੂੰ ਦੇਸ਼ ਅੰਦਰ ਸੁਟੀ ਗਈ, ਪਰ ਅੰਦਰੋਂ ਬਾਹਰ ਨੂੰ ਪਾਰਟੀ ਦਾ ਆਪਣੇ ਸੋਮੇ ਨਾਲ ਕੋਈ ਮੇਲ ਨਾ ਰਿਹਾ। ਗ਼ਦਰ ਲਹਿਰ ਵਾਸਤੇ ਇਹ ਇਕ ਬਹੁਤ ਬੜੀ ਘਾਟ ਸੀ। ਅਮਰੀਕਾ ਵਿਚ ਲਹਿਰ ਦੇ ਸੋਮੇ ਤੇ ਪੰਜਾਬ ਵਿਚ ਚਲਾਈ ਜਾ ਰਹੀ ਲਹਿਰ ਵਿਚਲੇ ਹਜ਼ਾਰਾਂ ਮੀਲਾਂ ਦੇ ਭੂਗੋਲਕ ਪਾੜੇ ਨੂੰ ਮੇਲਣਾ ਪਾਰਟੀ ਵਾਸਤੇ ਇਕ ਬੜੀ ਭਾਰੀ ਮੁਸ਼ਕਿਲ ਸੀ ਤੇ ਪਾੜਾ ਵੀ ਸਮੁੰਦਰਾਂ ਦਾ। ਇਸ ਮੁਸ਼ਕਲ ਦੇ ਹੁੰਦਿਆਂ ਅਮਰੀਕਾ ਵਿਚ ਪਾਰਟੀ ਦੇ ਹੈਡ ਕਵਾਰਟਰ ਵਾਸਤੇ ਅਸੰਭਵ ਸੀ ਕਿ ਉਹ ਅੰਗਰੇਜ਼ੀ ਹੁਕਮਤ ਦੇ ਘਾਟਾਂ ਉਤੇ ਬੰਨ੍ਹੇ ਬਾਨ੍ਹਣੂਆਂ ਤੋਂ ਚੋਰੀ ਛੁਪੀ ਦੇਸ਼ ਦੀ ਲਹਿਰ ਨਾਲ ਜੋੜ ਜੋੜੀ ਰਖੇ। ਗ਼ਦਰੀਆਂ ਦੀ ਇਹ ਭੂਗੋਲਕ ਮੁਸ਼ਕਿਲ ਅੰਗਰੇਜ਼ੀ ਸਾਮਰਾਜ ਵਾਸਤੇ ਬੜੀ ਭਾਰੀ ਪਨਾਹ ਸਿੱਧ ਹੋਈ।

ਭਾਈ ਸੰਤੋਖ ਸਿੰਘ ਤੇ ਪੰਡਤ ਸੋਹਣ ਲਾਲ ਨੇ ਸਿਆਮ ਵਾਪਸ ਜਾ ਕੇ ਬਾਬੂ ਅਮਰ ਸਿੰਘ ਤੇ ਹੋਰ ਸਥਾਨਕ ਗ਼ਦਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ। ਉਹਨਾਂ ਨੇ ਇਸ ਔਕੜ ਤੇ ਅੰਗਰੇਜ਼ੀ ਹਾਕਮਾਂ ਦੀ ਘਾਟਾਂ ਉਤੇ ਕੀਤੀ ਤਕੜਾਈ ਨੂੰ ਜਾਚਿਆ ਤੇ ਵਿਚਾਰਿਆ। ਉਹਨਾਂ ਨੂੰ ਘਾਟਾਂ ਉਤੋਂ ਦੀ ਬੰਦੇ ਸੁਟ ਸੁਟ ਪੁਲਸ ਨੇ ਹਵਾਲੇ ਕਰੀ ਜਾਣ ਵਿਚ ਕੋਈ ਅਕਲਮੰਦੀ ਨਾ ਦਿਸੀ। ਉਹਨਾਂ ਨੇ ਇਸ ਮੁਸ਼ਕਿਲ ਨੂੰ ਦੂਰ ਕਰਨ ਲਈ ਸਮੁੰਦਰ ਦਾ ਰਾਹ ਛੱਡ ਕੇ ਕੋਈ ਧਰਤੀ ਦਾ ਰਸਤਾ ਲੱਭਣ ਲਈ ਹਿੰਦੁਸਤਾਨ ਦੀਆਂ ਉਦਾਲੇ ਪੁਦਾਲੇ ਦੀਆਂ ਧਰਤੀਆਂ ਉਤੇ ਨਿਗਾਹ ਮਾਰੀ; ਅਫਗਾਨਿਸਤਾਨ, ਈਰਾਨ, ਤਿੱਬਤ ਤੇ ਸਿਆਮ ਹੀ ਅਜੇਹਾ ਕੰਮ ਦੇ ਸਕਦੇ ਸਨ, ਪਰ ਇਹ ਦੇਸ਼ ਪਿਛਾਖੜ ਵਿਚ ਸੁਤੇ ਤੇ ਇਹਨਾਂ ਦੀਆਂ ਹਕੂਮਤਾਂ ਅੰਗਰੇਜ਼ਾਂ ਦੀਆਂ ਜ਼ਰ-ਖ਼ਰੀਦ ਗ਼ੁਲਾਮ ਸਨ। ਇਹਨਾਂ ਦੇਸ਼ਾਂ ਥਾਣੀ ਗ਼ਦਰ ਲਹਿਰ ਨਾਲ ਲੜ ਜੋੜਨਾ ਬੜਾ ਜਾਨ ਜੋਖੋਂ ਦਾ ਕੰਮ ਸੀ। ਏਥੇ ਆਪਣੀ ਕੋਈ ਸਾਮਰਾਜ ਵਿਰੋਧੀ ਲਹਿਰ ਨਹੀਂ ਸੀ, ਜੋ ਗ਼ਦਰੀ ਲਹਿਰ ਦੀ ਬਾਂਹ ਬਣਦੀ। ਪਰ ਫੇਰ ਵੀ ਇਹਨਾਂ ਵਿਚੋਂ ਹੀ ਕਿਸੇ ਥਾਂ ਤੋਂ ਧਰਤੀ ਥਾਣੀਂ ਹਿੰਦੁਸਤਾਨ ਨਾਲ ਜੋੜ ਲਾਇਆ ਜਾ ਸਕਦਾ ਸੀ। ਸਾਰਿਆਂ ਨੇ ਸਲਾਹ ਕਰਕੇ ਇਹਨਾਂ ਵਿਚੋਂ ਸਿਆਮ ਨੂੰ ਯੋਗ ਦੇਸ਼ ਸਮਝਿਆ। ਇਕ ਤਾਂ ਏਥੇ ਗ਼ਦਰੀਆਂ ਦਾ ਪੂਰਬੀ ਏਸ਼ੀਆ ਦੇ ਟਾਪੂਆਂ ਵਿਚੋਂ ਆਉਣਾ ਤੇ ਪਿਛਾਂ ਹੈਡਕਵਾਰਟਰ

---

1. 'ਮਾਂਡਲੇ ਦਾ ਮੁਕੱਦਮਾ' ਜੀਵਨ ਸਿੰਘ ਦਾ ਬਿਆਨ

ਨਾਲ ਸੰਬੰਧ ਰੱਖਣਾ ਸੌਖਾ ਸੀ, ਦੂਸਰੇ ਏਥੇ ਹਿੰਦੀਆਂ ਵਿਚ ਗ਼ਦਰ ਲਹਿਰ ਚੱਲ ਰਹੀ ਸੀ ਤੇ ਏਥੋਂ ਅਨੇਕਾਂ ਹਿੰਦੀ ਇਨਕਲਾਬੀ ਕੰਮ ਵਾਸਤੇ ਨਾਲ ਲਏ ਜਾ ਸਕਦੇ ਸਨ, ਤੀਸਰੇ ਜਰਮਨਾਂ ਤੋਂ ਆਪਣੇ ਕੰਮ ਵਿਚ ਸਹਾਇਤਾ ਮਿਲ ਸਕਦੀ ਸੀ, ਚੌਥੇ ਇਹਨਾਂ ਨੇ ਬਰਮਾ ਦੀਆਂ ਦੇਸ਼ੀ ਫੌਜਾਂ ਨੂੰ ਟੋਹ ਲਿਆ ਸੀ, ਪੰਜਵੇਂ ਬਰਮਾ ਵਿਚ ਅੰਗਰੇਜ਼ ਵਿਰੋਧੀ ਜਜ਼ਬਾ ਬੁਹਤ ਸੀ, ਖ਼ਾਸ ਕਰ ਮਜ਼ਹਬੀ ਆਗੂਆਂ ਵਿਚ, ਜਿਨ੍ਹਾਂ ਨੂੰ ਪੂੰਗੀ ਕਿਹਾ ਜਾਂਦਾ ਹੈ, ਜਿਸ ਲਈ ਪਾਰਟੀ ਨੂੰ ਬਰਮੀਆਂ ਵੱਲੋਂ ਧਰੋਹ ਕਮਾਏ ਜਾਣ ਦਾ ਕੋਈ ਖ਼ਤਰਾ ਨਹੀਂ ਸੀ। ਇਸ ਲਈ ਫੈਸਲਾ ਕੀਤਾ ਗਿਆ ਕਿ ਬੰਕਾਕ ਨੂੰ ਹੈਡ ਕਵਾਰਟਰ ਬਣਾ ਕੇ ਇਨਕਲਾਬੀ ਵਰਕਰ ਤੇ ਬੰਦੇ ਜ਼ਮੀਨ ਉਤੋਂ ਹੀ ਪੈਦਲ ਬਰਮਾ ਲੰਘਾਏ ਜਾਣ। ਜੋ ਗ਼ਦਰ ਪਾਰਟੀ ਦੇ ਪਰੋਗਰਾਮ ਅਨੁਸਾਰ ਬਰਮਾ ਵਿਚ ਮਿਲਟਰੀ ਪੁਲਸ ਤੇ ਹਿੰਦੀਆਂ ਅੰਦਰ, ਜੋ ਬਾਹਲੇ ਪੰਜਾਬੀ ਸਨ, ਕੰਮ ਕਰਨ ਤੇ ਬਰਮਾ ਵਿਚ ਗ਼ਦਰ ਦਾ ਦੂਸਰਾ ਮੋਰਚਾ ਖੋਲ੍ਹ ਦੇਣ। ਅਮਰੀਕਾ ਤੇ ਹੋਰਨਾਂ ਟਾਪੂਆਂ ਨੂੰ ਆਖ ਦਿਤਾ ਗਿਆ ਕਿ ਗ਼ਦਰੀ ਵਰਕਰ ਹੁਣ ਪੰਜਾਬ ਦੀ ਥਾਂ ਸਿਆਮ ਆਇਆ ਕਰਨ।

ਓਧਰ ਅਮਰੀਕਾ ਵਿਚ ਪਾਰਟੀ ਨੇ ਜਰਮਨਾਂ ਤੋਂ ਸਹਾਇਤਾ ਲੈਕੇ ਲਹਿਰ ਵਾਸਤੇ ਵਰਤਣ ਦਾ ਫੈਸਲਾ ਕਰ ਲਿਆ ਸੀ। ਇਸ ਬਰਮਾ ਵਾਲੀ ਸਕੀਮ ਦਾ ਪੱਕ ਪਕਾਕੇ ਭਾਈ ਸੰਤੋਖ ਸਿੰਘ ਤੇ ਪੰਡਤ ਸੋਹਣ ਲਾਲ ਸਿਆਮ ਦੀ ਗ਼ਦਰ ਪਾਰਟੀ ਇਕਾਈ ਦੇ ਆਗੂ ਬਾਬੂ ਅਮਰ ਸਿੰਘ ਰਾਹੀਂ ਜਰਮਨ ਕੌਂਸਲ ਨੂੰ ਮਿਲੇ। ਸਿਆਮ ਦੀ ਪਾਰਟੀ ਇਕਾਈ ਨੇ ਉਹਨਾਂ ਨਾਲ ਆਪਣੇ ਕੰਮ ਵਿਚ ਸਹਾਇਤਾ ਲੈਣ ਵਾਸਤੇ ਪਹਿਲਾਂ ਹੀ ਸਬੰਧ ਜੋੜੇ ਹੋਏ ਸਨ। ਜਰਮਨ ਕੌਂਸਲ ਨਾਲ ਸਿਆਮ ਤੇ ਬਰਮਾ ਦੇ ਕੰਮ ਵਿੱਚ ਸਹਾਇਤਾ ਤੇ ਮਿਲਵਰਤਣ ਲੈਣ ਦੀ ਗੱਲ ਬਾਤ ਕੀਤੀ। ਇਸ ਤੋਂ ਬਾਅਦ ਸਲਾਹ ਇਹ ਹੋਈ ਕਿ ਸਿਆਮ ਵਿੱਚ ਰੇਲਾਂ ਬਣਾ ਰਹੇ ਜਰਮਨ ਇੰਜੀਨੀਅਰ ਤੇ ਬੰਦੇ, ਜੋ ਫੌਜੀ ਵਿਦਿਆ ਜਾਣਦੇ ਹਨ, ਏਥੋਂ ਦੇ ਗ਼ਦਰੀ ਵਰਕਰਾਂ ਨੂੰ ਫੌਜੀ ਸਿਖਲਾਈ ਕਰਵਾਉਣ; ਅਮਰੀਕਾ, ਕੈਨੇਡਾ, ਮਨੀਲਾ ਤੇ ਸ਼ੰਘਾਈ ਆਦਿ ਤੋਂ ਜੋ ਹਿੰਦੀ ਆਉਣ, ਉਹ ਵੀ ਫੌਜੀ ਕੰਮ ਸਿਖਣ, ਅਮਰੀਕਾ ਵਿਚੋਂ ਫੌਜੀ ਹਥਿਆਰ ਮੰਗਵਾਕੇ ਇਹਨਾਂ ਗ਼ਦਰੀਆਂ ਨੂੰ ਸ਼ਸਤਰ-ਧਾਰੀ ਕੀਤਾ ਜਾਏ; ਜਰਮਨਾਂ ਦੇ ਚੀਨ ਵਿਚ ਸੰਤਾਉ ਟਾਪੂ ਉਤੇ ਜਾਪਾਨ ਦੇ ਕਬਜ਼ਾ ਹੋ ਜਾਣ ਨਾਲ, ਜੋ ਦੋ ਤਿੰਨ ਹਜ਼ਾਰ ਜਰਮਨ ਏਧਰ ਓਧਰ ਚੀਨ, ਹਿੰਦ ਚੀਨੀ ਤੇ ਸਿਆਮ ਵਿਚ ਘੁਮ ਰਹੇ ਸਨ, ਉਹ ਗ਼ਦਰੀ ਫੌਜ ਨਾਲ ਮਿਲ ਜਾਣ। ਪਹਿਲਾਂ ਗ਼ਦਰੀ ਲੀਡਰ ਤੇ ਵਰਕਰ ਬਰਮਾ ਵਿਚ ਜਾ ਕੇ ਪੰਜਾਬੀ ਫੌਜੀਆਂ ਨੂੰ ਗ਼ਦਰ ਵਾਸਤੇ ਤਿਆਰ ਕਰਨ। ਫੇਰ ਇਹ ਸਿਖੇ ਹੋਏ ਗ਼ਦਰੀ ਬਰਮਾ ਵਿਚਲੀਆਂ ਫੌਜਾਂ ਨਾਲ ਰਲਕੇ ਇਨਕਲਾਬ ਮਚਾ ਦੇਣ। ਇਸ ਸਕੀਮ ਮੁਜਬ ਪੰਡਤ ਸੋਹਣ ਲਾਲ ਤੇ ਹੋਰ ਗ਼ਦਰੀ ਵਰਕਰ ਬਰਮਾ ਜਾਣੇ ਸ਼ੁਰੂ ਹੋ ਗਏ। ਭਾਈ ਸੰਤੋਖ ਸਿੰਘ ਨੇ ਗ਼ਦਰੀ ਵਿਉਂਤ ਵਾਸਤੇ ਸਿਆਮ ਵਾਲੇ ਪਾਸੇ ਰਹਿ ਕੇ ਮਾਇਆ ਤੇ ਬੰਦਿਆਂ ਬੰਦੋਬਸਤ ਕਰਨਾ ਸੀ। ਇਸ ਕੰਮ ਲਈ ਭਾਈ ਨੇ ਉਤਰੀ ਆਸਾਮ ਦੇ ਪਾਖੋ ਨਾਮੀ ਕਸਬੇ ਨੂੰ ਆਪਣਾ ਹੈਡਕਵਾਰਟਰ ਬਣਾਇਆ। ਇਥੇ ਬਰਮਾ ਨੂੰ ਭੇਜਣ ਵਾਸਤੇ ਗ਼ਦਰੀ ਸਾਹਿਤ ਛਾਪਣ ਦਾ ਬੰਦੋਬਸਤ ਵੀ ਕੀਤਾ ਗਿਆ। ਚੀਨ ਦੇ ਬਰਮਾ ਦੀ ਹੱਦ ਨਾਲ ਲਗਦੇ ਸੂਬੇ ਯੂਨਾਨ ਦੇ ਗਵਰਨਰ ਨਾਲ ਵੀ ਪੱਕ ਪਕਾਇਆ ਗਿਆ ਕਿ ਉਹ ਵੀ ਗ਼ਦਰੀ ਫੌਜ ਖੜੀ ਕਰਨ ਤੇ ਬਰਮਾ ਉਤੇ ਹਮਲੇ ਵਾਸਤੇ ਸਹਾਇਕ ਹਾਲਤ ਪੈਦਾ ਕਰੇ।[1]

---

1. 'ਮਾਂਡਲੇ ਦਾ ਮੁਕੱਦਮਾ', ਜੀਊਣ ਸਿੰਘ ਦਾ ਇਕਬਾਲੀ ਬਿਆਨ

## ਬਰਮਾ ਦੀ ਹਾਰ

ਪਾਰਟੀ ਦੇ ਸੱਦੇ ਉਤੇ ਅਮਰੀਕਾ ਤੋਂ ਕੁਝ ਹੋਰ ਬੰਦੇ ਸਿਆਮ ਆ ਗਏ। ਭਾਈ ਹਰਦਿੱਤ ਸਿੰਘ ਲੰਮੇ ਜਟਪੁਰਾ (ਲੁਧਿਆਣਾ), ਭਾਈ ਕਪੂਰ ਸਿੰਘ ਮੋਹੀ (ਲੁਧਿਆਣਾ), ਭਾਈ ਨਿਰੰਜਣ ਸਿੰਘ ਸੰਗਤਪੁਰ (ਲੁਧਿਆਣਾ) ਤੇ ਇਕ ਅਮਰੀਕਨ ਮਿਸਟਰ ਚਾਰਲਸ ਐਲਨ[1] ਮਨੀਲਾ ਤੇ ਹਾਂਗਕਾਂਗ ਤੋਂ ਹੁੰਦੇ ਹੋਏ ਬੈਂਕਾਕ ਪਹੁੰਚ ਗਏ। ਇਹਨਾਂ ਦੇ ਆਉਣ ਨਾਲ ਗ਼ਦਰ ਪਾਰਟੀ ਦੇ ਵਰਕਰਾਂ ਨੂੰ ਹੋਰ ਉਤਸ਼ਾਹ ਮਿਲਿਆ। ਸਿਆਮ ਦੀ ਇਕਾਈ ਤੇ ਗ਼ਦਰ ਵਰਕਰਾਂ ਨਾਲ ਘੁਲ ਮਿਲਕੇ 11 ਦਿਨਾਂ ਬਾਅਦ ਇਹਨਾਂ ਨੂੰ ਬਰਮਾ ਜਾ ਕੇ ਰੰਗੂਨ ਦੀ ਪਾਰਟੀ ਜਥੇਬੰਦੀ ਪਾਸ ਜਾਣ ਦਾ ਹੁਕਮ ਹੋਇਆ। ਪੰਡਤ ਸੋਹਣ ਲਾਲ ਪਾਠਕ ਨੇ ਬਰਮਾ ਜਾ ਕੇ ਕੰਮ ਸ਼ੁਰੂ ਕਰ ਦਿਤਾ ਤੇ ਭਾਈ ਸੰਤੋਖ ਸਿੰਘ ਨੇ ਪਾਖੋ ਡੇਰਾ ਲਾ ਲਿਆ। ਇਥੋਂ ਗ਼ਦਰੀ ਸਾਹਿਤ ਛਾਪਕੇ ਬਰਮਾ ਤੇ ਸਿਆਮ ਵਿਚ ਵੰਡਣ ਲਈ ਭੇਜਿਆ ਜਾਣ ਲੱਗ ਪਿਆ। ਏਥੋਂ ਹੀ ਹੁਸੈਨ ਖਾਂ ਤੇ ਬੋਘ ਸਿੰਘ ਨੂੰ ਚੀਨ ਦੇ ਸੂਬੇ ਯੂਨਾਨ ਦੇ ਗਵਰਨਰ ਪਾਸ ਭੇਜਿਆ ਗਿਆ, ਉਹ ਮੰਨ ਲਿਆ, ਕਿ ਬਰਮਾ ਵਿਚ ਇਨਕਲਾਬ ਫੁਟ ਪੈਣ ਉਤੇ ਉਹ ਵੀ ਇਸ ਦੀ ਸਹਾਇਤਾ ਕਰੇਗਾ।[2]

ਬਰਮਾ ਵਿਚ ਗ਼ਦਰ ਸਾਜ਼ਿਸ਼ ਦਾ ਅਪਰੈਲ 1915 ਵਿਚ ਪਤਾ ਲੱਗਾ, ਜਦ ਸ੍ਰੀ ਮੁਜਤਬਾ ਹੁਸੈਨ ਜੌਨਪੁਰੀ ਤੇ ਹੁਸੈਨ ਖਾਂ ਰੰਗੂਨ ਤੋਂ ਕੰਮ ਦੀ ਰਪੋਰਟ ਦੇਣ ਲਈ ਸਿਆਮ ਆਏ ਤੇ ਓਥੇ ਉਹਨਾਂ ਨੇ ਇਨਕਲਾਬੀ ਸਾਹਿਤ ਦਾ ਇਕ ਬੰਡਲ ਸ੍ਰੀ ਚਾਲੀਆ ਰਾਮ ਸਾਹਨੇਵਾਲ (ਲੁਧਿਆਣਾ) ਨੂੰ ਦਿਤਾ, ਕਿ ਉਹ ਆਸਾਮ ਦੀ ਹੱਦ ਟਪਾ ਦੇਵੇ। ਇਸ ਬੰਡਲ ਉਤੇ ਹਕੀਮ ਫਾਇਮ ਅਲੀ ਮੈਂਬਰ ਗ਼ਦਰ ਕਮੇਟੀ ਰੰਗੂਨ ਦਾ ਐਡਰੈਸ ਲਿਖਿਆ ਹੋਇਆ ਸੀ। ਇਹ ਬੰਡਲ ਸ੍ਰੀ ਚਾਲੀਆ ਰਾਮ ਦਾ ਅਣਗਹਿਲੀ ਨਾਲ ਮਯਾਵਾਦੀ ਦੀ ਸਰਹੱਦੀ ਚੌਕੀ ਉਤੇ ਫੜਿਆ ਗਿਆ। ਸ੍ਰੀ ਚਾਲੀਆ ਰਾਮ ਨੂੰ ਵੀ ਗਰਿਫਤਾਰ ਕਰ ਲਿਆ ਗਿਆ।[3] ਇਸ ਤੋਂ ਪਿਛੋਂ ਸ੍ਰੀ ਮੁਤਜਬਾ ਹੁਸੈਨ ਦੇ ਸ੍ਰੀ ਅਲੀ ਅਹਿਮਦ ਸਦੀਕੀ ਤੇ ਹਕੀਮ ਫਾਇਮ ਅਲੀ ਦੇ ਨਾਂ ਲਿਖੇ ਹੋਏ ਦੋ ਖ਼ਤ ਰੰਗੂਨ ਦੇ ਡਾਕਖਾਨੇ ਵਿਚੋਂ ਫੜੇ ਗਏ।

ਇਹਨਾਂ ਚਿਠੀਆਂ ਤੋਂ ਸਿਆਮ ਵੱਲੋਂ ਗ਼ਦਰੀਆਂ ਦੇ ਬਰਮਾ ਵਿਚ ਆਉਣ ਦੀ ਸਕੀਮ ਵੀ ਸਰਕਾਰ ਨੂੰ ਮਾਲੂਮ ਹੋ ਗਈ। ਸਰਹੱਦ ਉਤੇ ਪੁਲਸ ਦੀ ਨਿਗਰਾਨੀ ਸਖ਼ਤ ਕਰ ਦਿਤੀ ਤੇ ਆਰ ਪਾਰ ਦੇ ਸਭ ਸਰਹੱਦੀ ਸ਼ਹਿਰਾਂ, ਕਸਬਿਆਂ ਤੇ ਠਾਹਰਾਂ ਉਤੇ ਸੀ.ਆਈ.ਡੀ. ਲਾ ਦਿਤੀ ਗਈ। ਸਿਆਮ ਤੋਂ ਆ ਰਹੇ ਜਾਂ ਬਰਮਾ ਤੋਂ ਜਾ ਰਹੇ ਹਿੰਦੀਆਂ ਦੀਆਂ ਗਰਿਫਤਾਰੀਆਂ ਸ਼ੁਰੂ ਹੋ ਗਈਆਂ। ਰੰਗੂਨ ਵਿਚ ਛਾਪੇ ਪੈਣ ਲੱਗ ਪਏ। ਸ੍ਰੀ ਅਲੀ ਅਹਿਮਦ ਸਦੀਕੀ ਤੇ ਹਕੀਮ ਫਾਇਮ ਅਲੀ ਤੇ ਉਹਨਾਂ ਦੇ ਨਾਲ ਗਰਿਫਤਾਰ ਕਰ ਲਏ ਗਏ।[4] ਸ੍ਰੀ ਚੇਤ ਰਾਮ, ਸ੍ਰੀ ਮੁਜਤਬਾ ਹੁਸੈਨ ਤੇ ਬਾਬੂ ਹਰਨਾਮ ਸਿੰਘ ਸਾਹਰੀ ਰੰਗੂਨ ਤੋਂ ਬਚਕੇ ਨਿਕਲ ਗਏ। ਚਾਲੀਆ ਰਾਮ ਦੀ ਗਰਿਫਤਾਰੀ ਤੋਂ ਬਰਮਾ ਤੇ ਸਿਆਮ ਦੀ ਪੁਲਸ ਨੂੰ ਸਰਹੱਦ ਉਤੋਂ ਵੀ ਗ਼ਦਰੀਆਂ ਦੀ ਆਵਾਜਾਈ ਦਾ ਪਤਾ ਲੱਗ

---

1. ਹੋਮ (ਪੋਲੀਟੀਕਲ) ਅ. ਜੁਲਾਈ 1916, ਕਾਰਵਾਈ ਨੰ. 33
2. 'ਮਾਂਡਲੇ ਕੇਸ', ਹੁਸੈਨ ਖਾਂ ਦੀ ਗਵਾਹੀ
3. ਹੋਮ (ਪੋਲੀਟੀਕਲ) ਅ. ਜਨਵਰੀ 1916 ਕਾਰਵਾਈ ਨੰ. 472
4. ਉਤਲਿਖਤ

ਗਿਆ। ਉਹ ਚੌਕੰਨੀ ਹੋ ਗਈ ਤੇ ਸਰਹੱਦੀ ਲਾਂਘਿਆਂ ਉਤੇ ਸ਼ਹਿ ਲਾ ਕੇ ਬੈਠ ਗਈ। ਜਦ ਸ੍ਰੀ ਚੇਤ ਰਾਮ ਤੇ ਸ੍ਰੀ ਮੁਜਤਬਾ ਹੁਸਨ ਬਰਮਾ ਦੀ ਹੱਦ ਪਾਰ ਕਰ ਗਏ ਤਾਂ ਸਿਆਮ ਦੀ ਅੰਗਰੇਜ਼ੀ ਹੁਕਮਾਂ ਹੇਠ ਚੱਲ ਰਹੀ ਪੁਲਸ ਨੇ ਉਹਨਾਂ ਨੂੰ ਗਰਿਫਤਾਰ ਕਰ ਲਿਆ।[1] ਇਸ ਤੋਂ ਬਾਅਦ ਭਾਈ ਹਰਦਿੱਤ ਸਿੰਘ ਲੰਮੇ, ਭਾਈ ਕਪੂਰ ਸਿੰਘ ਮੋਹੀ, ਭਾਈ ਨਰਿੰਜਣ ਸਿੰਘ ਸੰਗਤਪੁਰਾ, ਭਾਈ ਆਤਮਾ ਸਿੰਘ ਤੇ ਮਿਸਟਰ ਚਾਰਲਸ ਐਲਨ ਸਰਹੱਦ ਪਾਰ ਕਰਦੇ ਬਰਮਾ ਵਿਚ ਮਯਾਵਾਦੀ ਦੀ ਚੌਕੀ ਤੋਂ ਫੜੇ ਗਏ। ਇਸੇ ਤਰ੍ਹਾਂ ਇਹਨਾਂ ਤੋਂ ਛੇਤੀ ਹੀ ਮਗਰੋਂ 17 ਹੋਰ ਗ਼ਦਰੀ ਸਿਆਮ ਦੀ ਹੱਦ ਟੱਪਦੇ ਕਾਬੂ ਕਰ ਲਏ, ਜਿਨ੍ਹਾਂ ਵਿਚ ਸ੍ਰੀ ਬੁਢਾ ਸਿੰਘ ਫੇਲੋਕੇ, ਬਾਬੂ ਅਮਰ ਸਿੰਘ ਐਨਜੀਨੀਅਰ (ਸ਼ੇਰ ਪੁਰ), ਭਾਈ ਇੰਦਰ ਸਿੰਘ, ਸ੍ਰੀ ਗਿਆਨ ਚੰਦ ਮੋਰੀ ਮਰਲ (ਲਾਹੌਰ), ਸ੍ਰੀ ਰਾਮ ਰਖਾ ਸਸੋਲੀ (ਹੁਸ਼ਿਆਰਪੁਰ), ਭਾਈ ਬਸਾਵਾ ਸਿੰਘ ਬਾੜਾ (ਹੋਸ਼ਿਆਰਪੁਰ) ਆਦਿ ਵਰਨਣ ਯੋਗ ਹਨ। ਇਹ ਗਰਿਫਤਾਰੀਆਂ ਸਿਆਮੀ ਪੁਲਸ ਤੇ ਅੰਗਰੇਜ਼ੀ ਸੀ.ਆਈ.ਡੀ. ਦੇ ਬਰਮਾ ਸਰਕਾਰ ਨਾਲ ਰਲਵਰਤਨ ਕਰਕੇ ਅਮਲ ਵਿਚ ਆਈਆਂ ਇਹ ਫੜਾ ਫੜੀ ਅਪਰੈਲ ਦੇ ਅਖੀਰ ਤੇ ਹੋਈ।[2] ਇਨ੍ਹਾਂ ਹੀ ਦਿਨਾਂ ਵਿਚ ਬਾਬਾ ਹਰਨਾਮ ਸਿੰਘ ਬਰਮਾ ਤੋਂ ਬਚਕੇ ਸਿਆਮ ਨੂੰ ਜਾਂਦੇ ਮਯਾਵਾਦੀ ਤੋਂ ਫੜ ਲਏ ਗਏ।

ਦਰਅਸਲ ਪੰਜਾਬ ਵਿਚ ਇਨਕਲਾਬ ਦੇ ਫੇਹਲ ਹੋਣ ਜਾਣ ਨਾਲ ਅੰਗਰੇਜ਼ੀ ਹਕੂਮਤ ਨੇ ਹਿੰਦ ਦੀਆਂ ਸਾਰੀਆਂ ਫੌਜੀ ਕਮਾਨਾਂ ਨੂੰ ਚੌਕੰਨਾ ਕਰ ਦਿਤਾ ਸੀ। ਹਿੰਦ ਸਰਕਾਰ ਦੇ ਕਹਿਣ ਉਤੇ ਬਰਮਾ ਸਰਕਾਰ ਨੇ ਸਾਰੇ ਦੇਸ਼ ਵਿਚ ਅੰਦਰੋ ਅੰਦਰੀ ਕਾਂ ਵੱਟੀ ਫੇਰ ਦਿਤੀ। ਫੌਜਾਂ, ਪੁਲਸ, ਸਰਕਾਰੀ ਕਰਮਚਾਰੀਆਂ ਨੇ ਆਪਣੇ ਮੁਖ਼ਬਰਾਂ ਨੂੰ ਹੁਸ਼ਿਆਰ ਕਰ ਦਿਤਾ। ਜਿਸ ਤੋਂ ਪਾਰਟੀ ਦੇ ਲਾਗੇ ਲਗੇ ਫੌਜੀ ਪੁਲਸੀਏ ਤੇ ਸਰਕਾਰ ਕਰਮਚਾਰੀ ਡਰ ਗਏ ਤੇ ਬੇਆਸ ਹੋ ਕੇ ਜਾਨ ਬਚਾਉਣ ਦੇ ਮਾਰੇ ਪਿਛਾਂ ਹਟ ਗਏ। ਕਈ ਤਾਂ ਗ਼ਦਰੀਆਂ ਦੀਆਂ ਹੋ ਰਹੀਆਂ ਗਰਿਫਤਾਰੀਆਂ ਸੁਣਕੇ ਬੇਸ਼ਰਮ ਹੋ ਗਏ ਤੇ ਅੰਗਰੇਜ਼ੀ ਸਰਕਾਰ ਤੋਂ ਜਸ ਖਟਣ ਦੇ ਲੋਭ ਵਿਚ ਪਾਰਟੀ ਨਾਲ ਗ਼ਦਾਰੀ ਕਰਨ ਲਈ ਤਿਆਰ ਹੋ ਗਏ।

ਪੰਡਤ ਸੋਹਣ ਲਾਲ ਪਾਠਕ, ਭਾਈ ਜੀਉਣ ਸਿੰਘ ਫੇਲੋਕੇ, ਭਾਈ ਨਿਰੰਜਣ ਸਿੰਘ, ਭਾਈ ਪਾਲਾ ਸਿੰਘ, ਭਾਈ ਨਰਾਇਣ ਸਿੰਘ ਬਲੋ ਤੇ ਭਾਈ ਲਛਮਣ ਸਿੰਘ ਛੇ ਇਨਕਲਾਬੀ ਹਕੂਮਤ ਦੀਆਂ ਪੇਸ਼-ਬੰਦੀਆਂ ਤੋਂ ਪਹਿਲਾਂ ਬਰਮਾ ਵਿਚ ਦਾਖਲ ਹੋਏ ਤੇ ਉਤਰ ਬਰਮਾ ਦੀਆਂ ਫੌਜੀ ਪੁਲਸ ਤੇ ਤੋਪਖਾਨੇ ਦੀਆਂ ਛਾਉਣੀਆਂ ਨੂੰ ਗਏ। ਸਲਾਹ ਇਹ ਕੀਤੀ, ਕਿ ਭਾਈ ਜੀਵਨ ਸਿੰਘ ਤੇ ਭਾ: ਲਛਮਣ ਸਿੰਘ ਮਾਂਡਲੇ ਵਿਚ ਇਕ ਦੁਕਾਨ ਖੋਹਲ ਲੈਣ ਤਾਂ ਜੋ ਸ਼ੱਕ ਨਾ ਪਵੇ। ਇਹ ਦੁਕਾਨ ਇਨਕਲਾਬੀ ਹੈਡਕਵਾਰਟਰ ਦਾ ਕੰਮ ਦੇਵੇ। ਪੰਡਤ ਸੋਹਣ ਲਾਲ ਪਾਠਕ ਤੇ ਭਾਈ ਨਰਾਇਣ ਸਿੰਘ ਫੌਜਾਂ ਵਿਚ ਪਰਚਾਰ ਕਰਨ ਲਈ ਛਾਉਣੀਆਂ ਵਿਚ ਫਿਰਿਆ ਕਰਨਗੇ।

ਹਕੂਮਤ ਦੀਆਂ ਤਕੜਾਈਆਂ ਤੇ ਗ਼ਦਰੀਆਂ ਦੀਆਂ ਰੰਗੂਨ ਤੇ ਸਰਹੱਦ ਉਤੇ ਕੀਤੀਆਂ ਗਰਿਫਤਾਰੀਆਂ ਦਾ ਇਹਨਾਂ ਗ਼ਦਰੀਆਂ ਨੂੰ ਵੀ ਪਤਾ ਲੱਗਾ। ਭਾਈ ਜੀਉਣ ਸਿੰਘ ਨੂੰ ਬਰਮਾ ਦੇ ਗੰਭੀਰ ਹੋ ਚੁੱਕੇ ਹਾਲਾਤ ਦੀ ਰੀਪੋਰਟ ਦੇਣ ਲਈ ਸਿਆਮ ਭੇਜਿਆ ਗਿਆ। ਭਾਈ ਨਿਰੰਜਣ

---

1. ਸ਼੍ਰੀ ਚੇਤ ਰਾਮ ਦਾ ਬਿਆਨ
2. ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 132, ਹੋਮ (ਪੋਲੀਟੀਕਲ) ਅ. ਜਨਵਰੀ 1916, ਕਰਵਾਈ ਨੰ. 199-200 ਤੇ ਅ. ਨਵੰਬਰ 1915 ਨੰ. 294

ਸਿੰਘ ਤੇ ਭਾਈ ਪਾਲਾ ਸਿੰਘ ਪਜਾਬੋਈ ਚਲੇ ਗਏ। ਏਥੇ ਪੰਡਤ ਸੋਹਣ ਲਾਲ ਪਾਠਕ ਦਾ ਸਕੂਲ ਸਾਥੀ ਸ੍ਰੀ ਕਿਰਪਾ ਰਾਮ ਫੌਜੀਆਂ ਦੇ ਸਕੂਲ ਵਿਚ ਮਾਸਟਰ ਸੀ। ਜੋ ਗ਼ਦਰ ਪਾਰਟੀ ਦਾ ਵਰਕਰ ਬਣ ਚੁੱਕਾ ਸੀ। ਭਾਈ ਕਾਲਾ ਸਿੰਘ ਨਾਇਕ ਤੇ ਭਾਈ ਪਰਤਾਪ ਸਿੰਘ ਮੀਤ ਅਧਿਆਪਕ ਵੀ ਪਾਰਟੀ ਦੇ ਮੈਂਬਰ ਸਨ। ਏਥੇ ਇਹ ਪਾਰਟੀ ਇਕਾਈ ਇਹਨਾਂ ਸਿਆਮੀ ਗ਼ਦਰੀਆਂ ਦਾ ਲਿਆਂਦਾ ਹੋਇਆ ਇਨਕਲਾਬੀ ਸਾਹਿਤ ਵੰਡਦੀ ਤੇ ਸੂਕਲ ਦੇ ਫੌਜੀ ਵਿਦਿਆਰਥੀਆਂ ਵਿਚ ਇਨਕਲਾਬੀ ਪਰਚਾਰ ਕਰਦੀ।

ਪੰਡਤ ਸੋਹਣ ਲਾਲ ਤੇ ਭਾਈ ਨਰਾਇਣ ਸਿੰਘ ਬਲੋ ਮੇਮਿਓ ਦੀ ਛਾਉਣੀ 23 ਨੰਬਰ ਤੋਪਖਾਨੇ ਵਿਚ ਗਏ, ਜਿਥੋਂ ਦੇ ਦੇਸ਼ੀ ਫੌਜੀ ਅਫਸਰਾਂ ਨੇ ਇਹਨਾਂ ਨਾਲ ਪਿਛਲੇ ਦੌਰੇ ਵਿਚ ਹਾਂ ਕੀਤੀ ਹੋਈ ਸੀ। ਉਨ੍ਹਾਂ ਦਾ ਜਮਾਂਦਾਰ ਆਪਣੇ ਤੁਰਪ ਨੂੰ ਲੈਕੇ ਬਾਹਰ ਜੰਗਲ ਵਿਚ ਪਰੇਡ ਕਰਨ ਗਿਆ ਹੋਇਆ ਸੀ। ਇਹ 14 ਅਗਸਤ, 1915 ਦੀ ਗੱਲ ਹੈ। ਪੰਡਤ ਸੋਹਣ ਲਾਲ ਉਸ ਨੂੰ ਬਾਹਰੋਂ ਵਾਪਸ ਆ ਰਹੇ ਛਾਉਣੀ ਤੋਂ ਸੜਕ ਉਤੇ ਮਿਲੇ। ਉਹ ਆਪਣੇ ਤੁਰਪ ਦੀ ਕਮਾਨ ਕਰਦਾ ਆ ਰਿਹਾ ਸੀ। ਪੰਡਤ ਉਸ ਨੇ ਨਾਲ ਤੁਰਦਿਆਂ ਤੁਰਦਿਆਂ ਗੱਲਾਂ ਕੀਤੀ ਗਏ। ਉਹ ਮੀਸਣਾ ਬਣਕੇ ਸੁਣਦਾ ਤੇ ਹਾਂ ਵਿਚ ਹਾਂ ਸੁਟੀ ਗਿਆ। ਜਦ ਛਾਉਣੀ ਦੇ ਲਾਗੇ ਪਹੁੰਚੇ ਤਾਂ ਜਮਾਂਦਾਰ ਨੇ ਪੰਡਤ ਨੂੰ ਅਗਲੇ ਦਿਨ ਫੇਰ ਆਉਣ ਵਾਸਤੇ ਆਖਿਆ ਤੇ ਬਹਾਨਾ ਇਹ ਬਣਾਇਆ, ਕਿ ਉਹ ਰਜਮੈਂਟ ਨੂੰ ਟੋਹਕੇ ਅਗਲੇ ਦਿਨ ਦੱਸੇਗਾ। ਤੁਰਨ ਲਗਿਆਂ ਜਮਾਂਦਾਰ ਨੇ ਪੰਡਤ ਸੋਹਣ ਲਾਲ ਨਾਲ ਹੱਥ ਮਿਲਾਇਆ ਤੇ ਵਿਛੜਨ ਜਫੀ ਪਾਈ। ਜਮਾਂਦਾਰ ਚੰਡਾਲ ਨੇ ਪੰਡਤ ਨੂੰ ਜਫੀ ਵਿਚ ਹੀ ਘੁੱਟ ਲਿਆ ਤੇ ਸਪਾਹੀਆਂ ਨੂੰ ਸੈਨਤ ਮਾਰੀ। ਜਿਨ੍ਹਾਂ ਸਾਰਿਆਂ ਨੇ ਰਲਕੇ ਪੰਡਤ ਦੀਆਂ ਮੁਸ਼ਕਾਂ ਬੰਨ੍ਹ ਲਈਆਂ। ਪੰਡਤ ਪਾਸੋਂ ਦੋ ਭਰੇ ਹੋਏ ਪਿਸਤੌਲ, 270 ਗੋਲੀਆਂ, ਇਨਕਲਾਬੀ ਤੇ ਹੋਰ ਫੌਜੀ ਸਾਮਾਨ ਬਾਰੇ ਕਾਗਜ਼ ਪੱਤਰ ਹੱਥ ਆਏ।[1]

ਦੋ ਦਿਨ ਪਿਛੋਂ ਭਾਈ ਨਰਾਇਣ ਸਿੰਘ ਬਲੋ ਨੂੰ ਇਕ ਪੰਜਾਬੀ ਤੰਦੂਰ ਉਤੋਂ ਗਰਿਫਤਾਰ ਕਰ ਲਿਆ ਗਿਆ। ਇਸ ਤੰਦੂਰ ਤੇ ਉਹ ਦੁਸ਼ਟ ਜਮਾਂਦਾਰ ਪੰਡਤ ਸੋਹਣ ਲਾਲ ਤੇ ਉਸ ਦੇ ਨਾਲ ਦੇ ਗ਼ਦਰੀਆਂ ਨੂੰ ਮਿਲਦਾ ਹੁੰਦਾ ਸੀ। ਜਮਾਂਦਾਰ ਦੀ ਰਿਪੋਰਟ ਉਤੇ ਸੀ.ਆਈ.ਡੀ. ਇਸ ਤੰਦੂਰ ਦੀ ਨਿਗਰਾਨੀ ਕਰ ਰਹੀ ਸੀ, ਜਦ ਭਾਈ ਨਰਾਇਣ ਸਿੰਘ ਏਥੇ ਆਏ ਤਾਂ ਪੁਲਸ ਪੈ ਗਈ। ਭਾਈ ਨਰਾਇਣ ਸਿੰਘ ਦੀ ਗਰਿਫਤਾਰੀ ਸੌਖੀ ਨਹੀਂ ਹੋਈ, ਭਾਈ ਨੇ ਕਈਆਂ ਪੁਲਸੀਆਂ ਨੂੰ ਘਸੁੰਨ ਫੇਰਿਆ, ਪਰ ਘਮਸਾਨ ਵਿਚ ਉਹ ਪਿਸਤੌਲ ਨਹੀਂ ਵਰਤ ਸਕੇ ਤੇ ਬਹੁਤਿਆਂ ਅਗੇ ਪੇਸ਼ ਨਾ ਗਈ।

ਇਹਨਾਂ ਗਰਿਫਤਾਰੀਆਂ ਦੀ ਖ਼ਬਰ ਸੁਣਕੇ ਭਾ: ਨਿਰੰਜਣ ਸਿੰਘ, ਭਾ: ਪਾਲਾ ਸਿੰਘ ਤੇ ਭਾਈ ਲਛਮਣ ਸਿੰਘ ਸਿਆਮ ਨੂੰ ਚਲੇ ਗਏ। ਲਛਮਣ ਸਿੰਘ ਤਾਂ ਰਾਹ ਵਿਚ ਕਾਬੂ ਆ ਗਿਆ। ਬਾਕੀ ਦੋ ਸਿਆਮ ਪੁੱਜ ਗਏ। ਪਰ ਸਿਆਮ ਦੀ ਪੁਲਸ ਨੇ ਬਰਮਾ ਦੀ ਹੱਦ ਵੜਦਿਆਂ ਗਰਿਫਤਾਰ ਕਰਕੇ ਬਰਮਾ ਪੁਲਸ ਦੇ ਹਵਾਲੇ ਕਰ ਦਿਤੇ।[2]

ਇਸ ਤੋਂ ਬਾਅਦ ਸਿਆਮ ਵਿਚ ਵੀ ਗ਼ਦਰੀਆਂ ਦੀਆਂ ਗਰਿਫਤਾਰੀਆਂ ਹੋ ਗਈਆਂ

---

1. ਮਾਂਡਲੇ ਕੇਸ ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 135
2. ਉਤਲਿਖਤ ਮੁਕੱਦਮਾ।

ਤੇ ਗ਼ਦਰੀ ਲੀਡਰਾਂ ਦਾ ਆਸਾਮ ਵਿਚ ਰਹਿਣਾ ਮੁਸ਼ਕਲ ਹੋ ਗਿਆ। ਇਸ ਫੜਾਫੜੀ ਵਿਚੋਂ ਭਾਈ ਸੰਤੋਖ ਸਿੰਘ, ਪੰਡਤ ਆਤਮਾ ਰਾਮ ਜਾਹਮਣ ਤੇ ਸ੍ਰੀ ਸ਼ਿਵਦਿਆਲ ਕਪੂਰ ਘਣੂਪੁਰ ਕਾਲੇ (ਅੰਮਰਿਤਸਰ) ਬਚਕੇ ਨਿਕਲ ਗਏ ਤੇ ਪੈਦਲ ਹੀ ਹਿੰਦ ਚੀਨੀ ਵਿਚ ਹੋ ਕੇ ਸ਼ੰਘਾਈ ਪਹੁੰਚ ਗਏ।[1] ਸਿਆਮ ਦੀ ਸਰਹੱਦ ਤੋਂ ਫੜਿਆਂ ਸਭ ਗ਼ਦਰੀ ਵਰਕਰਾਂ ਤੇ ਲੀਡਰਾਂ ਨੂੰ ਮੋਲਮੀਨ ਦੀ ਜੇਹਲ ਵਿਚ ਰਖਿਆ ਗਿਆ। ਬਾਬੂ ਹਰਨਾਮ ਸਿੰਘ ਸਾਹਰੀ ਤੇ ਭਾਈ ਹਰਦਿੱਤ ਸਿੰਘ ਲੰਮੇ ਨੇ ਬਰ੍ਹਮੇ ਕੈਦੀਆਂ ਨਾਲ ਰਲਕੇ ਜੇਲ੍ਹ ਵਿਚੋਂ ਭੱਜ ਜਾਣ ਦੀ ਸਲਾਹ ਪਕਾਈ। ਬਰ੍ਹਮੀ ਕੈਦੀਆਂ ਦੀ ਸਹਾਇਤਾ ਨਾਲ, ਜੋ ਜੇਲ੍ਹ ਤੋਂ ਬਾਹਰ ਕੰਮ ਕਰਨ ਜਾਂਦੇ ਸਨ, ਕੋਠੀਆਂ ਦੀਆਂ ਸੀਖਾਂ ਕੱਟਣ ਦਾ ਪਰਬੰਧ ਕਰ ਲਿਆ ਤੇ ਇਕ ਰਾਤ ਬਾਬੂ ਹਰਨਾਮ ਸਿੰਘ, ਭਾਈ ਹਰਦਿੱਤ ਸਿੰਘ ਲੰਮੇ ਤੇ ਭਾਈ ਆਤਮਾ ਸਿੰਘ ਸੀਖਾਂ ਕੱਟਕੇ ਜੇਲ੍ਹ ਦੀਆਂ ਕੰਧਾਂ ਟੱਪ ਗਏ। ਮੀਂਹ ਪੈ ਰਿਹਾ ਸੀ, ਜੇਹਲੋਂ ਨਿਕਲਕੇ ਉਹ ਇਕ ਪੈਗੋਡੇ (ਬਰ੍ਹਮੀ ਮੰਦਰ) ਦੇ ਪੂੰਘੀ ਨੂੰ ਮਿਲੇ। ਪੂੰਘੀ ਨੇ ਉਹਨਾਂ ਨੂੰ ਅੰਨ ਪਾਣੀ ਖਵਾਇਆ ਤੇ ਜੰਗਲ ਵਿਚ ਜਾ ਲੁਕਾਇਆ। ਜਿਥੇ ਉਹ ਕਈ ਦਿਨ ਰਹੇ ਤੇ ਪੂੰਘੀ ਉਹਨਾਂ ਦੇ ਅੰਨਪਾਣੀ ਦਾ ਬੰਦੋਬਸਤ ਕਰਦਾ ਰਹਾ। ਜਦ ਠੰਡ ਠਰੱਮਾ ਹੋ ਗਿਆ ਮਲੂਮ ਹੋਇਆ ਤਾਂ ਉਹ ਸਿਆਮ ਦੀ ਹੱਦ ਨੂੰ ਤੁਰ ਪਏ। ਅਗੇ ਮੋਲਮੀਨ ਦਾ ਦਰਿਆ ਆ ਗਿਆ। ਜਦ ਦਰਿਆ ਪਾਰ ਕਰਨ ਲਈ ਕਿਸ਼ਤੀ ਵਿਚ ਸਵਾਰ ਹੋਕੇ ਠਿਲ੍ਹ ਪਏ ਤਾਂ ਇਕ ਦਮ ਪੁਲਸ ਦੀ ਸ਼ਸਤਰਧਰੀ ਕਿਸ਼ਤੀ ਨੇ ਆ ਘੇਰਿਆ, ਜੋ ਅਗੇ ਹੀ ਇਸ ਤਾਕ ਵਿਚ ਲੁਕੀ ਉਡੀਕ ਰਹੀ ਸੀ। ਉਹ ਤਿੰਨੇ ਫੇਰ ਗਰਿਫਤਾਰ ਕਰ ਲਏ ਗਏ।[2]

ਪੰਡਤ ਸੋਹਣ ਲਾਲ ਪਾਠਕ ਉਤੇ ਮਾਂਡਲੇ ਦੇ ਸੈਸ਼ਨ ਜੱਜ ਦੀ ਅਦਾਲਤ ਵਿਚ ਦਸੰਬਰ 1915 ਨੂੰ ਮੁਕੱਦਮਾ ਪੇਸ਼ ਕੀਤਾ ਗਿਆ ਕਿ ਉਸ ਨੇ ਬਾਦਸ਼ਾਹ ਦੇ ਖਿਲਾਫ ਬਗਾਵਤ ਕੀਤੀ ਹੈ ਤੇ ਬਾਦਸ਼ਾਹ ਦੀਆਂ ਫੌਜਾਂ ਨੂੰ ਬਗ਼ਾਵਤ ਵਾਸਤੇ ਸੀਖਿਆ ਹੈ। ਉਹਨਾਂ ਨੂੰ 10 ਫਰਵਰੀ, 1916 ਨੂੰ ਮਾਂਡਲੇ ਜੇਹਲ ਵਿਚ ਫਾਂਸੀ ਚਾਹੜਕੇ ਸ਼ਹੀਦ ਕਰ ਦਿਤਾ ਗਿਆ।[3]

ਇਸ ਤੋਂ ਬਾਅਦ ਬਰਮਾ ਵਿਚ ਦੋ ਹੋਰ ਮੁਕੱਦਮੇ ਚੱਲੇ, ਜੋ ਮਾਂਡਲੇ ਸਾਜ਼ਿਸ਼ ਕੇਸਾਂ ਦੇ ਨਾਂ ਤੇ ਮਸ਼ਹੂਰ ਹਨ। ਇਹ ਮੁਕੱਦਮੇ ਲਾਹੌਰ ਵਾਂਗੂੰ ਹੀ "ਹਿੰਦ ਰਖਸ਼ਾ" ਕਾਨੂੰਨ ਹੇਠ ਵਿਸ਼ੇਸ਼ ਅਦਾਲਤ ਮੁਕਰਰ ਕਰਕੇ ਚਲਾਏ ਗਏ। ਪਹਿਲੇ ਕੇਸ ਵਿਚ ਬਾਬੂ ਹਰਨਾਮ ਸਿੰਘ ਸਾਹਰੀ, ਸ੍ਰੀ ਚਾਲੀਆ ਰਾਮ ਸਾਹਨੇਵਾਲ (ਲੁਧਿਆਣਾ), ਭਾਈ ਬਸਾਵਾ ਸਿੰਘ ਬਾੜਾ ਜ਼ਿਲਾ ਹੁਸ਼ਿਆਰਪੁਰ, ਭਾਈ ਨਰਾਇਣ ਸਿੰਘ ਬਲੋ ਰਿਆਸਤ ਪਟਿਆਲਾ, ਭਾਈ ਨਰਿੰਜਣ ਸਿੰਘ ਸੁੰਗਤਪੁਰਾ ਤੇ ਭਾਈ ਪਾਲਾ ਸਿੰਘ ਸ਼ੇਰਪੁਰ ਜ਼ਿਲਾ ਲੁਧਿਆਣਾ ਨੂੰ ਫਾਂਸੀ ਦੇਕੇ ਸ਼ਹੀਦ ਕੀਤਾ ਗਿਆ। ਸ੍ਰੀ ਕਿਰਪਾ ਰਾਮ ਮਾਂਗਟ ਜ਼ਿਲਾ ਗੁਜਰਾਤ ਨੂੰ ਸਜ਼ਾ ਤਾਂ ਮੌਤ ਦੀ ਹੋਈ, ਪਰ ਪਿਛੋਂ ਕਾਲੇ ਪਾਣੀ ਦੀ ਸਜ਼ਾ ਵਿਚ ਬਦਲ ਦਿਤੀ ਗਈ। ਇਹਨਾਂ ਤੋਂ ਇਲਾਵਾ ਸ੍ਰੀ ਚੇਤ ਰਾਮ ਵੈਰੋਵਾਲ (ਸਿਆਲਕੋਟ), ਭਾਈ ਜੀਵਨ ਸਿੰਘ ਫੇਲੋਕੇ (ਗੁਜਰਾਂਵਾਲਾ), ਭਾਈ ਕਪੂਰ ਸਿੰਘ ਮੋਹੀ (ਲੁਧਿਆਣਾ), ਭਾਈ ਹਰਦਿੱਤ ਸਿੰਘ ਲੰਮੇ ਜਟਪੁਰਾ (ਲੁਧਿਆਣਾ) ਤੇ ਭਾਈ ਬੁੱਢਾ ਸਿੰਘ ਫੇਲੋਕੇ (ਗੁਜਰਾਂਵਾਲਾ) ਨੂੰ ਉਮਰ ਕੈਦ ਕਾਲਾ ਪਾਣੀ ਤੇ ਘਰ ਘਾਟ ਜ਼ਬਤੀ ਦੀ ਅਤੇ ਸ੍ਰੀ ਗਿਆਨ ਚੰਦ ਪਿੰਡ ਮੋਗੀ ਮਰਲ (ਲਾਹੌਰ) ਨੂੰ ਸੱਤ

---

1. ਉਤਲਿਖਤ 'ਗ਼ਦਰ ਢੰਡੋਰਾ' ਸ਼ੰਘਾਈ ਤੇ 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 133-134
2. ਭਾਈ ਹਰਦਿੱਤ ਸਿੰਘ ਲੰਮੇ ਦਾ ਬਿਆਨ
3. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 135 ਤੇ ਬਾਬੂ ਅਮਰ ਸਿੰਘ ਦਾ ਬਿਆਨ

ਸਾਲ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ[1] ਅਤੇ ਅਮਰੀਕਨ ਮਿਸਟਰ ਚਾਰਲਸ ਵ.ਐਨ: ਨੂੰ ਦੇਸ਼ ਬਦਰ ਕਰਕੇ ਅਮਰੀਕਾ ਵਾਪਸ ਕਰ ਦਿਤਾ ਗਿਆ।

ਦੂਸਰੇ ਮੁਕੱਦਮੇ ਵਿਚ ਸ੍ਰੀ ਮੁਜਤਬਾ ਹੁਸੈਨ ਜੌਨਪੁਰ, ਯੂ:ਪੀ:, ਬਾਬੂ ਅਮਰ ਸਿੰਘ ਐਨਜੀਨੀਅਰ ਸ਼ੇਰਪੁਰ (ਲੁਧਿਆਣਾ) ਤੇ ਸ੍ਰੀ ਅਲੀ ਅਹਿਮਦ ਸਦੀਕੀ, ਸ਼ਾਹਜ਼ਾਦਪੁਰ (ਫੈਜ਼ਾਬਾਦ) ਯੂ: ਪੀ: ਨੂੰ ਮੌਤ ਦੀਆਂ ਸਜ਼ਾਵਾਂ ਦਿਤੀਆਂ ਗਈਆਂ ਸਨ, ਜੋ ਪਿਛੋਂ ਉਮਰ ਕੈਦ ਵਿਚ ਬਦਲ ਦਿਤੀਆਂ ਗਈਆਂ। ਸ੍ਰੀ ਰਾਮ ਰਖਾ ਸਸੋਲੀ ਜ਼ਿਲਾ ਹੁਸ਼ਿਆਰਪੁਰ ਨੂੰ ਉਮਰ ਕੈਦ ਕਾਲੇ ਪਾਣੀ ਤੇ ਘਰ ਘਾਟ ਜ਼ਬਤੀ ਦੀ ਸਜ਼ਾ ਦਿਤੀ ਗਈ।[2]

ਬਰਮਾ ਦੀ ਮੁਹਿੰਮ ਬਿਨਾਂ ਕੁਝ ਕੀਤਿਆਂ ਹੀ ਫੇਲ੍ਹ ਹੋ ਗਈ। ਅੰਗਰੇਜ਼ੀ ਸਾਮਰਾਜ ਨੇ ਹਿੰਦ ਦੀ ਆਜ਼ਾਦੀ ਦੀ ਇਨਕਲਾਬੀ ਲਹਿਰ ਨਾਲ ਜੋ ਬਦਤਰੀਨ ਕਿਸਮ ਦਾ ਦੁਸ਼ਮਣੀ ਤੇ ਈਰਖਾ ਭਰਿਆ ਸਲੂਕ ਕੀਤਾ, ਉਸ ਦਾ ਸਬੂਤ ਇਹਨਾਂ ਗ਼ਦਰੀਆਂ ਨਾਲ ਵਤੀਰੇ ਤੋਂ ਮਿਲਦਾ ਹੈ। ਬਰਮਾ ਦੇ ਗ਼ਦਰੀਆਂ ਵਿਚੋਂ ਕਿਸੇ ਨੇ ਵੀ ਕੋਈ ਕਤਲ ਜਾਂ ਡਾਕੇ ਦੀ ਵਾਰਦਾਤ ਨਹੀਂ ਕੀਤੀ। ਫੇਰ ਵੀ ਇਹਨਾਂ ਸੋਲਾਂ ਵਿਚੋਂ ਛੇਆਂ ਗ਼ਦਰੀਆਂ ਨੂੰ ਫਾਂਸੀ ਚਾਹੜਕੇ ਕਤਲ ਕਰ ਦਿਤਾ ਗਿਆ। ਬਾਕੀ ਦਿਆਂ ਨੌਆਂ ਨੂੰ ਉਮਰ ਕੈਦ ਤੇ ਇਕ ਨੂੰ ਸੱਤ ਸਾਲ ਦੀ ਸਜ਼ਾ ਦਿਤੀ। ਇਥੇ ਲਾਰਡ ਹਾਰਡਿੰਗ ਨੂੰ ਉਹ ਕਾਨੂੰਨੀ ਕਚਿਆਈ ਵੀ ਨਜ਼ਰ ਨਾ ਆਈ, ਜੋ ਲਾਹੌਰ ਸਾਜ਼ਿਸ਼ ਦੇ ਪਹਿਲੇ ਮੁਕੱਦਮੇ ਵਿਚ ਆਈ ਸੀ। ਸਾਮਰਾਜ ਨੇ ਸਾਡੇ ਦੇਸ਼ ਭਗਤ ਸੂਰਮਿਆਂ ਦੇ ਲਹੂ ਦੇ ਖਪਰ ਭਰ ਭਰ ਪੀਤੇ ਤੇ ਹਿੰਦ ਦੀ ਆਜ਼ਾਦੀ ਦੀ ਲਹਿਰ ਵਿਰੁੱਧ ਆਪਣੇ ਕਹਿਰ ਦੀ ਅੱਗ ਨੂੰ ਵਧੇਰੇ ਤੇਜ਼ ਕੀਤਾ।

ਭਾਈ ਭਗਵਾਨ ਸਿੰਘ ਗ਼ਦਰ ਪਾਰਟੀ ਦੇ ਦੂਜੇ ਪ੍ਰਧਾਨ ਨੇ ਆਪਣੇ ਜ਼ੁਮੇ ਲੱਗੀ ਡਿਊਟੀ ਨਿਭਾਉਣ ਲਈ ਜਾਪਾਨ, ਮਨੀਲਾ, ਚੀਨੀ ਸਮੁੰਦਰ ਕੰਢੇ ਦੇ ਸ਼ਹਿਰਾਂ ਤੇ ਪਨਾਮਾ ਆਦਿ ਦਾ ਦੌਰਾ ਕਰਕੇ ਹਿੰਦੀਆਂ ਵਿਚ ਗ਼ਦਰ ਪਾਰਟੀ ਦਾ ਪਰਚਾਰ ਕੀਤਾ, ਪਾਰਟੀ ਵਾਸਤੇ ਫੰਡ ਮੰਗਿਆ ਤੇ ਬਰਮਾ ਦੇ ਮੋਰਚੇ ਨੂੰ ਹਥਿਆਰ ਤੇ ਫੰਡ ਪੁਚਾਉਣ ਦੀ ਕੋਸ਼ਿਸ਼ ਕੀਤੀ। ਇਹਨਾਂ ਦੇ ਪਰਚਾਰ ਨਾਲ ਇਹਨਾਂ ਥਾਵਾਂ ਤੋਂ ਅਨੇਕਾਂ ਹਿੰਦੀ ਇਨਕਲਾਬੀ ਲਹਿਰ ਵਿਚ ਹਿੱਸਾ ਲੈਣ ਲਈ ਪੰਜਾਬ ਗਏ। ਅੰਗਰੇਜ਼ ਸਰਕਾਰ ਨੂੰ ਇਹਨਾਂ ਦੇ ਦੌਰੇ ਦਾ ਪਤਾ ਲੱਗ ਚੁੱਕਾ ਸੀ, ਉਸ ਨੇ ਇਹਨਾਂ ਨੂੰ ਫੜਨ ਲਈ ਫਿਲਪਾਈਨ ਦੇ ਅਮਰੀਕਨ ਗਵਰਨਰ ਉਤੇ ਜ਼ੋਰ ਪਾਕੇ ਆਪਣੇ ਨਾਲ ਰਲਾ ਲਿਆ। ਜਾਪਾਨ ਦੀ ਹਕੂਮਤ ਨੂੰ ਸਿਫਾਰਤੀ ਤੱਦੀਆਂ ਦਿਤੀਆਂ, ਸ਼ੰਘਾਈ, ਕੈਂਨਟਨ ਟੇਂਟਸਨ ਵਿਚ ਅੰਗਰੇਜ਼ੀ ਪੁਲਸ ਨੂੰ ਮਗਰ ਪਾਈ ਰਖਿਆ। ਪਾਨਾਮਾ ਵਿਚੋਂ ਦੇਸ਼ ਬਦਰ ਕਰਵਾਕੇ ਗਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਅੰਗਰੇਜ਼ੀ ਸਾਮਰਾਜ ਦੇ ਸਭ ਜਤਨ ਅਕਾਰਥ ਗਏ ਤੇ ਭਾਈ ਭਗਵਾਨ ਸਿੰਘ ਅਕਤੂਬਰ 1916 ਨੂੰ ਸਹੀ ਸਲਾਮਤ ਅਮਰੀਕਾ ਪਹੁੰਚ ਗਏ।[3]

---

1. ਉਤਲਿਖਤ
2. ਉਤਲਿਖਤ
3. ਹੋਮ (ਪੋਲੀਟੀਕਲ), ਅਕਤੂਬਰ 1915 ਕਾਰਵਾਈ ਨੰ. 206-38 ਅ; ਨਵੰਬਰ ਨੰ. 65-66 ਅ; ਜਨਵਰੀ 1916, ਨੰ. 132-134 ਅ; ਮਾਰਚ ਨੰ. 571-572 ਅਤੇ ਨੰ. 273-274 ਅ; ਮਈ ਨੰ. 365-66 ਅ; ਅਗਸਤ, ਨੰ. 6 ਅ; ਨੰ. 419 ਅ; ਨੰ. 35 ਦਾਖ਼ਲ ਦਫਤਰ; ਸਤੰਬਰ ਨੰ. 78-80 ਅ

## ਬਾਰ੍ਹਵਾਂ ਕਾਂਡ

# ਜਰਮਨਾਂ ਤੋਂ ਸਹਾਇਤਾ ਲੈਕੇ

## ਨਵੀਂ ਲੀਡਰਸ਼ਿਪ

ਗ਼ਦਰ ਪਾਰਟੀ ਦੇ ਮੋਢੀ ਲੀਡਰਾਂ ਨੇ ਆਪਣੇ ਇਨਕਲਾਬੀ ਕੰਮਾਂ ਉਤੇ ਜਾਣ ਤੋਂ ਪਹਿਲਾਂ ਪਿਛਲੇ ਕੰਮ ਨੂੰ ਚਲਦਾ ਰਖਣ ਲਈ ਪੂਰਾ ਇੰਤਜ਼ਾਮ ਕੀਤਾ। ਵਰਕਰਾਂ ਦੀ ਕੋਈ ਘਾਟ ਨਹੀਂ ਸੀ। ਬਾਹਰ ਦੇਸ਼ ਨੂੰ ਜਾ ਰਹੇ ਵਰਕਰਾਂ ਦੀ ਥਾਂ ਨਵੇਂ ਵਰਕਰ ਆ ਜਾਂਦੇ ਰਹੇ। ਥੋੜੇ ਚਿਰ ਵਿਚ ਹੀ ਸਵਾਏ ਰਾਮ ਚੰਦ ਤੇ ਇਕ ਦੋ ਹੋਰਨਾਂ ਦੇ ਬਾਕੀ ਸਾਰੇ ਨਵੇਂ ਵਰਕਰ ਤੇ ਕਾਮੇ ਯੁਗਾਂਤਰ ਆਸ਼ਰਮ ਵਿਚ ਆ ਗਏ। ਇਹਨਾਂ ਦੇ ਆਉਣ ਨਾਲ ਪਾਰਟੀ ਦਾ ਨਵਾਂ ਰੂਪ ਇਹ ਸੀ:—

1. ਭਾਈ ਭਗਵਾਨ ਸਿੰਘ, ਪਰਧਾਨ।
2. ਭਾਈ ਸੰਤੋਖ ਸਿੰਘ, ਜਨਰਲ ਸਕੱਤਰ।
3. ਸ੍ਰੀ ਮੁਨਸ਼ੀ ਰਾਮ, ਖਜ਼ਾਨਚੀ।
4. ਸ੍ਰੀ ਰਾਮ ਚੰਦ ਪਸ਼ਾਵਰੀਆ, ਅਖ਼ਬਾਰ ਦਾ ਇਨਚਾਰਜ।
5. ਸ੍ਰੀ ਗੋਬਿੰਦ ਬਿਹਾਰੀ ਲਾਲ, ਐਡੀਟਰ।
6. ਸ੍ਰੀ ਗੋਧਾਰਾਮ, ਉਰਦੂ ਐਡੀਟਰ।
7. ਸ੍ਰੀ ਗੋਪਾਲ ਸਿੰਘ ਸੋਹੀ, ਪੰਜਾਬੀ ਐਡੀਟਰ।
8. ਸ੍ਰੀ ਹਰੀ ਸਿੰਘ (ਫਕੀਰ), ਸਹਾਇਕ ਐਡੀਟਰ।
9. ਸ੍ਰੀ ਸੁੰਦਰ ਸਿੰਘ ਘਾਲੀ, ਦਫਤਰ ਸਕੱਤਰ।
10. ਸ੍ਰੀ ਰਾਮ ਸਿੰਘ ਧੁਲੇਤਾ, ਕੈਨੇਡਾ ਵਲੋਂ ਸਟਾਫ ਮੈਂਬਰ।
11. ਸ੍ਰੀ ਮਹਾਂਦੇਵ ਅਬੋਜ ਨੰਦਰੇਕਾਰ, ਸਟਾਫ ਮੈਂਬਰ।
12. ਸ੍ਰੀ ਅਮਾਮਦੀਨ ਸਟਾਫ ਮੈਂਬਰ।
13. ਸ੍ਰੀ ਨਿਧਾਨ ਸਿੰਘ ਮਹੇਸਰੀ ਸਟਾਫ ਮੈਂਬਰ।
14. ਸ੍ਰੀ ਬਿਸ਼ਨ ਸਿੰਘ ਹਿੰਦੀ ਸਦਾ ਸਿੰਘ ਵਾਲਾ, ਸਟਾਫ ਮੈਂਬਰ।

ਪਿਛਲੇ ਦੋਵੇਂ ਪਨਾਮਾ ਦੀ ਗ਼ਦਰ ਪਾਰਟੀ ਇਕਾਈ ਵੱਲੋਂ ਆਏ ਸਟਾਫ ਮੈਂਬਰ ਸਨ।[1] ਸ੍ਰੀ ਰਾਮਚੰਦ ਕੈਰੋਂ ਕਾਤਬ ਦਾ ਕੰਮ ਕਰਦੇ ਸਨ।[2] ਓਦੋਂ ਛਪਾਈ ਲਿਥੋ ਮਸ਼ੀਨ ਉਤੇ ਹੋਣ ਕਰਕੇ ਸਭ ਲਿਖਾਈ ਹੀ ਕਰਨੀ ਪੈਂਦੀ ਸੀ।

ਪਾਰਟੀ ਦੇ ਕੰਮ ਨੂੰ ਚਲਦਿਆਂ ਕਰਕੇ ਭਾਈ ਭਗਵਾਨ ਸਿੰਘ ਪਰਧਾਨ ਤੇ ਭਾਈ ਸੰਤੋਖ ਸਿੰਘ ਜਨਰਲ ਸਕੱਤਰ ਰਾਮ ਚੰਦ ਪਸ਼ਾਵਰੀਏ ਨੂੰ ਸਭ ਕੁਝ ਸੌਂਪਕੇ ਏਸ਼ੀਆਈ ਟਾਪੂਆਂ ਨੂੰ ਆਪਣੇ ਕੰਮਾਂ ਉਤੇ ਚਲੇ ਗਏ। 'ਗ਼ਦਰ' ਅਖ਼ਬਾਰ ਦੀ ਵੰਡਾਈ ਦਾ ਘੋਲ ਬਾਹਲਾ ਇਹਨਾਂ ਵਰਕਰਾਂ ਨੇ ਹੀ ਘੁਲਿਆ। ਲਹਿਰ ਦੇ ਫੈਲਾਅ ਨੇ ਅਖ਼ਬਾਰ ਦੀ ਮੰਗ ਨੂੰ ਬੇਅੰਤ ਵਧਾ ਦਿਤਾ।

---

1. 'ਸਾਨਫਰਾਂਸਿਸਕੋ ਕਰਾਨੀਕਲ', 23 ਨਵੰਬਰ 1917
2. ਸ਼੍ਰੀ ਸੁੰਦਰ ਸਿੰਘ ਘਾਲੀ ਦਾ ਬਿਆਨ

ਅਖ਼ਬਾਰ ਉਰਦੂ ਤੇ ਗੁਰਮੁਖੀ ਤੋਂ ਵਧਕੇ, ਹਿੰਦੀ, ਬੰਗਾਲੀ, ਗੁਜਰਾਤੀ, ਪਸ਼ਤੋ ਤੇ ਨੇਪਾਲੀ ਵਿਚ ਛਪਣ ਲੱਗ ਪਿਆ। 1916 ਵਿਚ ਇਹ ਅਖ਼ਬਾਰ ਹਫਤੇ ਦਾ ਦਸ ਲਖ ਛਪਦਾ ਸੀ।

ਪਰਚੇ ਦੀ ਇਸ ਕਾਮਯਾਬੀ ਉਤੇ ਅੰਗਰੇਜ਼ ਸਾਮਰਾਜੀ ਹਾਕਮ ਬਹੁਤ ਜਿੱਚ ਹੋਏ ਤੇ ਉਹਨਾਂ ਨੇ ਰਾਜਦੂਤੀ ਲੂਤੀਆਂ ਲਾਕੇ 'ਗ਼ਦਰ' ਦਾ ਅਮਰੀਕਨ ਡਾਕਖਾਨਿਆਂ ਵਿਚ ਲਿਆ ਜਾਣਾ ਬੰਦ ਕਰਵਾ ਦਿਤਾ। ਪਰ ਫੇਰ ਵੀ ਇਹ ਕਈਆਂ ਰਾਹਾਂ ਤੋਂ ਫਰਾਂਸ ਤੇ ਮੈਸੋਪੋਟਾਮੀਆ ਵਿਚ ਲੜ ਰਹੀਆਂ ਹਿੰਦੀ ਫੌਜਾਂ ਵਿਚ ਪਹੁੰਚ ਹੀ ਜਾਂਦਾ ਰਿਹਾ। ਲੰਡਨ 'ਟਾਈਮਜ਼' ਦੇ ਛਾਪੇ ਹੋਏ, 'ਜੰਗ ਦੇ ਇਤਿਹਾਸ' ਦੇ ਲਿਖਾਰੀ ਨੇ ਇਸ ਪਰਚੇ ਦੀ ਵੰਡ ਬਾਰੇ ਬਹੁਤ ਹੀ ਕਰੋਧਵਾਨ ਹੋ ਕੇ ਲਿਖਿਆ ਹੈ:—

"ਅੱਗ ਲਾਊ 'ਗ਼ਦਰ' ਅਖ਼ਬਾਰ ਦੇ ਪਤਰੇ ਗੜਿਆਂ ਵਾਂਗ ਅਸਮਾਨੋ ਡਿਗਦੇ ਸਨ .......

ਇਸ ਜ਼ਹਿਰੀਲੇ ਪਰਚੇ ਦੇ ਲੇਖਕ ਚਿਰੋਕਣੇ ਹੀ ਪੰਜਾਬੀ ਫੌਜਾਂ ਵਿਚ ਬਗ਼ਾਵਤ ਬੀਜਣ ਵਿਚ ਲੱਗੇ ਹੋਏ ਸਨ.....ਇਹ ਪਰਚੇ ਸਾਡੀਆਂ ਫੌਜਾਂ ਵਿੱਚ ਮੀਂਹ ਦੀ ਤਰ੍ਹਾਂ ਵਰ੍ਹ ਰਹੇ ਸਨ, ਜਿਨ੍ਹਾਂ ਵਿਚ ਉਹਨਾਂ (ਫੌਜੀਆਂ) ਨੂੰ ਹਿੰਦੁਸਤਾਨ ਵਿਚ ਬਗ਼ਾਵਤ ਕਰਨ ਵਾਸਤੇ ਆਖਿਆ ਹੁੰਦਾ ਸੀ।[1]"

ਇਸ ਵੰਡਾਈ ਵਾਸਤੇ 'ਗ਼ਦਰ' ਬਾਹਲਾ ਚੀਨ ਤੋਂ ਰੂਸ ਤੇ ਰੂਸ ਤੋਂ ਈਰਾਨ ਆਉਂਦਾ ਸੀ, ਜਿਥੋਂ ਅਗਾਂਹ ਫੌਜਾਂ ਵਿਚ ਪਹੁੰਚਦਾ ਸੀ। ਇਸਫਹਾਨ ਵਿਚ ਡਾਕਟਰ ਅਸਦੁਲਾ ਇਸ ਦੀ ਵੰਡ ਦਾ ਇੰਤਜ਼ਾਮ ਕਰਦੇ ਸਨ।[2] ਇਹ ਕੰਮ ਚੀਨੀ ਤੇ ਰੂਸੀ ਇਨਕਲਾਬੀਆਂ ਦੀ ਸਹਾਇਤਾ ਤੇ ਮਿਲਵਰਤਨ ਨਾਲ ਹੁੰਦਾ ਸੀ।

ਅੰਗਰੇਜ਼ ਸਾਮਰਾਜੀਆਂ ਨੇ ਅਮਰੀਕਨ ਹਕੂਮਤ ਤੇ ਲੋਕ ਰਾਏ ਨੂੰ ਗ਼ਦਰ ਪਾਰਟੀ ਦੇ ਵਿਰੁੱਧ ਭਰਮਾਉਣ ਦਾ ਬੜਾ ਚਾਰਾ ਕੀਤਾ। ਅਮਰੀਕਨ ਅਖ਼ਬਾਰਾਂ ਵਿਚ ਪਾਰਟੀ ਵਿਰੁਧ ਬਹੁਤ ਟਪਲੇ ਪਾਊ ਪਰਾਪੇਗੰਡਾ ਸ਼ੁਰੂ ਕੀਤਾ। ਪਾਰਟੀ ਤੇ ਕਾਤਲ, ਡਾਕੂ ਤੇ ਸਭਯਤਾ ਦੀ ਵੈਰਨ ਹੋਣ ਦੇ ਇਲਜ਼ਾਮ ਲਾਏ। ਇਸ ਵਿਚਾਰਧਾਰਕ ਸਾਮਰਾਜੀ ਹਮਲੇ ਵਿਰੁਧ ਪਾਰਟੀ ਨੇ ਡਟਕੇ ਘੋਲ ਕੀਤਾ। ਅਮਰੀਕਨ ਅਖ਼ਬਾਰਾਂ ਵਿਚ ਨਿਰਾ ਅੰਗਰੇਜ਼ੀ ਦੂਸ਼ਨਾਂ ਤੇ ਤੋਹਮਤਾਂ ਦਾ ਹੀ ਜਵਾਬ ਨਹੀਂ ਦਿਤਾ, ਸਗੋਂ ਆਪਣੀ ਆਜ਼ਾਦੀ ਦੀ ਜੰਗ ਲਈ ਹਥਿਆਰ ਉਠਾਉਣ ਨੂੰ ਇਤਿਹਾਸਕ ਲੋੜ ਦਸਿਆ ਤੇ ਅੰਗਰੇਜ਼ੀ ਪਾਰਪੇਗੰਡੇ ਨੂੰ ਮਾਤ ਪਾਇਆ। ਇਸ ਸਿਲਸਿਲੇ ਵਿਚ ਸ੍ਰੀ ਗੋਬਿੰਦ ਬਿਹਾਰੀ ਲਾਲ ਦਾ ਕੰਮ ਸ਼ਲਾਘਾਯੋਗ ਸੀ।[3]

ਪਰਾਟੀ ਨੇ 31 ਮਾਰਚ, 1916 ਨੂੰ ਸਾਨਫਰਾਂਸਿਸਕੋ ਸ਼ਹਿਰ ਵਿਚ ਵੁਡ ਸਟਰੀਟ ਵਿਚ ਦੋ ਕਿਲੇ ਜ਼ਮੀਨ ਖ਼ਰੀਦਕੇ ਤਿੰਨ ਮਨਜ਼ਲੀ ਬਿਲਡਿੰਗ ਬਣਾਈ ਤੇ ਇਸ ਵਿਚ ਅਖ਼ਬਾਰ ਤੇ ਪਾਰਟੀ ਦਾ ਦਫ਼ਤਰ ਇਕੱਠਾ ਕਰਕੇ ਇਸ ਨੂੰ ਆਪਣਾ ਹੈਡਕਵਾਰਟਰ ਬਣਾਇਆ ਜੋ ਅੱਜ ਤਕ 5, ਵੁਡ ਸਟਰੀਟ ਦੇ ਨਾਂ ਨਾਲ ਪਰਸਿੱਧ ਹੈ ਤੇ ਸਾਨਫਰਾਂਸਿਸਕੋ ਵਿਚ ਇਕ ਇਤਿਹਾਸਕ ਯਾਦਗਾਰੀ ਸਥਾਨ ਹੈ। ਪਾਰਟੀ ਨੇ ਅਮਰੀਕਨ ਕਾਨੂੰਨ ਦੀ ਲੋੜ ਪੂਰੀ ਕਰਨ ਵਾਸਤੇ 22 ਜਨਵਰੀ

---

1. 'ਕੈਲੇਫੋਰਨੀਆ ਵਿੱਚ ਹਿੰਦੀ ਇਨਕਲਾਬੀ'
2. ਹੋਮ (ਪੋਲੀਟੀਕਲ) ਅ. ਅਕਤੂਬਰ 1916 ਕਾਰਵਾਈ ਨੰ. 29. ਬਦੇਸ਼ੀ ਤੇ ਪੋਲੀਟੀਕਲ (ਜੰਗ) ਅਪਰੈਲ 1915 ਕਾਰਵਾਈ ਨੰ. 383–87 ਅ.
3. 'ਕੈਲੇਫੋਰਨੀਆ ਵਿੱਚ ਹਿੰਦੀ ਇਨਕਲਾਬੀ'

1917 ਨੂੰ ਆਪਣੇ ਆਪ ਨੂੰ 'ਹਿੰਦੁਸਤਾਨ ਗ਼ਦਰ ਪਾਰਟੀ' ਦੇ ਨਾਂ ਉਤੇ ਰਜਿਸਟਰ ਕਰਵਾਇਆ ਤੇ ਅਖ਼ਬਾਰ ਦਾ ਨਾਂ ਵੀ 'ਹਿੰਦੁਸਤਾਨ ਗ਼ਦਰ' ਰਖ ਲਿਆ।[1]

## ਜਰਮਨ ਸਕੀਮ

ਪੰਜਾਬ ਤੇ ਬਰਮਾ ਦੀਆਂ ਮੁਹਿੰਮਾਂ ਤੱਕ ਗ਼ਦਰ ਲਹਿਰ ਖ਼ੁਦ ਬਖ਼ੁਦ ਆਪਣੇ ਉਦਮ ਉਤੇ ਯੋਰਪ ਦੀ ਜੰਗ ਵਿਚ ਅੰਗਰੇਜ਼ਾਂ ਦੇ ਖ਼ਿਲਾਫ ਲੜ ਰਹੇ ਜਰਮਨ ਤੇ ਤੁਰਕੀ ਦੀ ਮਦਦ ਤੋਂ ਬਿਨਾਂ ਹੀ ਉਠੀ ਤੇ ਚੱਲੀ। ਪਾਰਟੀ ਨੇ ਇਸ ਜੰਗ ਨਾਲ ਬਰਤਾਨਵੀ ਸਾਮਰਾਜ ਦੀ ਫਸੀ ਹੋਈ ਜਿੰਦ ਦੀ ਪੋਜ਼ੀਸ਼ਨ ਤੋਂ ਤਾਂ ਫਾਇਦਾ ਉਠਾਇਆ ਪਰ ਅੰਗਰੇਜ਼ਾਂ ਦੇ ਦੁਸ਼ਮਣ ਜਰਮਨਾਂ ਨਾਲ ਗਾਂਢਾਂ ਗੰਢਕੇ ਲਹਿਰ ਨੂੰ ਨਹੀਂ ਚਲਾਇਆ। ਇਸ ਨੂੰ ਸਾਮਰਾਜੀ ਆਪ ਵੀ ਮੰਨਦੇ ਹਨ।[2] ਹਾਂ ਕਿਸੇ ਜਰਮਨ ਕੌਂਸਲ ਪਾਸੋਂ ਐਮਡਨ ਜਹਾਜ਼ ਤੋਂ ਗ਼ਦਰੀ ਮੁਸਾਫਰਾਂ ਦੇ ਲੱਦੇ ਜਹਾਜ਼ਾਂ ਨੂੰ ਬਚਾਉਣ ਲਈ ਕੋਈ ਗੱਲ ਹੋ ਗਈ ਜਾਂ ਕਿਸੇ ਕੰਮ ਵਿਚ ਥੋੜੀ ਬਹੁਤ ਸਹਾਇਤਾ ਲੈ ਲਈ ਹੋਵੇ ਤਾਂ ਵੱਖਰੀ ਗੱਲ ਹੈ। ਜਰਮਨਾਂ ਦਾ ਪਾਰਟੀ ਦੀ ਪਾਲਸੀ ਉਲੀਕਨ, ਪਰੋਗਰਾਮ ਘੜਨ ਜਾਂ ਕੰਮ ਚਲਾਉਣ ਵਿਚ ਉੱਕਾ ਕੋਈ ਹੱਥ ਜਾਂ ਸਹਾਇਤਾ ਨਹੀਂ ਸੀ। ਪਰ ਪਾਰਟੀ ਜਰਮਨ ਨੂੰ ਆਪਣੇ ਦੁਸ਼ਮਨ ਦਾ ਦੁਸ਼ਮਨ ਸਮਝਕੇ ਇਸ ਤੋਂ ਉਹਨਾਂ ਦੀ ਅੰਗਰੇਜ਼ਾਂ ਵਿਰੁੱਧ ਜੰਗ ਨੂੰ ਆਪਣੀ ਲਹਿਰ ਦੀ ਬੜੀ ਭਾਰੀ ਮਦਦ ਸਮਝਦੀ ਸੀ। ਇਸ ਕਰਕੇ ਉਸ ਨੇ ਆਪਣੇ ਕੰਮ ਤੇ ਜਥੇਬੰਦੀ ਵਿਚ ਕਚਿਆਈਆਂ ਵੇਖਦਿਆਂ ਹੋਇਆਂ ਵੀ ਇਸ ਦਾ ਫਾਇਦਾ ਉਠਾਉਣ ਨੂੰ ਮੁੱਖ ਯੁੱਧ ਚਾਲ ਸਮਝਿਆ ਤੇ ਅੰਗਰੇਜ਼ੀ ਗ਼ੁਲਾਮੀ ਤੋਂ ਦੇਸ਼ ਨੂੰ ਛੁਡਾਉਣ ਲਈ ਉਸ ਦੇ ਵਿਰੁੱਧ ਜੰਗ ਵਿਚ ਕੁੱਦ ਪਈ। ਹਾਂ ! ਜੇ ਪਾਰਟੀ ਨੂੰ ਜਰਮਨ ਕੋਲੋਂ ਮਦਦ ਆ ਜਾਂਦੀ ਤਾਂ ਉਹ ਲੈਣੋ ਨਾ ਝਿਜਕਦੀ। ਉਸ ਦੀ ਸੋਚਣੀ ਮੂਜਬ ਦੁਸ਼ਮਨ ਦਾ ਦੁਸ਼ਮਨ ਆਪਣਾ ਜੰਗੀ ਸਹਾਇਕ ਹੁੰਦਾ ਹੈ।

ਪਹਿਲਾਂ ਤਾਂ ਜਰਮਨਾਂ ਨੇ ਵੀ ਇਸ ਲਹਿਰ ਵੱਲ ਕੋਈ ਖ਼ਾਸ ਧਿਆਨ ਨਹੀਂ ਦਿਤਾ। ਉਸ ਨੇ ਇਸ ਦੀ ਸਿਆਸੀ ਮਹਾਨਤਾ ਨੂੰ ਨਹੀਂ ਸਮਝਿਆ। ਸਿੰਘਾਪੁਰ ਵਿਚ ਕੈਦੋਂ ਆਜ਼ਾਦ ਕਰਵਾਏ ਗਏ ਜਰਮਨ ਕੈਦੀਆਂ ਦਾ ਗ਼ਦਰੀ ਸਿਪਾਹੀਆਂ ਦਾ ਸਾਥ ਦੇਣ ਤੋਂ ਸਿਰ ਫੇਰ ਜਾਣ ਦਾ ਇਹੀ ਕਾਰਨ ਸੀ। ਪਰ ਜਦ ਉਹਨਾਂ ਨੇ ਜੰਗ ਵਿਚ ਲਖਾਂ ਦੀ ਗਿਣਤੀ ਵਿਚ ਹਿੰਦੀ ਫੌਜਾਂ ਆਪਣੀਆਂ ਤੋਪਾਂ ਅਗੇ ਝੋਕੀਆਂ ਹੋਈਆਂ ਵੇਖੀਆਂ ਅਤੇ ਹਰ ਮੋਰਚੇ ਵਿਚ ਇਹਨਾਂ ਹੀ ਫੌਜਾਂ ਨਾਲ ਵਾਹ ਪਿਆ ਤਾਂ ਉਹਨਾਂ ਨੂੰ ਹਿੰਦੁਸਤਾਨ ਵਿਚ ਕੌਮੀ ਇਨਕਲਾਬੀ ਲਹਿਰ ਦੀ ਮਹਾਨਤਾ ਦਿਸਣ ਲਗੀ ਤੇ ਉਹਨਾਂ ਨੇ ਆਪਣੇ ਜੰਗੀ ਮਕਸਦ ਨੂੰ ਹਲ ਕਰਨ ਲਈ ਹਿੰਦੁਸਤਾਨ ਦੀ ਅੰਗਰੇਜ਼ ਵਿਰੋਧੀ ਲਹਿਰ ਤੋਂ ਫਾਇਦਾ ਉਠਾਉਣ ਦੀ ਸਲਾਹ ਬਣਾਈ। ਇਸ ਲਈ ਉਸ ਨੇ ਗ਼ਦਰ ਪਾਰਟੀ, ਬੰਗਾਲੀਆਂ ਦੀ ਯਰਕਾਊ ਦੀ ਲਹਿ ਤੇ ਮੁਸਲਮਾਨ ਮੌਲਵੀਆਂ ਦੀ ਸਰਬ ਇਸਲਾਮੀ ਲਹਿਰ ਨਾਲ ਸਬੰਧ ਜੋੜਨ ਦੇ ਯਤਨ ਕੀਤੇ।

ਅਸੀਂ ਉਪਰ ਦੱਸ ਆਏ ਹਾਂ ਕਿ ਜੰਗ ਦੇ ਛਿੜਨ ਨਾਲ ਹਿੰਦੁਸਤਾਨ ਦੇ ਮੁਸਲਮਾਨਾਂ ਵਿਚ ਏਕੇ ਦੀ ਸੂਝ ਸਰਬ ਇਸਲਾਮੀ ਏਕੇ ਦੇ ਰੂਪ ਵਿਚ ਉਜਾਗਰ ਹੋਣ ਲੱਗ ਪਈ ਤੇ ਤੁਰਕੀ ਉਤੇ

---

1. 'ਅਨਅਮਰੀਕਨ ਸਰਗਰਮੀਆਂ' ਸਫਾ 215
2. ਲਾਹੌਰ ਸਾਜ਼ਿਸ਼ ਦਾ ਪਹਿਲਾ ਮੁਕੱਦਮਾ, ਸਫਾ 288 ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ

ਅੰਗਰਜ਼ੀ ਸਾਮਰਾਜ ਦੇ ਹਮਲੇ ਨੇ ਇਸ ਨੂੰ ਅੰਗਰੇਜ਼ ਵਿਰੋਧੀ ਸੋਚਣੀ ਦੀ ਲੀਹੇ ਚਾਹੜ ਦਿਤਾ। ਦੇਸ਼ ਵਿਚੋਂ ਕਈ ਮੌਲਵੀ ਜਿਸ ਤਰ੍ਹਾਂ ਮੌਲਵੀ ਅਬੈਦੁਲਾ ਸਿੰਧੀ ਤੇ ਦਿਓਬੰਦ ਤੋਂ ਮੌਲਵੀ ਮੁਹੰਮਦ ਹਸਨ ਤੇ ਮੁਹੰਮਦ ਮੀਆਂ ਅਨਸਾਰੀ ਅਰਬ ਨੂੰ ਚਲੇ ਗਏ। ਇਹਨਾਂ ਨੇ ਤੁਰਕੀ ਨਾਲ ਰਲਕੇ ਉਸ ਦੀ ਤੇ ਅਫਗਾਨਿਸਤਾਨ ਹਕੂਮਤ ਦੀ ਸਹਾਇਤਾ ਨਾਲ ਪੱਛਮੀ ਸਰਹੱਦ ਉਤੋਂ ਹਿੰਦੁਸਾਤਨ ਉਤੇ ਹਮਲਾ ਕਰਨ ਦੀ ਵਿਉਂਤ ਬਣਾਈ ਤੇ ਹਿੰਦੁਸਤਾਨ ਵਿਚ "ਖ਼ੁਦਾਈ ਫੌਜ" ਭਰਤੀ ਕਰਨ ਦੀ ਵਿਚਾਰ ਹੋਈ। ਮੌਲਵੀ ਮੁਹੰਮਦ ਹਸਨ ਇਸ ਖ਼ੁਦਾਈ ਫੌਜ ਦਾ ਕਮਾਂਡਰ ਇਨ-ਚੀਫ ਬਣਿਆ ਤੇ ਆਪਣਾ ਹੈਡਕਵਾਰਟਰ ਮਦੀਨੇ ਵਿਚ ਬਣਾਇਆ। ਇਸ ਨੇ ਆਪਣੇ ਮਾਤਹਿਤ ਕੁਸਤੁਨਤੁਨੀਆਂ, ਤਹਿਰਾਨ ਤੇ ਕਾਬਲ ਵਿਚ ਦੂਸਰੇ ਦਰਜੇ ਦੇ ਹੈਡਕਵਾਰਟਰ ਬਣਾਏ। ਮੌਲਵੀ ਅਬੈਦੁਲਾ ਕਾਬਲ ਦੇ ਕਮਾਂਡਰ ਥਾਪੇ ਗਏ। ਫਰਵਰੀ 1915 ਵਿਚ ਲਾਹੌਰ ਤੋਂ ਬਾਰਾਂ ਤੇ ਪਸ਼ਾਵਰੋਂ ਕੋਹਾਟੋਂ ਕਈ ਹੋਰ ਇਸ ਸੋਚਣੀ ਦੇ ਮੁਸਲਮਾਨ ਵਿਦਿਆਰਥੀ ਕਾਬਲ ਚਲੇ ਗਏ। ਇਹ ਵੀ ਮੌਲਵੀਆਂ ਦੀ ਇਸ ਸਕੀਮ ਵਿਚ ਰਲ ਗਏ।[1]

ਜੰਗ ਲੱਗ ਗਈ ਕਰਕੇ ਸਭ ਦੇਸ਼ਾਂ ਦੇ ਇਨਕਲਾਬੀ ਉਹਨੀਂ ਦਿਨੀਂ ਸਵਿਟਜ਼ਰਲੈਂਡ ਆ ਵੜੇ ਸਨ, ਕਿਉਂਕਿ ਇਹ ਨਿਰਪੱਖ ਦੇਸ਼ ਸੀ। ਯੋਰਪ ਵਿਚਲੇ ਹਿੰਦੀ ਇਨਕਲਾਬੀ ਵੀ ਸਵਿਟਜ਼ਰਲੈਂਡ ਆ ਗਏ। ਜਰਮਨ ਜਨਰਲ ਸਟਾਫ ਨੇ ਯੋਰਪ ਵਿਚ ਮੌਜੂਦ ਇਹਨਾਂ ਹਿੰਦੀ ਇਨਕਲਾਬੀਆਂ ਅਤੇ ਤੁਰਕੀ ਤੇ ਅਰਬ ਦੇਸ਼ਾਂ ਵਿਚ ਗਏ ਇਹਨਾਂ ਮੌਲਵੀਆਂ ਨੂੰ ਇਕੱਠਾ ਕੀਤਾ। ਰਾਜਾ ਮਹਿੰਦਰ ਪ੍ਰਤਾਪ ਵੀ ਉਸ ਵੇਲੇ ਸਵਿਟਜ਼ਰਲੈਂਡ ਵਿਚ ਹੀ ਸਨ। ਇਹਨਾਂ ਹਿੰਦੀ ਇਨਕਲਾਬੀਆਂ ਨੇ ਜਰਮਨ ਜਨਰਲ ਸਟਾਫ ਦੀ ਸਹਾਇਤਾ ਤੇ ਹਦਾਇਤਾਂ ਹੇਠ 1 ਅਕਤੂਬਰ, 1914 ਨੂੰ "ਹਿੰਦੀ ਇਨਕਲਾਬੀ ਸੋਸਾਇਟੀ" ਬਣਾਈ, ਜਿਸ ਦੇ ਸ੍ਰੀਮਤੀ ਸਰੋਜਨੀ ਨਾਈਡੋ ਦੇ ਭਰਾ ਮਸ਼ਹੂਰ ਇਨਕਲਾਬੀ ਸ੍ਰੀ ਵਿਰੇਂਦਰ ਨਾਥ ਚਟੋਪਾਧਿਆ, ਸ੍ਰੀ ਚੰਪਕਰਾਮਨ ਪਿਲੈ, ਸ੍ਰੀ ਭੁਪੇਸ਼ ਗੁਪਤ ਤੇ ਡਾਕਟਰ ਪਰਭਾਕਰ ਸੰਚਾਲਕ ਸਨ।[2] ਇਸ ਸੋਸਾਇਟੀ ਨੂੰ ਬਰਲਿਨ ਹਿੰਦ ਕਮੇਟੀ ਭੀ ਲਿਖਿਆ ਜਾਂਦਾ ਹੈ। ਇਹ ਕਮੇਟੀ ਜਰਮਨ ਸਾਮਰਾਜ ਦੇ ਬਦੇਸ਼ੀ ਵਿਭਾਗ ਤੇ ਫੌਜੀ ਹਾਈ ਕਮਾਂਡ ਨਾਲ ਰਲ ਵਰਤਕੇ ਕੰਮ ਕਰਦੀ ਸੀ।[3] ਗ਼ਦਰ ਪਾਰਟੀ ਵੱਲੋਂ ਮੌਲਵੀ ਬਰਕਤ ਉਲਾ ਵੀ ਅਫ਼ਗਾਨਿਸਤਾਨ ਨੂੰ ਜਾਂਦੇ ਹੋਏ ਸਵਿਟਜ਼ਰਲੈਂਡ ਤੇ ਕੁਸਤੁਨਤੁਨੀਆਂ ਵਿਚ ਇਸ ਕਮੇਟੀ ਨੂੰ ਮਿਲੇ। ਇਸ ਬਰਨਿਲ ਕਮੇਟੀ ਨੇ ਮੌਲਵੀ ਬਰਕਤ ਉਲਾ ਰਾਹੀਂ ਗ਼ਦਰ ਪਾਰਟੀ ਨਾਲ ਜੋੜ ਜੋੜਿਆ। ਇਸ ਜੋੜ ਨੂੰ ਅਮਲੀ ਜਾਮਾ ਪੁਆਉਣ ਵਾਸਤੇ ਸ੍ਰੀ ਹਰੰਭਾ ਲਾਲ ਗੁਪਤ ਨੂੰ ਸਾਨਫਰਾਂਸਿਸਕੋ ਭੇਜਿਆ ਗਿਆ, ਜਿਸ ਨੇ ਸਿਆਟਲ ਤੋਂ ਸ੍ਰੀ ਤਾਰਕ ਨਾਥ ਦਾਸ ਤੇ ਬਰਿੰਦਰ ਦਾਸ ਗੁਪਤ ਨੂੰ ਨਾਲ ਲਿਆ ਤੇ ਗ਼ਦਰ ਆਸ਼ਰਮ ਵਿਚ ਆ ਕੇ ਪਾਰਟੀ ਦੇ ਜ਼ੁਮਾਵਾਰਾਂ ਨਾਲ ਗੱਲਬਾਤ ਕੀਤੀ।[4] ਪਾਰਟੀ ਇਸ ਸਕੀਮ ਵਿਚ ਰਲ ਵਰਤਕੇ ਚਲਣ ਲਈ ਤਿਆਰ ਹੋ ਗਈ,

---

1. 'ਜਿਵੇਂ ਮੈਂ ਹਿੰਦ ਨੂੰ ਜਾਤਾ' ਸਫਾ 176
2. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 187, ਰੋਲਟ ਰਪੋਰਟ ਸਫਾ 120, ਡਾਕਟਰ ਖਾਨ ਖੋਜੀ, ਤੇ 'ਸਾਨਫਰਾਂਸਿਸਕੋ ਆਰੇਗਨਾਈਜ਼ਰ' 23.11.17
3. ਰਾਜਾ ਮਹਿੰਦਰ ਪਰਤਾਪ, ਸਫੇ 51-113
4. 'ਹਿੰਦੁਸਤਾਨ ਵਿੱਚ ਹਿਲਜੁਲ ਤੇ ਸੋਗ' ਸਫਾ 122

"ਇਸ ਕਰਕੇ ਨਹੀਂ ਕਿ ਉਹ ਜਰਮਨ ਪਖੀ ਬਣ ਗਈ, ਸਗੋਂ ਇਸ ਕਰਕੇ ਕਿ ਜਰਮਨ ਵੀ ਅੰਗਰੇਜ਼ੀ ਵਿਰੋਧੀ ਸਨ।[1] "

ਵਿਉਂਤ ਇਹ ਬਣੀ, ਕਿ ਜਰਮਨ ਸਰਕਾਰ ਗ਼ਦਰ ਪਾਰਟੀ ਦੇ ਬਰਮਾ ਤੇ ਸਿਆਮ ਦੇ ਮੋਰਚੇ ਉਤੇ ਹਥਿਆਰਾਂ, ਦਾਰੂ ਸਿਕੇ ਤੇ ਰੁਪਇਆਂ ਨਾਲ ਸਹਾਇਤਾ ਕਰੇਗੀ ਤੇ ਗ਼ਦਰ ਪਾਰਟੀ ਮਸੋਪੁਟਾਮੀਆ (ਇਰਾਕ) ਵਿਚ ਤੁਰਕੀ ਦੇ ਵਿਰੁੱਧ ਲੜ ਰਹੀਆਂ ਅੰਗਰੇਜ਼ਾਂ ਦੀਆਂ ਹਿੰਦੀ ਫੌਜਾਂ ਅੰਦਰ ਬਗ਼ਾਵਤੀ ਪਰਚਾਰ ਕਰੇਗੀ ਤੇ ਈਰਾਨ ਤੇ ਅਫ਼ਗਾਨਿਸਤਾਨ ਵਿਚ ਅੰਗਰੇਜ਼ ਵਿਰੋਧੀ ਬਗ਼ਾਵਤਾਂ ਉਠਾਉਣ ਵਿਚ ਸਹਾਇਤਾ ਕਰੇਗੀ। ਇਸ ਪੱਛਮੀ ਮੋਰਚੇ ਦੀ ਕਮਾਨ ਬਰਲਿਨ ਕਮੇਟੀ ਦੇ ਹੱਥ ਵਿਚ ਦਿਤੀ ਗਈ ਤੇ ਸਿਆਮ ਬਰਮਾ ਦੇ ਮੋਰਚੇ ਦੀ ਗ਼ਦਰ ਪਾਰਟੀ ਦੇ। ਜਰਮਨਾਂ ਨੇ ਬਰਮਾ ਮੋਰਚੇ ਉਤੇ ਏਸ਼ੀਆ ਵਿਚ ਗਏ ਹੋਏ ਆਪਣੇ ਕਾਰੀਗਰ ਤੇ ਸੁਚੱਜੇ ਬੰਦੇ, ਹਥਿਆਰ ਤੇ ਤਿੰਨ ਲੱਖ ਅਮਰੀਕਨ ਡਾਲਰ ਦੇਣੇ ਸਨ। ਹਰੰਭਾ ਲਾਲ ਗੁਪਤ ਤੋਂ ਗ਼ਦਰ ਪਾਰਟੀ ਨਾਲ ਜੋੜ ਚੰਗੀ ਤਰ੍ਹਾਂ ਨਾ ਚਲਿਆ ਤਾਂ ਬਰਲਿਨ ਹਿੰਦ ਕਮੇਟੀ ਨੇ ਡਾਕਟਰ ਚੰਦਰ ਕਾਂਤ ਚਕਰਵਰਤੀ ਨੂੰ ਸਰਬਉੱਤਮ ਕਰਤਾ ਧਰਤਾ ਬਣਾਕੇ ਅਮਰੀਕਾ ਭੇਜਿਆ।[2]

## ਅਫ਼ਗਾਨਿਸਤਾਨ ਵਿਚ ਹਿੰਦ ਦੀ ਆਰਜ਼ੀ ਹਕੂਮਤ

ਹਿੰਦੁਸਤਾਨ ਵਿਚ ਅੰਗਰੇਜ਼ ਵਿਰੋਧੀ ਲਹਿਰ ਦਾ ਧਿਆਨ ਇਸ ਬਰਲਿਨ ਕਮੇਟੀ ਵਲ ਦਿਵਾਉਣ ਤੇ ਇਸ ਦਾ ਜ਼ਿਆਦਾ ਤੋਂ ਜ਼ਿਆਦਾ ਫਾਇਦਾ ਉਠਾਉਣ ਲਈ ਇਸ ਸਕੀਮ ਵਿਚ ਰਾਜਾ ਮਹਿੰਦਰ ਪਰਤਾਪ ਨੂੰ ਬੜੀ ਮਹਾਨਤਾ ਦਿਤੀ ਗਈ। ਇਹ ਸਮਝਕੇ ਕਿ ਉਹ ਕਿਸੇ ਰਿਆਸਤ ਦਾ ਰਾਜਾ ਹੈ। ਇਸ ਰਾਜੇ ਨੂੰ ਜਰਮਨਾਂ ਦੀ ਮਦਦ ਉਤੇ ਅੰਗਰੇਜ਼ ਵਿਰੁੱਧ ਲੜਦਿਆਂ ਵੇਖਕੇ ਹੋਰ ਦੇਸ਼ੀ ਰਾਜੇ ਵੀ ਏਸ ਲੀਹੇ ਪੈ ਜਾਣਗੇ। ਰਾਜਾ ਮਹਿੰਦਰ ਪਰਤਾਪ ਤੇ ਗ਼ਦਰ ਪਾਰਟੀ ਨਾਲ ਗੱਲ ਪੱਕੀ ਹੋ ਜਾਣ ਉਤੇ ਕੈਸਰ ਜਰਮਨੀ ਦੀਆਂ 'ਸ਼ੁਭ-ਇਛਾਵਾਂ' ਨਾਲ ਪਹਿਲੀ ਦਸੰਬਰ, 1915 ਨੂੰ ਆਜ਼ਾਦ ਹਿੰਦੁਸਤਾਨ ਦੀ ਇਕ ਕੰਮ ਚਲਾਊ ਕੱਚੀ ਹਕੂਮਤ ਥਾਪੀ ਗਈ, ਜਿਸ ਦੇ ਰਾਸ਼ਟਰਪਤੀ ਰਾਜਾ ਮਹਿੰਦਰ ਪਰਤਾਪ, ਪਰਧਾਨ ਮੰਤਰੀ ਗ਼ਦਰ ਪਾਰਟੀ ਦੇ ਮੌਲਵੀ ਬਰਕਤ ਉਲਾ, ਗਰਹਿ ਮੰਤਰੀ ਮੌਲਵੀ ਅਬੈਦੁਲਾ ਸਿੰਧੀ, ਯੁਧ ਮੰਤਰੀ ਮੌਲਵੀ ਬਸ਼ੀਰ ਤੇ ਬਦੇਸ਼ ਮੰਤਰੀ ਸ੍ਰੀ ਚੰਪਕਰਾਮਨ ਪਿਲੈ ਮਿਥੇ ਗਏ। ਇਸ ਹਕੂਮਤ ਦਾ ਹਿੰਦੁਸਤਾਨ ਦੀ ਸਰਹੱਦ ਲਾਗੇ ਕਾਬਲ ਵਿਚ ਥਾਂ ਬਨਾਉਣ ਤੇ ਅਮੀਰ ਅਫ਼ਗਾਨਿਸਤਾਨ ਨੂੰ ਜਰਮਨ ਤੁਰਕੀ ਗੱਠਜੋੜ ਦੀ ਮਦਦ ਕਰਨ ਵਾਸਤੇ ਤਿਆਰ ਕਰਨ ਲਈ ਜਰਮਨੀ-ਤੁਰਕੀ ਦਾ ਇਕ ਫੌਜੀ ਮਿਸ਼ਨ ਇਸ ਹਕੂਮਤ ਨੂੰ ਆਪਣੇ ਨਾਲ ਕਾਬਲ ਲਿਆਇਆ। ਓਦੋਂ ਅੰਗਰੇਜ਼ ਹਾਰ ਰਹੇ ਸਨ, ਇਸ ਕਰਕੇ ਇਸ ਮਿਸ਼ਨ ਤੇ "ਹਕੂਮਤ" ਦੀ ਕਾਬਲ ਵਿਚ ਬੜੀ ਆਉ-ਭਗਤ ਹੋਈ। ਇਹਨਾਂ ਨੇ ਅਮੀਰ ਹਬੀਬੁਲਾ ਨੂੰ ਅੰਗਰੇਜ਼ੀ ਰਾਜ ਦੀ ਤਾਬੇਦਾਰੀ ਛੱਡਣ ਤੇ ਹਿੰਦੁਸਤਾਨ ਦੀ ਕੌਮੀ ਆਜ਼ਾਦੀ ਲਈ ਉਠੀ ਇਨਕਲਾਬੀ ਲਹਿਰ ਦੀ ਸਹਾਇਤਾ ਕਰਨ ਵਾਸਤੇ ਆਖਿਆ।[3]

---

1. 'ਕੈਲੇਫੋਰਨੀਆ ਵਿੱਚ ਅਨ-ਅਮਰੀਕਨ ਸਰਗਰਮੀਆਂ', ਸਫਾ 220 ਤੇ ਡਾਕਟਰ ਖਾਨ ਖੋਜੀ ਦਾ ਬਿਆਨ
2. 'ਸਾਨਫਰਾਂਸਿਸਕੋ ਆਰਗੇਨਾਈਜ਼ਰ', ਸ਼ੁਕਰਵਾਰ 23 ਨਵੰਬਰ 1917
3. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 177, ਰੌਲਟ ਰਪੋਰਟ ਸਫੇ 176-80 ਤੇ ਰਾਜਾ ਮਹਿੰਦਰ ਪਰਤਾਪ ਸਫੇ 51-113

ਲਾਹੌਰ ਵਿਚ ਗ਼ਦਰ ਪਾਰਟੀ ਦੇ ਇਨਕਲਾਬੀ ਪਾਰਟੀ ਦੇ ਇਨਕਲਾਬ ਦੇ ਅਸਫਲ ਹੋ ਜਾਣ ਤੋਂ ਬਾਅਦ ਡਾਕਟਰ ਮਥਰਾ ਸਿੰਘ ਤੇ ਭਾਈ ਹਰਨਾਮ ਸਿੰਘ ਕਹੂਟਾ, ਜੋ ਡਿਊਟੀ ਉਤੇ ਸਰਹੱਦੀ ਫੌਜਾਂ ਵਿਚ ਗਏ ਹੋਏ ਸਨ, ਆਜ਼ਾਦ ਇਲਾਕੇ ਵਿਚ ਹੀ ਹੋ ਕੇ ਅਫਗਾਨਿਸਤਾਨ ਚਲੇ ਗਏ। ਹਿੰਦ ਦੀ ਅੰਗਰੇਜ਼ੀ ਸਰਕਾਰ ਦੀ ਚਿੱਠੀ[1] ਉਤੇ ਕਾਬਲ ਦੀ ਸਰਕਾਰ ਨੇ ਇਹਨਾਂ ਦੋਂਹ ਨੂੰ ਫੜ ਕੇ ਕਾਬਲ ਜੇਲ੍ਹ ਵਿਚ ਡਕ ਦਿਤਾ। ਅਗੇ ਓਥੇ ਲਾਹੌਰ, ਪਸ਼ਾਵਰ ਤੇ ਕੋਹਾਟ ਤੋਂ ਆਏ ਹੋਏ ਮੁਸਲਿਮ ਵਿਦਿਆਰਥੀ ਵੀ ਬੰਦ ਸਨ। ਜਦੋਂ ਮੌਲਵੀ ਬਰਕਤ ਉਲਾ ਤੇ ਰਾਜਾ ਮਹਿੰਦਰ ਪਰਤਾਪ ਕਾਬਲ ਆਏ ਤਾਂ ਉਹਨਾਂ ਨੇ ਇਹਨਾਂ ਸਾਰਿਆਂ ਨੂੰ ਰਿਹਾ ਕਰਵਾਇਆ। ਉਹਨਾਂ ਹੀ ਦਿਨਾਂ ਵਿਚ ਇਕ ਹੋਰ ਗ਼ਦਰੀ ਭਾਈ ਕਾਲਾ ਸਿੰਘ, ਜੋ ਫੇਰੂ ਸ਼ਹਿਰ ਦੇ ਸਾਕੇ ਵਿਚੋਂ ਭਜੇ ਹੋਏ ਸਨ, ਏਥੇ ਆ ਗਏ। ਇਹ ਸਾਰੇ ਇਸ ਆਰਜ਼ੀ ਹਕੂਮਤ ਨਾਲ ਕੰਮ ਕਰਨ ਲੱਗ ਪਏ ਤੇ ਰਾਜਾ ਮਹਿੰਦਰ ਪਰਤਾਪ ਨੇ ਇਹਨਾਂ ਨੂੰ ਵੀ ਅਹੁਦੇ ਵੰਡ ਦਿਤੇ 14। ਇਸ 'ਰਾਜੇ ਦੀ ਹਕੂਮਤ' ਦਾ ਅੰਗਰੇਜ਼ ਵਿਰੋਧੀ ਜੰਗ ਦਾ ਪਰੋਗਰਾਮ 'ਰਾਜਿਆਂ' ਵਰਗਾ ਹੀ ਬਣਿਆ। ਹਿੰਦੀ ਜਨਤਾ ਨੂੰ ਜਗਾਉਣ, ਦੇਸ਼ ਵਿਚ ਲਹਿਰ ਪੈਦਾ ਕਰਨ, ਜਾਂ ਦੇਸ਼ ਦੀ ਚੱਲ ਰਹੀ ਇਨਕਲਾਬੀ ਲਹਿਰ ਨਾਲ ਸਬੰਧ ਜੋੜਨ ਤੇ ਉਸ ਨੂੰ ਹਥਿਆਰ ਪਤੇ ਦੀ ਇਮਦਾਦ ਦੇਣ ਦੀ ਥਾਂ ਹਿੰਦ ਦੇ ਦੇਸ਼ੀ ਰਾਜਿਆਂ ਵੱਲ ਤਕਿਆ ਗਿਆ। ਉਹਨਾਂ ਦੇ ਨਾਂ ਜਰਮਨ ਦੇ ਸ਼ਾਹੀ ਚਾਨਸਲਰ (ਪਰਧਾਨ ਮੰਤਰੀ) ਵੱਲੋਂ ਸ਼ਾਹੀ ਚਿੱਠੀਆਂ ਭਿਜਵਾਈਆਂ ਗਈਆਂ, ਜਿਨ੍ਹਾਂ ਵਿਚ ਉਹਨਾਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਬਗ਼ਾਵਤ ਕਰਨ ਦੀ ਅਪੀਲ ਕੀਤੀ ਤੇ ਜਰਮਨ ਸਰਕਾਰ ਵਲੋਂ ਯਕੀਨ ਦਿਵਾਇਆ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਰਾਜ ਨਾਲੋਂ ਵੀ ਜ਼ਿਆਦਾ ਹਕ-ਹਕੂਕ ਬਖਸ਼ੇ ਜਾਣਗੇ।[2]

ਇਸੇ ਤਰ੍ਹਾਂ ਰਾਜਾ ਮਹਿੰਦਰ ਪਰਤਾਪ ਨੇ ਜ਼ਾਰ ਰੂਸ ਦੇ ਨਾਮ ਸੋਨੇ ਦੀ ਤਾਸੀ ਵਿਚ ਉਕਰੀ ਹੋਈ ਚਿੱਠੀ ਦੇ ਕੇ, ਡਾਕਟਰ ਮਥਰਾ ਸਿੰਘ ਤੇ ਮੁਹੰਮਦ ਅਲੀ ਮੁਸਲਿਮ ਵਿਦਿਆਰਥੀ ਨੂੰ ਤੁਰਕਿਸਤਾਨ ਦੇ ਰੂਸੀ ਗਵਰਨਰ ਪਾਸ ਭੇਜਿਆ, ਕਿ ਉਹ ਇਸ 'ਹਿੰਦੀ ਹਕੂਮਤ' ਦੇ ਸਰਵ ਅਧਿਕਾਰੀ ਵਜ਼ੀਰਾਂ ਨੂੰ ਜ਼ਾਰ ਰੂਸ ਦੀ ਸੇਵਾ ਵਿੱਚ ਚਿੱਠੀ ਪਚਾਉਣ ਲਈ ਭੇਜ ਦੇਵੇ। ਇਸ ਚਿੱਠੀ ਵਿਚ ਜ਼ਾਰ ਰੂਸ ਅਗੇ ਬੇਨਤੀ ਕੀਤੀ ਗਈ ਸੀ ਕਿ ਉਹ ਅੰਗਰੇਜ਼ੀ ਹਕੂਮਤ ਵਿਰੁੱਧ ਇਸ 'ਹਿੰਦੀ ਸਰਕਾਰ' ਦੀ ਸਹਾਇਤਾ ਕਰੇ। ਰੂਸ ਸਰਕਾਰ ਦੇ ਇਸ ਤੁਰਕਿਸਤਾਨ ਦੇ ਗਵਰਨਰ ਨੇ ਡਾਕਟਰ ਮਥਰਾ ਸਿੰਘ ਤੇ ਉਸਦੇ ਦੂਸਰੇ ਸਾਥੀ ਨੂੰ ਗਰਿਫ਼ਤਾਰ ਕਰਕੇ 2 ਨਵੰਬਰ, 1916 ਨੂੰ ਈਰਾਨ ਦੇ ਸ਼ਹਿਰ ਮਸ਼ਹਦ ਵਿਚ ਸਥਾਪਤ ਅੰਗਰੇਜ਼ੀ ਸਰਕਾਰ ਦੇ ਕੌਂਸਲ ਦੇ ਹਵਾਲੇ ਕਰ ਦਿਤਾ, ਜਿਸ ਨੇ ਅਗਾਂਹ ਉਹਨਾਂ ਨੂੰ ਹਿੰਦੁਸਤਾਨ ਦੀ ਅੰਗਰੇਜ਼ੀ ਸਰਕਾਰ ਦੇ ਪਾਸ ਭੇਜ ਦਿਤਾ। ਏਥੇ ਡਾਕਟਰ ਮਥਰਾ ਸਿੰਘ ਨੂੰ ਲਾਹੌਰ ਦੇ ਤੀਸਰੇ ਜ਼ਿਮਨੀ ਮੁਕੱਦਮੇ ਵਿਚ ਰਖਕੇ ਮੌਤ ਦੀ ਸਜ਼ਾ ਦਿਤੀ ਗਈ ਤੇ ਫਾਂਸੀ ਟੰਗ ਕੇ ਸ਼ਹੀਦ ਕਰ ਦਿਤਾ ਗਿਆ।[3]

---

1. ਹੋਮ (ਪੋਲੀਟੀਕਲ) ਅ. ਜੁਲਾਈ, 1915 ਕਾਰਵਾਈ ਨੰ. 297
2. ਰੌਲਟ ਰਪੋਰਟ ਸਫਾ 176-80, 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 180 ਤੇ ਰਾਜਾ ਮਹਿੰਦਰ ਪਰਤਾਪ ਸਫਾ 113
3. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫ਼ਾ 137-38 ਤੇ 142 ਤੇ ਹੋਮ (ਪੋਲੀ) ਅ. ਅਕਤੂਬਰ 1916, ਕਾਰਵਾਈ ਨੰ.5

ਭਾਈ ਕਾਲਾ ਸਿੰਘ ਨੂੰ ਵੀ ਰਾਜਾ ਮਹਿੰਦਰ ਪਰਤਾਪ ਨੇ ਆਪਣੀ 'ਸਰਕਾਰ' ਦੀ ਚਿੱਠੀ ਦੇਕੇ ਨੇਪਾਲ ਦੇ ਰਾਜੇ ਵਲ ਭੇਜਿਆ ਕਿ ਉਹ 'ਆਜ਼ਾਦ ਸਰਕਾਰ' ਦੀ ਮਦਦ ਕਰੇ ਤੇ ਉਸ ਦੇ ਹਿੰਦੁਸਤਾਨ ਉਤੇ ਹਮਲੇ ਵੇਲੇ ਉਹ ਭੀ ਹਿੰਦੁਸਤਾਨ ਉਤੇ ਹਮਲਾ ਕਰ ਦੇਵੇ। ਚਿੱਠੀ ਤਾਂ ਉਹ ਨੇਪਾਲ ਜਾਕੇ ਦੇ ਆਇਆ। ਪਰ ਮੁੜਦੇ ਨੂੰ (ਮਾਲੂਮ ਹੁੰਦਾ ਹੈ ਕਿ ਅੰਗਰੇਜ਼ੀ ਹਕੂਮਤ ਦਾ ਦਿਤਾ ਖਾ ਰਹੀ ਨੇਪਾਲ ਸਰਕਾਰ ਨੇ ਹਿੰਦ ਸਰਕਾਰ ਪਾਸ ਮੁਖ਼ਬਰੀ ਕਰ ਦਿਤੀ) ਰਾਵਲਪਿੰਡੀ ਦੇ ਲਾਗੇ ਸਰਾਏ ਕਾਲਾ ਦੇ ਸਟੇਸ਼ਨ ਉਤੋਂ ਗਰਿਫਤਾਰ ਕਰ ਲਿਆ ਗਿਆ ਤੇ ਫੀਰੋਜ਼ਪੁਰ ਲਿਆਕੇ ਉਸ ਉਤੇ ਫੇਰੂ ਸ਼ਹਿਰ ਵਾਲਾ ਮੁਕੱਦਮਾ ਚਲਾਇਆ ਗਿਆ, ਪਰ ਕਿਸੇ ਗਵਾਹ ਨੇ ਸ਼ਨਾਖ਼ਤ ਨਹੀਂ ਕੀਤਾ। ਇਸ ਕਰਕੇ ਉਸ ਤੋਂ ਮੁਕੱਦਮਾ ਵਾਪਸ ਲੈ ਗਿਆ।[1]

ਅੰਗਰੇਜ਼ੀ ਰਾਜ ਦੇ ਤੱਦੀ ਦੇਣ ਉਤੇ ਦਸੰਬਰ, 1916 ਵਿਚ ਮੱਕੇ ਦੇ ਅਮੀਰ ਨੇ ਮੌਲਵੀ ਮੁਹੰਮਦ ਹਸਨ ਤੇ ਉਸ ਦੇ ਚਹੁੰ ਸਾਥੀਆਂ ਨੂੰ ਗਰਿਫ਼ਤਾਰ ਕਰਕੇ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ।[2]

ਮੱਕੇ ਦੇ ਅਮੀਰ ਦੇ ਇਸ ਪੈਂਤੜੇ ਤੇ ਤੁਰਕੀ ਦੀ ਹਾਰ ਨਾਲ ਮਹਿੰਦਰ ਪਰਤਾਪ ਦੀ ਇਹ 'ਸਰਕਾਰ' ਵੀ ਨਿਕੰਮੀ ਹੋ ਗਈ ਤੇ ਅਫ਼ਗਾਨਿਸਤਾਨ ਵਾਲੇ ਪਾਸਿਓਂ ਹਿੰਦੁਸਤਾਨ ਨੂੰ ਬਾਹਰਲੀ ਮਦਦ ਨਾਲ ਹਮਲਾ ਕਰਕੇ ਛੁਡਾਉਣ ਦੇ ਯਤਨ ਵੀ ਅਕਾਰਥ ਗਏ।

ਇਸ ਯਤਨ ਦਾ ਦੇਸ਼ ਵਿਚਲੀ ਲਹਿਰ ਨਾਲ ਕੋਈ ਸਿੱਧਾ ਮੇਲ ਨਾ ਹੋਣ ਕਰਕੇ ਗ਼ਦਰ ਪਾਰਟੀ ਆਪਣੀ ਲਹਿਰ ਨੂੰ ਚੁਕਣ ਲਈ ਇਸ ਤੋਂ ਕੋਈ ਫਾਇਦਾ ਨਾ ਉਠਾ ਸਕੀ, ਭਾਵੇਂ ਇਸ ਵਿਚ ਇਸ ਦੇ ਆਪਣੇ ਆਦਮੀ ਮੌਲਵੀ ਬਰਕਤ ਉਲਾ, ਡਾਕਟਰ ਮਥਰਾ ਸਿੰਘ, ਭਾਈ ਹਰਨਾਮ ਸਿੰਘ ਕਹੂਟਾ ਤੇ ਭਾਈ ਕਾਲਾ ਸਿੰਘ ਆਦਿ ਕੰਮ ਕਰ ਰਹੇ ਸਨ।

## ਈਰਾਨ ਤੋ ਬਲੋਚਿਸਤਾਨ

ਗ਼ਦਰ ਪਾਰਟੀ ਨੇ ਮੈਸੋਪੁਟਾਮੀਆ ਤੇ ਮਧ ਏਸ਼ੀਆ ਵਿਚ ਕੰਮ ਕਰਨ ਲਈ ਵੀ ਬਰਲਿਨ ਕਮੇਟੀ ਨੂੰ ਆਪਣੇ ਵਰਕਰ ਦਿਤੇ। ਜਿਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਦੀਆਂ ਹਿੰਦੀ ਫੌਜਾਂ ਵਿਚ 'ਗ਼ਦਰ' ਅਖ਼ਬਾਰ ਵੰਡਿਆ ਤੇ ਪਰਚਾਰ ਕੀਤਾ। ਤੁਰਕੀ ਤੇ ਜਰਮਨ ਦੀ ਕੈਦ ਵਿਚ ਹਿੰਦੀ ਸਿਪਾਹੀਆਂ ਨੂੰ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋਣ ਲਈ ਪਰੇਰਿਆ। ਇਹਨਾਂ ਵਰਕਰਾਂ ਵਿਚੋਂ ਡਾਕਟਰ ਖਾਨ ਖੋਜੀ, ਸ੍ਰੀ ਬਿਸ਼ਨ ਦਾਸ ਕੋਛੜ ਨੂਰ ਮਹਿਲ, ਸ੍ਰੀ ਕਿਦਾਰ ਨਾਥ ਹਰਿਆਣਾ (ਹੁਸ਼ਿਆਰਪੁਰ), ਭਾਈ ਬਸੰਤ ਸਿੰਘ ਚੋਂਦਾ (ਪਟਿਆਲਾ), ਭਾਈ ਹਰਨਾਮ ਸਿੰਘ, ਸ੍ਰੀ ਰਿਸ਼ੀ ਕੇਸ਼ ਲੱਠਾ ਮਹਾਰਾਸ਼ਟਰ ਤੇ ਸ੍ਰੀ ਅਮੀਨ ਚੰਦ ਚੌਧਰੀ (ਬੰਗਾਲ) ਵਰਨਣ ਯੋਗ ਹਨ। ਇਹ ਗ਼ਦਰੀ ਯੂਨਾਨ ਥਾਣੀ ਹੋ ਕੇ ਕੁਸਤੁਨਤੁਨੀਆਂ ਗਏ ਤੇ ਹਿੰਦ ਕਮੇਟੀ ਦੀ ਕਮਾਨ ਹੇਠਾਂ ਮੈਸੋਪੁਟਾਮੀਆ ਤੇ ਈਰਾਨ ਦਿਆਂ ਮੋਰਚਿਆਂ ਵਿਚ ਕੁਦ ਪਏ।[3]

---

1. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫਾ 139
2. ਰੌਲਟ ਰਪੋਰਟ, ਸਫ਼ਾ 121
3. 'ਜਿਵੇਂ ਮੈਂ ਹਿੰਦ ਨੂੰ ਜਾਤਾ', ਸਫਾ 178, ਡਾਕਟਰ ਖਾਨ ਖੋਜੀ, ਸ੍ਰੀ ਬਿਸ਼ਨਦਾਸ ਕੋਛੜ ਤੇ ਸੁੰਦਰ ਸਿੰਘ ਘਾਲੀ ਦਾ ਬਿਆਨ

ਰਾਜਾ ਮਹਿੰਦਰ ਪਰਤਾਪ ਦੀਆਂ ਸਕੀਮਾਂ ਤਾਂ ਦੇਸ਼ੀ ਰਾਜਿਆਂ ਨੂੰ ਸੱਦੇ ਦੇਣ ਤੇ ਜ਼ਾਰ ਰੂਸ ਨੂੰ ਦੋਸਤੀ ਦੀ ਚਿਠੀ ਭੇਜਣ ਤੱਕ ਹੀ ਸੀਮਤ ਰਹੀਆਂ। ਪਰ ਗ਼ਦਰੀ ਪਾਰਟੀ ਦੀ ਤੁਰਕੀ ਵਿਚ ਆਈ ਇਕਾਈ ਨੇ ਢੇਰ ਨਿੱਗਰ ਕੰਮ ਕੀਤਾ। ਜਿਥੋਂ ਤਕ ਉਸ ਦੀ ਵਾਹ ਲੱਗੀ, ਉਸ ਨੇ ਅੰਗਰੇਜ਼ੀ ਰਾਜ ਵਿਰੁੱਧ ਲੜਾਈ ਲੜੀ, ਤੇ ਉਸ ਨੇ ਅੰਗਰੇਜ਼ੀ ਰਾਜ ਵਾਸਤੇ ਈਰਾਨ ਤੇ ਬਲੋਚਿਸਤਾਨ ਵਿਚ ਜੰਗ ਦੇ ਸਾਲਾਂ ਸਮੇਂ ਚੰਗਾ ਪਵਾੜਾ ਪਾਈ ਰਖਿਆ। ਇਸ ਇਕਾਈ ਵਿਚ ਨਾਗਪੁਰ ਦੇ ਡਾਕਟਰ ਪਾਂਡੂਰਾਂਗ ਸਦਾ ਸ਼ਿਵ ਖਾਨ ਖੋਜੀ ਆਗੂ ਸਨ, ਜੋ ਹਿੰਦ ਵਿਚ ਤਿਲਕ ਦੀ ਇਨਕਲਾਬੀ ਸੁਸਾਇਟੀ ਦੇ ਮੈਂਬਰ ਰਹੇ ਸਨ ਤੇ ਅਮਰੀਕਾ ਦੀਆਂ ਕੈਲੇਫੋਰਨੀਆ, ਵਾਸ਼ਿੰਗਟਨ ਤੇ ਮਿਨੀਸੋਟਾ ਦੀਆਂ ਯੂਨੀਵਰਸਿਟੀ ਵਿਚ ਪੜ੍ਹਾਈਆਂ ਕਰਕੇ ਖੇਤੀ ਵਾੜੀ ਦੇ ਡਾਕਟਰ ਡਿਗਰੀ ਪਰਾਪਤ ਕਰ ਚੁਕੇ ਸਨ। ਆਪ ਗ਼ਦਰ ਆਸ਼ਰਮ ਵਿਚ ਆਕੇ ਕੰਮ ਕਰਦੇ ਤੇ ਪਾਰਟੀ ਦੇ ਸਰਗਰਮ ਮੈਂਬਰ ਸਨ।[1] ਦੂਸਰੇ ਪੰਜਾਬ ਦੇ ਬਿਸ਼ਨਦਾਸ ਕੋਛੜ ਨੂਰ ਮਹਿਲ (ਜਲੰਧਰ) ਜੋ ਬਿਜਲੀ ਦੀ ਇਨਜਿਨੀਰਿੰਗ ਪਾਸ ਸਨ ਤੇ ਤੀਸਰੇ ਪਰਮਥ ਨਾਥ ਦੱਤ ਸਨ। ਇਹ ਤਿੰਨੇ ਅਮਰੀਕਾ ਤੋਂ ਈਰਾਨੀ ਨਾਵਾਂ ਉਤੇ ਈਰਾਨੀ ਪਾਸਪੋਰਟ ਲੈ ਕੇ ਆਏ ਸਨ। ਡਾਕਟਰ ਖਾਨ ਖੋਜੀ ਦਾ ਨਾਂ ਮੁਹੰਮਦ ਖਾਂ, ਕੋਛੜ ਦਾ ਪਾਰਟੀ ਨਾਂ ਅਗਾਸੇ ਤੇ ਈਰਾਨੀ ਨਾਂ ਮਿਰਜ਼ਾ ਮੁਹੰਮਦ ਅਲੀ ਸੀ ਤੇ ਦੱਤ ਦਾ ਮਹਿਮੂਦ ਖਾਂ।

ਕੁਸਤੁਨਤੁਨੀਆਂ ਵਿਚ ਜਰਮਨ ਰਾਜਦੂਤ ਤੇ ਤੁਰਕੀ ਫੌਜੀ ਹਾਈ ਕਮਾਂਡ ਨਾਲ ਇਹ ਤੈਹ ਹੋਇਆ, ਕਿ ਉਹ ਦਖਣੀ ਈਰਾਨ ਦੇ ਕਬੀਲਿਆਂ ਵਿਚ ਜਾਣ ਤੇ ਉਥੋਂ ਈਰਾਨੀ ਕਬੀਲਿਆਂ ਦੇ ਸਰਦਾਰਾਂ ਤੇ ਲੋਕਾਂ ਨੂੰ ਅੰਗਰੇਜ਼ ਪੂਜ ਈਰਾਨ ਦੀ ਹਕੂਮਤ ਵਿਰੁੱਧ ਉਠਾਉਣ ਤੇ ਬਗ਼ਾਵਤ ਖੜੀ ਕਰ ਦੇਣ ਤੇ ਇਸ ਬਗ਼ਾਵਤ ਵਿਚੋਂ ਫੌਜ ਭਰਤੀ ਕਰਕੇ ਬਲੋਚਿਸਤਾਨ ਵੱਲ ਵੱਧਣ, ਇਸ ਉਤੇ ਹਮਲਾ ਕਰਕੇ ਅਗਾਂਹ ਪੰਜਾਬ ਨੂੰ ਜਾਣ ਤੇ ਇਸ ਮੋਰਚੇ ਨੂੰ ਪੰਜਾਬ ਦੀ ਗ਼ਦਰ ਲਹਿਰ ਨਾਲ ਜੋੜ ਦੇਣ। ਬਲੋਚਿਸਤਾਨ ਵੱਲ ਉਦੋਂ ਅੰਗਰੇਜ਼ੀ ਫੌਜ ਤਕਰੀਬਨ ਹੈ ਹੀ ਨਹੀਂ ਸੀ। ਇਸ ਸਾਰੇ ਮੋਰਚੇ ਨੂੰ ਤੁਰਕੀ ਤੇ ਜਰਮਨੀ ਹਥਿਆਰਾਂ, ਗੋਲੀ ਸਿੱਕੇ, ਮਾਲੀ ਤੇ ਪਰਚਾਰ ਦੀ ਸਹਾਇਤਾ ਦੇਣਗੇ। ਮੁਸਲਮਾਨਾਂ ਵਿਚ ਉਨ੍ਹੀ ਦਿਨੀਂ ਸਰਬ ਇਸਲਾਮੀ ਜਜ਼ਬਾ ਬਹੁਤ ਕੰਮ ਕਰਦਾ ਸੀ। ਇਸ ਇਸਲਾਮੀ ਜਾਗਰਤਾ ਨੇ ਇਹਨਾਂ ਗ਼ਦਰੀਆਂ ਵਾਸਤੇ ਬੜੇ ਯੋਗ ਹਾਲਾਤ ਪੈਦਾ ਕਰ ਦਿਤੇ। ਇਹਨਾਂ ਗ਼ਦਰੀਆਂ ਦੀ ਇਕੱਠੀ ਕੀਤੀ ਤੇ ਜੋੜੀ ਜਾਣ ਵਾਲੀ ਫੌਜ ਨੂੰ ਆਜ਼ਾਦ ਹਿੰਦ ਫੌਜ ਮੰਨੇ ਜਾਣਾ ਪਰਵਾਨ ਹੋਇਆ। ਇਸ ਮੁਹਿੰਮ ਨੂੰ ਚਲਾਉਣ ਲਈ ਬਰਲਿਨ ਕਮੇਟੀ ਕਰਤਾ ਧਰਤਾ ਸੀ। ਹਰਦਿਆਲ ਕੁਸਤੁਨਤੁਨੀਆਂ ਵਿਚ ਹੁੰਦੇ ਹੋਏ ਵੀ ਇਸ ਕਮੇਟੀ ਜਾਂ ਕੰਮ ਵਿਚ ਨਹੀਂ ਆਏ। ਰਾਜਾ ਮਹਿੰਦਰ ਪਰਤਾਪ ਤੇ ਮੌਲਵੀ ਬਰਕਤ ਉਲਾ ਵੀ ਕਾਬਲ ਨੂੰ ਜਾਂਦੇ ਹੋਏ ਏਥੇ ਆਏ ਹੋਏ ਸਨ। ਇਸ ਸਕੀਮ ਵਿਚ ਉਹਨਾਂ ਨੂੰ ਅਫ਼ਗਾਨਿਸਤਾਨ ਵਾਸਤੇ ਭੇਜਿਆ ਗਿਆ ਅਤੇ ਇਹਨਾਂ ਗ਼ਦਰੀਆਂ ਨੂੰ ਈਰਾਨ ਵੱਲ।

ਇਹ ਤਿੰਨੇ ਜਣੇ ਜਦ ਬਗ਼ਦਾਦ ਆ ਗਏ ਤਾਂ ਅੰਗਰੇਜ਼ੀ ਫੌਜਾਂ ਈਰਾਨ ਦੀ ਖਾੜੀ ਵੱਲੋਂ ਹਮਲਾ ਕਰਕੇ ਬਸਰੇ ਤੇ ਬੂਸ਼ਹਿਰ ਉਤੇ ਕਬਜ਼ਾ ਕਰ ਚੁੱਕੀਆਂ ਸਨ। ਇਹਨਾਂ ਨੇ ਬੂਸ਼ਹਿਰ ਆਕੇ ਅੰਗਰੇਜ਼ਾਂ ਦੀਆਂ ਹਿੰਦੀ ਫੌਜਾਂ ਵਿਚ ਪਰਚਾਰ ਸ਼ੁਰੂ ਕਰ ਦਿਤਾ। ਈਰਾਨੀ ਲੋਕਾਂ ਤੇ ਇਲਾਕੇ ਦੇ ਕਬਾਇਲੀ ਸਰਦਾਰਾਂ ਨਾਲ ਗੱਲਬਾਤ ਕੀਤੀ। ਈਰਾਨੀ ਲੋਕਾਂ ਤੇ ਖ਼ਾਸਕਰ ਕਬਾਇਲੀ ਸਰਦਾਰਾਂ

---

1. ਬਾਬਾ ਹਰਨਾਮ ਸਿੰਘ ਟੁੰਡੀਲਾਟ

ਵਿਚ ਈਰਾਨੀ ਹਕੂਮਤ ਦੀ ਤੁਰਕੀ ਦੀ ਇਸਲਾਮੀ ਹਕੂਮਤ ਦਾ ਸਾਥ ਦੇਣ ਦੀ ਥਾਂ ਅੰਗਰੇਜ਼ੀ ਰਾਜ ਦੀ ਸਹਾਇਤਾ ਕਰਨ ਵਿਰੁੱਧ ਬੜਾ ਰੋਸ ਸੀ। ਇਸ ਲਈ ਇਹਨਾਂ ਗ਼ਦਰੀਆਂ ਦਾ ਪਰਚਾਰ ਅਸਰ ਕਰਨ ਲੱਗਾ ਤੇ ਇਹ ਰੋਸ ਲਾਮਬੰਦੀ ਦਾ ਸਾਕਾਰ ਰੂਪ ਧਾਰਨ ਲੱਗ ਪਿਆ। ਇਥੋਂ ਸਰਕਰਦਾ ਈਰਾਨੀ ਅਨਸਰ ਜੋੜ ਕੇ ਈਰਾਨੀ ਜਮਹੂਰੀ ਪਾਰਟੀ ਜਥੇਬੰਦ ਕਰਨ ਦੀ ਨੀਂਹ ਰਖੀ ਗਈ। ਉਹਨਾਂ ਨੂੰ ਸਮਝਾਇਆ ਗਿਆ, ਕਿ ਅੰਗਰੇਜ਼ਾਂ ਦੀ ਈਰਾਨ ਅਤੇ ਹੋਰ ਇਸਲਾਮੀ ਦੇਸ਼ਾਂ ਉਤੋਂ ਗੁਲਾਮੀ ਦੀ ਛਟ ਤਦੇ ਉਤਰ ਸਕਦੀ ਹੈ, ਜੇ ਹਿੰਦੁਸਤਾਨ ਉਹਨਾਂ ਪਾਸੋਂ ਖੋਹਿਆ ਜਾਏ, ਜਿਥੋਂ ਉਹ ਫੌਜਾਂ ਲਿਆਕੇ ਇਸਲਾਮੀ ਦੇਸ਼ਾਂ ਉਤੇ ਹਮਲਾਵਾਰ ਹੁੰਦੇ ਅਤੇ ਆਪਣੀ ਸਰਦਾਰੀ ਨੂੰ ਇਹਨਾਂ ਦੇਸ਼ਾਂ ਉਤੇ ਠੋਸਦੇ ਹਨ। ਇਸ ਲਈ ਅੰਗਰੇਜ਼ਾਂ ਦੇ ਪੰਜੇ ਵਿਚੋਂ ਹਿੰਦੁਸਤਾਨ ਨੂੰ ਕਢਣ ਲਈ ਈਰਾਨੀਆਂ ਤੇ ਹਿੰਦੀਆਂ ਨੂੰ ਰਲਕੇ ਲੜਨਾ ਚਾਹੀਦਾ ਹੈ। ਈਰਾਨੀ ਲੋਕ ਤੇ ਸਰਦਾਰ ਇਹ ਗੱਲ ਸਮਝ ਕੇ ਹਿੰਦੁਸਤਾਨ ਉਤੇ ਹਮਲਾਵਰ ਹੋਣ ਲਈ ਗ਼ਦਰੀ ਝੰਡੇ ਹੇਠ ਇਕੱਠੇ ਹੋਣ ਲੱਗ ਪਏ। ਇਸ ਕੰਮ ਲਈ ਹਿੰਦੀ ਗ਼ਦਰੀ ਫੌਜ ਖੜੀ ਹੋਣੀ ਸ਼ੁਰੂ ਹੋਈ, ਜਿਸ ਦਾ ਅੰਗਰੇਜ਼ੀ ਨਾਂ ਇੰਡੀਅਨ ਇੰਡੀਪੈਨਡੈਨਸ ਆਰਮੀ ਰਖਿਆ ਗਿਆ।

ਬੁਸ਼ਹਿਰ ਵਿਚ ਡੇਰਾ ਪਾਈ ਬੈਠੇ ਅੰਗਰੇਜ਼ੀ ਹਾਕਮਾਂ ਨੂੰ ਇਹਨਾਂ ਗ਼ਦਰੀਆਂ ਦੇ ਕੰਮ ਦਾ ਪਤਾ ਲੱਗਾ। ਇਹਨਾਂ ਦੀ ਭਾਲ ਸ਼ੁਰੂ ਹੋ ਗਈ। ਪਰ ਇਸ ਇਲਾਕੇ ਵਿਚ ਇਸਲਾਮੀ ਭਾਈਚਾਰੇ ਦੇ ਨਾਂ ਉਤੇ ਅੰਗਰੇਜ਼ੀ ਗ਼ਲਬੇ ਤੇ ਈਰਾਨੀ ਹਕੂਮਤ ਵਿਰੁੱਧ ਚੰਗਾ ਵਿਰੋਧ ਉਠ ਖੜਾ ਹੋਇਆ।[1] ਗ਼ਦਰੀਆਂ ਨੇ ਇਸ ਵਿਰੋਧ ਵਿਚੋਂ ਫੌਜ ਜੜਨੀ ਸ਼ੁਰੂ ਕੀਤੀ ਤੇ ਕੁਝ ਬੰਦੇ ਜੋੜਕੇ ਉਹ ਜ਼ਦਾਮਾਰੀ ਕਬੀਲੇ ਵਿਚ ਗਏ। ਏਥੋਂ ਕਸ਼ਮਾਈ ਤੇ ਫੇਰ ਗਰਮਸ਼ੀਰ ਦੇ ਲੋਕਾਂ ਵਿਚ ਪਰਚਾਰ ਕਰਦੇ ਬਗ਼ਾਵਤ ਉਠਾਉਂਦੇ, ਆਪਣੇ ਉਦਾਲੇ ਲਸ਼ਕਰ ਇਕੱਠਾ ਕਰਦੇ ਹਿੰਦੁਸਤਾਨ ਵੱਲ ਨੂੰ ਵਧੀ ਗਏ ਤੇ ਸ਼ੀਰਾਜ਼ ਆ ਪਹੁੰਚੇ।

ਸ਼ੀਰਾਜ਼ ਵਿਚ ਉਹ 1907-9 ਦੀ ਪੰਜਾਬ ਵਿਚ ਅੰਗਰੇਜ਼ ਵਿਰੁੱਧ ਚਲੀ ਲਹਿਰ ਦੇ ਲੀਡਰ ਸੂਫੀ ਅੰਬਾ ਪਰਸ਼ਾਦ ਨੂੰ ਮਿਲੇ। ਉਹ ਸ਼ੀਰਾਜ਼ ਵਿਚ ਗ਼ਦਰ ਪਾਰਟੀ ਦਾ ਨੁਮਾਇੰਦਾ ਬਨਣਾ ਤਾਂ ਮੰਨ ਗਏ, ਪਰ ਫੌਜ ਦਾ ਸਾਥ ਦੇਕੇ ਬਲੋਚਿਸਤਾਨ ਵੱਲ ਜਾਣ ਲਈ ਤਿਆਰ ਨਾ ਹੋਏ। ਏਥੋਂ ਮੌਲਵੀ ਬਰਕਤ ਉਲਾ ਨਾਲ ਜੋੜ ਜੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਸਫਲਤਾ ਨਾ ਹੋਈ। ਸ਼ੀਰਾਜ਼ ਵਿਚ ਗ਼ਦਰ ਪਾਰਟੀ ਦੇ ਹੋਰ ਤਿੰਨ ਸਾਥੀ ਆ ਮਿਲੇ, ਸ੍ਰੀ ਕਿਦਾਰਨਾਥ ਹਰਿਆਣਾ (ਹੁਸ਼ਿਆਰਪੁਰ), ਸ੍ਰੀ ਰਿਸ਼ੀ ਕੇਸ਼ ਲੱਠਾ ਤੇ ਸ੍ਰੀ ਅਮੀਨ ਚੌਧਰੀ। ਇਹ ਵੀ ਸਾਨਫਰਾਂਸਿਸਕੋ ਤੋਂ ਭੇਜੇ ਗਏ ਸਨ। ਏਥੋਂ ਹੋਰ ਬੰਦੇ ਫੌਜ ਵਿਚ ਲੈਕੇ ਬਲੋਚਿਸਤਾਨ ਵਲ ਵਧਣਾ ਸ਼ੁਰੂ ਕੀਤਾ ਗਿਆ। ਸ੍ਰੀ ਬਿਸ਼ਨਦਾਸ ਕੋਛੜ ਨੂੰ ਪੰਜਾਬ ਦੀ ਗ਼ਦਰ ਲਹਿਰ ਨਾਲ ਸੰਬੰਧ ਜੋੜਨ ਤੇ ਉਹਨਾਂ ਨੂੰ ਆਪਣੀ ਕਾਰਗੁਜ਼ਾਰੀ ਦਾ ਪਤਾ ਦੱਸਣ ਲਈ ਬਲੋਚਿਸਤਾਨ ਦੇ ਰਸਤੇ ਪੰਜਾਬ ਨੂੰ ਭੇਜਿਆ ਗਿਆ। ਉਹ ਪੰਜਾਬ ਜਾ ਕੇ ਫੜੇ ਗਏ ਤੇ ਜੇਹਲ ਵਿਚ ਬੰਦ ਕਰ ਦਿਤੇ ਗਏ।[2] ਜਿਸ ਕਰਕੇ ਪੰਜਾਬ ਦੀ ਗ਼ਦਰ ਲਹਿਰ ਨਾਲ ਫਰੰਟ ਦਾ ਜੋੜ ਨਾ ਜੁੜ ਸਕਿਆ।

---

1. ਡਾ. ਖਾਨ ਖੋਜੀ ਤੇ ਫਾਰਨ ਤੇ ਪੋਲੀਟੀਕਲ, (ਜੰਗ) ਅ. ਫਰਵਰੀ 1917, ਕਰਵਾਈ ਨੰ. 21-31
2. ਫਾਰਨ ਤੇ ਪੋਲੀਟੀਕਲ (ਖੁਫੀਆ) ਜਾਸੂਸੀ, ਫਰਵਰੀ 1916, ਕਾਰਵਾਈ ਨੰ. 1-13.

ਇਹ ਗ਼ਦਰੀ ਫੌਜ ਬਲੋਚਿਸਤਾਨ ਦੀ ਹੱਦ ਲਾਗੇ ਪਹੁੰਚ ਗਈ। ਇਸ ਫੌਜੀ ਆਮਦ ਦੀਆਂ ਖ਼ਬਰਾਂ ਅੰਗਰੇਜ਼ੀ ਰਾਜ ਨੂੰ ਲੱਗ ਚੁੱਕੀਆਂ ਸਨ। ਹਿੰਦੁਸਤਾਨ ਵਿਚੋਂ ਬਹੁਤ ਸਾਰੀਆਂ ਫੌਜਾਂ ਜੰਗ ਵਿਚ ਭੇਜ ਦਿਤੀਆਂ ਗਈਆਂ ਸਨ। ਬਹੁਤ ਥੋੜ੍ਹੀਆਂ ਫੌਜਾਂ ਬਾਕੀ ਸਨ। ਉਹ ਵੀ ਅਫਗਾਨਿਸਤਾਨ ਦੀ ਸਰਹੱਦ ਉਤੇ ਪਠਾਣਾਂ ਦੇ ਹਮਲੇ ਨੂੰ ਰੋਕੀ ਰਖਣ ਵਾਸਤੇ ਹੀ ਸਨ। ਬਲੋਚਿਸਤਾਨ ਵਿਚ ਕੋਈ ਫੌਜ ਨਹੀਂ ਸੀ। ਇਲਾਕੇ ਦੀ ਪਛਾੜ ਤੇ ਖਾਨਾਂ ਦੇ ਅੰਗਰੇਜ਼ਾਂ ਦੇ ਹੱਥਾਂ ਉਤੇ ਪਏ ਹੋਣ ਕਰਕੇ ਅੰਗਰੇਜ਼ੀ ਰਾਜ ਨੂੰ ਇਸ ਤੋਂ ਕੋਈ ਖ਼ਤਰਾ ਨਹੀਂ ਸੀ। ਜਦ ਇਹ ਹਿੰਦੀ ਅਜ਼ਾਦੀ ਦੀ ਗ਼ਦਰੀ ਫੌਜ ਆਉਂਦੀ ਦਾ ਪਤਾ ਲੱਗਾ ਤਾਂ ਜਨਰਲ ਸਾਈਕਸ ਨੇ ਬਲੋਚਿਸਤਾਨ ਵਿਚ ਬਲੋਚੀ ਸਰਦਾਰਾਂ ਨੂੰ ਇਕਠਿਆਂ ਕਰਕੇ ਫੌਜ ਬਨਾਉਣੀ ਸ਼ੁਰੂ ਕੀਤੀ।

ਇਹ ਗ਼ਦਰੀ ਫੌਜ ਬਲੋਚਿਸਤਾਨ ਦੀ ਹੱਦ ਉਤਲੇ ਕਰਮਾਨ ਸ਼ਹਿਰ ਉਤੇ ਹਮਲਾਵਰ ਹੋਈ ਤੇ ਅੰਗਰੇਜ਼ੀ ਕੌਂਸਲ ਨੂੰ ਕੈਦ ਕਰਕੇ ਇਸ ਉਤੇ ਆਪਣਾ ਅਧਿਕਾਰ ਜਮਾ ਲਿਆ। ਕਰਮਾਨ ਨੂੰ ਗ਼ਦਰੀ ਫੌਜ ਦਾ ਹੈਡਕਵਾਰਟਰ ਬਣਾ ਲਿਆ ਗਿਆ। ਅੰਗਰੇਜ਼ਾਂ ਨੇ ਗ਼ਦਰੀਆਂ ਨਾਲ ਰਲੇ ਹੋਏ ਤੇ ਅੰਗਰੇਜ਼ੀ ਜਫੇ ਵਿਰੁੱਧ ਉਠ ਖੜੇ ਹੋਏ ਈਰਾਨੀਆਂ ਵਿਚ ਉਲਟਾ ਪਰਚਾਰ ਕਰਨ ਲਈ ਆਗ਼ਾ ਖਾਂ ਦੇ ਭਾਈ ਨੂੰ ਭੇਜਿਆ। ਗ਼ਦਰੀ ਈਰਾਨੀ ਉਸ ਨੂੰ ਗਰਿਫਤਾਰ ਕਰਕੇ ਗ਼ਦਰੀ ਹਾਈ ਕਮਾਂਡ ਪਾਸ ਲੈ ਆਏ। ਉਸ ਨੂੰ ਹਿੰਦੀ ਦੀ ਆਜ਼ਾਦੀ ਨਾਲ ਦੁਸ਼ਮਣੀ ਕਮਾਉਣ ਤੇ ਦੇਸ਼ ਨਾਲ ਗ਼ਦਾਰੀ ਕਰਨ ਦੇ ਅਪਰਾਧ ਵਿਚ ਗੋਲੀ ਮਾਰਕੇ ਨਰਕ ਨੂੰ ਭੇਜ ਦਿਤਾ ਗਿਆ।

ਅਫ਼ਗਿਨਸਤਾਨ ਦੇ ਸੂਬੇ ਸੀਸਤਾਨ ਤੇ ਹਿੰਦੁਸਾਤਨ ਦੇ ਬਲੋਚਿਸਤਾਨ ਥਾਣੀ ਜਨਰਲ ਸਾਈਕਸ ਦੀਆਂ ਫੌਜਾਂ ਇਸ ਗ਼ਦਰੀ ਫੌਜ ਦਾ ਮੁਕਾਬਲਾ ਕਰਨ ਤੇ ਈਰਾਨੀ ਬਗ਼ਾਵਤ ਨੂੰ ਦਬਾਉਣ ਲਈ ਵਧੀਆਂ ਚਲੀਆਂ ਆ ਰਹੀਆਂ ਸਨ। ਇਹ ਅੰਗਰੇਜ਼ੀ ਫੌਜ ਪਹਿਲਾਂ ਦਾਊਦ ਅਲੀ (ਮਨਮਥ ਨਾਥ ਦੱਤ) ਦੀ ਫੌਜੀ ਟੁਕੜੀ ਉਤੇ ਹਮਲਾਵਰ ਹੋਈ। ਇਸ ਲੜਾਈ ਵਿਚ ਦਾਊਦ ਅਲੀ ਗੋਲੀ ਨਾਲ ਜ਼ਖ਼ਮੀ ਹੋ ਕੇ ਡਿਗ ਪਿਆ ਤੇ ਉਸ ਨੂੰ ਚੁਕਕੇ ਹੈਡਕਾਵਰਟਰ ਕਰਮਾਨ ਲਿਆਂਦਾ ਗਿਆ, ਜਿਥੇ ਉਹ ਆਕੇ ਸ਼ਹੀਦ ਹੋ ਗਿਆ। ਪਰ ਇਸ ਲੜਾਈ ਵਿਚ ਗ਼ਦਰੀ ਫੌਜ ਦੀ ਜਿਤ ਹੋਈ ਤੇ ਅੰਗਰੇਜ਼ੀ ਫੌਜ ਨੂੰ ਪਿਛਾਂ ਹਟਣਾ ਪਿਆ। ਇਥੇ ਹੈਡਕਵਾਰਟਰ ਵਿਚ ਖ਼ਬਰ ਆਈ ਕਿ ਇਕ ਹਰਨਾਮ ਸਿੰਘ ਨਾਮ ਦਾ ਹੋਰ ਗ਼ਦਰੀ ਆ ਰਿਹਾ ਸੀ। ਜਦ ਉਹ ਦਾਦਾ ਭਾਈ ਕਰਸਾਸ ਦੇ ਪਾਰਸੀ ਕਬੀਲੇ ਵਿਚ ਆਕੇ ਪਰਚਾਰ ਕਰ ਰਿਹਾ ਸੀ, ਤਾਂ ਉਸ ਕਬੀਲੇ ਵਿਚਲੇ ਅੰਗਰੇਜ਼ੀ ਏਜੰਟਾਂ ਨੇ ਉਸ ਨੂੰ ਜਾਨੋਂ ਮਾਰ ਦਿਤਾ।

ਇਹ ਗ਼ਦਰੀ ਫੌਜ ਅੰਗਰੇਜ਼ੀ ਫੌਜ ਦਾ ਪਿੱਛਾ ਕਰਦੀ ਹੋਈ ਬਲੋਚਿਸਤਾਨ ਅੰਦਰ ਬਮ ਕਰਮਸ਼ੀਰ ਦੇ ਇਲਾਕੇ ਵਿਚ ਜਾ ਵੜੀ। ਬਲੋਚੀ ਜਵਾਨ ਤੇ ਛੋਟੇ ਖਾਨ ਇਸ ਫੌਜ ਨਾਲ ਮਿਲਣ ਲੱਗ ਪਏ। ਏਥੇ ਕਾਬਲ ਵਿਚ ਸਥਾਪਤ ਹੋਈ ਰਾਜਾ ਮਹਿੰਦਰ ਪਰਤਾਪ ਦੀ "ਕੰਮ ਚਲਾਊ ਹਕੂਮਤ" ਵੱਲੋਂ ਪਰਧਾਨ ਮੰਤਰੀ ਮੌਲਵੀ ਬਰਕਤ ਉਲਾ ਦੇ ਦਸਖ਼ਤਾਂ ਹੇਠ ਹਿੰਦ ਦੀ ਅਜ਼ਾਦੀ ਦਾ ਐਲਾਨ ਗ਼ਦਰੀਆਂ ਪਾਸ ਪੁਜ ਗਿਆ। ਇਹਨਾਂ ਨੂੰ ਤੇ ਇਹਨਾਂ ਦੀ ਫੌਜ ਨੂੰ ਵੀ ਖੁਸ਼ੀਆਂ ਹੋਈਆਂ। ਡਾਕਟਰ ਖਾਨ ਖੋਜੀ ਨੇ ਇਹ ਐਲਾਨ ਬਲੋਚਿਸਤਾਨ ਦੇ ਉਸ ਇਲਾਕੇ ਦੇ ਵੱਡੇ ਸਰਦਾਰ ਜੀਹਾਨ ਖ਼ਾਂ ਨੂੰ ਪੜ੍ਹਕੇ ਸੁਣਾਇਆ ਤੇ ਆਖਿਆ ਕਿ ਇਹ ਇਲਾਕਾ ਹੁਣ ਗ਼ਦਰੀ ਫੌਜ ਦਾ ਹੈ, ਅੰਗਰੇਜ਼ਾਂ ਦਾ ਇਸ ਉਤੇ ਕੋਈ ਅਧਿਕਾਰ ਨਹੀਂ। ਉਸ ਇਹ ਐਲਾਨ ਪੜ੍ਹਕੇ ਗ਼ਦਰੀ ਫੌਜ ਦੀ ਤਾਬਿਆਦਾਰੀ ਮੰਨ ਲਈ ਤੇ ਇਹਨਾਂ ਦੇ ਨਾਲ ਹੋ ਗਿਆ। ਗ਼ਦਰੀ ਫੌਜ ਸਮੁੰਦਰ ਦੇ ਕੰਢੇ ਕੰਢੇ

ਕਰਾਚੀ ਵੱਲ ਵਧੀ ਤੇ ਉਹਨੇ ਅਰਬ ਸਾਗਰ ਦੇ ਕਿਨਾਰੇ ਗਵਾਦੋਰ ਤੇ ਦਾਵਰ ਦੇ ਸ਼ਹਿਰਾਂ ਤੇ ਘਾਟਾਂ ਉਤੇ ਕਬਜ਼ਾ ਕਰ ਲਿਆ। ਇਸ ਕਬਜ਼ੇ ਤੋਂ ਬਾਅਦ ਬਮਪੁਰ ਦੇ ਬਲੋਚ ਸਰਦਾਰ ਬਹਿਰਾਮ ਖਾਂ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਦਾ ਐਲਾਨ ਕਰ ਦਿਤਾ ਤੇ ਗ਼ਦਰੀ ਫੌਜ ਦੀ ਸਹਾਇਤਾ ਲਈ ਤਿਆਰ ਹੋ ਗਿਆ।

ਏਨੇ ਚਿਰ ਨੂੰ ਯੋਰਪ ਵਿਚ ਜੰਗ ਦਾ ਪਾਸਾ ਪਰਤਨ ਲੱਗ ਪਿਆ। ਤੁਰਕੀ ਨੂੰ ਹਾਰ ਹੋ ਗਈ ਤੇ ਬਗ਼ਦਾਦ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਗ਼ਦਰੀ ਫੌਜ ਦੀਆਂ ਜਿਤਾਂ ਏਥੇ ਹੀ ਰਹਿ ਗਈਆਂ। ਇਸ ਗ਼ਦਰੀ ਫੌਜ ਦਾ ਪਿੱਛਾ ਟੁਟ ਗਿਆ। ਗੋਲੀ ਗਠਾ ਤੇ ਹਥਿਆਰ ਪਤਾ ਆਉਣਾ ਬੰਦ ਹੋ ਗਿਆ। ਅੰਗਰੇਜ਼ੀ ਫੌਜ ਦਾ ਦਬਾ ਵਧ ਗਿਆ। ਅੰਗਰੇਜ਼ਾਂ ਨੇ ਸਿੰਧੀ ਸਦਾਗਰਾਂ ਨੂੰ ਭੇਜਕੇ ਬਲੋਚੀ ਸਰਦਾਰ ਬਹਿਰਾਮ ਖਾਂ ਨੂੰ ਗ਼ਦਰੀਆਂ ਨਾਲੋਂ ਤੋੜ ਲਿਆ। ਉਹ ਅੰਗਰੇਜ਼ਾਂ ਵੱਲ ਹੋ ਕੇ ਗ਼ਦਰੀ ਫੌਜ ਨਾਲ ਲੜਨ ਲੱਗ ਪਿਆ। ਗ਼ਦਰੀ ਫੌਜ ਨੂੰ ਪਿਛੇ ਹਟਣਾ ਪਿਆ ਤੇ ਉਸ ਨੇ ਸਰਾਏ ਡਗਰ ਤੱਕ ਦਾ ਸਾਰਾ ਇਲਾਕਾ ਖ਼ਾਲੀ ਕਰ ਦਿਤਾ। ਸਰਾਏ ਡਗਰ ਦਾ ਬਹਿਰਾਮ ਖਾਂ ਦੀ ਫੌਜ ਨੇ ਘੇਰਾ ਪਾ ਲਿਆ। ਚੰਗੀ ਗਹਿਗੱਚ ਲੜਾਈ ਹੋਈ। ਗ਼ਦਰੀ ਫੌਜ ਹਥਿਆਰਾਂ ਤੇ ਗੋਲੀ ਸਿੱਕੇ ਦੀ ਘਾਟ ਕਰਕੇ ਹਾਰ ਗਈ। ਇਸ ਹਾਰ ਤੇ ਬਲੋਚੀ ਜਵਾਨ ਵੀ ਗ਼ਦਰੀ ਫੌਜ ਨੂੰ ਛੱਡਕੇ ਚਲੇ ਗਏ।

ਗ਼ਦਰੀ ਸਰਾਏ ਡਗਰ ਤੋਂ ਨਿਕਲ ਕੇ ਬੰਮ ਆ ਗਏ, ਜਿਥੇ ਜੀਹਾਨ ਖਾਂ ਅੰਗਰੇਜ਼ੀ ਫੌਜ ਨਾਲ ਲੜ ਰਿਹਾ ਸੀ। ਅੰਗਰੇਜ਼ੀ ਫੌਜ ਨੇ ਗ਼ਦਰੀਆਂ ਦਾ ਰਾਹ ਕਟ ਦਿਤਾ ਤੇ ਜੀਹਾਨ ਖਾਂ ਨਾਲ ਨਾ ਰਲਣ ਦਿਤਾ। ਗ਼ਦਰੀ ਪਿਛਾਂ ਹਟੇ ਤੇ ਸ਼ੀਰਾਜ਼ ਵੱਲ ਵਧੇ, ਅਗੋਂ ਅੰਗਰੇਜ਼ੀ ਅਫ਼ਸਰਾਂ ਦੀ ਕਮਾਨ ਹੇਠ ਈਰਾਨੀ ਫੌਜ ਰਸਤਾ ਰੋਕ ਖਲੋਤੀ, ਮੋਰਚੇ ਬੰਨ੍ਹਕੇ ਲੜਾਈ ਹੋਈ। ਗ਼ਦਰੀ ਹਾਰ ਗਏ ਤੇ ਜਿਧਰ ਕਿਸੇ ਤੋਂ ਜਾਇਆ ਗਿਆ, ਖਿੰਡ ਪੁੰਡਕੇ ਚਲੇ ਗਏ। ਗ਼ਦਰੀਆਂ ਦੀ ਜਥੇਬੰਦ ਸਤਿਆ ਟੁਟ ਗਈ। ਡਾਕਟਰ ਖਾਨ ਖੋਜੀ ਦਾ ਘੋੜਾ ਮਰਕੇ ਡਿਗ ਪਿਆ। ਡਾਕਟਰ ਵੀ ਲੱਤ ਵਿਚ ਗੋਲੀ ਖਾਕੇ ਫੱਟੜ ਹੋਕੇ ਗਰਿਫ਼ਤਾਰ ਹੋ ਗਏ। ਉਹਨਾਂ ਨੂੰ ਈਰਾਨੀ ਸਿਪਾਹੀ ਕੈਦੀ ਦੀ ਹੈਸੀਅਤ ਵਿਚ ਕਿਤੇ ਦੂਰ ਲੈ ਜਾ ਰਹੇ ਸਨ ਕਿ ਰਾਹ ਵਿਚ ਡਾਕਟਰ ਨੂੰ ਕੈਆਂ ਆਈਆਂ। ਈਰਾਨੀਆਂ ਨੇ ਸਮਝਿਆ ਕਿ ਹੈਜਾ ਹੋ ਗਿਆ, ਉਹ ਡਰਦੇ ਮਾਰੇ ਛੱਡਕੇ ਚਲੇ ਗਏ ਤੇ ਮਰ ਗਏ ਦੀ ਰਪੋਰਟ ਕਰ ਦਿਤੀ।

ਉਹਨਾਂ ਦੇ ਜਾਣ ਤੋਂ ਬਾਅਦ ਡਾਕਟਰ ਉਠੇ ਤੇ ਕਾਫ਼ ਪਹਾੜ ਪਾਰ ਕਰਕੇ ਮੱਧ ਈਰਾਨ ਨੂੰ ਚਲੇ ਗਏ। ਉਹ ਇਕ ਨਰੀਸ ਕਬੀਲੇ ਦੇ ਸਰਦਾਰ ਦੀ ਸਹਾਇਤਾ ਨਾਲ ਨਰੀਸ ਪਹੁੰਚ ਗਏ। ਓਥੋਂ ਪਤਾ ਲੱਗਾ ਕਿ ਸਭ ਗ਼ਦਰੀ ਫੜੇ ਗਏ ਸਨ। ਨਰੀਸ ਦੇ ਈਰਾਨੀ ਗਵਰਨਰ ਦੀ ਸਹਾਇਤਾ ਨਾਲ ਡਾਕਟਰ ਸ਼ੀਰਾਜ਼ ਚਲੇ ਗਏ। ਸੂਫੀ ਅੰਬਾ ਪਰਸ਼ਾਦ ਨੂੰ ਮਿਲੇ। ਏਥੇ ਸ੍ਰੀ ਕਿਦਾਰ ਨਾਥ ਹਰਿਆਣਾ ਵੀ ਆ ਮਿਲੇ। ਅੰਗਰੇਜ਼ੀ ਫੌਜ ਨੇ ਈਰਾਨ ਦੇ ਬਾਕੀ ਦੇ ਬਾਗ਼ੀ ਦਖਣੀ ਇਲਾਕੇ ਨੂੰ ਸਰ ਕਰਕੇ ਸ਼ੀਰਾਜ਼ ਉਤੇ ਹਮਲਾ ਕੀਤਾ। ਗ਼ਦਰੀ ਤੇ ਸੂਫ਼ੀ ਈਰਾਨੀਆਂ ਨਾਲ ਹੋ ਕੇ ਲੜੇ। ਸੂਫ਼ੀ ਅੰਬਾ ਪਰਸ਼ਾਦ ਦੀ ਇਸ ਲੜਾਈ ਵਿਚ ਬਾਂਹ ਕੱਟੀ ਗਈ। ਅੰਗਰੇਜ਼ਾਂ ਦੀ ਜਿੱਤ ਹੋਈ। ਗ਼ਦਰੀ ਭੱਜਕੇ ਕਾਸ਼ਗਾਈ ਆ ਗਏ। ਏਥੇ ਈਰਾਨੀਆਂ ਨੂੰ ਜੋੜਕੇ ਸ਼ੀਰਾਜ਼ ਉਤੇ ਹਮਲਾਵਰ ਹੋਏ। ਪਰ ਅੰਗਰੇਜ਼ੀ ਫੌਜ ਦੀ ਤਾਕਤ ਅੱਗੇ ਪਿਛਾਂ ਹਟਣਾ ਪਿਆ।

ਸ੍ਰੀ ਕਿਦਾਰ ਨਾਥ ਹਰਿਆਣਾ ਤੇ ਸ੍ਰੀ ਬਸੰਤ ਸਿੰਘ ਚੌਂਦਾ ਵੀ ਇਸੇ ਮੁਹਿੰਮ ਵਿਚ

ਅੰਗਰੇਜ਼ੀ ਸਾਮਰਾਜੀ ਹਾਕਮਾਂ ਦੇ ਹੱਥ ਆ ਗਏ ਤੇ ਉਹਨਾਂ ਨੂੰ ਜਾਨੋਂ ਮਾਰ ਦਿਤਾ ਗਿਆ।[1]

ਇਸ ਤਰ੍ਹਾਂ ਆਪਣਾ ਜ਼ੋਰ ਪਿਆ ਤਾਂ ਲੜ ਪਏ, ਦੁਸ਼ਮਨ ਦਾ ਜ਼ੋਰ ਪਿਆ ਤਾਂ ਪਿਛਾਂਹ ਹਟ ਗਏ, ਦੀ ਦੌੜ 1918 ਤਕ ਲੱਗੀ ਰਹੀ। ਪਰ ਹਥਿਆਰ ਨਹੀਂ ਸੁਟੇ ਹੌਸਲੇ ਨਹੀਂ ਛੱਡੇ।

ਅੰਗਰੇਜ਼ੀ ਫੌਜਾਂ ਦੀ ਜਿੱਤ ਤੇ ਤੁਰਕੀ ਤੇ ਜਰਮਨ ਦੇ ਹਥਿਆਰ ਸੁੱਟ ਦੇਣ ਅਤੇ ਜੰਗ ਦੀ ਸੁਲਾਹ ਹੋ ਜਾਣ ਬਾਅਦ ਈਰਾਨੀ ਦਿਲ ਛਡ ਗਏ। ਉਹਨਾਂ ਨੇ ਹਥਿਆਰ ਸੁੱਟ ਦਿਤੇ। ਗ਼ਦਰੀ ਉਥੋਂ ਬੁਖ਼ਤਿਆਰੀ ਕਬੀਲੇ ਵਿਚ ਆ ਗਏ। 1919 ਦੇ ਅਖ਼ੀਰ ਤੇ ਉਹ ਈਰਾਨ ਛਡ ਗਏ।[2]

## ਬੰਕਾਕ ਵਿਚੋਂ ਗਰਿਫਤਾਰੀਆਂ

ਜਰਮਨਾਂ ਨੂੰ ਗ਼ਦਰ ਪਾਰਟੀ ਦੀ ਮਦਦ ਉਤੇ ਆ ਜਾਣ ਦੀ ਇਹ ਸਕੀਮ ਸੁਣਕੇ ਕਈ ਪੰਜਾਬੀ ਤੇ ਬੰਗਾਲੀ ਫਸਲੀ ਇਨਕਲਾਬੀ ਯਾਰ ਖੜੇ ਹੋ ਗਏ, ਗ਼ਦਰ ਆਸ਼ਰਮ ਨੂੰ ਦੌੜੇ ਆਏ ਤੇ ਪਾਰਟੀ ਦੇ ਬੜੇ 'ਸਰਗਰਮ ਕਾਮੇ' ਬਣ ਗਏ। ਇਹਨਾਂ ਵਿਚੋਂ ਕੁਝ ਤਾਂ ਅੰਗਰੇਜ਼ੀ ਹਾਕਮਾਂ ਨੇ ਖ਼ਰੀਦਕੇ ਹੱਥਾਂ ਉਤੇ ਪਾ ਲਏ ਤੇ ਇਹਨਾਂ ਨੂੰ ਲਹਿਰ ਦੀਆਂ ਸਰਗਰਮੀਆਂ ਦਾ ਪਤਾ ਸੁਰ ਰੱਖਣ ਤੇ ਇਸ ਨੂੰ ਅੰਦਰੋਂ ਪਾੜਨ ਤੇ ਨਖੇੜਨ ਲਈ ਵਰਤਿਆ। ਬਾਕੀਆਂ ਨੇ ਗਰਿਫਤਾਰ ਹੋ ਜਾਣ ਉਤੇ ਪੁਲਸ ਦੀ ਦਹਿਸ਼ਤ ਦੇ ਮਾਰੇ ਦਮ ਛਡ ਦਿਤੇ ਤੇ ਜੋ ਝੂਠ ਸੱਚ ਪੁਲਸ ਨੇ ਉਹਨਾਂ ਦੇ ਮੂੰਹ ਵਿਚ ਪਾਇਆ, ਉਹਨਾਂ ਨੇ ਪੁਛ ਪੜਤਾਲ ਦੇ ਸਮੇਂ ਤੇ ਅਦਾਲਤਾਂ ਵਿਚ ਗ਼ਦਰੀਆਂ ਦੇ ਮੂੰਹ ਉਤੇ ਬੜੀ ਬੇਸ਼ਰਮੀ ਨਾਲ ਉਗਲਛ ਦਿਤਾ। ਇਹਨਾਂ ਵਿਚੋਂ ਇਕ ਫਸਲੀ ਇਨਕਲਾਬੀ ਰਾਵਲਪਿੰਡੀ ਦਾ ਭਾਪਾ ਜੋਧ ਸਿੰਘ ਮਹਾਜਨ ਸੀ, ਜਿਸ ਨੇ ਆਪਣਾ ਫਸਲੀ ਨਾਂ ਹਸਨ ਖਾਂ ਰਖ ਲਿਆ ਸੀ। ਦੂਸਰਾ ਸੁਕੁਮਾਰ ਚੈਟਰਜੀ, ਤੀਸਰਾ ਹਰਚਰਨ ਦਾਸ ਤੇ ਇਸੇ ਤਰ੍ਹਾਂ ਦੇ ਕਈ ਹੋਰ ਦਾਅ ਮਾਰ ਲੋਕ ਸਨ। ਭਾਈ ਸੰਤੋਖ ਸਿੰਘ ਤੇ ਸ਼ਿਵਦਿਆਲ ਕੂਪਰ ਨੇ ਜੋਧ ਸਿੰਘ ਮਹਾਜਨ ਨੂੰ ਬੰਕਾਕ ਵਿਚ ਵੇਖਕੇ ਉਸ ਦੀ ਨੀਯਤ ਉਤੇ ਸ਼ੱਕ ਕੀਤਾ ਸੀ।[3]

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੱਛਮੀ ਸਕੀਮ ਤਾਂ ਜਰਮਨੀ ਤੇ ਤੁਰਕੀ ਦੇ ਜੰਗ ਵਿਚ ਹਾਰਦੇ ਜਾਣ ਕਾਰਨ ਸਿਰੇ ਨਾ ਚੜ੍ਹੀ ਤੇ ਸਿਆਮ ਬਰਮਾ ਮੋਰਚੇ ਦੀ ਸਕੀਮ ਅਮਰੀਕਾ ਦੇ ਅੰਗਰੇਜ਼ਾਂ ਨਾਲ ਪਾਏ ਜੰਗੀ ਯਾਰਾਨੇ ਨੇ ਕਾਮਯਾਬ ਨਾ ਹੋਣ ਦਿਤੀ। ਅਮਰੀਕਾ ਦੇ ਇਸ ਆਸਰੇ ਨਾਲ ਅੰਗਰੇਜ਼ੀ ਸਾਮਰਾਜੀ ਇਸ ਹਿੰਦੀ ਇਨਕਲਾਬੀ ਲਹਿਰ ਨੂੰ ਸੋਮੇ (ਅਮਰੀਕਾ ਦੀਪ) ਤੋਂ ਹੀ ਰੋਕਣ ਤੇ ਬੇਕਾਰ ਕਰਨ ਲਈ ਕਾਮਯਾਬ ਕਦਮ ਪੁਟਣ ਤੇ ਪਾਰਟੀ ਲੀਡਰਸ਼ਿਪ ਅੰਦਰ ਘੋਰਨੇ ਬਨਾਉਣ ਵਿਚ ਸਫਲ ਹੋ ਗਏ। ਇਹਨਾਂ ਘੋਰਨਿਆਂ ਨਾਲ ਪਾਰਟੀ ਅੰਦਰ ਲੱਗੀ ਸੰਨ੍ਹ ਨੇ ਸਿਆਮ ਬਰਮਾ ਮੋਰਚੇ ਦਾ ਸਤਿਆਨਾਸ ਕਰ ਦਿਤਾ।

ਰਾਮ ਚੰਦ ਨੇ ਦੇਸ਼ ਜਾਣ ਲਈ ਗ਼ਦਰ ਆਸ਼ਰਮ ਵਿਚ ਆਉਣ ਵਾਲੇ ਸਭ ਗ਼ਦਰੀਆਂ ਨੂੰ ਸਿਆਮ ਵਿਚ ਬੰਕਾਕ ਜਾਣ ਦੇ ਹੁਕਮ ਦੇਣੇ ਸ਼ੁਰੂ ਕੀਤੇ।[4] ਇਸ ਸਕੀਮ ਵਿਚ ਸਭ ਤੋਂ ਪਹਿਲਾ

---

1. ਡਾ. ਖਾਨਖੋਜੀ ਦਾ ਬਿਆਨ
2. ਉਤਲਿਖਤ ਤੇ ਸੁੰਦਰ ਸਿੰਘ ਦਾ ਬਿਆਨ
3. 'ਗ਼ਦਰ ਸਾਜ਼ਿਸ਼ ਦੀ ਵਿਥਿਆ', ਸਫ਼ਾ 133
4. ਹਰਦਿੱਤ ਸਿੰਘ, ਚੈਨਚੈਈਆ ਤੇ ਹਰੀ ਸਿੰਘ (ਬਾਬਾ ਉਸਮਾਨ) ਦੇ ਬਿਆਨ

ਗਰੁੱਪ ਸ੍ਰੀ ਦਰਸੀ ਚੈਨਚੈਈਆ, ਸੁਕੁਮਾਰ ਚੈਟਰਜੀ ਤੇ ਜੋਧ ਸਿੰਘ ਦਾ ਸੀ। ਜੋਧ ਸਿੰਘ ਇਸ ਗਰੁਪ ਦਾ ਲੀਡਰ ਸੀ। ਇਹ ਜੂਨ 1915 ਦੇ ਮਹੀਨੇ ਸਾਨਫਰਾਂਸਿਸਕੋ ਤੋਂ ਚਲਕੇ ਅੱਧ ਜੁਲਾਈ ਤੋਂ ਬਾਅਦ ਬੰਕਾਕ ਆ ਗਏ। ਰਾਹ ਵਿਚ ਮਨੀਲੇ ਦੇ ਜਰਮਨ ਕੌਂਸਲ ਨੂੰ ਮਿਲੇ, ਜਿਸ ਦੇ ਨਾਮ ਰਾਮ ਚੰਦ ਨੇ ਤਿੰਨ ਚਿੱਠੀਆਂ ਭੇਜੀਆਂ ਸਨ। ਕੌਂਸਲ ਵਿਚ ਤਿੰਨ ਜਰਮਨ ਫੌਜੀ ਅਫ਼ਸਰਾਂ ਨੇ ਇਹਨਾਂ ਨੂੰ ਸਾਰਾ ਕੰਮ ਸਮਝਾਇਆ, ਕਿ ਬੰਕਾਕ ਜਾਕੇ ਸਿਆਮ ਵਿਚ ਅਮਰੀਕਾ ਤੇ ਪੂਰਬੀ ਏਸ਼ੀਆ ਦੇ ਟਾਪੂਆਂ ਵਿਚੋਂ ਆ ਰਹੇ ਰੰਗਰੂਟਾਂ ਨੂੰ ਸਾਂਭਣ, ਉਹਨਾਂ ਨੂੰ ਸਿਆਮ ਵਿਚ ਰੇਲਾਂ ਬਣਾ ਰਹੇ ਜਰਮਨਾਂ ਪਾਸੋਂ ਫੌਜੀ ਸਿਖਲਾਈ ਕਰਵਾਉਣ ਤੇ ਜਰਮਨਾਂ ਤੋਂ ਹੀ ਅਸਲਾਹ ਦਿਵਾਕੇ ਇਹਨਾਂ ਵਾਲੰਟੀਅਰਾਂ ਨੂੰ ਸਿਆਮ ਤੋਂ ਬਰਮਾ ਨੂੰ ਲੰਘਾ ਦੇਣ। ਏਥੇ ਇਕ ਜਹਾਜ਼ ਅਮਰੀਕਾ ਤੋਂ ਹਥਿਆਰ ਤੇ ਦਾਰੂ ਸਿਕਾ ਲੈ ਕੇ ਆਉਣਾ ਸੀ, ਜਿਸ ਦੇ ਸਾਮਾਨ ਨੂੰ ਸਿਆਮ ਦੇ ਗ਼ਦਰੀ ਵਰਕਰਾਂ ਨੇ ਸੰਭਾਲਣਾ ਤੇ ਇਹਨਾਂ ਵਾਲੰਟੀਅਰਾਂ ਨੂੰ ਇਸ ਨਾਲ ਲੈਸ ਕਰਕੇ ਬਰਮਾ ਦੇ ਮੋਰਚੇ ਨੂੰ ਭੇਜਣਾ ਸੀ।

ਇਹ ਤਿੰਨੇ ਬੰਕਾਕ ਪਹੁੰਚ ਗਏ। ਇਹਨਾਂ ਦੇ ਮਗਰੇ ਮਗਰ ਭਾਈ ਬਲਵੰਤ ਸਿੰਘ ਗਰੰਥੀ ਵੈਨਕੋਵਰ ਤੇ ਭਾਈ ਠਾਕਰ ਸਿੰਘ ਕਾਲਾ ਸੰਘਾ ਸ਼ੰਘਾਈ ਤੋਂ ਆ ਗਏ। ਥੋੜੇ ਹੀ ਦਿਨਾਂ ਬਾਅਦ ਬਰਮਾ ਤੋਂ ਭਾਈ ਸੰਤੋਖ ਸਿੰਘ ਨਾਲੋਂ ਹਟ ਕੇ ਸ਼ਿਵ ਦਿਆਲ ਕਪੂਰ ਵੀ ਪਹੁੰਚ ਗਏ, ਜਿਨ੍ਹਾਂ ਨੇ ਦਸਿਆ ਕਿ ਬਰਮਾ ਵਿਚ ਹਿੰਦੀ ਫੌਜਾਂ ਗ਼ਦਰ ਦਾ ਸਾਥ ਦੇਣਗੀਆਂ। ਏਥੇ ਆਉਂਦਿਆਂ ਹੀ ਅਗੇ ਸੀ.ਆਈ.ਡੀ. ਤਿਆਰ ਖੜੀ ਸੀ। ਪਤਾ ਨਹੀਂ ਉਸ ਨੂੰ ਕਿਵੇਂ ਇਹਨਾਂ ਦੇ ਆਉਣ ਦਾ ਪਤਾ ਚੱਲ ਗਿਆ। ਇਕ ਬੁਢਾ ਜਿਹਾ ਸੀ.ਆਈ.ਡੀ. ਦਾ ਸਿੱਖ ਗ਼ਦਰੀ ਬਣਕੇ ਇਹਨਾਂ ਨਾਲ ਘਿਓ ਘਿਚੜੀ ਹੋ ਗਿਆ ਤੇ ਸੁਕੁਮਾਰ ਚੈਟਰਜੀ ਕੋਲੋਂ ਸਭ ਗੱਲਾਂ ਕਢ ਲੈ ਗਿਆ।[1] ਭਾਈ ਬਲਵੰਤ ਸਿੰਘ ਤਾਂ ਆਉਂਦੇ ਹੀ ਬੀਮਾਰ ਹੋ ਗਏ ਤੇ ਹਸਪਤਾਲ ਦਾਖ਼ਲ ਸਨ। ਇਹਨਾਂ ਦੀਆਂ ਗਰਿਫਤਾਰੀਆਂ ਵਿਚ ਉਹੀ ਪੰਜ ਸੱਤ ਦਿਨ ਦਾ ਅਟਕਾ ਹੋਇਆ, ਜਿੰਨੇ ਦਿਨ ਅੰਗਰੇਜ਼ੀ ਪੁਲਸ ਅਫਸਰਾਂ ਦੇ ਸਿਆਮ ਦੀ ਸਰਕਾਰ ਨੂੰ ਇਹਨਾਂ ਦੀਆਂ ਗਰਿਫਤਾਰੀਆਂ ਲਈ ਮਨਾਉਣ ਤੇ ਗਰਿਫਤਾਰ ਕਰਕੇ ਸਿੰਘਾਪੁਰ ਲੈ ਜਾਣ ਦੀ ਆਗਿਆ ਲੈਣ ਵਿਚ ਲੱਗੇ। ਬਸ ਇਕੋ ਰਾਤ ਭਾਈ ਬਲਵੰਤ ਸਿੰਘ ਹਸਪਤਾਲੋਂ, ਭਾਈ ਠਾਕਰ ਸਿੰਘ, ਸ਼ਿਵਦਿਆਲ ਕਪੂਰ, ਚੈਨਚੈਈਆ ਤੇ ਬਾਕੀ ਕਈ ਜਣੇ ਗਰਿਫਤਾਰ ਕਰ ਲਏ ਗਏ ਤੇ ਸਿੰਘਾਪੁਰ ਭੇਜ ਦਿਤੇ ਗਏ।[2] ਇਹਨਾਂ ਤੋਂ ਇਲਾਵਾ ਸਿਆਮ ਵਿਚਲੇ ਹਿੰਦੀ ਗ਼ਦਰੀ ਵੀ ਬਰਮਾ ਨੂੰ ਜਾਂਦੇ ਹੋਏ ਹੱਦ ਉਤੋਂ ਜਾਂ ਰਾਹ ਵਿਚ ਫੜ ਲਏ ਗਏ। ਜਿਨ੍ਹਾਂ ਵਿਚੋਂ ਭਾਈ ਬੁਢਾ ਸਿੰਘ, ਚਾਲੀਆ ਰਾਮ, ਬਾਬੂ ਅਮਰ ਸਿੰਘ, ਇੰਦਰ ਸਿੰਘ, ਗੋਪਾਲ ਸਿੰਘ, ਮੂਲ ਚੰਦ (ਮੁਜਤਬਾ ਹੁਸੈਨ), ਸੀਤਾ ਰਾਮ, ਚੇਤ ਰਾਮ ਆਦਿ ਨਾਮ ਵਰਨਣਯੋਗ ਹਨ। ਬਾਅਦ ਵਿੱਚ ਜ਼ੋਰ ਪਾਕੇ ਅੰਗਰੇਜ਼ੀ ਪੁਲਸ ਨੇ ਜਰਮਨਾਂ ਨੂੰ ਫੜ ਲਿਆ ਤੇ ਆਸਾਮ ਵਿਚੋਂ ਇਸ ਕੰਮ ਦਾ ਟੈਂਟਾ ਹੀ ਖ਼ਤਮ ਕਰ ਦਿਤਾ।[3]

---

1. ਹੋਮ (ਪੋਲੀਟੀਕਲ) ਅ. ਅਕਤੂਬਰ 1915, ਕਾਰਵਾਈ ਨੰ. 369–74
2. ਦਰਸੀ ਚੈਨਚੈਈਆ ਦਾ ਬਿਆਨ ਤੇ ਹੋਮ (ਪੋਲੀਟੀਕਲ) ਅ. ਸਤੰਬਰ 1915, ਕਾਰਵਾਈ ਨੰ. 504–21
3. ਹੋਮ (ਪੋਲੀਟੀਕਲ) ਅ. ਮਾਰਚ 1916, ਕਾਰਵਾਈ ਨੰ. 460; ਅਪਰੈਲ 1916, ਕਾਰਵਾਈ ਨੰ. 336–37 ਅ. ਅਤੇ ਮਈ 1916 ਕਾਰਵਾਈ ਨੰ. 378–39 ਅ

ਸਿੰਘਾਪੁਰ ਅੰਗਰੇਜ਼ੀ ਸਾਮਰਾਜ ਨੇ ਗ਼ਦਰੀਆਂ ਵਾਸਤੇ ਕਸਾਈ ਘਰ ਬਣਾਇਆ ਹੋਇਆ ਸੀ, ਜਿੱਥੇ ਦੂਰ ਪੂਰਬ ਵਿੱਚੋਂ ਗਰਿਫਤਾਰ ਕਰਕੇ ਗ਼ਦਰੀਆਂ ਨੂੰ ਲਿਆਂਦਾ, ਤਸੀਹੇ ਦਿੱਤੇ ਤੇ ਕੋਹਿਆ ਜਾਂਦਾ। ਉਸ ਗ਼ਦਰੀ ਪੰਜਵੀਂ ਪਲਟਨ ਦੀਆਂ ਬਾਰਕਾਂ ਦੀ ਹਵਾਲਾਤ ਬਣਾਈ ਹੋਈ ਸੀ। ਇਹਨਾਂ ਹਵਾਲਾਤੀਆਂ ਉਤੇ ਪੁੱਛ ਪੜਤਾਲ ਤੇ ਜ਼ੁਲਮ ਕਮਾਉਣ ਲਈ ਆਅਲਾ ਅੰਗਰੇਜ਼ ਅਫ਼ਸਰ ਤੇ ਹੇਠਲਾ ਕੀਨਖਾਨਾ ਸਾਰਾ ਪੰਜਾਬ ਪੁਲਸ ਦਾ ਸੀ, ਜੋ ਮਾਲਕ ਦੀ ਸੇਵਾ ਵਿੱਚ ਅੰਨ੍ਹਾ ਹੋਇਆ ਇਹਨਾਂ ਗ਼ਦਰੀ ਸੂਰਮਿਆਂ ਉੱਤੇ ਕੋਈ ਜ਼ੁਲਮ ਤੇ ਅਤਿਆਚਾਰ ਕਰਨ ਤੋਂ ਝਕਦਾ ਨਹੀਂ ਸੀ। ਬੰਕਾਕ ਤੋਂ ਫੜਕੇ ਲਿਆਂਦੇ ਗ਼ਦਰੀਆਂ ਨੂੰ ਛੇ ਮਹੀਨੇ ਏਸ ਕਤਲਗਾਹ ਵਿੱਚ ਰੱਖਕੇ ਤਸੀਹੇ ਦਿੱਤੇ ਗਏ। ਤਰ੍ਹਾਂ ਤਰ੍ਹਾਂ ਦੇ ਜ਼ੁਲਮ, ਡਰਾਵੇ ਦੇ ਲਾਲਚ ਦੇ ਕੇ ਤੇ ਭਰਮ ਭੁਲੇਖੇ ਪਾਕੇ ਇਹਨਾਂ ਦੇ ਇਨਕਲਾਬੀ ਨਿਸਚੇ ਨੂੰ ਤੋੜਨ, ਉਦੋਂ ਤੱਕ ਨਾ ਫੜੇ ਜਾ ਚੁੱਕੇ ਗ਼ਦਰੀਆਂ ਦੇ ਥਹੁ ਪਤਾ ਦੱਸਣ, ਪਾਰਟੀ ਦੇ ਗੁਪਤ ਅੱਡਿਆਂ ਦਾ ਭੇਤ ਖੋਲ੍ਹਣ, ਨਾਲ ਦੇ ਰਹਿੰਦਿਆਂ ਨੂੰ ਗਰਿਫਤਾਰ ਕਰਵਾ ਦੇਣ ਤੇ ਆਪਣੇ ਭਰਾਵਾਂ ਉਤੇ ਗਵਾਹੀਆਂ ਦੇਣ ਲਈ ਮਜਬੂਰ ਕੀਤਾ ਜਾਂਦਾ ਰਿਹਾ। ਪਰ ਜੋਧ ਸਿੰਘ, ਹਰਚਰਨ ਦਾਸ ਤੇ ਚੈਟਰਜੀ ਤੋਂ ਬਿਨਾਂ ਬਾਕੀ ਸਾਰੇ ਅੜੇ ਰਹੇ ਤੇ ਉਹਨਾਂ ਨੇ ਪੁਲਸ ਦੀ ਕੋਈ ਗੱਲ ਨਾ ਮੰਨੀ ਤੇ ਨਾ ਪਾਰਟੀ ਦੇ ਭੇਤ ਖੋਲ੍ਹੇ।

ਆਖਰ ਇੱਕ ਦਿਨ ਇਹਨਾਂ ਨੂੰ ਝੂਠੇ ਮੂਠੇ ਕੋਰਟ ਮਾਰਸ਼ਲ ਦੇ ਪੇਸ਼ ਕੀਤਾ ਗਿਆ, ਜਿਸ ਨੇ ਕਿਹਾ ਕਿ ਸਭ ਕੁਝ ਦੱਸ ਦਿਉ ਨਹੀਂ ਤਾਂ ਮੌਤ ਦੀ ਸਜ਼ਾ ਦੇ ਦਿਆਂਗੇ। ਭਾਈ ਬਲਵੰਤ ਸਿੰਘ ਖੁਰਦਪੁਰੀ ਨੂੰ ਸਭ ਤੋਂ ਮੋਹਰੇ ਰੱਖਦੇ ਸਨ। ਕੁਟਣ ਮਾਰਨ ਵਿੱਚ ਵੀ ਤੇ ਪੁੱਛ ਪੜਤਾਲ ਵਿੱਚ ਵੀ। ਭਾਈ ਦੇ ਨਾਂਹ ਕਰਨ ਉਤੇ ਸਾਰੇ ਨਾਂਹ ਕਰ ਗਏ। ਭਾਈ ਬਲਵੰਤ ਸਿੰਘ, ਠਾਕਰ ਸਿੰਘ, ਸ਼ਿਵਦਿਆਲ ਕਪੂਰ ਤੇ ਚੈਨਚੈਈਆ ਆਦਿ ਨੂੰ ਗੋਲੀ ਮਾਰਕੇ ਮਾਰ ਦੇਣ ਦੀ ਸਜ਼ਾ ਸੁਣਾ ਦਿੱਤੀ ਗਈ। ਤੀਸਰੇ ਦਿਨ ਇਹਨਾਂ ਨੂੰ ਵਾਰੀ ਵਾਰੀ ਗੋਲੀ ਮਾਰਨ ਵਾਲੇ ਕਮਰੇ ਵਿੱਚ ਲਿਜਾਇਆ ਗਿਆ। ਲਿਜਾਣ ਤੋਂ ਪਹਿਲਾਂ ਉਹ ਹਰ ਇੱਕ ਨੂੰ ਆਪਣਾ ਹੱਠ ਛੱਡਣ ਵਾਸਤੇ ਪੁੱਛਦੇ, ਪਰ ਸਭ ਨਾਂਹ ਕਰ ਦਿੰਦੇ ਰਹੇ। ਪਹਿਲਾਂ ਭਾਈ ਬਲਵੰਤ ਸਿੰਘ ਨੂੰ ਲੈ ਗਏ। ਉਸ ਕਮਰੇ ਵਿੱਚੋਂ ਗੋਲੀ ਚਲਣ ਦੀ ਆਵਾਜ਼ ਆਈ। ਇਸੇ ਤਰ੍ਹਾਂ ਵਾਰੀ ਵਾਰੀ ਦੂਸਰਿਆਂ ਨੂੰ ਲੈ ਗਏ ਤੇ ਹਰ ਇੱਕ ਦੇ ਜਾਣ ਤੋਂ ਬਾਅਦ ਗੋਲੀ ਚੱਲਣ ਦੀ ਆਵਾਜ਼ ਆਉਂਦੀ ਰਹੀ। ਕਮਰੇ ਵਿੱਚ ਸ਼ਰੌਪਸ਼ਾਇਰ ਪਲਟਨ ਦੇ ਸਿਪਾਹੀ ਰਫਲਾਂ ਤਾਣੀ ਖੜੇ ਸਨ। ਗ਼ਦਰੀਆਂ ਨੂੰ ਉਹਨਾਂ ਦੇ ਸਾਹਮਣੇ ਵਾਲੀ ਕੰਧ ਵੱਲ ਮੂੰਹ ਕਰਾਕੇ ਖੜਾ ਕਰ ਲੈਂਦੇ ਤੇ ਗੋਲੀ ਉਪਰ ਨੂੰ ਚਲਾ ਦਿੰਦੇ, ਤਾਂ ਜੋ ਦੂਸਰੇ ਬਾਹਰ ਬੈਠੇ ਗ਼ਦਰੀ ਸਮਝਣ ਕਿ ਉਹ ਮਾਰ ਦਿੱਤਾ ਗਿਆ ਹੈ ਤੇ ਡਰਕੇ ਸਭ ਕੁਝ ਦੱਸ ਦੇਣ। ਪਰ ਇਹ ਡਰਾਵਾ ਸੱਚੇ ਗ਼ਦਰੀਆਂ ਦੇ ਨਿਸਚੇ ਨੂੰ ਨਾ ਤੋੜ ਸਕਿਆ। ਪਰ ਜੋਧ ਸਿੰਘ ਤੇ ਚੈਟਰਜੀ ਇਸ ਨੇ ਸੁੱਟ ਲਏ, ਜੋ ਫੜੀਚਦਿਆਂ ਹੀ ਸਭ ਕੁਝ ਦੱਸ ਬੈਠੇ ਸਨ। ਇਸ ਪਖੰਡ ਨੇ ਉਹ ਗਵਾਹੀਆਂ ਦੇਣ ਲਈ ਤਿਆਰ ਕਰ ਲਏ। ਜੋਧ ਸਿੰਘ ਦਾ ਬਿਆਨ ਤਾਂ ਬਹੁਤ ਨੁਕਸਾਨ ਪੁਚਾਊ ਸਾਬਤ ਹੋਇਆ ਤੇ ਸਾਨਫਰਾਂਸਿਸਕੋ ਤੇ ਸ਼ਿਕਾਗੋ ਦੇ ਅਮਰੀਕੀ ਮੁਕੱਦਮਿਆਂ ਵਿੱਚ ਵੀ ਵਰਤਿਆ ਗਿਆ।[1]

---

1. ਦਰਸੀ ਚੈਨਚੈਯਾ ਦਾ ਬਿਆਨ

## ਹਥਿਆਰਾਂ ਵਾਲੇ ਜਹਾਜ਼ ਦੀ ਵਾਰਤਾ

ਰਾਮ ਚੰਦ ਨੇ ਜਰਮਨ ਕੌਂਸਲ ਦੀ ਹਦਾਇਤ ਉੱਤੇ ਭਾਈ ਹਰੀ ਸਿੰਘ ਬਦੋਵਾਲ, ਜਿਸ ਨੂੰ ਅੱਜ ਬਾਬਾ ਉਸਮਾਨ ਆਖਿਆ ਜਾਂਦਾ ਹੈ) ਹਰਨਾਮ ਸਿੰਘ ਸੁਨਾਰ, ਗੰਭੀਰ ਸਿੰਘ ਯੋ..ਮੰਗੂ ਆਦਧਰਮੀ ਗੜ੍ਹਸ਼ੰਕਰ ਤੇ ਹਰਚਰਨ ਦਾਸ ਦੀ ਡਿਊਟੀ ਲਾਈ, ਕਿ ਉਹ ਉਸ ਜਹਾਜ਼ ਵਿੱਚ ਜਾਣ, ਜਿਸ ਨੇ ਹਥਿਆਰ ਪਤਾ ਲੈ ਕੇ ਸਿਆਮ ਦੇ ਮੋਰਚੇ ਉਤੇ ਪੁਚਾਉਣਾ ਸੀ। ਇਸ ਕੰਮ ਵਾਸਤੇ ਜਰਮਨ ਕੌਂਸਲ ਨੇ 16 ਮਾਰਚ, 1915 ਨੂੰ ਸਟੈਂਡਰਡ ਆਇਲ ਕੰਪਨੀ ਪਾਸੋਂ 'ਮਾਵੇਰਿਕ' ਨਾਮ ਦਾ ਇੱਕ ਤੇਲ ਢੋਣ ਵਾਲਾ ਪੁਰਾਣਾ ਜਹਾਜ਼ ਖਰੀਦਿਆ, ਜੋ ਮੁਰੰਮਤ ਕਰਵਾਕੇ ਸਮੁੰਦਰ ਵਿੱਚ ਜਾਣ ਲਈ ਤਿਆਰ ਕਰ ਲਿਆ ਗਿਆ। ਇਸ ਨੂੰ ਅੰਗਰੇਜ਼ਾਂ ਦੀ ਚੁੱਕ ਵਿੱਚ ਆ ਚੁੱਕੀ ਅਮਰੀਕੀ ਹਕੂਮਤ ਦੀਆਂ ਨਿਗਾਹਾਂ ਤੋਂ ਬਚਾਉਣ ਵਾਸਤੇ ਮਾਵੇਰਿਕ ਸਟੀਮਸ਼ਿਪ ਕੰਪਨੀ ਨਾਂ ਦੀ ਇੱਕ ਝੂਠੀ ਮੂਠੀ ਕੰਪਨੀ ਬਣਾਈ ਗਈ, ਜਿਸਨੇ ਆਪਣਾ ਇਹ ਮਨੋਰਥ ਰਜਿਸਟਰ ਕਰਵਾਇਆ ਕਿ ਕੰਪਨੀ ਜਾਵਾ ਤੋਂ ਗਰੀ ਦਾ ਤੇਲ ਲਿਆਕੇ ਅਮਰੀਕਾ ਵਿੱਚ ਵੇਚਿਆ ਕਰੇਗੀ। ਅੰਗਰੇਜ਼ੀ ਜਾਸੂਸਾਂ ਤੋਂ ਲੁਕਾਕੇ ਰੱਖਣ ਲਈ ਇਹ ਵਿਉਂਤ ਬਣਾਈ ਗਈ ਕਿ ਇਹ ਜਹਾਜ਼ ਸਿੱਧਾ ਘਾਟ ਉੱਤੋਂ ਆਪ ਹਥਿਆਰ ਨਾ ਲੱਦੇ, ਸਗੋਂ ਕੋਈ ਹੋਰ ਜਹਾਜ਼ ਹਥਿਆਰ ਲਿਆ ਕੇ ਇਸ ਨੂੰ ਅਮਰੀਕਾ ਦੇ ਕੰਢੇ ਤੋਂ ਸੈਂਕੜੇ ਕੋਹਾਂ ਦੂਰ ਸਮੁੰਦਰ ਵਿੱਚ ਤੁਰੇ ਜਾਂਦੇ ਨੂੰ ਜਾ ਦੇਵੇ। ਇਸ ਮਕਸਦ ਵਾਸਤੇ 'ਐਨੀ ਲਾਰਸਨ' ਨਾਮ ਦਾ ਛੋਟਾ ਜਿਹਾ ਜਹਾਜ਼ ਕਰਾਏ ਉੱਤੇ ਲਿਆ ਗਿਆ, ਜੋ ਕੈਲੇਫੋਰਨੀਆ ਦੇ ਦੱਖਣ ਵਿੱਚ ਸਾਨ ਡੀਗੋ ਦੇ ਪੱਤਣ ਉੱਤੇ ਖੜਾ ਸੀ।

ਨਿਊਯਾਰਕ ਤੇ ਫਿਲਾਡੈਲਫੀਆ ਤੋਂ ਗਿਆਰਾਂ ਗੱਡੇ ਹਥਿਆਰਾਂ (ਪੰਦਰਾਂ ਹਜ਼ਾਰ ਰਫ਼ਲਾਂ ਤੇ ਪਿਸਤੌਲ[1]) ਤੇ ਦਾਰੂ ਸਿੱਕੇ ਦੇ ਖ਼ਰੀਦੇ ਗਏ। ਪੱਜ ਇਹ ਲਾਇਆ, ਕਿ ਮੈਕਸੀਕੋ ਦੀ ਖਾਨਾਜੰਗੀ ਵਿੱਚ ਅਮਰੀਕਨ ਧੜੇ ਦੀ ਇਮਦਾਦ ਵਾਸਤੇ ਜਾਣੇ ਹਨ। ਇਹ ਅਸਲਾਹ ਸਾਨਡੀਗੋ ਦੇ ਪੱਤਣ ਉੱਤੇ ਲਿਆਕੇ ਐਨੀ ਲਾਰਸਨ ਵਿੱਚ ਲੱਦਿਆ ਗਿਆ, ਜੋ 6 ਮਾਰਚ 1915 ਨੂੰ ਏਥੋਂ ਤੁਰਿਆ। ਇਸ ਨੇ ਮੈਕਸੀਕੋ ਦੇ ਕੰਢੇ ਤੋਂ ਦੋ ਕੁ ਸੌ ਮੀਲ ਦੂਰ ਹਟਕੇ ਸੋਕੋਰਨੋ ਟਾਪੂ ਵਿੱਚ ਖੜੇ ਮਾਵੇਰਿਕ ਜਹਾਜ਼ ਨੂੰ ਇਹ ਅਸਲਾਹ ਦੇਣਾ ਸੀ। ਮਾਵੇਰਿਕ ਲੇਟ ਹੋ ਗਿਆ, ਨਾ ਆਇਆ। ਇਸ ਨੇ ਉਸ ਦਾ ਤਿੰਨ ਹਫਤੇ ਇੰਤਜ਼ਾਰ ਕੀਤਾ। ਏਥੇ ਖੜਿਆਂ ਖੜਿਆਂ ਇਸ ਦਾ ਅੰਨ ਪਾਣੀ ਮੁਕਣ ਲੱਗਾ ਤਾਂ ਇਹ ਅਮਰੀਕਾ ਦੇ ਪੱਤਣ ਵੱਲ ਆ ਗਿਆ। ਇਸ ਨੂੰ ਮਾਵੇਰਿਕ ਦੀ ਤਲਾਸ਼ ਵਿੱਚ ਪੱਤਣੋ ਪੱਤਣੀ ਘੁੰਮਦਿਆਂ ਵੇਖਕੇ ਅਮਰੀਕੀ ਹਾਕਮਾਂ ਨੂੰ ਸ਼ੱਕ ਹੋ ਗਿਆ ਤੇ ਉਹਨਾਂ ਨੇ ਇਸ ਨੂੰ ਵਾਸ਼ਿੰਗਟਨ ਰਿਆਸਤ ਦੇ ਹਾਕੀਅਮ ਪੱਤਣ ਉਤੇ ਲੱਗੇ ਨੂੰ ਕੈਦ ਕਰ ਲਿਆ।[2]

ਮਾਵੇਰਿਕ ਨੂੰ ਮੁਰੰਮਤ ਕਰਵਾਉਂਦਿਆਂ ਦੇਰ ਹੋ ਗਈ। ਜਦ ਉਹ ਸੋਕੋਰਨੋ ਪਹੁੰਚਿਆ ਤਾਂ ਓਥੇ ਐਨੀ ਲਾਰਸਨ ਨਹੀਂ ਸੀ। ਮੱਛੀਆਂ ਫੜਨ ਵਾਲਿਆਂ ਤੋਂ ਪਤਾ ਲੱਗਾ, ਉਹ ਕਈ ਦਿਨ ਏਥੇ ਠਹਿਰ ਕੇ ਚਲਾ ਗਿਆ ਹੈ। ਵਾਪਸ ਆਕੇ ਸਾਨਫਰਾਂਸਿਸਕੋ ਦੇ ਜਰਮਨ ਕੌਂਸਲ ਨੂੰ ਦਸਿਆ ਗਿਆ। ਉਸ ਨੇ ਐਨੀ ਲਾਰਸਨ ਦੀ ਸਮੁੰਦਰ ਵਿੱਚ ਤਲਾਸ਼ ਕਰਨ ਲਈ ਆਖਿਆ, ਕਿ ਜਿੱਥੇ ਮਿਲ ਜਾਏ, ਉਸ ਪਾਸੋਂ ਅਸਲਾਹ ਲੈ ਕੇ ਸਿਆਮ ਨੂੰ ਜਾਓ। ਦੋਵੇਂ ਜਹਾਜ਼ ਇਕ ਦੂਸਰੇ ਦੀ ਭਾਲ

---

1. ਬਾਬਾ ਹਰੀ ਸਿੰਘ ਉਸਮਾਨ ਦਾ ਬਿਆਨ
2. 'ਸਾਨਫਰਾਂਸਿਸਕੋ ਅਗਜ਼ਾਮੀਨਰ', 23 ਨਵੰਬਰ 1917

ਵਿੱਚ ਅਮਰੀਕਨ ਸਮੁੰਦਰਾਂ ਵਿੱਚ ਘੁੰਮਣ ਲੱਗੇ। ਜਹਾਜ਼ਾਂ ਦੀ ਇਸ ਅਵਾਰਾਗਰਦੀ ਦਾ ਅਮਰੀਕਨ ਹਾਕਮਾਂ ਨੂੰ ਪਤਾ ਲੱਗ ਗਿਆ। ਐਨੀ ਲਾਰਸਨ ਤਾਂ ਹਾਕੀਅਮ ਦੇ ਪੱਤਣ ਉਤੇ ਕੈਦ ਕਰ ਲਿਆ ਤੇ ਮਾਵੇਰਿਕ ਏਸ਼ੀਆ ਨੂੰ ਚਲਿਆ ਗਿਆ। ਏਸ਼ੀਆ ਵਲ ਗਿਆਂ ਇਸ ਦੇ ਪਿੱਛੇ ਅੰਗਰੇਜ਼ੀ ਜੰਗੀ ਜਹਾਜ਼ ਪੈ ਗਏ। ਕਈਆਂ ਦਿਨਾਂ ਦੀ ਭੱਜ ਦੌੜ ਤੇ ਖਜਲ ਖਵਾਰੀ ਤੋਂ ਬਾਅਦ ਇਹ ਜਹਾਜ਼ ਜਾਵਾ ਦੇ ਪਾਣੀਆਂ ਵਿੱਚ ਜਾ ਵੜਿਆ। ਅੰਗਰੇਜ਼ੀ ਜਹਾਜ਼ਾਂ ਨੇ ਏਥੇ ਵੀ ਪਿਛਾ ਨਾ ਛੱਡਿਆ ਤਾਂ ਉਹ ਬਟਾਵੀਆ ਦੇ ਪੱਤਣ ਤੇ ਜਾ ਲੱਗਾ। ਡੱਚ ਹਕੂਮਤ ਨੂੰ ਰਾਜਦੂਤੀ ਜ਼ੋਰ ਦੇਕੇ ਇਸ ਜਹਾਜ਼ ਨੂੰ ਵੀ ਗਰਿਫਤਾਰ ਕਰਵਾ ਦਿੱਤਾ ਗਿਆ। ਇਸ ਜਹਾਜ਼ ਦੇ ਜਰਮਨ ਅਮਲੇ ਤੇ ਹਿੰਦੀ ਗ਼ਦਰੀਆਂ ਨੂੰ ਫੜ ਲਿਆ ਗਿਆ।[1]

ਗ਼ਦਰੀ ਕਾਮੇ ਈਰਾਨੀ ਭੇਸ ਵਿੱਚ ਸਨ ਤੇ ਮਾਵੇਰਿਕ ਵਿੱਚ ਖਾਨਸਾਮਿਆਂ ਦੀ ਡਿਊਟੀ ਦਾ ਸਾਂਗ ਬਣਾਈ ਬੈਠੇ ਸਨ। ਏਨੀ ਚਾਤਰੀ ਦੇ ਬਾਵਜੂਦ ਵੀ ਜਿਸ ਘਾਟ ਉਤੇ ਜਹਾਜ਼ ਲੱਗਾ, ਉਥੇ ਹਰੀ ਸਿੰਘ ਦੇ ਨਾਂ ਦੀ ਪੁੱਛ ਹੁੰਦੀ ਸੀ। ਹੁਣ ਰਾਮ ਚੰਦ ਤੋਂ ਬਿਨਾਂ ਗ਼ਦਰੀ ਆਸ਼ਰਮ ਵਿੱਚੋਂ ਟੁਰਨ ਲਗਿਆਂ, ਕਿਸੇ ਨੂੰ ਪਤਾ ਨਹੀਂ ਸੀ, ਕਿ ਉਹ ਜਹਾਜ਼ ਵਿੱਚ ਗਿਆ ਹੈ। ਗ਼ਦਰੀ ਵਰਕਰ ਵੀ ਇੱਕ ਦੂਸਰੇ ਤੋਂ ਬੇਪਛਾਣ ਸਨ। ਜਿਸ ਤੋਂ ਹਰੀ ਸਿੰਘ ਨੂੰ ਨਿਸਚਾ ਹੋ ਗਿਆ, ਕਿ ਰਾਮ ਚੰਦ ਨੇ ਅੰਗਰੇਜ਼ਾਂ ਨੂੰ ਜਹਾਜ਼ ਅਤੇ ਇਸ ਉਤੇ ਭੇਜੇ ਗਏ ਗ਼ਦਰੀਆਂ ਬਾਰੇ ਮੁਖਬਰੀ ਕਰ ਦਿੱਤੀ ਹੈ, ਜਹਾਜ਼ ਵਾਲੇ ਸਭ ਜਣੇ ਜਰਮਨ ਕੌਂਸਲ ਵਲੋਂ ਦਿੱਤੀਆਂ ਜ਼ਮਾਨਤਾਂ ਉਤੇ ਰਿਹਾ ਸਨ।

ਇਹਨਾਂ ਜਰਮਨਾਂ ਤੇ ਖਾਸਕਰ ਹਿੰਦੀਆਂ ਉਤੇ ਦੇਸ਼ ਨਿਕਾਲੇ ਦਾ ਮੁਕੱਦਮਾ ਚਲਿਆ। ਹਰਚਰਨ ਦਾਸ ਤਾਂ ਅੰਗਰੇਜ਼ਾਂ ਦੇ ਹਥੀਂ ਚੜ੍ਹ ਗਿਆ ਤੇ ਆਪਣੇ ਆਪ ਹੀ ਉਹਨਾਂ ਦੇ ਨਾਲ ਤੁਰ ਗਿਆ, ਜੋ ਗ਼ਦਰੀਆਂ ਵਿਰੁੱਧ ਚਲੇ ਸਾਜ਼ਿਸ਼ ਦੇ ਕੇਸਾਂ ਵਿੱਚ ਮੁੱਖ ਸਰਕਾਰੀ ਗਵਾਹ ਬਣਿਆ। ਹਰੀ ਸਿੰਘ, ਹਰਨਾਮ ਸਿੰਘ, ਗੰਭੀਰ ਸਿੰਘ ਤੇ ਮੰਗੂ ਰਾਮ ਆਦਧਰਮੀ ਨੂੰ ਕੋਰਟ ਮਾਰਸ਼ਲ ਨੇ ਅਮਰੀਕਾ ਭੇਜੇ ਜਾਣ ਦਾ ਹੁਕਮ ਦਿੱਤਾ। ਜਾਣ ਤੋਂ ਪਹਿਲਾਂ ਏਥੋਂ ਦੇ ਜਰਮਨ ਕੌਂਸਲ ਨੇ ਹਰੀ ਸਿੰਘ ਨੂੰ ਜੰਗਲਾਂ ਵਿੱਚ ਨਠਾ ਦਿੱਤਾ, ਜਿੱਥੇ ਉਹ ਦੂਸਰੀ ਜੰਗ ਭਾਵ 1942 ਤਕ ਉਸਮਾਨ ਦੇ ਨਾਂ ਹੇਠਾਂ ਮੁਸਲਮਾਨ ਕਿਸਾਨ ਬਣਕੇ ਰਹਿੰਦਾ ਰਿਹਾ। ਬਾਕੀਆਂ ਨੂੰ ਇੱਕ ਅੰਗਰੇਜ਼ੀ ਜਹਾਜ਼ ਵਿੱਚ ਬਿਠਾਕੇ ਅਮਰੀਕਾ ਨੂੰ ਤੋਰਿਆ ਗਿਆ। ਪਰ ਅੰਗਰੇਜ਼ੀ ਹਾਕਮਾਂ ਨੇ ਰਾਹ ਵਿੱਚ ਹੀ ਫੜਕੇ ਸਿੰਘਾਪੁਰ ਨੂੰ ਤੋਰ ਲਿਆ ਤੇ ਉਥੋਂ ਦੇ ਗ਼ਦਰੀਆਂ ਵਾਸਤੇ ਬਣਾਏ ਹੋਏ ਪੰਜਾਬ ਪੁਲਸ ਦੇ ਕਸਾਈਖਾਨੇ ਵਿੱਚ ਜਾ ਤਾੜਿਆ।[2]

## ਪਾਰਟੀ ਨੂੰ ਅੰਦਰੋਂ ਢਾਹ

ਮੋਢੀ ਗ਼ਦਰੀਆਂ ਦੇ ਰਣਭੂਮੀ ਨੂੰ ਚਲੇ ਜਾਣ ਤੋਂ ਬਾਅਦ ਰਾਮ ਚੰਦ ਪਸ਼ਾਵਰੀਆ ਹੀ ਪੁਰਾਣਾ ਬੰਦਾ ਪਿੱਛੇ ਰਹਿ ਗਿਆ। ਪਾਰਟੀ ਤੇ ਅਖ਼ਬਾਰ ਦਾ ਸਾਰਾ ਕੰਮ ਤੇ ਫੰਡ ਉਸ ਦੇ ਹੱਥ ਹੋਣ ਕਰਕੇ ਉਹ ਸਭ ਕਾਸੇ ਦਾ ਕਰਤਾ ਧਰਤਾ ਬਣ ਗਿਆ। ਨਾਲ ਦਾ ਕੋਈ ਪੁਛਣ ਵਾਲਾ ਨਾ ਰਿਹਾ। ਉਸ ਨੇ ਪਾਰਟੀ ਅੰਦਰਲਾ ਜ਼ਮਹੂਰੀ ਤਰੀਕਾ ਛੱਡ ਦਿੱਤਾ ਤੇ ਸਭ ਕੰਮ ਆਪਣੀ ਮਨ ਮਰਜ਼ੀ ਨਾਲ ਕਰਨ ਲੱਗ ਪਿਆ। ਇਸ ਨਾਲ ਉਸ ਵਿੱਚ ਆਪਹੁਦਰੀ ਆ ਗਈ, ਜਿਸ ਦੇ ਕਾਰਨ ਉਸ ਨੇ

---

1. ਬਾਬਾ ਹਰੀ ਸਿੰਘ 'ਉਸਮਾਨ' ਤੇ ਉਤਲਿਖਤ ਅਖਬਾਰ
2. ਉਤਲਿਖਤ ਬਿਆਨ

ਧਰਮ ਨਾਲੋਂ ਆਪਣੀ ਜ਼ਾਤ ਨੂੰ ਪਿਆਰਾ ਬਣਾ ਲਿਆ।

ਉਸ ਦੇ ਜ਼ੁੰਮੇ ਹਿੰਦੁਸਤਾਨ ਤੇ ਏਸ਼ੀਆ ਵਿੱਚ ਲਹਿਰ ਦੇ ਮੋਰਚਿਆਂ ਉਤੇ ਬੰਦੇ, ਖਰਚ ਪਠਾ ਤੇ ਗੋਲੀ ਗੱਠਾ ਪੁਚਾਉਣ ਸੀ, ਜੋ ਉਹ ਨਹੀਂ ਪੁਚਾ ਸਕਿਆ। ਉਸ ਦੇ ਹੁੰਦਿਆਂ ਦੇਸ਼ ਵਿਚਲੀ ਗ਼ਦਰ ਲਹਿਰ ਦਾ ਆਪਣੇ ਸੋਮੇ ਤੇ ਹੈਡਕਵਾਰਟਰ ਨਾਲੋਂ ਤੰਦ ਟੁੱਟ ਗਿਆ। ਗ਼ਦਰੀਆਂ ਦੇ ਦੇਸ਼ ਜਾਣ ਤੋਂ ਬਾਅਦ ਇੱਕ ਪੈਸਾ ਵੀ ਅਮਰੀਕਾ ਤੋਂ ਗ਼ਦਰ ਲਹਿਰ ਨੂੰ ਨਹੀਂ ਪਹੁੰਚਿਆ, ਜੇ ਅਜਿਹਾ ਹੋਇਆ ਹੁੰਦਾ ਤਾਂ ਇਸ ਦਾ ਜ਼ਿਕਰ ਉਹਨਾਂ ਸਰਕਾਰੀ ਮੁਕੱਦਮਿਆਂ ਵਿੱਚ ਜ਼ਰੂਰ ਕਿਧਰੇ ਆ ਜਾਂਦਾ, ਜੋ ਅੰਗਰੇਜ਼ੀ ਸਰਕਾਰ ਨੇ ਗ਼ਦਰੀਆਂ ਉਤੇ ਬਾਦਸ਼ਾਹ ਦਾ ਤਖ਼ਤਾ ਉਲਟਾਉਣ ਦੇ ਦੋਸ਼ ਵਿੱਚ ਚਲਾਏ। ਭਾਈ ਨਿਰੰਜਣ ਸਿੰਘ ਪੰਡੋਰੀ ਲੱਧਾ ਸਿੰਘ ਆਪਣੇ ਬਿਆਨ ਵਿੱਚ ਲਿਖਦੇ ਹਨ ਕਿ ਰਾਘੋ ਸਿੰਘ ਤੇ ਈਸ਼ਰ ਸਿੰਘ ਢੁਡੀਕੇ ਨੇ ਬਠਿੰਡੇ ਵਿੱਚ ਉਹਨਾਂ ਨੂੰ ਸੁਨੇਹਾ ਦਿੱਤਾ ਕਿ "ਰਾਮ ਚੰਦ ਨੂੰ ਜਾ ਕੇ ਆਖਣਾ ਕਿ ਉਸ ਨੇ ਆਪਣੇ ਵਾਹਿਦੇ ਅਨੁਸਾਰ ਨਾ ਹਥਿਆਰ ਪੁਚਾਏ ਹਨ ਤੇ ਨਾ ਰੁਪਿਆ।" (ਭਾਈ ਨਿਰੰਜਣ ਸਿੰਘ ਲਹਿਰ ਦੇ ਦਿਨਾਂ ਵਿੱਚ ਹੀ ਅਮਰੀਕਾ ਨੂੰ ਮੁੜ ਗਏ ਸਨ) ਨਵੇਂ ਤੇ ਪੁਰਾਣੇ ਗ਼ਦਰੀਆਂ ਵਿੱਚ ਇਹ ਗੱਲ ਆਮ ਪ੍ਰਸਿੱਧ ਹੋ ਗਈ ਕਿ ਰਾਮ ਚੰਦ ਪਾਰਟੀ ਦੇ ਪੈਸੇ ਨੂੰ ਜੱਫਾ ਮਾਰ ਬੈਠਾ ਸੀ ਤੇ ਉਸ ਨੇ ਸਵਾਏ ਅਖਬਾਰ ਜਾਰੀ ਰੱਖਣ ਤੋਂ, ਜਿਸ ਨਾਲ ਉਸ ਨੂੰ ਪੈਸਾ ਆਉਂਦਾ ਰਹੇ, ਬਾਕੀ ਸਭ ਕੰਮ ਦਾ ਭੱਠਾ ਬਿਠਾ ਦਿੱਤਾ ਸੀ। ਅਖਬਾਰ ਤੇ ਉਗਰਾਹੀ ਦੀ ਆਮਦਨ ਤੋਂ ਬਿਨਾਂ ਜਰਮਨਾਂ ਤੋਂ ਵੀ ਮਾਇਕ ਸਹਾਇਤਾ ਆਉਣ ਲੱਗ ਪਈ, ਜੋ ਇੱਕ ਦੋ ਹਜ਼ਾਰ ਡਾਲਰ ਮਹੀਨਾ ਯਕੀਨ ਕੀਤੀ ਜਾਂਦੀ ਸੀ। ਇਸ ਸਿਲਸਿਲੇ ਵਿੱਚ ਰਾਮ ਚੰਦ ਨੇ ਸਾਨਫਰਾਂਸਿਸਕੋ ਦੇ ਜਰਮਨ ਕੌਂਸਲ ਪਾਸੋਂ 9000 ਡਾਲਰ ਲਿਆ ਜਿਸ ਦਾ ਕਦੇ ਹਿਸਾਬ ਨਹੀਂ ਦਿੱਤਾ।[1] ਇਹ ਸਹਾਇਤਾ ਦੀ ਰਕਮ ਰਾਮ ਚੰਦ ਨੇ ਆਪਣੇ ਨਿੱਜੀ ਨਾਂ ਉੱਤੇ ਜਮ੍ਹਾਂ ਕਰਾਉਣੀ ਸ਼ੁਰੂ ਕੀਤੀ। ਪਹਿਲਾਂ ਪਾਰਟੀ ਦੇ ਦੋ ਹਿਸਾਬ ਸਨ, ਇਕ ਯੁਗੰਤਰ ਆਸ਼ਰਮ ਦੇ ਨਾਂ ਤੇ, ਜਿਸ ਵਿੱਚ ਅਖਬਾਰ ਦੇ ਚੰਦੇ ਤੇ ਸਹਾਇਤਾਵਾਂ ਜਮਾਂ ਹੁੰਦੀਆਂ ਸਨ, ਦੂਸਰਾ ਪੈਸਿਫਿਕ ਕੋਸਟ ਹਿੰਦੁਸਤਾਨੀ ਐਸੋਸੀਏਸ਼ਨ (ਪਾਰਟੀ ਦਾ ਅਸਲੀ ਨਾਂ) ਦੇ ਨਾਂ ਉੱਤੇ। ਫੰਡ ਬਾਰੇ ਇਸ ਨਵੇਂ ਪੈਂਤੜੇ ਉਤੇ ਪਾਰਟੀ ਅੰਦਰ ਕਾਫੀ ਲੈ ਦੇ ਸ਼ੁਰੂ ਹੋ ਗਈ। ਡਾਕਟਰ ਸਮਰਾਸ ਲਿਖਦੇ ਹਨ।

"ਰਾਮ ਚੰਦ ਇਸ ਫੰਡ ਨੂੰ ਗ਼ਦਰੀ ਕੰਮਾਂ ਵਾਸਤੇ ਆਪਣੀ ਮਰਜ਼ੀ ਨਾਲ ਵਰਤਦਾ ਤੇ ਨਾਲਦਿਆਂ ਦੀ ਘੱਟ ਹੀ ਸਲਾਹ ਲੈਂਦਾ। ਇਸ ਨਾਲ ਜਥੇਬੰਦੀ ਵਿੱਚ ਅਣਬਣ ਪੈਦਾ ਹੋ ਗਈ, ਜਿਸ ਨੇ ਓੜਕ ਬੜਾ ਗੰਭੀਰ ਪਵਾੜਾ ਪਾਇਆ।"

ਇਸ ਹਾਲਤ ਵਿੱਚ ਵਰਕਰਾਂ ਲਈ ਰਾਮਚੰਦ ਨਾਲ ਨਿਭਣਾ ਔਖਾ ਹੋ ਗਿਆ। ਸਭ ਤੋਂ ਪਹਿਲਾਂ ਜਨਵਰੀ 1915 ਵਿੱਚ ਸ੍ਰੀ ਮੁਨਸ਼ੀ ਰਾਮ ਖਜ਼ਾਨਚੀ ਦਾ ਅਹੁਦਾ ਛੱਡ ਗਏ। ਮੁਨਸ਼ੀ ਰਾਮ ਮੁਢ (1913) ਤੋਂ ਪਾਰਟੀ ਦੇ ਮੀਤ ਖਜ਼ਾਨਚੀ ਸਨ ਤੇ ਪੰਡਤ ਕਾਂਸ਼ੀ ਰਾਮ ਦੇ ਚਲੇ ਜਾਣ ਤੋਂ ਬਾਅਦ ਖਜ਼ਾਨਚੀ ਬਣਾ ਲਏ ਗਏ ਸਨ। ਇਹਨਾਂ ਤੋਂ ਬਾਅਦ ਸ੍ਰੀ ਨਿਰੰਜਣ ਦਾਸ ਖਜ਼ਾਨਚੀ ਬਣੇ, ਜਿਨ੍ਹਾਂ ਨੇ ਜੁਲਾਈ 1915 ਨੂੰ ਖਜ਼ਾਨਚੀ ਪੁਣਾ ਛਡਕੇ ਏਸ਼ੀਆਈ ਮੋਰਚੇ ਤੇ ਜਾਣਾ ਚੰਗਾ ਸਮਝਿਆ। ਫੇਰ ਸ੍ਰੀ ਗੋਧਾ ਰਾਮ ਖਜ਼ਾਨਚੀ ਬਣਾਏ ਗਏ, ਉਹਨਾਂ ਦਾ ਰਾਮ ਚੰਦ ਨਾਲ ਐਨਾ ਨੇੜ ਸੀ, ਕਿ ਉਹਨਾਂ ਨੂੰ ਰਾਮ ਚੰਦ ਦਾ "ਲਾਰਡ ਕਿਚਨਰ" ਆਖਿਆ ਜਾਂਦਾ ਸੀ। ਪਰ ਉਹ ਵੀ ਅੱਕ

1. 'ਸਾਨਫਰਾਂਸਿਸਕੋ ਕਰਾਨੀਕਲ', 23 ਨਵੰਬਰ 1917

ਕੇ ਸਤੰਬਰ 1915 ਵਿੱਚ ਇਹ ਕੰਮ ਛੱਡਕੇ ਬਾਹਰ ਚਲੇ ਗਏ। ਇਹਨਾਂ ਦੀ ਥਾਂ ਭਾਈ ਨਿਧਾਨ ਸਿੰਘ ਮਹੇਸਰੀ ਨੂੰ ਖਜ਼ਾਨਚੀ ਲਾਇਆ ਗਿਆ। ਉਹਨਾਂ ਦਾ ਵੀ ਰਾਮ ਚੰਦ ਨਾਲ ਮਤ ਭੇਦ ਹੋ ਗਿਆ ਤੇ ਜਨਵਰੀ 1916 ਵਿੱਚ ਉਹ ਵੀ ਇਸ ਅਹੁਦੇ ਨੂੰ ਤਲਾਂਜਲੀ ਦੇ ਗਏ। ਅਖੀਰ ਬਿਸ਼ਨ ਸਿੰਘ ਹਿੰਦੀ ਨੂੰ ਇਹ ਕੰਮ ਸੌਂਪਿਆ ਗਿਆ।[1]

ਰਾਮ ਚੰਦ ਦੇ ਇਸ ਜ਼ਾਤੀ ਹਿਸਾਬ ਨੇ ਉਸ ਨੂੰ ਪੈਸੇ ਦਾ ਬਹੁਤ ਪਿਆਰਾ ਕਰ ਦਿੱਤਾ ਤੇ ਉਧਰੋਂ ਗ਼ਦਰ ਪਾਰਟੀ ਦੇ ਵਰਕਰਾਂ ਤੇ ਪੰਗਤਾਂ ਅੰਦਰ ਸ਼ੱਕ ਸ਼ੁਭੇ ਪੈਦਾ ਹੋ ਗਏ। ਇਸ ਕਾਰਨ ਰਾਮ ਚੰਦ ਦੇ ਆਖੇ ਪਾਰਟੀ ਦੇ ਹਿੰਦ, ਬਰਮਾ ਤੇ ਸਿਆਮ ਦਿਆਂ ਮੋਰਚਿਆਂ ਨੂੰ ਨਾ ਪੈਸੇ ਜਾ ਸਕੇ ਤੇ ਨਾ ਬੰਦੇ। ਰਾਮ ਚੰਦ ਨੂੰ ਕੇਵਲ ਆਪਣੇ ਸਟਾਫ ਦੇ ਬੰਦੇ ਹੀ ਏਸ਼ੀਆ ਨੂੰ ਭੇਜਣੇ ਪਏ। ਸ੍ਰੀ ਗੋਪਾਲ ਸਿੰਘ ਸੋਹੀ ਫਰਵਰੀ 1915, ਸ੍ਰੀ ਰਾਮ ਸਿੰਘ ਧਲੇਤਾ ਮਾਰਚ 1915 ਸ੍ਰੀ ਦਰਸੀ ਚੈਨਚੈਈਆ ਜੂਨ 1915, ਸ੍ਰੀ ਨਰਿੰਜਣ ਦਾਸ ਜੁਲਾਈ 1915, ਵਿੱਚ। ਇਹਨਾਂ ਵਰਕਰਾਂ ਨੂੰ ਇਹ ਸ਼ਿਕਾਇਤ ਸੀ, ਕਿ ਰਾਮ ਚੰਦ ਨੇ ਇਹਨਾਂ ਨੂੰ ਸਵਾਏ ਜਹਾਜ਼ ਦੀਆਂ ਟਿਕਟਾਂ ਤੇ ਕੁਝ ਜੇਬ ਖਰਚ ਦੇ ਹੋਰ ਕੋਈ ਪੈਸਾ ਲਹਿਰ ਦੇ ਖਰਚ ਵਾਸਤੇ ਜਾਂ ਭੀੜ ਬਣੀ ਵੇਲੇ ਕੰਮ ਆਉਣ ਲਈ ਨਹੀਂ ਦਿੱਤਾ। ਸ੍ਰੀ ਗੋਪਾਲ ਸਿੰਘ ਨੂੰ ਤਾਂ ਦਸੰਬਰ 1916 ਵਿੱਚ ਜਾਪਾਨ ਤੋਂ ਵਾਪਸ ਆਉਣ ਲਈ 200 ਡਾਲਰ ਕਰਾਇਆ ਭੇਜਣਾ ਪਿਆ। ਇਹਨਾਂ ਚੀਜ਼ਾਂ ਨੇ ਪਾਰਟੀ ਅੰਦਰ ਰਾਮ ਚੰਦ ਵਿਰੁੱਧ ਹਵਾ ਬੰਨ੍ਹ ਦਿੱਤੀ। ਪਾਰਟੀ, ਪੰਗਤਾਂ ਤੇ ਵਰਕਰ ਜਿੱਥੇ ਪਾਰਟੀ ਦੇ ਆਗਿਆਕਾਰ ਤੇ ਸਨੇਹੀ ਬਣੇ, ਉਥੇ ਰਾਮ ਚੰਦ ਦੀ ਵਿਰੋਧਤਾ ਕਰਨ ਲੱਗ ਪਏ।[2]

ਜਦ ਭਾਈ ਸੰਤੋਖ ਸਿੰਘ ਤੇ ਭਗਵਾਨ ਸਿੰਘ ਨੂੰ ਨਵੀਂ ਲਾਈਨ ਦੱਸਣ ਵਾਸਤੇ ਭਾਈ ਰਾਮ ਸਿੰਘ ਧਲੇਤਾ ਏਸ਼ੀਆ ਭੇਜਿਆ ਗਿਆ ਤਾਂ ਉਹਨਾਂ ਦੇ ਖਰਚੇ ਵਾਸਤੇ ਰੁਪਿਆ ਵੀ ਭੇਜਣਾ ਸੀ। ਰਾਮ ਸਿੰਘ ਨੂੰ ਨਵੇਂ ਬੂਟ ਲਿਆਕੇ ਦਿੱਤੇ ਤੇ ਆਖਿਆ ਕਿ ਇਸ ਦੇ ਤਲਿਆਂ ਵਿੱਚ ਮਾਇਆ ਲੁਕਾ ਦਿੱਤੀ ਹੈ। ਉਥੇ ਜਾ ਕੇ ਤਲੇ ਪਾੜਕੇ ਚਿਕ ਕੱਢ ਲੈਣੇ। ਜਦ ਸ਼ੰਘਾਈ ਜਾਕੇ ਭਾਈ ਸੰਤੋਖ ਸਿੰਘ ਪਾਸ ਤਲੇ ਚੀਰੇ ਗਏ ਤਾਂ ਉਹਨਾਂ ਵਿੱਚ 'ਗ਼ਦਰ' ਦਾ ਇੱਕ ਪੁਰਾਣਾ ਵਰਕਾ ਨਿਕਲਿਆ, ਇਸ ਚੀਜ਼ ਨੇ ਰਾਮ ਚੰਦ ਵਿਰੁੱਧ ਗ਼ਦਰ ਪਾਰਟੀ ਮੈਂਬਰਾਂ ਤੇ ਸਨੇਹੀਆਂ ਵਿੱਚ ਬੜਾ ਗੁਸੈਲ ਵਿਰੋਧ ਪੈਦਾ ਕਰ ਦਿੱਤਾ।[3]

ਗ਼ਦਰੀਆਂ ਅੰਦਰ ਇਹ ਆਮ ਚਰਚਾ ਚਲ ਪਈ ਸੀ, ਕਿ ਜੋ ਕੰਮ ਰਾਮ ਚੰਦ ਦੇ ਰਾਹੀਂ ਹੋਇਆ, ਉਸਦਾ ਪਹਿਲੋਂ ਹੀ ਸਰਕਾਰ ਨੂੰ ਪਤਾ ਲੱਗ ਜਾਂਦਾ ਰਿਹਾ ਤੇ ਉਸਦਾ ਹਰ ਕੰਮ ਗ਼ਦਰੀ ਲਹਿਰ ਲਈ ਹਾਨੀਕਾਰਕ ਤੇ ਰੋਕਾਂ ਪਾਉਣ ਵਾਲਾ ਹੁੰਦਾ ਸੀ। ਇਸੇ ਕਰਕੇ ਉਸਦੀ ਚੌਧਰ ਵਿੱਚ ਚਲੀ ਬਰਮਾ ਤੇ ਸਿਆਮ ਦੀ ਮੁਹਿੰਮ ਦੇ ਬੰਦਿਆਂ ਦੀ ਗ਼ਦਰ ਆਸ਼ਰਮ ਤੋਂ ਤੁਰਦਿਆਂ ਹੀ ਅੰਗਰੇਜ਼ੀ ਸਾਮਰਾਜ ਨੂੰ ਸੂਹ ਲੱਗ ਜਾਂਦੀ ਰਹੀ। ਅਮਰੀਕਨ ਸਰਕਾਰੀ ਰਿਪੋਰਟ ਵੀ ਲਿਖਦੀ ਹੈ–"ਉਹ ਛੇਤੀ ਹੀ ਅਖਬਾਰ ਨੂੰ ਜਥੇਬੰਦੀ ਦੇ ਫਾਇਦੇ ਲਈ ਵਰਤਣ ਦੀ ਥਾਂ ਆਪਣੀ ਜ਼ਾਤ ਲਈ ਪੈਸੇ ਇਕੱਠੇ ਕਰਨ ਵਾਸਤੇ ਵਰਤਣ ਲੱਗ ਪਿਆ। ਉਸ ਨੇ ਅਮਰੀਕਨ ਅਖਬਾਰਾਂ ਨੂੰ ਪਾਰਟੀ ਦੀਆਂ ਖਬਰਾਂ

---

1. 'ਕੈਲੇਫੋਰਨੀਆ ਵਿੱਚ ਹਿੰਦੀ ਇਨਕਲਾਬੀ'
2. 'ਕੈਲੇਫੋਰਨੀਆ ਵਿੱਚ ਹਿੰਦੀ ਇਨਕਲਾਬੀ' ਤੇ 'ਜੀਵਨ ਦਾ ਸੰਖੇਪ ਖਾਕਾ'
3. ਨਿਰੰਜਣ ਸਿੰਘ ਪੰਡੋਰੀ ਤੇ ਬਾਬਾ ਹਰੀ ਸਿੰਘ ਉਸਮਾਨ ਦੇ ਬਿਆਨ

ਵੇਚ ਦਿੱਤੀਆਂ, ਜਿਸ ਕਰਕੇ ਗ਼ਦਰ ਪਾਰਟੀ ਦੇ ਮੈਂਬਰ ਉਸ ਨੂੰ ਗ਼ਦਾਰ ਕਹਿਣ ਲੱਗ ਪਏ।[1]"

ਭਾਈ ਭਗਵਾਨ ਸਿੰਘ ਤੇ ਭਾਈ ਸੰਤੋਖ ਸਿੰਘ ਜਦ ਵਾਪਸ ਆਏ ਤਾਂ ਹਾਲਾਤ ਬਹੁਤ ਵਿਗੜ ਗਏ ਸਨ। ਰਾਮ ਚੰਦ ਇਹਨਾਂ ਦੇ ਆਉਣ ਉਤੇ ਵੀ ਦਰੁਸਤ ਨਾ ਹੋਇਆ ਸਗੋਂ ਵਧੇਰੇ ਆਕੜ ਬੈਠਾ। ਇਸ ਨਾਲ ਪਾਰਟੀ ਅੰਦਰ ਰੰਜਸ਼ ਹੋਰ ਵੱਧ ਗਈ।

## ਅਮਰੀਕਨ ਹਕੂਮਤ ਦਾ ਵਾਰ

ਅੰਗਰੇਜ਼ੀ ਰਾਜ ਦੇ ਹਿੰਦ ਵਾਸਤੇ ਸਕੱਤਰ ਨੇ 27 ਅਗਸਤ, 1915 ਨੂੰ ਵਾਇਸਰਾਏ ਹਿੰਦ ਨੂੰ ਤਾਰ ਦਿੱਤੀ, ਕਿ "ਪਰਦੇਸੀ ਦਫਤਰ ਵਾਸ਼ਿੰਗਟਨ ਵਿੱਚ ਸਥਾਪਤ ਅੰਗਰੇਜ਼ੀ ਰਾਜਦੂਤ ਨੂੰ ਆਖ ਰਿਹਾ ਹੈ, ਕਿ ਉਹ ਅਮਰੀਕਨ ਸਰਕਾਰ ਨਾਲ ਜਾਵਾ ਤੇ ਸਿਆਮ ਵਿੱਚ ਜਰਮਨ ਏਜੰਟਾਂ ਵਲੋਂ ਗੁੰਦੀਆਂ ਜਾ ਰਹੀਆਂ ਗੋਂਦਾਂ, ਜਰਮਨ ਤੇ ਆਸਟਰੀਅਨ ਏਜੰਟਾਂ ਵਲੋਂ ਅਮਰੀਕਾ ਵਿੱਚੋਂ ਖਰੀਦਕੇ ਭੇਜੇ ਜਾ ਰਹੇ ਹਥਿਆਰ ਪਤੇ ਅਤੇ ਗ਼ਦਰ ਪਾਰਟੀ ਦੇ ਬਗਾਵਤ ਕਰਵਾਉਣ ਦੇ ਪਰਚਾਰ ਤੇ ਮਨਸੂਬਿਆਂ ਬਾਰੇ ਗੱਲ ਬਾਤ ਕਰੇ।"

ਇਸ ਸਿਲਸਿਲੇ ਵਿੱਚ ਅੰਗਰੇਜ਼ੀ ਯਾਦ ਪੱਤਰ ਤਿਆਰ ਕਰਨ ਲਈ ਪੰਜਾਬ ਦੀ ਅੰਗਰੇਜ਼ੀ ਸਰਕਾਰ ਨੇ ਗ਼ਦਰ ਪਾਰਟੀ ਵਿਰੁੱਧ ਕੇਸ ਬਨਾਉਣ ਵਾਸਤੇ ਗ਼ਦਰੀਆਂ ਵਿਰੁੱਧ ਚੱਲੇ ਮੁਕੱਦਮਿਆਂ ਦੇ ਫੈਸਲੇ ਤੇ ਪਾਰਟੀ ਦੀਆਂ ਹੋਰ ਪਤਾ ਲੱਗ ਚੁੱਕੀਆਂ ਸਰਗਰਮੀਆਂ ਦੀ ਆਪਣੇ ਰੰਗ ਵਿੱਚ ਰੰਗਕੇ ਰਪੋਰਟ ਪੇਸ਼ ਕੀਤੀ ਤੇ ਇਸ ਵਿੱਚ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਗ਼ਦਰ ਪਾਰਟੀ ਨੇ ਜੋ ਕੀਤਾ ਹੈ, ਜਰਮਨਾਂ ਦੇ ਆਖੇ ਲੱਗ ਕੇ ਕੀਤਾ ਹੈ।[2]

ਪਹਿਲਾਂ ਤਾਂ ਅਮਰੀਕਾ ਸਰਕਾਰ ਨਹੀਂ ਮੰਨੀ। ਪਰ ਜਦ 7 ਅਪਰੈਲ, 1917 ਨੂੰ ਉਹ ਆਪ ਜਰਮਨੀ ਵਿਰੁੱਧ ਜੰਗ ਵਿੱਚ ਕੁਦ ਪਈ ਤਾਂ ਅਗਲੇ ਦਿਨ ਹੀ ਭਾਈ ਸੰਤੋਖ ਸਿੰਘ, ਭਾਈ ਭਗਵਾਨ ਸਿੰਘ ਆਦਿ ਸਭ ਗ਼ਦਰ ਪਾਰਟੀ ਦੇ ਸਟਾਫ਼, ਸ੍ਰੀ ਤਾਰਕ ਨਾਥ ਦਾਸ, ਹਰੰਬਾ ਲਾਲ ਗੁਪਤਾ ਤੇ ਹੋਰ ਬਰਲਿਨ ਕਮੇਟੀ ਦੇ ਪਰਤੀਨਿਧਾਂ ਨੂੰ ਗਰਿਫਤਾਰ ਕਰ ਲਿਆ। ਇਹਨਾਂ ਤੋਂ ਇਲਾਵਾ ਸਭ ਜਰਮਨਾਂ, ਵਿੱਚੇ ਜਰਮਨ ਕੌਂਸਲ ਤੇ ਆਇਰਿਸ਼ ਇਨਕਲਾਬੀਆਂ ਨੂੰ ਫੜਕੇ ਜੇਹਲ ਵਿੱਚ ਬੰਦ ਕਰ ਦਿੱਤਾ।[3]

ਆਖ਼ਰ ਅਗਸਤ 1917 ਵਿੱਚ ਭਾਈ ਸੰਤੋਖ ਸਿੰਘ, ਭਾਈ ਭਗਵਾਨ ਸਿੰਘ, ਭਾਈ ਰਾਮ ਸਿੰਘ ਧਲੇਤਾ ਤੇ ਭਾਈ ਨਿਧਾਨ ਸਿੰਘ ਆਦਿ ਗ਼ਦਰੀਆਂ ਤੇ ਸ੍ਰੀ ਤਾਰਕ ਨਾਥ ਦਾਸ ਤੇ ਕੁਝ ਇਨਕਲਾਬੀਆਂ ਸਣੇ 19 ਬੰਦਿਆਂ ਵਿਰੁੱਧ ਸਾਨਫਰਾਂਸਿਸਕੋ ਵਿੱਚ ਮੁਕੱਦਮਾ ਚਲਾ ਦਿੱਤਾ ਗਿਆ। ਇਹ ਮੁਕੱਦਮਾ ਅਮਰੀਕਾ ਦੀ ਸਾਨਫਰਾਂਸਿਸਕੋ ਦੀ ਜ਼ਿਲਾ ਅਦਾਲਤ ਵਿੱਚ ਇਹ ਦੋਸ਼ ਲਾ ਕੇ ਚਲਾਇਆ ਗਿਆ, ਕਿ ਇਹਨਾਂ ਨੇ ਦੋਂਹ ਲੜ ਰਹੀਆਂ ਹਕੂਮਤਾਂ ਵਿੱਚੋਂ ਇਕ ਦੇ ਖਿਲਾਫ਼ ਤੇ ਦੂਸਰੀ ਦੇ ਹੱਕ ਵਿੱਚ ਕੰਮ ਕੀਤਾ ਸੀ ਤੇ ਅੰਗਰੇਜ਼ਾਂ ਨੂੰ ਕਮਜ਼ੋਰ ਕਰਨ ਲਈ ਬਰਮਾ ਤੇ ਸਿਆਮ ਦੀਆਂ ਮੁਹਿੰਮਾਂ ਚਲਾਈਆਂ ਤੇ ਇਹਨਾਂ ਵਾਸਤੇ ਐਨੀ ਲਾਰਸਨ ਤੇ ਮਾਵੇਰਿਕ ਵਿੱਚ ਹਥਿਆਰ ਭੇਜੇ ਸਨ। ਸਾਨਫਰਾਂਸਿਸਕੋ ਦਾ ਮੁਕੱਦਮਾ ਸਾਲ ਭਰ ਚਲਿਆ। 1918 ਵਿੱਚ ਅਦਾਲਤ ਨੇ ਸਭ

---

1. 'ਅਨ ਅਮਰੀਕਨ ਸਰਗਰਮੀਆਂ', ਸਫਾ 214
2. ਹੋਮ (ਪੌਲੀਟੀਕਲ) ਓ. ਅਕਤੂਬਰ 1915, ਕਾਰਵਾਈ ਨੰ. 671-684
3. 'ਜੀਵਨ ਦਾ ਸੰਖੇਪ ਖਾਕਾ'

ਨੂੰ ਸਜ਼ਾਵਾਂ ਠੋਕ ਦਿੱਤੀਆਂ ਕਿ ਉਹਨਾਂ ਨੇ ਅਮਰੀਕਾ ਦੀ ਧਰਤੀ ਤੋਂ ਇਹ ਕੰਮ ਕਰਕੇ ਅਮਰੀਕਾ ਦੀ ਨਿਰਪਖਤਾ ਨੂੰ ਭੰਗ ਕੀਤਾ ਹੈ। ਇਸ ਦੋਸ਼ ਵਿੱਚ ਭਾਈ ਭਗਵਾਨ ਸਿੰਘ ਪਰਧਾਨ ਗ਼ਦਰ ਪਾਰਟੀ ਨੂੰ 18 ਮਹੀਨੇ, ਭਾਈ ਸੰਤੋਖ ਸਿੰਘ ਜਨਰਲ ਸਕੱਤਰ ਨੂੰ 21 ਮਹੀਨੇ ਤੇ ਸ੍ਰੀ ਤਾਰਕਨਾਥ ਦਾਸ ਨੂੰ 22 ਮਹੀਨੇ, ਗੋਪਾਲ ਸਿੰਘ ਸੋਹੀਆਂ (ਲੁਧਿਆਣਾ) ਨੂੰ ਇੱਕ ਸਾਲ ਇੱਕ ਦਿਨ, ਸ੍ਰੀ ਗੋਧਾ ਰਾਮ ਕਰਾਦੂਲ (ਸ਼ਾਹਪੁਰ) 11 ਮਹੀਨੇ, ਸ੍ਰੀ ਗੋਬਿੰਦ ਬਿਹਾਰੀ ਲਾਲ ਨੂੰ 10 ਮਹੀਨੇ , ਸ੍ਰੀ ਬਿਸ਼ਨ ਸਿੰਘ ਹਿੰਦੀ ਸਦਾਸਿੰਘ ਵਾਲਾ (ਫ਼ੀਰੋਜ਼ਪੁਰ) 9 ਮਹੀਨੇ, ਸ੍ਰੀ ਨਿਰੰਜਣ ਦਾਸ ਪੁਰਾਣੀ ਕੋਤਵਾਲੀ ਲਾਹੌਰ 6 ਮਹੀਨੇ, ਸ੍ਰੀ ਨਿਧਾਨ ਸਿੰਘ ਮਹੇਸਰੀ 4 ਮਹੀਨੇ, ਸ੍ਰੀ ਇਮਾਮਦੀਨ 4 ਮਹੀਨੇ, ਸ੍ਰੀ ਧਰਿੰਦਰ ਸਰਕਾਰ 4 ਮਹੀਨੇ, ਸ੍ਰੀ ਮਹਾਂ ਦਿਉ ਅਬੋਜੀ ਨੰਦਰੇਕਾਰ 3 ਮਹੀਨੇ, ਸ੍ਰੀ ਮੁਨਸ਼ੀ ਰਾਮ 2 ਮਹੀਨੇ, ਸ੍ਰੀ ਸੁੰਦਰ ਸਿੰਘ ਘਾਲੀ 3 ਮਹੀਨੇ, ਸ੍ਰੀ ਚੰਦਰਕਾਂਤ ਚਕਰਵਰਤੀ ਇੱਕ ਮਹੀਨਾ ਤੇ ਪੰਜ ਹਜ਼ਾਰ ਰੁਪਏ ਜੁਰਮਾਨਾ। ਇਸ ਤਰ੍ਹਾਂ ਦਾ ਹੀ ਇੱਕ ਹੋਰ ਮੁਕੱਦਮਾ ਸ਼ਿਕਾਗੋ ਵਿੱਚ ਚਲਾਇਆ ਗਿਆ। ਸ਼ਿਕਾਗੋ ਦੇ ਮੁਕੱਦਮੇ ਵਿੱਚ ਸ੍ਰੀ ਹਰੰਭਾ ਲਾਲ ਗੁਪਤਾ, ਬੋਹਿਮ ਤੇ ਵੇਰਿਡੇ ਜਰਮਨਾਂ ਤੇ ਇੱਕ ਅਮਰੀਕਨ ਜੈਕਬਸਨ ਆਦਿ ਸਜਨਾਂ ਨੂੰ ਦੋਸ਼ੀ ਬਣਾਕੇ ਸਜ਼ਾਵਾਂ ਦਿੱਤੀਆਂ ਗਈਆਂ। ਹਰੰਭਾ ਲਾਲ ਨੂੰ 18 ਮਹੀਨੇ ਕੈਦ ਤੇ 700 ਡਾਲਰ ਜੁਰਮਾਨਾ, ਬਾਕੀ ਤਿੰਨਾਂ ਨੂੰ ਤਿੰਨ ਤਿੰਨ ਸਾਲ ਕੈਦ ਤੇ 13-13 ਹਜ਼ਾਰ ਡਾਲਰ ਜੁਰਮਾਨਾ ਕੀਤਾ ਗਿਆ।[1]

## ਰਾਮ ਚੰਦ ਦਾ ਅੰਤ

ਇਸ ਮੁਕੱਦਮੇ ਵਿੱਚ ਭਾਈ ਭਗਵਾਨ ਸਿੰਘ ਤੋਂ ਬਿਨਾਂ ਸਭ ਦੀਆਂ ਜ਼ਮਾਨਤਾਂ ਹੋ ਗਈਆਂ। ਇਸ ਮੁਕੱਦਮੇ ਦੇ ਸਮੇਂ ਹੋਈਆਂ ਗਵਾਹੀਆਂ ਨੇ ਰਾਮ ਚੰਦ ਦੀਆਂ ਕਮਜ਼ੋਰੀਆਂ ਤੇ ਨੁਕਸਾਂ ਦਾ ਸਾਰਾ ਹੀ ਭਾਂਡਾ ਫੋੜ ਦਿੱਤਾ। ਜਰਮਨਾਂ ਨੇ ਖੁਲ੍ਹਕੇ ਆਖਿਆ, ਕਿ ਉਹਨਾਂ ਨੂੰ ਰਾਮ ਚੰਦ ਉੱਤੇ ਅੰਗਰੇਜ਼ਾਂ ਪਾਸ ਮੁਖਬਰੀ ਕਰਨ ਦਾ ਸ਼ੱਕ ਸੀ। ਡਾਕਟਰ ਚਕਰਵਰਤੀ ਇਕਬਾਲੀ ਹੋ ਗਿਆ ਤੇ ਉਸ ਨੇ ਦੱਸਿਆ ਕਿ ਉਸ ਦੀ ਰਾਮ ਚੰਦ ਨਾਲ ਇਸ ਕਰਕੇ ਦੁਸ਼ਮਣੀ ਹੋਈ, ਕਿ ਉਸ ਨੇ ਬੜੀਆਂ ਸ਼ਦੀਦ ਜਾਅਲਸਾਜ਼ੀਆਂ ਕੀਤੀਆਂ ਸਨ।[2] ਸਾਨਫਰਾਂਸਿਸਕੋ ਦਾ ਅੰਗਰੇਜ਼ ਕੌਂਸਲ 7 ਜੁਲਾਈ, 1917 ਨੂੰ ਪਰਦੇਸ਼ੀ ਦਫਤਰ ਨੂੰ ਲਿਖਦਾ ਹੈ-

"ਮੈਂ ਨਹੀਂ ਕਹਿ ਸਕਦਾ, ਕਿ ਜਰਮਨ ਏਜੰਟਾਂ ਵਲੋਂ ਹਿੰਦੂਆਂ ਦੀ ਮਦਦ ਕਰਨ ਦੀਆਂ ਅਫਵਾਹਾਂ ਦਰੁਸਤ ਹਨ ਜਾਂ ਗਲਤ। ਰਾਮ ਚੰਦ ਇਨਕਾਰ ਕਰਦਾ ਹੈ, ਪਰ ਆਖਦਾ ਹੈ, ਕਿ ਉਹ ਹਮਦਰਦ ਜ਼ਰੂਰ ਹਨ। ਪਰ ਉਹਨਾਂ ਨੇ ਕੋਈ ਠੋਸ ਸਹਾਇਤਾ ਨਹੀਂ ਕੀਤੀ।[3]"

ਇਹ ਗੱਲ ਦਸਦੀ ਹੈ, ਕਿ ਉਹ ਅੰਗਰੇਜ਼ੀ ਕੌਂਸਲ ਨਾਲ ਗੱਲਾਂ ਕਰ ਆਉਂਦਾ ਸੀ।

ਓਸ ਨੇ 5, ਵੁਡ ਸਟਰੀਟ ਵਾਲੀ ਥਾਂ ਪਾਰਟੀ ਦੇ ਰੁਪਏ ਨਾਲ ਖਰੀਦ ਕੇ ਇਕ ਮਿਤਰ ਅਮਰੀਕਨ ਔਰਤ ਸ੍ਰੀਮਤੀ ਕੈਰਿੰਗਟਨ ਲੀਊਸ ਦੇ ਨਾਂ ਲਵਾ ਦਿੱਤੀ ਤੇ ਆਪਣਾ ਨਾਂ ਬਦਨਾਮ ਹੁੰਦਾ ਵੇਖ ਜਰਮਨਾਂ ਤੋਂ ਆਇਆ ਫੰਡ ਆਪਣੀ ਵਹੁਟੀ ਦੇ ਨਾਂ ਜਮ੍ਹਾਂ ਕਰਵਾ ਦਿੱਤਾ।[4]

---

1. ਹਿੰਦੁਸਤਾਨ ਵਿੱਚ ਹਿਲਜੁਲ ਤੇ ਸੋਗ, 1914 ਤੋਂ ਬਾਅਦ ਸਫਾ 122
2. 'ਸਾਨਫਰਾਂਸਿਸਕੋ ਕਰਾਨੀਕਲ', 18.4.18
3. ਹੋਮ (ਪੋਲੀਟੀਕਲ) ਓ. ਅਕਤੂਬਰ 1915, ਕਾਰਵਾਈ ਨੰ. 671-84
4. 'ਕੈਲੇਫੋਰਨੀਆਂ ਵਿੱਚ ਹਿੰਦੀ ਇਨਕਲਾਬੀ' ਤੇ 'ਮੇਰਾ ਸੰਖੇਪ ਜੀਵਨ ਖ਼ਾਕਾ'

ਰਾਮ ਸਿੰਘ ਧਲੇਤੇ ਨਾਲ ਕੀਤੀ ਹੱਥਫੇਰੀ ਦਾ ਵੀ ਪਾਰਟੀ ਅੰਦਰ ਬੜਾ ਗੁੱਸਾ ਸੀ ਤੇ ਕਈ ਗ਼ਦਰੀ ਇਸ ਦਾ ਬਦਲਾ ਲੈਣ ਨੂੰ ਫਿਰਨ ਲੱਗ ਪਏ।

ਦੂਸਰੀ ਵੱਡੀ ਗੱਲ, ਜਿਸ ਦਾ ਪਾਰਟੀ ਅੰਦਰ ਬੜਾ ਗੁੱਸਾ ਸੀ, ਉਹ ਇਹ ਸੀ, ਕਿ ਰਾਮ ਚੰਦ ਨੇ ਸਿੰਘਾਪੁਰ ਭਾਈ ਬਲਵੰਤ ਸਿੰਘ ਗਰੰਥੀ ਦੇ ਨਾਂ ਕੁਝ ਪੈਸੇ ਭੇਜਣੇ ਸਨ। ਜਿਸ ਲਫਾਫੇ ਵਿੱਚ ਰਾਮਚੰਦ ਨੇ ਡਾਲਿਆਂ ਦੇ ਨੋਟ ਭੇਜੇ, ਉਸ ਉੱਤੇ ਕਮਅਕਲੀ ਨਾਲ ਜਾਂ ਜਾਣ ਬੁੱਝਕੇ ਗ਼ਦਰ ਪਾਰਟੀ ਦੀ ਮੋਹਰ ਲਾ ਦਿੱਤੀ। ਕੁਦਰਤੀ ਸੀ ਕਿ ਚਿੱਠੀ ਡਾਕ ਵਿੱਚ ਫੜੀ ਜਾਵੇ। ਇਸ ਬੇਵਕੂਫੀ ਜਾਂ ਸ਼ਰਾਰਤ ਨਾਲ ਪੁਲਸ ਨੂੰ ਪਾਰਟੀ ਦੇ ਸਿੰਘਾਪੁਰ ਦੇ ਐਡੈਰਸ ਦਾ ਪਤਾ ਚੱਲ ਗਿਆ।[1] ਜਿਸ ਤੋਂ ਅਗਾਂਹ ਰੰਗੂਨ ਦੇ ਪਤੇ ਲੱਭ ਗਏ। ਇਹਨਾਂ ਗੱਲਾਂ ਤੋਂ ਪਾਰਟੀ ਨੇ ਫੈਸਲਾ ਕਰ ਲਿਆ ਕਿ ਰਾਮ ਚੰਦ ਨੂੰ ਪਾਰਟੀ ਵਿੱਚੋਂ ਹਟਾ ਦਿੱਤਾ ਤੇ ਅਖਬਾਰ ਇਸ ਤੋਂ ਲੈ ਲਿਆ ਜਾਵੇ। 1917 ਵਿੱਚ ਪਾਰਟੀ ਦੀ ਜਨਰਲ ਮੀਟਿੰਗ ਹੋਈ ਜਿਸ ਵਿੱਚ ਰਾਮ ਚੰਦ ਦੇ ਆਪਣੇ ਕਹੇ ਹੋਏ 27 ਮੈਂਬਰ ਸੱਦੇ ਗਏ। ਰਾਮਚੰਦ ਉਤੇ ਬਹੁਤ ਕਰੜੇ 20 ਇਲਜ਼ਾਮ ਸਨ। ਉਹ ਤਿੰਨ ਇਲਜ਼ਾਮ ਹੀ ਸੁਣਕੇ ਭੱਜ ਗਿਆ। ਇਕ ਦੋਂਹ ਮੈਂਬਰਾਂ ਦਾ ਕਮਿਸ਼ਨ ਬਣਾਇਆ ਗਿਆ, ਜਿਸ ਨੇ ਪੜਤਾਲ ਕਰਕੇ ਸਭ ਇਲਜ਼ਾਮ ਸੱਚੇ ਕਰਾਰ ਦਿੱਤੇ। ਪਾਰਟੀ ਨੇ ਉਸ ਪਾਸੋਂ ਅਸਤੀਫਾ ਮੰਗ ਲਿਆ। ਰਾਮ ਚੰਦ ਨੇ ਅਸਤੀਫਾ ਤਾਂ ਦੇ ਦਿੱਤਾ ਪਰ ਅਖਬਾਰ ਦੇਣ ਤੋਂ ਨਾਂਹ ਕਰ ਦਿੱਤੀ ਤੇ ਆਖਿਆ ਕਿ ਅਖਬਾਰ ਉਸ ਦੀ ਹੈ। ਭਾਈ ਸੰਤੋਖ ਸਿੰਘ ਤੇ ਭਗਵਾਨ ਸਿੰਘ ਨੇ ਬੜਾ ਸਮਝਾਇਆ, ਪਰ ਉਹ ਨਾ ਮੰਨਿਆ। ਫੇਰ ਫਰੈਜ਼ਨੋ ਵਿੱਚ ਜਾ ਕੇ ਆਮ ਮੀਟਿੰਗ ਹੋਈ ਜਿਥੇ 700 ਮੈਂਬਰ ਇਕੱਠਾ ਹੋਇਆ। ਰਾਮ ਚੰਦ ਉਤੇ ਬੇਪਰਤੀਤੀ ਦਾ ਮਤਾ ਪਾਸ ਹੋਇਆ ਤੇ ਫੈਸਲਾ ਕੀਤਾ ਗਿਆ ਕਿ ਰਾਮ ਚੰਦ ਤੋਂ ਅਖਬਾਰ ਲੈ ਲਈ ਜਾਵੇ। ਰਾਮ ਚੰਦ ਨੇ ਵੀ ਆਪਣੇ ਕੁਝ ਕੁ ਨਾਲ ਲਿਆਂਦਿਆਂ ਦੀ ਅਲੱਗ ਮੀਟਿੰਗ ਸੱਦੀ ਤੇ ਉਸ ਵਿੱਚ ਪਾਸ ਕਰਵਾਇਆ ਕਿ ਅਖਬਾਰ ਰਾਮ ਚੰਦ ਪਾਸ ਹੀ ਰਹੇ। ਜਨਰਲ ਮੀਟਿੰਗ ਨੇ ਅਖਬਾਰ ਤੇ ਪਾਰਟੀ ਦਾ ਦਫਤਰ ਰਾਮ ਚੰਦ ਪਾਸੋਂ ਲੈ ਲੈਣ ਦਾ ਫੈਸਲਾ ਕੀਤਾ। ਭਾਈ ਸੰਤਾ ਸਿੰਘ ਗੰਡੀਵਿੰਡ ਤੇ ਭਾਈ ਜਵਾਲਾ ਸਿੰਘ ਸ਼ੰਕਰ ਨੇ ਆਪਣੇ ਜ਼ੁਮੇ ਲਿਆ ਕਿ ਦਫਤਰ ਅਤੇ ਅਖਬਾਰ ਉਹ ਲੈ ਲੈਣਗੇ। ਇੱਕ ਦਿਨ ਭਾਈ ਸੰਤਾ ਸਿੰਘ ਗਿੰਡੀਵਿੰਡ, ਭਾਈ ਜਵਾਲਾ ਸਿੰਘ ਸ਼ੰਕਰ, ਭਾਈ ਹਰਨਾਮ ਸਿੰਘ ਪੰਡੋਰੀ ਨਿੱਝਰਾਂ ਤੇ ਇੱਕ ਹੋਰ ਸੱਜਣ ਦਫਤਰ ਗਏ ਤੇ ਅੰਦਰ ਵੜਕੇ ਬੈਠ ਗਏ। ਰਾਮ ਚੰਦ ਦੇ ਆਦਮੀ ਆਏ, ਘਸੁੰਨ ਮੁੱਕੀ ਹੋਈ। ਰਾਮ ਚੰਦ ਤੇ ਉਸ ਦੇ ਆਦਮੀ ਮਾਰ ਖਾ ਕੇ ਭੱਜ ਗਏ। ਦਫਤਰ ਉਤੇ ਪਾਰਟੀ ਦਾ ਕਬਜ਼ਾ ਹੋ ਗਿਆ ਤੇ ਰਾਮ ਚੰਦ ਦਾ ਨਿੱਜੀ ਕਬਜ਼ਾ ਤੋੜ ਸੁਟਿਆ ਗਿਆ। ਪਹਿਲਾਂ ਹਿਲ ਸਟਰੀਟ ਦੇ ਦਫਤਰ ਉਤੇ ਕਬਜ਼ਾ ਕੀਤਾ ਤੇ ਫੇਰ ਦੂਸਰੇ ਦਫਤਰ ਉੱਤੇ।[2]

ਐਨੀ ਹੋਣ ਤੇ ਵੀ ਉਹ ਟਲਿਆ ਨਹੀਂ। ਉਸਦੇ ਪਾਸ ਪੈਸਾ ਸੀ। ਉਸ ਨੇ ਨਵਾਂ ਪਰੈਸ ਲਾ ਲਿਆ ਤੇ ਮੁਕਾਬਲੇ ਉਤੇ 'ਹਿੰਦੁਸਤਾਨ ਗ਼ਦਰ' ਅਖਬਾਰ ਕੱਢਣਾ ਸ਼ੁਰੂ ਕਰ ਦਿੱਤਾ। ਇਸ ਉਤੇ ਗ਼ਦਰ ਪਾਰਟੀ ਦੇ ਮੈਂਬਰਾਂ ਨੂੰ ਬੜਾ ਗੁੱਸਾ ਆਇਆ। ਮੈਂਬਰਾਂ ਨੂੰ ਖਤਰਾ ਪੈਦਾ ਹੋ ਗਿਆ ਕਿ ਉਹ ਪਾਰਟੀ ਦੇ ਸਾਰੇ ਸਿਆਸੀ ਭੇਤ ਤੇ ਰਾਜਸੀ ਚਾਲਾਂ ਅਦਾਲਤ ਵਿੱਚ ਦੱਸ ਦੇਵੇਗਾ। ਇਸ ਲਈ ਕਈਆਂ ਗ਼ਦਰੀਆਂ ਨੂੰ ਖਿਆਲ ਆਇਆ ਕਿ ਉਸ ਨੂੰ ਅਦਾਲਤ ਵਿੱਚ ਮੂੰਹ ਖੋਲਣ ਤੋਂ ਪਹਿਲਾਂ

---

1. ਭਾਈ ਨਿਰੰਜਣ ਸਿੰਘ ਪੰਡੋਰੀ ਦਾ ਬਿਆਨ
2. ਉਤਲਿਖਤ ਤੇ 'ਮੇਰਾ ਸੰਖੇਪ ਜੀਵਨ ਖ਼ਾਕਾ' ਤੇ ਹਰਨਾਮ ਸਿੰਘ ਪੰਡੋਰੀ ਨਿਝਰਾਂ ਦਾ ਬਿਆਨ

ਹੀ ਖਤਮ ਕਰ ਦਿੱਤਾ ਜਾਵੇ। ਅਨ ਅਮਰੀਕਨ ਸਰਗਰਮੀਆਂ ਦੀ ਰਪੋਰਟ ਲਿਖਦੀ ਹੈ–

"ਜਦ ਉਹ ਤੀਹਾਂ ਹੋਰਨਾਂ ਮੁਕੱਦਮੇ ਵਾਲਿਆਂ ਨਾਲ ਫੜਿਆ ਗਿਆ ਤਾਂ ਇਹ ਯਕੀਨ ਕੀਤਾ ਜਾਂਦਾ ਸੀ ਕਿ ਉਹ ਆਪਣੇ ਨਾਲਦਿਆਂ ਨਾਲ ਵਿਸਾਹਘਾਤ ਕਰੇਗਾ ਤੇ ਖੁਫੀਆ ਸਰਗਰਮੀਆਂ ਦੱਸ ਦੇਵੇਗਾ। ਇਸ ਮੁਕੱਦਮੇ ਦੇ ਕਾਰਨ ਪੈਦਾ ਹੋਈ ਗਰਮਾ ਗਰਮੀ ਤੋਂ ਸਰਕਾਰ ਦੇ ਮਾਰਸ਼ਲ ਨੂੰ ਇਹ ਡਰ ਸੀ ਕਿ ਮਤਾਂ ਗਵਾਹਾਂ ਨੂੰ ਗੋਲੀ ਨਾਲ ਮਾਰ ਦਿੱਤਾ ਜਾਵੇ। ਇਸ ਲਈ ਉਹ ਮੁਕੱਦਮਾ ਸੁਨਣ ਆਉਣ ਵਾਲਿਆਂ ਦੀ ਤਲਾਸ਼ੀ ਲੈਂਦਾ ਹੁੰਦਾ ਸੀ। ਪਰ ਇੱਕ ਗ਼ਦਰੀ ਆਪਣੀ ਪੱਗ ਵਿੱਚ ਰੀਵਾਲਵਰ ਲੁਕਾ ਲਿਆਇਆ। ਜਦ ਰਾਮ ਚੰਦ ਜਥੇਬੰਦੀ ਦੀਆਂ ਰਾਜ ਉਲਟਾਊ ਸਰਗਰਮੀਆਂ ਬਾਰੇ ਸਰਕਾਰੀ ਗਵਾਹੀ ਦੀ ਤਸਦੀਕ ਕਰਨ ਲੱਗਾ ਤਾਂ ਉਸ (ਰਾਮ ਸਿੰਘ) ਨੇ ਸੁਨਣ ਵਾਲਿਆਂ ਵਿੱਚੋਂ ਉਠਕੇ ਪਿਸਤੌਲ ਦਾ ਨਿਸ਼ਾਨਾ ਸਿੱਧਾ ਕੀਤਾ ਤੇ ਗਵਾਹ (ਰਾਮ ਚੰਦ) ਨੂੰ ਫੁੰਡ ਕੇ ਸੁਟ ਦਿੱਤਾ। ਗ਼ਦਰੀ ਰਾਮ ਚੰਦ ਨੂੰ ਗ਼ਦਾਰੀ ਦੀ ਸਜ਼ਾ ਦੇ ਕੇ ਸ਼ਾਂਤੀ ਪੂਰਵਕ ਖਲੋਤਾ ਰਿਹਾ। ਪਰ ਅਮਰੀਕਾ ਦੇ ਮਾਰਸ਼ਲ ਨੇ ਉਸ ਨੂੰ ਅਗਾਂਹ ਹੋ ਕੇ ਗਰਿਫਤਾਰ ਕਰਨ ਦੀ ਬਜਾਇ ਗੋਲੀ ਮਾਰਕੇ ਸ਼ਹੀਦ ਕਰ ਦਿੱਤਾ।"

ਇਹ ਘਟਨਾ 23 ਅਪਰੈਲ, 1918 ਦੀ ਹੈ, ਜਿਸ ਨੂੰ ਸਾਨਫਰਾਂਸਿਸਕੋ ਕਰਾਨੀਕਲ 24 ਅਪਰੈਲ, 1918 ਦੇ ਪਰਚੇ ਵਿੱਚ ਬਿਆਨ ਕਰਦਿਆਂ ਹੋਇਆਂ ਲਿਖਦਾ ਹੈ–

"ਰਾਮ ਸਿੰਘ ਨੇ ਰਾਮ ਚੰਦ ਨੂੰ ਮਾਰ ਦਿੱਤਾ। ਮਾਰਸ਼ਲ ਹਾਲੋਹੈਂਡ ਨੇ ਰਾਮ ਸਿੰਘ ਨੂੰ। ਰਾਮ ਚੰਦ ਗਵਾਹਾਂ ਵਾਲੇ ਕਟਹਿਰੇ ਦੇ ਐਨ ਪੈਰਾਂ ਵਿੱਚ ਮੋਇਆ ਪਿਆ ਸੀ।"

ਦਿਸਦਾ ਹੈ ਕਿ ਉਹ ਗਵਾਹੀ ਦੇਣ ਲਈ ਗਵਾਹਾਂ ਵਾਲੇ ਕਟਹਿਰੇ ਵਲ ਜਾ ਰਿਹਾ ਸੀ ਕਿ ਉਸ ਦੀ ਅਲਖ ਮੁਕਾ ਦਿੱਤੀ ਗਈ। ਪਾਰਟੀ ਦੇ ਕੰਮ ਨੂੰ ਨਾਸ਼ ਕਰਕੇ ਪਾਰਟੀ ਦੇ ਆਪਣੇ ਹੱਥੋਂ ਇਹ ਪਹਿਲੀ ਸਜ਼ਾ ਸੀ, ਜੋ ਭਰੀ ਕਚਹਿਰੀ ਵਿੱਚ ਦਿੱਤੀ ਗਈ। ਇਸ ਤਰ੍ਹਾਂ ਅਮਰੀਕਾ ਵਿੱਚ ਵੀ ਅੰਗਰੇਜ਼ੀ ਸਾਮਰਾਜ ਅਮਰੀਕਨ ਅਜਾਰਿਆਂ ਦੀ ਸਰਮਾਏਦਾਰ ਹਕੂਮਤ ਦੀ ਸਹਾਇਤਾ ਨਾਲ ਗ਼ਦਰੀ ਪਾਰਟੀ ਦੀ ਲੀਡਰਸ਼ਿਪ ਨੂੰ ਜੇਹਲੀਂ ਪਾਉਣ ਵਿੱਚ ਕਾਮਯਾਬ ਹੋ ਗਿਆ।

ਇਸ ਇਨਕਲਾਬੀ ਜਤਨ ਵਿੱਚ ਪਾਰਟੀ ਨੂੰ ਬੜੀਆਂ ਕੁਰਬਾਨੀਆਂ ਦੇਣੀਆਂ ਪਈਆਂ। ਪਿਛਲਿਆਂ ਸਫਿਆਂ ਤੇ ਅਗਲੀ ਨੋਟਾਵਾਲੀ ਤੋਂ ਪਤਾ ਲੱਗਦਾ ਹੈ ਕਿ ਅੰਗਰੇਜ਼ੀ ਸਾਮਰਾਜ ਨੇ ਇਸ ਲਹਿਰ ਨੂੰ ਕੁਚਲਣ ਵਿੱਚ 145 ਗ਼ਦਰੀ ਜਾਨੋਂ ਮਾਰ ਦਿੱਤੇ, 308 ਨੂੰ 14 ਸਾਲ ਤੋਂ ਵੱਧ ਸਜ਼ਾਵਾਂ ਹੋਈਆਂ 15। ਇਸ ਲਹਿਰ ਨੇ ਵੀ ਹਿੰਦ ਦੀ ਗੁਲਾਮੀ ਪੱਕੀ ਰੱਖਣ ਦੇ ਯਤਨ ਕਰ ਰਹੇ ਕਈ ਸਾਮਰਾਜੀ ਹਾਕਮਾਂ ਤੇ ਉਹਨਾਂ ਦੀਆਂ ਜ਼ਰਖ਼ਰੀਦ ਪੁਤਲੀਆਂ ਦੇ ਆਹੂ ਲਾਹੇ, ਜਿਨ੍ਹਾਂ ਦੇ ਵੇਰਵੇ ਦੀ ਲੋੜ ਨਹੀਂ।

ਇਹਨਾਂ ਹਿੰਦੁਸਤਾਨ, ਬਰਮਾ, ਸਿੰਘਾਪੁਰ ਤੇ ਅਮਰੀਕਾ ਦੇ ਮੁਕੱਦਮਿਆਂ ਨਾਲ ਗ਼ਦਰ ਪਾਰਟੀ ਦੀ ਪਕਾਈ ਹੋਈ ਲਹਿਰ ਦਾ ਪਹਿਲਾ ਦੌਰ ਖਤਮ ਹੋ ਗਿਆ। ਅੰਗਰੇਜ਼ੀ ਸਾਮਰਾਜ ਨੇ ਲਹਿਰ ਤਾਂ ਦਬਾ ਲਈ, ਪਰ ਉਹ ਪਾਰਟੀ ਨੂੰ ਨੱਪ ਤੇ ਬੇਹਿੰਮਤ ਨਹੀਂ ਕਰ ਸਕਿਆ। ਆਪਣੀ ਇਸ ਹਾਰ ਨੂੰ ਸਾਮਰਾਜੀਆਂ ਨੇ ਖੁਦ ਮੰਨਿਆ ਹੈ।

"ਇਹ ਖਿਆਲ ਰੱਖਣਾ ਕਮਅਕਲੀ ਹੋਵੇਗਾ ਕਿ ਉਹਨਾਂ ਹਜ਼ਾਰਾਂ ਲੋਕਾਂ ਦੇ ਖਿਆਲ ਬਦਲ ਗਏ ਹਨ, ਜਿਨ੍ਹਾਂ ਨੂੰ ਅਮਰੀਕਾ ਤੇ ਦੂਰ ਪੂਰਬ ਵਿੱਚੋਂ ਇਨਕਲਾਬੀ ਪਾਨ ਚੜ੍ਹ ਗਈ ਸੀ।"

...1919 ਦੀ ਸ਼ਾਹੀ ਮੁਆਫੀ ਵਿੱਚ ਬਾਗੀਆਂ ਨੂੰ ਰਿਹਾਅ ਕੀਤਾ ਗਿਆ ਤਾਂ

ਗ਼ਦਰੀਆਂ ਵਿੱਚੋਂ ਕਈਆਂ ਨੇ ਫੇਰ ਸਿਰ ਚੁਕਣਾ ਸ਼ੁਰੂ ਕਰ ਦਿੱਤਾ। ਇਹ ਆਮ ਪਰਸਿੱਧ ਗੱਲ ਹੈ, ਕਿ ਇਹ ਲੋਕ ਅਕਾਲੀ ਸਿੱਖਾਂ ਦੀ ਨਵੀਂ ਇਨਕਲਾਬੀ ਲਹਿਰ ਦੀ ਬਿੰਦ ਸਨ ਤੇ ਬੱਬਰ ਅਕਾਲੀ ਲਹਿਰ ਦੇ ਉੱਘੇ ਮੈਂਬਰ।[1]"

ਇਹ ਸਨ ਵਿਚਾਰ ਛਟੇ ਛੂਕੇ ਜ਼ਾਲਮ ਸਾਮਰਾਜੀ ਹਾਕਮ, ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਦੇ, ਜਿਸਨੂੰ ਗ਼ਦਰ ਪਾਰਟੀ ਦੀ ਲਹਿਰ ਨੂੰ ਦਬਾਉਣ ਦਾ ਬੜਾ ਵਿਉਂ ਸੀ, ਜਿਸ ਦੇ ਜਲ੍ਹਿਆਂ ਵਾਲੇ ਬਾਗ ਵਿੱਚ ਸਾਡੀ ਕੌਮੀ ਲਹਿਰ ਦੇ ਵਗਾਏ ਹੋਏ ਲਹੂ ਨਾਲ ਲਬੇੜੀਆਂ ਹੋਈਆਂ ਅੰਗਰੇਜ਼ੀ ਸਾਮਰਾਜ ਦੀਆਂ ਵਰਾਛਾਂ ਹੁਣ ਤੱਕ ਚੋ ਰਹੀਆਂ ਹਨ।

ਪਾਰਟੀ ਫੇਰ ਉਠੀ ਤੇ ਉਸ ਨੇ ਰੂਸ ਦੇ ਨਵੰਬਰ ਇਨਕਲਾਬ ਤੋਂ ਨਵਾਂ ਉਤਸ਼ਾਹ ਲਿਆ ਤੇ ਨਵੀਆਂ ਲੀਹਾਂ ਤੇ ਆਸ਼ਿਆਂ ਉਤੇ ਆਪਣੀ ਜਥੇਬੰਦੀ ਨੂੰ ਨਵੇਂ ਸਿਰੇ ਉਸਾਰਿਆ ਤੇ ਉਹ 1947 ਤੱਕ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿੱਚੋਂ ਉਖਾੜਕੇ ਬਾਹਰ ਸੁਟਣ ਲਈ ਲੱਗੀ ਰਹੀ। ਉਸ ਨੇ ਜਿੱਥੇ ਹਿੰਦੁਸਤਾਨ ਦੀ ਕੌਮੀ ਲਹਿਰ ਦੀ ਮਾਇਆ ਨਾਲ ਸੇਵਾ ਕੀਤੀ, ਓਥੇ ਕੌਮ ਤੇ ਮਿਹਨਤੀ ਜਨਤਾ ਦੀ ਆਜ਼ਾਦੀ ਦੀ ਲਹਿਰ ਲਈ ਅਨੇਕਾਂ ਵਰਕਰ ਦਿੱਤੇ, ਜਿਨ੍ਹਾਂ ਦੀਆਂ ਕਰਨੀਆਂ ਤੇ ਕੁਰਬਾਨੀਆਂ ਦਾ ਇੱਕ ਜੁਦਾ ਇਤਿਹਾਸ ਹੈ, ਜਿਸ ਨੂੰ ਵਿਸਥਾਰ ਨਾਲ ਅਗਲੇ ਭਾਗ ਵਿੱਚ ਲਿਆ ਜਾਵੇਗਾ।

---

1. ਜਿਵੇਂ ਮੈਂ ਹਿੰਦ ਨੂੰ ਜਾਤਾਂ', ਸਫਾ 209

# ਨੋਟਾਵਲੀ

**1. ਲਾਲਾ ਹਰਦਿਆਲ**–1909–10 ਵਿਚ ਲਾਲਾ ਹਰਦਿਆਲ ਦਿੱਲੀ ਤੋਂ ਇੰਗਲੈਂਡ ਤੇ ਫੇਰ ਫਰਾਂਸ ਗਏ। ਪੈਰਸ ਉਹਨੀ ਦਿਨੀਂ ਦੁਨੀਆਂ ਭਰ ਦੇ ਬੁਰਜੁਆ ਇਨਕਲਾਬੀਆਂ ਦਾ ਅੱਡਾ ਹੁੰਦਾ ਸੀ। ਇਹਨਾਂ ਬੁਰਜੁਆ ਇਨਕਲਾਬੀਆਂ ਵਿਚ ਪਰੂਦਾਂਹ, ਬਾਕਿਊਨਿਨ ਤੇ ਰਾਜਕੁਮਾਰ ਕਰਾਪਾਟਕਿਨ ਦੇ ਅਨਾਰਕਿਸਟ ਖ਼ਿਆਲ ਤੇ ਆਧਾਰਤ ਇਨਕਲਾਬੀ ਘੋਲ ਦੀ ਲੀਹ ਆਮ ਪਰਚਲਤ ਸੀ। ਲਾਲਾ ਜੀ ਨੇ ਇਹਨਾਂ ਦੀ ਸੰਗਤ ਤੋਂ ਅਨਾਰਕਿਸਟ ਖ਼ਿਆਲਾਂ ਦਾ ਅਸਰ ਲਿਆ ਤੇ ਉਹ ਕੱਟੜ ਅਨਾਰਕਿਸਟ ਹੋ ਗਏ। ਉਹ ਅਨਾਰਕਿਸਟ ਵਿਚਾਰਧਾਰਾ ਦੇ ਅਸਰ ਹੇਠ ਹਰ ਪਰਕਾਰ ਦੀ ਸਰਕਾਰ, ਸ਼ਾਦੀ ਵਿਆਹ, ਸਮਾਜਕ ਤੇ ਸਿਆਸੀ ਬੰਧਨਾਂ ਅਤੇ ਮਜ਼ਹਬਾਂ ਨੂੰ ਇਨਸਾਨੀ ਆਜ਼ਾਦੀ ਤੇ ਨਿਜ ਵਿਕਾਸ ਦੇ ਰਸਤੇ ਵਿਚ ਰੁਕਾਵਟ ਸਮਝਣ ਤੇ ਪਰਚਾਰਨ ਲੱਗ ਪਏ। ਇਸੇ ਲਈ ਉਹਨਾਂ ਦਾ ਪੈਰਸ ਵਿਚ ਰਹਿ ਰਹੇ ਸ੍ਰੀਮਤੀ ਕਾਮਾ ਤੇ ਸ੍ਰੀ ਕਿਸ਼ਨ ਵਰਗੇ ਹਿੰਦੀ ਇਨਕਲਾਬੀਆਂ ਨਾਲ ਮਤਭੇਦ ਹੋ ਗਿਆ। ਉਹ ਆਪਣੇ ਖ਼ਿਆਲਾਂ ਨੂੰ ਬਿਲਕੁਲ ਨਵੀਨ ਤੇ ਯਥਾਰਥ ਸਮਝਕੇ ਇਹਨਾਂ ਦੇ ਪਰਚਾਰ ਲਈ "ਦੁਨੀਆਂ ਨੂੰ ਮਹਾਤਮਾ ਬੁਧ ਦੀ ਇਕ ਨਵਾਂ ਮਜ਼ਹਬ ਦੇਣ ਦੀ ਤਿਆਰੀ ਵਿਚ" ਰੁਝ ਗਏ।[1]

ਆਪਣੇ ਇਸ ਆਸ਼ੇ ਦੀ ਪੂਰਤੀ ਲਈ ਉਹਨਾਂ ਨੇ ਪੁਰਾਤਨ ਹਿੰਦੀ ਰਿਸ਼ੀਆਂ ਵਾਂਗ ਪਹਿਲਾ ਕਦਮ ਤਪਸਿਆ ਕਰਨ ਦਾ ਚੁਕਿਆ ਤੇ ਉਹ ਤਪਸਿਆ ਕਰਨ ਲਈ ਪੈਰਿਸ ਤੋਂ ਅਲਜੇਰੀਆ ਚਲੇ ਗਏ। ਉਥੇ ਤਪਸਿਆ ਕਰਨ ਲਈ ਹਾਲਾਤ ਠੀਕ ਨਾ ਬੈਠੇ ਤਾਂ ਵਾਪਸ ਪੈਰਸ ਵਿਚ ਆ ਗਏ। ਫਰਾਂਸ ਆਕੇ ਤਪਸਿਆ ਦੀ ਖਾਹਸ਼ ਨੇ ਫੇਰ ਜ਼ੋਰ ਪਾਇਆ ਤੇ ਉਹ ਉਤਰੀ ਤੇ ਦਖਣੀ ਅਮਰੀਕਾ ਦੇ ਵਿਚਕਾਰ ਵੈਸਟ ਇੰਡੀਜ਼ ਦੇ ਸਮੁੰਦਰੀ ਟਾਪੂ ਮਾਰਟੀਨੀਕ ਵਿਚ ਜਾ ਬਿਰਾਜੇ। ਇਥੇ ਉਹਨਾਂ ਨੂੰ ਭਾਈ ਪਰਮਾ ਨੰਦ ਮਿਲੇ, ਜਿਨ੍ਹਾਂ ਨੇ ਉਹਨਾਂ ਨੂੰ ਤਪਸਿਆ ਤੇ ਕੰਮ ਤੋਂ ਹੋੜਿਆ[2] ਤੇ ਅਮਰੀਕਾ ਵਿਚ ਜਾਕੇ ਆਰਯਾ ਜਾਤੀ ਦੀਆਂ ਪੁਰਾਣੀਆਂ ਰੌਹ ਗੀਤਾਂ ਤੇ ਫ਼ਿਲਾਸਫੀ ਦਾ ਪਰਚਾਰ ਕਰਨ ਲਈ ਤਿਆਰ ਕਰ ਲਿਆ। ਇਥੋਂ ਭਾਈ ਜੀ ਦੇ ਆਖੇ ਉਹ 10 ਫਰਵਰੀ, 1911 ਨਿਊਯਾਰਕ ਆਏ ਤੇ ਏਥੇ ਕੁਝ ਦਿਨ ਰਹਿਕੇ ਅਮਰੀਕਾ ਦੀ ਮਸ਼ਹੂਰ ਯੂਨੀਵਰਸਿਟੀ ਹਾਰਵਰਡ ਚਲੇ ਗਏ, ਜਿਥੋਂ ਸੰਤ ਤੇਜਾ ਸਿੰਘ ਨੇ ਉਹਨਾਂ ਨੂੰ ਝਬਦੇ ਹੀ ਸਨਫਰਾਂਸਿਸਕੋ ਭੇਜ ਦਿਤਾ। ਏਥੇ ਆਕੇ ਉਹਨਾਂ ਨੂੰ ਫੇਰ ਤਪਸਿਆ ਦਾ ਭੁਸ ਉਠਿਆ ਤੇ ਉਹ ਹੋਨੋਲੂਲੂ ਚਲੇ ਗਏ। ਉਥੇ ਮੁੜ ਆਰਯਾ ਜਾਤੀ ਦੇ ਪਰਚਾਰ ਦੀ ਖਾਹਸ਼ ਜਾਗ ਪਈ ਤੇ ਉਹ ਸਾਨਫਰਾਂਸਿਸਕੋ ਮੁੜ ਆਏ।[3]

ਲਾਲਾ ਹਰਦਿਆਲ ਉਹਨਾਂ ਦਿਨਾਂ ਦੇ ਚੰਗੇ ਪੜ੍ਹੇ ਲਿਖੇ ਅਤੇ ਸੰਸਕ੍ਰਿਤ ਤੇ ਹਿੰਦੂ ਫਿਲਾਸਫੀ ਦੇ ਵਿਦਵਾਨ ਸਨ। ਫਰਾਂਸ ਵਿਚ ਰਹਿਣ ਨਾਲ ਉਹਨਾਂ ਦਾ ਨਾਂ ਕੌਮੀ ਇਨਕਲਾਬੀਆਂ ਤੇ ਗ਼ੁਲਾਮ ਮੁਲਕਾਂ ਤੇ ਕੌਮੀ ਲੀਡਰਾਂ ਵਿਚ ਆਮ ਗਿਣਿਆ ਜਾਣ ਲੱਗਾ ਪਿਆ। ਹਿੰਦ ਦੀ ਤਿਜਾਰਤ ਤੇ ਕੁਦਰਤੀ ਵਸੀਲਿਆਂ ਤੋਂ ਫ਼ੈਦਾ ਉਠਾਉਣ ਦੀ ਤਾਕ ਵਿੱਚ ਲੱਗੇ ਹੋਏ ਕੈਲੇਫੋਰਨੀਆਂ

---

1. ਭਾਈ ਪਰਮਾਨੰਦ ਦੀ "ਆਪ ਬੀਤੀ" ਸਫਾ 50
2. "ਹਿੰਦੁਸਤਾਨੀ" ਪਹਿਲੀ ਅਪਰੈਲ 1914, ਨੰ: ਸਫਾ 2
3. ਭਾਈ ਪਰਮਾਨੰਦ ਦੀ "ਆਪ ਬੀਤੀ" ਸਫਾ ਨੰ: 50–51

ਦੇ ਸਰਮਾਏਦਾਰ ਜਮਾਤ ਦੇ ਲੋਕਾਂ ਵਿਚ ਉਹਨਾਂ ਦਾ ਕਾਫੀ ਨਾਮਨਾ ਹੋ ਗਿਆ। ਸ਼ਹਿਰ ਦੇ ਪਬਲਿਕ ਹਾਲਾਂ ਤੇ ਯੂਨੀਵਰਸਿਟੀਆਂ ਵਿਚ ਹਿੰਦੂ ਫਿਲਾਸਫੀ ਉਤੇ ਉਹਨਾਂ ਦੇ ਲੈਕਚਰ ਕਰਵਾਏ ਜਾਣ ਲੱਗੇ। ਇਹਨਾਂ ਲੈਕਚਰਾਂ ਤੋਂ ਪ੍ਰਭਾਵਤ ਹੋਕੇ ਉਹਨਾਂ ਨੂੰ ਸਟੈਨਫੋਰਡ ਦੀ ਪਰਾਈਵੇਟ ਯੂਨੀਵਰਸਿਟੀ ਵਿਚ ਫਰਵਰੀ 1912 ਵਿਚ ਸੰਸਕ੍ਰਿਤ ਤੇ ਹਿੰਦੂ ਫਿਲਾਸਫੀ ਦਾ ਪਰੋਫੈਸਰ ਲਾ ਲਿਆ ਗਿਆ। ਪਰ ਝਬਦੇ ਹੀ ਉਹਨਾਂ ਦੇ ਅਨਾਰਕਿਸਟੀ ਖ਼ਿਆਲ ਯੂਨੀਵਰਸਿਟੀ ਦੇ ਹਾਕਮਾਂ ਨੂੰ ਬੁਰੇ ਲੱਗਣ ਲੱਗ ਪਏ, ਜਿਸ ਉਤੇ ਸਤੰਬਰ 1912 ਵਿਚ ਉਹਨਾਂ ਨੂੰ ਯੂਨੀਵਰਸਿਟੀ ਛਡਕੇ ਫੇਰ ਸਾਨਫਰਾਂਸਿਸਕੋ ਆਉਣਾ ਪਿਆ।[1] ਲਾਲਾ ਸਾਨਫਰਾਂਸਿਸਕੋ ਤੋਂ ਕੋਈ 40 ਮੀਲ ਦੱਖਣ ਵੱਲ ਇਕ ਕਸਬੇ ਪੋਲੋ ਆਲਟੋ ਦੇ ਹੈਮਿਲਟਨ ਸਟਰੀਟ ਵਿਟ 272 ਨੰਬਰ ਮਕਾਨ ਵਿਚ ਰਹਿੰਦੇ ਸਨ।

**2.ਕਰਨਲ ਸਵੇਨ ਦਾ ਯਾਦ ਪਤਰ**: ਘਾਟ (ੳ) ਮਈ 1909 ਕਾਰਵਾਈ ਨੰ: 13, ਸਫ਼ਾ 34–38—"ਵੈਨਕੋਵਰ ਦੇ ਹਿੰਦੂਆਂ (ਹਿੰਦੀਆਂ) ਦੀਆਂ ਕਈ ਜਮਾਤਾਂ ਅੰਦਰ ਸਮੁੱਚੇ ਜਜ਼ਬੇ ਦੀ ਉਤਪਤੀ ਦਾ ਖੁਰਾ ਲੱਭਣਾ ਬੜੀ ਦਿਲਚਸਪ ਗੱਲ ਹੈ। ਉਹ ਸਾਰੇ ਗੋਰੇ ਮਜ਼ਦੂਰਾਂ ਦੀ ਦੁਸ਼ਮਣੀ ਤੋਂ ਬਚਣ ਲਈ ਇਕ ਮੁਠ ਹੋ ਗਏ ਹਨ ਅਤੇ ਪੰਜਾਬ ਦੇ ਮੁਸਲਮਾਨ, ਸਿੱਖ ਤੇ ਹਿੰਦੂ ਅਤੇ ਉਤਰ ਪੱਛਮ ਤੇ ਹੇਠਲੇ ਬੰਗਾਲ ਦੇ ਬ੍ਰਾਹਮਣ ਵੀ ਇਸ ਤਰ੍ਹਾਂ ਏਕਾ ਕਰ ਗਏ ਹਨ, ਕਿ ਜਿਹੋ ਜਿਹਾ ਕਿ ਹਿੰਦੁਸਤਾਨ ਵਿਚ ਕਦੇ ਨਹੀਂ ਹੋਇਆ।"

"ਮੈਨੂੰ ਹਿੰਦੂਆਂ ਦੇ ਵਿਰੁਧ ਗੋਰੀ ਵਸੋਂ ਵਿਚ ਕੋਈ ਆਮ ਤਕੜੀ ਨਫਰਤ ਨਹੀਂ ਲਭੀ। ਹਾਂ, ਇਹ ਗੱਲ ਜ਼ਰੂਰ ਹੈ ਕਿ ਗੋਰੀ ਵਸੋਂ ਵਿਚ ਹਿੰਦੂਆਂ ਦੇ ਕੈਨੇਡਾ ਦਾਖ਼ਲ ਹੋਣ ਉਤੇ ਕੋਈ ਪਾਬੰਦੀ ਲਾਏ ਤੇ ਇਹਨਾਂ ਦੇ ਆਉਣ ਦੀ ਕੋਈ ਗਿਣਤੀ ਬੰਨ੍ਹ ਦਿਤੀ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਕੰਮਾਂ ਦੇ ਮਾਲਕ ਤਾਂ ਇਹ ਚਾਹੁੰਦੇ ਹਨ ਕਿ ਏਸ਼ੀਆ ਵਿਚੋਂ ਲਗਾਤਾਰ ਮਜ਼ਦੂਰ ਆਉਂਦੇ ਰਹਿਣ, ਜਿਨ੍ਹਾਂ ਨੂੰ ਆਪਣੇ ਵਧ ਰਹੇ ਕਾਰੋਬਾਰ ਲਈ ਕਾਫੀ ਗੋਰੇ ਨਹੀਂ ਮਿਲ ਰਹੇ। ਉਹ ਗੋਰੇ ਮਜ਼ਦੂਰਾਂ ਉਤੇ ਬਹੁਤ ਘੱਟ ਭਰੋਸਾ ਕਰਦੇ ਹਨ, ਕਿਉਂਕਿ ਉਹ ਝਬਦੇ ਹੀ ਇਕ ਕੰਮ ਨਹੀਂ ਕਰਦੇ। ਪਰ ਏਸ਼ੀਆਈ ਮਜ਼ਦੂਰ, ਜਿਥੇ ਲੱਗ ਗਏ, ਕੰਮ ਛਡਕੇ ਨਹੀਂ ਜਾਂਦੇ।"

" ਹਿੰਦੂਆਂ ਨੇ ਇਕ ਸੋਸਾਇਟੀ (ਖ਼ਾਲਸਾ ਦੀਵਾਨ ਸੋਸਾਇਟੀ) ਬਨਾਉਣ ਦਾ ਫ਼ੈਸਲਾ ਕੀਤਾ ਹੈ, ਜੋ ਦਰਅਸਲ ਇਕ ਮਜ਼ਦੂਰ ਯੂਨੀਅਨ ਹੈ ਤੇ ਸਿੱਖ ਮੰਦਰ (ਗੁਰਦੁਆਰੇ) ਵਿਚ ਇਕੱਠ ਕਰਦੀ ਰਹਿੰਦੀ ਹੈ। ਇਹ ਫੈਸਲਾ ਵੀ ਕੀਤਾ ਹੈ ਕਿ ਲੋੜਵੰਦ ਹਿੰਦੂਆਂ ਦੀ ਸਹਾਇਤਾ ਕੀਤੀ ਜਾਇਆ ਕਰੇ, ਉਹ ਬਾਜ਼ਾਰਾਂ ਵਿੱਚ ਆਵਾਰਾ ਨਾ ਫਿਰਿਆ ਕਰਨ, ਮਜ਼ਦੂਰੀ ਦਿਵਾਉਣ ਦਾ ਕੰਮ ਕੀਤਾ ਜਾਏ ਅਤੇ ਜ਼ਮੀਨਾਂ ਖ਼ਰੀਦਨ ਤੇ ਵਸਤੀਆਂ ਬਨਾਉਣ ਦੀਆਂ ਸਕੀਮਾਂ ਬਣਾਈਆਂ ਜਾਣ।"

" ਹਾਂ, ਇਹ ਗੱਲ ਯਕੀਨੀ ਹੈ ਕਿ ਜੇ ਇਹਨਾਂ ਲੋਕਾਂ ਨੂੰ ਕੈਨੇਡਾ ਵਿੱਚੋਂ ਦੇਸ਼ ਨਿਕਾਲਾ ਦਿਤਾ ਗਿਆ ਤਾਂ ਗੁਰਦੁਆਰੇ ਦੀ ਸਾਰੀ ਸੰਗਤ ਤੇ ਪੁਜਾਰੀ, ਜਿਨ੍ਹਾਂ ਦੀ ਵੈਨਕੋਵਰ ਤੇ ਬਾਹਰ ਸੂਬੇ ਵਿੱਚ ਰਹਿਣ ਵਾਲੇ ਸਿੱਖ ਚੰਦਿਆਂ ਨਾਲ ਸਹਾਇਤਾ ਕਰਦੇ ਹਨ, ਡਟਕੇ ਵਿਰੋਧਤਾ ਕਰਨਗੇ।"

ਮੇਰੇ ਵਿਚਾਰ ਵਿੱਚ ਇਹ ਕਾਰਨ ਹਨ, ਜਿਨ੍ਹਾਂ ਕਰਕੇ ਇਹਨਾਂ ਦੇ ਦਾਖਲੇ ਉਤੇ ਸਖਤ

---

1. ਉਤਲਿਖਤ, 'ਹਿੰਦੁਸਤਾਨੀ', ਭਾਈ ਪਰਮਾਨੰਦ ਸਫਾ, 61, ਭਾਈ ਜਵਾਲਾ ਸਿੰਘ ਠਠੀਆਂ ਦੀ ਹੱਥ ਲਿਖਤ ਤੇ ਘਾਟ (ਅ) ਫਰਵਰੀ 1913, ਕਾਰਵਾਈ ਨੰ: 28–32

ਪਾਬੰਦੀਆਂ ਲਾਉਣੀਆਂ ਚਾਹੀਦੀਆਂ ਹਨ।

1. ਗੋਰੇ ਮਜ਼ਦੂਰਾਂ ਦੇ ਮੁਕਾਬਲੇ ਨੇ ਜਿਹੜਾ ਪੱਕਾ ਏਕਾ (ਹਿੰਦੂਆਂ ਵਿੱਚ) ਪੈਦਾ ਕਰ ਦਿੱਤਾ ਹੈ, ਉਹ ਬਰਤਾਨਵੀ ਵਕਾਰ ਲਈ ਚੰਗਾ ਨਹੀਂ।
2. ਹਿੰਦੂਆਂ ਦੀ ਬਰਤਾਨਵੀ ਕੋਲੰਬੀਆ ਵਿਚ ਵਸਣ ਦੀ ਸਲਾਹ ਨਹੀਂ। ਇਹਨਾਂ ਵਿੱਚੋਂ ਬਹੁਤ ਧਨੀ ਵੀ ਆਪਣੇ ਟੱਬਰ ਲਿਆਉਣਾ ਨਹੀਂ ਚਾਹੁੰਦੇ। ਉਹਨਾਂ ਸਾਰਿਆਂ ਦੀ ਮਨਸ਼ਾ ਇਹ ਹੈ ਕਿ ਏਥੋਂ ਪੈਸਾ ਜੋੜ ਕੇ ਉਹ ਦੇਸ਼ ਨੂੰ ਜਾਣ ਤੇ ਆਪਣੀਆਂ ਗਹਿਣੇ ਪਈਆਂ ਜ਼ਮੀਨਾਂ ਛੁਡਾਉਣ ਜਾਂ ਹੋਰ ਮੁੱਲ ਲੈਣ।
3. ਗ਼ੈਰ ਜ਼ਰੂਰੀ ਕਿਸਮ ਦੇ ਸੋਸ਼ਲਿਸਟਾਂ ਨੇ ਪੂਰਬੀ ਹਿੰਦੀਆਂ ਵਿੱਚ ਲੱਤ ਅੜਾਉਣ ਦਾ ਕਿੱਤਾ ਹੀ ਫੜ ਲਿਆ ਹੈ। ਹੁਣੇ ਜਿਹੇ ਹੀ ਅਮਰੀਕਾ ਦੀ ਸੋਸ਼ਲਿਸਟ (ਸ੍ਰੀਮਤੀ) ਐਮਾਂ ਗੋਲਡਮੈਨ ਵੈਨਕੋਵਰ ਆਈ ਤੇ ਉਹਨਾਂ ਦੇ ਜਲਸੇ ਵਿੱਚ ਬੋਲੀ।
4. ਜੇ ਇਹਨਾਂ ਸਿੱਖਾਂ ਨੇ ਪੰਜਾਬ ਵਿੱਚ ਆਪਣੇ ਦੋਸਤਾਂ ਕੋਲ ਵਾਪਸ ਜਾ ਕੇ ਅਨਪਚੇ ਸੋਸ਼ਲਿਸਟ ਖ਼ਿਆਲ ਤੇ ਆਪਣੇ ਨਾਲ ਕੰਮ ਕਰ ਰਹੇ ਗੋਰੇ ਮਜ਼ਦੂਰਾਂ ਦੇ ਉਹਨਾਂ ਨੂੰ ਲਭੇ ਨੁਕਸ– ਮਜ਼ਦੂਰਾਂ ਈਰਖਾ ਆਦਿ–ਦੱਸਣੇ ਸ਼ੁਰੂ ਕਰ ਦਿੱਤੇ ਤਾਂ ਪੰਜਾਬ ਦੀਆਂ ਫੌਜੀ ਜਮਾਤਾਂ ਵਿਚ ਇਸ ਦਾ ਭੈੜਾ ਅਸਰ ਹੋਵੇਗਾ, ਜੋ ਬਰਤਾਨਵੀ ਵਕਾਰ ਨੂੰ ਨੁਕਸਾਨ ਪੁਚਾਇਗਾ। ਜੇ ਹਿੰਦੁਸਤਾਨ ਵਿੱਚ ਅਸੀਂ ਆਪਣੀ ਪੋਜ਼ੀਸ਼ਨ ਉਤੇ ਝਾਤ ਮਾਰੀਏ ਤਾਂ ਅਸੀਂ ਹਿੰਦੁਸਤਾਨ ਉਤੇ ਸਿਰਫ ਵਕਾਰ ਨਾਲ ਰਾਜ ਕਰ ਰਹੇ ਹਾਂ, ਤਲਵਾਰ ਨਾਲ ਨਹੀਂ।
5. ਮਜ਼ਦੂਰ ਈਰਖਾ ਦੇ ਭਵਿੱਖਤ ਨੂੰ ਵੇਖੀਏ ਤਾਂ ਇਹ ਸਾਂਤ ਸਾਗਰ ਦੇ ਗੋਰੇ ਮਜ਼ਦੂਰਾਂ ਵਿੱਚ ਕਿਤੇ ਨਾ ਕਿਤੇ ਜ਼ਰੂਰ ਫੁਟਦੀ ਰਹੇਗੀ, ਜਿਸ ਨਾਲ ਕੈਨੇਡਾ ਤੇ ਲੰਡਨ ਦੀਆਂ ਸਰਕਾਰਾਂ ਲਈ ਮੁਸ਼ਕਲਾਂ ਪੈਦਾ ਹੋਣਗੀਆਂ। ਇਸ ਈਰਖਾ ਤੇ ਵੈਨਕੋਵਰ ਦੇ ਹਿੰਦੂਆਂ ਨਾਲ ਕੀਤੇ ਜਾ ਰਹੇ ਅਯੋਗ ਸਲੂਕ ਤੋਂ ਪੈਦਾ ਹੋਈ ਬੇਚੈਨੀ ਨੂੰ ਹਿੰਦੁਸਤਾਨ ਵਿੱਚ ਯਕੀਨੀ ਤੌਰ ਤੇ ਐਜੀਟੇਸ਼ਨ ਵਾਸਤੇ ਵਰਤਿਆ ਜਾਏਗਾ, ਜੋ ਪਹਿਲਾਂ ਹੀ ਕੀਤਾ ਜਾ ਰਿਹਾ ਹੈ।

" ਇਹਨਾਂ ਕਾਰਨਾਂ ਦੀ ਬਿਨਾਂ ਉਤੇ ਮੈਂ ਖਿਆਲ ਕਰਦਾਂ ਹਾਂ ਕਿ ਕੈਨੇਡਾ ਉਤੇ ਹਿੰਦੀਆਂ ਦੇ ਦਾਖਲੇ ਉਤੇ ਸਖਤ ਪਾਬੰਦੀ ਲਗਾ ਦੇਣੀ ਚਾਹੀਦੀ ਹੈ ਤੇ ਦਾਖ਼ਲਾ ਕਾਬੂ ਵਿਚ ਰੱਖਣਾ ਚਾਹੀਦਾ ਹੈ।"

" ਵੈਨਕੋਵਰ ਦੇ ਹਿੰਦੂਆਂ ਵਿਚ ਪਿਛਲੇ ਤਿੰਨ ਸਾਲ ਰਹਿਣ ਦੇ ਤਜਰਬੇ ਦੀ ਬਿਨਾਂ ਉਤੇ ਮੈਂ ਇਹ ਗੱਲ ਨਹੀਂ ਮੰਨਦਾ ਕਿ ਪੰਜਾਬੀ ਹਿੰਦੋਸਤਾਨੀ ਇਥੋਂ ਦੇ ਹਵਾ ਪਾਣੀ ਵਿਚ ਰਹਿਣ ਤੇ ਕੰਮ ਕਰਨ ਦੇ ਯੋਗ ਨਹੀਂ ਹਨ। ਪੰਜਾਬ ਦਾ ਸਿਆਲ ਸ਼ਾਂਤ ਸਾਗਰ ਦੇ ਆਮ ਹਵਾ ਪਾਣੀ ਨਾਲੋਂ ਕਿਤੇ ਸਖ਼ਤ ਹੈ।"

" ਜਦੋਂ ਮੈਂ ਇੰਗਲੈਂਡ ਤੋਂ ਤੁਰਿਆ ਸਾਂ, ਤਾਂ ਕਿਹਾ ਜਾਂਦਾ ਸੀ, ਕਿ ਵੈਨਕੋਵਰ ਵਿਚ ਬਹੁਤ ਜ਼ਿਆਦਾ, ਕੋਈ 1500 ਤੱਕ, ਹਿੰਦੀ ਬੇਕਾਰ ਹਨ। ਜਦ ਮੈਂ ਆਇਆ ਤਾਂ ਪਤਾ ਲੱਗਾ ਕਿ ਸਨਅਤੀ ਹਾਲਤਾਂ ਨੇ ਬੇਕਾਰੀ ਦੇ ਇਹ ਹਿਸਾਬ ਕਿਤਾਬ ਗਲਤ ਕਰ ਦਿੱਤੇ ਹਨ।"

ਕਰਨਲ ਸਵੇਨ ਨੇ 20 ਦਸੰਬਰ ਨੂੰ ਆਪਣੀ ਹਾਂਡੂਰਾਸ ਦੀ ਸਰਕਾਰ ਨੂੰ ਲਿਖਿਆ ਕਿ–

"ਵੈਨਕੋਵਰ ਆਇਆ ਤਾਂ ਇਥੋਂ ਦੇ ਹਾਕਮ ਮੈਨੂੰ ਇਕ ਵੀ ਬੇਕਾਰ ਹਿੰਦੂ ਨਹੀਂ ਦਿਖਾ

ਸਕੇ। ਮੈਨੂੰ ਆਖਿਆ ਗਿਆ ਕਿ ਅਜੇਹੇ ਬੇਕਾਰ ਹਿੰਦੂ ਵਰਨਨ ਤੇ ਨੈਲਸਨ ਦੇ ਜ਼ਿਲਿਆਂ ਵਿੱਚ ਹਨ। ਮੈਂ ਉਥੇ ਵੀ ਗਿਆ, ਪਰ ਮੇਰੀ ਪੁਛ ਪੜਤਾਲ ਨੇ ਮੈਨੂੰ ਦੱਸਿਆ ਕਿ ਸਗੋਂ ਏਥੋਂ ਦੇ ਫਲਾਂ ਦੇ ਬਾਗਾਂ ਵਿੱਚ ਹਿੰਦੂਆਂ ਦੀ ਬਹੁਤ ਹੀ ਲੋੜ ਹੈ।"

ਕਰਨਲ ਸਵੇਨ ਨੇ 30 ਦਸੰਬਰ, 1908 ਨੂੰ ਬਸਤੀਆਂ ਦੇ ਲੰਡਨੀ ਦਫਤਰ ਨੂੰ ਇੱਕ ਚਿੱਠੀ ਲਿਖੀ ਸੀ-

"ਸੂਬਾਈ ਸਰਕਾਰ ਦੇ ਲੀਡਰ, ਜੋ ਕੇਂਦਰੀ ਸਿਆਸਤ ਵਿੱਚ ਆਗੂ ਬਣਨ ਦੀ ਹਿਰਸ ਰਖਦੇ ਹਨ ਤੇ ਅਗਲੀ ਕੇਂਦਰੀ ਵਜ਼ਾਰਤ ਹੱਥ ਵਿਚ ਲੈਣ ਦੀ ਆਸ ਲਾਈ ਬੈਠੇ ਹਨ, ਓਟਾਵੇ ਵਿਚ ਰਾਜਸੱਤਾ ਤੇ ਬੈਠੀ ਪਾਰਟੀ ਨੂੰ ਮੁਸ਼ਕਿਲਾਂ ਵਿੱਚ ਫਸਾਉਣ ਦੇ ਕਿਸੇ ਚਾਰੇ ਤੋਂ ਨਹੀਂ ਟਲਦੇ। ਜਦ ਤੱਕ ਹਿੰਦੂ ਬਰਤਾਨਵੀ ਕੋਲੰਬੀਆ ਵਿੱਚ ਰਹਿਣਗੇ, ਇਹਨਾਂ ਲੋਕਾਂ ਦਾ ਉਲੂ ਸਿੱਧਾ ਹੁੰਦਾ ਰਹੇਗਾ। ਇਸ ਦੀ ਇਕ ਮਿਸਾਲ ਹੁਣੇ ਵਾਪਰੀ ਹੈ। ਜਦ ਕੇਂਦਰ ਦੀ ਲਿਬਰਲ (ਉਦਾਰਚਿਤ) ਪਾਰਟੀ ਦੀ ਸਰਕਾਰ ਨੇ ਹਾਂਡੂਰਾਸ ਨੂੰ ਡੈਲੀਗੇਟ ਭੇਜਣ ਦੀ ਮਨਜ਼ੂਰੀ ਦੇ ਦਿੱਤੀ ਤਾਂ ਸੂਬੇ ਵਿੱਚ ਰਾਜ ਅਧਿਕਾਰ ਤੇ ਬੈਠੀ ਕਨਜ਼ਰਵੇਟਿਵ ਸਰਕਾਰ ਨੇ ਫਟ ਅਖਬਾਰਾਂ ਵਿੱਚ ਛਪਵਾ ਦਿੱਤਾ ਕਿ 1000 ਹਿੰਦੂਆਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ ਦੇ ਦਿਤਾ ਜਾਏਗਾ।"

3. ਹਾਪਕਿਨਸਨ ਕਲਕੱਤੇ ਪੋਲੀਸ ਵਿੱਚ ਇਨਸਪੈਕਟਰ ਸੀ ਤੇ ਆਪਣੇ ਮਸੇਰ ਮਿਸਟਰ ਮੈਲਕਮ ਰੀਡ ਪਾਸ, ਜੋ ਘਾਟਾਂ ਦੇ ਮਹਿਕਮੇ ਵਿਚ ਅਫ਼ਸਰ ਸੀ, ਛੁੱਟੀ ਕੱਟਣ ਕੈਨੇਡਾ ਗਿਆ ਹੋਇਆ ਸੀ। ਜਦੋਂ ਕਨੇਡੀਅਨ ਸਰਕਾਰ ਨੇ ਹਾਪਕਿਨਸਨ ਨੂੰ ਹਿੰਦ ਸਰਕਾਰ ਕੋਲੋਂ ਮੰਗ ਘਲਿਆ ਤਾਂ ਹਿੰਦ ਸਰਕਾਰ ਦੀ ਸੀ. ਆਈ. ਡੀ. ਦੇ ਡਾਇਰੈਕਟਰ ਨੇ ਪਹਿਲੋਂ ਇਸ ਬਿਨਾਂ ਉਤੇ ਵਿਰੋਧਤਾ ਕੀਤੀ ਕਿ " ਉਸਨੂੰ ਵਧਾ ਚੜ੍ਹਾਕੇ ਰਿਪੋਰਟਾਂ ਕਰਨ ਦਾ ਸ਼ੌਕ ਹੈ।[1]" ਹਾਪਕਿਨਸਨ ਨੇ ਅਖ਼ੀਰ ਆਪ ਹਿੰਦ ਪੁਲਿਸ ਵਿੱਚੋਂ ਅਸਤੀਫਾ ਦੇ ਦਿੱਤਾ ਤੇ ਕੈਨੇਡਾ ਪੁਲਸ ਵਿੱਚ ਭਰਤੀ ਹੋ ਗਿਆ। ਉਸ ਦਾ ਕੰਮ ਸੀ ਹਿੰਦੀਆਂ ਤੇ ਸਰਕਾਰ ਵਿਚਾਲੇ ਦੋ ਭਾਸ਼ੀਏ ਦਾ ਕੰਮ ਦੇਣਾ, ਹਿੰਦੀਆਂ ਵਿੱਚ ਫੁਟ ਪਾਉਣੀ, ਇਹਨਾਂ ਦੀ ਮੁਖਬਰੀ ਕਰਕੇ ਸਰਕਾਰ ਨੂੰ ਰਪੋਰਟਾਂ ਦੇਣੀਆਂ ਆਦਿ। ਉਹ 1909 ਤੋਂ ਲੈ ਕੇ ਆਪਣੇ ਅੰਤ ਤੱਕ ਕੈਨੇਡਾ ਦੇ ਹਿੰਦੀ ਸੀ. ਆਈ. ਡੀ. ਦਾ ਕੰਮ ਕਰਦਾ ਰਿਹਾ। ਇਸ ਨੇ ਕੈਨੇਡੀਅਨ ਸਰਕਾਰ ਨੂੰ ਹਿੰਦੀਆਂ ਦੇ ਖਿਲਾਫ ਤਤਪਰ ਰੱਖਣ ਦੀ ਪੂਰੀ ਵਾਹ ਲਾਈ। ਲੰਡਨ ਸਰਕਾਰ ਦੇ ਦਫਤਰ ਦੇ ਜ਼ੋਰ ਦੇਣ ਉਤੇ ਹਿੰਦ ਦੀ ਅੰਗਰੇਜ਼ੀ ਸਰਕਾਰ ਆਪਣੇ ਖੁਫੀਆ ਫੰਡ ਵਿਚੋਂ ਹਿੰਦੀਆਂ ਬਾਰੇ ਮੁਖਬਰੀ ਲੈਣ ਲਈ 60 ਪੌਂਡ ਅਲਾਉਂਸ ਤੇ 60 ਪੌਂਡ ਖਬਰਾਂ ਲੈਣ ਉੱਤੇ ਖਰਚ ਕਰਨ ਦੇ ਕੁਲ 120 ਪੌਂਡ ਸਾਲਾਨਾ ਦਿੰਦੀ ਰਹੀ। ਉਹ ਬੜਾ ਚਾਲਾਕ ਤੇ ਹਿੰਦੀਆਂ ਦੀ ਜਾਨ ਦਾ ਵੈਰੀ ਸਾਮਰਾਜੀ ਅਫ਼ਸਰ ਸੀ। ਉਹ ਆਪਣੇ ਆਪ ਹੀ ਅਗਾਂਹ ਵਧਦਾ ਵਧਦਾ ਅਮਰੀਕਾ ਤੇ ਹਿੰਦੀਆਂ ਦੀ ਵੀ ਨਿਗਰਾਨੀ ਕਰਨ ਤੇ ਸੂਹਾਂ ਲੈਣ ਲੱਗ ਪਿਆ ਸੀ।

4. ਮਨੀਲੇ ਵਿਚ ਜਦ ਗ਼ਦਰ ਪਾਰਟੀ ਦਾ ਐਲਾਨਿ-ਜੰਗ ਆਇਆ। ਪਾਰਟੀ ਨੇ ਹਿੰਦੀਆਂ ਨੂੰ ਇਕਠਿਆਂ ਕਰਕੇ ਇਸ ਨੂੰ ਭਰੇ ਦੀਵਾਨ ਵਿਚ ਪੜ੍ਹਕੇ ਸੁਣਾਇਆ। ਹਿੰਦੀਆਂ ਨੇ ਧੜਾ ਧੜ ਆਪਣੇ ਨਾਂ ਲਿਖਾਉਣੇ ਸ਼ੁਰੂ ਕੀਤੇ। ਬੀਬੀ ਗੁਲਾਬ ਕੌਰ ਦੇ ਪਤੀ ਨੇ ਵੀ ਆਪਣਾ ਦਿਤਾ ਪਰ ਜਦ ਜਥਾ ਤੁਰਨ ਲੱਗਾ ਤਾਂ ਪਤੀ ਦਾ ਮਨ ਡੋਲ ਗਿਆ। ਮਾਈ ਗੁਲਾਬ ਕੌਰ ਨੇ ਉਸ ਨੂੰ ਬੜੀ

---

1. 14 ਅਪਰੈਲ, 1909 ਦੀ ਰਪੋਰਟ ਉਤਲਿਖਤ ਕਾਰਵਾਈ

ਫਿਟ ਲਾਹਨਤ ਪਾਈ, ਪਰ ਉਹ ਕਾਇਰ ਨਾ ਹੀ ਤਿਆਰ ਹੋਇਆ ਤਾਂ ਬੀਬੀ ਗੁਲਾਬ ਕੌਰ ਆਪ ਲੱਕ ਬੰਨ੍ਹ ਬੈਠੀ ਤੇ ਘਰ ਦੀ ਲਾਜ ਤੇ ਪਾਰਟੀ ਦੀ ਪਤ ਰੱਖਣ ਲਈ ਪਤੀ ਨੂੰ ਛਡਕੇ ਉਸ ਦੀ ਥਾਂ ਆਪ ਤੁਰ ਪਈ। ਰਾਹ ਵਿਚ ਜਹਾਜ਼ ਉਤੇ, ਰਸਤੇ ਦਿਆਂ ਘਾਟਾਂ ਉਤੇ ਤੇ ਪੰਜਾਬ ਦੇ ਪਿੰਡਾਂ ਵਿਚ ਉਹ ਬੜੇ ਜੋਸ਼ੀਲੇ ਲੈਕਚਰ ਕਰਦੀ ਤੇ ਲੋਕਾਂ ਨੂੰ ਗ਼ਦਰ ਲਹਿਰ ਵਿਚ ਸ਼ਾਮਲ ਹੋਣ ਲਈ ਉਭਾਰਦੀ ਰਹੀ। ਉਹ ਪੰਜਾਬ ਦੀ ਸ਼ੇਰਨੀ ਧੀ ਜ਼ਿਲਾ ਸੰਗਰੂਰ ਵਿਚ ਪਿੰਡ ਬਖਸ਼ੀਵਾਲਾ ਦੀ ਜਮ ਪਲ ਤੇ ਜਖੇਪਲ ਵਿਚ ਵਿਆਹੀ ਅਤੇ ਆਪਣੇ ਪਤੀ ਮਾਨ ਸਿੰਘ ਮਨੀਲੇ ਗਈ ਹੋਈ ਸੀ। ਉਹ ਘਰ ਦੇ ਜੀਆਂ ਨੂੰ ਸਰਕਾਰੀ ਤਸ਼ੱਦਦ ਤੋਂ ਬਚਾਉਣ ਲਈ ਸਰਕਾਰੀ ਕਾਗ਼ਜ਼ਾਂ ਵਿਚ ਆਪਣੇ ਆਪ ਨੂੰ ਸ਼ਹੀਦ ਜੀਵਨ ਸਿੰਘ ਦੌਲੇ ਸਿੰਘ ਵਾਲਾ ਦੀ ਵਹੁਟੀ ਲਿਖਵਾਉਂਦੀ ਰਹੀ ਤਾਂ ਜੋ ਪੁਲਸ ਨੂੰ ਪਿਛੇ ਦਾ ਪਤਾ ਨਾ ਲੱਗੇ[1], ਹਾਲਾਂਕਿ ਜੀਵਨ ਸਿੰਘ ਨਾਲ ਇਸ ਦੇ ਕੋਈ ਵਹੁਟੀ ਵਾਲੇ ਸਬੰਧ ਨਹੀਂ ਸਨ। ਉਹ ਉਸ ਤੋਂ ਅਲੱਗ ਡੀਊਟੀਆਂ ਉਤੇ ਕੰਮ ਕਰਦੀ ਰਹੀ।

ਭਾਈ ਜੀਵਨ ਸਿੰਘ ਦਾ ਪਿੰਡ ਦੌਲੇ ਸਿੰਘ ਵਾਲਾ ਬੀਬੀ ਦੇ ਪੇਕੇ ਪਿੰਡ ਬਖਸ਼ੀ ਵਾਲੇ ਤੇ ਸੌਹਰਿਆਂ ਦੇ ਜਖੇਪਲ ਨਾਲ ਹੱਦ ਖਾਂਦਾ ਹੈ। ਇਸ ਨੇੜ ਨੇ ਪਰਦੇਸ਼ ਵਿਚ ਇਹਨਾਂ ਦਾ ਭਾਈਚਾਰਾ ਪਾ ਦਿਤਾ ਹੋਇਆ ਸੀ। ਇਹ ਦੋਹਵੇਂ ਲੁਧਿਆਣੇ ਆਪਣਾ ਥਾਂ ਪਤਾ ਲਿਖਾਕੇ ਆਪਣੇ ਘਰਾਂ ਨੂੰ ਨਹੀਂ ਗਏ। ਕੋਟਲਾ ਨੌਧ ਸਿੰਘ ਭਾਈ ਅਮਰ ਸਿੰਘ ਦੇ ਪਾਸ ਚਲੇ ਗਏ ਜੋ ਉਹਨਾਂ ਦੇ ਜਹਾਜ਼ ਵਿਚ ਹੀ ਅਮਰੀਕਾ ਤੋਂ ਗ਼ਦਰ ਕਰਨ ਲਈ ਆਇਆ ਸੀ। ਏਥੇ ਥੋੜੇ ਦਿਨ ਰਹਿਕੇ ਤੇ ਪਾਰਟੀ ਦਾ ਪਤਾ ਕਰਕੇ ਦੋਵੇਂ ਪਾਰਟੀ ਕੰਮ ਉਤੇ ਚਲੇ ਗਏ। ਲਾਹੌਰੋਂ ਜਦ ਪਾਰਟੀ ਦੀ ਕੀਤੀ ਢਹਿ ਗਈ ਤਾਂ ਉਹ ਪਿੰਡ ਕੋਟਲਾ ਨੌਧ ਸਿੰਘ ਜ਼ਿਲਾ ਹੋਸ਼ਿਆਰਪੁਰ ਵਿਚ ਭਾਈ ਅਮਰ ਸਿੰਘ ਦੇ ਪਾਸ ਚਲੀ ਗਈ ਤੇ ਹਰਿਆਣੇ ਥਾਣੇ ਦੇ ਪਿੰਡਾਂ ਵਿਚ ਫਿਰ ਕੇ ਪਰਚਾਰ ਕਰਦੀ ਰਹੀ। ਪੁਲਸ ਨੇ ਉਹਨਾਂ ਨੂੰ ਏਥੋਂ ਹੀ ਗਰਿਫਤਾਰ ਕਰਕੇ ਹਿੰਦ ਸੁਰਖਿਆ ਦੇ ਕਾਨੂੰਨ ਹੇਠ ਦੋ ਤਿੰਨ ਸਾਲ ਜਿਹਲ ਬੰਦ ਰਖਿਆ। ਭਾਈ ਅਮਰ ਸਿੰਘ ਨੂੰ ਲਾਹੌਰ ਦੇ ਪਹਿਲੇ ਕੇਸ ਵਿਚ ਬੀਬੀ ਗੁਲਾਬ ਕੌਰ ਨੂੰ ਆਪਣੇ ਪਾਸ ਰੱਖਣ ਦੇ ਦੋਸ਼ ਵਿਚ ਦੋ ਸਾਲ ਕੈਦ ਸਖ਼ਤ ਕਰ ਦਿਤਾ ਗਿਆ।[2]

5. ਸ਼ਹੀਦ ਹੋਏ ਮੁਸਾਫਰਾਂ ਦੇ ਨਾਂ—

| | |
|---|---|
| 1. ਸ਼ੀਹਾਂ ਸਿੰਘ ਦਦੇਹਰ ਅਮਰਿਤਸਰ | 2. ਇੰਦਰ ਸਿੰਘ ਸੀਦੋ ਜਲੰਧਰ |
| 3. ਅਰਜਨ ਸਿੰਘ ਢਡੇ ਜਲੰਧਰ | 4. ਨਾਰਾਇਣ ਸਿੰਘ ਲੌਂਗੋਦੇਵਾ, ਜਲੰਧਰ |
| 5. ਲਛਮਣ ਸਿੰਘ ਜ਼ਿਲਾ ਜਲੰਧਰ | 6. ਬੂੜ ਸਿੰਘ ਨਾਨੋਵਾਲ ਅਮਰਿਤਸਰ |
| 7. ਭਜਨ ਸਿੰਘ ਰਿਆਸਤ ਨਾਭਾ | 8. ਚੰਨਣ ਸਿੰਘ ਵਜ਼ੀਰਕੇ |
| 9. ਸ਼ਿਵ ਸਿੰਘ ਨਾਨੋਵਾਲ, ਅਮਰਿਤਸਰ | 10. ਬੂੜ ਸਿੰਘ ਲੰਘੇਆਣਾ, ਫੀਰੋਜ਼ਪੁਰ |
| 11. ਕਮਰ ਸਿੰਘ ਪੋਖਰੀ | 12. ਈਸ਼ਵਰ ਸਿੰਘ ਮਾਣੂਕੇ |

13. ਇੰਦਰ ਸਿੰਘ ਡੁਬਕੇ ਮਰਿਆ। ਤਿੰਨ ਸ਼ਹੀਦ ਸ਼ਨਾਖ਼ਤ ਨਹੀਂ ਹੋਏ। ਪਤਾ ਨਹੀਂ ਕੌਣ ਸਨ। ਦੋ ਹੋਰ ਰੁਕਮਣੀ ਕਾਂਤਾ ਮਜ਼ੂਮਦਾਰ (ਬੰਗਾਲੀ) ਤੇ ਦੀਨ ਬੰਧੂ ਪਾਂਡੇ (ਉੜੀਆ) ਮਾਰ ਦਿਤੇ ਗਏ।[3]

---

1. ਪਿੰਡ ਦੌਲੇਸਿੰਘ ਵਾਲਾ ਤੋਂ ਦਰਯਾਫ਼ਤ ਕਰਕੇ ਲਿਖਿਆ
2. ਅਮਰ ਸਿੰਘ ਕੋਟਲਾ ਨੌਧ ਸਿੰਘ ਦਾ ਬਿਆਨ
3. ਹੋਮ (ਪੋਲੀਟੀਕਲ) ੳ. ਨਵੰਬਰ 1914, ਕਾਰਵਾਈ ਨੰ. 97-177

ਸਖ਼ਤ ਜ਼ਖ਼ਮੀ ਮੁਸਾਫਰ ਇਹ ਸਨ।

1.ਪੀਰ ਬਖ਼ਸ਼ (ਛਾਤੀ ਵਿਚ ਦੀ ਗੋਲੀ ਲੰਘ ਗਈ) (ਇਸ ਨੂੰ ਸਰਕਾਰੀ ਰਪੋਰਟ ਵਿਚ ਸਿੱਖ ਲਿਖਿਆ ਹੈ) 2.ਬਾਦਲ ਸਿੰਘ (ਛੇ ਗੋਲੀਆਂ ਲੱਗੀਆਂ) 3. ਮੰਗਲ ਸਿੰਘ (ਪੁੜਪੁੜੀ ਉੱਡ ਗਈ) 4.ਰਲਾ ਸਿੰਘ (ਗੋਲੀ ਹੇਠਲਾ ਜਬਾੜਾ ਨਾਲੋਂ ਹੀ ਉਡਾ ਕੇ ਸੁਟ ਗਈ) 5. ਟਹਿਲ ਸਿੰਘ 6.ਇੰਦਰ ਸਿੰਘ 7. ਹਜ਼ਾਰਾ ਸਿੰਘ 8.ਇੰਦਰ ਸਿੰਘ 9. ਪਰਭ ਸਿੰਘ 10. ਬਹਾਦਰ ਸਿੰਘ 11.ਮਲ ਸਿੰਘ 12. ਸੁੰਦਰ ਸਿੰਘ 13. ਸੁਚਾ ਸਿੰਘ 14. ਸੁੰਦਰ ਸਿੰਘ 15. ਗੁਰਦਿੱਤ ਸਿੰਘ 16. ਬਰਿਜਲਾਲ ਸਿੰਘ 17. ਬਖਤਾਉਰ ਸਿੰਘ 18. ਬਿਸ਼ਨ ਸਿੰਘ 19. ਮੁਨਸ਼ਾ ਸਿੰਘ 20. ਦਰਬਾਰਾ ਸਿੰਘ 21. ਨੁਰੰਗ ਸਿੰਘ

ਦੋ ਜ਼ਖਮੀਆਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ।[1]

6. ਹੇਠ ਲਿਖੇ 9 ਬੰਦਿਆਂ ਨੂੰ ਅੰਗਰੇਜ਼ੀ ਸਰਕਾਰ ਬਾਬਾ ਗੁਰਦਿੱਤ ਸਿੰਘ ਤੋਂ ਇਲਾਵਾ ਮੁਸਾਫਰਾਂ ਦੀ ਲੀਡਰ ਗਿਣਦੀ ਸੀ।[2]

1. ਅਮੀਰ ਮੁਹੰਮਦ ਖਾਂ ਸਪੁਤਰ ਗੁਲ ਮੁਹੰਮਦ ਖਾਂ, ਲੁਧਿਆਣਾ
2. ਅਮਰ ਸਿੰਘ ਨਿਹੰਗ, ਸਾਨਪੁਰਾ, ਖਾਲੜਾ, ਲਾਹੌਰ।
3. ਸੁਚਾ ਸਿੰਘ ਸਪੁਤਰ ਆਲਾ ਸਿੰਘ, ਸੁਰ ਸਿੰਘ ਗੌੜ ਸਿੰਘ ਵਾਲੀ, ਲਾਹੌਰ
4. ਹਰਨਾਮ ਸਿੰਘ ਸਪੁਤਰ ਰੂੜ ਸਿੰਘ ਖਾਲੜਾ, ਲਾਹੌਰ।
5. ਸੁਰਾਇਣ ਸਿੰਘ ਸਪੁਤਰ ਜਵਾਲਾ ਸਿੰਘ ਸਰਹਾਲੀ, ਅਮਰਿਤਸਰ।
6. ਇੰਦਰ ਸਿੰਘ ਦੂਸਰਾ ਨਾਂ ਤਰਲੋਚਨ ਸਿੰਘ ਸਪੁਤਰ ਪਰਤਾਪ ਸਿੰਘ ਚੜਿਕ, ਮੋਗਾ।
7. ਸੁੰਦਰ ਸਿੰਘ ਸਪੁਤਰ ਵਰਿਆਮ ਸਿੰਘ ਅਜਿਤਵਾਲ, ਮੋਗਾ।
8. ਤਾਰਾ ਸਿੰਘ ਸਪੁਤਰ ਕਾਹਨ ਸਿੰਘ ਆਲੂਣੀ ਮਿਆਨੀ ਲੁਧਿਆਣਾ।
9. ਨਭਕੰਵਲ ਸਿੰਘ ਸਪੁਤਰ ਅਲਬੇਲ ਸਿੰਘ ਭੈਰੀ ਮਹਾਰਾਜ ਕੀ, ਨਾਭਾ।

ਇਹ ਪੰਜ ਸਜਣ ਜਹਾਜ਼ ਕਮੇਟੀ ਦੇ ਮੈਂਬਰ ਸਨ।

1. ਸੁੰਦਰ ਸਿੰਘ ਸਪੁਤਰ ਖ਼ੁਸ਼ਹਾਲ ਸਿੰਘ ਚੀਮਾ, ਲੁਧਿਆਣਾ
2. ਭਗਵਾਨ ਸਿੰਘ ਸਪੁਤਰ ਅਤਰ ਸਿੰਘ ਮੂਸੇ, ਅਮਰਿਤਸਰ।
3. ਸੰਤਾ ਸਿੰਘ ਸਪੁਤਰ ਬਦਨ ਸਿੰਘ ਕਾਲੇ ਕੀ, ਬਰਨਾਲਾ।
4. ਦਿਆਲ ਸਿੰਘ ਸਪੁਤਰ ਬਦਨ ਸਿੰਘ ਸਾਢੋਰੀ, ਦਿੜਬਾ, ਪਟਿਆਲਾ।
5. ਦਾਨ ਸਿੰਘ ਸਪੁਤਰ ਨੱਥਾ ਸਿੰਘ ਅਛਰਵਾਲ, ਰਾਏਕੋਟ, ਲੁਧਿਆਣਾ।

ਬਜਬਜ ਘਾਟੋਂ ਨਿਕਲਕੇ ਆਏ ਮੁਸਾਫਰਾਂ ਨਾਲ ਲੜਾਈ ਵਿਚ ਚੰਪਾਡੰਗਾ ਤੋਂ ਇਹ ਸੱਜਣ ਗਰਿਫਤਾਰ ਕੀਤੇ ਗਏ।

1. ਤੇਜਾ ਸਿੰਘ ਸਪੁਤਰ ਦਿਆਲ ਸਿੰਘ ਕਸੇਲ, ਜ਼ਿਲਾ ਅਮਰਿਤਸਰ।
2. ਬੂਟਾ ਸਿੰਘ ਸਪੁਤਰ ਲੈਹਣਾ ਸਿੰਘ ਮੁਛਲ, ਜ਼ਿਲਾ ਅਮਰਿਤਸਰ।

---

1. ਉਤਲਿਖਤ ਸਫ਼ਾ 107–113 ਤੋਂ ਚੌਂਹ ਫਟੜਾਂ ਦਾ ਵੇਰਵਾ, ਇਨਕਵਾਇਰੀ ਕਮੇਟੀ ਦੀ ਰਪੋਰਟ ਪੈਰਾ 32
2. ਕੌਮਾਗਾਟਾ ਮਾਰੂ ਇਨਕਵਾਇਰੀ ਰਪੋਰਟ ਪੈਰਾ 32

3. ਮਸਤਾਨ ਸਿੰਘ ਸਪੁਤਰ ਕਾਹਨ ਸਿੰਘ, ਮੂਨ, ਬਰਨਾਲਾ।
4. ਚੰਦਾ ਸਿੰਘ ਸਪੁਤਰ ਸਰਮੁਖ ਸਿੰਘ ਠੀਕਰੀਵਾਲਾ, ਬਰਨਾਲਾ।
5. ਵਜ਼ੀਰ ਸਿੰਘ ਸਪੁਤਰ ਸੰਤੋਖ ਸਿੰਘ ਰੱਲਾ, ਭਿਖੀ, ਬਠਿੰਡਾ।
6. ਜੈ ਸਿੰਘ ਸਪੁਤਰ ਕਾਲਾ ਸਿੰਘ ਬੀਹਲਾ, ਬਰਨਾਲਾ।
7. ਲਾਲ ਸਿੰਘ ਸਪੁਤਰ ਨਾਰਾਇਣ ਸਿੰਘ ਮਾਨ, ਲੁਧਿਆਣਾ।
8. ਸੁੰਦਰ ਸਿੰਘ ਸਪੁਤਰ ਗੁਰਮੁਖ ਸਿੰਘ ਮਾਨ, ਲੁਧਿਆਣਾ।
9. ਨੱਥਾ ਸਿੰਘ ਸਪੁਤਰ ਬੂਟਾ ਸਿੰਘ ਚੱਕਰ, ਲੁਧਿਆਣਾ।
10. ਪੂਰਨ ਸਿੰਘ ਸਪੁਤਰ ਗੁਰਦਿੱਤ ਸਿੰਘ ਜਨੇਤਪੁਰਾ, ਲੁਧਿਆਣਾ।
11. ਪਾਖਰ ਸਿੰਘ ਸਪੁਤਰ ਰਾਮ ਸਿੰਘ ਪੰਡੋਰੀ ਲੁਧਿਆਣਾ।
12. ਜਾਤੀ ਸਿੰਘ ਸਪੁਤਰ ਭਾਗ ਸਿੰਘ ਬੋਪਾਰਾਏ, ਲੁਧਿਆਣਾ।
13. ਸੰਤਾ ਸਿੰਘ ਸਪੁਤਰ ਹਾਕਮ ਸਿੰਘ ਨੰਗਲ, ਹਰਿਆਣਾ, ਹੁਸ਼ਿਆਰਪੁਰ।
14. ਹਰਦਿੱਤ ਸਿੰਘ ਸਪੁਤਰ ਗੁਲਾਬ ਸਿੰਘ ਟੱਡੇ, ਜੀਂਦ।
15. ਪੂਰਨ ਸਿੰਘ ਸਪੁਤਰ ਰਾਮ ਸਿੰਘ ਸਿਧਵਾਂ, ਕਪੂਰਥਲਾ।
16. ਸੁਰਜਨ ਸਿੰਘ ਸਪੁਤਰ ਗੇਜਾ ਸਿੰਘ ਬੁਰਜ ਗਿਲ, ਨਾਭਾ।
17. ਦਰਬਾਰਾ ਸਿੰਘ ਸਪੁਤਰ ਰਾਮ ਸਿੰਘ ਮੱਲਣ, ਫੀਰੋਜ਼ਪੁਰ।
18. ਸੁੰਦਰ ਸਿੰਘ ਸਪੁਤਰ ਕਾਹਨ ਸਿੰਘ ਬਚੋਕੇ, ਗੁਜਰਾਂਵਾਲਾ।

ਦਰਬਾਰਾ ਸਿੰਘ ਤੇ ਸੁੰਦਰ ਸਿੰਘ ਗੋਲੀਆਂ ਨਾਲ ਨਹੀਂ, ਖ਼ਾਸੇ ਹੋਰ ਨਾਲ ਜ਼ਖਮੀ ਸਨ, (ਜਿਸ ਦਾ ਮਤਲਬ ਹੈ ਕਿ ਫੜਨ ਵਾਲਿਆਂ ਨੇ ਉਹਨਾਂ ਨੂੰ ਮਾਰਿਆ ਕੁਟਿਆ ਸੀ)।

7. ਉਹ ਮੁਸਾਫਰ, ਜੋ ਸਰਕਾਰੀ ਕਾਗ਼ਜ਼ਾਂ ਵਿਚ ਭਜੇ ਹੋਏ ਸਨ ਤੇ ਫੜੇ ਨਹੀਂ ਗਏ, ਪਰ ਲੋਕੀਂ ਉਹਨਾਂ ਨੂੰ ਮਾਰ ਦਿਤੇ ਗਏ ਸਮਝਦੇ ਹਨ।

1. ਕਿਰਪਾ ਸਿੰਘ ਸਪੁਤਰ ਸ਼ੇਰ ਸਿੰਘ ਮੀਆਂਪੁਰ, ਖਰੜ।
2. ਬਰਕਤ ਸਿੰਘ ਸਪੁਤਰ ਆਲਾ ਸਿੰਘ ਸੰਤਪੁਰ, ਗੁਜਰਾਂਵਾਲਾ।
3. ਮੁਨਸ਼ਾ ਸਿੰਘ ਸਪੁਤਰ ਮਹਿਤਾਬ ਸਿੰਘ ਢੋਡਾਮਾਜਰਾ, ਹੁਸ਼ਿਆਰਪੁਰ।
4. ਰਾਮ ਸਿੰਘ ਸਪੁਤਰ ਗੁਰਮੁਖ ਸਿੰਘ ਅਬਲੂ, ਫਰੀਦਕੋਟ।
5. ਮਜਾ ਸਿੰਘ ਸਪੁਤਰ ਹੇਮ ਸਿੰਘ ਭੜਾਣਾ, ਕਸੂਰ।
6. ਬੰਤਾ ਸਿੰਘ ਸਪੁਤਰ ਹਾਕਮ ਸਿੰਘ ਠੱਟਾ, ਕਸੂਰ।
7. ਨੰਦ ਸਿੰਘ ਸਪੁਤਰ ਧਾਰਾ ਸਿੰਘ ਬਲ੍ਹੇਰ, ਕਸੂਰ।
8. ਭਾਗ ਸਿੰਘ ਸਪੁਤਰ ਆਲਾ ਸਿੰਘ ਸਮਰਾਂ, ਕਸੂਰ।
9. ਅਰਜਨ ਸਿੰਘ ਸਪੁਤਰ ਗੋਬਿੰਦ ਸਿੰਘ ਖਿਆਲਾ, ਮਾਣਸਾ।
10. ਸੰਤਾ ਸਿੰਘ ਸਪੁਤਰ ਪੰਜਾਬ ਸਿੰਘ ਕੁਰਦੀ, ਬਰਨਾਲਾ।
11. ਵੀਰ ਸਿੰਘ ਸਪੁਤਰ ਲਹਿਣਾ ਸਿੰਘ ਚੰਬਲ, ਅਮਰਿਤਸਰ।
12. ਆਸਾ ਸਿੰਘ ਸਪੁਤਰ ਭਾਗ ਸਿੰਘ ਕੋਟਦਾਤਾ, ਅਮਰਿਤਸਰ।
13. ਛਤਰ ਸਿੰਘ ਸਪੁਤਰ ਨਾਰ ਸਿੰਘ ਸਿਰਹਾਲੀ, ਅਮਰਿਤਸਰ।
14. (ਬਾਬਾ) ਗੁਰਦਿੱਤ ਸਿੰਘ ਸਪੁਤਰ ਹੁਕਮ ਸਿੰਘ ਸਰਹਾਲੀ, ਅਮਰਿਤਸਰ।

15. ਨਰੈਣ ਸਿੰਘ ਸਪੁਤਰ ਸੁਲਤਾਨ ਸਿੰਘ ਕਰਯਾਵਾਲਾ, ਨਾਭਾ।
16. ਬੁਢਾ ਸਿੰਘ ਸਪੁਤਰ ਪਰੇਮ ਸਿੰਘ ਤੁੰਗਵਾਲਾ ਮੋਗਾ।
17. ਸ਼ੇਰ ਸਿੰਘ ਸਪੁਤਰ ਮੱਸਾ ਸਿੰਘ ਤੁੰਗਵਾਲਾ ਮੋਗਾ।
18. ਕਰਤਾ ਰਾਮ ਸਪੁਤਰ ਕਾਹਨਾ ਰਾਮ ਤੁੰਗਵਾਲਾ ਮੋਗਾ।
19. ਬੰਸੀ ਰਾਮ ਸਪੁਤਰ ਰਾਮ ਜੀ ਤੁੰਗਵਾਲਾ ਮੋਗਾ।
20. ਕੇਹਰ ਸਿੰਘ ਸਪੁਤਰ ਸੁਧਾ ਸਿੰਘ ਸੋਤਾ, ਮੁਕਤਸਰ।
21. ਪਾਖਰ ਸਿੰਘ ਸਪੁਤਰ ਰਾਮ ਸਿੰਘ ਝੰਡਿਆਣਾ, ਫਰੀਦਕੋਟ।
22. ਦਿਲਜੀਤ ਸਿੰਘ ਸਪੁਤਰ ਮੁਲਖ ਸਿੰਘ ਕੌਣੀ, ਮੁਕਤਸਰ।
23. ਸਾਧਾ ਸਿੰਘ ਸਪੁਤਰ ਕਾਹਨ ਸਿੰਘ ਚੂਹੜਚੱਕ, ਮੋਗਾ।
24. ਲਾਲਾ ਸਿੰਘ ਸਪੁਤਰ ਗੁਰਮੁਖ ਸਿੰਘ ਖਿਆਲੀ, ਲੁਧਿਆਣਾ।
25. ਭਗਤ ਸਿੰਘ ਸਪੁਤਰ ਹਿੰਮਤ ਸਿੰਘ ਸਹਿਣਾ, ਲੁਧਿਆਣਾ।
26. ਹਰਨਾਮ ਸਿੰਘ ਸਪੁਤਰ ਪੰਜਾਬ ਸਿੰਘ ਢਲੀਆਂ, ਲੁਧਿਆਣਾ।
27. ਪੂਰਨ ਸਿੰਘ ਸਪੁਤਰ ਲਾਲ ਸਿੰਘ ਚੱਨ, ਲੁਧਿਆਣਾ।
28. ਸੰਤੋਖ ਸਿੰਘ ਸਪੁਤਰ ਬਿਸ਼ਨ ਸਿੰਘ ਕਮਾਲਪੁਰ, ਜਗਰਾਉਂ।
29. ਗੋਦੀ ਰਾਮ ਸਪੁਤਰ ਬਿਸ਼ਨ ਸਿੰਘ ਪੰਛੀਵਾਲ ਜਗਰਾਉਂ।

ਇਸ ਫਰਿਸਤ ਵਿਚ ਦੋ ਮੋਏ ਬੰਦੇ ਹਨ, ਜਿਨ੍ਹਾਂ ਦਾ ਪਤਾ ਨਹੀਂ ਲੱਗਾ ਕਿ ਉਹ ਇਹਨਾਂ ਵਿਚੋਂ ਕਿਹੜੇ ਹਨ।

ਇਹ ਫਰਿਸਤ ਹੋਮ (ਪੋਲੀਟੀਕਲ) ੳ, ਮਾਰਚ 1915, ਕਾਰਵਾਈ ਨੰ: 1–13 ਵਿਚੋਂ ਲਈ ਗਈ ਹੈ, ਤੇ ਇਸ ਮਗਰਲੀ ਫਰਿਸਤ ਉਤੇ ਹਿੰਦ ਸਰਕਾਰ ਦੇ ਹੋਮ ਸੈਕਟਰੀ ਹ. ਵੀਲਰ ਦੇ ਦਸਖਤ ਹਨ।

8. 26 ਸਤੰਬਰ, 1914 ਨੂੰ ਬੱਜ ਬੱਜ ਘਾਟ ਉਤੇ ਆ ਕੇ ਲੱਗੇ ਕੌਮਾਗਾਟਾ ਮਾਰੂ' ਦੇ ਮੁਸਾਫਰਾਂ ਦਾ ਜ਼ਿਲੇਵਾਰ ਗਿਣਤੀ ਦਾ ਵੇਰਵਾ, ਜਿਨ੍ਹਾਂ ਉਤੇ ਅੰਗਰੇਜ਼ੀ ਰਾਜ ਨੇ ਆਪਣਾ ਗੁੱਸਾ ਉਤਾਰਿਆ।......

| ਜ਼ਿਲਾ | ਕੁਲ ਉਤਰੇ | ਜੇਲ ਬੰਦ | ਕਤਲ | ਦੌੜ ਗਏ |
|---|---|---|---|---|
| ਫੀਰੋਜ਼ਪੁਰ | 53 | 40 | 4 | 3 |
| ਹੁਸ਼ਿਆਰਪੁਰ | 9 | 2 | — | 1 |
| ਅੰਬਾਲਾ | 9 | 9 | — | — |
| ਅਮਰਿਤਸਰ | 51 | 43 | 5 | 2 |
| ਲਾਹੌਰ | 23 | 16 | — | — |
| ਲੁਧਿਆਣਾ | 46 | 32 | 3 | — |
| ਜਲੰਧਰ | 32 | 14 | 3 | — |
| ਸ਼ਾਹਪੁਰ | 1 | 1 | — | — |
| ਗੁਜਰਾਂਵਾਲਾ | 2 | 1 | — | 1 |
| ਹਿਸਾਰ | 1 | 1 | — | — |

| | | | | |
|---|---|---|---|---|
| ਗੁਰਦਾਸਪੁਰ | 4 | 3 | — | — |
| ਲਾਇਲਪੁਰ | 1 | 1 | — | — |
| ਸਿਆਲਕੋਟ | 1 | 1 | — | — |
| ਗੁਜਰਾਤ | 1 | 1 | — | — |
| ਰਾਵਲਪਿੰਡੀ | 1 | 1 | — | — |
| ਪਟਿਆਲਾ ਰਿਆਸਤ | 58 | 43 | 1 | — |
| ਨਾਭਾ | 3 | — | 1 | 1 |
| ਕਪੂਰਥਲਾ | 4 | 3 | — | — |
| ਫਰੀਦਕੋਟ | 9 | 6 | 2 | 1 |
| ਕਲਸੀਆ | 2 | 2 | — | — |
| ਹੈਦਰਾਬਾਦ (ਸਿੰਧ) | 2 | 2 | ਬੰਬਈ ਸਰਕਾਰ ਦੇ ਹਵਾਲੇ | |
| ਕੁਲ ਜੋੜ | 313 | 222 | 19 | 9 |

ਇਸ ਫਰਿਸਤ ਵਿਚ ਉਹ 62 ਮੁਸਾਫ਼ਰ ਨਹੀਂ ਗਿਣੇ ਗਏ, ਜੋ ਚੁੱਪ ਕਰਕੇ ਗੱਡੀ ਵਿਚ ਬੈਠਕੇ ਪੰਜਾਬ ਨੂੰ ਚਲੇ ਗਏ ਸਨ।[1]

ਇਹ ਫਰਿਸਤ ਪੂਰੀ ਨਹੀਂ ਦਸਦੀ ਤੇ ਜੋੜਿਆਂ ਗ਼ਲਤ ਨਿਕਲਦੀ ਹੈ। ਪੰਜਾਬ ਸੀ.ਆਈ.ਡੀ. ਦੇ ਡਿਪਟੀ ਸੁਪਰਡੰਟ ਪੈਟਰੀ ਦੇ ਬਿਆਨ ਮੂਜਬ (ਜਿਸਦਾ ਪਹਿਲਾਂ ਵਰਨਣ ਹੋ ਚੁੱਕਾ ਹੈ), ਬੱਚਿਆਂ ਨੂੰ ਕਢਕੇ ਕੁਲ 319 ਮੁਸਾਫਰ ਸਨ। ਜੇ 222+19+9 ਗਿਣੀਏ ਤਾਂ 250 ਬਣਦੇ ਹਨ ਤੇ ਇਹਨਾਂ ਵਿਚ 62 ਗੱਡੀ ਵਾਲੇ ਜਮ੍ਹਾ ਕਰ ਦੇਈਏ ਤਾਂ 312 ਹੁੰਦੇ ਹਨ। ਪਿਛਲੇ ਸਫੇ ਦੇ ਦਿਤੀ ਫਰਿਸਤ ਅਨੁਸਾਰ ਦੌੜ ਗਏ ਮੁਸਾਫਰ 29 ਦਰਜ ਹਨ, ਇਥੇ 9।

9. ਕੌਮਾਗਾਟਾ ਮਾਰੂ ਤੋਂ ਬਾਅਦ ਗ਼ਦਰੀਆਂ ਦਾ ਸਭ ਤੋਂ ਪਹਿਲਾ ਜਹਾਜ਼ 'ਚੱਈਸਾਂਗ' 12 ਅਕਤੂਬਰ, 1914 ਨੂੰ ਕਲਕੱਤੇ ਆਕੇ ਲੱਗਾ, ਇਸ ਵਿਚ 57 ਗ਼ਦਰੀ ਸਨ। 13 ਜਲੰਧਰ, 11 ਅਮਰਿਤਸਰ, 11 ਫੀਰੋਜ਼ਪੁਰ, 7 ਲੁਧਿਆਣਾ, 3, 3 ਹੁਸ਼ਿਆਰਪੁਰ, ਪਟਿਆਲਾ ਤੇ ਰੋਹਤਕ, ਬਾਕੀ ਫੁਟਕਲ ਜ਼ਿਲਿਆਂ ਦੇ 5। ਇਹਨਾਂ ਵਿਚੋਂ 16 ਅਮਰੀਕਾ, 2 ਕੈਨੇਡਾ, ਬਾਕੀ ਏਸ਼ੀਆਈ ਘਾਟਾਂ ਤੋਂ।

'ਨਾਮਸੰਗ' ਜਹਾਜ਼ 13 ਅਕਤੂਬਰ ਨੂੰ 83 ਮੁਸਾਫਰ ਲੈ ਕੇ ਕਲਕੱਤੇ ਆਇਆ। ਜ਼ਿਲੇਵਾਰ, 17 ਜਲੰਧਰ, 14 ਅਮਰਿਤਸਰ, 14 ਹੁਸ਼ਿਆਰਪੁਰ, 12 ਲਾਹੌਰ, 6 ਲੁਧਿਆਣਾ, 4 ਪਟਿਆਲਾ, 4 ਫਰੀਦਕੋਟ, 3 ਫੀਰੋਜ਼ਪੁਰ, ਬਾਕੀ ਫੁਟਕਲ। ਇਸ ਜਹਾਜ਼ ਵਿਚ ਗ਼ਦਰ ਪਾਰਟੀ ਦੇ ਪਰਧਾਨ ਭਾਈ ਸੋਹਣ ਸਿੰਘ ਭਕਨਾ ਵੀ ਆਏ ਤੇ ਦੋ ਹੋਰ ਸਾਥੀਆਂ ਨਾਲ ਗਰਿਫਤਾਰ ਕਰਕੇ ਲੁਧਿਆਣੇ ਲਿਆਂਦੇ ਗਏ (ਗ਼ਦਰ ਸਾਜ਼ਿਸ਼ ਦੀ ਵਿਥਿਆ, ਸਫਾ 47, ਤੇ ਹੋਮ ਪੋਲੀਟੀਕਲ ਓ. ਜੂਨ 1915 ਕਾਰਵਾਈ ਨੰ: 345-69)।

15 ਅਕਤੂਬਰ, 1914 ਨੂੰ 'ਫ਼ੂਸਾਂਗ' ਨਾਮੀ ਜਹਾਜ਼ 53 ਮੁਸਾਫਰ ਲੈਕੇ ਕਲਕੱਤੇ

---

1. ਹੋਮ (ਪੋਲੀਟੀਕਲ) ਓ ਜੂਨ 1915 ਕਾਰਵਾਈ ਨੰ. 345-369

ਆਇਆ। ਜਿਸ ਵਿਚ ਦੋ ਮਸ਼ਹੂਰ ਗ਼ਦਰੀ ਭਾਈ ਕਰਮ ਸਿੰਘ ਭੜਾਣਾ ਤੇ ਭਾਈ ਇੰਦਰ ਸਿੰਘ ਸੁਰ ਸਿੰਘ ਸਨ। ਜ਼ਿਲੇਵਾਰ 17 ਅਮਰਿਤਸਰ, 7 ਫੀਰੋਜ਼ਪੁਰ, 5 ਲਾਹੌਰ, 4 ਹੈਦਰਾਬਾਦ ਸਿੰਧ, 3 ਪਟਿਆਲਾ, 2 ਹੁਸ਼ਿਆਰਪੁਰ, 2 ਜਿਹਲਮ, 2 ਲੁਧਿਆਣਾ, ਬਾਕੀ ਤਿੰਨ ਇਕ ਇਕ ਜ਼ਿਲੇ ਦੇ। ਫੇਰ ਇਹਨਾਂ ਵਿਚ 1 ਕੈਨੇਡਾ, 1 ਅਮਰੀਕਾ, 21 ਹਾਂਗਕਾਂਗ, 18 ਮਲਾਯਾ ਤੇ ਸਿੰਘਾਪੁਰ, ਹੋਰ ਚੀਨ ਤੇ ਜਾਵਾਂ ਸਮਾਟਰਾਂ ਤੋਂ (ਉਤਲਿਖਤ ਸਫਾ 89-90)।

'ਕਵਾਚੀ ਮਾਰੂ' 16 ਅਕਤੂਬਰ, 1914 ਨੂੰ 24 ਮੁਸਾਫਰ ਲਿਆਇਆ, ਜ਼ਿਲੇਵਾਰ 12 ਜਲੰਧਰ, 10 ਫੀਰੋਜ਼ਪੁਰ, 6 ਅਮਰਿਤਸਰ, 3 ਲਾਹੌਰ, 3 ਲੁਧਿਆਣਾ, ਬਾਕੀ ਫੁਟਕਲ (ਸਫਾ 72-73) ਇਹ ਸਾਰੇ ਮਲਾਯਾ, ਸਿੰਘਾਪੁਰ ਤੇ ਕੁਝ ਰੰਗੂਨ ਤੋਂ ਸਨ।

19 ਅਕਤੂਬਰ, 1914 ਨੂੰ 'ਕਵਾਂਗ ਸੂੰਗ' 21 ਮੁਸਾਫਰ ਲਿਆਇਆ। 7 ਲਾਹੌਰ, 4 ਲੁਧਿਆਣਾ, 3 ਅਮਰਿਤਸਰ, 2 ਜਲੰਧਰ, 2 ਹਜ਼ਾਰਾ (ਸਰਹਦੀ ਸੂਬਾ) ਬਾਕੀ ਫੁਟਕਲ। 4 ਕੈਨੇਡਾ ਤੋਂ ਤੇ 2 ਤੋਂ ਛੁਟ ਬਾਕੀ ਸਾਰੇ ਚੀਨ ਤੋਂ ਆਏ।

'ਤੋਸ਼ਾਮਾਰੂ' ਨਾਮ ਦਾ ਮਸ਼ਹੂਰ ਜਹਾਜ਼ 19 ਅਕਤੂਬਰ, 1914 ਨੂੰ ਕਲਕੱਤੇ ਆਕੇ ਲੱਗਾ, ਇਸ ਵਿਚ 19 ਹੁਸ਼ਿਆਰਪੁਰ, 15 ਜਲੰਧਰ, 15 ਲੁਧਿਆਣਾ, 13 ਅਮਰਿਤਸਰ, 11 ਸਿਆਲਕੋਟ, 8 ਫੀਰੋਜ਼ਪੁਰ, 8 ਪਟਿਆਲਾ, 3 ਅਟਕ, 3 ਗੁਜਰਾਂਵਾਲਾ ਤੇ ਬਾਕੀ ਇਕ ਇਕ। ਇਹ 108 ਉਹ ਮੁਸਾਫਰ ਸਨ ਜੋ ਜੇਹਲਾਂ ਵਿਚ ਬੰਦ ਨਹੀਂ ਕੀਤੇ ਗਏ। ਜਿਸ ਜਹਾਜ਼ ਦੇ ਕੁਲ ਗ਼ਦਰੀ ਮੁਸਾਫਰ 173 ਸਨ। 65 ਨੂੰ ਮੁਲਤਾਨ ਤੇ ਮਿੰਟਗੁਮਰੀ ਦੀਆਂ ਜੇਹਲਾਂ ਵਿਚ ਬੰਦ ਕਰ ਦਿਤਾ ਗਿਆ। ਇਹਨਾਂ 108 ਵਿਚੋਂ 26 ਹਾਂਗਕਾਂਗ, 19 ਅਮਰੀਕਾ, 35 ਕੈਨੇਡਾ, 9 ਟੋਂਟਸਿਨ (ਚੀਨ), 7 ਮਨੀਲਾ, 3 ਸ਼ੰਘਾਈ, ਬਾਕੀ ਮਲਾਯਾ ਤੇ ਇਕ ਯੋਕੋਹਾਮਾ (ਸ੍ਰੀ ਪਰਮਾ ਨੰਦ ਝਾਂਸੀ)।

ਇਹਨਾਂ ਵਿਚੋਂ ਇਹ 18 ਪਿੰਡਾਂ ਵਿਚ ਬੰਦ ਕੀਤੇ ਗਏ।

1. ਇੰਦਰ ਸਿੰਘ ਸਪੁਤਰ ਆਲਾ ਸਿੰਘ ਮੱਲਾ, ਲੁਧਿਆਣਾ।
2. ਨੱਥਾ ਸਿੰਘ ਸਪੁਤਰ ਫਤਹ ਸਿੰਘ ਝਿਰਬ ਲੁਧਿਆਣਾ।
3. ਰੂੜ ਸਿੰਘ ਸਪੁਤਰ ਜੀਵਨ ਸਿੰਘ ਚੱਕਰ ਲੁਧਿਆਣਾ।
4. ਭਾਨ ਸਿੰਘ ਸਪੁਤਰ ਸਾਵਨ ਸਿੰਘ ਸੁਨੇਤ ਲੁਧਿਆਣਾ।
5. ਭੁਲਾ ਸਿੰਘ ਸਪੁਤਰ ਦੇਵਾ ਸਿੰਘ ਬਰਸਾਲ ਲੁਧਿਆਣਾ।
6. ਚੰਨਣ ਸਿੰਘ ਸਪੁਤਰ ਨਿਹਾਲ ਸਿੰਘ ਰਾਏਪੁਰ ਲੁਧਿਆਣਾ।
7. ਰੁਲੀਆ ਸਿੰਘ ਸਪੁਤਰ ਜਗਤ ਸਿੰਘ ਸਰਾਭਾ ਲੁਧਿਆਣਾ।
8. ਹਰਨਾਮ ਸਿੰਘ ਸਪੁਤਰ ਗੁਲਾਬ ਸਿੰਘ ਸਰਾਭਾ ਲੁਧਿਆਣਾ।
9. ਨਵਾਬ ਖਾਂ ਸਪੁਤਰ ਗੌਂਸ ਖ਼ਾਂ ਹਲਵਾਰਾ ਲੁਧਿਆਣਾ
10. ਕਾਕੂ ਸਿੰਘ ਸਪੁਤਰ ਹਰਨਾਮ ਸਿੰਘ ਬਲਿਵਾਲ ਪਟਿਆਲਾ।
11. ਕਿਰਪਾਲ ਸਿੰਘ ਸਪੁਤਰ ਕਿਸ਼ਨ ਮਾਦੋਕੇ ਬਰਾੜ ਅਮਰਿਤਸਰ (ਜਾਸੂਸ ਬਣ ਗਿਆ)
12. ਨਰਾਇਣ ਸਿੰਘ ਸਪੁਤਰ ਕਿਸ਼ਨ ਸਿੰਘ ਮਾਨ ਲੁਧਿਆਣਾ।
13. ਛੁਮਣ ਸਿੰਘ ਸਪੁਤਰ ਮਹਿਤਾਬ ਸਿੰਘ, ਬਿਜਕਰ।
14. ਉਤਮ ਸਿੰਘ ਸਪੁਤਰ ਦੀਵਾਨ ਸਿੰਘ ਹਾਂਸ, ਲੁਧਿਆਣਾ।
15. ਅਰੂੜ ਸਿੰਘ ਸਪੁਤਰ ਅਤਰ ਸਿੰਘ ਚੂਹੜਚੱਕ, ਫੀਰੋਜ਼ਪੁਰ।

16. ਸੁੰਦਰ ਸਿੰਘ ਸਪੁਤਰ ਮਸੱਦੀ ਸਿੰਘ ਸੁਲਤਾਨ ਕਾ ਵਾੜਾ, ਨਾਭਾ।
17. ਅਮਰ ਸਿੰਘ ਸਪੁਤਰ ਦੇਵਾ ਸਿੰਘ ਮੋਰਾਂਵਾਲੀ, ਹੁਸ਼ਿਆਰਪੁਰ।
18. ਦੀਵਾਨ ਚੰਦ ਸਪੁਤਰ ਕਿਸ਼ਨਾ ਨਕੋਦਰ, ਜਲੰਧਰ।

ਇਹਨਾਂ ਵਿਚ ਰੁਲੀਆ ਸਿੰਘ, ਉਤਮ ਸਿੰਘ, ਅਰੂੜ ਸਿੰਘ , ਨਵਾਬ ਖਾਂ ਅਤੇ ਅਮਰ ਸਿੰਘ ਫੇਰ ਗਰਿਫਤਾਰ ਕਰ ਲਏ ਗਏ (ਸਫਾ 92-100)। ਨਵਾਬ ਖਾਂ ਤੇ ਅਮਰ ਸਿੰਘ ਵਾਇਦਾ ਮੁਆਫ ਗਵਾਹ ਬਣ ਗਏ।

7 ਨਵੰਬਰ, 1914 ਨੂੰ 'ਕੁਤ ਸਾਂਗ' ਨਾਮ ਜਹਾਜ਼ ਪਹਿਲੇ ਫੇਰੇ 100 ਮੁਸਾਫਰ ਲੈ ਕੇ ਆਇਆ, ਜਿਸ ਵਿਚੋਂ 4 ਅਮਰੀਕਾ, 23 ਚੀਨ ਦੇ ਘਾਟਾਂ ਉਤੋਂ, 2 ਮਨੀਲਾ, ਬਾਕੀ ਮਲਾਯਾ ਸਿੰਘਾਪੁਰ (ਸਫਾ 102-5)

11 ਨਵੰਬਰ; 1914 ਨੂੰ 'ਸਾਮੀਕੀ ਮਾਰੂ' 16 ਮੁਸਾਫਰ ਲੈ ਕੇ ਆਇਆ। ਸਾਰੇ ਟੇਂਟਸਿਨ (ਚੀਨ) ਤੋਂ ਸਨ। ਇਸੇ ਹੀ ਦਿਨ 'ਕੁਮ ਸਾਂਗ' ਨਾਮ ਦਾ ਜਹਾਜ਼ 74 ਮੁਸਾਫਰ ਲੈ ਕੇ ਆਇਆ। ਜਿਨ੍ਹਾਂ ਵਿਚ 14 ਫੀਰੋਜ਼ਪੁਰ, 21 ਅਮਰਿਤਸਰ, 9 ਲੁਧਿਆਣਾ, 9 ਗੁਰਦਾਸਪੁਰ, 4 ਜਲੰਧਰ, 4 ਲਾਹੌਰ, 4 ਨਾਭਾ, 3 ਪਟਿਆਲਾ, 2 ਸਿਆਲਕੋਟ ਤੇ ਬਾਕੀ ਇਕ ਇਕ। ਫੇਰ 12 ਅਮਰੀਕਾ, 2 ਕੈਨੇਡਾ ਤੇ ਬਾਕੀ ਹਾਂਗਕਾਂਗ, ਸ਼ੰਘਾਈ ਤੇ ਮਲਾਯਾ (ਸਫਾ 107-09)।

ਅਗਲੇ ਦਿਨ 12 ਨਵੰਬਰ ਨੂੰ 'ਲਾਮਾ' ਨਾਮੀ ਜਹਾਜ਼ 5 ਮੁਸਾਫਰ ਲਿਆਇਆ, ਸਾਰੇ ਅਮਰੀਕਾ ਤੋਂ ਸਨ। ਇਹਨਾਂ ਵਿਚ ਗ਼ਦਰ ਪਾਰਟੀ ਦੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ, ਜ਼ਿਲਾ ਅੰਬਾਲਾ ਵੀ ਸਨ, (ਸਫ਼ਾ 113)।

20 ਨਵੰਬਰ ਨੂੰ 'ਯਾਸਾਕੀ ਮਾਰੂ' ਜਹਾਜ਼ 7 ਗ਼ਦਰੀ ਲੈਕੇ ਆਇਆ। ਜਿਨ੍ਹਾਂ ਵਿਚੋਂ ਚੈਂਚਲ ਸਿੰਘ ਸਪੁਤਰ ਹੀਰਾ ਸਿੰਘ ਹੰਕਾਉ, ਤੇ ਸੋਹਣ ਸਿੰਘ ਸਪੁਤਰ ਲਹਿਣਾ ਸਿੰਘ ਸ਼ੰਘਾਈ ਤੋਂ ਆਏ 17.2.15 ਨੂੰ ਆਪਣੇ ਪਿੰਡ ਸੁਰ ਸਿੰਘ ਜ਼ਿਲਾ ਲਾਹੌਰ ਵਿਚ ਬੰਦ ਕਰ ਦਿਤੇ ਗਏ। ਮਦਰਾਸ ਸਰਕਾਰ ਨੂੰ ਆਖਿਆ ਗਿਆ, ਕਿ ਉਹ ਪੋਰਟਲੈਂਡ ਤੋਂ ਆਏ ਇਕ ਮਦਰਾਸੀ ਗ਼ਦਰੀ ਸ੍ਰੀ ਵਾਮਨ ਸਾਕਾ ਰਾਮ, ਅਮਾਉਤੀ, ਜ਼ਿਲਾ ਬਰਾਅਸ ਵਿਰੁਧ ਯੋਗ ਕਾਰਵਾਈ ਕਰੇ।

ਇਸੇ ਦਿਨ 20 ਨਵੰਬਰ ਨੂੰ 'ਸਲਾਮੀਸ' ਜਹਾਜ਼ 81 ਮੁਸਾਫ਼ਰ ਲੈਕੇ ਆਇਆ, ਇਹਨਾਂ ਵਿਚੋਂ 16 ਅਮਰੀਕਾ ਤੇ ਬਾਕੀ ਸਭ ਦੂਰ ਪੂਰਬ ਤੇ ਦੱਖਣੀ ਪੂਰਬੀ ਏਸ਼ੀਆ ਦੇ ਘਾਟਾਂ ਤੋਂ ਆਏ। ਇਸ ਵਿਚ ਮਸ਼ਹੂਰ ਗ਼ਦਰੀ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਬਲਵੰਤ ਸਿੰਘ ਸਠਿਆਲਾ ਤੇ ਭਾ: ਵਸਾਵਾ ਸਿੰਘ ਗਿਲਵਾਲੀ ਵੀ ਆਏ।

'ਹਾਕਾਤਾ ਮਾਰੂ' 6 ਮੁਸਾਫਰ ਲਿਆਇਆ ਤੇ 30 ਨਵੰਬਰ ਨੂੰ 'ਫਾਓ ਸਾਂਗ' ਨਾਮੀ ਜਹਾਜ਼ 39 ਮੁਸਾਫਰ ਲਿਆਇਆ। 9 ਲਾਹੌਰ, 7 ਅਮਰਿਤਸਰ, 8 ਲੁਧਿਆਣਾ, 4 ਜੇਹਲਮ, 2 ਜਲੰਧਰ, 2 ਫੀਰੋਜ਼ਪੁਰ, ਬਾਕੀ ਇਕ ਇਕ। ਇਹਨਾਂ ਵਿਚੋਂ 2 ਸ਼ੰਘਾਈ ਤੇ ਬਾਕੀ ਹਾਂਗਕਾਂਗ ਤੋਂ ਸਨ।

12 ਦਸੰਬਰ, 1914 ਨੂੰ 'ਸੈਲੋਨ ਮਾਰੂ' 67 ਮੁਸਾਫਰ ਲੈਕੇ ਆਇਆ। 17 ਅਮਰਿਤਸਰ, 22 ਫੀਰੋਜ਼ਪੁਰ, 8 ਲੁਧਿਆਣਾ, 6 ਜਲੰਧਰ, 4 ਪਟਿਆਲਾ, 3 ਹੁਸ਼ਿਆਰਪੁਰ, 2 ਫਰੀਦਕੋਟ, 2 ਲਾਇਲਪੁਰ; 2 ਅਟਕ ਬਾਕੀ ਫੁਟਕਲ, ਇਹਨਾਂ ਵਿਚੋਂ 5 ਸਿੰਘਾਪੁਰ, 1 ਸ਼ੰਘਾਈ, 1 ਹਾਂਗਕਾਂਗ ਤੇ ਬਾਕੀ ਸਮਾਟਰਾਂ ਤੋਂ ਆਏ।

19 ਦਸੰਬਰ, 1914 ਨੂੰ 'ਫੂਕ ਸਾਂਗ' ਨਾਮੀ ਜਹਾਜ਼ 141 ਮੁਸਾਫਰ ਲੈਕੇ ਆਇਆ। 24 ਅਮਰਿਤਸਰ, 24 ਫੀਰੋਜ਼ਪੁਰ, 20 ਪਟਿਆਲਾ, 16 ਲੁਧਿਆਣਾ, 16 ਜਲੰਧਰ, 14 ਗੁਰਦਾਸਪੁਰ, 9 ਲਾਹੌਰ, 5 ਹੁਸ਼ਿਆਰਪੁਰ, 4 ਅੰਬਾਲਾ, 2 ਕਪੂਰਥਲਾ, 2 ਮਲੇਰਕੋਟਲਾ, 3 ਸਿਆਲਕੋਟ, 1 ਅਟਕ ਤੇ ਇਕ ਗੁਜਰਾਂਵਾਲਾ। ਫੇਰ 38 ਸਿੰਘਾਪੁਰ, 2 ਸਮਾਟਰਾ, 2 ਕੈਨਟਨ (ਚੀਨ) ਬਾਕੀ ਮਲਾਯਾ, ਸਫ਼ਾ (131-34)।

'ਆਸਟਰੇਲੀਅਨ' ਨਾਮੀ ਜਹਾਜ਼ 115 ਮੁਸਾਫਰ ਲੈਕੇ ਆਇਆ। 64 ਜਲੰਧਰ, 14 ਫੀਰੋਜ਼ਪੁਰ, 13 ਲੁਧਿਆਣਾ, 8 ਲਾਹੌਰ, 6 ਅਮਰਿਤਸਰ, 5 ਹੁਸ਼ਿਆਰਪੁਰ, 2 ਲਾਇਲਪੁਰ, ਬਾਕੀ 1, 1 ਨਾਭਾ ਤੇ ਗੁਰਦਾਸਪੁਰ, ਇਹਨਾਂ ਵਿਚੋਂ 59 ਕੈਨੇਡਾ, 54 ਅਮਰੀਕਾ ਤੇ 2 ਸ਼ੰਘਾਈ ਤੋਂ ਆਏ।

10 ਜਨਵਰੀ, 1915 ਨੂੰ 'ਕਵਾਚੀ ਮਾਰੂ' ਦੂਸਰੀ ਵਾਰ ਆਇਆ ਤੇ 181 ਮੁਸਾਫਰ ਲਿਆਇਆ, 31 ਜਲੰਧਰ, 45 ਅਮਰਿਤਸਰ, 22 ਫੀਰੋਜ਼ਪੁਰ, 17 ਲੁਧਿਆਣਾ, 12 ਹਜ਼ਾਰਾ (ਸਰਹੱਦੀ ਸੂਬਾ), 12 ਪਟਿਆਲਾ, 9 ਸਿਆਲਕੋਟ, 7 ਗੁਜਰਾਂਵਾਲਾ, 7 ਗੁਰਦਾਸਪੁਰ, 3 ਰਾਵਲਪਿੰਡੀ, 3 ਕਪੂਰਥਲਾ, 3 ਹੁਸ਼ਿਆਰਪੁਰ, 2 ਪਸ਼ਾਵਰ, 2 ਫਰੀਦਕੋਟ, ਬਾਕੀ ਹਿਸਾਰ, ਅਟਕ, ਜੀਂਦ, ਕਲਸੀਆਂ, ਅੰਬਾਲਾ 1,1। ਦੋ ਸਾਈਗੋਨ (ਹਿੰਦ ਚੀਨੀ), ਕੁਝ ਬਰਮਾ, ਬਾਕੀ ਸਭ ਮਲਾਯਾ, (ਸਫ਼ੇ, 155-63)।

13 ਜਨਵਰੀ, 1915 ਨੂੰ 'ਯਾਤ ਸਾਂਗ' 36 ਮੁਸਾਫਰ ਮਲਾਯਾ ਤੋਂ ਲਿਆਇਆ। ਏਸੇ ਤਰ੍ਹਾਂ 14 ਜਨਵਰੀ 1915 ਨੂੰ ਚੀਯੋ ਮਾਰੂ' ਤੇ 'ਫੂਸੀਮਾ ਮਾਰੂ' ਆਏ।

15 ਫਰਵਰੀ, 1915 ਨੂੰ 'ਫੂ ਸਾਂਗ' 121 ਮੁਸਾਫਰ ਲੈਕੇ ਆਇਆ, ਜਿਸ ਵਿਚ 15, 21 ਫੀਰੋਜ਼ਪੁਰ, ਅਮਰਿਤਸਰ, 22 ਹਜ਼ਾਰਾ, 18 ਕੈਂਬਲਪੁਰ, 10 ਪਟਿਆਲਾ, 10 ਲੁਧਿਆਣਾ, 5 ਜਲੰਧਰ, 2 ਅੰਬਾਲਾ, 2 ਨਾਭਾ, 2 ਪਸ਼ਾਵਰ, 2 ਗੁਜਰਾਤ, 4 ਹੋਸ਼ਿਆਰਪੁਰ ਬਾਕੀ 1,1। ਸਭ ਮਲਾਯਾ ਤੋਂ, (ਸਫ਼ੇ, 192-95)।

25 ਫ਼ਰਵਰੀ, 1915 ਨੂੰ 'ਸੈਲੋਨ ਮਾਰੂ', ਦੁਬਾਰਾ 112 ਮੁਸਾਫਰ ਲਿਆਇਆ। 31 ਹਜ਼ਾਰਾ, 16 ਫੀਰੋਜ਼ਪੁਰ, 15 ਅਮਰਿਤਸਰ, 11 ਲੁਧਿਆਣਾ, 5 ਜਲੰਧਰ, 5 ਲਾਹੌਰ, 6 ਰਵਾਲਪਿੰਡੀ, 4 ਗੁਰਦਾਸਪੁਰ, 3 ਨਾਭਾ, 3 ਹੁਸ਼ਿਆਰਪੁਰ, ਅੰਬਾਲਾ, ਜੇਹਲਮ, ਪਟਿਆਲਾ, ਕਪੂਰਥਲਾ ਦੋ ਦੋ ਤੇ ਬਾਕੀ ਇਕ ਇਕ।

ਇਹਨਾਂ ਵਿਚੋਂ 18 ਮਾਰਚ ਪਹਿਲੀ ਮਾਰਚ ਤੇ 13 ਨੌਂ ਮਾਰਚ, 1915 ਨੂੰ ਪਿੰਡਾਂ ਵਿਚ ਬੰਦ ਕਰ ਦਿਤੇ ਗਏ।

| | | | |
|---|---|---|---|
| 1. | ਬਰਕਲੀ ਅਲੀ | ਸਪੁਤਰ | ਗਾਮੂ ਖਾਂ ਅਪਰਾ ਜਲੰਧਰ। |
| 2. | ਜਲਾਲ ਖਾਂ | ਸਪੁਤਰ | ਪੁਨੂੰ ਖਾਂ ਅਪਰਾ ਜਲੰਧਰ। |
| 3. | ਰਹਿਮਤ ਅਲੀ | ਸਪੁਤਰ | ਗੁਲਾਮ ਗੌਸ ਜਲੰਧਰ ਸ਼ਹਿਰ। |
| 4. | ਭਗਤ ਸਿੰਘ | ਸਪੁਤਰ | ਵੀਰ ਭਾਨ ਕੋਟਲੀ ਰਟੌਲ, ਅਮਰਿਤਸਰ। |
| 5. | ਜਵੰਦ ਸਿੰਘ | ਸਪੁਤਰ | ਚੰਦਾ ਸਿੰਘ ਕੋਹਾੜਕਾ ਅਮਰਿਤਸਰ। |
| 6. | ਬਿਸ਼ਨ ਸਿੰਘ | ਸਪੁਤਰ | ਮਾਨ ਸਿੰਘ ਟਿਲੀ ਫ਼ੀਰੋਜ਼ਪੁਰ। |
| 7. | ਚਨਣ ਸਿੰਘ | ਸਪੁਤਰ | ਸੁਜਾਣ ਸਿੰਘ ਬੰਦੇ ਫ਼ੀਰੋਜ਼ਪੁਰ। |

| | | | |
|---|---|---|---|
| 8. | ਇੰਦਰ ਸਿੰਘ | ਸਪੁਤਰ | ਦੇਵਾ ਸਿੰਘ ਚੁਗਾਵਾਂ ਫ਼ੀਰੋਜ਼ਪੁਰ। |
| 9. | ਜਸਵੰਤ ਸਿੰਘ | ਸਪੁਤਰ | ਭਗਵਾਨ ਸਿੰਘ ਫ਼ੀਰੋਜ਼ਪੁਰ। |
| 10. | ਕਿਸ਼ਨ ਸਿੰਘ | ਸਪੁਤਰ | ਸੁਧ ਸਿੰਘ ਭੰਗਾ ਸਿੰਘ ਵਾਲਾ ਫ਼ੀਰੋਜ਼ਪੁਰ। |
| 11. | ਨਿਧਾਨ ਸਿੰਘ | ਸਪੁਤਰ | ਹੀਰਾ ਸਿੰਘ ਮਾਂਗਾਂਵਾਲਾ ਫ਼ੀਰੋਜ਼ਪੁਰ। |
| 12. | ਪਰਤਾਪ ਸਿੰਘ | ਸਪੁਤਰ | ਹੀਰਾ ਸਿੰਘ ਸੈਦੋਂ, ਫ਼ੀਰੋਜ਼ਪੁਰ। |
| 13. | ਸਰੂਪ ਸਿੰਘ | ਸਪੁਤਰ | ਬੂੜ ਸਿੰਘ ਭਲੂਰ ਫ਼ੀਰੋਜ਼ਪੁਰ। |
| 14. | ਭੋਲਾ ਸਿੰਘ | ਸਪੁਤਰ | ਕਰਮ ਸਿੰਘ ਬਸੀਆਂ, ਲੁਧਿਆਣਾ। |
| 15. | ਗੁਰਦਿੱਤ ਸਿੰਘ | ਸਪੁਤਰ | ਬੂਟਾ ਸਿੰਘ ਦਿਤਵਾਲ ਲੁਧਿਆਣਾ। |
| 16. | ਇੰਦਰ | ਸਪੁਤਰ | ਨੰਦਾ ਬਿਰਕ ਲੁਧਿਆਣਾ। |
| 17. | ਹਜ਼ਾਰਾ ਸਿੰਘ | ਸਪੁਤਰ | ਰਾਮ ਚੰਦਰ ਖੰਜਰਵਾਲ ਲੁਧਿਆਣਾ। |
| 18. | ਜਗਤ ਸਿੰਘ | ਸਪੁਤਰ | ਨੰਦਾ ਸਿੰਘ ਬਿਰਕ ਲੁਧਿਆਣਾ। |
| 19. | ਜਗਤ ਸਿੰਘ | ਸਪੁਤਰ | ਗੁਲਾਬ ਸਿੰਘ ਬੜਾਇਚ ਲੁਧਿਆਣਾ। |
| 20. | ਰਾਮ ਸਿੰਘ | ਸਪੁਤਰ | ਬੁਧ ਸਿੰਘ ਰਕਬਾ ਲੁਧਿਆਣਾ। |
| 21. | ਸੰਤਾ ਸਿੰਘ | ਸਪੁਤਰ | ਬੂਟਾ ਸਿੰਘ ਦਿਤਵਾਲ ਲੁਧਿਆਣਾ। |
| 22. | ਇੰਦਰ ਸਿੰਘ | ਸਪੁਤਰ | ਉਤਮ ਸਿੰਘ ਰਕਬਾ ਲੁਧਿਆਣਾ। |
| 23. | ਰਾਮ ਸਿੰਘ | ਸਪੁਤਰ | ਦੀਵਾਨ ਸਿੰਘ ਝਾਲੀਆ, ਅੰਬਾਲਾ। |
| 24. | ਪੂਰਨ ਸਿੰਘ | ਸਪੁਤਰ | ਕੇਹਰ ਸਿੰਘ ਦਰਯਾਪੁਰ, ਬੁਢਲਾਡਾ। |
| 25. | ਸੰਤੂ | ਸਪੁਤਰ | ਮੀਹਾਂ ਵੇਈਂ ਪੋਈਂ, ਅਮਰਿਤਸਰ। |
| 26. | ਸੁੰਦਰ ਸਿੰਘ | ਸਪੁਤਰ | ਜਵਾਲਾ ਸਿੰਘ ਦਲਾਉਲਪੁਰ ਅਮਰਿਤਸਰ। |
| 27. | ਸੁਰਾਇਣ ਸਿੰਘ | ਸਪੁਤਰ | ਕਾਲਾ ਸਿੰਘ ਸਿਰਹਾਲੀ ਅਮਰਿਤਸਰ। |
| 28. | ਭੋਲਾ ਸਿੰਘ | ਸਪੁਤਰ | ਚੰਦਾ ਸਿੰਘ ਫਤੂਪੁਰ, ਫ਼ੀਰੋਜ਼ਪੁਰ। |
| 29. | ਆਜ਼ਾਦ ਖਾਂ | ਸਪੁਤਰ | ਫ਼ਤੇਉਲਾ ਖਾਂ ਅਬੂ ਬਕਰ, ਅਟਕ। |
| 30. | ਕੇਹਰ ਸਿੰਘ | ਸਪੁਤਰ | ਗੁਲਾਬ ਸਿੰਘ ਰਾਮਗੜ੍ਹ, ਸੁਨਾਮ। |
| 31. | ਰਾਮ ਸਿੰਘ | ਸਪੁਤਰ | ਜਗਤ ਸਿੰਘ ਬੁਗਰਕੇ, ਜੀਂਦ। |

30 ਤੇ 31 ਨੰਬਰ ਲਈ ਪਟਿਆਲਾ ਤੇ ਜੀਂਦ ਦੇ ਦਰਬਾਰਾਂ ਨੂੰ ਕਿਹਾ ਗਿਆ ਕਿ ਉਹ ਇਹਨਾਂ ਨੂੰ ਪਿੰਡਾਂ ਵਿਚ ਬੰਦ ਕਰ ਦੇਣ।

7 ਮਾਰਚ, 1915 ਨੂੰ "ਐਡਵਾਨਾ" ਨਾਮੀ ਜਹਾਜ਼ 31 ਮੁਸਾਫਰ ਲਿਆਇਆ। ਇਹਨਾਂ ਵਿਚੋਂ 30 ਨੂੰ 10 ਮਾਰਚ, 1915 ਨੂੰ ਪਿੰਡਾਂ ਵਿਚ ਬੰਦ ਕਰ ਦਿਤਾ ਗਿਆ।

| | | | |
|---|---|---|---|
| 1. | ਈਸ਼ਰ ਸਿੰਘ | ਸਪੁਤਰ | ਨਾਰਾਇਣ ਸਿੰਘ ਦਾਹੜੂ, ਲੁਧਿਆਣਾ। |
| 2. | ਵੀਰ ਸਿੰਘ | ਸਪੁਤਰ | ਵਧਾਵਾ ਸਿੰਘ ਬਸੀਆਂ ਲੁਧਿਆਣਾ। |
| 3. | ਦੀਨ ਮੁਹੰਮਦ | ਸਪੁਤਰ | ਸੰਧੀ ਬਟਾਲਾ, ਗੁਰਦਾਸਪੁਰ। |
| 4. | ਇੰਦਰ ਸਿੰਘ | ਸਪੁਤਰ | ਮਹਿਤਾਬ ਸਿੰਘ ਮੁਦਕੀ, ਫ਼ੀਰੋਜ਼ਪੁਰ। |
| 5. | ਨੰਦ ਸਿੰਘ | ਸਪੁਤਰ | ਬੂਟਾ ਸਿੰਘ ਦਾਉਧਰ ਫ਼ੀਰੋਜ਼ਪੁਰ। |
| 6. | ਬਹਾਦਰ ਸਿੰਘ | ਸਪੁਤਰ | ਰੂੜ ਸਿੰਘ ਮੋਹਨਪੁਰਾ, ਅਮਰਿਤਸਰ। |

| | | | |
|---|---|---|---|
| 7. | ਬਿਸ਼ਨ ਸਿੰਘ | ਸਪੁਤਰ | ਈਸ਼ਰ ਸਿੰਘ ਮੀਆਂ ਭੁਲਰ ਅਮਰਿਤਸਰ। |
| 8. | ਚਰਨ ਸਿੰਘ | ਸਪੁਤਰ | ਹਰਾ ਸਿੰਘ ਝਾੜੋ ਅਮਰਿਤਸਰ। |
| 9. | ਹੇਮ ਸਿੰਘ | ਸਪੁਤਰ | ਗੋਪੀ ਜੰਡਿਆਲਾ ਗੁਰੂ ਅਮਰਿਤਸਰ। |
| 10. | ਇੰਦਰ ਸਿੰਘ | ਸਪੁਤਰ | ਠਾਕਰ ਸਿੰਘ ਮੁਰਾਦਪੁਰ ਅਮਰਿਤਸਰ। |
| 11. | ਜਵੰਦ ਸਿੰਘ | ਸਪੁਤਰ | ਨਾਰਾਇਣ ਸਿੰਘ ਮੁਰਾਦਪੁਰ ਅਮਰਿਤਸਰ। |
| 12. | ਮਘਰ ਸਿੰਘ | ਸਪੁਤਰ | ਜਵਾਲਾ ਸਿੰਘ ਭੰਦੇਰ ਅਮਰਿਤਸਰ। |
| 13. | ਮੇਹਰ ਸਿੰਘ | ਸਪੁਤਰ | ਪੰਜਾਬ ਸਿੰਘ ਮੋਹਨਪੁਰਾ, ਅਮਰਿਤਸਰ। |
| 14. | ਸਰਾਇਣ ਸਿੰਘ | ਸਪੁਤਰ | ਰੂੜ ਸਿੰਘ ਮੋਹਨਪੁਰਾ, ਅਮਰਿਤਸਰ। |
| 15. | ਕੁਤਬ ਦੀਨ | ਸਪੁਤਰ | ਸੰਧੀ ਢਾਡਾ ਕਲਾਂ, ਹੁਸ਼ਿਆਰਪੁਰ। |
| 16. | ਜੈਮਲ ਸਿੰਘ | ਸਪੁਤਰ | ਮੁਨਸ਼ੀ ਮੋਹਾਲੀ, ਅੰਬਾਲਾ। |
| 17. | ਬਾਘ ਸਿੰਘ | ਸਪੁਤਰ | ਉਤਮ ਸਿੰਘ ਚਮਿਆਰਾ, ਜਲੰਧਰ। |
| 18. | ਗੰਗਾ ਸਿੰਘ | ਸਪੁਤਰ | ਸੁੰਦਰ ਸਿੰਘ ਸਗੋਜਲਾ, ਕਪੂਰਥਲਾ। |
| 19. | ਈਸ਼ਰ | ਸਪੁਤਰ | ਗੁਰਦਿਤ ਸਿੰਘ ਮੰਗਲ ਚੱਕ, ਕਪੂਰਥਲਾ। |
| 20. | ਈਸ਼ਰ ਸਿੰਘ | ਸਪੁਤਰ | ਝਗੜ ਸਿੰਘ ਭਡਾਲ ਕਪੂਰਥਲਾ। |
| 21. | ਕਿਸ਼ਨ ਸਿੰਘ | ਸਪੁਤਰ | ਖੁਸ਼ਾਲ ਸਿੰਘ ਭਡਾਲ ਕਪੂਰਥਲਾ। |
| 22. | ਪੇਸ਼ਾਉਰਾ ਸਿੰਘ | ਸਪੁਤਰ | ਗੰਗਾ ਸਿੰਘ ਪਰਵੇਜ਼ ਨਗਰ, ਕਪੂਰਥਲਾ। |
| 23. | ਵਧਾਵਾ ਸਿੰਘ | ਸਪੁਤਰ | ਨਿਹਾਲ ਸਿੰਘ ਭੋਲਾੜ, ਜੀਂਦ। |
| 24. | ਹਰਨਾਮ ਸਿੰਘ | ਸਪੁਤਰ | ਗੁਰਨਾਮ ਸਿੰਘ ਟਿੱਬਾ, ਕਪੂਰਥਲਾ। |
| 25. | ਜਗਤ ਸਿੰਘ | ਸਪੁਤਰ | ਝੰਡਾ ਸਿੰਘ ਮੰਗੋਪੁਰ ਕਪੂਰਥਲਾ। |
| 26. | ਕਰਤਾਰ ਸਿੰਘ | ਸਪੁਤਰ | ਲਾਲ ਸਿੰਘ ਖੈਰਾ ਕਪੂਰਥਲਾ। |
| 27. | ਕਿਸ਼ਨ ਸਿੰਘ | ਸਪੁਤਰ | ਬੇਲਾ ਸਿੰਘ ਖੈਰਾ, ਕਪੂਰਥਲਾ। |
| 28. | ਲਭੂ | ਸਪੁਤਰ | ਰਾਧਾ ਨਰੂੜ, ਫਗਵਾੜਾ। |
| 29. | ਦੇਵਾ ਸਿੰਘ | ਸਪੁਤਰ | ਵਜ਼ੀਰ ਸਿੰਘ ਭਦੌੜ, ਪਟਿਆਲਾ। |
| 30. | ਸਰਵਨ ਸਿੰਘ | ਸਪੁਤਰ | ਵਜ਼ੀਰ ਸਿੰਘ ਭਦੌੜ, ਪਟਿਆਲਾ। |

ਉਤਲੇ 5 ਅਮਰੀਕਾ ਤੋਂ ਆਏ ਤੇ ਛੇਵਾਂ ਆਸਟਰੇਲੀਆ ਤੋਂ (ਸਫ਼ਾ 205)।

9 ਮਾਰਚ, 1915 ਨੂੰ 'ਔਸਟਰਲੇ' 7 ਮੁਸਾਫਰ ਲੈਕੇ ਆਇਆ। ਇਹਨਾਂ ਵਿਚੋਂ ਇਹ ਛੇ 12 ਮਾਰਚ ਨੂੰ ਜੇਹਲ ਬੰਦ ਕਰ ਦਿਤੇ।

| | | | |
|---|---|---|---|
| 1. | ਭਗਵਾਨ ਸਿੰਘ | ਸਪੁਤਰ | ਜੀਵਨ ਸਿੰਘ ਫਲਪੋਤਾ, ਜਲੰਧਰ। |
| 2. | ਦਲੀਪਾ | ਸਪੁਤਰ | ਰਾਮਜਸ ਜਮਸ਼ੇਰ, ਜਲੰਧਰ। |
| 3. | ਜਗਤਾ | ਸਪੁਤਰ | ਸ਼ੇਰ ਸਿੰਘ ਰਾਏਪੁਰ, ਜਲੰਧਰ। |
| 4. | ਲਭੂ | ਸਪੁਤਰ | ਜਵਾਲਾ ਬਰੇਵਾ ਜਲੰਧਰ। |
| 5. | ਮੀਰਾ ਬਖ਼ਸ਼ | ਸਪੁਤਰ | ਸ਼ੇਰ ਮੁਹੰਮਦ ਸ਼ਰਕਪੁਰਾ ਡੱਬਾ ਜਲੰਧਰ। |
| 6. | ਥਮਣ ਖ਼ਾਂ | ਸਪੁਤਰ | ਅਕਬਰ ਅਲੀ ਮੋਰੀ, ਗੁਜਾਤ। |

ਇਹਨਾਂ ਵਿਚੋਂ 5 ਸਿੰਘਾਪੁਰ, 1 ਸਮਾਟਰਾ, ਬਾਕੀ ਸਭ ਮਲਾਯਾ ਤੋਂ ਆਏ (ਸਫ਼ੇ,

202-3)।

ਇਹ ਉਤੇ ਉਹ ਜਹਾਜ਼ ਹਨ, ਜੋ ਕਲਕੱਤਾ ਆਕੇ ਲੱਗੇ। ਇਹਨਾਂ ਦੇ ਮੁਸਾਫਰਾਂ ਨੂੰ ਲੁਧਿਆਣੇ ਲਿਜਾਕੇ ਪੁੱਛ ਪੜਤਾਲ ਕਰਕੇ ਛਡਦੇ ਜਾਂ ਬੰਦ ਕਰ ਦਿੰਦੇ ਰਹੇ।[1]

ਇਸੇ ਤਰ੍ਹਾਂ ਇਕ ਰਪੋਰਟ ਕੋਲੰਬੂ ਉਤਰਨ ਵਾਲਿਆਂ ਦੀ ਹੈ, ਜਿਸ ਦਾ ਹਿਸਾਬ ਕਿਤਾਬ ਕੋਲੰਬੂ ਤੇ ਮਦਰਾਸ ਦੀਆਂ ਸਰਕਾਰਾਂ ਨੇ 25 ਅਕਤੂਬਰ ਨੂੰ ਰਖਣਾ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਸੈਂਕੜੇ ਦੇਸ਼ ਭਗਤ ਇਸ ਰਸਤੇ ਲੰਘ ਆਏ ਸਨ।

### 25.10.1914 ਤੋਂ 24.5.1915 ਤਕ ਕੋਲੰਬੂ ਥਾਣੀ ਆਏ ਜਹਾਜ਼

| ਤਾਰੀਖ | ਜਹਾਜ਼ | ਕਿਥੋਂ ਆਏ | ਕਿੰਨੇ ਆਏ |
|---|---|---|---|
| 25 ਅਕਤਬੂਰ 14 | ਮੁਸ਼ੀਮਾ ਮਾਰੂ | ਹਾਂਗਕਾਂਗ | 51 |
| 2 ਦਸੰਬਰ 14 | ਯਸਾਕਾ ਮਾਰੂ | ਹਾਂਗਕਾਂਗ | 7 |
| 9 ਦਸੰਬਰ 14 | ਅਲੀਕਾਂਤੇ | ਹਾਂਗਕਾਂਗ | 28 |
| 12 ਦਸੰਬਰ 14 | ਆਸਟਰੇਲੀਅਨ | ਹਾਂਗਕਾਂਗ | 94 |
| 25 ਦਸੰਬਰ 14 | ਓਰਾਨਸ਼ੀਆ | ਆਸਟਰੇਲੀਆ | 12 |
| 6 ਜਨਵਰੀ 15 | ਲੋਪੇਜ਼-ਈ-ਲੋਪੇਜ਼ | ਪੀਨਾਂਗ | 16 |
| 6 ਜਨਵਰੀ 15 | ਕਿਤਾਨੋ ਮਾਰੂ | ਸਿੰਘਾਪੁਰ | 19 |
| 8 ਜਨਵਰੀ 15 | ਓਫੀ | ਆਸਟਰੇਲੀਆ | 8 |
| 13 ਜਨਵਰੀ 15 | ਮੇਰੀਆ | ਆਸਟਰੇਲੀਆ | 8 |
| 13 ਜਨਵਰੀ 15 | ਫੂਸੀਨਾ ਮਾਰੂ | ਵੈਨਕੋਵਰ | 6 |
| 24 ਫਰਵਰੀ 15 | ਮੋਲਦਾਵੀਆ | ਆਸਟੇਰਲੀਆ | 7 |
| 4 ਮਾਰਚ 15 | ਓਸਟਰਲੀ | ਆਸਟੇਰਲੀਆ | 7 |
| 31 ਮਾਰਚ 15 | ਐਟਲੈਂਟੀਕ | ਸ਼ੰਘਾਈ | 2 |
| 1 ਅਪਰੈਲ 15 | ਓਰਸੋਵਾ | ਆਸਟਰੇਲੀਆ | 4 |
| 8 ਅਪਰੈਲ 15 | ਉਮਵੋਲੋਸੀ | ਅਫਰੀਕਾ | 2 |
| 14 ਅਪਰੈਲ 15 | ਪੋਲੀਨੇਸ਼ੀਅਨ | ਅਮਰੀਕਾ | 9 |
| 28 ਅਪਰੈਲ 15 | ਲੋਪੇਜ਼-ਈ-ਲੋਪੇਜ਼ | ਮਨੀਲਾ | 6 |

ਇਹਨਾਂ ਤੋਂ ਇਲਾਵਾ 9 ਹੋਰ ਜਹਾਜ਼ 9 ਹਿੰਦੀ ਗ਼ਦਰੀਆਂ ਨੂੰ ਲਿਆਏ।[2] ਇਹ ਸਾਰੇ 295 ਹੋਏ। 'ਆਸਟਰੇਲੀਅਨ' ਦੇ ਕੋਲੰਬੂ ਥਾਣੀ ਮੁਸਾਫਰ ਲਿਆਉਣ ਦੀ ਇਕ ਰਪੋਰਟ ਪੇਸ਼ ਕੀਤੀ ਜਾਂਦੀ ਹੈ।

ਹਾਂਗਕਾਂਗ ਤੋਂ ਰਪੋਰਟ ਹੈ, ਕਿ ਪਹਿਲੀ ਦਸੰਬਰ 1914 ਨੂੰ ਆਸਟਰੇਲੀਅਨ 88 ਮੁਸਾਫਰ ਲੈ ਕੇ ਚਲਿਆ, ਜਿਸ ਵਿਚ ਜੀ.ਡੀ. ਕੁਮਾਰ ਤੇ ਜਾਕੂ ਅਮਰ ਸਿੰਘ ਵੀ ਹਨ। ਦੋ ਦਰਬਾਨਾਂ ਤੋਂ ਇਲਾਵਾ ਬਾਕੀ ਸਭ ਮਜ਼ਦੂਰ ਹਨ। 38 ਅਮਰੀਕਾ ਤੋਂ, 48 ਕੈਨੇਡਾ ਤੋਂ, 2 ਸ਼ੰਘਾਈ

1. ਹੋਮ (ਪੋਲੀਟੀਕਲ) ਓ., ਜੂਨ 1915, ਕਰਵਾਈ ਨੰ. 345-369
2. ਹੋਮ (ਪੋਲੀਟੀਕਲ) ਓ., ਜੂਨ 1915, ਕਰਵਾਈ ਨੰ. 370

ਤੋਂ ਰੰਗਾ ਸਿੰਘ ਸਪੁਤਰ ਗੁਰਦਿੱਤ ਸਿੰਘ, ਖੁਰਦਪੁਰ, ਜਲੰਧਰ ਤੇ ਹਰਨਾਮ ਸਿੰਘ ਸਪੁਤਰ ਸੋਹਣ ਸਿੰਘ, (ਠਠੀ ਖਾਰਾ), ਅਮਰਿਤਸਰ (ਸਫਾ 291) ਇਸ ਜਹਾਜ਼ ਵਿਚ ਸਨ (ਇਹਨਾਂ ਦੋਹਾਂ ਨੂੰ ਅੰਗਰੇਜ਼ੀ ਰਾਜ ਨੇ ਫਾਂਸੀ ਟੰਗ ਦਿਤਾ ਸੀ)। ਇਹ ਜਹਾਜ਼ ਕੋਲੰਬੂ 94 ਮੁਸਾਫਰਾਂ ਨੂੰ ਲੈ ਕੇ ਲੱਗਾ, ਇਹਨਾਂ ਦੀ ਤਲਾਸ਼ੀ ਲੈ ਕੇ 14 ਦਸੰਬਰ ਨੂੰ ਹਿੰਦ ਦੀ ਧਰਤੀ ਉਤੇ ਧਨੁਸ਼ਕੋਡੀ ਲਿਜਾਕੇ ਹਿੰਦੀ ਪੋਲੀਸ ਦੇ ਹਵਾਲੇ ਕਰ ਦਿਤਾ ਗਿਆ। ਸਭ ਦੀ ਤਲਾਸ਼ੀ ਲਈ ਗਈ, ਕੋਈ ਅਸਲਾਹ ਨਹੀਂ ਲੱਭਾ।

ਮਦਰਾਸ ਸਰਕਾਰ ਨੇ ਆਪਣੀ 19 ਦਸੰਬਰ ਦੀ ਹਿੰਦ ਸਰਕਾਰ ਨੂੰ ਭੇਜੀ ਰਪੋਰਟ ਵਿਚ ਉਤੇ ਲਿਖੇ 'ਮੁਸ਼ੀਮਾ ਮਾਰੂ', 'ਯਾਸਾਕਾ ਮਾਰੂ', 'ਅਲੀਕਾਂਤੇ ਤੇ 'ਆਸਟਰੇਲੀਅਨ' ਦੇ ਮੁਸਾਫਰਾਂ ਦੀ ਆਮਦ ਤੇ ਸੈਲੋਨ (ਲੰਕਾ) ਦੀ ਪੁਲਸ ਤੋਂ ਵਸੂਲੀ ਲਿਖੀ ਹੈ।

ਹਾਂਗਕਾਂਗ ਤੋਂ ਰਪੋਰਟ ਹੈ, ਕਿ ਸਾਨਫਰਾਂਸਿਸਕੋ ਤੋਂ ਹਿੰਦੀ ਮੁਸਾਫਰ ਆਏ ਹਨ ਤੇ ਉਹ 'ਓਨ ਸਾਂਗ' ਜਹਾਜ਼ ਵਿਚ ਚੜ੍ਹਕੇ ਕਲਕੱਤੇ ਨੂੰ ਚਲੇ ਗਏ ਹਨ। ਇਹਨਾਂ ਵਿਚ ਸ਼ਾਂਤ ਸਾਗਰ ਦੇ ਕੰਢੇ ਤੋਂ ਆਏ 143 ਮਜ਼ਦੂਰ ਹਨ, 24 ਦਰਬਾਨ ਹਨ, 4 ਦੁਕਾਨਦਾਰ ਹਨ ਤੇ 6 ਪੁਲਸੀਏ। 52 ਸਨਫਰਾਂਸਿਸਕੋ, 82 ਕੈਨੇਡਾ, 6 ਪਨਾਮਾ, 15 ਹਾਂਗਕਾਂਗ, 18 ਚੀਨ, 3 ਹਿੰਦ ਚੀਨੀ।

'ਓਨ ਸਾਂਗ' 3 ਜਨਵਰੀ, 1915 ਨੂੰ ਅਮਰੀਕਾ ਤੇ ਦੂਰਪੂਰਬ ਤੋਂ 170 ਮੁਸਾਫਰ ਲੈਕੇ ਕਲਕੱਤੇ ਆਇਆ ਤੇ ਕਿਦਰਪੁਰ ਦੇ ਘਾਟ ਤੇ ਲੱਗਾ। ਸਭ ਦੀ ਤਲਾਸ਼ੀ ਲਈ ਗਈ। 163 ਨੂੰ ਮੁਫਤ ਟਿਕਟ ਦੇਕੇ ਰੀਜ਼ਰਵ ਡਬਿਆਂ ਵਿਚ ਬਿਠਾ ਦਿਤਾ। ਕੁਝ ਮੁਸਾਫਰਾਂ ਨੂੰ ਕਲਕੱਤੇ ਵਿਚ ਆਪਣੇ ਕੰਮ ਸਨ ਉਹਨਾਂ ਨੂੰ ਕਲਕੱਤੇ ਜਾਣ ਤੇ ਹਾਵੜੇ ਤੋਂ ਗਡੀ ਚੜ੍ਹ ਜਾਣ ਦੀ ਆਗਿਆ ਦੇ ਦਿਤੀ ਗਈ। ਸਭ ਮੁਸਾਫਰਾਂ ਨੂੰ ਨੋਟਿਸ ਦੇ ਦਿਤੇ ਗਏ, ਕਿ ਉਹ ਇਕ ਮਿਥੀ ਹੋਈ ਤਾਰੀਖ ਉਤੇ ਲੁਧਿਆਣੇ ਪਹੁੰਚ ਜਾਣ ਤੇ ਨਾ ਪਹੁੰਚਣ ਵਾਲਿਆਂ ਨੂੰ ਡੰਡ ਵੀ ਸੁਣਾ ਦਿਤਾ ਗਿਆ। ਇਹਨਾਂ ਵਿਚੋਂ ਮਯਾ ਸਿੰਘ ਸਪੁਤਰ ਸੁਚੇਤ ਸਿੰਘ ਜਮਸ਼ੇਰ, ਜਲੰਧਰ ਤੇ ਭੋਲਾ ਸਿੰਘ, ਸਪੁਤਰ ਢਲ ਸਿੰਘ, ਚੀਮਾਂ ਲੁਧਿਆਣਾ ਖ਼ਤਰਨਾਕ ਸਮਝਕੇ 'ਫੁਰਮਾਨ' ਦੇ ਤਹਿਤ ਪਰੈਜ਼ੀਡੈਂਨਸੀ ਜੇਹਲ ਵਿਚ ਡਕ ਲਏ ਗਏ।[1]

ਇਹ ਹਨ ਮੂੰਹ ਬੋਲਦੀਆਂ ਵੰਨਗੀਆਂ ਓਸ ਸਲੂਕ ਦੀਆਂ ਜੋ ਹਿੰਦ ਵਿਚ ਆਉਣ ਵਾਲੇ ਮੁਸਾਫਰ ਗ਼ਦਰੀਆਂ ਨਾਲ ਕੀਤਾ ਜਾਂਦਾ ਸੀ।

ਸਰਕਾਰ ਹਿੰਦ ਨੇ ਇਨ੍ਹਾਂ ਗ਼ਦਰੀਆਂ ਨੂੰ ਲਿਆਉਣ ਵਾਲੇ ਜਹਾਜ਼ਾਂ ਤੇ ਇਹਨਾਂ ਬਾਰੇ ਰਪੋਰਟਾਂ ਦੇ ਸਾਰੇ ਲਏ ਹੋਏ ਸਾਡੇ ਨੋਟ ਨਹੀਂ ਦਿਤੇ। ਪਰ ਇਹਨਾਂ ਥੋੜੇ ਜਿਹੇ ਨੋਟਾਂ ਤੋਂ ਸਿੱਧ ਹੁੰਦਾ ਹੈ, ਕਿ ਅੰਗਰੇਜ਼ੀ ਰਾਜ ਦਾ ਅਜਗਰ ਹਿੰਦ ਤੇ ਘਾਟਾਂ ਉਤੇ ਇਹਨਾਂ ਗ਼ਦਰੀਆਂ ਨੂੰ ਵਲ ਮਾਰਨ ਅਤੇ ਨਿਗਲਣ ਲਈ ਕਿਸ ਤਰ੍ਹਾਂ ਮੂੰਹ ਅੱਡੀ ਖੜਾ ਸੀ।

10. ਤੋਸ਼ਾਮਾਰੂ ਤੇ ਹੋਰਨਾਂ ਜਹਾਜ਼ ਉਤੋਂ ਫੜਕੇ ਜੇਹਲਾਂ ਵਿਚ ਨਜ਼ਰਬੰਦ ਕੀਤੇ ਕੁਝ ਗ਼ਦਰੀਆਂ ਦਾ ਪਤਾ ਲੱਗਾ ਹੈ, ਜਿਨ੍ਹਾਂ ਦੇ ਨਾਂ ਇਹ ਹਨ।

ਭਾ: ਭਾਗ ਸਿੰਘ ਉਪਲ (ਜਾਲੰਧਰ), ਭਾ: ਈਸ਼ਰ ਸਿੰਘ, ਭਾ: ਪਾਲ ਸਿੰਘ ਅਤੇ ਭਾਈ ਬਿਸ਼ਨ ਸਿੰਘ ਮਰਹਾਣਾ, ਭਾ: ਮੇਵਾ ਸਿੰਘ ਮਜੀਠਾ, ਭਾ: ਕਰਮਚੰਦ ਕੋਹਲੀ (ਅਮਰਿਤਸਰ), ਭਾ:

---

1. ਹੋਮ (ਪੋਲੀਟੀਕਲ) ਓ., ਜੂਨ 1915, ਕਰਵਾਈ ਨੰ. 282-316

ਮੁਨਸ਼ਾ ਸਿੰਘ, ਭਾਈ ਰਾਮ ਸਿੰਘ, ਭਾ: ਭਗਵਾਨ ਸਿੰਘ ਤੇ ਭਾ: ਜਵਾਲਾ ਸਿੰਘ ਸ਼ੰਕਰ, ਭਾ: ਲਾਲ ਸਿੰਘ ਤੇ ਪੂਰਨ ਸਿੰਘ ਜੰਡਿਆਲਾ, ਭਾ: ਰਾਵਲ ਸਿੰਘ ਤੇ ਭਾ: ਕੇਹਰ ਸਿੰਘ ਬੁੰਡਾਲਾ, ਭਾ: ਨਥਾ ਸਿੰਘ ਜੈਤੇਵਾਲੀ, ਭਾਈ ਊਧਮ ਸਿੰਘ ਬੜਿੰਗ, ਭਾ: ਬੇਅੰਤ ਸਿੰਘ ਜਮਸ਼ੇਰ, ਭਾ: ਕਰਮ ਸਿੰਘ ਝਿੰਗੜ (ਬਬਰ ਅਕਾਲੀ ਹੋ ਗਿਆ), ਭਾ: ਕਿਸ਼ਨ ਸਿੰਘ ਕਟਾਣਾ, ਭਾ: ਧਨਾ ਸਿੰਘ ਖੈਰਾ, ਫਿਲੌਰ, ਭਾ: ਹਰੀ ਸਿੰਘ ਢੰਡਾ, ਭਾ: ਹਰਨਾਮ ਸਿੰਘ ਬਾਰੋਵਾਦ ਮਹਿੰਦੀਪੁਰ, ਭਾ: ਬਸੰਤ ਸਿੰਘ ਬੋਪਾ ਰਾਏ, ਭਾ: ਬਚਿੰਤ ਸਿੰਘ ਰੁੜਕਾ ਕਲਾਂ (ਜਾਲੰਧਰ), ਭਾ: ਨਥਾ ਸਿੰਘ ਮੀਰਪੁਰ ਲਖਾ, ਭਾ: ਸੁਰਜਨ ਸਿੰਘ ਕਿਸ਼ਨਪੁਰ (ਅੰਬਾਲਾ), ਸਜਨ ਸਿੰਘ ਬੀਹਲਾ, ਭਾਈ ਕਿਸ਼ਨ ਸਿੰਘ ਬੋਪਾ ਰਾਏ ਤੇ ਭਾ: ਭਗਵਾਨ ਸਿੰਘ ਬਦੋਵਾਲ, ਭਾ: ਰੂੜ ਸਿੰਘ ਚੱਕਰ, ਭਾ: ਚਨਣ ਸਿੰਘ ਚਨਣ ਵਾਲ ਤੇ ਸ੍ਰੀ ਨਾਭੀ ਰਾਮ ਜ਼ੋਸ਼ੀ, ਰਾਏਕੋਟ (ਲੁਧਿਆਣਾ), ਭਾ: ਪਰਤਾਪ ਸਿੰਘ ਪਤੋ-ਹੀਰਾ ਸਿੰਘ, ਸ੍ਰੀ ਕਾਸ਼ੀ ਰਾਮ ਚੂਹੜਚਕ, ਭਾ: ਦਾਨ ਸਿੰਘ ਤੇ ਭਾ: ਮਸਤਾਨ ਸਿੰਘ ਧਲੇਕੇ, ਭਾ: ਕਿਸ਼ਨ ਸਿੰਘ ਝੋਰੜ, ਭਾਈ ਹਰੀ ਸਿੰਘ ਭਿੰਡਰ (ਫੀਰੋਜ਼ਪੁਰ), ਭਾ: ਦਲੀਪ ਸਿੰਘ ਤੇ ਭਾ: ਨਰਿੰਦਰ ਸਿੰਘ ਬਾਹੋਵਾਲ, ਭਾ: ਕਰਮ ਸਿੰਘ ਦੌਲਤਪੁਰ (ਬਬਰ ਅਕਾਲੀਆਂ ਵਿਚ ਸ਼ਹੀਦ ਹੋਏ) ਪੰਡਤ ਸਾਲਗ ਰਾਮ ਮੌਲਾ ਬਾਹਦਪੁਰ (ਹੋਸ਼ਿਆਰਪੁਰ,) ਅਤੇ ਭਾ: ਰਾਮ ਸਿੰਘ ਅਠੋਲੀ (ਕਪੂਰਥਲਾ), ਭਾ: ਕਾਕੂ ਸਿੰਘ ਬਲਿਵਾਲ (ਸੰਗਰੂਰ)। ਇਹਨਾਂ ਗ਼ਦਰੀਆਂ ਨੂੰ 1918 ਵਿਚ ਜ਼ਮਾਨਤਾਂ ਉਤੇ ਪਿੰਡੀਂ ਬੰਦ ਕਰ ਦਿਤਾ ਗਿਆ ਤੇ ਅਖ਼ੀਰ1920 ਦੇ ਸ਼ਾਹੀ ਐਲਾਨ ਵਿਚ ਪਿੰਡ ਬੰਦੀਆਂ ਚੁਕੀਆਂ ਗਈਆਂ।

10. ਇਹਨਾਂ ਇਨਕਲਾਬੀਆਂ ਨੂੰ ਪਹਿਲੇ ਲਾਹੌਰ ਮੁਕੱਦਮੇ ਵਿਚ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ, ਪਰ ਵਾਇਸਰਾਏ ਨੇ ਮੌਤ ਦੀ ਸਜ਼ਾ ਬਦਲਕੇ ਉਮਰ ਕੈਦ ਕਾਲੇ ਪਾਣੀ ਕਰ ਦਿਤੀ—

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| 1.ਸ਼੍ਰੀ ਬਲਵੰਤ ਸਿੰਘ | ਸ਼੍ਰੀ ਮੀਰ ਸਿੰਘ | ਸਠਿਆਲਾ | ਅਮਰਿਤਸਰ |
| 2.ਸ਼੍ਰੀ ਹਰਨਾਮ ਸਿੰਘ | ਸ਼੍ਰੀ ਗੁਰਦਿਤ ਸਿੰਘ | ਕੋਟਲਾ ਨੌਧ ਸਿੰਘ | ਹੁਸ਼ਿਆਰਪੁਰ |
| 3.ਸ਼੍ਰੀ ਹਿਰਦੇ ਸਿੰਘ | ਸ਼੍ਰੀ ਗਜਨ ਸਿੰਘ | ਮੰਡੀ | ਮੰਡੀ ਰਿਆਸਤ |
| 4.ਸ਼੍ਰੀ ਜਗਤ ਰਾਮ | ਸ਼੍ਰੀ ਦਿਤੂ ਮੱਲ | ਹਰਿਆਣਾ | ਹੁਸ਼ਿਆਰਪੁਰ |
| 5.ਸ਼੍ਰੀ ਕਾਲਾ ਸਿੰਘ | ਸ਼੍ਰੀ ਗੁਲਾਬ ਸਿੰਘ | ਅਮਰਿਤਸਰ | ਅਮਰਿਤਸਰ |
| 6.ਸ਼੍ਰੀ ਕੇਸਰ ਸਿੰਘ | ਸ਼੍ਰੀ ਭੂਪ ਸਿੰਘ | ਠਠਗੜ੍ਹ | ਅਮਰਿਤਸਰ |
| 7.ਸ਼੍ਰੀ ਖੁਸ਼ਹਾਲ ਸਿੰਘ | ਸ਼੍ਰੀ ਸੁਚੇਤ ਸਿੰਘ | ਪਧਰੀ | ਅਮਰਿਤਸਰ |
| 8.ਸ਼੍ਰੀ ਨੰਦ ਸਿੰਘ | ਸ਼੍ਰੀ ਰਾਮ ਸਿੰਘ | ਕੈਲਾ | ਲੁਧਿਆਣਾ |
| 9.ਸ਼੍ਰੀ ਨਿਧਾਨ ਸਿੰਘ | ਸ਼੍ਰੀ ਸੁੰਦਰ ਸਿੰਘ | ਚੁੱਘਾ | ਫੀਰੋਜ਼ਪੁਰ |
| 10.ਭਾ:ਪਰਮਾ ਨੰਦ | ਸ਼੍ਰੀ ਤਾਰਾ ਚੰਦ | ਕੜਯਾਲਾ | ਜੇਹਲਮ |
| 11.ਸ਼੍ਰੀ ਪਰਮਾ ਨੰਦ | ਸ਼੍ਰੀ ਗਿਆ ਪ੍ਰਸ਼ਾਦ | ਸੁਕਰਾਦਾ ਖਰਕਾ | ਹਮੀਰਪੁਰ (ਯੂ.ਪੀ.) |
| 12.ਸ਼੍ਰੀ ਪ੍ਰਿਥਵੀ ਸਿੰਘ | ਸ਼੍ਰੀ ਸ਼ਾਦੀ ਸਿੰਘ | ਲਾਲੜੂ | ਪਟਿਆਲਾ ਰਿਆਸਤ |
| 13.ਸ਼੍ਰੀ ਰਾਮ ਸਰਨ ਦਾਸ | ਸ਼੍ਰੀ ਸੰਤ ਰਾਮ | ਕਪੂਰਥਲਾ | ਕਪੂਰਥਲਾ ਰਿਆਸਤ |
| 14.ਸ਼੍ਰੀ ਰੁਲੀਆ ਸਿੰਘ | ਸ਼੍ਰੀ ਜਗਤ ਸਿੰਘ | ਸਰਾਭਾ | ਲੁਧਿਆਣਾ |
| 15.ਸ਼੍ਰੀ ਸਾਵਨ ਸਿੰਘ | ਸ਼੍ਰੀ ਖੁਸ਼ਹਾਲ ਸਿੰਘ | ਚੱਬਾ | ਅਮਰਿਤਸਰ |

| | | | |
|---|---|---|---|
| 16.ਸ਼੍ਰੀ ਸੋਹਨ ਸਿੰਘ | ਸ਼੍ਰੀ ਕਰਮ ਸਿੰਘ | ਭਕਨਾ | ਅਮਰਿਤਸਰ |
| 17.ਸ਼੍ਰੀ ਵਸਾਵਾ ਸਿੰਘ | ਸ਼੍ਰੀ ਮੀਹਾਂ ਸਿੰਘ | ਗਿਲਵਾਲੀ | ਅਮਰਿਤਸਰ |

ਇਹਨਾਂ ਇਨਕਲਾਬੀਆਂ ਨੂੰ ਉਮਰ ਕੈਦ ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ—

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| 1.ਸ਼੍ਰੀ ਭਾਨ ਸਿੰਘ | ਸ਼੍ਰੀ ਸਾਵਨ ਸਿੰਘ | ਸੁਨੇਤ | ਲੁਧਿਆਣਾ |
| 2.ਸ਼੍ਰੀ ਬਿਸ਼ਨ ਸਿੰਘ | ਸ਼੍ਰੀ ਜਵਾਲਾ ਸਿੰਘ | ਦਦੇਹਰ | ਅਮਰਿਤਸਰ |
| 3.ਸ਼੍ਰੀ ਬਿਸ਼ਨ ਸਿੰਘ | ਸ਼੍ਰੀ ਕੇਸਰ ਸਿੰਘ | ਦਦੇਹਰ | ਅਮਰਿਤਸਰ |
| 4.ਸ਼੍ਰੀ ਚੂਹੜ ਸਿੰਘ | ਸ਼੍ਰੀ ਬੂਟਾ ਸਿੰਘ | ਲੀਲਾਂ | ਲੁਧਿਆਣਾ |
| 5.ਸ਼੍ਰੀ ਗੁਰਮੁਖ ਸਿੰਘ | ਸ਼੍ਰੀ ਹੋਸ਼ਨਾਕ ਸਿੰਘ | ਲਲਤੋਂ | ਲੁਧਿਆਣਾ |
| 6.ਸ਼੍ਰੀ ਗੁਰਦਿੱਤ ਸਿੰਘ | ਸ਼੍ਰੀ ਗੁਰਮੁਖ ਸਿੰਘ | ਸੁਰਸਿੰਘ | ਲਾਹੌਰ |
| 7.ਸ਼੍ਰੀ ਹਜ਼ਾਰਾ ਸਿੰਘ | ਸ਼੍ਰੀ ਬੇਲਾ ਸਿੰਘ | ਦਦੇਹਰ | ਅਮਰਿਤਸਰ |
| 8.ਸ਼੍ਰੀ ਇੰਦਰ ਸਿੰਘ | ਸ਼੍ਰੀ ਆਲਾ ਸਿੰਘ | ਮਲਾ | ਲੁਧਿਆਣਾ |
| 9.ਸ਼੍ਰੀ ਇੰਦਰ ਸਿੰਘ | ਸ਼੍ਰੀ ਗੰਡਾ ਸਿੰਘ | ਭਸੀਨ | ਲਾਹੌਰ |
| 10.ਸ਼੍ਰੀ ਇੰਦਰ ਸਿੰਘ | ਸ਼੍ਰੀ ਮੂਲਾ ਸਿੰਘ | ਸੁਰਸਿੰਘ | ਲਾਹੌਰ |
| 11.ਸ਼੍ਰੀ ਜਵੰਦ ਸਿੰਘ | ਸ਼੍ਰੀ ਉੱਤਮ ਸਿੰਘ | ਸੁਰਸਿੰਘ | ਲਾਹੌਰ |
| 12.ਸ਼੍ਰੀ ਜਵਾਲਾ ਸਿੰਘ | ਸ਼੍ਰੀ ਘਨਈਯਾ ਸਿੰਘ | ਠੱਠੀਆਂ | ਅਮਰਿਤਸਰ |
| 13.ਸ਼੍ਰੀ ਕਾਲਾ ਸਿੰਘ | ਸ਼੍ਰੀ ਘਸੀਟਾ ਸਿੰਘ | ਸੁਰਸਿੰਘ | ਲਾਹੌਰ |
| 14.ਸ਼੍ਰੀ ਕੇਹਰ ਸਿੰਘ | ਸ਼੍ਰੀ ਨਿਹਾਲ ਸਿੰਘ | ਮਰਹਾਣਾ | ਅਮਰਿਤਸਰ |
| 15.ਸ਼੍ਰੀ ਖੜਕ ਸਿੰਘ | ਸ਼੍ਰੀ ਗੰਡਾ ਸਿੰਘ | ਬੋਪਾਰਾਏ | ਲੁਧਿਆਣਾ |
| 16.ਸ਼੍ਰੀ ਕਿਰਪਾਲ ਸਿੰਘ | ਸ਼੍ਰੀ ਨੈਰਣ ਸਿੰਘ | ਬੋਪਾਰਾਏ | ਲੁਧਿਆਣਾ |
| 17.ਸ਼੍ਰੀ ਲਾਲ ਸਿੰਘ | ਸ਼੍ਰੀ ਮੀਹਾਂ ਸਿੰਘ | ਭੂਰੇ | ਅਮਰਿਤਸਰ |
| 18.ਸ਼੍ਰੀ ਮਦਨ ਸਿੰਘ | ਸ਼੍ਰੀ ਮਲ ਸਿੰਘ | ਗਾਗਾ | ਲਾਹੌਰ |
| 19.ਸ਼੍ਰੀ ਮੰਗਲ ਸਿੰਘ | ਸ਼੍ਰੀ ਸਰਮੁਖ ਸਿੰਘ | ਲਾਲਪੁਰ | ਅਮਰਿਤਸਰ |
| 20.ਸ਼੍ਰੀ ਪਿਆਰਾ ਸਿੰਘ | ਸ਼੍ਰੀ ਲੱਖਾ ਸਿੰਘ | ਲੰਗੇਰੀ | ਹੁਸ਼ਿਆਰਪੁਰ |
| 21.ਸ਼੍ਰੀ ਪੂਰਨ ਸਿੰਘ | ਸ਼੍ਰੀ ਹੁਸ਼ਿਆਰ ਸਿੰਘ | ਈਸਾਵਾਲ | ਲੁਧਿਆਣਾ |
| 22.ਸ਼੍ਰੀ ਰੋਡਾ ਸਿੰਘ | ਸ਼੍ਰੀ ਵਸਾਵਾ ਸਿੰਘ | ਰੋਡਾ | ਫੀਰੋਜ਼ਪੁਰ |
| 23.ਸ਼੍ਰੀ ਸ਼ਿਵ ਸਿੰਘ | ਸ਼੍ਰੀ ਮੁਨਸ਼ੀ | ਕੋਟਲਾ ਨੌਧ ਸਿੰਘ | ਹੁਸ਼ਿਆਰਪੁਰ |
| 24.ਸ਼੍ਰੀ ਸ਼ੇਰ ਸਿੰਘ | ਸ਼੍ਰੀ ਕੇਸਰ ਸਿੰਘ | ਵੇਈਂ ਪੋਈਂ | ਅਮਰਿਤਸਰ |
| 25.ਸ਼੍ਰੀ ਊਧਮ ਸਿੰਘ | ਸ਼੍ਰੀ ਮੇਵਾ ਸਿੰਘ | ਕਸੇਲ | ਅਮਰਿਤਸਰ |
| 26.ਸੰਤ ਵਸਾਖਾ ਸਿੰਘ | ਸ਼੍ਰੀ ਦਯਾਲ ਸਿੰਘ | ਦਦੇਹਰ | ਅਮਰਿਤਸਰ |
| 27.ਸ਼੍ਰੀ ਰੂੜ ਸਿੰਘ | ਸ਼੍ਰੀ ਅਤਰ ਸਿੰਘ | ਚੂਹੜ ਚੱਕ | ਫੀਰੋਜ਼ਪੁਰ |

ਇਹਨਾਂ ਇਨਕਲਾਬੀਆਂ ਨੂੰ ਉਮਰ ਕੈਦ ਤੋਂ ਘਟ ਸਜ਼ਾਵਾਂ ਸੁਣਾਈਆਂ ਗਈਆਂ—

ਨਾਮ ਪਿਤਾ ਦਾ ਨਾਮ ਪਿੰਡ ਜਿਲਾ ਸਜ਼ਾ

1. ਸ਼੍ਰੀ ਬਾਜ ਸਿੰਘ ਸ੍ਰੀ ਚਤਰ ਸਿੰਘ ਰੱਯਾ ਅਮਰਿਤਸਰ ਦੋ ਸਾਲ ਸਖਤ ਕੈਦ ਤੇ ਜਾਇਦਾਦ ਜ਼ਬਤ 2.ਸ਼੍ਰੀ ਦਲੀਪ ਸਿੰਘ ਸ੍ਰੀ ਕੇਸਰ ਸਿੰਘ ਘਨੇਰੀ ਪਟਿਆਲ ਸਤ ਸਾਲ ਕੈਦ ਸਖਤ ਕੈਦ 3.ਸ਼੍ਰੀ ਦੇਵਾ ਸਿੰਘ ਸ਼੍ਰੀ ਸਾਹਿਬ ਸਿੰਘ ਨੰਦਪੁਰ ਲੁਧਿਆਣਾ ਚਾਰ ਸਾਲ ਸਖ਼ਤ ਕੈਦ 4.ਸ਼੍ਰੀ ਹਰੀ ਸਿੰਘ ਸ਼੍ਰੀ ਗੁਰਮੁਖ ਸਿੰਘ ਨਥਾਣਾ ਫੀਰੋਜ਼ਪੁਰ ਦਸ ਸਾਲ ਸਖ਼ਤ ਕੈਦ 5.ਸ਼੍ਰੀ ਜਮਨਾ ਦਾਸ ਸ਼੍ਰੀ ਹਰੀ ਰਾਮ ਬੜਾ ਗਾਉਂ ਯੂ.ਪੀ. ਤਿੰਨ ਸਾਲ ਸਖ਼ਤ ਕੈਦ 6.ਸ਼੍ਰੀ ਕਿਸ਼ਨ ਦਾਸ ਸ਼੍ਰੀ ਖਜ਼ਾਨ ਸਿੰਘ ਬਾਬਰਪੁਰ ਲੁਧਿਆਣਾ ਫੈਸਲਾ ਹੋਣ ਤਕ।

11. ਇਹਨਾਂ ਇਨਕਲਾਬੀਆਂ ਨੂੰ ਦੂਸਰੇ ਲਾਹੌਰ ਮੁਕੱਦਮੇ ਵਿਚ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ:-

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| 1.ਸ਼੍ਰੀ ਅਰਜਨ ਸਿੰਘ | ਸ਼੍ਰੀ ਲਾਲ ਸਿੰਘ | ਜਗਰਾਓਂ | ਲੁਧਿਆਣਾ |
| 2.ਸ਼੍ਰੀ ਅਤਰ ਸਿੰਘ | ਸ਼੍ਰੀ ਹੀਰਾ ਨੰਦ | ਧੀਕਮਪੁਰ | ਜੇਹਲਮ |
| 3.ਸ਼੍ਰੀ ਬੋਘ ਸਿੰਘ | ਸ਼੍ਰੀ ਨੱਥਾ ਸਿੰਘ | ਝਾੜ ਸਾਹਿਬ | ਅਮਰਿਤਸਰ |
| 4.ਸ਼੍ਰੀ ਬਿਸ਼ਨ ਸਿੰਘ | ਸ਼੍ਰੀ ਵਸਾਖਾ ਸਿੰਘ | ਵਰਪਾਲ | ਅਮਰਿਤਸਰ |
| 5.ਸ਼੍ਰੀ ਬੁਢਾ ਸਿੰਘ | ਸ਼੍ਰੀ ਈਸ਼ਰ ਸਿੰਘ | ਸੁਰਸਿੰਘ | ਲਾਹੌਰ |
| 6.ਸ਼੍ਰੀ ਦਲੀਪ ਸਿੰਘ | ਸ਼੍ਰੀ ਹਮੀਰ ਸਿੰਘ | ਫੂਲੇਵਾਲ | ਲੁਧਿਆਣਾ |
| 7.ਸ਼੍ਰੀ ਗੰਡਾ ਸਿੰਘ | ਸ਼੍ਰੀ ਬਹਾਦਰ ਸਿੰਘ | ਖਾਪੜ ਖੇੜੀ | ਅਮਰਿਤਸਰ |
| 8.ਸ਼੍ਰੀ ਗੰਡਾ ਸਿੰਘ | ਸ਼੍ਰੀ ਜਵਾਲਾ ਸਿੰਘ | ਸੁਰਸਿੰਘ | ਲਾਹੌਰ |
| 9.ਸ਼੍ਰੀ ਗੁਜਰ ਸਿੰਘ | ਸ਼੍ਰੀ ਸ਼ਾਮ ਸਿੰਘ | ਭਕਨਾ | ਅਮਰਿਤਸਰ |
| 10.ਸ਼੍ਰੀ ਹਰਭਜਨ ਸਿੰਘ | ਸ਼੍ਰੀ ਫਤਹ ਸਿੰਘ | ਚਮਿੰਡਾ | ਲੁਧਿਆਣਾ |
| 11.ਸ਼੍ਰੀ ਹਰੀ ਸਿੰਘ | ਸ਼੍ਰੀ ਅਮਰ ਸਿੰਘ | ਕੱਕੜ | ਅਮਰਿਤਸਰ |
| 12.ਸ਼੍ਰੀ ਹਰਨਾਮ ਸਿੰਘ | ਸ਼੍ਰੀ ਨਰੈਣ ਸਿੰਘ | ਗੁਜਰਵਾਲ | ਲੁਧਿਆਣਾ |
| 13.ਸ਼੍ਰੀ ਹਰਨਾਮ ਸਿੰਘ | ਸ਼੍ਰੀ ਭੂਪ ਸਿੰਘ | ਰਸੂਲਪੁਲ | ਅਮਰਿਤਸਰ |
| 14.ਸ਼੍ਰੀ ਹਰਨਾਮ ਸਿੰਘ | ਸ਼੍ਰੀ ਸੁੰਦਰ ਸਿੰਘ | ਕਾਲਾ ਸੰਘਾ | ਕਪੂਰਥਲਾ |
| 15.ਸ਼੍ਰੀ ਇੰਦਰ ਸਿੰਘ | ਸ਼੍ਰੀ ਙੁਮਣ ਸਿੰਘ | ਸ਼ੇਖ ਦੌਲਤ | ਲੁਧਿਆਣਾ |
| 16.ਸ਼੍ਰੀ ਜਗਤ ਸਿੰਘ | ਸ਼੍ਰੀ ਦੇਵਾ ਸਿੰਘ | ਗੁਜਰਵਾਲ | ਲੁਧਿਆਣਾ |
| 17.ਸ਼੍ਰੀ ਜਿੰਦਰ ਸਿੰਘ | ਸ਼੍ਰੀ ਮੰਗਲ ਸਿੰਘ | ਚੌਧਰੀ ਵਾਲਾ | ਅਮਰਿਤਸਰ |
| 18.ਸ਼੍ਰੀ ਕਰਮ ਸਿੰਘ | ਸ਼੍ਰੀ ਸੁੰਦਰ ਸਿੰਘ | ਕੋਟਲਾ ਅਜਨੇਰ | ਲੁਧਿਆਣਾ |
| 19.ਸ਼੍ਰੀ ਕਰਤਾਰ ਸਿੰਘ | ਸ਼੍ਰੀ ਬਿਸ਼ਨ ਸਿੰਘ | ਪਟਿਆਲਾ | ਪਟਿਆਲਾ |
| 20.ਸ਼੍ਰੀ ਕੇਸਰ ਸਿੰਘ | ਸ਼੍ਰੀ ਮੰਗਲ ਸਿੰਘ | ਸੁਰਸਿੰਘ | ਲਾਹੌਰ |
| 21.ਸ਼੍ਰੀ ਕਿਰਪਾ ਸਿੰਘ | ਸ਼੍ਰੀ ਜਵਾਹਰ ਸਿੰਘ | ਟੌਂਗ ਮਾਜਰੀ | ਹੁਸ਼ਿਆਰਪੁਰ |
| 22.ਸ਼੍ਰੀ ਲਾਭ ਸਿੰਘ | ਸ਼੍ਰੀ ਰਾਮ ਸਿੰਘ | ਚੱਕ ਵਾਲੀਆਂ | ਲਾਹੌਰ |
| 23.ਸ਼੍ਰੀ ਲਾਭ ਸਿੰਘ | ਸ਼੍ਰੀ ਬੂੜ ਸਿੰਘ | ਵਲਟੋਹਾ | ਲਾਹੌਰ |
| 24.ਸ਼੍ਰੀ ਲਾਲ ਸਿੰਘ | ਸ਼੍ਰੀ ਉਧੈ ਸਿੰਘ | ਨਾਰੰਗਵਾਲ | ਲੁਧਿਆਣਾ |
| 25.ਸ਼੍ਰੀ ਮਹਾਰਾਜ ਸਿੰਘ | ਸ਼੍ਰੀ ਨਿਹਾਲ ਸਿੰਘ | ਕਸੇਲ | ਅਮਰਿਤਸਰ |

| | | | |
|---|---|---|---|
| 26.ਸ਼੍ਰੀ ਮਹਿੰਦਰ ਸਿੰਘ | ਸ਼੍ਰੀ ਨਰੈਣ ਸਿੰਘ | ਮਾਜਰੀ | ਲੁਧਿਆਣਾ |
| 27.ਸ਼੍ਰੀ ਮੰਗਲ ਸਿੰਘ | ਸ਼੍ਰੀ ਮੂਲ ਸਿੰਘ | ਵਲਟੋਹਾ | ਲਾਹੌਰ |
| 28.ਸ਼੍ਰੀ ਮਸਤਾਨ ਸਿੰਘ | ਸ਼੍ਰੀ ਮਹਿਤਾਬ ਸਿੰਘ | ਨਾਰੰਗਵਾਲ | ਲੁਧਿਆਣਾ |
| 29.ਸ਼੍ਰੀ ਨਾਹਰ ਸਿੰਘ | ਸ਼੍ਰੀ ਠਾਕਰ ਸਿੰਘ | ਗੁਜਰਵਾਲ | ਲੁਧਿਆਣਾ |
| 30.ਸ਼੍ਰੀ ਨੱਥਾ ਸਿੰਘ | ਸ਼੍ਰੀ ਮੰਗਲ ਸਿੰਘ | ਧੁਨ | ਲਾਹੌਰ |
| 31.ਸ਼੍ਰੀ ਪਾਖਰ ਸਿੰਘ | ਸ਼੍ਰੀ ਭਾਨ ਸਿੰਘ | ਢੁਡੀਕੇ | ਫੀਰੋਜ਼ਪੁਰ |
| 32.ਸ਼੍ਰੀ ਪਾਲਾ ਸਿੰਘ | ਸ਼੍ਰੀ ਬੱਗਾ ਸਿੰਘ | ਢੁਡੀਕੇ | ਫੀਰੋਜ਼ਪੁਰ |
| 33.ਸ਼੍ਰੀ ਰਾਮ ਸਿੰਘ | ਸ਼੍ਰੀ ਸਾਹਿਬ ਸਿੰਘ | ਫੂਲੇ ਵਾਲ | ਲੁਧਿਆਣਾ |
| 34.'ਸੰਤ' ਰੰਧੀਰ ਸਿੰਘ | ਸ਼੍ਰੀ ਨੱਥਾ ਸਿੰਘ | ਨਾਰੰਗਵਾਲ | ਲੁਧਿਆਣਾ |
| 35.ਸ਼੍ਰੀ ਸੱਜਣ ਸਿੰਘ | ਸ਼੍ਰੀ ਮੋਹਣ ਸਿੰਘ | ਨਾਰੰਗਵਾਲ | ਲੁਧਿਆਣਾ |
| 36.ਸ਼੍ਰੀ ਸੰਤਾ ਸਿੰਘ | ਸ਼੍ਰੀ ਚੂਹੜ ਸਿੰਘ | ਨੰਦਪੁਰ ਕਲੌਰ | ਪਟਿਆਲਾ |
| 37.ਸ਼੍ਰੀ ਸੁੱਚਾ ਸਿੰਘ | ਸ਼੍ਰੀ ਗੁਰਦਿੱਤ ਸਿੰਘ | ਚੋਹਲਾ ਕਲਾਂ | ਅਮਰਿਤਸਰ |
| 38.ਸ਼੍ਰੀ ਸੁਲਤਾਨ ਸ਼ਾਹ | ਸ਼੍ਰੀ ਮਾਘੀ ਸ਼ਾਹ | ਭਿਖੀਵਿੰਡ | ਲਾਹੌਰ |
| 39.ਸ਼੍ਰੀ ਸੁੰਦਰ ਸਿੰਘ | ਸ਼੍ਰੀ ਰਤਨ ਸਿੰਘ | ਦੌਲੇ ਨੰਗਲ | ਅਮਰਿਤਸਰ |
| 40.ਸ਼੍ਰੀ ਸੂਜਾ ਸਿੰਘ | ਸ਼੍ਰੀ ਖੁਸ਼ਹਾਲ ਸਿੰਘ | ਵਲਟੋਹਾ | ਲਾਹੌਰ |
| 41.ਸ਼੍ਰੀ ਸੁਰਜਨ ਸਿੰਘ | ਸ਼੍ਰੀ ਮਹਾਂ ਸਿੰਘ | ਗੁਜਰਵਾਲ | ਲੁਧਿਆਣਾ |
| 42.ਸ਼੍ਰੀ ਤੇਜਾ ਸਿੰਘ | ਸ਼੍ਰੀ ਦਯਾਲ ਸਿੰਘ | ਭਿਖੀਵਿੰਡ | ਲਾਹੌਰ |
| 43.ਸ਼੍ਰੀ ਠਾਕਰ ਸਿੰਘ | ਸ਼੍ਰੀ ਸੂਬਾ ਸਿੰਘ | ਠਠੀਆਂ | ਅਮਰਿਤਸਰ |
| 44.ਸ਼੍ਰੀ ਊਧਮ ਸਿੰਘ | ਸ਼੍ਰੀ ਜੀਵਨ ਸਿੰਘ | ਲਾਦੂ ਪੁਰਾ | ਗੁਰਦਾਸਪੁਰ |
| 45.ਸ਼੍ਰੀ ਵਸਾਖਾ ਸਿੰਘ | ਸ਼੍ਰੀ ਈਸ਼ਰ ਸਿੰਘ | ਦਦੇਹਰ | ਅਮਰਿਤਸਰ |

ਇਹਨਾਂ ਇਨਕਲਾਬੀਆਂ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਸੁਣਾਈਆਂ ਗਈਆਂ:—

ਨਾਮ ਪਿਤਾ ਦਾ ਨਾਮ ਪਿੰਡ ਜ਼ਿਲਾ ਸਜ਼ਾ

1.ਸ਼੍ਰੀ ਜੰਮੂ ਸ਼੍ਰੀ ਵਸਾਊ ਵਲਟੋਹਾ ਲਾਹੌਰ 6 ਮਹੀਨੇ ਸਖ਼ਤ ਕੈਦ

2.ਸ਼੍ਰੀ ਜੱਸਾ ਸਿੰਘ ਸ਼੍ਰੀ ਨੱਥਾ ਸਿੰਘ ਝਾੜ ਸਾਹਿਬ ਅਮਰਿਤਸਰ 6 ਮਹੀਨੇ ਸਖ਼ਤ ਕੈਦ

3.ਸ਼੍ਰੀ ਕਾਹਨ ਸਿੰਘ ਸ਼੍ਰੀ ਸਰੂਪ ਸਿੰਘ ਹਸਨਪੁਰ ਲੁਧਿਆਣਾ 4 ਸਾਲ ਸਖ਼ਤ ਕੈਦ

4.ਸ਼੍ਰੀ ਮਹਿੰਦਰ ਸਿੰਘ ਸ਼੍ਰੀ ਨੰਦ ਸਿੰਘ ਢੁਡੀਕੇ ਫੀਰੋਜ਼ਪੁਰ 3 ਸਾਲ ਸਖ਼ਤ ਕੈਦ

5.ਸ਼੍ਰੀ ਪਾਲਾ ਸਿੰਘ ਸ਼੍ਰੀ ਕਾਲਾ ਸਿੰਘ ਢੁਡੀਕੇ ਫੀਰੋਜ਼ਪੁਰ 3 ਸਾਲ ਸਖ਼ਤ ਕੈਦ

6.ਸ਼੍ਰੀ ਫੇਰਾ ਸਿੰਘ ਸ਼੍ਰੀ ਲਹਿਣਾ ਸਿੰਘ ਕੋਟ ਝੰਡਾ ਸਿੰਘ ਸਿਆਲਕੋਟ 2 ਸਾਲ ਸਖ਼ਤ ਕੈਦ

7.ਸ਼੍ਰੀ ਸ਼ਾਮ ਸਿੰਘ ਸ਼੍ਰੀ ਭੋਲਾ ਸਿੰਘ ਢੁਡੀਕੇ ਫੀਰੋਜ਼ਪੁਰ 3 ਸਾਲ ਸਖ਼ਤ ਕੈਦ

8.ਸ਼੍ਰੀ ਸ਼ੇਰ ਸਿੰਘ ਸ਼੍ਰੀ ਲਹਿਣਾ ਸਿੰਘ ਠੀਕਰੀਵਾਲਾ ਗੁਰਦਾਸਪੁਰ 1ਸਾਲ ਸਖ਼ਤ ਕੈਦ

12. ਇਨ੍ਹਾਂ ਇਨਕਲਾਬੀਆਂ ਨੂੰ ਤੀਸਰੇ ਲਾਹੌਰ ਮੁਕੱਦਮੇ ਵਿਚ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ:—

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| 1.ਸ਼੍ਰੀ ਬਤਨ ਸਿੰਘ | ਸ਼੍ਰੀ ਮੇਹਰ ਸਿੰਘ | ਕਾਹਰੀ | ਹੁਸ਼ਿਆਰਪੁਰ |

| | | | |
|---|---|---|---|
| 2.ਸ਼੍ਰੀ ਫਜ਼ਲ ਦੀਨ | ਸ਼੍ਰੀ ਨੂਰਾ | ਫਤਹ ਗੜ੍ਹ | ਹੁਸ਼ਿਆਰਪੁਰ |
| 3.ਸ਼੍ਰੀ ਹਰੀ ਸਿੰਘ | ਸ਼੍ਰੀ ਭਿਖਾ ਸਿੰਘ | ਛੋਟੀਆਂ ਥੋਬਾ | ਫੀਰੋਜ਼ਪੁਰ |
| 4.ਸ਼੍ਰੀ ਕੇਹਰ ਸਿੰਘ | ਸ਼੍ਰੀ ਬਘੇਲ ਸਿੰਘ | ਸਾਹਨੇ ਵਾਲ | ਲੁਧਿਆਣਾ |
| 5.ਸ਼੍ਰੀ ਮੁਨਸ਼ਾ ਸਿੰਘ | ਸ਼੍ਰੀ ਨਿਹਾਲ ਸਿੰਘ | ਜੰਡਿਆਲਾ | ਜਲੰਧਰ |

**13. (ੳ) ਮੰਡੀ ਦੇ ਸਾਜ਼ਿਸ਼ ਮੁਕੱਦਮੇ—**

1.ਮੀਆਂ ਜਵਾਹਰ ਸਿੰਘ ਸਪੁਤਰ ਸ਼੍ਰੀ ਭੀਕਮ ਸੈਣੀ ਮੋਰੀ ਮੰਡੀ ਉਮਰ ਕੈਦ ਤੇ ਜਾਇਦਾਦ ਜ਼ਬਤ।

2.ਸ਼੍ਰੀ ਜਵਾਹਰ ਸਪੁਤਰ ਸ਼੍ਰੀ ਜਿੰਦੂ ਬੜਸੂ ਮੰਡੀ ਪੰਜ ਸਾਲ ਸਖ਼ਤ ਕੈਦ ਦਾ ਜਾਇਦਾਦ ਜ਼ਬਤ।

3.ਸ਼੍ਰੀ ਬਦਰੀ ਸਪੁਤਰ ਮੀਆਂ ਜਵਾਹਰ ਸਿੰਘ ਸੈਣੀ ਮੋਰੀ ਮੰਡੀ 18 ਮਹੀਨੇ ਸਖ਼ਤ ਕੈਦ ਤੇ ਜਾਇਦਾਦ ਜ਼ਬਤ।

4.ਸ਼੍ਰੀ ਲੰਧੂ ਸਪੁਤਰ ਸ਼੍ਰੀ ਟਿਕੂ ਨਾਗਰ ਮੰਡੀ 14 ਸਾਲ ਸਖ਼ਤ ਕੈਦ ਤੇ ਜਾਇਦਾਦ ਜ਼ਬਤ।

5.ਸ਼੍ਰੀ ਸਿਧੂ ਸਪੁਤਰ ਸ਼੍ਰੀ ਫ਼ਕੀਰ ਬੜਸੂ ਮੰਡੀ ਤਿੰਨ ਸਾਲ ਸਖ਼ਤ ਕੈਦ ਤੇ ਜਾਇਦਾਦ ਜ਼ਬਤ।

**(ਅ) ਸਪਲੀਮੈਂਟਰੀ ਮੰਡੀ ਕੇਸ—**

1.ਸ਼੍ਰੀ ਸਿਧੂ ਸਪੁਤਰ ਸ਼੍ਰੀ ਪੀਰ ਸਹਾਇ ਬੜਸੂ ਮੰਡੀ ਉਮਰ ਕੈਦ ਜਾਇਦਾਦ ਜ਼ਬਤ।

**ਲਾਹੌਰ ਸ਼ਹਿਰ ਸਾਜ਼ਿਸ ਕੇਸ—**

1.ਸ਼੍ਰੀ ਲਾਲ ਚੰਦ 'ਫਲਕ' ਸਪੁਤਰ ਸ਼੍ਰੀ ਦੀਵਾਨ ਚੰਦ ਵਛੋਵਾਲੀ ਉਮਰ ਕੈਦ

2.ਸ਼੍ਰੀ ਬੂੜ ਸਿੰਘ ਸਪੁਤਰ ਸ਼੍ਰੀ ਸਾਵਨ ਸਿੰਘ ਸੂਤਰ ਮੰਡੀ ਦਸ ਸਾਲ।

3.ਸ਼੍ਰੀ ਪਿਆਰੇ ਲਾਲ ਸਪੁਤਰ ਸ਼੍ਰੀ ਪੰ: ਜਵਾਲਾ ਪਰਸ਼ਾਦ ਕੂਚਾ ਲੇਲਾ ਮਜਨੂੰ ਦਸ ਸਾਲ।

4.ਸ਼੍ਰੀ ਗੁਲਾਮ ਹੁਸੈਨ ਸਪੁਤਰ ਸ਼੍ਰੀ ਇਬਰਾਹੀਮ ਲੁਹਾਰੀ ਮੰਡੀ ਇਕ ਸਾਲ ਕੈਦ ਪੰਜ ਸੌ ਰੁਪਏ ਜੁਰਮਾਨਾ।

5.ਸ਼੍ਰੀ ਗੁਰਦਿਆਲ ਸਿੰਘ ਸਪੁਤਰ ਸ਼੍ਰੀ ਪਰਤਾਪ ਸਿੰਘ ਅਨਾਰਕਲੀ ਦੋ ਸਾਲ ਕੈਦ ਤੇ ਪੰਜ ਸੌ ਰੁਪਏ ਜੁਰਮਾਨਾ।[1]

**ਸ੍ਰੀ ਹਰ ਗੋਬਿੰਦਪੁਰ ਜ਼ਿਲਾ ਗੁਰਦਾਸਪੁਰ ਦੇ ਮੁਕੱਦਮੇ—**[2]

| | | | |
|---|---|---|---|
| 1.ਸ਼੍ਰੀ ਸ਼ੇਰ ਸਿੰਘ | ਸ਼੍ਰੀ ਲਹਿਣਾ ਸਿੰਘ | ਠੀਕਰੀਵਾਲਾ | ਸੱਤ ਸਾਲ ਕੈਦ। |
| 2.ਸ਼੍ਰੀ ਕੇਸ਼ਰ ਸਿੰਘ | ਸ਼੍ਰੀ ਜਵਾਲਾ ਸਿੰਘ | ਠੀਕਰੀਵਾਲਾ | ਤਿੰਨ ਸਾਲ ਕੈਦ। |
| 3.ਸ਼੍ਰੀ ਗੰਡੂ | — | ਠੀਕਰੀਵਾਲਾ | ਤਿੰਨ ਸਾਲ ਕੈਦ। |
| 4.ਸ਼੍ਰੀ ਵੀਰ ਸਿੰਘ | ਸ਼੍ਰੀ ਗਨੇਸ਼ਾ ਸਿੰਘ | ਠੀਕਰੀਵਾਲ | ਇਕੀ ਸਾਲ ਕੈਦ। |
| 5.ਸ਼੍ਰੀ ਪੂਰਨ ਸਿੰਘ | ਨਿਹਾਲਾ ਸਿੰਘ | ਕੋਟ ਟੋਡਰ ਮਲ | ਇਕੀ ਸਾਲ ਕੈਦ। |
| 6.ਸ਼੍ਰੀ ਆਤਮਾ ਸਿੰਘ | ਸ਼੍ਰੀ ਅਰਜਨ ਸਿੰਘ | ਠੀਕਰੀਵਾਲਾ | ਚੌਦਾਂ ਸਾਲ ਕੈਦ। |
| 7.ਸ਼੍ਰੀ ਸੰਤਾ ਸਿੰਘ | ਸ਼੍ਰੀ ਝਖੜ | ਭਾਮ | ਚੌਦਾਂ ਸਾਲ ਕੈਦ। |
| 8.ਸ਼੍ਰੀ ਲਭੂ | ਸ਼੍ਰੀ ਰੂੜਾ | ਅਰਜਨਪੁਰ | ਚੌਦਾਂ ਸਾਲ ਕੈਦ। |
| 9.ਸ਼੍ਰੀ ਮੁਨਸ਼ੀ | ਸ਼੍ਰੀ ਜੀਤਾ | ਕੋਟ ਟੋਡਰ ਮਲ | ਚੌਦਾਂ ਸਾਲ ਕੈਦ। |

---

1. ਗ਼ਦਰ ਸਾਜ਼ਿਸ਼ ਦੀ ਵਿਥਿਆ', (ਅੰਤਕੇ)

1. ਹੋਮ (ਪੋਲੀਟੀਕਲ) ਓ., ਜੂਨ 1915, ਕਰਵਾਈ ਨੰ. 671-684

| | | | |
|---|---|---|---|
| 10.ਸ਼੍ਰੀ ਟਹਿਲਾ | ਸ਼੍ਰੀ ਜੀਵਨ | ਕੋਟ ਟੋਡਰ ਮਲ | ਚੌਦਾਂ ਸਾਲ ਕੈਦ। |
| 11.ਸ਼੍ਰੀ ਧਰਮ ਸਿੰਘ | ਸ਼੍ਰੀ ਮਾਹੀ | ਭਾਮ | ਚੌਦਾਂ ਸਾਲ ਕੈਦ। |
| 12.ਸ਼੍ਰੀ ਕਾਲਾ ਸਿੰਘ | ਸ਼੍ਰੀ ਵੀਰੂ | ਭਾਮ | ਸੱਤ ਸਾਲ ਕੈਦ। |
| 13.ਸ਼੍ਰੀ ਬਹਾਦਰ ਸਿੰਘ | ਸ਼੍ਰੀ ਸੰਤਾ ਸਿੰਘ | ਭਾਮ | ਸੱਤ ਸਾਲ ਕੈਦ। |
| 14.ਸ਼੍ਰੀ ਭਗਤ ਸਿੰਘ | ਸ਼੍ਰੀ ਜੀਵਨ ਸਿੰਘ | ਭਾਮ | ਸੱਤ ਸਾਲ ਕੈਦ। |
| 15.ਸ਼੍ਰੀ ਬੇਲਾ ਸਿੰਘ | ਸ਼੍ਰੀ ਜੀਵਨ ਸਿੰਘ | ਠੀਕਰੀਵਾਲਾ | ਸੱਤ ਸਾਲ ਕੈਦ। |

**ਅਲਾਵਲਪੁਰ ਜ਼ਿਲਾ ਜਲੰਧਰ ਦੇ ਮੁਕੱਦਮੇ—**

| ਨਾਮ | ਪਿਤਾ ਦਾ ਨਾਮ | ਪਿੰਡ | ਸਜ਼ਾ |
|---|---|---|---|
| 1.ਸ਼੍ਰੀ ਧਿਆਨਾ | ਸ਼੍ਰੀ ਗੋਪਾਲ | ਜੰਡਿਆਲਾ | 21 ਸਾਲ |
| 2.ਸ਼੍ਰੀ ਗੁਰਦਿਤਾ | ਸ਼੍ਰੀ ਰੁਲੀਆ ਸਿੰਘ | ਜੰਡਿਆਲਾ | 7+7 ਸਾਲ |
| 3.ਸ਼੍ਰੀ ਈਸ਼ਰ ਸਿੰਘ | ਸ਼੍ਰੀ ਲਹਿਣਾ ਸਿੰਘ | ਸ਼ਿਵਦਾਸਪੁਰਾ | 7 ਸਾਲ |
| 4.ਸ਼੍ਰੀ ਬੂਟਾ (ਮਰਾਸੀ) | ਸ਼੍ਰੀ ਫੈਜ਼ਾ | ਜ਼ੈਦ | 7 ਸਾਲ |
| 5.ਸ਼੍ਰੀ ਸੰਤੂ | ਸ਼੍ਰੀ ਚੇਤੂ | ਸੰਗਵਾਲ | 7 ਸਾਲ |
| 6.ਸ਼੍ਰੀ ਲਭੂ | ਸ਼੍ਰੀ ਪਾਲ ਸਿੰਘ | ਸੰਗਵਾਲ | 7 ਸਾਲ |

**ਕਰਨਾਲਾ ਜ਼ਿਲਾ ਜਲੰਧਰ ਦਾ ਮੁਕੱਦਮਾ—**

| | | | |
|---|---|---|---|
| 1.ਸ਼੍ਰੀ ਉਤਮ ਸਿੰਘ | ਕਿਸ਼ਨ ਸਿੰਘ | ਹੇਰੀਆਂ | 14 ਸਾਲ ਕਾਲੇ ਪਾਣੀ |
| 2.ਸ਼੍ਰੀ ਬਸੰਤ ਸਿੰਘ | ਬੇਲਾ ਸਿੰਘ | ਕਰਨਾਣਾ | 14 ਸਾਲ ਕਾਲੇ ਪਾਣੀ |

**14. ਰਾਜਾ ਮਹਿੰਦਰ ਪਰਤਾਪ ਦੀ ਕਾਬਲ ਵਿਚ ਕਚੀ ਹਕੂਮਤ—**

| | |
|---|---|
| 1.ਰਾਜਾ ਮਹਿੰਦਰ ਪਰਤਾਪ | ਰਾਸ਼ਟਰਪਤੀ |
| 2. ਮੌਲਵੀ ਬਰਕਤ ਉਲਾ | ਪਰਧਾਨ ਮੰਤਰੀ |
| 3. ਮੌਲਵੀ ਉਬੈਦੁਲਾ | ਘਰੇਲੂ ਮੰਤਰੀ |
| 4. ਮੌਲਵੀ ਮੁਹੰਮਦ ਬਸ਼ੀਰ ਜਾਂ ਅਬਦੁਲ ਰਹੀਮ | ਯੁਧ ਮੰਤਰੀ |
| 5. ਸ਼੍ਰੀ ਚੰਪਲ ਰਾਮਨ ਪਿਲੈ | ਵਿਦੇਸ਼ ਮੰਤਰੀ |
| 6. ਡਾਕਟਰ ਮਥਰਾ ਸਿੰਘ ਜਾਂ ਸ਼ਮਸ਼ੇਰ ਸਿੰਘ | ਸਰਬ ਅਧਿਕਾਰੀ ਮੰਤਰੀ |
| 7. ਸ਼੍ਰੀ ਖੁਦਾ ਬਖਸ਼ | ਸਰਬ ਅਧਿਕਾਰੀ ਮੰਤਰੀ |
| 8. ਸ਼੍ਰੀ ਮੁਹਮਦ ਅਲੀ | ਸਰਬ ਅਧਿਕਾਰੀ ਮੰਤਰੀ |
| 9. ਡਾਕਟਰ ਰਹਿਮਤ ਅਲੀ ਜ਼ਿਕਰੀਆ | ਸਕਤਰ |
| 10. ਸ਼੍ਰੀ ਜ਼ਫਰ ਹੱਸਨ | ਸਕਤਰ |
| 11. ਸ਼੍ਰੀ ਅਲਾਅ ਨਿਵਾਜ਼ | ਸਕਤਰ |
| 12. ਸ਼੍ਰੀ ਹਰਨਾਮ ਸਿੰਘ ਕਹੂਟਾ | ਸਕਤਰ |
| 13. ਸ਼੍ਰੀ ਕਾਲਾ ਸਿੰਘ ਜਾਂ ਗੁਜਰ ਸਿੰਘ | ਸਕਤਰ |
| 14. ਸ਼੍ਰੀ ਅਬਦੁਲ ਅਜ਼ੀਜ਼ | ਸਕਤਰ |
| 15. ਸ਼੍ਰੀ ਅਬਦੁਲ ਬਾਰੀ | ਸਕਤਰ |

## 15. ਪਾਰਟੀ ਕੁਰਬਾਨੀਆਂ ਦਾ ਵੇਰਵਾ

| ਮੁਕੱਦਮਾ | ਫਾਂਸੀ | ਉਮਰ ਕੈਦ | ਘਟ ਕੈਦ |
|---|---|---|---|
| 1. ਲਾਹੌਰ ਸਾਜ਼ਿਸ਼ ਪਹਿਲਾ ਮੁਕੱਦਮਾ | 7 | 38 | 12 |
| 2. ਲਾਹੌਰ ਸਾਜ਼ਿਸ਼ ਦੂਜਾ ਮੁਕੱਦਮਾ | 5 | 46 | 8 |
| 3. ਲਾਹੌਰ ਸਾਜ਼ਿਸ਼ ਤੀਜਾ ਮੁਕੱਦਮਾ | 5 | 6 | 1 |
| 4. ਲਾਹੌਰ ਸਾਜ਼ਿਸ਼ ਚੌਥਾ ਮੁਕੱਦਮਾ | 1 | — | — |
| 5. ਲਾਹੌਰ ਸਾਜ਼ਿਸ਼ ਪੰਜਵਾਂ ਮੁਕੱਦਮਾ | 1 | — | — |
| 6. ਮਾਂਡਲੇ ਦਾ ਮੁਕੱਦਮਾ | 1 | — | — |
| 7. ਮਾਂਡਲੇ ਸਾਜ਼ਿਸ਼ ਦਾ ਪਹਿਲਾ ਮੁਕੱਦਮਾ | 6 | 6 | 1 |
| 8. ਮਾਂਡਲੇ ਸਾਜ਼ਿਸ਼ ਦਾ ਦੂਜਾ ਮੁਕੱਦਮਾ | — | 4 | — |
| 9. ਮੰਡੀ ਸਾਜ਼ਿਸ਼ ਦੇ ਦੋ ਮੁਕੱਦਮੇ | — | 2 | 4 |
| 10.ਫੇਰੂ ਸ਼ਹਿਰ ਦਾ ਮੁਕੱਦਮਾ 11 (ਨੋਟ: 2 ਪੁਲਸ ਨਾਲ ਲੜਾਈ ਵਿਚ ਸ਼ਹੀਦ ਹੋਏ) | | | |
| 11. ਫੇਰੂ ਸ਼ਹਿਰ ਦਾ ਦੂਸਰਾ ਮੁਕੱਦਮਾ | — | — | 6 |
| 12. ਵਲੇ ਪੁਲ ਦਾ ਮੁਕੱਦਮਾ | 6 | — | — |
| 13. ਅਨਾਰਕਲੀ ਦਾ ਸਾਕਾ | 1 | — | — |
| 14. ਪਧਰੀ ਕਤਲ ਦਾ ਮੁਕੱਦਮਾ | 2 | 4 | 1 |
| 15. ਨੰਗਰ ਕਲਾਂ ਦਾ ਕਤਲ | 1 | — | — |
| 16. 23ਵਾਂ ਰਸਾਲ | 12 | 6 | — |
| 17. 128ਵੀਂ ਪਾਇਓਨੀਅਰ | 1 | — | — |
| 18. 12ਵਾਂ ਰਸਾਲਾ | 4 | — | — |
| 19. ਪੰਜਵੀਂ ਹੌਲੀ ਪਲਟਨ ਸਿੰਘਾਪੁਰ | 41 | 125 | — |
| 20. 130ਵੀਂ ਬਲੋਚ | 4 | 59 | — |
| 21. ਕੌਮਾਗਾਟਾ ਮਾਰੂ | 19 (ਗੋਲੀਆਂ ਨਾਲ ਮਾਰੇ)— | | |
| 22. ਚੱਬੇ ਦਾ ਡਾਕਾ | 2 ਫਟੜ ਹੋਕੇ ਸ਼ਹੀਦ ਹੋਏ | | |
| 23. ਬਨਾਰਸ ਸਾਜ਼ਿਸ਼ | — | 1 | 10 |
| 24. ਅਲਾਵਲਪੁਰ ਤੇ ਕਰਨਾਣੇ ਦੇ ਮੁਕੱਦਮੇ—(ਚੌਦਾਂ ਸਾਲ ਤੱਕ)4 | | | 4 |
| 25. ਚੋਕੀਮਾਨ | — | — | 1 |
| 26. ਫੈਜ਼ਾਬਾਦ | — | — | 1 |
| 27. ਸ੍ਰੀ ਹਰ ਗੋਬਿੰਦ ਪੁਰ ਦੇ ਮੁਕੱਦਮੇ | —ਚੌਦਾਂ ਸਾਲ ਤੱਕ) 8 | | 9 |
| 28. ਸਾਨਫਰਾਂਸਿਸਕੋ ਤੇ ਸ਼ਿਕਾਗੋ | 1 ਪੁਲਸ ਨੇ ਗੋਲੀ ਨਾਲ ਮਾਰਿਆ 19 | | |
| 29. ਵੈਨਕੋਵਰ ਗੁਰਦੁਆਰਾ | 2(ਗੋਲੀ ਮਾਰਕੇ ਸ਼ਹੀਦ ਕੀਤੇ ਗਏ) | | |
| 30. ਈਰਾਨ ਦੇ ਮੋਰਚੇ ਉਤੇ | 4 | ਸ਼ਹੀਦ ਹੋਏ | — |
| 31. ਖਾਲਸਾ ਕਾਲਜ, ਅਮਿਰਤਸਰ | — | 1 | — |
| 32. ਅੰਡੇਮਾਨ ਜੇਹਲ ਅੰਦਰ | 8 (ਭੁਖ ਹੜਤਾਲਾਂ ਵਿਚ ਸ਼ਹੀਦ ਹੋਏ) | | |
| **ਜੋੜ** | **145** | **306** | **77** |

ਇਹ ਵੇਰਵਾ ਪੂਰਾ ਨਹੀਂ। ਕਈ ਪਲਟਨਾਂ ਦੇ ਮੁਕੱਦਮਿਆਂ ਤੇ ਜੇਹਲਾਂ ਵਿਚ ਸ਼ਹੀਦੀਆਂ ਦੀ ਖੋਜ ਨਹੀਂ ਹੋ ਸਕੀ।

ਫਾਂਸੀ ਤੇ ਉਮਰ ਕੈਦ ਵਾਲਿਆਂ ਦਾ (ਤੇ ਕਈਆਂ ਘਟ ਸਜ਼ਾਵਾਂ ਵਾਲਿਆਂ ਦਾ ਵੀ) ਘਰ ਘਾਟ ਜ਼ਬਤ ਕਰਕੇ ਸਾਮਰਾਜੀ ਕਹਿਰ ਨੇ ਗ਼ਦਰੀਆਂ ਦੇ ਪਿਛਲੇ ਜੀਆਂ ਨੂੰ ਕੁਲੀ, ਗੁਲੀ ਤੇ ਜੁਲੀ ਤੋਂ ਆਤੁਰ ਕਰ ਦਿਤਾ।

ਬਿਨਾਂ ਮੁਕੱਦਮਾ ਚਲਾਏ ਪਿੰਡਾਂ ਤੇ ਜੇਹਲਾਂ ਵਿਚ ਬੰਦ ਕੀਤਿਆਂ ਦੀ ਗਿਣਤੀ ਸਫਾ 176-177 ਤੇ ਦਿਤੀ ਜਾ ਚੁੱਕੀ ਹੈ।

ਹਿੰਦੁਸਤਾਨ ਦੀ ਸ਼ਾਇਦ ਹੀ ਕਿਸੇ ਹੋਰ ਰਾਜਸੀ ਪਾਰਟੀ ਨੂੰ ਏਨੀਆਂ ਕੁਰਬਾਨੀਆਂ ਕਰਨ ਦਾ ਫਖ਼ਰ ਹਾਸਲ ਹੋਇਆ ਹੋਵੇ, ਜਿਨੀਆਂ ਗ਼ਦਰ ਪਾਰਟੀ ਤੇ ਇਸ ਲਹਿਰ ਨੂੰ ਨਸੀਬ ਹੋਈਆਂ।

# ਪਰਮਾਨਾਵਲੀ


ੳ. ਅਖਬਾਰ:-

1. **'ਸਾਨਫਰਾਂਸਿਸਕੋ ਐਗਜ਼ਾਮੀਨਰ'**, ਦਾ ਡੇਹਰਾਦੂਨ ਦੇ ਹਫਤਾਵਾਰ ਅੰਗਰੇਜ਼ੀ, ਅਖ਼ਬਾਰ 'ਫਰੰਟੀਅਰ ਮੇਲ', 7 ਦਸੰਬਰ, 1958 ਵਿਚ ਛਪਿਆ ਹਵਾਲਾ।
2. **'ਸਾਨਫਰਾਂਸਿਸਕੋ ਕਰਾਨੀਕਲ'**, 'ਅਮਰਿਤ ਬਾਜ਼ਾਰ ਪਤਰਕਾ', ਕਲਕੱਤਾ ਦੇ 27 ਜੁਲਾਈ, 3 ਅਗਸਤ, 10 ਅਗਸਤ 17 ਅਗਸਤ 1958 ਦੇ ਲੜੀਵਾਰ ਛਪੇ ਮਜ਼ਮੂਨਾਂ ਵਿਚੋਂ।
3. **'ਸੱਨ'**, ਰੋਜ਼ਾਨਾ, ਵੈਨਕੋਵਰ ਕੈਨੇਡਾ ਵਿਚੋਂ ਭਾਈ ਅਰਜਨ ਸਿੰਘ ਚੰਦ, ਸਕੱਤਰ ਖ਼ਾਲਸਾ ਦੀਵਾਨ ਸੋਸਾਇਟੀ ਵਲੋਂ ਭੇਜੀਆਂ ਗਈਆਂ ਕਤਰਾਂ।
4. **'ਹਿੰਦੁਸਤਾਨੀ'** ਕੈਨੇਡਾ ਲਹਿਰ ਦੇ ਆਗੂ ਸ਼੍ਰੀ ਹਸਨ ਰਹੀਮ ਵਲੋਂ ਜਾਰੀ ਕੀਤਾ ਹੋਇਆ ਅੰਗਰੇਜ਼ੀ ਵਿਚ ਮਾਹਵਾਰੀ ਰਸਾਲਾ, ਜਿਸ ਦੀ ਮਿਸਲ ਕੈਨੇਡਾ ਵਿਚੋਂ ਵੇਖਣ ਵਾਸਤੇ ਮੰਗਵਾਈ ਗਈ।
5. **'ਕਿਰਤੀ'** ਗ਼ਦਰ ਪਾਰਟੀ ਵਲੋਂ ਭਾਈ ਸੰਤੋਖ ਸਿੰਘ ਦੀ ਹਿੰਮਤ ਨਾਲ ਅਮਰਿਤਸਰ ਵਿਚੋਂ 1926 ਵਿਚ ਜਾਰੀ ਕੀਤਾ ਗਿਆ ਰਸਾਲਾ, ਜੋ 1929 ਤਕ ਚਲਦਾ ਰਿਹਾ।
6. **'ਗ਼ਦਰ ਢੰਡੋਰਾ'**, ਸ਼ੰਘਾਈ ਤੋਂ ਗ਼ਦਰ ਪਾਰਟੀ ਦੇ ਸਹਿਯੋਗ ਨਾਲ ਬਣੀ ਹੋਈ ਪੂਰਬੀ ਲੋਕਾਂ ਦੀ ਸਭਾ ਦੇ ਹਿੰਦੀ ਭਾਗ ਵਲੋਂ 1930-31 ਵਿਚ ਚਲਿਆ ਪੰਦਰਵਾੜਾ ਪਰਚਾ।
7. **'ਨੀਊਜ਼ ਐਡਵਰਟਾਈਜ਼ਰ'**, ਵੈਨਕੋਵਰ, ਕੈਨੇਡਾ ਵਿਚੋਂ ਆਈਆਂ ਕਤਰਾਂ।
8. **'ਨੀਊਯਾਰਕ ਟਾਈਮਜ਼'**, ਸ਼ੰਘਾਈ ਵਿਚੋਂ ਗ਼ਦਰ ਪਾਰਟੀ ਇਤਿਹਾਸ ਦੇ ਇਕ ਸਨੇਹੀ ਦੇ ਭੇਜੇ ਹੋਏ ਨੋਟਾਂ ਵਿਚੋਂ।
9. **'ਨੀਊਯਾਰਕ ਟਰਬਿਊਨ'**, ਕਾਰਲ ਮਾਰਕਸ ਨੇ ਹਿੰਦੁਸਾਤਨ ਉਤੇ ਆਪਣੀਆਂ ਚਿਠੀਆਂ ਇਸ ਅਖ਼ਬਾਰ ਵਿਚ ਛਾਪੀਆਂ। ਸ਼੍ਰੀ ਰਜਨੀ ਪਾਮਦਤ ਨੇ ਆਪਣੀ ਕਿਤਾਬ 'ਅਜ ਦਾ ਹਿੰਦੁਸਤਾਨ' ਵਿਚ ਇਹਨਾਂ ਨੂੰ ਵਰਤਿਆ ਹੈ।
10. **'ਪਰਾਵਿਨਸ ਰੋਜ਼ਾਨਾ'**, ਵੈਨਕੋਵਰ ਕੈਨੇਡਾ ਵਿਚੋਂ ਆਈਆਂ ਕਤਰਾਂ।
11. **'ਲਾਹੌਰ ਟਰਬਿਊਨ'**, ਪੰਜਾਬ ਦਾ ਅੰਗਰੇਜ਼ੀ ਵਿਚ ਪੁਰਾਣਾ ਦੇਸ਼ੀ ਅਖ਼ਬਾਰ ਜੋ ਅਜ ਕੱਲ ਅੰਬਾਲੇ ਤੋਂ ਨਿਕਲ ਰਿਹਾ ਹੈ।
12. **'ਵੈਨਕੋਵਰ ਰੋਜ਼ਾਨਾ'**, ਜੋ ਦਰਅਸਲ 'ਸਨ' ਵੈਨਕੋਵਰ ਹੈ, ਗ਼ਲਤੀ ਨਾਲ 'ਸਨ' ਲਿਖਣਾ ਰਹਿ ਗਿਆ ਹੈ।

ਅ. ਇਤਿਹਾਸੀ ਛਪਤਾਂ:—

1. **ਅੱਜ ਦਾ ਹਿੰਦੁਸਤਾਨ**, (India Today) ਅੰਗਰੇਜ਼ੀ, ਬਰਤਾਨੀਆਂ ਦੇ ਕਮਿਊਨਿਸਟ ਨੇਤਾ ਤੇ ਮਸ਼ਹੂਰ ਲਿਖਾਰੀ ਸ੍ਰੀ ਰਜਨੀ ਪਾਮਦਤ ਦੀ ਲਿਖਤ ਜੋ ਪੀਪਲਜ਼ ਪਬਲਿਸ਼ਿੰਗ ਹਾਊਸ ਲਿਮਟਿਡ ਬੰਬਈ ਨੇ ਸੋਧਕੇ ਦੂਸਰੀ ਵਾਰ 1949 ਵਿਚ ਛਾਪੀ।
2. **ਅਨ-ਅਮਰੀਕਨ ਸਰਗਰਮੀਆਂ** (7th Report, Un-American Activities In California-1953) ਕੈਲੇਫੋਰਨੀਆ ਵਿਚ ਅਨਅਮਰੀਕਨ ਸਰਗਰਮੀਆਂ 7ਵੀਂ ਰਪੋਰਟ 1953 (ਅੰਗਰੇਜ਼ੀ), ਜੋ ਕੈਲੇਫੋਰਨੀਆ ਦੀ ਸੈਨੇਟ ਨੇ ਸੱਚੋ ਸੱਚ ਲੱਭਣ ਲਈ ਇਕ ਕਮੇਟੀ ਨੀਯਤ ਕਰਕੇ ਤਿਆਰ ਕਰਵਾਈ ਅਤੇ ਸੈਨੇਟ ਦੇ ਪਰਧਾਨ ਵਲੋਂ 1953 ਵਿਚ ਛਾਪੀ ਗਈ।
3. **'ਅਮਨ ਤੇ ਜੰਗ ਦੇ ਸਮੇਂ ਦਾ ਪੰਜਾਬ'** (Punjab in Peace and War), ਜੋ ਪੰਜਾਬ ਦੇ ਸਭ ਤੋਂ ਪਹਿਲੇ ਫਾਈਨੈਂਸ਼ਨਲ ਕਮਿਸ਼ਨਰ ਸ.ਸ. ਥੋਰਬਰੱਨ ਨੇ 1904 ਵਿਚ ਛਾਪੀ, ਲਾਇਲ

ਲਾਇਬਰੇਰੀ, ਮੇਰਠ।

4. **ਸਿੰਘਾਪੁਰ ਦਾ ਇਤਿਹਾਸ** (History of Singapore) ਹ.ਫ. ਪੀਅਰਸਨ, ਸਪਰੂ ਹਾਊਸ ਲਾਇਬਰੇਰੀ, ਨਵੀਂ ਦਿਲੀ ਵਿਚੋਂ।
5. **ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦਾ ਇਤਿਹਾਸ**, ਫਾਰਨ ਲੈਂਗੁਏਜਜ਼ ਪਬਲਿਸ਼ਿੰਗ ਹਾਊਸ, ਮਾਸਕੋ, ਜਿਸਦੇ ਛਪਣ ਦੇ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ 1938 ਵਿਚ ਅਧਿਕਾਰ ਦਿਤੇ ਗਏ।
6. **ਸ਼ਾਂਤ ਸਾਗਰ ਦੇ ਕੰਢੇ ਦੇ ਹਿੰਦੁਸਤਾਨੀ ਮਜ਼ਦੂਰ** (Hindustani Workers on the Pacific Coast), ਰਜਨੀ ਕਾਂਤ ਦਾਸ ਨੇ ਲਿਖ ਕੇ 1923 ਵਿਚ ਬਰਲਿਨ ਤੋਂ ਛਪਵਾਈ ਸੀ। ਸ੍ਰੀ ਦਾਸ ਅਮਰੀਕਨ ਸਰਕਾਰ ਦੇ ਮਿਹਨਤ ਦੇ ਮਹਿਕਮੇ ਵਿਚ ਸਪੈਸ਼ਲ ਏਜੰਟ ਸਨ। ਲਾਇਲ ਲਾਇਬਰੇਰੀ, ਮੇਰਠ।
7. **ਹਿੰਦੀ ਕੌਮਪਰਸਤੀ ਦਾ ਸਮਾਜੀ ਪਿਛੋਕੜ** (Social Background of Indian Nationalism) ਡਾਕਟਰ ਅ.ਰ. ਡੀਸਾਈ ਦੀ ਦੂਸਰੀ ਵਾਰ 1954 ਵਿਚ ਪਾਪੂਲਰ ਬੁਕ ਡੀਪੋ ਬੰਬਈ ਤੋਂ ਛਪਵਾਈ ਹੋਈ ਕਿਤਾਬ।
8. **ਹਿੰਦ ਤੇ ਇਸ ਦੇ ਮਸਲੇ** (India and Its Problems) ਵ.ਸ. ਲਿਲੀ ਦੀ ਛਪੀ ਕਿਤਾਬ ਰਜਨੀ ਪਾਮ ਦਤ ਦੇ ਹਵਾਲੇ ਤੋਂ।
9. **ਹਿੰਦ ਵਿਚ ਹਿਲ ਜੁਲ ਤੇ ਸੋਗ** (Turmoil and Tragedy in India 1914 and After) ਲੈਫਟੀਨੈਂਟ ਜਨਰਲ ਜਾਰਜ ਮੈਕਮਨ ਦੀ ਲਿਖਤ (ਖਾਲਸਾ ਕਾਲਜ ਲਾਇਬਰੇਰੀ ਅਮਰਿਤਸਰ)।
10. **ਕਾਂਗਰਸ ਦਾ ਇਤਿਹਾਸ**, ਮਸ਼ਹੂਰ ਕਾਂਗਰਸ ਨੇਤਾ, ਸ੍ਰੀ ਪਟਾਭੱਈ ਸੀਤਾਰਾਮਈਆ ਦਾ ਅੰਗਰੇਜ਼ੀ ਵਿਚ ਛਪਵਾਇਆ ਇਤਿਹਾਸ।
11. **ਕੈਲੇਫੋਰਨੀਆਂ ਵਿਚ ਹਿੰਦੀ ਇਨਕਲਾਬੀ** (Indian Revolutionaries In California) ਡਾਕਟਰ ਖੈਰਾਇਤੀ ਰਾਮ ਸਮਰਾਸ, ਐਮ.ਏ. ਪੀ.ਐਚ.ਡੀ. ਕੈਲੇਫੋਰਨੀਆ ਯੂਨੀਵਰਸਿਟੀ ਵਿਚ ਇਤਿਹਾਸ ਦੇ ਪਰੋਫੈਸਰ ਦੀ ਅਣਛਪੀ ਕਿਤਾਬ, ਜਿੰਸ ਦਾ ਹਵਾਲਾ 7 ਦਸੰਬਰ, 1958 ਦੇ 'ਫਰੰਟੀਅਰ ਮੇਲ' ਡੇਹਰਾਦੂਨ ਵਿਚ ਛਪਿਆ।
12. **ਕੌਮਾਗਾਟੂ ਮਾਰੂ ਦੀ ਯਾਤਰਾ** (Voyage of Komagata Maru) ਬਾਬਾ ਗੁਰਦਿੱਤ ਸਿੰਘ ਦੀ ਲਿਖੀ ਕੌਮਾਗਾਟਾ ਮਾਰੂ ਦੀ ਯਾਤਰਾ (ਪੰਜਾਬੀ) ਦਾ ਅੰਗਰੇਜ਼ੀ ਵਿਚ ਛਾਪਿਆ ਤਰਜਮਾ।
13. **'ਕਰੋੜਾਂ ਵਾਸਤੇ ਅੰਨ'** (Food for Million-Puri's Patrika) ਪੁਰਾਣੇ ਇਨਕਲਾਬੀ ਸ੍ਰੀ ਰਾਮ ਨਾਥ ਪੁਰੀ ਖੇਮਕਰਨ ਦਾ ਛੋਟਾ ਜਿਹਾ ਰਸਾਲਾ ਜੋ ਫਰੈਜ਼ਨੋ, ਕੈਲੇਫੋਰਨੀਆ ਤੋਂ 1953 ਵਿਚ ਛਾਪਿਆ ਗਿਆ।
14. **ਖੁਸ਼ਹਾਲ ਬਰਤਾਨਵੀ ਹਿੰਦੁਸਤਾਨ** (Prosperous British India) ਵ. ਡਿਗਬੀ ਦੀ ਲਿਖੀ ਕਿਤਾਬ ਦਾ ਰਜਨੀ ਪਾਮਦਤ ਦੀ 'ਅੱਜ ਦੇ ਹਿੰਦੁਸਤਾਨ' ਵਿਚੋਂ ਲਿਆ ਗਿਆ ਹਵਾਲਾ।
15. **ਖ਼ਾਲਸਾ ਦੀਵਾਨ ਸੋਸਾਇਟੀ, ਵੈਨਕੋਵਰ ਦੀ ਰਪੋਰਟ**, ਜੋ ਭਾਈ ਭਾਗ ਸਿੰਘ ਨੇ 1910 ਵਿਚ ਵਜ਼ੀਰ ਹਿੰਦ ਪਰੈਸ, ਅਮਰਿਤਸਰ ਤੋਂ ਛਪਵਾਈ ਤੇ ਭਾਈ ਮਿਤ ਸਿੰਘ ਪੰਡੋਰੀ ਪਾਸੋਂ ਲੈ ਕੇ ਵੇਖੀ ਗਈ।
16. **ਛੱਬੀਵੀਂ ਪੰਜਾਬੀ ਦਾ ਪਲਟਣੀ ਇਤਿਹਾਸ**, (History of 26th punjabis 1857-1923)

ਹਾਰਡਿੰਗ ਲਾਇਬਰੇਰੀ, ਦਿੱਲੀ।

17. **ਜਨਰਲ ਡਾਇਰ ਦਾ ਜੀਵਨ** (Life of General Dyer, by Ian Colvin) ਜਲ੍ਹਿਆਂ ਵਾਲੇ ਬਾਗ਼ ਦੇ ਜਲਾਦ ਦੀ ਜੀਵਨੀ, ਲਾਇਲ, ਮੇਰਠ।

18. **ਜਿਵੇਂ ਮੈਂ ਹਿੰਦ ਨੂੰ ਜਾਤਾ** (India As I Knew It) ਪੰਜਾਬ ਦੇ 1913-19 ਵਿਚ ਰਹਿ ਕੇ ਜ਼ਾਲਮ ਤੇ ਪਾਮਰ ਲੈਫਟੀਨੈਂਟ ਗਵਰਨਰ ਮਿਕਾਇਲ ਓਡਵਾਇਰ ਦੀ ਦੂਸਰੀ ਵਾਰ 1925 ਵਿਚ ਛਾਪੀ ਹੋਈ ਕਿਤਾਬ, (ਪਟਿਆਲਾ ਆਰਕਾਈਵਜ਼)।

19. **ਪੰਜਾਬੀ ਕਿਸਾਨ ਦੀ ਖੁਸ਼ਹਾਲੀ ਤੇ ਕਰਜ਼ਾ** (The Punjab Peasant in Prosperity and Debt) ਮੈਲਕਮ ਲਾਇਲ ਡਾਰਲਿੰਗ ਦੀ 1932 ਵਿਚ ਆਕਸਫੋਰਡ ਯੂਨੀਵਰਸਿਟੀ ਪਰੈਸ, ਬੰਬਈ ਵਲੋਂ ਛਪੀ ਮਸ਼ਹੂਰ ਕਿਤਾਬ। ਖ਼ਾਲਸਾ ਕਾਲਜ ਲਾਇਬਰੇਰੀ, ਅਮਰਿਤਸਰ।

20. **ਪੰਜਾਬ ਤੇ ਜੰਗ** (The Punjab and the War) ਮ.ਸ.ਲੀ ਦੀ ਪੰਜਾਬ ਸਰਕਾਰ ਵਲੋਂ 1922 ਵਿਚ ਛਾਪੀ ਗਈ ਰਪੋਰਟ (ਪਟਿਆਲਾ ਆਰਕਾਈਵਜ਼)।

21. **ਪਰਦੇਸਾਂ ਵਿਚ ਹਿੰਦੀ** (Indians Abroad) ਵ. ਵਾਇਜ਼ ਦੀ ਅੰਗਰੇਜ਼ੀ ਕਿਤਾਬ।

22. **ਬਸਤੀ ਵਾਦ ਉਤੇ ਕਾਰਲ ਮਾਰਕਸ ਤੇ ਏਂਜਲਸ** (Karl Marx and Engles on Colonialism) ਫਾਰਨ ਲੈਂਗੁਏਜਜ਼ ਪਬਲਿਸ਼ਿੰਗ ਹਾਊਸ ਮਾਸਕੋ ਵਲੋਂ ਹੁਣੇ ਹੀ ਅੰਗਰੇਜ਼ੀ ਵਿਚ ਛਾਪੀ ਗਈ ਕਿਤਾਬ।

23. **ਬੰਦੀ ਜੀਵਨ**, ਗ਼ਦਰ ਪਾਰਟੀ ਨਾਲ ਬਨਾਰਸ ਸਾਜ਼ਿਸ਼ ਵਿਚ ਉਮਰ ਕੈਦ ਹੋਏ ਬੰਗਾਲੀ ਇਨਕਲਾਬੀ ਸ਼੍ਰੀ ਸਚਿੰਦਰ ਨਾਥ ਸਾਨਿਆਲ ਦੀ ਬੰਗਾਲੀ ਵਿਚ ਛਾਪੀ ਕਿਤਾਬ ਦੀਆਂ ਹਿੰਦੀ ਤੇ ਪੰਜਾਬੀ ਛਪਤਾਂ ਵਿਚੋਂ।

24. **ਬਰਤਾਨੀਆਂ ਤੇ ਹਿੰਦੁਸਤਾਨ** (Britian and India) ਰਿਜੀਨਲਡ ਕੂਪਲੈਂਡ ਦੀ ਛਾਪੀ ਹੋਈ ਕਿਤਾਬ, (ਪਟਿਆਲਾ ਆਰਕਾਈਵਜ਼)

25. **ਮੇਰੀ ਆਪ ਬੀਤੀ** (My life Story) ਭਾਈ ਪਰਮਾਨੰਦ ਲਾਹੌਰ ਦੀ ਉਰਦੂ ਵਿਚ ਲਿਖੀ ਹੋਈ ਕਿਤਾਬ 'ਮੇਰੀ ਸਵਾਨਿਆ ਉਮਰੀ' ਦਾ ਅੰਗਰੇਜ਼ੀ ਤਰਜਮਾ, ਮਯੂਨਸਪਲ ਲਾਇਬਰੇਰੀ, ਅਮਰਿਤਸਰ।

26. **ਮੇਰਾ ਸੰਖੇਪ ਜੀਵਨ** ਖ਼ਾਕਾ, ਭਾਈ ਭਗਵਾਨ ਸਿੰਘ ਗ਼ਦਰ ਪਾਰਟੀ ਦੇ ਦੂਸਰੇ ਪਰਧਾਨ ਦਾ ਅੰਗਰੇਜ਼ੀ ਵਿਚ ਲਿਖਿਆ ਤੇ ਪੰਜਾਬ ਦੇ ਲੋਕ ਸੰਪਰਕ ਵਿਭਾਗ ਵਲੋਂ ਸਾਈਕਲੋ ਛਾਪ ਕੇ ਵੰਡਿਆ ਗਿਆ ਮਜ਼ਮੂਨ।

27. **ਮੇਰੇ ਹਿੰਦੀ ਸਾਲ 1910-16** (My Indian Years, 1910-16) ਲਾਰਡ ਹਾਰਡਿੰਗ ਵਾਇਸਰਾਏ ਹਿੰਦ ਦੀ ਛਾਪੀ ਹੋਈ ਆਪ ਬੀਤੀ। ਸਪਰੂ ਹਾਊਸ ਲਾਇਬਰੇਰੀ, ਨਵੀਂ ਦਿਲੀ।

28. **ਮੇਰੀ ਪਚਵੰਜਾ ਸਾਲ ਦੀ ਜੀਵਨ ਕਹਾਣੀ** (My Life Story of Fifty five Years) ਰਾਜਾ ਮਹਿੰਦਰ ਪਰਤਾਪ ਦੀ ਆਪਣੇ ਹਥੀਂ ਲਿਖੀ ਜੀਵਨ ਕਥਾ, ਲਾਇਲ ਲਾਇਬਰੇਰੀ, ਮੇਰਠ।

29. **ਮਲਾਯਾ ਦਾ ਪੋਸਟ ਮਾਰਟਮ** (Post Martem on Malaya) ਵਿਰਜੀਨੀਆ ਥੌਮਪਸਨ ਦੀ ਛਾਪੀ ਹੋਈ ਕਿਤਾਬ, ਸਪਰੂ ਹਾਊਸ ਲਾਇਬਰੇਰੀ, ਨਵੀਂ ਦਿੱਲੀ।

30. **ਰਚਨਾ ਦੁਆਬ ਦੀ ਬਾਰ** (Colonisation In Rechna Doab) ਦੇਵਾ ਸਿੰਘ ਐਮ.ਏ. ਵਲੋਂ ਲਿਖੀ ਤੇ ਪੰਜਾਬ ਸਰਕਾਰ ਵਲੋਂ ਛਾਪੀ ਗਈ ਕਿਤਾਬ (ਪਟਿਆਲਾ ਆਰਕਾਈਵਜ਼)

ੲ. ਸਰਕਾਰੀ ਮਿਸਲਾਂ ਤੇ ਰਪੋਰਟਾਂ:—

1. **ਸਰਕਾਰ ਹਿੰਦ ਦੀ ਵਿਧਾਨਕ ਸੁਧਾਰਾਂ ਦੀ ਰਪੋਰਟ (1918)** (Report on Indian Constitutional Reforms, Government of India) (1918) ਚੈਮਸਫੋਰਡ ਮਾਨਟੇਗੂ ਸੁਧਾਰਾਂ ਦੀ ਬੁਨਿਆਦੀ ਰਪੋਰਟ, ਜੋ 1922 ਤੋਂ ਲਾਗੂ ਕੀਤੇ ਗਏ।
2. **ਕੇਂਦਰੀ ਇਤਿਹਾਸਕ ਮਿਸਲਖਾਨੇ** (National Archives of India) ਵਿਚ ਸਰਕਾਰ ਦੀਆਂ ਰਖੀਆਂ ਅਤੇ ਸਾਂਭੀਆਂ ਹੋਈਆਂ ਮਿਸਲਾਂ। ਹਰ ਮਿਸਾਲ ਦਾ ਮਹਿਕਮਾ ਤੇ ਉਸ ਦੀ ਸ਼ਾਖ, ਸਾਲ ਤੇ ਮਹੀਨਾ ਅਤੇ ਮਿਸਲਾਂ ਦੇ ਭਾਗ ਤੇ ਕਾਰਵਾਈ ਨੰਬਰ ਦਿਤੇ ਗਏ ਹਨ।
   (ੳ) **ਹੋਮ (ਪੁਲੀਸ)**, ਹਿੰਦ ਸਰਕਾਰ ਦੇ ਘਰੇਲੂ ਮਹਿਕਮੇ ਦੇ ਪੁਲੀਸ ਵਿਭਾਗ ਦੀਆਂ ਮਿਸਲਾਂ।
   (ਅ) **ਹੋਮ (ਪੋਲੀਟੀਕਲ)**, ਹਿੰਦ ਸਰਕਾਰ ਦੇ ਘਰੇਲੂ ਮਹਿਕਮੇ ਦੇ ਰਾਜਸੀ (ਪੋਲੀਟੀਕਲ) ਵਿਭਾਗ ਦੀਆਂ ਮਿਸਲਾਂ।
   (ੲ) **ਘਾਟ**, ਹਿੰਦ ਸਰਕਾਰ ਦੇ ਸਨਅਤ ਤੇ ਵਪਾਰ ਦੇ ਮਹਿਕਮੇ ਦੇ ਘਾਟਾਂ (ਇਮੀਗਰੇਸ਼ਨ) ਦੇ ਵਿਭਾਗ ਦੀਆਂ ਮਿਸਲਾਂ।
   (ਸ) **ਪਰਦੇਸ਼ੀ ਤੇ ਰਾਜਸੀ** (ਫਾਰਨ ਤੇ ਪੋਲੀਟੀਕਲ), ਹਿੰਦ ਸਰਕਾਰ ਦੇ ਪਰਦੇਸ਼ੀ ਤੇ ਰਾਜਸੀ ਮਹਿਕਮੇ ਦੇ ਜੰਗ, ਜਾਸੂਸੀ ਜਾਂ ਖੁਫੀਆ ਵਿਭਾਗਾਂ ਦੀਆਂ ਮਿਸਲਾਂ।
3. **ਕੌਮਾਗਾਟਾ ਮਾਰੂ ਪੜਤਾਲੀਆ ਜਾਂ ਇਨਕਵਾਇਰੀ ਰਪੋਰਟ**—ਹਿੰਦ ਸਰਕਾਰ ਦੇ ਦਿੱਲੀ ਤੋਂ 10 ਜਨਵਰੀ 1915 ਨੂੰ ਛਪੇ ਗਜ਼ਟ ਨੰ: 3 ਵਿਚੋਂ।
4. **ਗ਼ਦਰ ਸਾਜ਼ਿਸ਼ ਦੀ ਵਿਥਿਆ** (An Account of the Ghadar Conspiracy)—ਪੰਜਾਬ ਸੀ.ਆਈ.ਡੀ. ਦੇ ਆਲਾ ਅਫ਼ਸਰਾਂ ਫ.ਚ. ਆਈਸਮੌਂਗਰ ਤੇ ਜ. ਸਲੈਟਰੀ ਵਲੋਂ ਲਿਖੀ ਤੇ ਪੰਜਾਬ ਗੌਰਮਿੰਟ ਵਲੋਂ ਛਾਪੀ ਗਈ ਰਪੋਰਟ। ਖ਼ਾਲਸਾ ਕਾਲਜ, ਲਾਇਬਰੇਰੀ ਅਮਰਿਤਸਰ।
5. **ਡੈਡੀ ਬੁਰਜੋਰ ਦੀ ਰਪੋਰਟ**— ਸਾਨਫਰਾਂਸਿਸਕੋ ਦੇ ਅੰਗਰੇਜ਼ੀ ਕੌਂਸਲਖਾਨੇ ਵਿਚ ਨੌਕਰ ਇਕ ਪਾਰਸੀ ਦੁਭਾਸ਼ੀਏ ਦੀ ਰਪੋਰਟ, ਜੋ ਉਸ ਨੇ ਇਹ ਦਸਣ ਵਾਸਤੇ ਲਿਖੀ, ਕਿ ਅਮਰੀਕਾ ਵਿਚ ਹਿੰਦੁਸਤਾਨੀਆਂ ਅੰਦਰ ਅੰਗਰੇਜ਼ੀ ਰਾਜ ਵਿਰੁੱਧ ਨਾਰਾਜ਼ਗੀ ਕਿਉਂ ਪੈਦਾ ਹੋ ਜਾਂਦੀ ਹੈ।
6. **ਰੌਲਟ ਰਪੋਰਟ** (Sedition Committee (1918) Report (Rowlatt Report) ਜੋ ਹਿੰਦ ਸਰਕਾਰ ਨੇ ਕਲਕੱਤੇ ਤੋਂ ਛਾਪੀ (ਪਟਿਆਲਾ ਆਰਕਾਈਵਜ਼)।
7. **ਬੈਰਿੰਗ ਤੇ ਬਾਰਕਰ ਦੀ ਰਪੋਰਟ**— (ਜੋ 1882 ਵਿਚ ਸਰਕਾਰ ਹਿੰਦ ਨੇ ਛਾਪੀ, ਇਹ ਮੇਜਰ ਬੈਰਿੰਗ ਬਾਅਦ ਵਿਚ ਲਾਰਡ ਕਰੌਮਰ ਬਣ ਗਿਆ।
8. **ਵਾਇਸਰਾਏ ਹਿੰਦ ਦੀ ਵਿਧਾਨ ਕੌਂਸਲ ਦੀ ਰਪੋਰਟ 1915**।

ਸ. ਗ਼ਦਰੀਆਂ ਦੇ ਬਿਆਨ:—

1. ਅਮਰ ਸਿੰਘ ਸੰਧਵਾਂ ਜ਼ਿਲਾ ਜਲੰਧਰ, 1906 ਵਿਚ ਪਨਾਮਾ ਗਏ, ਗ਼ਦਰ ਅਖ਼ਬਾਰ ਤੇ ਲਹਿਰ ਤੋਂ ਪਰਭਾਵਿਤ ਹੋ ਕੇ ਗ਼ਦਰੀ ਬਣੇ, ਪਨਾਮਾ ਦੀ ਗ਼ਦਰ ਪਾਰਟੀ ਕਮੇਟੀ ਦੇ 1922 ਤਕ ਮੈਂਬਰ, ਹੁਣ ਪਿੰਡ ਸੰਧਵੀਂ ਆਪਣੇ ਘਰ ਆਏ ਹੋਏ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਖ਼ਜ਼ਾਨਚੀ ਹਨ।
2. ਅਮਰ ਸਿੰਘ ਕੋਟਲਾ ਨੌਧ ਸਿੰਘ ਜ਼ਿਲਾ ਹੁਸ਼ਿਆਰਪੁਰ, 1913 ਵਿਚ ਹੀ ਅਮਰੀਕਾ ਦੀ ਔਰੇਗਨ ਰਿਆਸਤ ਦੀ ਬਰਾਈਡਲਵਿਲ ਦੀ ਲੰਬਰ ਮਿੱਲ ਵਿਚ ਗ਼ਦਰ ਪਾਰਟੀ ਦੀ ਇਕਾਈ ਦੇ ਅਹੁਦੇਦਾਰ ਸਨ। ਆਪ 1914 ਵਿਚ ਗ਼ਦਰੀਆਂ ਨਾਲ ਆਏ, ਮਾਈ ਗੁਲਾਬ ਕੌਰ ਨੂੰ ਪਨਾਹ

ਦੇਣ ਦੇ ਦੋਸ਼ ਵਿਚ ਤੀਸਰੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਦੋ ਸਾਲ ਕੈਦ ਕਰ ਦਿਤੇ ਗਏ।

3. ਅਮਰ ਸਿੰਘ (ਬਾਬੂ) ਸ਼ੇਰਪੁਰ (ਜ਼ਿਲਾ ਲੁਧਿਆਣਾ)। ਸਿਆਮ ਵਿਚ ਜਰਮਨ ਠੇਕੇਦਾਰਾਂ ਪਾਸ ਇਨਜਿਨੀਅਰ ਸਨ, ਸਿਆਮ ਦੀ ਗ਼ਦਰ ਪਾਰਟੀ ਕਮੇਟੀ ਦੇ ਲੀਡਰ, ਬਰਮਾ ਦੇ ਦੂਸਰੇ ਮੁਕੱਦਮੇ ਵਿਚ ਉਮਰ ਕੈਦ ਕੀਤੇ ਗਏ।

4. ਈਸ਼ਰ ਸਿੰਘ ਸੰਧਵਾਂ ਜ਼ਿਲਾ ਗੁਰਦਾਸਪੁਰ ਸ਼ੰਘਾਈ ਗ਼ਦਰ ਪਾਰਟੀ ਦੇ ਮੈਂਬਰ, ਸ਼ੰਘਾਈ ਤੋਂ ਦੇਸ਼ ਨਿਕਾਲਾ ਮਿਲਿਆ, (ਹੁਣ) ਆਪਣੇ ਪਿੰਡ ਹਨ।

5. ਇੰਦਰ ਸਿੰਘ ਸੁਰ ਸਿੰਘ ਹੁਣ ਜ਼ਿਲਾ ਅਮਰਿਤਸਰ, ਵੀ ਸ਼ੰਘਾਈ ਤੋਂ ਆਏ ਗ਼ਦਰੀ ਸਨ ਤੇ ਪਹਿਲੇ ਲਾਹੌਰ ਮੁਕੱਦਮੇ ਵਿਚ ਉਮਰ ਕੈਦ ਹੋਏ।

6. ਸੋਹਣ ਸਿੰਘ (ਬਾਬਾ) ਭਕਨਾ, ਜ਼ਿਲਾ ਅਮਰਿਤਸਰ, ਗ਼ਦਰ ਪਾਰਟੀ ਦੇ ਪਹਿਲੇ ਪਰਧਾਨ, ਲਾਹੌਰ ਦੇ ਪਹਿਲੇ ਮੁਕੱਦਮੇ ਵਿਚ ਫਾਂਸੀ ਦੀ ਸਜ਼ਾ ਹੋਈ, ਜੋ ਵਾਇਸਰਾਏ ਨੇ ਉਮਰ ਕੈਦ ਵਿਚ ਬਦਲ ਦਿਤੀ। ਅਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪਰਧਾਨ ਤੇ ਇਸ ਦੀ ਇਤਿਹਾਸਕ ਕਮੇਟੀ ਦੇ ਚੇਅਰਮੈਨ ਹਨ।

7. ਸੁੰਦਰ ਸਿੰਘ ਘਾਲੀ, ਪਿੰਡ ਘਲ ਕਲਾਂ, ਜ਼ਿਲਾ ਫੀਰੋਜ਼ਪੁਰ, ਮੋਢੀ ਗ਼ਦਰੀਆਂ ਦੇ 1914 ਵਿਚ ਤੁਰ ਆਉਣ ਤੋਂ ਬਾਅਦ ਗ਼ਦਰ ਆਸ਼ਰਮ ਸਾਨਫਰਾਂਸਿਸਕੋ ਵਿਚ ਰਹੇ। ਉਥੇ ਵਰਕਰ ਸਨ, ਹੁਣ ਪਿੰਡ ਆਏ ਹੋਏ ਹਨ।

8. ਸ਼ੇਰ ਸਿੰਘ ਵੇਈਂ ਪੋਈਂ (ਬਾਬਾ) ਜ਼ਿਲਾ ਅਮਰਿਤਸਰ, ਕੈਨੇਡਾ ਤੋਂ ਗ਼ਦਰੀ ਲੀਡਰ। ਉਮਰ ਕੈਦ ਕਟਕੇ ਰਿਹਾ ਹੋਏ, ਕਿਸਾਨ ਲਹਿਰ ਦੇ ਕਾਮੇ, ਦੇਸ਼ ਭਗਤ ਯਾਦਗਾਰ ਕਮੇਟੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ।

9. ਹਰੀ ਸਿੰਘ ਉਸਮਾਨ (ਬਾਬਾ) ਬਦੋਵਾਲ, ਜ਼ਿਲਾ ਲੁਧਿਆਣਾ। ਹਥਿਆਰਾਂ ਵਾਲੇ ਜਹਾਜ਼ ਮਾਵੇਰਿਕ ਵਿਚ ਗ਼ਦਰੀ ਵਰਕਰ, ਜਾਵਾ ਵਿਚ ਰੂਪੋਸ਼ ਹੋਕੇ ਉਸਮਾਨ ਦੇ ਨਾਂ ਤੇ ਇੰਡੋਨੇਸ਼ੀਅਨ ਕਿਸਾਨ ਬਣਕੇ 1948 ਤਕ ਰਹੇ। ਆਜ਼ਾਦ ਹਿੰਦ ਫੌਜ ਵਿਚ ਵੀ ਕੰਮ ਕੀਤਾ, ਅਜ ਕਲ ਆਪਣੇ ਪਿੰਡ ਆਏ ਹੋਏ ਹਨ।

10. ਹਰਦਿੱਤ ਸਿੰਘ ਲੰਮੇ ਜੱਟਪੁਰਾ (ਬਾਬਾ), ਜ਼ਿਲਾ ਲੁਧਿਆਣਾ। ਕੈਨੇਡਾ ਤੋਂ ਬਰਮਾ ਆਏ। ਦੂਸਰੇ ਬਰਮਾ ਮੁਕੱਦਮੇ ਵਿਚ ਉਮਰ ਕੈਦ ਕੀਤੇ ਗਏ। ਕੈਦ ਕਟਕੇ ਹੁਣ ਪਿੰਡ ਰਹਿੰਦੇ ਹਨ।

11. ਹਰਨਾਮ ਸਿੰਘ ਕਹੂਟਾ ਜ਼ਿਲਾ ਰਾਵਲਪਿੰਡੀ, ਹਾਂਗਕਾਂਗ ਦੇ ਗਰੰਥੀ, ਕੌਮਾਗਾਟਾ ਮਾਰੂ ਦੇ ਮੁਸਾਫ਼ਰ, ਗ਼ਦਰ ਲਹਿਰ ਦੇ ਪੰਜਾਬ ਵਿਚ ਵਰਕਰ, ਡਾਕਟਰ ਮਥਰਾ ਸਿੰਘ ਨਾਲ ਭੱਜਕੇ ਕਾਬਲ ਚਲੇ ਗਏ, ਅੱਜ ਕਲ ਦਿੱਲੀ ਹਨ।

12. ਹਰਨਾਮ ਸਿੰਘ ਕਸੇਲ (ਬਾਬਾ) ਜ਼ਿਲਾ ਅਮਰਿਤਸਰ, ਸ਼ੰਘਾਈ ਤੇ ਹਾਂਗਕਾਂਗ ਵਿਚ ਗ਼ਦਰੀ ਵਰਕਰ, ਅਮਰੀਕਾ ਤੋਂ ਮਾਸਕੋ ਗਏ, ਉਥੋਂ ਕਾਬਲ ਤੇ ਫੇਰ ਹਿੰਦੁਸਤਾਨ ਆਏ, ਅਜ ਕਲ ਪਿੰਡ ਹਨ।

13. ਹਰਨਾਮ ਸਿੰਘ ਟੁੰਡੀਲਾਟ (ਬਾਬਾ) ਕੋਟਲਾ ਨੌਧ ਸਿੰਘ, ਜ਼ਿਲਾ ਹੁਸ਼ਿਆਰਪੁਰ। ਗ਼ਦਰ ਪਾਰਟੀ ਦੇ ਬੁਨਿਆਦੀ ਮੈਂਬਰ, 'ਗ਼ਦਰ' ਅਖ਼ਬਾਰ ਦੇ ਦੂਸਰੇ ਐਡੀਟਰ। ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚੋਂ ਉਮਰ ਕੈਦ ਕਟਕੇ ਰਿਹਾ ਹੋਏ। ਅੱਜ ਕਲ ਪਿੰਡ ਹਨ।

14. ਹਰਨਾਮ ਸਿੰਘ (ਬਾਬਾ) ਕਾਲਾ ਸੰਘਾ, ਜ਼ਿਲਾ ਕਪੂਰਥਲਾ, ਹਾਂਗਕਾਂਗ ਵਿਚ 26ਵੀਂ ਪੰਜਾਬੀ ਪਲਟਨ ਵਿਚੋਂ ਗ਼ਦਰੀ ਬਣੇ, ਦੂਸਰੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਉਮਰ ਕੈਦ ਦੀ ਸਜ਼ਾ ਹੋਈ।

ਉਮਰ ਕੈਦ ਕਟਕੇ ਅਜ ਕਲ ਪਿੰਡ ਹਨ।

15. ਹਰਨਾਮ ਸਿੰਘ (ਬਾਬਾ) ਗੁਜਰਵਾਲ ਜ਼ਿਲਾ ਲੁਧਿਆਣਾ, ਹਾਂਗਕਾਂਗ ਵਿਚ ਗ਼ਦਰ ਪਾਰਟੀ ਦੇ ਮੈਂਬਰ ਬਣੇ, ਕੌਮਾਗਾਟਾ ਮਾਰੂ ਦੇ ਮੁਸਾਫਰ, ਪੰਜਾਬ ਵਿਚ ਗ਼ਦਰ ਲਹਿਰ ਦੇ ਵਰਕਰ, ਦੂਸਰੇ ਲਾਹੌਰ ਮੁਕੱਦਮੇ ਵਿਚ ਉਮਰ ਕੈਦ ਹੋਈ। ਦੋ ਕੁ ਸਾਲ ਹੋਏ ਅੰਤ ਚਲਾਣਾ ਕਰ ਗਏ ਹਨ।

16. ਹਰਨਾਮ ਸਿੰਘ ਪੰਡੋਰੀ ਨਿਝਰਾਂ ਜ਼ਿਲਾ ਜਲੰਧਰ, ਅਮਰੀਕਾ ਵਿਚ ਗ਼ਦਰ ਪਾਰਟੀ ਦੇ ਮੈਂਬਰ ਰਾਮ ਚੰਦ ਪਾਸੋਂ ਅਖ਼ਬਾਰ ਤੇ ਦਫ਼ਤਰ ਖੋਹਣ ਵਾਲਿਆਂ ਵਿਚੋਂ ਸਨ। ਅਜ ਕਲ ਪਿੰਡ ਆਏ ਹੋਏ ਹਨ।

17. ਕੇਸਰ ਸਿੰਘ (ਬਾਬਾ) ਠੱਠਗੜ੍ਹ, ਅਮਰਿਤਸਰ। ਗ਼ਦਰ ਪਾਰਟੀ ਦੇ ਮੁਢਲੇ ਮੀਤ ਪਰਧਾਨ, ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਫਾਂਸੀ, ਮੁੜ ਉਮਰ ਕੈਦ ਹੋਈ, ਕੈਦ ਕਟਕੇ ਰਿਹਾਅ ਹੋਏ, ਅਜ ਕਲ ਸਾਡੇ ਪਾਸ ਨਹੀਂ ਹਨ।

18. ਕਰਤਾਰ ਸਿੰਘ ਦੁਕੀ ਲਤਾਲਾ, ਲੁਧਿਆਣਾ; ਗ਼ਦਰ ਪਾਰਟੀ ਦੇ ਬੁਨਿਆਦੀ ਮੈਂਬਰ, ਗ਼ਦਰ ਆਸ਼ਰਮ ਵਿਚ ਪਰੈਸ ਵਰਕਰ, ਫੇਰੂ ਸ਼ਹਿਰ ਦੇ ਦੂਸਰੇ ਮੁਕੱਦਮੇ ਵਿਚ ਤਿੰਨ ਸਾਲ ਕੈਦ ਹੋਏ, ਅਜ ਕਲ ਪਿੰਡ ਹਨ।

19. ਡਾਕਟਰ ਖਾਨ ਖੋਜੀ, ਤਿਲਕ ਦੀ ਸੋਸਾਇਟੀ ਦੇ ਮੈਂਬਰ, ਕੈਲੇਫੋਰਨੀਆ ਵਿਚ ਗ਼ਦਰ ਪਾਰਟੀ ਦੇ ਮੈਂਬਰ ਬਣੇ, ਈਰਾਨ ਦੇ ਰਸਤੇ ਗ਼ਦਰ ਪਾਰਟੀ ਦੇ ਛੇੜੀ ਹੋਈ ਲਹਿਰ ਦੇ ਲੀਡਰ। ਅਜ ਕਲ ਨਾਗਪੁਰ ਵਿਚ ਹਨ।

20. ਗੁਜਰ ਸਿੰਘ ਭਕਨਾ (ਬਾਬਾ) ਜ਼ਿਲਾ ਅਮਰਿਤਸਰ। ਸ਼ੰਘਾਈ ਤੋਂ ਆਏ ਲੀਡਰ, ਪਹਿਲੇ ਲਾਹੌਰ ਸਾਜ਼ਿਸ਼ ਦੇ ਮੁਕੱਦਮੇ ਵਿਚੋਂ ਬਰੀ, ਦੂਸਰੇ ਵਿਚੋਂ ਉਮਰ ਕੈਦ ਕਟਕੇ ਅਜ ਕਲ ਪਿੰਡ ਹਨ।

21. ਗੇਂਦਾ ਸਿੰਘ ਦਾਉਧਰ, ਜ਼ਿਲਾ ਫੀਰੋਜ਼ਪੁਰ, ਸ਼ੰਘਾਈ ਦੇ ਗ਼ਦਰੀ ਲੀਡਰ, ਸ਼ੰਘਾਈ ਤੋਂ ਦੇਸ਼ ਨਿਕਾਲਾ, ਕਲਕੱਤੇ ਵਿਚ ਮਜ਼ਦੂਰ ਆਗੂ, ਅਜ ਕਲ ਫੇਰ ਕਲਕੱਤੇ ਹਨ।

22. ਗੁਰਮੁਖ ਸਿੰਘ ਲਲਤੋਂ (ਬਾਬਾ), ਜ਼ਿਲਾ ਲੁਧਿਆਣਾ। ਕੌਮਾਗਾਟਾ ਮਾਰੂ ਦੇ ਮੁਸਾਫਰ, ਪੰਜਾਬ ਵਿਚ ਗ਼ਦਰੀ ਵਰਕਰ, ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਉਮਰ ਕੈਦ, 1922 ਵਿਚ ਜੇਹਲੋਂ ਦੌੜ ਗਏ। ਕਾਬਲ ਵਿਚ ਗ਼ਦਰ ਪਾਰਟੀ ਅਡੇ ਦੇ ਵਰਕਰ, ਲੁਕ ਛਿਪਕੇ ਚਲ ਰਹੀ ਪੰਜਾਬ ਦੀ ਕਮਿਊਨਿਸਟ ਇਕਾਈ ਦੇ ਲੀਡਰ, 1937 ਵਿਚ ਫੇਰ ਫੜੇ ਗਏ, 1945 ਵਿਚ ਰਿਹਾਅ ਹੋਏ, ਪੰਜਾਬ ਦੀ ਕਮਿਊਨਿਸਟ ਪਾਰਟੀ ਦੇ ਸੂਬਕ ਐਗਜ਼ੈਕਟਿਵ ਦੇ ਮੈਂਬਰ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਰਤਾ ਧਰਤਾ ਤੇ ਸਕੱਤਰ।

23. ਚਤਰ ਸਿੰਘ, (ਮਾਸਟਰ) ਸਾਂਗਲਾ, ਜ਼ਿਲਾ ਸ਼ੇਖ਼ੂਪੁਰਾ, ਖ਼ਾਲਸਾ ਕਾਲਜ ਅਮਰਿਤਸਰ ਵਿਚ ਅੰਗਰੇਜ਼ੀ ਦਖ਼ਲ ਦੇ ਵਿਰੁੱਧ ਲਹਿਰ ਦੇ ਬਹਾਦਰਾਂ ਵਿਚੋਂ ਸਨ, ਪਰੋਫੈਸਰ ਡੁਨੀਕਲਿਫ਼ ਉਤੇ ਪਰਿੰਸੀਪਲ ਸਮਝਕੇ ਮਾਰੂ ਹਮਲਾ ਕਰਨ ਦੇ ਦੋਸ਼ ਵਿਚ ਉਮਰ ਕੈਦ ਕੀਤੇ ਗਏ, ਅਜ ਕਲ ਆਪਣੇ ਪਿਛਲੇ ਪਿੰਡ ਮਨੇਲੀ ਜ਼ਿਲਾ ਅੰਬਾਲਾ ਵਿਚ ਹਨ।

24. ਚੇਤ ਰਾਮ ਸਿੰਘ ਵੈਰੋਵਾਲ (ਜ਼ਿਲਾ ਸਿਆਲਕੋਟ) ਸਿਆਮ ਵਿਚ ਗ਼ਦਰ ਪਾਰਟੀ ਦੇ ਮੈਂਬਰ ਬਣੇ, ਬਾਅਦ ਵਿਚ ਗ਼ਦਰੀ ਵਰਕਰ, ਦੂਸਰੇ ਬਰਮਾ ਮੁਕੱਦਮੇ ਵਿਚ ਉਮਰ ਕੈਦ ਕੱਟ ਕੇ ਹੁਣ ਗੋਬਿੰਦਗੜ੍ਹ ਜ਼ਿਲਾ ਪਟਿਆਲਾ ਵਿਚ ਰਹਿੰਦੇ ਹਨ।

25. ਜਵਾਲਾ ਸਿੰਘ ਠਠੀਆਂ (ਬਾਬਾ), ਜ਼ਿਲਾ ਅਮਰਿਤਸਰ, ਕੈਲੇਫਰੋਨੀਆਂ ਵਿਚ ਗ਼ਦਰ ਪਾਰਟੀ ਦੇ ਮੁਢਲੇ ਮੀਤ ਪਰਧਾਨ, ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚੋਂ ਉਮਰ ਕੈਦ ਕਟਕੇ ਰਿਹਾਅ ਹੋਏ, ਪੰਜਾਬ ਵਿਚ ਕਿਸਾਨ ਸਭਾ ਦੇ ਜਨਮ ਦਾਤਿਆਂ ਵਿਚੋਂ ਉਘੇ ਲੀਡਰ, ਪੰਜਾਬ ਕਿਸਾਨ

ਸਭਾ ਦੇ ਪਹਿਲੇ ਪ੍ਰਧਾਨ, 1937 ਵਿਚ ਪੂਰੇ ਹੋ ਗਏ।

26. ਦਰਸੀ ਚੈਨਚੈਈਆ, ਕੈਲੇਫੋਰਨੀਆ ਯੂਨੀਵਰਸਿਟੀ ਵਿਚ ਮਦਰਾਸੀ ਵਿਦਿਆਰਥੀ, ਗ਼ਦਰ ਪਾਰਟੀ ਦੇ ਵਰਕਰ, ਸਿਆਮ ਵਿਚ ਭਾਈ ਬਲਵੰਤ ਸਿੰਘ ਹੋਰਾਂ ਨਾਲ ਗਰਿਫਤਾਰ ਹੋਏ, ਜੇਹਲ ਬੰਦ ਰਹੇ। ਅਜ ਕਲ ਮਦਰਾਸ ਵਿਚ ਹਨ।

27. ਦਲੀਪ ਸਿੰਘ ਫਾਹਲਾ (ਬਾਬਾ), ਨੰਗਲ ਕਲਾਂ, ਜ਼ਿਲਾ ਹੁਸ਼ਿਆਰਪੁਰ, ਕੈਨੇਡਾ ਤੇ ਅਮਰੀਕਾ ਦੇ ਹਿੰਦੀਆਂ ਦੀ ਲਹਿਰ ਦੇ ਉਘੇ ਵਰਕਰ, ਗ਼ਦਰ ਪਾਰਟੀ ਦੇ ਅਮਰੀਕਾ ਵਿਚ ਲੀਡਰ, ਪਰਧਾਨ ਵੀ ਰਹਿ ਚੁਕੇ ਹਨ। ਅਜ ਕਲ ਪਿੰਡ ਹਨ।

28. ਨਰਿੰਜਨ ਸਿੰਘ (ਬਾਬਾ). ਪੰਡੋਰੀ ਲੱਧਾ ਸਿੰਘ, ਜ਼ਿਲਾ ਹੁਸ਼ਿਆਰਪੁਰ, ਅਮਰੀਕਾ ਵਿਚ ਗ਼ਦਰ ਪਾਰਟੀ ਦੇ ਮੈਂਬਰ, 1914 ਵਿਚ ਪੰਜਾਬ ਆ ਕੇ ਫੇਰ ਅਮਰੀਕਾ ਚਲੇ ਗਏ, ਬਾਅਦ ਵਿਚ ਗ਼ਦਰ ਪਾਰਟੀ ਦੇ ਇਕੇਰਾਂ ਪਰਧਾਨ ਵੀ ਰਹੇ। ਅਜ ਕਲ ਪਿੰਡ ਹਨ।

29. ਭਾਈ ਪਿਆਰਾ ਸਿੰਘ ਲੰਗੇਰੀ, ਕੈਨੇਡਾ ਵਿਚ ਹਿੰਦੀਆਂ ਦੀ ਲਹਿਰ ਦੇ ਆਗੂ, ਗ਼ਦਰ ਪਾਰਟੀ ਦੀ ਸੱਦ ਉਤੇ ਦੇਸ਼ ਆਏ, ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਉਮਰ ਕੈਦ ਹੋਏ। ਸ਼ਾਹੀ ਐਲਾਨ ਵਿਚ ਰਿਹਾਅ ਹੋਏ।

30. ਪੰਡਤ ਬਾਲ ਮੁਕੰਦ ਸਕਰੂਲੀ, ਜ਼ਿਲਾ ਹੁਸ਼ਿਆਰਪੁਰ। ਕੈਨੇਡਾ ਦੀ ਮੁਢਲੀ ਹਿੰਦੀ ਲਹਿਰ ਦੇ ਆਗੂ। ਅਜ ਕਲ ਪਿੰਡ ਆਏ ਹੋਏ ਹਨ।

31. ਭਾਈ ਮਿਤ ਸਿੰਘ ਪੰਡੋਰੀ, ਜ਼ਿਲਾ ਲੁਧਿਆਣਾ। ਕੈਨੇਡਾ ਦੀ ਹਿੰਦੀ ਲਹਿਰ ਦੇ ਆਗੂ, ਖ਼ਾਲਸਾ ਦੀਵਾਨ ਸੋਸਾਸਿਟੀ ਵੈਨਕੋਵਰ ਦੇ ਕਈ ਸਾਲ ਸਕੱਤਰ ਰਹੇ।

32. ਭਾਈ ਮਿਲਖਾ ਸਿੰਘ ਅਸਲ ਨਾਂ ਪਾਖਰ ਸਿੰਘ ਢੁੱਡੀਕੇ, ਅਮਰੀਕਾ ਤੋਂ ਆਏ। ਢੁਡੀਕੇ ਦੇ ਅਡੇ ਦੇ ਸੰਚਾਲਕ ਸਨ। ਦੂਸਰੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਉਮਰ ਕੈਦ ਹੋਏ, ਹੁਣ ਪਿੰਡ ਹਨ।

33. ਸ੍ਰੀ ਰਾਮ ਸਰਨ ਦਾਸ ਤਲਵਾੜ, ਕਪੂਰਥਲਾ, 1907 ਵਿਚ ਭਾਰਤਮਾਤਾ ਸੋਸਾਇਟੀ ਨਾਂ ਦੇ ਇਨਕਲਾਬੀ ਗਰੋਹ ਦੇ ਮੈਂਬਰ ਸਨ। ਗ਼ਦਰ ਪਾਰਟੀ ਨਾਲ ਪਹਿਲੇ ਕੇਸ ਵਿਚ ਉਮਰ ਕੈਦ ਹੋਏ। ਫੇਰ ਸ਼ਹੀਦ ਭਗਤ ਸਿੰਘ ਦੇ ਮੁਕੱਦਮੇ ਵਿਚ ਵੀ ਕੈਦ ਹੋਏ। ਹੁਣ ਆਪਣੇ ਘਰ ਕਪੂਰਥਲੇ ਹਨ।

'ਹਿੰਦੁਸਤਾਨ ਗ਼ਦਰ ਪਾਰਟੀ' ਦਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਮਹਾਨ ਰੋਲ ਹੈ। ਉਸ ਨੇ ਓਸ ਵੇਲੇ ਭਾਰਤ ਦੀ ਮੁਕੰਮਲ ਸਵਤੰਤਰਤਾ ਦਾ ਨਾਹਰਾ ਦਿੱਤਾ ਜਦੋਂ ਕਾਂਗਰਸ ਤੇ ਹੋਰ ਰਾਜਸੀ ਜਥੇਬੰਦੀਆਂ ਅਜੇ ਸਰਕਾਰੀ ਮੁਲਾਜ਼ਮਤਾਂ ਵਿੱਚ ਹਿੱਸਾ ਮੰਗਣ ਤੇ ਹੀ ਸੰਤੁਸ਼ਟਤਾ ਦਾ ਅਜ਼ਹਾਰ ਕਰਦੀਆਂ ਸਨ। ਅਮਲੀ ਤੌਰ ਤੇ ਵੀ ਗ਼ਦਰੀ ਸੂਰਵੀਰਾਂ ਨੇ ਬਦੇਸ਼ਾਂ ਵਿੱਚੋਂ ਭਾਰਤ ਵਿੱਚ ਪੁਜ ਕੇ ਆਜ਼ਾਦੀ ਲਈ ਪਰਚਾਰ ਤੇ ਹੋਰ ਕੰਮ ਕੀਤੇ, ਜਿਹਨਾਂ ਦੇ ਨਤੀਜੇ ਵਜੋਂ ਉਹਨਾਂ ਨੂੰ ਫਾਂਸੀਆਂ, ਉਮਰ ਕੈਦਾਂ, ਨਜ਼ਰਬੰਦੀਆਂ ਤੇ ਅਨੇਕਾਂ ਅਕਹਿ ਤੇ ਅਸਹਿ ਤਸੀਹੇ ਝਲਣੇ ਪਏ। ਅਜਿਹੇ ਬਹਾਦਰਾਂ ਅਤੇ ਉਹਨਾਂ ਦੀ ਗ਼ਦਰ ਪਾਰਟੀ ਦਾ ਕੋਈ ਪਰਮਾਣਕ ਇਤਿਹਾਸ ਅਜੇ ਤੋੜੀਂ ਸਾਹਮਣੇ ਨਹੀਂ ਆਇਆ ਸੀ। ਇਸ ਦੀ ਬੜੀ ਲੋੜ ਸੀ ਤਾਂਕਿ ਭਾਰਤ ਦੇ ਲੋਕ ਤੇ ਖਾਸ ਕਰਕੇ ਅੱਜ ਦੀ ਨਸਲ ਹਿੰਦੁਸਤਾਨ ਗ਼ਦਰ ਪਾਰਟੀ ਦੇ ਅਸਲੀ ਇਤਿਹਾਸ ਤੋਂ ਜਾਣੂ ਹੋ ਸਕੇ। ਇਹ ਪੁਸਤਕ ਇਸੇ ਮਕਸਦ ਲਈ ਭਾਰੀ ਖੋਜ ਤੇ ਮਿਹਨਤ ਪਿੱਛੋਂ ਤਿਆਰ ਕੀਤੀ ਗਈ ਹੈ ਜੋ ਭਾਰਤ ਦੇ ਹਰ ਜੀਅ ਨੂੰ ਪੜ੍ਹਨੀ ਚਾਹੀਦੀ ਹੈ।

**–ਰੋਜ਼ਾਨਾ 'ਨਵਾਂ ਜ਼ਮਾਨਾ' ਜਲੰਧਰ**

ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਿੱਚ, ਜਿੰਨਾ ਮਹੱਤਵਪੂਰਵਕ ਹਿੱਸਾ ਗ਼ਦਰੀ ਬਾਬਿਆਂ ਨੇ ਅਮਰੀਕਾ ਵਿੱਚ ਗ਼ਦਰ ਪਾਰਟੀ ਬਣਾਕੇ ਤੇ ਹਿੰਦੁਸਤਾਨ ਵਿੱਚ ਆਜ਼ਾਦੀ ਦੀ ਲੜਾਈ ਚਲਾਕੇ ਪਾਇਆ, ਉੱਨਾ ਹੀ ਮਹੱਤਵਪੂਰਣ ਹਿੱਸਾ ਇਸ ਲਹਿਰ ਦੇ ਹਾਲਾਤ ਨੂੰ ਇਸ ਕਿਤਾਬ ਵਿੱਚ ਅੰਕਤ ਕਰਕੇ ਪਾਇਆ ਗਿਆ ਹੈ। ਇਸ ਟੀਚੇ ਦੀ ਰਚਨਾ ਵਿੱਚ ਈਮਾਨਦਾਰੀ, ਮੇਹਨਤ ਤੇ ਲਗਨ ਨਾਲ ਇਤਿਹਾਸ ਲਿਖਿਆ ਗਿਆ ਹੈ ਤੇ ਇਸ ਤਰ੍ਹਾਂ ਪੰਜਾਬੀ ਲੋਕਾਂ ਉੱਤੇ ਅਹਿਸਾਨ ਕੀਤਾ ਗਿਆ। ਇਹ ਕਿਤਾਬ ਹਰ ਇੱਕ ਪੰਜਾਬੀ ਘਰ, ਹਰ ਇੱਕ ਲਾਇਬਰੇਰੀ ਤੇ ਹਰ ਇਕ ਥਾਂ ਹੋਣੀ ਚਾਹੀਦੀ ਹੈ ਤਾਂ ਜੋ ਦੇਸ਼ ਤੋਂ ਆਪਾ ਕੁਰਬਾਨ ਕਰਨ ਵਾਲਿਆਂ ਦੀ ਛੋਹ ਹਰ ਇੱਕ ਹਿਰਦਾ ਪਰਾਪਤ ਕਰ ਸਕੇ।

**–ਰੋਜ਼ਾਨਾ 'ਅਜੀਤ' ਜਲੰਧਰ**

ਗ਼ਦਰ ਪਾਰਟੀ ਦਾ ਰੋਲ ਆਜ਼ਾਦੀ ਦੇ ਇਤਿਹਾਸ ਵਿੱਚ ਇੱਕ ਬਲਵਾਨ ਤੇ ਉੱਤਮ ਰੋਲ ਹੈ। ਇਸ ਦੇ ਮੋਢੀਆਂ ਦੀ ਇਹ ਇੱਛਾ ਸੀ ਕਿ ਸਾਡਾ ਦੇਸ਼ ਆਜ਼ਾਦ ਹੋਵੇ। ਇਸ ਦੀ ਆਜ਼ਾਦੀ ਦੇ ਸੰਘਣੇ ਬ੍ਰਿਛ ਹੇਠ ਸਾਨੂੰ ਘੜੀ ਪਲ ਕੋਈ ਬੈਠਣ ਦੇਵੇ ਜਾਂ ਨਾ, ਪਰੰਤੂ ਆਜ਼ਾਦੀ ਦਾ ਬੂਟਾ ਜ਼ਰੂਰ ਪਰਫੁਲਤ ਹੋਣਾ ਚਾਹੀਦਾ ਹੈ। ਇਸ ਪੱਖ ਤੋਂ ਨਿਰਸੰਦੇਹ ਅੱਜ ਦਾ ਭਾਰਤ ਉਹਨਾਂ ਆਜ਼ਾਦੀ ਦੇ ਪਰਵਾਨਿਆਂ ਦਾ ਰਿਣੀ ਹੈ। ਜੰਗੇ ਆਜ਼ਾਦੀ ਦੀ ਸ਼ਮ੍ਹਾ ਦੇ ਇਨ੍ਹਾਂ ਪਰਵਾਨਿਆਂ ਦਾ ਇਤਿਹਾਸ ਆਜ਼ਾਦ ਭਾਰਤ ਦੀ ਰਾਜਸੀ ਲੋੜ ਸੀ। ਇਹ ਪੁਸਤਕ ਲਿਖ ਕੇ ਇਸ ਲੋੜ ਨੂੰ ਪੂਰਾ ਕੀਤਾ ਗਿਆ ਹੈ। ਇਸ ਦਾ ਨਿਰਪੱਖ ਇਤਿਹਾਸਕਾਰਾਂ ਵਾਂਗ ਯਥਾਰਥਵਾਦੀ ਰਵਈਆ, ਖੋਜ, ਮਿਹਨਤ ਤੇ ਲਿਖਣ ਸ਼ੈਲੀ ਸ਼ਲਾਘਾਯੋਗ ਹੈ।

**–ਰੋਜ਼ਾਨਾ 'ਅਕਾਲੀ ਪੱਤਰਕਾ' ਜਲੰਧਰ**


**ਦੇਸ਼ ਭਗਤ ਪ੍ਰਕਾਸ਼ਨ**

**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**

**ਫ਼ੋਨ ਨੰ: 0181-2458224**

*www.ghadarmemorial.net,*
*dbycjal@gmail.com*